# ਤਮਸ

ਭੀਸ਼ਮ ਸਾਹਨੀ

ਭਾਸ਼ਾ ਵਿਭਾਗ, ਪੰਜਾਬ

# ਦੋ ਸ਼ਬਦ

ਪੰਜਾਬੀ ਦੇ ਸਾਹਿਤ ਭੰਡਾਰ ਨੂੰ ਹਰ ਪੱਖੋਂ ਭਰਪੂਰ ਤੇ ਵਿਸ਼ਾਲ ਬਣਾਉਣ ਲਈ ਭਾਸ਼ਾ ਵਿਭਾਗ, ਪੰਜਾਬ ਰਾਸ਼ਟਰੀ ਭਾਸ਼ਾ ਹਿੰਦੀ ਦੀਆਂ ਸਰਵੋਤਮ ਮੌਲਿਕ ਰਚਨਾਵਾਂ ਦਾ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪਾਠਕਾਂ ਨੂੰ ਬਹੁਤ ਹੀ ਸਸਤੇ ਮੁੱਲ ਤੇ ਮੁਹੱਈਆ ਕਰਦਾ ਹੈ। ਇਸ ਨਾਲ ਪੰਜਾਬੀ ਅਤੇ ਹਿੰਦੀ ਦਾ ਸਾਹਿਤ ਇਕ ਦੂਜੇ ਦੇ ਨੇੜੇ ਤਾਂ ਆਉਂਦਾ ਹੀ ਹੈ, ਪਰ ਨਾਲ ਹੀ ਹਿੰਦੀ ਅਤੇ ਪੰਜਾਬੀ ਭਾਸ਼ਾ ਭਾਸ਼ੀਆਂ ਦੀ ਆਪਸੀ ਸਾਂਝ ਵੀ ਵਧਦੀ ਹੈ, ਜਿਸ ਨਾਲ ਰਾਸ਼ਟਰੀ ਏਕਤਾ ਮਜ਼ਬੂਤ ਹੁੰਦੀ ਹੈ। ਇਸ ਸਕੀਮ ਅਧੀਨ ਹੁਣ ਤਕ ਅਨੇਕਾਂ ਪੁਸਤਕਾਂ ਛਪ ਕੇ ਮਾਰਕੀਟ ਵਿਚ ਆ ਚੁੱਕੀਆਂ ਹਨ। ਹੱਥਲੀ ਪੁਸਤਕ ਦਾ ਪ੍ਰਕਾਸ਼ਨ ਵੀ ਇਸ ਯੋਜਨਾ ਅਧੀਨ ਕੀਤਾ ਜਾ ਰਿਹਾ ਹੈ।

'ਤਮਸ' ਦੇ ਲੇਖਕ ਸ੍ਰੀ ਭੀਸ਼ਮ ਸਾਹਨੀ ਹਿੰਦੀ ਦੇ ਕੁਝ ਇਕ ਚੋਟੀ ਦੇ ਨਾਵਲਕਾਰਾਂ ਵਿਚੋਂ ਹਨ। ਉਨ੍ਹਾਂ ਦੀ ਸਾਹਿਤਕ ਘਾਲਣਾ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਨੇ ਸਾਲ 1975 ਵਿਚ ਉਨ੍ਹਾਂ ਨੂੰ ਸਰਵੋਤਮ ਹਿੰਦੀ ਸਾਹਿਤਕਾਰ ਵਜੋਂ ਸਨਮਾਨਿਆ ਸੀ। 'ਤਮਸ' ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ, ਜਿਸ ਨੇ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਕੀਤਾ ਹੈ।

ਆਜ਼ਾਦੀ ਮਿਲਣ ਤੋਂ ਕੁਝ ਦਿਨ ਪਹਿਲਾਂ ਧਰਮ ਦੇ ਨਾਂ ਉੱਤੇ ਜਿਹੜਾ ਅਧਰਮ, ਪਸ਼ੂਤਾਂ ਤੇ ਕਰੂਰਤਾ ਦਾ ਨੰਗਾ ਨਚ ਇਥੇ ਹੋਇਆ, ਇਹ ਨਾਵਲ ਉਸ ਦੀ ਅੰਦਰਲੀ ਘਿਨਾਉਣੀ ਤਸਵੀਰ ਨੂੰ ਪੇਸ਼ ਕਰਦਾ ਹੈ। ਇਹ ਉਸ ਘੁੱਪ ਹਨੇਰੇ ਦੇ ਵਾਯੂ ਮੰਡਲ ਵਿਚ ਵਾਪਰੀ ਪੰਜ ਦਿਨਾਂ ਦੀ ਲਹੂ ਡੁਲੀ ਕਹਾਣੀ ਹੈ। ਲੇਖਕ ਨੇ ਇਸ ਵਿਚ ਫਿਰਕਾਪ੍ਰਸਤੀ ਦੇ ਹਰ ਪਹਿਲੂ ਤੇ ਪ੍ਰਕਾਸ਼ ਪਾਉਣ ਦਾ ਸਫ਼ਲ ਉਪਰਾਲਾ ਕੀਤਾ ਹੈ।

ਇਸ ਨਾਵਲ ਵਿਚ ਉਸ ਸਮੇਂ ਦੇ ਅੰਗਰੇਜ਼ ਹਾਕਮ ਆਪਣੀ ਕੂਟਨੀਤੀ ਦੁਆਰਾ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਕਿਵੇਂ ਆਪਣੇ ਪਿੱਠੂਆਂ ਰਾਹੀਂ ਗੁੰਮਰਾਹ

ਕਰਕੇ ਫ਼ਸਾਦ ਕਰਾਉਂਦੇ, ਅੱਗਾਂ ਲਗਵਾਉਂਦੇ ਅਤੇ ਛੁਰੇਬਾਜ਼ੀ ਤੇ ਕਤਲ ਕਰਾਉਂਦੇ ਹਨ, ਇਨ੍ਹਾਂ ਸਾਰੇ ਪੱਖਾਂ ਤੇ ਪਰਦਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਸ਼ਾ ਭਾਵੇਂ ਪੁਰਾਣਾ ਹੈ ਪਰ ਨਾਵਲਕਾਰ ਦੀ ਪ੍ਰਗਤੀਸ਼ੀਲ ਵਿਚਾਰ-ਧਾਰਾ, ਤੇਜ਼ ਨਜ਼ਰ ਤੇ ਸ਼ਕਤੀਸ਼ਾਲੀ ਕਲਮ ਨੇ ਪੁਰਾਣੇ ਵਿਸ਼ੇ ਨੂੰ ਨਵੀਂ ਰੰਗਤ ਦੇ ਕੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

ਇਸ ਪੁਸਤਕ ਦਾ ਅਨੁਵਾਦ ਪ੍ਰੋ: ਠਾਕੁਰ ਦੱਤ ਜੋਸ਼ੀ ਨੇ ਬੜੀ ਮਿਹਨਤ ਤੇ ਲਗਨ ਨਾਲ ਕੀਤਾ ਹੈ ਤੇ ਇਸ ਦੀ ਸੋਧ ਸ੍ਰੀਮਤੀ ਤਾਰਨ ਕੌਰ ਨੇ ਕੀਤੀ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪੰਜਾਬੀ ਪਾਠਕ ਇਸ ਦਾ ਹਾਰਦਿਕ ਸੁਆਗਤ ਕਰਨਗੇ।

**ਰਜਨੀਸ਼ ਕੁਮਾਰ,**
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ।

# ਇਕ

ਆਲੇ ਵਿਚ ਰੱਖੇ ਦੀਵੇ ਦੀ ਲੋਅ ਫਿਰ ਕੰਬ ਗਈ। ਉਪਰ, ਕੰਧ ਵਿਚੋਂ ਛੱਤ ਕੋਲੋਂ ਦੋ ਇੱਟਾਂ ਨਿਕਲੀਆਂ ਹੋਈਆਂ ਸਨ। ਜਦ ਜਦ ਉਥੋਂ ਹਵਾ ਦਾ ਬੁੱਲਾ ਆਉਂਦਾ ਦੀਵੇ ਦੀ ਲੋਅ ਕੰਬ ਜਾਂਦੀ ਅਤੇ ਕੋਠੜੀ ਦੀਆਂ ਕੰਧਾਂ ਤੇ ਪਰਛਾਈਆਂ ਡੋਲ ਜਾਂਦੀਆਂ। ਥੋੜੀ ਦੇਰ ਪਿਛੋਂ ਦੀਵੇ ਦੀ ਬੱਤੀ ਆਪਣੇ ਆਪ ਸਿੱਧੀ ਹੋ ਜਾਂਦੀ ਅਤੇ ਉਸ ਵਿਚੋਂ ਨਿਕਲਣ ਵਾਲੀ ਧੂੰਏਂ ਦੀ ਲਕੀਰ ਆਲੇ ਨੂੰ ਚਟਦੀ ਹੋਈ ਫਿਰ ਉਤਾਂਹ ਨੂੰ ਸਿੱਧੇ ਰੁੱਖ ਜਾਣ ਲੱਗਦੀ। ਨੱਥੂ ਦਾ ਸਾਹ ਧੱਕਣੀ ਵਾਂਗ ਚਲ ਰਿਹਾ ਸੀ, ਉਸਨੂੰ ਇਉਂ ਲਗਿਆ ਜਿਵੇਂ ਉਸਦੇ ਤੇਜ਼ ਸਾਹ ਦੇ ਕਾਰਣ ਹੀ ਦੀਵੇ ਦੀ ਲੋਅ ਕੰਬਣ ਲੱਗੀ ਹੈ।

ਨੱਥੂ ਕੰਧ ਨਾਲ ਲੱਗ ਕੇ ਬੈਠ ਗਿਆ। ਉਸ ਦੀ ਨਜ਼ਰ ਫਿਰ ਸੂਰ ਵੱਲ ਉਠ ਗਈ। ਸੂਰ ਫਿਰ ਕਕਿਆਇਆ ਸੀ ਅਤੇ ਹੁਣ ਕੋਠੜੀ ਵਿਚਲੇ ਕੂੜੇ ਦੇ ਕਿਸੇ ਚਿਪਚਿਪੇ ਛਿਲਕੇ ਨੂੰ ਮੂੰਹ ਮਾਰ ਰਿਹਾ ਸੀ। ਆਪਣੀਆਂ ਛੋਟੀਆਂ ਛੋਟੀਆਂ ਅੱਖਾਂ ਉਸ ਨੇ ਫਰਸ਼ ਤੇ ਗੱਡੀਆਂ ਹੋਈਆਂ ਸਨ ਅਤੇ ਆਪਣੀ ਗੁਲਾਬੀ ਜਿਹੀ ਬੂਥਨੀ ਉਸਨੇ ਫਿਲਕੇ ਤੇ ਲਗਾਈ ਹੋਈ ਸੀ। ਪਿਛਲੇ ਦੋ ਘੰਟਿਆਂ ਤੋਂ ਨੱਥੂ ਇਸ ਬਦਰੰਗ ਲੜਾਕੇ ਸੂਰ ਨਾਲ ਜੂਝ ਰਿਹਾ ਸੀ। ਤਿੰਨ ਵਾਰ ਸੂਰ ਦੀ ਬੂਥਨੀ ਉਸ ਦੀਆਂ ਲੱਤਾਂ ਨੂੰ ਚੱਟ ਚੁਕੀ ਸੀ ਅਤੇ ਉਹਨਾਂ ਵਿਚੋਂ ਤਿੱਖੀ ਪੀੜ ਉਠ ਰਹੀ ਸੀ। ਫਰਸ਼ ਤੋਂ ਟਿਕਟਿਕੀ ਲਗਾਏ, ਸੂਰ ਕਿਸੇ ਵੇਲੇ ਕੰਧ ਦੇ ਨਾਲ ਨਾਲ ਤੁਰਨ ਲੱਗਦਾ, ਜਿਵੇਂ ਕਿਸੇ ਚੀਜ਼ ਨੂੰ ਲੱਭ ਰਿਹਾ ਹੋਵੇ ਅਤੇ ਫਿਰ ਅਚਾਨਕ ਕਕਿਆ ਕੇ ਭੱਜਣ ਲੱਗਦਾ। ਉਸ ਦੀ ਛੋਟੀ ਜਿਹੀ ਪੂਛ ਜ਼ਹਿਰੀਲੇ ਡੰਗ ਵਾਂਗ ਉਸਦੀ ਪਿੱਠ ਤੇ ਹਿਲਦੀ ਰਹਿੰਦੀ, ਕਦੀ ਉਸਦਾ ਛੱਲਾ ਜਿਹਾ ਬਣ ਜਾਂਦਾ, ਇਉਂ ਲੱਗਦਾ ਕਿ ਉਸ ਵਿਚ ਗੰਢ ਪੈ ਜਾਵੇਗੀ, ਪਰ ਫਿਰ ਉਹ ਆਪਣੇ ਆਪ ਹੀ ਖੁਲ੍ਹ ਕੇ ਸਿੱਧੀ ਹੋ ਜਾਂਦੀ। ਅੱਖ ਵਿਚੋਂ ਮਵਾਦ ਵਗ

ਕੇ ਸੂਰ ਦੇ ਬੂਥਨੇ ਤਕ ਆ ਗਿਆ ਸੀ। ਜਦ ਚਲਦਾ ਤਾਂ ਆਪਣੀ ਭਾਰੀ ਗੋਗੜ ਦੇ ਕਾਰਣ ਉਹ ਸੱਜੇ ਖੱਬੇ ਝੂਲਣ ਜਿਹਾ ਲੱਗਦਾ ਸੀ। ਵਾਰ ਵਾਰ ਭੱਜਣ ਕਾਰਣ ਕਚਰਾ ਸਾਰੀ ਕੋਠੜੀ ਵਿਚ ਫੈਲ ਗਿਆ ਸੀ। ਕੋਠੜੀ ਵਿਚ ਹੁੰਮਸ ਸੀ। ਕਚਰੇ ਦੀ ਜ਼ਹਿਰੀਲੀ ਬਦਬੋ, ਸੂਰ ਦੇ ਚਲਦੇ ਸਾਹ ਅਤੇ ਕੌੜੇ ਤੇਲ ਦੇ ਧੂੰਏ ਨਾਲ ਕੋਠੜੀ ਭਰੀ ਪਈ ਸੀ। ਫਰਸ਼ ਤੇ ਥਾਂ ਥਾਂ ਖੂਨ ਦੇ ਧੱਬੇ ਪੈ ਗਏ ਸਨ ਪਰ ਜ਼ਰਕ ਦੇ ਨਾਂ ਤੇ ਸੂਰ ਦੇ ਸਰੀਰ ਤੋਂ ਇਕ ਵੀ ਜ਼ਖ਼ਮ ਨਹੀਂ ਹੈ ਹੋ ਸਕਿਆ ਸੀ। ਪਿਛਲੇ ਦੋ ਘੰਟਿਆਂ ਤੋਂ ਨੱਥੂ ਜਿਵੇਂ ਪਾਣੀ ਵਿਚ ਜਾਂ ਰੇਤ ਦੇ ਢੇਰ ਵਿਚ ਛੁਰੇ ਮਾਰਦਾ ਰਿਹਾ ਸੀ। ਕਿੰਨੀ ਹੀ ਵਾਰ ਉਹ ਸੂਰ ਦੇ ਪੇਟ ਵਿਚ ਅਤੇ ਮੋਢਿਆਂ ਤੇ ਛੁਰੇ ਨਾਲ ਵਾਰ ਕਰ ਚੁੱਕਾ ਸੀ। ਛੁਰਾ ਨਿਕਲਦਾ ਤਾਂ ਕੁਝ ਛਿੱਟੇ ਖੂਨ ਤੇ ਫਰਸ਼ ਤੇ ਡਿਗ ਪੈਂਦੇ, ਪਰ ਜ਼ਖਮ ਦੀ ਥਾਂ ਤੇ ਇਕ ਛੋਟੀ ਜਿਹੀ ਲਕੀਰ ਜਾਂ ਧੱਬਾ ਜਿਹਾ ਰਹਿ ਜਾਂਦਾ ਜੋ ਸੂਰ ਦੀ ਚਮੜੀ ਵਿਚ ਨਜ਼ਰ ਵੀ ਨਹੀਂ ਆਉਂਦਾ ਸੀ। ਅਤੇ ਸੂਰ ਗੁਰਾਉਂਦਾ ਹੋਇਆ ਜਾਂ ਤਾਂ ਨੱਥੂ ਦੀਆਂ ਲੱਤਾਂ ਨੂੰ ਆਪਣੀ ਬੂਥਨੀ ਦਾ ਨਿਸ਼ਾਨਾ ਬਣਾਉਂਦਾ ਸੀ ਜਾਂ ਫਿਰ ਕਮਰੇ ਦੀ ਕੰਧ ਦੇ ਨਾਲ ਨਾਲ ਤੁਰਨ ਜਾਂ ਦੌੜਨ ਲੱਗਦਾ ਸੀ। ਛੁਰੇ ਦੀ ਨੋਕ ਚਰਬੀ ਦੀਆਂ ਤਹਿਆਂ ਨੂੰ ਕੱਟ ਕੇ ਪਰਤ ਆਉਂਦੀ ਸੀ, ਅੰਤੜੀਆਂ ਤਕ ਪਹੁੰਚਦੀ ਹੀ ਨਹੀਂ ਸੀ।

ਮਾਰਨ ਨੂੰ ਮਿਲਿਆ ਵੀ ਤਾਂ ਕਿਹੋ ਜਿਹਾ ਮਨਹੂਸ ਸੂਰ। ਭੱਦਾ, ਇੰਨੀ ਵੱਡੀ ਗੋਗੜ, ਪਿੱਠ ਉਪਰਲੇ ਵਾਲ ਕਾਲੇ, ਬੂਥਨੀ ਦੇ ਆਸ ਪਾਸ ਦੇ ਵਾਲ ਸਫੇਦ, ਕੰਡਿਆਲੇ, ਜਿਵੇਂ ਸਹੇ ਦੇ ਹੁੰਦੇ ਹਨ।

ਉਸ ਨੇ ਕਿਤੋਂ ਸੁਣਿਆ ਸੀ ਕਿ ਸੂਰ ਨੂੰ ਮਾਰਨ ਲਈ ਉਸ ਉਤੇ ਉਬਲਦਾ ਪਾਣੀ ਪਾਉਂਦੇ ਹਨ ਪਰ ਨੱਥੂ ਕੋਲ ਉਬਲਦਾ ਪਾਣੀ ਕਿੱਥੇ ਸੀ। ਇਕ ਵਾਰ ਚਮੜਾ ਸਾਫ਼ ਕਰਦੇ ਸਮੇਂ ਸੂਰ ਦੀ ਚਰਬੀ ਦੀ ਗੱਲ ਚਲੀ ਸੀ ਤਾਂ ਉਸਦੇ ਸਾਥੀ ਭੀਖੂ ਚਮਾਰ ਨੇ ਕਿਹਾ ਸੀ, "ਸੂਰ ਦੀ ਪਿਛਲੀ ਲੱਤ ਫੜਕੇ ਸੂਰ ਨੂੰ ਉਲਟਾ ਦਿਉ। ਡਿਗਿਆ ਹੋਇਆ ਸੂਰ ਛੇਤੀ ਨਾਲ ਨਹੀਂ ਉਠ ਸਕਦਾ, ਫਿਰ ਉਸਦੇ ਗਲੇ ਦੀ ਨਾੜ

ਕੱਟ ਦਿਓ। ਸੂਰ ਮਰ ਜਾਵੇਗਾ।" ਨੱਥੂ ਸਭ ਤਰਕੀਬਾਂ ਅਜ਼ਮਾ ਚੁੱਕਾ ਸੀ। ਇਕ ਵੀ ਤਰਕੀਬ ਕਾਰਗਰ ਸਾਬਤ ਨਹੀਂ ਹੋਈ ਸੀ। ਉਸ ਦੀਆਂ ਆਪਣੀਆਂ ਲੱਤਾਂ ਅਤੇ ਗਿਟਿਆਂ ਤੇ ਜ਼ਖ਼ਮ ਹੋ ਚੁੱਕੇ ਸਨ। ਚਮੜਾ ਸਾਫ਼ ਕਰਨਾ ਹੋਰ ਗੱਲ ਹੈ, ਸੂਰ ਮਾਰਨਾ ਬਿਲਕੁਲ ਦੂਸਰੀ ਗੱਲ। ਖੋਰੇ ਕਿਹੜੇ ਭੈੜੇ ਵੇਲੇ ਉਸਨੇ ਇਹ ਕੰਮ ਆਪਣੇ ਸਿਰ ਲੈ ਲਿਆ ਸੀ। ਅਤੇ ਜੇ ਪੇਸ਼ਗੀ ਪੈਸੇ ਨਾ ਲਏ ਹੁੰਦੇ ਤਾਂ ਕਦੋਂ ਦਾ ਨੱਥੂ ਨੇ ਸੂਰ ਕੋਠੜੀ ਵਿਚੋਂ ਧੱਕ ਕੇ ਬਾਹਰ ਕੱਢ ਦਿੱਤਾ ਹੁੰਦਾ।

"ਸਾਡੇ ਸਲੋਤਰੀ ਸਾਹਿਬ ਨੂੰ ਇਕ ਮਰਿਆ ਹੋਇਆ ਸੂਰ ਚਾਹੀਦਾ ਹੈ, ਡਾਕਟਰੀ ਕੰਮ ਲਈ।" ਮੁਰਾਦ ਅਲੀ ਨੇ ਨੱਥੂ ਨੂੰ ਕਿਹਾ ਸੀ ਜਦੋਂ ਉਹ ਖੱਲ ਸਾਫ਼ ਕਰ ਚੁੱਕਣ ਪਿਛੋਂ ਨਲਕੇ ਤੇ ਮੂੰਹ-ਹੱਥ ਧੋ ਰਿਹਾ ਸੀ।

"ਸੂਰ ? ਕੀ ਕਰਨਾ ਪਵੇਗਾ ਮਾਲਿਕ ? "ਨੱਥੂ ਨੇ ਹੈਰਾਨ ਹੋ ਕੇ ਪੁੱਛਿਆ ਸੀ। "ਇਧਰ" ਪਿਗਰੀ ਦੇ ਕਈ ਸੂਰ ਘੁੰਮਦੇ ਹਨ, ਇਕ ਸੂਰ ਨੂੰ ਵੱਢ ਛੱਡੀਂ। ਇਧਰ ਕੋਠੜੀ ਦੇ ਅੰਦਰ ਵਾੜ ਲਈ ਅਤੇ ਵੱਢ ਛੱਡੀ।"

ਨੱਥੂ ਨੇ ਅੱਖਾਂ ਚੁੱਕ ਕੇ ਮੁਰਾਦ ਅਲੀ ਵੱਲ ਵੇਖਿਆ ਸੀ।

"ਅਸੀਂ ਕਦੇ ਸੂਰ ਨਹੀਂ ਮਾਰਿਆ ਮਾਲਿਕ, ਅਤੇ ਸੁਣਿਆ ਹੈ ਕਿ ਸੂਰ ਮਾਰਨਾ ਬੜਾ ਮੁਸ਼ਕਿਲ ਕੰਮ ਹੈ। ਇਹ ਸਾਡੇ ਵਸ ਦਾ ਰੋਗ ਨਹੀਂ ਹਜੂਰ। ਖੱਲ ਵੱਲ ਲਾਹੁਣ ਦਾ ਕੰਮ ਹੋਵੇ ਤਾਂ ਕਰ ਦਈਏ। ਮਾਰਨ ਦਾ ਕੰਮ ਤਾਂ ਪਿਗਰੀ ਵਾਲੇ ਹੀ ਕਰਦੇ ਹਨ।"

''ਪਿਗਰੀ ਵਾਲਿਆਂ ਤੋਂ ਕਰਵਾਉਣਾ ਹੁੰਦਾ ਤਾਂ ਤੈਨੂੰ ਕਿਉਂ ਕਹਿੰਦੇ। ਇਹ ਕੰਮ ਤੂੰ ਹੀ ਕਰੇਂਗਾ।" ਅਤੇ ਮੁਰਾਦ ਅਲੀ ਨੇ ਪੰਜ ਰੁਪਏ ਦਾ ਖੜਕਦਾ ਨੋਟ ਜੇਬ ਵਿਚੋਂ ਕੱਢ ਕੇ ਨੱਥੂ ਦੇ ਜੁੜੇ ਹੱਥਾਂ ਪਿਛੇ ਉਸਦੀ ਜੇਬ ਵਿਚ ਜਬਰਦਸਤੀ ਪਾ ਦਿੱਤਾ।

"ਇਹ ਤੇਰੇ ਲਈ ਬਹੁਤ ਵੱਡਾ ਕੰਮ ਨਹੀਂ ਹੈ। ਸਲੋਤਰੀ ਸਾਹਿਬ ਨੇ ਫੁਰਮਾਇਸ਼ ਕੀਤੀ ਤਾਂ ਅਸੀਂ ਨਾਂਹ ਕਿਵੇਂ ਕਰ ਦਿੰਦੇ।" ਫਿਰ ਮੁਰਾਦ ਅਲੀ ਨੇ

ਲਾਪਰਵਾਹੀ ਦੇ ਅੰਦਾਜ਼ ਵਿਚ ਕਿਹਾ, "ਓਧਰ ਮਸਾਣਾਂ ਦੇ ਪਾਰ ਪਿਗਰੀ ਦੇ ਸੂਰ ਘੁੰਮਦੇ ਹਨ। ਇਕ ਨੂੰ ਫੜ ਲਈ ਸਲੋਤਰੀ ਸਾਹਿਬ ਆਪੇ ਪਿਛੋਂ ਪਿਗਰੀ ਵਾਲਿਆਂ ਨਾਲ ਗੱਲ ਕਰ ਲੈਣਗੇ।"

ਅਤੇ ਨੱਥੂ ਕੁਝ ਕਹੇ ਜਾਂ ਨਾ ਕਹੇ ਮੁਰਾਦ ਅਲੀ ਤੁਰਨ ਲੱਗਾ ਸੀ। ਅਤੇ ਫਿਰ ਆਪਣੀ ਪਤਲੀ ਜਿਹੀ ਸੋਟੀ ਨਾਲ ਆਪਣੀਆਂ ਲੱਤਾਂ ਹੌਲੀ ਹੌਲੀ ਠਕੋਰਦਾ ਕਹਿਣ ਲੱਗਾ, "ਅੱਜ ਹੀ ਰਾਤ ਇਹ ਕੰਮ ਕਰ ਦੇ। ਸਵੇਰੇ ਸਵੇਰੇ ਜਮਾਂਦਾਰ ਗੱਡੀ ਲੈ ਕੇ ਆ ਜਾਵੇਗਾ, ਉਸ ਵਿਚ ਪਵਾ ਦੇਵੀਂ, ਭੁਲਣਾ ਨਹੀਂ। ਉਹ ਆਪਣੇ ਆਪ ਸਲੋਤਰੀ ਸਾਹਿਬ ਦੇ ਘਰ ਪਹੁੰਚਾ ਦੇਵੇਗਾ। ਮੈਂ ਉਸਨੂੰ ਕਹਿ ਦੇਵਾਂਗਾ। ਸਮਝ ਲਿਆ?"

ਨੱਥੂ ਦੇ ਹੱਥ ਅਜੇ ਵੀ ਜੁੜੇ ਹੋਏ ਸਨ ਪਰੰਤੂ ਪੰਜ ਰੁਪਏ ਦਾ ਖੜਕਦਾ ਨੋਟ ਜੇਬ ਵਿਚ ਪੈ ਜਾਣ ਕਾਰਣ ਉਸਦੇ ਮੂੰਹੋਂ ਗੱਲ ਨਹੀਂ ਸੀ ਨਿਕਲਦੀ।

'ਇਧਰ ਇਲਾਕਾ ਮੁਸਲਮਾਨੀ ਹੈ। ਕਿਸੇ ਮੁਸਲਮਾਨ ਨੇ ਵੇਖ ਲਿਆ ਤਾਂ ਲੋਕ ਵਿਗੜਨਗੇ। ਤੂੰ ਵੀ ਧਿਆਨ ਰੱਖੀਂ। ਸਾਨੂੰ ਵੀ ਇਹ ਕੰਮ ਬਹੁਤ ਬੁਰਾ ਲੱਗਦਾ ਹੈ, ਪਰ ਕੀ ਕਰੀਏ, ਸਾਹਿਬ ਦੇ ਹੁਕਮ ਹੈ, ਕਿਵੇਂ ਮੋੜ ਦਈਏ।" ਮੁਰਾਦ ਅਲੀ ਸੋਟੀ ਨੂੰ ਲੱਤਾਂ ਨਾਲ ਠਕੋਰਦਾ ਹੋਇਆ ਉੱਥੋਂ ਚਲਾ ਗਿਆ।

ਮੁਰਾਦ ਅਲੀ ਨਾਲ ਰੋਜ਼ ਕੰਮ ਪੈਂਦਾ ਸੀ, ਨੱਥੂ ਕਿਵੇਂ ਨਾ ਕਰ ਦਿੰਦਾ। ਜਦ ਕਦੇ ਸ਼ਹਿਰ ਵਿਚ ਕੋਈ ਘੋੜਾ ਮਰਦਾ, ਗਊ ਜਾਂ ਮੱਝ ਮਰਦੀ ਤਾਂ ਮੁਰਾਦ ਅਲੀ ਖੱਲ ਦਵਾ ਦਿੰਦਾ ਹੁੰਦਾ ਸੀ। ਧੌਲੀ, ਰੁਪਿਆ ਮੁਰਾਦ ਅਲੀ ਨੂੰ ਵੀ ਦੇਣਾ ਪੈਂਦਾ ਪਰ ਖੱਲ ਮਿਲ ਜਾਂਦੀ ਸੀ। ਬੜੇ ਰਸੂਖ ਵਾਲਾ ਆਦਮੀ ਸੀ, ਮੁਰਾਦ ਅਲੀ, ਕਮੇਟੀ ਦਾ ਕਰਿੰਦਾ ਹੋਣ ਕਾਰਣ ਵੱਡੇ ਛੋਟੇ ਸਭ ਨੂੰ ਉਸ ਨਾਲ ਕੰਮ ਪੈਂਦਾ ਸੀ।

ਸ਼ਹਿਰ ਵਿਚ ਕੋਈ ਸੜਕ ਅਜਿਹੀ ਨਹੀਂ ਸੀ ਜਿਸ ਵਿਚ ਚਲਦੇ ਹੋਏ ਲੋਕਾਂ ਨੇ ਮੁਰਾਦ ਅਲੀ ਨੂੰ ਨਾ ਵੇਖਿਆ ਹੋਵੇ। ਪਤਲੀ ਬੈਂਤ ਦੀ ਸੋਟੀ ਘੁੰਮਾਉਂਦਾ ਹੋਇਆ,

ਮੱਧਰਾ ਕਾਲਾ ਮੁਰਾਦ ਅਲੀ ਥਾਂ ਪਰ ਥਾਂ ਘੁੰਮਦਾ ਸੀ। ਸ਼ਹਿਰ ਦੀ ਕਿਸੇ ਗਲੀ ਵਿਚ, ਕਿਸੇ ਸੜਕ ਤੇ ਉਹ ਕਿਸੇ ਵੀ ਵਕਤ ਪਰਗਟ ਹੋ ਜਾਂਦਾ ਸੀ। ਸੱਪ ਵਰਗੀਆਂ ਛੋਟੀਆਂ ਛੋਟੀਆਂ ਤਿੱਖੀਆਂ ਅੱਖਾਂ, ਕੰਟੀਲੀਆਂ ਮੁੱਛਾਂਅਤੇ ਗੋਡਿਆ ਤਕ ਦਾ ਲੰਮਾ ਖਾਕੀ ਕੋਟ ਅਤੇ ਸਲਵਾਰ ਅਤੇ ਸਿਰ ਤੇ ਪਗੜੀ ਉਸ ਨੂੰ ਸਭ ਫੱਬਦੇ ਸਨ। ਇਹਨਾਂ ਸਭ ਨੂੰ ਮਿਲਾ ਕੇ ਮੁਰਾਦ ਅਲੀ ਦੀ ਆਪਣੀ ਖਾਸ ਤਸਵੀਰ ਬਣਦੀ ਸੀ। ਜੇ ਹੱਥ ਵਿਚ ਪਤਲੀ ਸੋਟੀ ਨਾ ਹੁੰਦੀ ਤਾਂ ਵੀ ਅਤੇ ਜੇ ਸਿਰ ਤੇ ਪਗੜੀ ਨਾ ਹੁੰਦੀ ਤਾਂ ਵੀ, ਅਤੇ ਜੇ ਉਸਦਾ ਕੱਦ ਮਧਰਾ ਨਾ ਹੁੰਦਾ ਤਾਂ ਵੀ ਉਸਦੀ ਤਸਵੀਰ ਅਧੂਰੀ ਰਹਿ ਜਾਂਦੀ।

ਮੁਰਾਦ ਅਲੀ ਆਪ ਤਾਂ ਹੁਕਮ ਚਲਾ ਕੇ ਚਲਾ ਗਿਆ, ਨੱਥੂ ਦੀ ਜਾਨ ਕੰਦਲੇ ਵਿਚ ਫਸ ਗਈ। ਸੂਰ ਕਿਥੋਂ ਫੜੇ ਅਤੇ ਉਸਨੂੰ ਕਿਵੇਂ ਵੱਢੇ। ਨੱਥੂ ਦੇ ਮਨ ਵਿਚ ਆਇਆ ਸੀ ਕਿ ਸ਼ਹਿਰ ਤੋਂ ਬਾਹਰ ਸਿੱਧਾ ਪਿਗਰੀ ਵਿਚ ਚਲਾ ਜਾਵੇ ਅਤੇ ਉਹਨਾਂ ਨੂੰ ਹੀ ਕਹਿ ਦੇਵੇ ਕਿ ਇਕ ਸੂਰ ਵੱਢ ਕੇ ਸਲੋਤਰੀ ਸਾਹਿਬ ਦੇ ਘਰ ਭਿਜਵਾ ਦੇਵੇ। ਪਰ ਉਸਦੇ ਕਦਮ ਪਿਗਰੀ ਵੱਲ ਨਹੀਂ ਉਠੇ।

ਸੂਰ ਨੂੰ ਕੋਠੜੀ ਅੰਦਰ ਲਿਆਉਣਾ ਕਿਹੜਾ ਸੌਖਾ ਕੰਮ ਸੀ। ਉਸਨੇ ਅਵਾਰਾ ਘੁੰਮਦੇ ਸੂਰਾ ਨੂੰ ਕੂੜੇ ਵਿਚ ਮੂੰਹ ਮਾਰਦੇ ਵੇਖਿਆ ਸੀ। ਉਸਨੂੰ ਹੋਰ ਕੁਝ ਨਾ ਸੁਝਾ। ਇਕ ਕੂੜੇ ਦੇ ਢੇਰ ਤੋਂ ਕੂੜਾ ਚੁੱਕ ਚੁੱਕ ਕੇ ਲਿਆਉਂਦਾ ਰਿਹਾ ਅਤੇ ਟੁੱਟੀ-ਫੁਟੀ ਕੋਠੜੀ ਦੇ ਬਾਹਰ ਵਿਹੜੇ ਵਿਚ ਦਰਵਾਜ਼ੇ ਦੇ ਕੋਲ ਕੂੜੇ ਦਾ ਢੇਰ ਲਗਾਉਦਾ ਰਿਹਾ ਸੀ।

ਸ਼ਾਮ ਪੈਣ ਲੱਗੀ ਸੀ, ਜਦ ਗੰਦੇ ਪਾਣੀ ਦੀਆਂ ਛਪੜੀਆਂ, ਗੋਹੇ ਦੇ ਢੇਰਾਂ ਅਤੇ ਮਿੱਟੀ-ਘੱਟੇ ਨਾਲ ਭਰੀਆਂ ਝਾੜੀਆਂ ਕੋਲ ਘੁੰਮਦੇ ਹੋਏ ਤਿੰਨ ਸੂਰ ਉਧਰ ਆ ਨਿਕਲੇ ਸਨ। ਤਦ ਉਹਨਾਂ ਵਿਚੋਂ ਇਕ ਸੂਰ ਕੂੜਾ ਸੁੰਘਦਾ ਹੋਇਆ ਵਿਹੜੇ ਅੰਦਰ ਆ ਵੜਿਆ ਸੀ ਅਤੇ ਨੱਥੂ ਨੇ ਝੱਟ ਦਰਵਾਜ਼ਾ ਬੰਦ ਕਰ ਦਿੱਤਾ ਸੀ। ਫਿਰ ਝੱਟ ਪੱਟ

ਭੱਜ ਕੇ ਉਸ ਨੇ ਵਿਹੜੇ ਦੇ ਪਾਰ ਕੋਠੜੀ ਦਾ ਦਰਵਾਜਾ ਖੋਲ੍ਹ ਦਿੱਤਾ ਸੀ ਅਤੇ ਆਪਣੀ ਡਾਂਗ ਨਾਲ ਸੂਰ ਨੂੰ ਹਿਕਦਾ ਹੋਇਆ ਕੋਠੜੀ ਦੇ ਅੰਦਰ ਲੈ ਗਿਆ ਸੀ। ਫਿਰ ਇਸ ਡਰ ਨਾਲ ਕਿ ਸੂਰ-ਵਾੜੇ ਦਾ ਆਦਮੀ ਸੂਰ ਨੂੰ ਲੱਭਦਾ ਹੋਇਆ ਉਧਰਨਾ ਆ ਨਿਕਲੇ, ਅਤੇ ਸੂਰ ਨੂੰ ਕਕਿਆਉਂਦਾ ਨਾ ਸੁਣ ਲਵੇ, ਨੱਥੂ ਫਿਰ ਕੂੜਾ ਚੁੱਕ ਚੁੱਕ ਕੇ ਕੋਠੜੀ ਅੰਦਰ ਸੁਟਦਾ ਰਿਹਾ ਸੀ। ਕੋਠੜੀ ਦੇ ਅੰਦਰ ਕੂੜਾ ਪਹੁੰਚ ਜਾਣ ਤੇ ਸੂਰ ਉਸੇ ਵਿਚ ਮਸਤ ਹੋ ਗਿਆ ਸੀ, ਅਤੇ ਨੱਥੂ ਤਸੱਲੀ ਨਾਲ ਕੋਠੜੀ ਦੇ ਬਾਹਰ ਬੈਠਾ ਬੀੜੀਆਂ ਫੂਕਦਾ ਹਨੇਰਾ ਪੈਣ ਦੀ ਉਡੀਕ ਕਰਦਾ ਰਿਹਾ ਸੀ। ਬਹੁਤ ਦੇਰ ਪਿਛੋਂ ਜਦੋਂ ਗੂੜ੍ਹੀ ਰਾਤ ਪੈ ਗਈ ਸੀ ਤਾਂ ਨੱਥੂ ਕੋਠੜੀ ਅੰਦਰ ਆਇਆ ਸੀ। ਦੀਵੇ ਦੀ ਮੱਧਮ ਨੱਚਦੀ ਜਿਹੀ ਰੋਸ਼ਨੀ ਵਿਚ ਉਸ ਨੇ ਵੇਖਿਆ ਕਿ ਕੂੜਾ ਸਾਰੀ ਕੋਠੜੀ ਵਿਚ ਖਿਲਰ ਗਿਆ ਹੈ ਅਤੇ ਉਸ ਵਿਚ ਚਿੱਕੜ ਵਰਗੀ ਸੜ੍ਹਾਂਦ ਉਠ ਰਹੀ ਹੈ। ਤਦੇ ਇਸ ਭਾਰੇ, ਬਦਸੂਰਤ ਸੂਰ ਨੂੰ ਵੇਖਕੇ ਉਸਦਾ ਦਿਲ ਬੈਠ ਗਿਆ ਸੀ ਅਤੇ ਉਹ ਮਨ ਹੀ ਮਨ ਵਿਚ ਖਿੱਝਣ ਤੇ ਪਛਤਾਉਣ ਲੱਗਾ ਸੀ ਕਿ ਉਸਨੇ ਇਹ ਗੰਦਾ ਅਤੇ ਮਸੀਬਤ ਭਰਿਆ ਕੰਮ ਕਿਉਂ ਸਿਰ ਤੇ ਲੈ ਲਿਆ ਹੈ। ਤੱਦ ਵੀ ਉਸ ਦੇ ਮਨ ਵਿਚ ਆਇਆ ਸੀ ਕਿ ਉਹ ਭੱਜ ਕੇ ਕੋਠੜੀ ਦਾ ਦਰਵਾਜ਼ਾ ਖੋਲ੍ਹ ਦੇਵੇ ਅਤੇ ਸੂਰ ਨੂੰ ਧੱਕ ਕੇ ਬਾਹਰ ਕੱਢ ਦੇਵੇ।

ਅਤੇ ਹੁਣ ਰਾਤ ਅੱਧੀ ਤੋਂ ਜ਼ਿਆਦਾ ਬੀਤ ਚੁੱਕੀ ਸੀ ਅਤੇ ਸੂਰ ਜਿਉਂ ਦਾ ਤਿਉਂ ਕੂੜੇ ਵਿਚ ਮਸਤੀ ਨਾਲ ਘੁੰਮ ਰਿਹਾ ਸੀ। ਫਰਸ਼ ਤੇ ਖੂਨ ਦੇ ਧੱਬੇ ਪੈ ਗਏ ਸਨ ਅਤੇ ਸੂਰ ਦੀ ਗੋਗੜ ਵਿਚ ਇਕ ਦੋ ਥਾਵਾਂ ਤੋਂ ਝਰੀਟਾਂ ਦੇ ਨਿਸ਼ਾਨ ਨਜ਼ਰ ਆ ਰਹੇ ਸਨ। ਉਸ ਦੀਆਂ ਆਪਣੀਆਂ ਲੱਤਾਂ ਤੇ ਸੂਰ ਦੀ ਬੂਥਨੀ ਦੇ ਜ਼ਖਮ ਸਨ ਅਤੇ ਬਸ। ਸੂਰ ਪਹਿਲਾਂ ਵਾਂਗ ਜਿਊਂਦਾ ਜਾਗਦਾ ਕੋਠੜੀ ਵਿਚ ਹਾਜ਼ਰ ਸੀ ਜਦ ਕਿ ਨੱਥੂ ਦਾ ਸਾਹ ਫੁੱਲ ਰਿਹਾ ਸੀ ਅਤੇ ਸਰੀਰ ਪਸੀਨੇ ਨਾਲ ਤਰ ਹੋ ਰਿਹਾ ਸੀ ਅਤੇ ਕਿਤੇ ਵੀ ਇਸ ਝੰਜਟ ਤੋਂ ਨਿਕਲ ਜਾਣ ਦਾ ਰਸਤਾ ਨਜ਼ਰ ਨਹੀਂ ਆ ਰਿਹਾ ਸੀ।

ਦੂਰ ਸ਼ੇਖਾਂ ਦੇ ਬਾਗ ਦੀ ਘੜੀ ਨੇ ਦੋ ਵਜਾਏ। ਨੱਥੂ ਘਬਰਾ ਕੇ ਉੱਠ ਖਲੋਤਾ। ਉਸ ਦੀ ਨਜ਼ਰ ਫਿਰ ਸੂਰ ਤੇ ਗਈ। ਸੂਰ ਨੇ ਕੂੜੇ ਦੇ ਵਿਚ ਖਲੋਤੇ ਖਲੋਤੇ ਫਿਰ ਪਿਸ਼ਾਬ ਕਰ ਦਿੱਤਾ ਸੀ ਅਤੇ ਚੀਕਦਾ ਹੋਇਆ ਕਮਰੇ ਦੇ ਵਿਚਕਾਰ ਹਟ ਕੇ ਸੱਜੇ ਹੱਥ ਦੀ ਕੰਧ ਦੇ ਨਾਲ ਨਾਲ ਚਲਣ ਲੱਗਾ ਸੀ। ਦੀਵੇ ਦੀ ਲੋਅ ਫਿਰ ਝਪਕਣ ਲੱਗੀ ਸੀ ਅਤੇ ਕਿਸੇ ਭੈੜੇ ਸੁਪਨੇ ਵਾਂਗ ਪਰਛਾਵੇਂ ਵਾਰ ਵਾਰ ਕੰਧਾਂ ਤੇ ਡੋਲਣ ਲੱਗੇ ਸਨ। ਹਾਲਤ ਵਿਚ ਥੋੜਾ ਵੀ ਫਰਕ ਨਹੀਂ ਆਇਆ ਸੀ। ਸੂਰ ਪਹਿਲਾਂ ਵਾਂਗ ਸਿਰ ਨੀਵਾਂ ਕੀਤਾ, ਬੂਥਨੇ ਨਾਲ ਕਦੇ ਕੂੜੇ ਨੂੰ ਸੰਘਣ ਲਈ ਰੁੱਕ ਜਾਂਦਾ, ਕਦੇ ਕੰਧ ਦੇ ਨਾਲ ਨਾਲ ਤੁਰਨ ਲੱਗਦਾ ਅਤੇ ਕਦੇ ਕਕਿਆ ਕੇ ਕੰਧ ਦੇ ਨਾਲ ਨਾਲ ਭੱਜਣ ਲੱਗਦਾ। ਪਹਿਲਾਂ ਵਾਂਗ ਹੀ ਉਸਦੀ ਪਤਲੀ ਜਿਹੀ ਪੂਛ ਕਿਸੇ ਪਤਲੇ ਲੰਮੇ ਕੀੜੇ ਵਾਗ ਛੱਲੇ ਬਣਾਉਂਦੀ ਖੁਲ੍ਹਦੀ ਜਾ ਰਹੀ ਸੀ।

"ਇਹ ਇਉ ਨਹੀਂ ਮਰੇਗਾ" ਨੱਥੂ ਨੇ ਦੰਦ ਪੀਹਕੇ ਕਿਹਾ, "ਇਹ ਮੇਰੇ ਵੱਸ ਦਾ ਰੋਗ ਨਹੀਂ ਹੈ। ਇਹ ਸੂਰ ਅੱਜ ਮੈਨੂੰ ਮਾਰ ਸੁਟੇਗਾ।"

ਉਸ ਦਾ ਜੀਅ ਕੀਤਾ ਕਿ ਇਕ ਵਾਰ ਫਿਰ ਸੂਰ ਦੀ ਲੱਤ ਪਿਛੋਂ ਖਿਚਕੇ ਉਸ ਨੂੰ ਉਲਟਾ ਡੇਗਣ ਦੀ ਕੋਸ਼ਿਸ਼ ਕਰ ਵੇਖੇ। ਖੱਬੇ ਹੱਥ ਵਿਚ ਛੁਰੇ ਨੂੰ ਉੱਚਾ ਚੁੱਕੀ ਹੋਲੀ ਹੋਲੀ ਕਦਮ ਵਧਾਉਂਦਾ ਹੋਇਆ ਉਹ ਕੋਠੜੀ ਦੇ ਵਿਚਕਾਰ ਹੋ ਗਿਆ। ਸੂਰ ਸੱਜੇ ਹੱਥ ਦੀ ਕੰਧ ਦੇ ਸਿਰੇ ਤਕ ਪਹੁੰਚ ਕੇ ਖੱਬੇ ਬੰਨੇ ਕੰਧ ਦੇ ਨਾਲ ਨਾਲ ਚੱਲਣ ਲੱਗਾ ਸੀ। ਨੱਥੂ ਨੂੰ ਆਪਣੇ ਵੱਲ ਵਧਦੇ ਵੇਖ ਕੇ ਦੌੜਨ ਦੀ ਬਜਾਏ ਉਹ ਮੁੜਕੇ ਨੱਥੂ ਵੱਲ ਆਉਣ ਲੱਗਾ। ਇਕ ਵਾਰ ਸੂਰ ਗੁਰਾਇਆ ਵੀ ਜਿਵੇ ਉਹ ਨੱਥੂ ਨੂੰ ਪੈਣ ਲੱਗਾ ਹੋਵੇ। ਨੱਥੂ ਇਕ ਇਕ ਕਦਮ ਪਿਛਾਂਹ ਹੋਣ ਲੱਗਾ। ਹੁਣ ਸੂਰ ਉਸ ਦੇ ਬਿਲਕੁਲ ਸਾਹਮਣੇ ਸੀ, ਉਸੇ ਵੱਲ ਵੱਧ ਰਿਹਾ ਸੀ। ਇਸ ਹਾਲਤ ਵਿਚ ਉਸਦੀ ਪਿਛਲੀ ਲੱਤ ਨੂੰ ਫੜਕੇ ਪਿਛਾਂਹ ਵੱਲ ਖਿਚਣਾ ਅਤੇ ਉਸ ਨੂੰ ਪਿੱਠ ਭਾਰ ਡੇਗਣਾ ਲੱਗਭਗ ਅਸੰਭਵ ਹੋ ਗਿਆ ਸੀ। ਸੂਰ ਦੀਆਂ ਛੋਟੀਆਂ ਛੋਟੀਆਂ ਲਾਲ ਅੱਖਾਂ ਵਿਚ ਖੁਮਾਰ ਛਾਇਆ

ਸੀ। ਨਾ ਜਾਣੀਏ ਕੀ ਕਰ ਬੈਠੇ। ਪਰ ਨੱਥੂ ਬਦਹਵਾਸ ਹੋ ਰਿਹਾ ਸੀ। ਦੋ ਵੱਜ ਚੁੱਕੇ ਸਨ, ਅਤੇ ਜੋ ਕੰਮ ਪਿਛਲੀ ਸ਼ਾਮ ਤੇ ਹੁਣ ਤਕ ਨਹੀਂ ਹੋ ਸਕਿਆ ਹੁਣ ਪਹੁ ਫੁਟਣ ਤੋਂ ਪਹਿਲਾਂ ਕਿਵੇਂ ਹੋ ਜਾਵੇਗਾ। ਕਿਸੇ ਵੇਲੇ ਵੀ ਜਮਾਂਦਾਰ ਦਾ ਛਕੜਾ ਆ ਸਕਦਾ ਹੈ, ਜੇ ਕੰਮ ਨਾ ਹੋਇਆ ਤਾਂ ਮੁਰਾਦ ਅਲੀ ਦਾ ਕੀ  ਦੇਵੇ, ਕੋਠੜੀ ਵਿਚੋਂ ਕਢਵਾ ਦੇਵੇ, ਕਿਸੇ ਤੋਂ ਕੁਟਵਾ ਦੇਵੇ, ਪਰੇਸ਼ਾਨ ਕਰੇ। ਨੱਥੂ ਦੇ ਹੱਥ ਪੈਰ ਫੁੱਲਣ ਲੱਗੇ। ਉਹ ਮਨ ਹੀ ਮਨ ਜਾਣਦਾ ਸੀ ਕਿ ਸੂਰ ਨੂੰ ਪਿਛਲੇ ਪੈਰ ਤੋਂ ਫੜਨ ਨਾਲ ਸੂਰ ਵੱਢ ਖਾਵੇਗਾ ਜਾਂ ਉਛਲੇਗਾ ਅਤੇ ਹੱਥ ਛੁਡਾ ਲਵੇਗਾ।

ਅਚਾਨਕ ਨੱਥੂ ਦੀਆਂ ਅੱਖਾਂ ਵਿਚ ਖੂਨ ਉਭਰ ਆਇਆ। ਬਿਨਾਂ ਕਿਸੇ ਸਪੱਸ਼ਟ ਕਾਰਣ ਦੇ ਉਸ ਦੇ ਤਨ ਬਦਨ ਵਿਚ ਅੱਗ ਲੱਗ ਗਈ।" ਜਾਂ ਮੈਂ ਨਹੀਂ ਰਹਾਂਗਾ, ਜਾ ਇਹ ਨਹੀਂ ਰਹੇਗਾ" ਉਸਨੇ ਕਿਹਾ ਅਤੇ ਝੱਟ ਵਾਪਿਸ ਪਰਤ ਕੇ ਆਲੇ ਥੱਲੇ ਫਰਸ਼ ਤੇ ਰੱਖੀ ਪੱਥਰ ਦੀ ਸੈੱਲ ਚੁੱਕ ਲਈ। ਸਿਲ ਚੁੱਕ ਉਹ ਸਿੱਧਾ ਕੋਠੜੀ ਦੇ ਵਿਚਕਾਰ ਪਹੁੰਚ ਗਿਆ। ਸਿਲ ਨੂੰ ਦੋਹਾਂ ਹੱਥਾਂ ਨਾਲ ਸਿਰ ਤੇ ਉਪਰ ਉਠਾਏ ਉਹ ਪਲ ਭਰ ਲਈ ਠਿਠਕਿਆ ਰਿਹਾ। ਸੂਰ ਦੀ ਬੂਥਨੀ ਅਜੇ ਵੀ ਅਗਲੇ ਪੈਰਾਂ ਕੇ ਸੀ ਅਤੇ ਉਹ ਖਰਬੂਜ਼ੇ ਦੇ ਛਿਲਕੇ ਨੂੰ ਸੁੰਘ ਰਿਹਾ ਸੀ। ਉਹ ਆਪਣੀਆਂ ਲਾਲ ਅੱਖਾਂ ਝੱਮਕ ਰਿਹਾ ਸੀ। ਪਿੱਠ ਦੇ ਪਿੱਛੇ ਉਸਦੀ ਛੋਟੀ ਜਿਹੀ ਪੂਛ ਬਰਾਬਰ ਹਿਲ ਰਹੀ ਸੀ। ਜੇ ਉਹ ਹਿਲੇ ਜੁਲੇ ਨਾਂ ਅਤੇ ਸਿੱਲ ਸਿੱਧੀ ਉਸ ਦੇ ਸਰੀਰ ਤੇ ਜਾ ਵੱਜੇ ਤਾਂ ਕਿਤੇ ਤਾਂ ਉਹ ਵਾਰ ਕਰੇਗੀ ਅਤੇ ਕੋਈ ਨਾ ਕੋਈ ਅੰਗ ਤਾਂ ਸੂਰ ਦਾ ਟੁੱਟ ਕੇ ਹੀ ਰਹੇਗਾ। ਜੇ ਲੱਤ ਵੀ ਟੁੱਟ ਜਾਵੇ ਤਾਂ ਉਹ ਵੀ ਗਨੀਮਤ ਹੈ, ਉਸ ਲਈ ਚਲਣਾ ਪਹਿਲਾਂ ਨਾਲੋਂ ਮੁਸ਼ਕਿਲ ਹੋ ਜਾਵੇਗਾ।

ਫਿਰ ਦੋਵੇਂ ਹੱਥ ਉਚੇ ਚੁੱਕ ਕੇ ਸਿਲ ਨੂੰ ਸੂਰ ਤੇ ਵਗਾਹ ਮਾਰਿਆ। ਆਲੇ ਵਿਚ ਰੱਖੇ ਦੀਵੇ ਦੀ ਲੋਅ ਥਰਥਰਾਈ ਅਤੇ ਦੀਵਾਰਾਂ ਤੋਂ ਪਰਛਾਈਆਂ ਡੋਲ ਗਈਆਂ। ਸਿਲ ਸੂਰ ਨੂੰ ਵੱਜੀ ਸੀ ਪਰ ਨੱਥੂ ਠੀਕ ਤਰ੍ਹਾਂ ਨਹੀਂ ਜਾਣਦਾ ਸੀ ਕਿ ਕਿਥੇ ਵੱਜੀ ਹੈ।

ਸੂਰ ਜ਼ੋਰ ਨਾਲ ਕਕਿਆਇਆ ਅਤੇ ਸਿਲ ਖਟਾਕ ਨਾਲ ਫਰਜ਼ ਤੇ ਜਾ ਡਿਗੀ। ਨੱਥੂ ਸਿਲ ਸੁਟਦੇ ਹੀ ਪਿਛੇ ਹੱਟ ਗਿਆ। ਅਤੇ ਸੂਰ ਵੱਲ ਘੂਰ ਘੂਰ ਕੇ ਵੇਖਣ ਲੱਗਾ। ਨੱਥੂ ਨੂੰ ਵੇਖ ਕੇ ਹੈਰਾਨੀ ਹੋਈ ਕਿ ਸੂਰ ਦੀਆਂ ਅੱਧ ਮੀਟੀਆਂ ਅੱਖਾਂ ਮਿਚਮਿਚਾ ਰਹੀਆਂ ਸਨ ਅਤੇ ਉਸ ਦੀ ਬੂਥਨੀ ਅਜੇ ਵੀ ਅਗਲੀਆਂ ਲੱਤਾਂ ਤੇ ਟਿਕੀ ਹੋਈ ਸੀ।

ਅਚਾਨਕ ਸੂਰ ਗੁਰਾਇਆ ਅਤੇ ਪਿਛਲੀ ਕੰਧ ਤੋਂ ਹਟ ਕੇ ਕੋਠੜੀ ਦੇ ਵਿਚਕਾਰ ਆਉਣ ਲੱਗਿਆ। ਉਹ ਸੱਜੇ ਖੱਬੇ ਝੂਲ ਰਿਹਾ ਸੀ। ਨੱਥੂ ਇਕ ਬੰਨੇ ਵਿਹੜੇ ਵੱਲ ਖੁਲ੍ਹਣ ਵਾਲੇ ਦਰਵਾਜ਼ੇ ਅੱਗੇ ਵੱਲ ਸਰਕ ਕੇ ਖੜਾ ਹੋ ਗਿਆ ਸੀ। ਦੀਵੇ ਦੀ ਕੰਬਦੀ ਲੋਅ ਵਿਚ ਸੂਰ ਅੱਗੇ ਵੱਧਦਾ ਆ ਰਿਹਾ ਸੀ। ਸਿਲ ਉਸ ਦੇ ਮੱਥੇ ਤੇ ਵੱਜੀ ਸੀ ਜਿਸ ਨਾਲ ਸ਼ਾਇਦ ਉਹ ਚਕਰਾ ਗਿਆ ਸੀ ਅਤੇ ਉਸ ਨੂੰ ਠੀਕ ਤਰ੍ਹਾਂ ਨਾਲ ਦਿਖਾਈ ਨਹੀਂ ਦੇ ਰਿਹਾ ਸੀ। ਨੱਥੂ ਡਰ ਗਿਆ। ਸੂਰ ਜ਼ਰੂਰ ਉਸੇ ਵੱਲ ਵਧਦਾ ਆ ਰਿਹਾ ਹੈ ਅਤੇ ਜ਼ਰੂਰ ਉਸ ਨੂੰ ਵੱਡੇਗਾ। ਸਿਲ ਦਾ ਉਸ ਤੇ ਕੋਈ ਅਸਰ ਹੋਇਆ ਦਿਖਾਈ ਨਹੀਂ ਦਿੰਦਾ ਸੀ।

ਨੱਥੂ ਨੇ ਝਟ ਦਰਵਾਜ਼ਾ ਖੋਲ੍ਹਿਆ ਅਤੇ ਕੋਠੜੀ ਤੋਂ ਬਾਹਰ ਹੋ ਗਿਆ।

"ਕਿਸ ਮੁਸੀਬਤ ਵਿਚ ਜਾਨ ਫਸ ਗਈ ਹੈ।" ਉਹ ਬੁੜਬੁੜਾਇਆ, ਅਤੇ ਵਿਹੜੇ ਵਿਚ ਆ ਕੇ ਬੰਨੇ ਕੋਲ ਖੜਾ ਹੋ ਗਿਆ। ਬਾਹਰ ਪਹੁੰਚ ਕੇ ਸਾਫ਼ ਹਵਾ ਵਿਚ ਉਸ ਨੇ ਸੁਖ ਦਾ ਸਾਹ ਲਿਆ। ਕੋਠੜੀ ਦੀ ਘੁਟਨ ਅਤੇ ਬਦਬੂ ਵਿਚ ਉਹ ਪਰੇਸ਼ਾਨ ਹੋ ਗਿਆ ਸੀ। ਪਸੀਨੇ ਨਾਲ ਤਰ ਉਸ ਦੇ ਸਰੀਰ ਨੂੰ ਹਵਾ ਦੀ ਹਲਕੀ ਜਿਹੀ ਛੂਹ ਨਾਲ ਅਸੀਮ ਆਨੰਦ ਦਾ ਅਨੁਭਵ ਹੋਇਆ ਖਿਨ ਭਰ ਲਈ ਉਸ ਨੂੰ ਲੱਗਾ ਜਿਵੇਂ ਉਹ ਦੁਬਾਰਾ ਜੀ ਉਠਿਆ ਹੈ, ਉਸ ਦੀ ਕਮਜ਼ੋਰ ਮਰੀ ਹੋਈ ਦੇਹ ਵਿਚ ਫਿਰ ਜਾਨ ਪੈ ਗਈ ਹੈ। ਮੈਂ ਕੀ ਲੈਣਾ ਹੈ ਇਸ ਕੰਮ 'ਚੋਂ। ਸਲੋਤਰੀ ਨੂੰ ਸੂਰ ਨਹੀਂ ਮਿਲਦਾ ਤਾਂ ਨਾ ਮਿਲੇ, ਖਸਮਾਂ ਨੂੰ ਖਾਵੇ, ਮੈਂ ਕਲ੍ਹ ਮੁਰਾਦ ਅਲੀ ਦੇ ਸਾਹਮਣੇ ਪੰਜਾਂ ਦਾ ਨੋਟ ਸੁਟ ਦਿਆਂਗਾ ਅਤੇ ਹੱਥ ਜੋੜ ਦਿਆਂਗਾ। ਇਹ ਮੇਰੇ ਵਸ ਦਾ ਰੋਗ ਨਹੀਂ ਹੈ ਹਜੂਰ, ਮੈਂ

ਇਹ ਨਹੀਂ ਕਰ ਸਕਦਾ। ਮੇਰਾ ਕੀ ਵਿਗਾੜ ਲਵੇਗਾ। ਦੋ ਦਿਨ ਮੂੰਹ ਵੱਟੀ ਰਖੇਗਾ, ਮੈਂ ਗੋਡਿਆਂ ਤੇ ਮੱਥਾ ਟੇਕ ਉਸ ਨੂੰ ਮਨਾ ਲਵਾਂਗਾ।

ਬਨੇਰੇ ਦੇ ਪਿਛੇ ਉਹ ਖੜਾ ਰਿਹਾ। ਚੰਨ ਨਿਕਲ ਆਇਆ ਸੀ ਅਤੇ ਚਾਰੇ ਬੰਨੇ ਫੈਲੀ ਚਾਂਦਨੀ ਵਿਚ ਉਸ ਨੂੰ ਆਸ ਪਾਸ ਦਾ ਸਾਰਾ ਇਲਾਕਾ ਪਰਾਇਆ ਪਰਾਇਆ ਅਤੇ ਰਹੱਸਪੂਰਣ ਲੱਗ ਰਿਹਾ ਸੀ। ਸਾਹਮਣੇ ਤੋਂ ਲੰਘਣ ਵਾਲੀਆਂ ਬੈਲ ਗੱਡੀਆਂ ਦੀ ਕੱਚੀ ਸੜਕ ਇਸ ਵੇਲੇ ਸੁੰਨੀ ਪਈ ਸੀ। ਚੁੱਪ ਅਤੇ ਸ਼ਾਂਤ। ਦਿਨ ਭਰ ਉਸ ਉਤੇ ਉੱਤਰ ਦੇ ਪਿੰਡਾਂ ਤੇ ਆਉਣ ਵਾਲੀਆਂ ਬੋਲ ਗੱਡੀਆਂ ਦੀ ਖਟਰ ਖਟਰ ਅਤੇ ਬਲਦਾਂ ਦੇ ਗਲਾਂ ਵਿਚ ਬੰਨੀਆਂ ਘੰਟੀਆਂ ਦੀ ਟਨ ਟਨ ਸੁਣਾਈ ਦਿੰਦੀ ਰਹਿੰਦੀ ਸੀ। ਉਨ੍ਹਾਂ ਦੇ ਪਹੀਆਂ ਨਾਲ ਸੜਕ ਉਤੇ ਗਹਿਰੀਆਂ ਲੀਕਾਂ ਪੈ ਗਈਆਂ ਸਨ ਅਤੇ ਮਿੱਟ ਪਿਸ ਪਿਸ ਕੇ ਇੰਨੀ ਬਰੀਕ ਹੋ ਗਈ ਸੀ ਕਿ ਉਸ ਤੇ ਪੈਰ ਰੱਖਦੇ ਹੀ ਪੈਰ ਗੋਡਿਆ ਤਕ ਪੱਟੀ ਵਿਚ ਧਸ ਜਾਂਦਾ ਸੀ। ਸੜਕ ਦੇ ਪਾਰ ਤਿੱਖੀ ਢਲਾਨ ਉਤੇ ਜੋ ਹੇਠਾਂ ਮੈਦਾਨ ਵਿਚ ਉਤਰ ਗਈ ਸੀ, ਛੋਟੀਆਂ ਛੋਟੀਆਂ ਝਾੜੀਆਂ ਅਤੇ ਬੇਰਾਂ ਦੇ ਮੂਲੇ ਅਤੇ ਕੰਡਿਆਲੀਆਂ 'ਥੋਰਾਂ' ਦੇ ਝੁਰਮਟ ਮਿੱਟੀ ਘਟੇ ਨਾਲ ਭਰੇ ਪਏ ਸਨ ਅਤੇ ਚਾਨਣੀ ਰਾਤ ਵਿਚ ਧੋਤੇ ਹੋਏ ਲੱਗ ਰਹੇ ਸਨ। ਮੈਦਾਨ ਦੇ ਪਾਰ ਇਕ ਮਸਾਣ ਸੀ ਜਿਸ ਦੇ ਪਿਛੇ ਦੋ ਕੋਠੜੀਆਂ ਵਿਚ ਇਕ ਡੋਮ ਰਹਿੰਦਾ ਸੀ। ਇਸ ਵੇਲੇ ਇਕ ਦੇ ਨਾਲ ਇਕ ਜੁੜੀ ਹੋਈ, ਉਜੜੀ ਹੋਈ ਲੱਗ ਰਹੀ ਸੀ। ਕਿਸੇ ਵੀ ਕੋਠੜੀ ਵਿਚ ਦੀਵਾ ਨਹੀਂ ਟਿਮਟਿਮਾ ਰਿਹਾ ਸੀ। ਡੋਮ ਰਾਤ ਨੂੰ ਸ਼ਰਾਬ ਪੀ ਕੇ ਚਿਲਾਉਂਦਾ ਬੜਾਉਂਦਾ ਰਿਹਾ ਸੀ। ਅਤੇ ਉਸ ਦੀ ਅਵਾਜ਼ ਮੈਦਾਨ ਦੇ ਪਾਰ ਇਸ ਕੋਠੜੀ ਵਿਚ ਆਉਂਦੀ ਰਹੀ ਸੀ। ਪਰ ਇਸ ਵੇਲੇ ਜਿਵੇਂ ਉਹ ਮਰਿਆ ਪਿਆ ਸੀ। ਨੱਥੂ ਨੂੰ ਅਚਾਨਕ ਆਪਣੀ ਪਤਨੀ ਦੀ ਯਾਦ ਆਈ, ਜੋ ਇਸ ਵੇਲੇ ਆਰਾਮ ਨਾਲ ਚਮਿਆਰਾਂ ਦੀ ਬਸਤੀ ਵਿਚ ਸੁੱਤੀ ਪਈ ਹੋਵੇਗੀ। ਇਹ ਝੰਜਟ ਮੁੱਲ ਨਾ ਲਿਆ ਹੁੰਦਾ ਤਾਂ ਇਸ ਵੇਲੇ ਉਹ ਉਸ ਦੇ ਕੋਲ ਹੁੰਦਾ ਅਤੇ ਉਸ ਦੀ ਗਰਮ ਗਦਰਾਈ ਦੇਹ ਉਸ ਦੀਆਂ ਬਾਹਵਾਂ ਵਿਚ ਹੁੰਦੀ।

ਆਪਣੀ ਜਵਾਨ ਪਤਨੀ ਨੂੰ ਬਾਹਵਾਂ ਵਿਚ ਲੈ ਕੇ ਗਲਵਕੜੀ ਪਾਉਣ ਦੀ ਇੱਛਾ ਉਸ ਨੂੰ ਬੁਰੀ ਤਰ੍ਹਾਂ ਬੇਚੈਨ ਕਰਨ ਲੱਗੀ। ਨਾ ਜਾਣੇ ਉਹ ਕਿੰਨੀ ਦੇਰ ਉਸ ਦਾ ਰਾਹ ਵੇਖਦੀ ਰਹੀ ਹੋਵੇਗੀ। ਉਹ ਉਸ ਨੂੰ ਬਿਨਾਂ ਕੁਝ ਕਹੇ ਸੁਣੇ ਘਰੋਂ ਆ ਗਿਆ ਸੀ। ਇਕ ਹੀ ਸ਼ਾਮ ਉਸ ਤੋਂ ਦੂਰ ਰਹਿ ਕੇ ਉਹ ਪਰੇਸ਼ਾਨ ਹੋ ਗਿਆ ਸੀ।

ਕੱਚੀ ਸੜਕ, ਸੱਜੇ ਹੱਥ ਨੂੰ ਦੂਰ ਤਕ ਜਾ ਕੇ ਹੇਠਾਂ ਉਤਰ ਗਈ। ਇਸ ਵੇਲੇ ਚਾਂਦਨੀ ਵਿਚ ਕਿੰਨੀ ਸਾਫ ਧੋਤੀ ਹੋਈ ਲੱਗ ਰਹੀ ਸੀ। ਉਸ ਦੇ ਕਿਨਾਰੇ, ਇਕ ਬੰਨੇ ਨੂੰ ਹਟ ਕੇ ਕੱਚਾ ਖੂਹ ਅਤੇ ਉਸ ਤੇ ਪਿਆ ਹੋਇਆ ਚਕਰ ਅਤੇ ਮ੍ਹਾਲ ਵੀ ਬੁਰੇ ਨਹੀਂ ਲੱਗ ਰਹੇ ਸਨ। ਥੋੜ੍ਹੀ ਦੂਰ ਜਾਣ ਤੇ ਇਹ ਵੀਰਾਨ ਇਲਾਕਾ ਖਤਮ ਹੋ ਜਾਂਦਾ ਸੀ ਅਤੇ ਕੱਚੀ ਸੜਕ ਸ਼ਹਿਰ ਨੂੰ ਜਾਣ ਵਾਲੀ ਪੱਕੀ ਸੜਕ ਨਾਲ ਮਿਲ ਜਾਂਦੀ ਸੀ। ਚਾਰ ਚੁਫੇਰੇ ਚੁੱਪ ਦਾ ਰਾਜ ਸੀ। ਦੂਰ ਖੱਬੇ ਬੰਨੇ ਪਿਗਰੀ ਦੀ ਹੇਠਲੀ ਇਮਾਰਤ ਸੀ ਜੋ ਚਾਂਦਨੀ ਵਿਚ ਚਪਟੇ ਕਾਲੇ ਡੱਬੇ ਵਰਗੀ ਲੱਗ ਰਹੀ ਸੀ। ਦੂਰ ਦੂਰ ਤਕ ਖਾਲੀ ਜ਼ਮੀਨ ਪਈ ਸੀ ਜਿਸ ਤੇ ਥਾਂ ਥਾਂ ਕੰਡਿਆਲੀਆਂ ਝਾੜੀਆਂ ਅਤੇ ਛੋਟੇ ਛੋਟੇ ਮ੍ਰਲੇ ਖਿੱਲਰੇ ਹੋਏ ਸਨ। ਦੂਰ, ਬਹੁਤ ਦੂਰ, ਫੌਜੀ ਛਾਉਣੀ ਦੀਆਂ ਬੈਰਕਾਂ ਸਨ, ਅਲੱਗ ਅਲੱਗ, ਜਿਥੋਂ ਤਕ ਪਹੁੰਚਣ ਵਿਚ ਘੰਟੇ ਲੱਗ ਜਾਂਦੇ ਸਨ।

ਨੱਥੂ ਦਾ ਸਰੀਰ ਥੱਕ ਕੇ ਚੂਰ ਹੋ ਗਿਆ ਸੀ। ਉਸ ਦਾ ਮਨ ਹੋਇਆ ਕਿ ਉਥੇ ਖਲੋਤਾ ਖਲੋਤਾ ਬਨੇਰੇ ਤੇ ਸਿਰ ਰੱਖ ਕੇ ਝਪਕੀ ਲੈ ਲਵੇ। ਕੋਠੜੀ ਤੋਂ ਬਾਹਰ ਨਿਕਲ ਕੇ ਇਹ ਜਿਵੇਂ ਕਿਸ ਦੂਸਰੀ ਦੁਨੀਆਂ ਵਿਚ ਆ ਗਿਆ ਸੀ। ਸਾਫ, ਠੰਢੀ ਹਵਾ ਅਤੇ ਚਾਰੇ ਬੰਨੇ ਛਿਟਕੀ ਹੁੰਦੀ ਚਾਂਦਨੀ ਵਿਚ ਉਸ ਨੂੰ ਆਪਣੀ ਹਾਲਤ ਤੇ ਰੋਣ ਜਿਹਾ ਆਉਣ ਲੱਗਾ। ਬਾਹਰ ਆ ਕੇ ਉਸ ਨੂੰ ਆਪਣੇ ਹੱਥ ਵਿਚ ਫੜਿਆ ਛੁਰਾ ਵਾਧੂ ਜਿਹਾ ਦਿਖਾਈ ਦੇਣ ਲੱਗਾ। ਉਸ ਦਾ ਦਿਲ ਕੀਤਾ ਕਿ ਉਥੋਂ ਭੱਜ ਜਾਵੇ। ਕੋਠੜੀ ਵਿਚ ਝਾਕ ਕੇ ਵੇਖੇ ਵੀ ਨਾ ਅਤੇ ਉਥੋਂ ਭੱਜ ਜਾਵੇ। ਕਲ੍ਹ ਸੂਰ-ਵਾੜੇ ਦਾ ਪੂਰਬੀਆ

ਜ਼ਰੂਰ ਇਧਰੋਂ ਲੰਘੇਗਾ ਅਤੇ ਕੂੜਾ ਵੇਖ ਕੇ ਸਮਝ ਜਾਵੇਗਾ ਕਿ ਸੂਰ ਕੋਠੜੀ ਵਿਚ ਹੋਵੇਗਾ ਅਤੇ ਉਹ ਉਸ ਨੂੰ ਉਥੋਂ ਹੱਕ ਕੇ ਲੈ ਜਾਵੇਗਾ।

ਉਸ ਨੂੰ ਫਿਰ ਆਪਣੀ ਪਤਨੀ ਦੀ ਯਾਦ ਸਤਾਉਣ ਲੱਗੀ। ਆਪਣੀ ਪਤਨੀ ਕੋਲ ਪਹੁੰਚ ਕੇ ਉਸ ਦੇ ਨਾਲ ਹੌਲੀ ਹੌਲੀ ਗੱਲਾਂ ਕਰਦੇ ਹੋਏ ਉਸ ਦੇ ਦੁਖੀ ਵਿਆਕਲ ਮਨ ਨੂੰ ਚੈਨ ਮਿਲ ਸਕਦਾ ਸੀ। ਕਦੋਂ ਉਹ ਝੰਜਟ ਖਤਮ ਹੋਵੇਗਾ ਅਤੇ ਕਦੋਂ ਉਹ ਉਸ ਦੇ ਕੋਲ ਚਮਿਆਰਾਂ ਦੀ ਬਸਤੀ ਵਿਚ ਵਾਪਿਸ ਜਾ ਸਕੇਗਾ ?

ਅਚਾਨਕ ਦੂਰ ਸ਼ੇਖਾਂ ਦੇ ਬਾਗ ਦੀ ਘੜੀ ਨੇ ਤਿੰਨ ਵਜਾਏ ਅਤੇ ਨੱਥੂ ਦੀ ਸਾਰੀ ਦੇਹ ਥਰਥਰਾ ਗਈ। ਉਸ ਦੀ ਨਜ਼ਰ ਉਸ ਦੇ ਹੱਥ ਤੇ ਗਈ ਜਿਸ ਵਿਚ ਅਜੇ ਵੀ ਉਸ ਨੇ ਛੁਰਾ ਫੜਿਆ ਹੋਇਆ ਸੀ। ਇਕ ਗਹਿਰੀ ਪੀੜ ਉਸ ਦੇ ਮਨ ਵਿਚ ਉਠੀ ਕਿ ਹੁਣ ਕੀ ਹੋਵੇਗਾ? ਉਹ ਇਥੇ ਖੜਾ ਕੀ ਕਰ ਰਿਹਾ ਹੈ ਜਦ ਕਿ ਸੂਰ ਅਜੇ ਤਕ ਨਹੀਂ ਮਰਿਆ? ਜਮਾਦਾਰ ਛਕੜਾ ਲੈ ਕੇ ਆਉਣ ਵਾਲਾ ਹੀ ਹੋਵੇਗਾ। ਉਹ ਉਸ ਨੂੰ ਕੀ ਕਹੇਗਾ, ਕੀ ਜਵਾਬ ਦੇਵੇਗਾ ? ਆਕਾਸ਼ ਵਿਚ ਹਲਕਾ ਜਿਹਾ ਪੀਲਾ ਪਨ ਛਾ ਗਿਆ ਸੀ। ਪਹੁ-ਫੁਟਣ ਵਾਲੀ ਸੀ ਅਤੇ ਉਹ ਅਜੇ ਤਕ ਆਪਣੇ ਕੰਮ ਤੋਂ ਵਿਹਲਾ ਨਹੀਂ ਹੋ ਸਕਿਆ ਸੀ। ਉਸ ਨੂੰ ਆਪਣੀ ਸਥਿਤੀ ਤੇ ਰੋਣ ਆਉਣ ਲੱਗਾ।

ਘਬਰਾਇਆ ਹੋਇਆ ਉਹ ਕੋਠੜੀ ਵੱਲ ਗਿਆ। ਹੌਲੀ ਜਿਹੀ ਦਰਵਾਜ਼ਾ ਖੋਲ੍ਹ ਕੇ ਉਸ ਨੇ ਅੰਦਰ ਝਾਕਿਆ। ਕੋਠੜੀ ਦਾ ਦਰਵਾਜ਼ਾ ਖੋਲ੍ਹਦੇ ਹੀ ਉਸ ਨੂੰ ਬੜੀ ਬਦਬੂ ਆਈ। ਪਰੰਤੂ ਦੀਵੇ ਦੀ ਰੋਸ਼ਨੀ ਵਿਚ ਉਸ ਨੇ ਵੇਖਿਆ ਕਿ ਕੋਠੜੀ ਦੇ ਐਨ ਵਿਚਕਾਰ ਸੂਰ ਖੜਾ ਹੈ, ਅਡਲ ਜਿਹਾ, ਜਿਵੇਂ ਘੁੰਮ ਘੁੰਮ ਕੇ ਥੱਕ ਗਿਆ ਹੋਵੇ, ਨਿਢਾਲ ਜਿਹਾ। ਕਿਸੇ ਅੰਦਰੂਨੀ ਪ੍ਰੇਰਨਾ ਵਸ ਨੱਥੂ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਫਿਰ ਆਲੇ ਦੇ ਹੇਠਾਂ ਚੁਪ ਚਾਪ ਜਾ ਕੇ ਖੜਾ ਹੋ ਗਿਆ ਅਤੇ ਟਿਕਟਿਕੀ ਲੱਗਾ ਕੇ ਸੂਰ ਨੂੰ ਵੇਖਣ ਲੱਗਾ।

ਨੱਥੂ ਦੇ ਅੰਦਰ ਆ ਜਾਣ ਤੇ ਸੂਰ ਨੇ ਆਪਣਾ ਨਥਨਾ ਉਪਰ ਚੁੱਕਿਆ। ਨੱਥੂ ਨੂੰ ਲੱਗਾ ਜਿਵੇਂ ਸੂਰ ਦਾ ਨਥਨਾ ਜਿਆਦਾ ਲਾਲ ਹੋ ਰਿਹਾ ਹੈ ਅਤੇ ਸੂਰ ਦੀਆਂ ਅੱਖਾਂ ਸੁਕੜੀਆਂ ਹੋਈਆਂ ਹਨ। ਪੱਥਰ ਦੀ ਸਿਲ ਜਿਸ ਨਾਲ ਉਸ ਨੇ ਸੂਰ ਉਤੋਂ ਵਾਰ ਕੀਤਾ ਸੀ ਸੂਰ ਦੇ ਪਿਛੇ ਕੁਝ ਦੂਰੀ ਤੇ ਪਈ ਹੋਈ ਸੀ। ਦੀਵੇ ਦੀ ਟਿਮਟਿਮਾਉਂਦੀ ਲੋਅ ਨੇ ਫਿਰ ਝਮੱਕਾ ਮਾਰਿਆ ਅਤੇ ਅਸਥਿਰ ਰੋਸ਼ਨੀ ਵਿਚ ਨੱਥੂ ਨੂੰ ਲੱਗਾ ਜਿਵੇਂ ਸੂਰ ਫਿਰ ਹਿਲਿਆ ਹੈ ਅਤੇ ਤੁਰਨ ਲੱਗਾ ਹੈ। ਉਹ ਅੱਖਾਂ ਪਾੜ ਪਾੜ ਕੇ ਉਸ ਵੱਲ ਵੇਖਣ ਲੱਗਾ। ਸੂਰ ਸੱਚਮੁੱਚ ਹਿਲਿਆ ਸੀ। ਉਹ ਸੱਚਮੁੱਚ ਹੀ ਭਾਰੀ, ਸਥਿਰ ਚਾਲ ਨਾਲ ਅੱਗੇ ਨੂੰ, ਨੱਥੂ ਵੱਲ ਵਧਣ ਲੱਗਾ ਸੀ। ਦੋ ਇਕ ਕਦਮ, ਸੱਜੇ ਖੱਬੇ ਝੂਲ ਕੇ ਚਲਣ ਪਿਛੋਂ ਇਕ ਅਜੀਬ ਜਿਹੀ ਆਵਾਜ਼ ਸੂਰ ਦੇ ਮੂੰਹ ਵਿਚੋਂ ਨਿਕਲੀ। ਨੱਥੂ ਫਿਰ ਛੁਰਾ ਉਚਾ ਚੁੱਕ ਕੇ ਪੈਰਾਂ ਦੇ ਭਾਰ ਬੈਠ ਗਿਆ। ਸੂਰ ਨੇ ਦੋ ਤਿੰਨ ਕਦਮ ਹੋਰ ਅਗੋਂ ਵੱਲ ਨੂੰ ਵਧਾਏ। ਉਸ ਦਾ ਨਥਨਾ ਉਸ ਦੇ ਪੈਰਾਂ ਵੱਲ ਜ਼ਿਆਦਾ ਝੁਕ ਗਿਆ ਅਤੇ ਨੱਥੂ ਕੋਲ ਪਹੁੰਚਦੇ ਪਹੁੰਚਦੇ ਉਹ ਇਕ ਬੰਨੇ ਢਹਿ ਢੇਰੀ ਹੋ ਗਿਆ। ਉਸ ਦੀਆਂ ਲੱਤਾਂ ਵਿਚ ਇਕ ਜ਼ੋਰ ਦੀ ਕੰਬਣੀ ਛਿੜੀ ਪਰ ਕੁਝ ਪਲਾਂ ਪਿਛੋਂ ਉਹ ਹਵਾ ਵਿਚ ਉਠੀਆਂ ਦੀਆਂ ਉਠੀਆਂ ਰਹਿ ਗਈਆਂ। ਸੂਰ ਮਰ ਚੁੱਕਾ ਸੀ।

ਨੱਥੂ ਨੇ ਛੁਰਾ ਫਰਸ਼ ਤੇ ਰੱਖ ਦਿੱਤਾ, ਪਰ ਉਸ ਦੀਆਂ ਅੱਖਾਂ ਅਜੇ ਵੀ ਸੂਰ ਤੇ ਲੱਗੀਆਂ ਹੋਈਆਂ ਸਨ। ਤਦੇ ਦੂਰ ਗਵਾਂਢ ਦੇ ਕਿਸੇ ਘਰ ਵਿਚ ਕਿਸੇ ਕੁਕੜ ਨੇ ਪਰ ਫੜਫੜਾਏ ਅਤੇ ਬਾਂਗ ਦਿੱਤੀ। ਉਸੇ ਸਮੇਂ ਦੂਰ ਕੱਚੀ ਸੜਕ ਉਤੇ ਹਿਚਕੋਲੇ ਖਾਂਦੇ ਛਕੜੇ ਦੀ ਆਵਾਜ਼ ਆਈ। ਅਤੇ ਨੱਥੂ ਨੇ ਸੁਖ ਦਾ ਸਾਹ ਲਿਆ।

***

# ਦੋ

ਪ੍ਰਭਾਤ ਫੇਰੀ ਵਿਚ ਭਾਗ ਲੈਣ ਲਈ ਸ਼ੁਰੂ ਵਿਚ ਦੋ ਗਿਣੇ ਚੁਣੇ ਲੋਕ ਹੀ ਪਹੁੰਚਦੇ ਸਨ। ਬਾਦ ਵਿਚ ਗਲੀਆਂ ਤੇ ਬਜ਼ਾਰ ਲੰਘਦੇ ਹੋਏ ਜਿਸ ਕਿਸੇ ਦਾ ਘਰ ਰਸਤੇ ਵਿਚ ਪੈਂਦਾ ਉਹ ਗੋਗੜ ਖੋਜਲਾਉਂਦਾ ਉਬਾਸੀਆਂ ਮਾਰਦਾ ਨਾਲ ਸ਼ਾਮਿਲ ਹੋ ਜਾਂਦਾ ਸੀ।

ਹਵਾ ਵਿਚ ਅਜੇ ਖੁਸ਼ਕੀ ਸੀ। ਲੋਕ ਰਾਤ ਨੂੰ ਕਮਰੇ ਦੇ ਅੰਦਰ ਸੌਂਦੇ ਸਨ, ਫਿਰ ਵੀ ਸਵੇਰੇ ਸਵੇਰੇ ਕੰਬਲ ਲੈਣ ਦੀ ਜ਼ਰੂਰਤ ਰਹਿੰਦੀ ਸੀ। ਪ੍ਰਭਾਤ ਫੇਰੀ ਵਿਚ ਸ਼ਾਮਿਲ ਹੋਣ ਵਾਲੇ ਵੱਡੀ ਉਮਰ ਦੇ ਲੋਕ ਕੰਨ ਟੋਪੇ ਚੜ੍ਹਾ ਕੇ ਆਉਂਦੇ ਸਨ।

ਸ਼ੇਖਾਂ ਵਾਲੇ ਬਾਗ ਦੀ ਘੜੀ ਨੇ ਚਾਰ ਵਜਾਏ। ਕਾਂਗਰਸ ਕਮੇਟੀ ਦੇ ਦਫਤਰ ਦੇ ਸਾਹਮਣੇ ਸੜਕ ਤੇ ਕੇਵਲ ਦੋ ਤਿੰਨ ਆਦਮੀ ਖੜੇ ਹੋਰ ਮੈਂਬਰਾਂ ਦੀ ਰਾਹ ਵੇਖ ਰਹੇ ਸਨ। ਖੁਫ਼ੀਆ ਪੁਲਿਸ ਦੇ ਦੋ ਸਿਪਾਹੀ ਸਾਧਾਰਣ ਕੱਪੜੇ ਪਹਿਨੇ ਥੋੜ੍ਹੀ ਦੂਰੀ ਤੇ ਅਜੇ ਵੀ ਖੜੇ ਸਨ।

ਤਦੇ ਦੂਰ ਹਨੇਰੇ ਵਿਚ ਰੋਸ਼ਨੀ ਨਜ਼ਰ ਆਈ। ਕੋਈ ਆਦਮੀ ਹੱਥ ਵਿਚ ਲਾਲਟੈਨ ਚੁੱਕੀ ਵੱਡੇ ਬਜ਼ਾਰ ਦਾ ਮੋੜ ਕੱਟ ਕੇ ਉਸ ਬੰਨੇ ਆਉਣ ਲੱਗਾ ਸੀ। ਲਾਲਟੈਨ ਦੀ ਰੋਸ਼ਨੀ ਦੇ ਘੇਰੇ ਵਿਚ ਉਸ ਆਦਮੀ ਦਾ ਕੇਵਲ ਪਜਾਮਾ ਹੀ ਨਜ਼ਰ ਆ ਰਿਹਾ ਸੀ।। ਇਉਂ ਲੱਗਦਾ ਸੀ ਜਿਵੇਂ ਧੜ ਦੇ ਬਿਨਾਂ ਦੋ ਲੱਤਾਂ ਚਲੀਆਂ ਆ ਰਹੀਆਂ ਹਨ।

"ਲਓ ਬਖਸ਼ੀ ਜੀ ਆ ਗਏ" ਦੂਰੋਂ ਪਜਾਮਾ ਪਛਾਣ ਕੇ ਅਜ਼ੀਜ਼ ਬੋਲਿਆ। ਬਖਸ਼ੀ ਜੀ ਕਿਹਾ ਕਰਦੇ ਸਨ, ਚਾਰ ਵਜੇ ਦਾ ਮਤਲਬ ਹੈ ਚਾਰ ਵਜੇ, ਨਾ ਇਕ ਮਿੰਟ ਇਧਰ ਨਾ ਇਕ ਮਿੰਟ ਓਧਰ। ਪਰ ਅੱਜ ਉਹ ਆਪ ਲੇਟ ਆ ਰਹੇ ਸਨ।

ਬਖਸ਼ੀ ਜੀ ਹੀ ਸਨ, ਬਲਗਮੀ ਸਰੀਰ ਵਾਲੇ ਜ਼ਿਲਾ ਕਾਂਗਰਸ ਕਮੇਟੀ ਦੇ ਸੈਕਟਰੀ, ਹੱਢੀ ਉਮਰ ਵਾਲੇ ਆਦਮੀ, ਦੇਹ ਕਮਜ਼ੋਰ ਹੋ ਗਈ, ਪਰ ਉਹ ਨਾ ਆਉਣ ਤਾਂ ਕੋਈ ਵੀ ਨਹੀ ਆਵੇਗਾ, ਪ੍ਰਭਾਤ ਫੇਰੀ ਲਈ ਕੋਈ ਪਹੁੰਚੇਗਾ ਹੀ ਨਹੀਂ"।

ਉਨ੍ਹਾਂ ਦੇ ਨੇੜੇ ਪਹੁੰਚਣ ਤੇ ਅਜ਼ੀਜ਼ ਨੇ ਫੇਰ ਸ਼ੇਅਰ ਪੜ੍ਹਿਆ-

''ਮੁੱਲਾਂ ਮੀਆਂ ਮਸ਼ਾਲਚੀ, ਤਿੰਨੋ ਇਕ ਸਮਾਨ।
ਲੋਕਾਂ ਨੂੰ ਦਸਣ ਚਾਣਨਾ, ਆਪ ਹਨੇਰੇ ਜਾਣ।"

ਬਖਸ਼ੀ ਜੀ ਨੇ ਨੇੜੇ ਪਹੁੰਚ ਕੇ ਆਪਣੀ ਸਫਾਈ ਦਿੰਦਿਆਂ ਕਿਹਾ, 'ਰਾਤ ਦੇਰ ਨਾਲ ਸੁੱਤੇ ਸਵੇਰੇ ਜਾਗ ਹੀ ਨਹੀਂ ਆਈ।' ਫਿਰ ਦੁਆ-ਸਲਾਮ ਕਰਨ ਪਿਛੋਂ ਇਕ ਦਮ ਬੋਲੇ :

"ਮਾਸਟਰ ਰਾਮ ਦਾਸ ਨਹੀਂ ਆਇਆ ?"

ਉੱਤਰ ਅਜ਼ੀਜ਼ ਨੇ ਦਿੱਤਾ :

"ਉਹ ਗਊ ਚੋ ਕੇ ਆਵੇਗਾ ਇਸ ਤੋਂ ਪਹਿਲਾਂ ਥੋੜ੍ਹਾ ਆਵੇਗਾ।" ਜਦ ਤਨਖਾਹ ਵਧਾਉਣੀ ਸੀ ਤੱਦ ਤਾਂ ਰਾਤ ਦੇ 11 ਵਜੇ ਵੀ ਬੁਲਾਓ ਤਾਂ ਆਜਾਂਦਾ ਸੀ। ਹੁਣ ਤਨਖਾਹ ਵਧ ਗਈ ਹੈ, ਉਸ ਨੂੰ ਕੀ ਲੋੜ ਪਈ ਹੈ ਕਿ ਵੇਲੇ ਸਿਰ ਆ ਜਾਵੇ।"

ਦੂਰ ਹਨੇਰੇ ਵਿਚ ਨਵੇਂ ਮੁਹੱਲੇ ਵਲੋਂ ਉਚੇ ਲੰਮੇ ਕੱਦ ਦਾ ਇਕ ਆਦਮੀ ਸਿਰ ਤੱਕ ਚਿੱਟੇ ਕੱਪੜੇ ਪਹਿਨੀ, ਢਲਾਨ ਚੜ੍ਹ ਕੇ ਸਾਹਮਣੇ ਵਲੋਂ ਆਉਂਦਾ ਨਜ਼ਰ ਆਇਆ।

''ਲਓ ਵੇਖੋ ਆ ਗਏ, ਜਿਨ੍ਹਾਂ ਦੇ ਪੱਲੇ ਸੱਚ ਹੈ। ਮਹਿਤਾ ਜੀ, ਤੁਸੀਂ ਤਾਂ ਸੱਚਮੁੱਚ ਲੀਡਰ ਲੱਗਦੇ ਹੋ।"

ਮਹਿਤਾ ਜੀ ਨੇ ਕੋਲ ਆ ਕੇ ਦੂਸਰੇ ਲੋਕਾਂ ਬਾਰੇ ਪੁੱਛ-ਗਿਛ ਕੀਤੀ ਕਿ ਅੱਜ ਪਹੁੰਚਿਆ ਹੈ ਜਾਂ ਨਹੀਂ, ਦੇਸ ਰਾਜ, ਸ਼ੰਕਰ, ਮਾਸਟਰ ਰਾਮ ਦਾਸ ਸਭ ਕਿੱਥੇ ਹਨ। ਫਿਰ ਬਖਸ਼ੀ ਨੂੰ ਸੰਬੰਧਨ ਕਰਕੇ ਬੋਲਿਆ :

"ਮੈਂ ਕਿਹਾ ਸੀ ਚਾਰ ਵਜੇ ਦਾ ਵਕਤ ਦੇਣਾ ਠੀਕ ਨਹੀਂ ਪ੍ਰਭਾਤਫੇਰੀ ਲਈ।"

"ਚਾਰ ਵਜੇ ਦਾ ਵਕਤ ਦਿਓਗੇ ਤਦੇ ਕਿਤੇ ਪੰਜ ਵਜੇ ਪ੍ਰਭਾਤ ਫੇਰੀ ਤੇ ਨਿਕਲ ਸਕੋਗੇ।" ਬਖਸ਼ੀ ਜੀ ਨੇ ਉਤਰ ਦਿੱਤਾ, "ਪੰਜ ਦਾ ਵਕਤ ਦਿੰਦੇ ਤਾਂ ਧੁੱਪ ਚੜ੍ਹ ਆਉਣ ਤੇ ਵੀ ਲੋਕ ਇਕੱਠੇ ਨਾ ਹੋ ਸਕਦੇ। ਆਪ ਦੇਰ ਨਾਲ ਆਉਂਦੇ ਹੋ ਅਤੇ ਸਾਨੂੰ ਕਹਿੰਦੇ ਹੋ, ਇਹ ਵਕਤ ਨਹੀਂ ਦੇਣਾ ਚਾਹੀਦਾ, ਉਹ ਵਕਤ ਨਹੀਂ ਦੇਣਾ ਚਾਹੀਦਾ।" ਕਹਿੰਦੇ ਹੋਏ ਬਖਸ਼ੀ ਜੀ ਨੇ ਚਾਦਰ ਹੇਠਾਂ ਵਾਸਕਟ ਦੀ ਜੇਬ ਵਿਚ ਹੱਥ ਪਾ ਕੇ ਸਿਗਰਟਾਂ ਦੀ ਡੱਬੀ ਕੱਢੀ। ਅਜ਼ੀਜ਼ ਨੇ ਫਿਰ ਛੇੜਿਆ :

''ਦੂਰੋਂ ਤੁਸੀਂ ਸੱਚਮੁੱਚ ਲੀਡਰ ਲੱਗਦੇ ਹੋ ਮਹਿਤਾ ਜੀ।" ਮਹਿਤਾ ਜੀ ਗੰਭੀਰ ਭਾਵ ਨਾਲ ਮੁਸਕਰਾਏ, ਫਿਰ ਹੌਲੀ ਜਿਹੀ ਅਜ਼ੀਜ਼ ਦੇ ਮੋਢੇ ਤੇ ਹੱਥ ਰੱਖ ਕੇ ਬੋਲੇ :

"ਉਸ ਦਿਨ ਮੋਟਰਾਂ ਦੇ ਅੱਡੇ ਤੇ ਖਲੋਤਾ ਸਾਂ ਤਾਂ ਇਕ ਆਦਮੀ ਦੂਸਰੇ ਨੂੰ ਪੁੱਛਣ ਲੱਗਾ ਕਿ ਉਹ ਜਵਾਹਰ ਲਾਲ ਨਹਿਰੂ ਖਲੋਤਾ ਹੈ।" ਅਤੇ ਮਹਿਤਾ ਜੀ ਨੇ ਦੋਹਾਂ ਹੱਥਾਂ ਨਾਲ ਆਪਣੀ ਗਾਂਧੀ ਟੋਪੀ ਦਾ ਘੇਰਾ ਥੋੜ੍ਹਾ ਜਿਹਾ ਟੇਢਾ ਕਰਦੇ ਹੋਏ ਕਿਹਾ, 'ਬਹੁਤ ਲੋਕਾਂ ਨੂੰ ਭੁਲੇਖਾ ਲੱਗ ਜਾਂਦਾ ਹੈ।"

''ਤੁਸੀਂ ਕਿਸੇ ਤੋਂ ਘੱਟ ਹੋ ਮਹਿਤਾ ਜੀ, ਵਾਹ, ਵਾਹ, ਤੁਹਾਡੀ ਆਪਣੀ ਸ਼ਖਸੀਅਤ ਹੈ।"

"ਮੈਂ ਕੱਦ ਵਿਚ ਉਨ੍ਹਾਂ ਤੋਂ ਥੋੜ੍ਹਾ ਜਿਹਾ ਲੰਮਾ ਹਾਂ" ਮਹਿਤਾ ਜੀ ਨੇ ਸੰਜੀਦਗੀ ਨਾਲ ਕਿਹਾ।

"ਨਹਾ ਕੇ ਆਏ ਹੋ ਮਹਿਤਾ ਜੀ ?" ਕਸ਼ਮੀਰੀ ਲਾਲ ਬੋਲਿਆ। ''ਵਾਹ, ਇਹ ਵੀ ਕੋਈ -ਪੁਛਣ ਵਾਲੀ ਗੱਲ ਹੈ। ਮੈਂ ਹਮੇਸ਼ਾਂ ਨਹਾ ਕੇ ਆਉਂਦਾ ਹਾਂ। ਗਰਮੀ ਸਰਦੀ ਮੇਰਾ ਇਹ ਨੇਮ ਹੈ। -ਪ੍ਰਭਾਤ ਫੇਰੀ ਤੇ ਤਾਂ ਨਹਾਉਣ ਤੋਂ ਬਿਨਾਂ ਆਉਣਾ ਹੀ ਨਹੀਂ ਚਾਹੀਦਾ, ਕਸ਼ਮੀਰੀ ਲਾਲ। ਤੂੰ ਆਪਣੀ ਸੁਣਾ, ਤੂੰ ਮੂੰਹ ਵੀ ਧੋਤਾ ਹੈ ਜਾਂ ਨਹੀਂ?"

ਤਦੇ ਦੂਰ ਢਲਾਣ ਵਲੋਂ ਫਿਰ ਅਵਾਜ਼ ਆਈ :

"ਲੈਫਟ... ਲੈਫਟ... ਰਾਈਟ... ਲੈਫਟ....ਲੈਫਟ।...

''ਲੈ ਜਰਨੈਲ ਵੀ ਪਹੁੰਚ ਗਿਆ ਹੈ।" ਬਖਸ਼ੀ ਜੀ ਨੇ ਕਿਹਾ ਅਤੇ ਸਭ ਹੱਸ ਪਏ।

ਲੈਂਪ ਦੀ ਰੌਸ਼ਨੀ ਸਭ ਤੋਂ ਪਹਿਲਾਂ ਉਸ ਦੀ ਟੁੱਟੀ ਹੋਈ ਜੁੱਤੀ ਤੇ ਪਈ। ਕੁਝ ਪਤਾ ਨਹੀਂ ਲਗਦਾ ਸੀ ਕਿ ਉਹ ਸਲੀਪਰ ਸੀ ਜਾਂ ਜੁੱਤੀ ਸੀ। ਜੁੱਤੀ ਤੋਂ ਲੱਗਭਗ ਛੇ ਇੰਚ ਉਪਰ ਖਾਕੀ ਪਤਲੂਨ ਸ਼ੁਰੂ ਹੁੰਦੀ ਸੀ ਅਤੇ ਉਸ ਦੇ ਉਪਰ ਖਾਕੀ ਕੋਟ ਜਿਸ ਉਤੇ ਨਹਿਰੂ ਤੇ ਗਾਂਧੀ ਦੇ ਜਿੰਨੇ ਤਗਮੇ ਜਰਨੈਲ ਨੂੰ ਮਿਲ ਸਕਦੇ ਸਨ ਉਸ ਨੇ ਲਗਾਏ ਹੋਏ ਸਨ। ਨਾਲ ਹੀ ਟਾਕੀਆਂ, ਡੋਰੇ, ਸੁਕੇ ਹੋਏ ਬੁੱਢੇ ਸਰੀਰ ਤੇ ਮੁਚੜਿਆ ਹੋਇਆ ਖਾਕੀ ਕੋਟ ਲਟਕ ਰਿਹਾ ਸੀ, ਉਪਰ ਖਸਖਸ ਦਾੜ੍ਹੀ ਨੁਚੀ ਖੁਚੀ ਅਤੇ ਸਭ ਤੋਂ ਉਪਰ ਮੂੰਗੀਆ ਰੰਗ ਦੀ ਪਗੜੀ।

ਜਰਨੈਲ ਹੀ ਇਕ ਅਜਿਹਾ ਆਦਮੀ ਸੀ ਜੋ ਅੰਦੋਲਨ ਹੋਵੇ ਜਾਂ ਨਾ ਹੋਵੇ ਜੇਲ੍ਹ ਜਾਂਦਾ ਸੀ, ਜਲਸੇ ਹੋਣ ਜਾਂ ਨਾ ਸ਼ਹਿਰ ਵਿਚ ਆਪੇ ਭਾਸ਼ਣ ਦਿੰਦਾ ਰਹਿੰਦਾ ਸੀ, ਹਰ ਆਏ ਦਿਨ ਵਿਚ ਕਿਤੇ ਨਾ ਕਿਤੇ ਉਸ ਨੂੰ ਮਾਰ ਪੈ ਜਾਂਦੀ ਸੀ ? ਕਛ ਵਿਚ ਛੋਟਾ ਜਿਹਾ ਬੈਂਤ ਦਬਾਈ ਉਹ ਸਦਾ ਕਦੀ ਇਕ ਮੁਹੱਲੇ ਵਿਚ, ਕਦੇ ਦੂਸਰੇ ਮੁਹੱਲੇ ਵਿਚ ਘੁੰਮਦਾ ਦਿਖਾਈ ਦਿੰਦਾ ਸੀ। ਮੁਨਾਦੀ ਕਰਨ ਲਈ ਟਾਂਗਾ ਨਿਕਲਦਾ ਤਾਂ ਟਾਂਗੇ ਵਿਚ ਬੈਠਣ ਵਾਲੇ ਤਿੰਨਾਂ ਆਦਮੀਆਂ ਵਿਚੋਂ ਇਕ ਆਦਮੀ ਜ਼ਰੂਰ ਜਰਨੈਲ ਹੋਇਆ

ਕਰਦਾ ਸੀ। ਜਲਸਾ ਸ਼ੁਰੂ ਹੋਣ ਤੇ ਸਭ ਤੋਂ ਪਹਿਲਾਂ ਜਰਨੈਲ ਦੀ ਤਕਰੀਰ ਜ਼ਰੂਰ ਹੁੰਦੀ ਸੀ ਜਿਸ ਵਿਚ ਉਸ ਦੀ ਖੋਖਲੀ ਫੁਸਫਸਾਉਂਦੀ ਅਵਾਜ਼ ਕੇਵਲ ਅੱਗੇ ਬੈਠੇ ਕੁਝ ਆਦਮੀਆਂ ਤੱਕ ਹੀ ਪਹੁੰਚ ਸਕਦੀ ਸੀ।

ਜਰਨੈਲ ਦੇ ਪਹੁੰਚਦੇ ਹੀ ਕਸ਼ਮੀਰੀ ਲਾਲ ਨੇ ਮਸ਼ਕਰੀ ਕੀਤੀ :

"ਜਰਨੈਲ, ਕਲ੍ਹ ਜਲਸੇ ਵਿਚੋਂ ਭੱਜ ਕਿਉਂ ਗਿਆ ਸੀ ?"

ਜਰਨੈਲ ਨੇ ਆਵਾਜ਼ ਪਛਾਣ ਕੇ ਆਪਣੀਆਂ ਛੋਟੀਆਂ ਛੋਟੀਆਂ ਅੱਖਾਂ ਨਾਲ ਕਸ਼ਮੀਰੀ ਲਾਲ ਨੂੰ ਘੁਰ ਕੇ ਵੇਖਿਆ ਅਤੇ ਕਛ 'ਚ ਬੌਂਤ ਦਬਾਈ ਬੋਲਿਆ :

"ਮੈਂ ਸਵੇਰੇ ਸਵੇਰੇ ਤੇਰੇ ਵਰਗੇ ਆਦਮੀ ਦੇ ਮੂੰਹ ਨਹੀਂ ਲੱਗਣਾ ਚਾਹੁੰਦਾ। ਦੂਰ ਰਹਿ ਤੂੰ।"

ਬਖਸ਼ੀ ਨੇ ਕਸ਼ਮੀਰੀ ਲਾਲ ਨੂੰ ਰੋਕਿਆ :

"ਇਹ ਕਿਹੜਾ ਵੇਲਾ ਹੈ ਛੇੜਖਾਨੀ ਕਰਨ ਦਾ ਬਸ ਚੁੱਪ ਰਹਿ ਤੂੰ।"

ਪਰ ਜਰਨੈਲ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਗਿਆ ਸੀ।

"ਮੈਂ ਤੇਰਾ ਭੇਤ ਖੋਲ੍ਹ ਦਿਆਂਗਾ। ਤੇਰਾ ਕੌਮਨਿਸਟਾਂ ਨਾਲ ਉਠਣਾ ਬੈਠਣਾ ਹੈ। ਮੈਂ ਜਾਣਦਾ ਹਾਂ। ਦੇਵ ਦੱਤ ਕੋਮਨਿਸਟ ਦੇ ਨਾਲ ਕਬੜੇ ਹਲਵਾਈ ਦੀ ਦੁਕਾਨ ਤੇ ਮੈਂ ਤੈਨੂੰ ਛਾਨਾ-ਮੁਰਗੀ ਖਾਂਦੇ ਵੇਖਿਆ ਹੈ।"

"ਬਸ ਬਸ ਠੀਕ ਹੈ ਜਰਨੈਲ, ਹੋਰ ਪੋਲ ਨਾ ਖੋਲ੍ਹੇ।" ਬਖਸ਼ੀ ਨੇ ਸਮਝਾਉਂਦੇ ਹੋਏ ਕਿਹਾ।"

ਇੰਨੇ ਵਿਚ ਚੌੜੇ ਪਾਉਂਚਿਆਂ ਵਾਲਾ ਪਜਾਮਾ ਫੜਫੜਾਉਂਦੇ ਹੋਏ ਸ਼ੰਕਰ ਲਾਲ ਪਹੁੰਚ ਗਿਆ।

ਹਨੇਰੇ ਵਿਚ ਪ੍ਰਭਾਤ ਦੀ ਪਿਲੱਤਣ ਮਿਲਣ ਲੱਗੀ ਸੀ। ਸੱਜੇ ਹੱਥ ਬੈਂਕ ਦੀ ਉਚੀ ਕੰਧ ਪ੍ਰਭਾਤ ਦਾ ਉਜਾਲਾ ਦਿਖਾਈ ਦੇਣ ਲੱਗਾ ਸੀ। ਸੜਕ ਦੇ ਪਾਰ ਆਰੀਆ ਸਕੂਲ ਦੀ ਇਮਾਰਤ ਵਿਚ ਹਲਵਾਈ ਦੀ ਅੰਗੀਠੀ ਵਿਚੋਂ ਧੂੰਆਂ ਉਠਣ ਲੱਗਾ ਸੀ।

ਨਾਲ ਵਾਲੀ ਗਲੀ ਵਿਚੋਂ ਸਵੇਰੇ ਸੈਰ ਕਰਨ ਦੇ ਸ਼ੌਕੀਨ ਮੂੰਹ ਸਾਫ਼ ਕਰਦੇ, ਸੋਟੀਆਂ ਠਕੋਰਦੇ ਕਿਸੇ ਕਿਸੇ ਵੇਲੇ ਨਿਕਲਣ ਲੱਗੇ ਸਨ। ਕਿਤੇ ਕਿਤੇ ਕੋਈ ਤੀਵੀਂ ਮੂੰਹ ਸਿਰ ਲਪੇਟੇ ਗੁਰਦਵਾਰੇ ਵੱਲ ਜਾਂਦੀ ਨਜ਼ਰ ਆਉਂਦੀ।

ਬਖਸ਼ੀ ਜੀ ਨੇ ਹੱਥ ਵਿਚ ਫੜੀ ਲਾਲਟੈਨ ਨੂੰ ਉਪਰ ਉਠਾਇਆ ਅਤੇ ਫੂਕ ਮਾਰ ਕੇ ਬੱਤੀ ਬੁਝਾ ਦਿੱਤੀ।

"ਕਿਉਂ ਅਸੀਂ ਪਹੁੰਚੇ ਹਾਂ ਬਖਸ਼ੀ ਜੀ ਤਾਂ ਤੁਸੀਂ ਬੱਤੀ ਹੀ ਗੁਲ ਕਰ ਦਿੱਤੀ।" ਸੰਕਰ ਮੁਨਾਦੀ ਵਾਲੇ ਨੇ ਕਿਹਾ।

"ਕਿਉਂ, ਤੂੰ ਮੇਰੀ ਸ਼ਕਲ ਵੇਖਣੀ ਹੈ ਜਾਂ ਮਹਿਤਾ ਜੀ ਦੀ ਵੇਖਣੀ ਹੈ" ਬਖਸ਼ੀ ਜੀ ਬੋਲੇ ''ਤੇਲ ਜ਼ਾਇਆ ਹੁੰਦਾ ਹੈ। ਇਹ ਕਾਂਗਰਸ ਕਮੇਟੀ ਦੀ ਲਾਲਟੈਨ ਨਹੀਂ। ਮੇਰੀ ਲਾਲਟੈਨ ਹੈ। ਕਾਂਗਰਸ ਕਮੇਟੀ ਤੋਂ ਤੇਲ ਦੀ ਮਨਜੂਰੀ ਲੈ ਦੇ ਮੈਂ ਇਸ ਨੂੰ ਦਿਨ ਰਾਤ ਜਗਾਈ ਰਖਾਂਗਾ।"

ਇਸ ਤੇ ਦੱਬੀ ਆਵਾਜ਼ ਵਿਚ ਕਸ਼ਮੀਰੀ ਲਾਲ ਦੀ ਪਿੱਠ ਪਿਛੇ ਖੜਾ ਹੋਇਆ ਸ਼ੰਕਰ ਨਾਲ ਬੋਲਿਆ, "ਸਿਗਰਟਾਂ ਲਈ ਤੁਹਾਨੂੰ ਮਨਜੂਰੀ ਦੀ ਲੋੜ ਨਹੀਂ ਤਾਂ ਮਿੱਟੀ ਦੇ ਤੇਲ ਲਈ ਕਿਉਂ ਹੋਵੇਗੀ।"

ਵਾਕ ਬਖਸ਼ੀ ਜੀ ਨੇ ਸੁਣ ਲਿਆ, ਪਰ ਜ਼ਹਿਰ ਦਾ ਘੁੱਟ ਪੀ ਕੇ ਚੁੱਪ ਰਹੇ। ਅਜਿਹੇ ਲੋਫ਼ਰਾਂ ਨੂੰ ਮੂੰਹ ਲਾਉਣਾ ਆਪਣੀ ਬੇਇੱਜ਼ਤੀ ਕਰਵਾਉਣਾ ਸੀ।

''ਤੁਸੀਂ ਤਾਂ ਮਾਲਕ ਹੋ ਬਖਸ਼ੀ ਜੀ, ਤੁਹਾਨੂੰ ਮਨਜ਼ੂਰੀ ਦੀ ਕੀ ਲੋੜ ਹੈ। ਤੁਹਾਡੇ ਹੁਕ ਬਿਨਾ ਤਾਂ ਚਿੜੀ ਨਹੀਂ ਫੜਕ ਸਕਦੀ।" ਸ਼ੰਕਰ ਬੋਲਿਆ, ਫਿਰ ਮਹਿਤਾ ਜੀ ਨੂੰ ਸੰਬੋਧਨ ਕਰਕੇ ਬੋਲਿਆ।

''ਜੈ ਹਿੰਦ, ਮਹਿਤਾ ਜੀ।"

"ਜੈ ਹਿੰਦ।"

"ਮੈਂ ਤੁਹਾਨੂੰ ਵੇਖਿਆ ਹੀ ਨਹੀਂ"

''ਤੂੰ ਸਾਨੂੰ ਕਿਥੇ ਵੇਖਦਾ ਹੈਂ ਸ਼ੰਕਰ, ਤੇਰੇ ਪੌਂ ਬਾਰਾਂ ਹਨ।

"ਅੱਜ ਤੁਸੀਂ ਆਪਣਾ ਬੈਗ ਨਹੀਂ ਲਿਆਏ।"

''ਬੈਗ ਦੀ ਪ੍ਰਭਾਤ ਫੇਰੀ ਵਿਚ ਕੀ ਲੋੜ ਹੈ ?"

"ਵਾਹ ਜੀ, ਬੈਗ ਦੀ ਤਾਂ ਹਰ ਥਾਂ ਲੋੜ ਪੈ ਸਕਦੀ ਹੈ। ਬੀਮੇ ਦਾ ਗਾਹਕ ਕਿਤੇ ਵੀ ਫਸ ਸਕਦਾ ਹੈ।"

ਮਹਿਤਾ ਜੀ ਚੁੱਪ ਰਹੇ। ਕਾਂਗਰਸ ਦੇ ਕੰਮ ਦੇ ਨਾਲ ਨਾਲ ਉਹ ਬੀਮੇ ਦਾ ਕੰਮ ਕਰਦੇ ਸਨ।

"ਕਦੇ ਜ਼ਬਾਨ ਵੀ ਬੰਦ ਕਰਿਆ ਕਰ ਸ਼ੰਕਰ। ਮਹਿਤਾ ਜੀ ਤੇਰੇ ਨਾਲੋਂ ਤਿਗਣੀ ਉਮਰ ਹਨ। ਵੱਡਿਆਂ ਦੀ ਇੱਜ਼ਤ ਕਰਨੀ ਚਾਹੀਦੀ ਹੈ।" ਬਖਸ਼ੀ ਜੀ ਨੇ ਕਿਹਾ।

"ਮੈਂ ਕੀ ਕਿਹਾ ਹੈ। ਮੈਂ ਇਹੋ ਪੁਛਿਆ ਹੈ ਨਾ ਕਿ ਬੈਗ ਨਹੀਂ ਲਿਆਏ। ਮੈਂ ਇਹ ਨਹੀਂ ਪੁਛਿਆ ਕਿ ਸੇਠੀ ਤੋਂ ਪੰਜਾਹ ਹਜ਼ਾਰ ਦਾ ਬੀਮਾ ਮਿਲਿਆ ਹੈ ਕਿ ਨਹੀਂ ਮਿਲਿਆ।"

ਸ਼ੰਕਰ ਨੇ ਤੀਰ ਛੱਡ ਦਿੱਤਾ। ਆਮ ਤੌਰ ਤੇ ਸ਼ੰਕਰ ਇਸ ਢੰਗ ਨਾਲ ਲਗਾ ਕੇ ਗੱਲ ਨਹੀਂ ਕਰਦਾ ਸੀ। ਮੂੰਹ ਫੱਟ ਆਦਮੀ ਸੀ, ਜਲੀ ਕਟੀ ਮੂੰਹ ਤੋਂ ਸੁਣਾਉਂਦਾ ਸੀ। ਪਰ ਪੰਜਾਹ ਹਜ਼ਾਰ ਦੇ ਬੀਮੇ ਵਾਲੀ ਚੋਟ ਬਹੁਤ ਬੁਰੀ ਸੀ। ਮਹਿਤਾ ਜੀ ਅਜਿਹੇ ਸਹਿਮੇ ਕਿ ਇਕ ਸ਼ਬਦ ਮੂੰਹੋਂ ਨਹੀਂ ਬੋਲ ਸਕੇ। ਮਹਿਤਾ ਜੀ ਛੋਟੀ ਹਸਤੀ ਨਹੀਂ ਸਨ। ਕੁਲ ਮਿਲਾਕੇ ਸੋਲਾਂ ਸਾਲ ਜੇਲ੍ਹ ਵਿਚ ਕੱਟ ਕੇ ਆਏ ਸਨ ਅਤੇ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸਨ। ਅਤੇ ਸਭ ਤੋਂ ਸਾਫ਼ ਖਾਦੀ ਪਹਿਨਦੇ ਸਨ। ਉਨ੍ਹਾਂ ਤੇ ਇਹ ਆਰੋਪ ਲਗਾਉਣਾ ਵੱਡੀ ਹਿਮਾਕਤ ਸੀ, ਪਰ ਕੁਝ ਦੇਰ ਤੋਂ ਅਫਵਾ ਸੀ ਕਿ ਸੇਠੀ ਠੇਕੇ ਵਾਲੇ ਦਾ ਪੰਜਾਹ ਹਜ਼ਾਰ ਦਾ ਬੀਮਾ ਉਨ੍ਹਾਂ ਨੂੰ ਮਿਲਣ ਵਾਲਾ ਹੈ ਅਤੇ

ਇਸਦੇ ਬਦਲੇ ਵਿਚ ਮਹਿਤਾ ਜੀ ਸੇਠੀ ਨੂੰ ਚੋਣਾਂ ਵਿਚ ਕਾਂਗਰਸ ਦਾ ਟਿਕਟ ਦਿਵਾਉਣ ਵਾਲੇ ਹਨ।

"ਇਹ ਤਾਂ ਭੌਂਕਾ ਹੈ ਮਹਿਤਾ ਜੀ, ਇਸ ਦੀ ਗੱਲ ਨੂੰ ਬਸ ਸੁਣ ਛੱਡਿਆ ਕਰੋ।"

"ਮੈਂ ਇਹ ਤਾਂ ਨਹੀਂ ਕਿਹਾ ਕਿ ਮਹਿਤਾ ਜੀ ਨੇ ਟਿਕਟ ਦਾ ਵਾਇਦਾ ਕੀਤਾ ਹੈ। ਟਿਕਟ ਦੇਣ ਦਾ ਅਖਤਿਆਰ ਤਾਂ ਪ੍ਰਾਂਤੀ ਕਮੇਟੀ ਨੂੰ ਹੈ। ਅਤੇ ਸਿਫਾਰਸ਼ ਜ਼ਿਲਾ ਕਮੇਟੀ ਕਰੇਗੀ। ਅੰਦਰ ਖਾਤੇ ਪ੍ਰਧਾਨ ਤੇ ਸਕੱਤਰ ਫੈਸਲਾ ਕਰ ਲੈਣ ਤਾਂ ਹੋਰ ਗੱਲ ਹੈ। ਪਰ ਇਹ ਕੰਮ ਅਸੀਂ ਨਹੀਂ ਕਰਨ ਦਿਆਂਗੇ। ਦੋਵੇਂ ਪ੍ਰਧਾਨ ਅਤੇ ਸਕੱਤਰ ਖੜੇ ਸੁਣ ਰਹੇ ਹੈ। ਵੱਡੇ ਵੱਡੇ ਠੇਕੇਦਾਰਾਂ ਨੂੰ ਟਿਕਟ ਮਿਲਣ ਲੱਗਾ ਤਾਂ ਬਸ ਕਾਂਗਰਸ ਖਤਮ ਹੋਈ ਸਮਝੋ।"

ਮਹਿਤਾ ਜੀ ਉਥੋਂ ਹੱਟ ਕੇ ਕਸ਼ਮੀਰੀ ਨਾਲ ਗੱਲਾਂ ਕਰਨ ਲੱਗੇ। ਬਖਸ਼ੀ ਜੀ ਨੇ ਇਕ ਹੋਰ ਸਿਗਰਟ ਸੁਲੱਗਾ ਲਈ।

ਸ਼ੰਕਰ ਦੀ ਅਤੇ ਮਹਿਤਾ ਜੀ ਦੀ ਅਸਲ ਵਿਚ ਬਣਦੀ ਨਹੀਂ ਸੀ। ਇਹ ਉਸ ਦਿਨ ਤੋਂ ਨਹੀਂ ਬਣਦੀ ਸੀ ਜਦੋਂ ਲਾਹੌਰ ਵਿਚ ਹੋਣ ਵਾਲੇ ਇਕ ਸੰਮੇਲਨ ਵਿਚ-ਜਿਸ ਵਿਚ ਨਹਿਰੂ ਜੀ ਹਿੱਸਾ ਲੈਣ ਵਾਲੇ ਸਨ—ਜ਼ਿਲ੍ਹਾ ਕਮੇਟੀ ਵਲੋਂ ਕੁਝ ਪ੍ਰਤੀਨਿਧੀ ਭੇਜੇ ਗਏ ਸਨ ਅਤੇ ਮਹਿਤਾ ਜੀ ਨੇ ਸ਼ੰਕਰ ਦਾ ਨਾਮ ਉਸ ਲਿਸਟ ਵਿਚ ਨਹੀਂ ਰੱਖਿਆ ਸੀ। ਸ਼ੰਕਰ ਫਿਰ ਵੀ ਲਾਹੌਰ ਪਹੁੰਚ ਗਿਆ ਸੀ ਅਤੇ ਸੰਮੇਲਨ ਵਿਚ ਭਾਗ ਲੈਂਦਾ ਰਿਹਾ ਸੀ। ਇੰਨਾ ਹੀ ਨਹੀਂ, ਸੰਮੇਲਨ ਦੇ ਦੌਰਾਨ ਵਿਸ਼ਾਲ ਪੈਮਾਨੇ ਤੇ ਇਕ ਸਹਿਭੋਜ ਦਾ ਆਯੋਜਨ ਕੀਤਾ ਗਿਆ ਸੀ ਜਿਸ ਵਿਚ ਨਹਿਰੂ ਜੀ ਵੀ ਸ਼ਾਮਿਲ ਹੋਏ ਸਨ। ਸਭ ਪ੍ਰਤੀਨਿਧੀਆਂ ਤੋਂ ਇਸ ਸਹਿਭੋਜ ਲਈ ਅੱਠ-ਅੱਠ ਆਨੇ ਲਏ ਗਏ ਸਨ। ਆਪਣੇ ਪ੍ਰਤੀਨਿਧੀਆਂ ਦਾ ਚੰਦਾ ਮਹਿਤਾ ਜੀ ਨੇ ਕਾਂਗਰਸ ਫੰਡ ਵਿਚੋਂ ਦਿੱਤਾ ਸੀ। ਉਥੇ ਵੀ ਸ਼ੰਕਰ ਦਾ ਚੰਦਾ ਉਨ੍ਹਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ੰਕਰ ਬਹੁਤ ਨਾਰਾਜ਼

ਹੋਇਆ ਸੀ ਅਤੇ ਬਾਵਜੂਦ ਮਹਿਤਾ ਜੀ ਦੇ ਵਿਰੋਧ ਦੇ ਸਹਿਭੋਜ ਵਿਚ ਸ਼ਾਮਿਲ ਹੋਇਆ ਸੀ ਅਤੇ ਮਹਿਤਾ ਜੀ ਦੇ ਐਨ ਸਾਹਮਣੇ ਪੰਗਤ ਵਿਚ ਬੈਠਾ ਸੀ ਅਤੇ ਭੁੱਖੇ ਭੇੜੀਏ ਵਾਂਗ ਖਾਣੇ ਤੇ ਟੁੱਟ ਪਿਆ ਸੀ। ਹੱਥ ਵੀ ਲਿਬੜੇ ਹੋਏ ਤੇ ਹੋਠ ਵੀ ਅਤੇ ਦਾਲ ਸਬਜ਼ੀ ਵਾਲਿਆਂ ਨੂੰ ਚਿੱਲਾ ਚਿੱਲਾ ਕੇ ਬੁਲਾ ਰਿਹਾ ਸੀ। ਮਹਿਤਾ ਜੀ ਤੋਂ ਨਾ ਰਿਹਾ ਗਿਆ :

"ਖਾਣ ਬੈਠਾ ਹੈਂ ਤਾਂ ਸ਼ੰਕਰ ਬੰਦਿਆਂ ਵਾਂਗ ਖਾਹ ! ਸਾਡੀ ਜ਼ਿਲਾ ਕਾਂਗਰਸ ਦੀ ਬੇਇੱਜ਼ਤੀ ਕਰਵਾ ਰਿਹਾ ਹੈਂ।”

"ਇਸ ਵੇਲੇ ਚੁੱਪ ਰਹੋ ਮਹਿਤਾ ਜੀ, ਇਹ ਕਾਂਗਰਸ ਦੇ ਪੈਸਿਆਂ ਦਾ ਨਹੀਂ ਖਾ ਰਿਹਾ ਹਾਂ, ਆਪਣੇ ਪੈਸਿਆਂ ਨਾਲ ਖਾ ਰਿਹਾ ਹਾਂ। ਆਪਣਾ ਮਾਲ ਖਰਚਿਆ ਹੈ। ਘਰ ਵਾਪਿਸ ਪਰਤ ਕੇ ਤੁਹਾਡੇ ਨਾਲ ਗੱਲਾਂ ਹੋਣਗੀਆਂ। ਮੈਂ ਤੁਹਾਡੇ ਵਰਗੇ ਬਹੁਤ ਵੇਖੇ ਹਨ।"

“ਕੀ ਵੇਖੇ ਨੇ ਉਏ, ਤੂੰ ਹਰ ਵੇਲੇ ਬਕਦਾ ਰਹਿੰਦਾ ਹੈਂ। ਤੂੰ ਘਰ ਜਾ ਕੇ ਮੇਰਾ ਕੀ ਵਿਗਾੜ ਲਵੇਂਗਾ।"

ਲਹੌਰੋਂ ਪਰਤਣ ਤੇ ਸੰਕਰ ਸਚਮੁੱਚ ਮਹਿਤਾ ਜੀ ਨੂੰ ਬੁਰੀ ਤਰ੍ਹਾਂ ਪਿਆ। ਪ੍ਰਦੇਸ਼ ਕਾਂਗਰਸ ਦੀਆਂ ਚੋਣਾਂ ਹੋਣ ਵਾਲੀਆਂ ਸਨ ਅਤੇ ਹਰੇਕ ਜ਼ਿਲਾ ਕਮੇਟੀ ਤੋਂ ਚਾਰ ਮੈਂਬਰ ਭੇਜਣ ਦੀ ਯੋਜਨਾ ਸੀ। ਮਹਿਤਾ ਜੀ ਨੇ ਹੋਰ ਤਿੰਨਾਂ ਮੈਂਬਰਾਂ ਦੇ ਨਾਲ ਚੌਥਾ ਨਾਮ ਕੋਹਲੀ ਦਾ ਤਜਵੀਜ਼ ਕਰ ਦਿੱਤਾ। ਕੋਹਲੀ ਜਰੂਰ ਜ਼ਿਲਾ ਕਮੇਟੀ ਵਲੋਂ ਚੁਣ ਲਿਆ ਜਾਂਦਾ ਜੇ ਸੰਕਰ ਬੇਹੂਦਗੀ ਨਾ ਕਰਦਾ। ਸਕਰੂਟਨੀ ਕਮੇਟੀ ਦੀ ਮੀਟਿੰਗ ਚਲ ਰਹੀ ਸੀ ਜਦ ਸ਼ੰਕਰ ਉਠ ਖੜਾ ਹੋਇਆ।

"ਮੁਆਫ਼ ਕਰਨਾ ! ਮੈਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ।”

ਮਹਿਤਾ ਜੀ ਨੂੰ ਖੁੜਕ ਗਈ।

"ਇਹ ਸਕਰੂਟਨੀ ਕਮੇਟੀ ਦੀ ਮੀਟਿੰਗ ਹੋ ਰਹੀ ਹੈ। ਜੋ ਸਵਾਲ ਪੁੱਛਣਾ ਹੋਵੇ ਬਾਅਦ ਵਿਚ ਮੈਨੂੰ ਪੁੱਛ ਲਈ।"

"ਮੈਂ ਤੁਹਾਨੂੰ ਨਹੀਂ ਸਕਰੂਟਨੀ ਕਮੇਟੀ ਤੋਂ ਪੁੱਛਣਾ ਚਾਹੁੰਦਾ ਹਾਂ।"

ਫਿਰ ਉਹ ਬੜੇ ਨਾਟਕੀ ਅੰਦਾਜ਼ ਵਿਚ ਇਸ ਇੰਤਜ਼ਾਰ ਵਿਚ ਖੜਾ ਰਿਹਾ ਕਿ ਸਕਰੂਟਨੀ ਕਮੇਟੀ ਦੇ ਪ੍ਰਧਾਨ ਉਸਨੂੰ ਕਹਿਣ ਤਦ ਉਹ ਬੋਲੇ।

"ਬੋਲੋ ਕੀ ਗੱਲ ਹੈ ?" ਪ੍ਰਧਾਨ ਨੇ ਕਿਹਾ।

"ਮੈਂ ਪੁੱਛ ਸਕਦਾ ਹਾਂ ਕਿ ਕਾਂਗਰਸ ਦੀ ਮੈਂਬਰੀ ਦੇ ਨਿਯਮ ਕੀ ਹਨ ?"

"ਤੂੰ ਮਤਲਬ ਦੀ ਗੱਲ ਕਰ, ਉਲਟੀਆਂ ਸਿੱਧੀਆਂ ਗੱਲਾਂ ਕਰਨ ਦਾ ਇਹ ਵੇਲਾ ਨਹੀਂ ਹੈ।"

"ਮਹਿਤਾ ਜੀ ਮੈਂ ਤੁਹਾਡੇ ਨਾਲ ਗੱਲ ਨਹੀਂ ਕਰ ਰਿਹਾ। ਤੁਸੀਂ ਚੁੱਪ ਰਹੋ।"

"ਬੋਲਣ ਦਿਓ, ਬੋਲਣ ਦਿਓ, ਬੋਲ ਭਈ ਸ਼ੰਕਰ, ਕੀ ਕਹਿੰਦਾ ਹੈਂ। ਕਾਂਗਰਸ ਦੀ ਮੈਂਬਰੀ ਦੇ ਕੀ ਨਿਯਮ ਹਨ।

''ਕਿ ਮੈਂਬਰ ਚਾਰ ਆਨੇ ਸਾਲਾਨਾ ਚੰਦਾ ਦਿੰਦਾ ਹੋਵੇ, ਸ਼ੁੱਧ ਹੱਥ ਦੀ ਕੱਤੀ, ਹੱਥ ਦੀ ਉਣੀ ਹੋਈ ਖਾਦੀ ਪਹਿਨਦਾ ਹੋਵੇ, ਚਰਖਾ ਕਤਦਾ ਹੋਵੇ, ਕਿਉਂ ਠੀਕ ਹੈ ਕਿ ਨਹੀਂ ?"

"ਠੀਕ ਹੈ।"

"ਮੈਂ ਕੋਹਲੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਕ ਮਿੰਟ ਲਈ ਖੜੇ ਹੋ ਜਾਣ।" ਸਭ ਚੁੱਪ ਰਹੇ।

"ਗੁਸਤਾਖੀ ਮਾਫ਼, ਸਕਰੂਟਨੀ ਕਮੇਟੀ ਦੇ ਸਾਹਮਣੇ ਹਰ ਮੈਂਬਰ ਨੂੰ ਸਵਾਲ ਪੁੱਛਣ ਦਾ ਹੱਕ ਹਾਸਿਲ ਹੈ।"

ਮਹਿਤਾ ਜੀ ਗੁੱਸੇ ਵਿਚ ਬੁੜਬੁੜਾਏ।

“ਮਹਿਤਾ ਸਾਹਿਬ ਤੁਸੀਂ ਇਥੇ ਪ੍ਰਧਾਨ ਨਹੀਂ ਹੋ। ਇਥੇ ਤੁਹਾਨੂੰ ਆਪਣੀ ਚੂੜਪੰਚੀ ਚਲਾਉਣ ਦੀ ਕੋਈ ਲੋੜ ਨਹੀਂ ਹੈ। ਹਾਂ ਜੀ, ਤਾਂ ਕੋਹਲੀ ਸਾਹਿਬ, ਇਕ ਮਿੰਟ ਲਈ ਖੜੇ ਹੋ ਜਾਵੋ।”

ਕੋਹਲੀ ਖੜਾ ਹੋ ਗਿਆ।

"ਤੁਸੀਂ ਖਾਦੀ ਪਹਿਨਦੇ ਹੋ ਨਾ ?”

"ਇਹ ਕੀ ਨਾਟਕ ਕਰ ਰਹੇ ਹੋ ਤੁਸੀਂ ? ਸਿੱਧੀ ਗੱਲ ਕਰੋ, ਤੁਸੀਂ ਪੁਛਣਾ ਕੀ ਚਾਹੁੰਦੇ ਹੋ ?"

"ਆਪਣਾ ਨਾਲਾ ਵਿਖਾਓ।"

"ਕਿਉਂ ? ਤੁਹਾਡਾ ਮਤਲਬ ?”

"ਇਹ ਮੈਂਬਰ ਦੀ ਬੇਇੱਜ਼ਤੀ ਹੈ। ਇਹ ਕੀ ਮਜ਼ਾਕ ਚਲ ਰਿਹਾ ਹੈ ?”

''ਮੈਂ ਮਜ਼ਾਕ ਨਹੀਂ ਕਰ ਰਿਹਾ ਹਾਂ, ਮਹਿਤਾ ਸਾਹਿਬ, ਤੁਸੀਂ ਚੁਪ ਰਹੋ। ਬਿਨਾਂ ਪ੍ਰਧਾਨ ਜੀ ਦੀ ਆਗਿਆ ਦੇ ਤੁਹਾਨੂੰ ਬੋਲਣ ਦਾ ਕੋਈ ਹੱਕ ਨਹੀਂ ਹੈ। ਹਾਂ ਕੋਹਲੀ ਸਾਹਿਬ, ਮੈਂ ਕੀ ਕਿਹਾ, ਆਪਣਾ ਨਾਲਾ ਵਿਖਾਓ।”

"ਜੇ ਨਾ ਵਿਖਾਵਾਂ ਤਾਂ ?’"

"ਤੁਹਾਨੂੰ ਵਿਖਾਉਣਾ ਪਵੇਗਾ। ਮੈਂ ਜੋ ਗੱਲ ਸਾਬਤ ਕਰਨਾ ਚਾਹੁੰਦਾ ਹਾਂ ਉਸ ਲਈ ਨਾਲਾ ਵਿਖਾਉਣਾ ਜ਼ਰੂਰੀ ਹੈ।"

"ਵਿਖਾ ਦੇ ਯਾਰ, ਇਹ ਭੌਂਕਾ ਕੰਮ ਨਹੀਂ ਕਰਨ ਦੇਵੇਗਾ। ਕਿਹੋ ਜਿਹੇ ਲੋਫ਼ਰ ਕਾਂਗਰਸ ਵਿਚ ਘੁਸ ਆਏ ਹਨ।"

"ਕੀ ਕਿਹਾ ਮਹਿਤਾ ਜੀ ਮੈਂ ਲੋਫ਼ਰ ਹਾਂ ਤੁਸੀਂ ਸ਼ੋਦੇ ਹੋ ? ਮੇਰੇ ਕੋਲੋਂ ਕੁਝ ਨਾ ਬੁਲਵਾਓ ਮੈਂ ਸਿਆਹ-ਸਫੇਦ ਸਭ ਜਾਣਦਾ ਹਾਂ। ਹਾਂ ਤਾਂ ਕੋਹਲੀ ਸਾਹਿਬ।”

"ਤੂੰ ਕੀ ਚਾਹੁੰਦਾ ਹੈ, ਮੈਂ ਸਭ ਦੇ ਸਾਹਮਣੇ ਨਾਲਾ ਖੋਲ੍ਹਾਂ ?”

''ਮੈਂ ਖੋਲ੍ਹਣ ਲਈ ਨਹੀਂ ਕਹਿ ਰਿਹਾ ਹਾਂ, ਮੈਂ ਸਿਰਫ਼ ਦਿਖਾਉਣ ਲਈ ਕਹਿ ਰਿਹਾ ਹਾਂ।"

"ਵਿਖਾ ਦੇ ਯਾਰ। ਖਤਮ ਕਰੋ।"

ਕੋਹਲੀ ਨੇ ਅਚਕਨ ਦਾ ਪੱਲਾ ਚੁੱਕਿਆ। ਹੇਠੋਂ ਖਾਦੀ ਦੇ ਕੁੜਤੇ ਦਾ ਅਗਲਾ ਹਿੱਸਾ ਨੂੰ ਉਠਾਇਆ। ਹੇਠਾਂ ਪੀਲੇ ਰੰਗ ਦਾ ਨਾਲਾ ਲਟਕ ਰਿਹਾ ਸੀ। ਸ਼ੰਕਰ ਨੇ ਫਟਾ ਫਟ ਅੱਗੇ ਹੋ ਕੇ ਨਾਲੇ ਨੂੰ ਫੜ ਲਿਆ।

"ਵੇਖ ਲਓ ਸ਼੍ਰੀਮਾਨ ਜੀ, ਨਾਲਾ ਰੇਸ਼ਮੀ ਹੈ। ਹੱਥ ਦੇ ਕੱਤੇ ਸੂਤ ਦਾ ਨਹੀਂ ਹੈ। ਹੈ, ਅਕੜੇ ਦਾ ਹੈ। ਤੁਸੀਂ ਆਪ ਛੂਹ ਕੇ ਵੇਖ ਸਕਦੇ ਹੋ।

"ਤਾਂ ਫਿਰ ? ਫਿਰ ਕੀ ਹੋਇਆ ?"

ਕਾਂਗਰਸ ਦਾ ਮੈਂਬਰ ਰੇਸ਼ਮੀ ਨਾਲਾ ਪਹਿਨੇ ? ਅਤੇ ਤੁਸੀਂ ਉਸਨੂੰ ਪ੍ਰਦੇਸ਼ਕ ਕਾਂਗਰਸ ਉਮੀਦਵਾਰ ਬਣਾ ਕੇ ਭੇਜੋਗੇ ? ਕਾਂਗਰਸ ਦੇ ਕੋਈ ਅਸੂਲ ਹਨ ਜਾਂ ਨਹੀਂ?"

ਸਕਰੂਟਨੀ ਕਮੇਟੀ ਦੇ ਮੈਂਬਰ ਇਕ ਦੂਜੇ ਦਾ ਮੂੰਹ ਵੇਖਣ ਲੱਗੇ। ਮਜ਼ਬੂਰ ਹੋ ਕੇ ਕੋਹਲੀ ਦਾ ਨਾਮ ਕੱਟਣਾ ਪਿਆ। ਉਸ ਦਿਨ ਤੋਂ ਸ਼ੰਕਰ ਮਹਿਤਾ ਜੀ ਨੂੰ ਬਹੁਤ ਬੁਰਾ ਲੱਗਦਾ ਸੀ।

ਬਖਸ਼ੀ ਜੀ ਪਰੇਸ਼ਾਨ ਹੋ ਰਹੇ ਸਨ। ਨਾ ਮਾਸਟਰ ਰਾਮ ਦਾਸ ਪਹੁੰਚਿਆ ਨਾ ਦੇਸ ਰਾਜ। ਗਾਵੇਗਾ ਕੌਣ ਪ੍ਰਭਾਤ ਫੇਰੀ ਲਈ ਘਟੋ ਘੱਟ ਇਕ ਤਾਂ ਗਾਉਣ ਵਾਲਾ ਚਾਹੀਦਾ ਹੈ। ਕੁਝ ਨਾ ਹੋਇਆ ਤਾਂ ਉਹ ਆਪ ਗਾ ਲੈਣਗੇ, ਪਰ ਜੋ ਲੋਕ ਜ਼ਿਲਾ ਕਮੇਟੀ ਤੋਂ ਤਨਖਾਹ ਲੈਂਦੇ ਹਨ ਉਨ੍ਹਾਂ ਨੂੰ ਤਾਂ ਪਹੁੰਚਣਾ ਹੀ ਚਾਹੀਦਾ ਹੈ।

''ਵੇਖ ਲੈਣਾ ਮਹਿਤਾ ਜੀ, ਅਸੀਂ ਪ੍ਰਭਾਤ ਫੇਰੀ ਸ਼ੁਰੂ ਕਰ ਦੇਵਾਂਗੇ। ਤਿੰਨ ਗਲੀਆਂ ਲੰਘ ਜਾਵਾਂਗੇ ਤਾਂ ਮਾਸਟਰ ਰਾਮ ਦਾਸ ਭੱਜਿਆ ਆਵੇਗਾ, ਕਹੇਗਾ ਵੱਛਾ ਦੁੱਧ ਪੀ ਗਿਆ ਸੀ, ਮੈਂ ਕੀ ਕਰਦਾ। ਇਸ ਤਰ੍ਹਾਂ ਇਹ ਲੋਕ ਕੰਮ ਕਰਦੇ ਹਨ।" ਫਿਰ

ਹੋਰ ਮੈਂਬਰਾਂ ਨੂੰ ਸੰਬੋਧਨ ਕਰਕੇ ਬੋਲੇ, "ਕਸ਼ਮੀਰੀ ਲਾਲ, ਹੁਣ ਹੋਰ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਸ਼ੁਰੂ ਕਰੋ ਤੁਸੀਂ।"

ਪਰ ਕਸ਼ਮੀਰੀ ਲਾਲ ਨੂੰ ਲੋਕਾਂ ਦੀਆਂ ਲਤਾਂ ਖਿਚਣ ਵਿਚ ਮਜ਼ਾ ਆਉਂਦਾ ਸੀ। ਝੱਟ ਜਰਨੈਲ ਨੂੰ ਕਹਿਣ ਲੱਗਾ :-

"ਭਾਸ਼ਨ ਦੇ ਜਰਨੈਲ, ਭਾਸ਼ਨ ਦੇ। ਪ੍ਰਭਾਤ ਫੇਰੀ ਸ਼ੁਰੂ ਹੋਣ ਤੋਂ ਪਹਿਲਾਂ ਭਾਸ਼ਨ ਹੋਣਾ ਚਾਹੀਦਾ ਹੈ।"

ਜਰਨੈਲ ਨੂੰ ਹੋਰ ਕੀ ਚਾਹੀਦਾ ਸੀ। ਫੋਰਨ ਛੜੀ ਘੁਮਾਉਂਦਾ, ਲੈਫਟ ਰਾਈਟ ਕਰਦਾ ਸੜਕ ਦੇ ਕਿਨਾਰੇ ਇਕ ਪੱਥਰ ਤੇ ਖੜਾ ਹੋ ਗਿਆ।

"ਇਹ ਕੀ ਕਰ ਰਿਹਾ ਹੈ ਕਸ਼ਮੀਰੀ ਲਾਲ। ਯਾਰ ਕੋਈ ਵੇਲਾ ਵਕਤ ਵੇਖ ਲਿਆ ਕਰੋ ਬਖਸ਼ੀ ਨੇ ਖਿੱਝ ਕੇ ਕਿਹਾ। ਤੁਸੀਂ ਨਹੀਂ ਚਾਹੁੰਦੇ ਪ੍ਰਭਾਤ ਫੇਰੀ ਹੋਵੇ ਤਾਂ ਸਿੱਧੀ ਗੱਲ ਕਰੋ।" ਜਰਨੈਲ ਵੱਲ ਵਧੇ, ਪਰ ਜਰਨੈਲ ਭਾਸ਼ਨ ਸ਼ੁਰੂ ਕਰ ਚੁੱਕਾ ਸੀ।

"ਸਾਹਿਬਾਨ......"

"ਕੋਈ ਨਹੀਂ ਸਾਹਿਬਾਨ, ਸਾਹਿਬਾਨ, ਹੇਠਾਂ ਉਤਰ ਆ।" ਬਖਸ਼ੀ ਜੀ ਨੇ ਹੱਥ ਹਿਲਾ ਕੇ ਕਿਹਾ, "ਲਾਹੋ ਯਾਰ ਇਸਨੂੰ, ਕਿਉਂ ਤਮਾਸ਼ਾ ਕਰਵਾਉਂਦੇ ਹੋ ਸਵੇਰੇ ਸਵੇਰੇ।"

''ਮੇਰੀ ਜ਼ਬਾਨ ਕੋਈ ਨਹੀਂ ਬੰਦ ਕਰ ਸਕਦਾ।" ਜਰਨੈਲ ਨੇ ਪੱਥਰ ਤੇ ਖੜੇ ਖੜੇ ਅਤੇ ਭਾਸ਼ਨ ਸ਼ੁਰੂ ਕਰ ਦਿੱਤਾ।

"ਸਾਹਿਬਾਨ........." ਆਪਣੀ ਖਰਵੀ, ਫੁਸਫਸਾਉਂਦੀ ਅਵਾਜ਼ ਵਿਚ ਜਰਨੈਲ ਖੋਲਣ ਲੱਗਾ।

ਜਰਨੈਲ ਦੀ ਉਮਰ ਪੰਜਾਹ ਦੇ ਕੁਝ ਉਪਰ ਹੋਵੇਗੀ-ਪਰ ਕਈ ਸਾਲਾਂ ਦੀ ਜੇਲ੍ਹ ਕਟਣ ਪਿਛੋਂ ਉਸਦੇ ਸਰੀਰ ਵਿਚ ਕੁਝ ਰਹਿ ਨਹੀ ਗਿਆ ਸੀ। ਜਿਥੇ ਸਾਹਿਬ ਦੇ ਹੋਰ ਕਾਂਗਸੀਆਂ ਨੂੰ ਜੇਲ੍ਹ ਵਿਚ ਘੱਟ ਤੋਂ ਘੱਟ ਬੀ-ਕਲਾਸ ਮਿਲਦੀ, ਜਰਨੈਲ ਨੂੰ

ਹਮੇਸ਼ਾ ਸੀ ਕਲਾਸ ਵਿਚ ਰੱਖਿਆ ਜਾਂਦਾ ਰਿਹਾ। ਜਿਥੇ ਉਹ ਬੀਮਾਰ ਵੀ ਹੋ ਜਾਂਦਾ ਰਿਹਾ ਅਤੇ ਰੇਤ ਦੀ ਭਰੀ ਰੋਟੀ ਵੀ ਖਾਂਦਾ ਰਿਹਾ। ਪਰ ਜਰਨੈਲ ਨੇ ਨਾ ਤਾਂ ਤੋਬਾ ਕੀਤੀ ਅਤੇ ਨਾ ਹੀ ਆਪਣੀ ਜਰਨੈਲੀ ਵਰਦੀ ਨੂੰ ਛੱਡਿਆ। ਜਵਾਨੀ ਦੇ ਦਿਨਾਂ ਵਿਚ ਲਾਹੌਰ ਕਾਂਗਰਸ ਦੇ ਸਮੇਂ ਉਹ ਆਪਣੇ ਸ਼ਹਿਰ ਵਿਚੋਂ ਲਾਹੌਰ ਵਲੰਟੀਅਰ ਬਣ ਕੇ ਗਿਆ ਸੀ। ਨਹਿਰੂ ਜੀ ਦੇ ਨਾਲ ਉਹ ਵੀ ਰਾਵੀ ਨਦੀ ਦੇ ਕੰਢੇ ਨੱਚਿਆ ਸੀ ਅਤੇ ਪੂਰਣ ਸਵਰਾਜ ਦਾ ਨਾਰਾ ਲਗਾਇਆ ਗਿਆ ਸੀ। ਉਸ ਦਿਨ ਤੋਂ ਉਹ ਵਲੰਟੀਅਰ ਦੀ ਵਰਦੀ ਪਹਿਨਦਾ ਆਇਆ ਸੀ। ਜਦੋਂ ਦਿਨ ਚੰਗੇ ਹੁੰਦੇ ਤਾਂ ਉਸਦੀ ਵਰਦੀ ਵਿਚ ਕਦੇ ਕਦੇ ਸੀਟੀ ਲੱਗ ਜਾਂਦੀ, ਕਦੀ ਤਿਰੰਗੇ ਦੀ ਡੋਰੀ ਬੱਝ ਜਾਂਦੀ। ਦਿਨ ਭੈੜੇ ਹੁੰਦੇ ਤਾਂ ਵਰਦੀ ਧੋਤੀ ਤਕ ਨਹੀਂ ਸੀ ਜਾਂਦੀ। ਨਾ ਜਰਨੈਲ ਨੂੰ ਕਿਤੇ ਕੋਈ ਕੰਮ ਮਿਲਿਆ ਨਾ ਉਸਨੇ ਕੋਈ ਕੀਤਾ। ਕਾਂਗਰਸ ਦੇ ਦਫ਼ਤਰ ਵਿਚੋਂ ਪੰਦਰਾਂ ਰੁਪਏ ਮਹੀਨਾ ਪ੍ਰਚਾਰਕ ਵਜੋਂ ਉਸਨੂੰ ਮਿਲਦੇ ਸਨ। ਜੇ ਬਖਸ਼ੀ ਜੀ ਨਾ ਨੁਕਰ ਕਰਨ ਤਾਂ ਉਹ ਉਥੇ ਹੀ ਉਥੇ ਹੀ ਖੜਾ ਹੋ ਕੇ ਭਾਸ਼ਨ ਕਰਨ ਲੱਗ ਜਾਂਦਾ ਸੀ। ਮਨ ਵਿਚ ਸਨਕ ਸੀ ਉਸੇ ਦੇ ਆਸਰੇ ਜ਼ਿੰਦਗੀ ਦੇ ਦੁੱਖ ਅਤੇ ਕਲੇਸ ਪਾਰ ਕਰ ਜਾਂਦਾ ਸੀ। ਉਸ ਦਾ ਨਾ ਘਰ ਸੀ ਨਾ ਘਾਟ, ਨਾ ਬੀਵੀ ਨਾ ਬੱਚਾ, ਨਾ ਕੰਮ ਨਾ ਕਾਰ। ਹਫਤੇ ਵਿਚ ਦੋ ਤਿੰਨ ਵਾਰ ਕਿਤੋਂ ਨਾ ਕਿਤੋਂ ਮਾਰ ਪੈ ਜਾਂਦੀ ਸੀ ਪੁਲਿਸ ਦੇ ਲਾਠੀ ਚਾਰਜ ਵਿਚ ਜਿਥੇ ਦੂਸਰੇ ਲੋਕ ਜਾਨ ਬਚਾ ਕੇ ਨਿਕਲ ਜਾਂਦੇ ਸਨ, ਉਥੇ ਜਰਨੈਲ ਆਪਣੀ ਸਨਕ ਦਾ ਮਾਰਾ ਆਪਣੀ ਛੋਟੀ ਜਿਹੀ ਝੁਰੜੀਆਂ ਭਰੀ ਛਾਤੀ ਫੈਲਾਏ ਖੜਾ ਰਹਿੰਦਾ ਸੀ ਅਤੇ ਪਸਲੀਆਂ ਤੁੜਵਾ ਕੇ ਆਉਂਦਾ ਸੀ।

"ਕਸ਼ਮੀਰੀ ਲਾਲ, ਉਤਾਰ ਯਾਰ ਇਸਨੂੰ। ਸਵੇਰੇ ਸਵੇਰੇ ਤਮਾਸ਼ਾ ਵਿਖਾਉਣ ਲੱਗੇ ਹੋ।" ਹੁਣ ਮਹਿਤਾ ਜੀ ਨੇ ਉੱਚੀ ਆਵਾਜ਼ ਵਿਚ ਕਿਹਾ। ਪਰ ਜਰਨੈਲ ਹੋਰ ਵੀ ਡਟ ਕੇ ਖੜਾ ਹੋ ਗਿਆ।

''ਸਾਹਿਬਾਨ, ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜ਼ਿਲਾ ਕਾਂਗਰਸ ਦੇ ਪ੍ਰਧਾਨ ਨੇ ਦੇਸ਼ ਨਾਲ ਵਿਸਵਾਸ਼ਘਾਤ ਕੀਤਾ ਹੈ। ਜੋ ਵਚਨ ਅਸੀਂ ਰਾਵੀ ਦੇ ਕਿਨਾਰੇ ਸੰਨ 1929 ਵਿਚ ਲਿਆ ਅਸੀਂ ਮਰਦੇ ਦਮ ਤਕ ਉਸ ਉਤੇ ਕਾਇਮ ਰਹਾਂਗੇ। ਤੁਹਾਡਾ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਮੈਂ ਇੰਨਾਂ ਹੀ ਕਹਾਂਗਾ ਕਿ ਕੋਈ ਮਾਈ ਦਾ ਲਾਲ ਅਜੇ ਤਕ ਪੈਦਾ ਨਹੀਂ ਹੋਇਆ ਜੋ ਕਾਂਗਰਸ ਦੇ ਅਸੂਲਾਂ ਦੀ ਖਿਲਾਫ਼ ਵਰਜ਼ੀ ਕਰ ਸਕੇ। ਮਹਿਤਾ ਕਿਸ ਖੇਤ ਦੀ ਮੂਲੀ ਹੈ ? ਅਸੀਂ ਇਨ੍ਹਾਂ ਨਾਲ ਵੀ ਨਿਪਟਾਂਗੇ, ਅਤੇ ਇਨ੍ਹਾਂ ਦੇ ਪਿਠੂਆਂ, ਕਸਮੀਰੀ ਲਾਲ, ਸ਼ੰਕਰ ਲਾਲ, ਜੀਤ ਸਿੰਘ ਵਰਗੇ ਗੱਦਾਰਾਂ ਨਾਲ ਵੀ ਨਿਪਟਾਂਗੇ...."

ਸਭ ਖਿੜ ਖਿੜਾ ਕੇ ਹੱਸ ਪਏ।

"ਇਹ ਇਸ ਤਰ੍ਹਾਂ ਨਹੀਂ ਉਤਰੇਗਾ" ਕਸ਼ਮੀਰੀ ਲਾਲ ਜਿਸਨੇ ਇਹ ਸ਼ੋਸ਼ਾ ਖੜਾ ਕੀਤਾ ਸੀ, ਆਪ ਹੀ ਬਖਸ਼ੀ ਜੀ ਦੇ ਕੰਨ ਵਿਚ ਇਹ ਸੁਝਾਓ ਪਾ ਰਿਹਾ ਸੀ। "ਜੇ ਉਤਾਰਨ ਦੀ ਕੋਸਿਸ਼ ਕਰੋਗੇ ਤਾਂ ਇਹ ਜ਼ਿਆਦਾ ਜ਼ਿੱਦ ਫੜ ਲਵੇਗਾ।"

ਬਖਸ਼ੀ ਜੀ ਨੇ ਅੱਗ ਭਬੂਕਾ ਹੋ ਕੇ ਕਸ਼ਮੀਰੀ ਨਾਲ ਵੱਲ ਵੇਖਿਆ।

"ਤਾਲੀ ਵਜਾਵਾਂਗੇ ਤਾਂ ਇਹ ਉਤਰ ਆਵੇਗਾ, ਤੁਸੀਂ ਚਿੰਤਾ ਨਾ ਕਰੋ ਦੋ ਤਿੰਨ ਵਾਰ ਤਾਲੀਆਂ ਵਜਾਵਾਂਗੇ ਤਾਂ ਇਹ ਭਾਸ਼ਣ ਖਤਮ ਕਰ ਦੇਵੇਗਾ।" ਕਹਿੰਦੇ ਹੋਏ ਕਸ਼ਮੀਰੀ ਲਾਲ ਨੇ ਤਾਲੀ ਵਜਾਈ। ਬਾਕੀ ਲੋਕਾਂ ਨੇ ਵੀ ਤਾਲੀਆਂ ਵਜਾਈਆਂ।

''ਵਾਹ ਵਾਹ ਬਹੁਤ ਵਧੀਆ, ਬਹੁਤ ਖੂਬ !"

''ਸਾਹਿਬਾਨ, ਮੈਂ ਤੁਹਾਡਾ ਜ਼ਿਆਦਾ ਸਮਾਂ ਨਾਂ ਲੈਂਦਾ ਹੋਇਆ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਜੋ ਤੁਸੀਂ ਇੰਨੇ ਸਬਰ ਤੇ ਸੰਤੋਖ ਨਾਲ ਮੇਰੇ ਇਨ੍ਹਾਂ ਟੁਟੇ-ਫੁਟੇ ਲਫਜ਼ਾਂ ਨੂੰ ਸੁਣਿਆ। ਮੈਂ ਤੁਹਾਨੂੰ ਯਕੀਨ ਦਵਾਉਂਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਹਿੰਦੁਸਤਾਨ ਅਜ਼ਾਦ ਹੋਵੇਗਾ। ਕਾਂਗਰਸ ਆਪਣੇ ਉਦੇਸ਼ ਵਿਚ ਜ਼ਰੂਰ ਕਾਮਯਾਬ ਹੋਵੇਗੀ। ਜੋ ਸਹੁੰ ਮੈਂ ਰਾਵੀ ਦੇ ਕਿਨਾਰੇ..."

''ਸਾਬਾਸ਼, ਬਹੁਤ ਵਧੀਆ !" ਕਸ਼ਮੀਰੀ ਲਾਲ ਨੇ ਫਿਰ ਤਾਲੀ ਵਜਾਈ।

'ਸਾਹਿਬਾਨ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ। ਮੈਂ ਤੁਹਾਡੇ ਸਾਹਮਣੇ ਫਿਰ ਕਿਸੇ ਦਿਨ ਹਾਜ਼ਰ ਹੋਵਾਂਗਾ। ਹੁਣ ਤੁਸੀਂ ਮੇਰੇ ਨਾਲ ਮਿਲ ਕੇ ਨਾਰਾ ਲੱਗਾਓ: ਇਨਕਲਾਬ !"

ਦੋ ਚਾਰ ਅਵਾਜ਼ਾਂ ਜਵਾਬ ਵਿਚੋਂ ਉਠੀਆਂ :

''ਜ਼ਿੰਦਾਬਾਦ !''

ਅਤੇ ਜਰਨੈਲ ਬੈਂਤ ਕੱਛ ਵਿਚ ਦਬਾ ਕੇ ਪੱਥਰ ਤੋਂ ਹੇਠਾਂ ਉਤਰ ਆਇਆ।

''ਜ਼ਿੰਦਾਬਾਦ !" ਇਕ ਅਵਾਜ਼ ਢਲਾਣ ਵਲੋਂ ਵੀ ਆਈ, ਅਤੇ ਮਾਸਟਰ ਰਾਮ ਦਾਸ ਸਾਹੋ ਸਾਹ ਹੋਇਆ ਸਵੇਰ ਦੇ ਝੁਟਪੁਣੇ ਵਿਚ ਸਾਹਮਣੇ ਆਇਆ।

"ਇਹ ਕੋਈ ਵਕਤ ਹੈ ਆਉਣ ਦਾ ?" ਬਖਸ਼ੀ ਜੀ ਨੇ ਗੁੱਸੇ ਨਾਲ ਕਿਹਾ। ਜਵਾਬ ਕਸ਼ਮੀਰੀ ਨਾਲ ਨੇ ਦਿੱਤਾ।

"ਵੱਛਾ ਦੁੱਧ ਪੀ ਗਿਆ ਸੀ, ਇਸ ਕਾਰਣ ਦੇਰ ਗਈ......।"

ਸਭ ਹੱਸਣ ਲੱਗੇ। ਪਰ ਮਾਸਟਰ ਰਾਮ ਦਾਸ ਸੰਜੀਦਾ ਅਵਾਜ਼ ਵਿਚ ਬੋਲਿਆ :

''ਅੱਜ ਪ੍ਰਭਾਤ ਫੇਰੀ ਨਹੀਂ ਹੋਵੇਗੀ।"

"ਕਿਉਂ?"

"ਅੱਜ ਉਸਾਰੂ ਕੰਮ ਕਰਨ ਦਾ ਜੋ ਫੈਸਲਾ ਹੋਇਆ ਹੈ।"

"ਉਸਾਰੂ ਕੰਮ ਦਾ ਫੈਸਲਾ ਕਿਸ ਨੇ ਕੀਤਾ ਹੈ ?"

"ਮੈਨੂੰ ਗੁਸਾਈਂ ਜੀ ਨੇ ਕਲ੍ਹ ਰਾਤ ਕਿਹਾ ਸੀ ਕਿ ਇਮਾਮ ਦੀਨ ਮੁਹੱਲੇ ਦੇ ਪਿਛੇ ਢੋਕ ਵਿਚ ਗਲੀਆਂ ਸਾਫ਼ ਕਰਾਂਗੇ।"

''ਦੇਰ ਨਾਲ ਆਇਆ ਹੈ ਤੇ ਹੁਣ ਬਹਾਨੇ ਬਣਾ ਰਿਹਾ ਹੈਂ।"

''ਕਿਉਂ ? ਮੈਂ ਤਾਂ ਝਾੜੂ ਬੇਲਚੇ ਵੀ ਉਥੇ ਪਹੁੰਚਾ ਆਇਆ ਹਾਂ। ਕੁਝ ਰਾਤ ਨੂੰ ਪਹੁੰਚਾਏ ਸੀ। ਕੁਝ ਹੁਣ ਸਵੇਰੇ ਲੈ ਗਿਆ ਸਾਂ।" ਫਿਰ ਉਹ ਆਪ ਹੀ ਗਿਣਨ ਲੱਗਾ :

''ਪੰਜ ਬੇਲਚੇ, ਬਾਰਾਂ ਝਾੜੂ, ਤਿੰਨ ਕਹੀਆਂ ਅਤੇ ਪੰਜ ਕੜਾਹੀਆਂ ਮੈਂ ਰਾਤ ਨੂੰ ਹੀ ਉਥੇ ਪਹੁੰਚਾ ਆਇਆ ਸੀ। ਸ਼ੇਰ ਖਾਨ ਦੇ ਘਰ ਸਾਰਾ ਸਮਾਨ ਰਖਿਆ ਹੈ।"

''ਸਾਨੂੰ ਤਾਂ ਕਿਸੇ ਨੇ ਨਹੀਂ ਦਸਿਆ।"

''ਇਸ ਲਈ ਤਾਂ ਮੈਂ ਭੱਜਾ ਆ ਰਿਹਾ ਹਾਂ। ਮੈਂ ਜਦ ਪਹਿਲਾਂ ਆਇਆ ਸੀ ਤਾਂ ਇਥੇ ਕਈ ਵੀ ਨਹੀਂ ਸੀ।

''ਢੋਕ ਦੀਆਂ ਨਾਲੀਆਂ ਸਾਫ ਹੋਣਗੀਆਂ ? ਤੇਰਾ ਦਿਮਾਗ ਖ਼ਰਾਬ ਹੈ ?" ਕਸ਼ਮੀਰੀ ਲਾਲ ਨੇ ਪੁਛਿਆ।

"ਉਥੇ ਤਾਂ ਨਾਲੀਆਂ ਹਨ ਹੀ ਨਹੀਂ।"

'ਹੈਗੀਆਂ ਨੇ, ਹੈਗੀਆਂ ਕਿਉਂ ਨਹੀਂ। ਕੱਚੀਆਂ ਨਾਲੀਆਂ ਨੇ ਪਕੀਆਂ ਨਹੀਂ।"

"ਕੱਚੀਆਂ ਨਾਲੀਆਂ ਨੇ ਤਾਂ ਵਰ੍ਹਿਆਂ ਦਾ ਚਿਪਚਿਪਾ ਚਿੱਕੜ ਉਥੇ ਜਮ੍ਹਾ ਹੋਵੇਗਾ। ਉਹ ਨਾਲੀਆਂ ਕੌਣ ਸਾਫ ਕਰੇਂਗਾ ?"

"ਅਸੀਂ ਕਰਾਂਗੇ, ਤੂੰ ਗੱਦਾਰ ਹੈ।" ਜਰਨੈਲ ਨੇ ਆਕੜ ਕੇ ਕਿਹਾ।

''ਕਦੇ ਕੋਈ ਫੈਸਲਾ ਕਦੇ ਕੋਈ ਫੈਸਲਾ। ਗੁਸਾਈਂ ਜੀ ਨੇ ਫੈਸਲਾ ਕੀਤਾ ਸੀ ਤਾਂ ਸਾਨੂੰ ਦਸਿਆ ਕਿਉਂ ਨਹੀਂ।"

ਹਨੇਰਾ ਇਸ ਵੇਲੇ ਹਟਣ ਲੱਗਾ ਸੀ। ਪ੍ਰਭਾਤ ਫੇਰੀ ਲਈ ਇਕੱਠੇ ਹੋਏ ਵਿਅਕਤੀ ਬੜਾ ਅਟਪਟਾ ਮਹਿਸੂਸ ਕਰ ਰਹੇ ਸਨ।

'ਚਲੋ ਹੁਣ ਇਥੋਂ ਤਾਂ ਨਿਕਲੋ" ਬਖਸ਼ੀ ਜੀ ਨੇ ਕਿਹਾ, ਅਤੇ ਬੁਝਿਆ ਹੋਇਆ ਲੈਂਪ ਚੁੱਕੀ ਅੱਗੇ ਆਏ। ''ਇਥੋਂ ਗਾਉਂਦੇ ਹੋਏ ਚਲਾਂਗੇ, ਸ਼ੁਰੂ ਕਰੋ ਰਾਮਦਾਸ।"

ਜਰਨੈਲ ਲੈਫਟ ਰਾਈਟ ਕਹਿੰਦਾ ਅੱਗੇ ਚਲਣ ਲੱਗਾ। ਤਿਰੰਗਾ ਕਸ਼ਮੀਰੀ ਲਾਲ ਨੇ ਚੁੱਕ ਲਿਆ। ਰਾਮਦਾਸ ਨੇ ਪ੍ਰਭਾਤ ਫੇਰੀ ਦਾ ਪੁਰਾਣਾ ਗੀਤ-ਜਿਸ ਨਾਲ ਹਮੇਸ਼ਾਂ ਪ੍ਰਭਾਤ ਫੇਰੀ ਕੀਤੀ ਜਾਂਦੀ ਸੀ ਅਤੇ ਜੋ ਕਦੇ ਵੀ ਜਮ ਨਹੀਂ ਸਕਿਆ ਸੀ-ਆਪਣੀ ਉੱਚੀ ਬੇਸੁਰੀ ਅਵਾਜ਼ ਵਿਚ ਸ਼ੁਰੂ ਕੀਤਾ।

"ਜ਼ਰਾ ਵੀ ਲਗਨ ਅਜ਼ਾਦੀ ਦੀ
ਲੱਗ ਗਈ ਜਿਨ੍ਹਾਂ ਦੇ ਮਨ ਦੇ ਵਿਚ।"

ਚਲਦੇ ਕਦਮਾਂ ਦੀ ਟਾਪ ਦੇ ਨਾਲ ਨਾਲ ਮੰਡਲੀ ਨੇ ਸਤਰਾਂ ਦੁਹਰਾ ਦਿੱਤੀਆ। ਰਾਮਦਾਸ ਨੇ ਅਗਲੀਆਂ ਸਤਰਾਂ ਉਚਾਰੀਆਂ :

"ਉਹ ਮਜਨੂੰ ਬਣ ਫਿਰਦੇ ਨੇ
ਹਰ ਸ਼ਹਿਰਾ ਹਰ ਬਨ ਦੇ ਵਿਚ।"

ਮੰਡਲੀ ਨੇ ਕੁਤਬਦੀਨ ਦੀ ਢੱਕ ਦਾ ਰੁਖ ਕੀਤਾ।

***

## ਤਿੰਨ

ਗਲੀ ਵਿਚ ਵੜਦਿਆਂ ਹੀ ਨੱਥੂ ਨੇ ਸੁੱਖ ਦਾ ਸਾਹ ਲਿਆ। ਗਲੀ ਵਿਚ ਹਨੇਰਾ ਸੀ ਜਦ ਕਿ ਸੜਕਾਂ ਤੇ ਹਨੇਰਾ ਹਟਣ ਲੱਗਾ ਸੀ। ਨੱਥੂ ਛੇਤੀ ਛੇਤੀ ਗਲੀਆਂ ਦਾ ਜਾਲ ਲੰਘ ਕੇ ਆਪਣੇ ਡੇਰੇ ਪਹੁੰਚ ਜਾਣਾ ਚਾਹੁੰਦਾ ਸੀ। ਉਸ ਬਦਬੋ ਭਰੀ ਕੋਠੜੀ ਵਿਚੋਂ ਨਿਕਲ ਕੇ ਉਸ ਨੇ ਖੁਲ੍ਹੀ ਹਵਾ ਵਿਚ ਸੁੱਖ ਦਾ ਸਾਹ ਲਿਆ। ਜਿਵੇਂ ਉਸਦੀ ਰਾਤ ਬੀਤੀ ਸੀ ਉਸਦੀ ਤੁਲਣਾ ਵਿਚ ਅੱਧਜਾਗੀਆਂ ਗਲੀਆਂ ਵਿਚ ਉਸਨੂੰ ਸ਼ਾਂਤੀ ਮਹਿਸੂਸ ਹੋਈ ਸੀ।

ਖੱਬੇ ਬੰਨੇ ਉਸਨੂੰ ਔਰਤਾਂ ਦੇ ਹੌਲੀ ਹੌਲੀ ਗੱਲਾਂ ਕਰਨ ਅਤੇ ਚੂੜੀਆਂ ਖੜਕਣ ਦੀ ਅਵਾਜ਼ ਆਈ। ਉਸਨੇ ਕੋਲੋਂ ਲੰਘਦੇ ਹੋਏ ਵੇਖਿਆ ਨਲਕੇ ਦੇ ਕਿਨਾਰੇ ਦੋ ਤਿੰਨ ਔਰਤਾਂ ਆਪਣੇ ਆਪਣੇ ਘੜੇ ਸਾਹਮਣੇ ਰਖੀ ਬੈਠੀਆਂ ਗੱਲਾਂ ਮਾਰ ਰਹੀਆਂ ਸਨ। ਨਲਕੇ ਵਿਚ ਪਾਣੀ ਅਜੇ ਆਇਆ ਨਹੀਂ ਸੀ। ਨੱਥੂ ਨੂੰ ਇਹ ਵੀ ਚੰਗਾ ਲੱਗਾ।

ਕੁਝ ਕਦਮ ਅੱਗੇ ਵਧਣ ਤੇ ਉਸਦੇ ਪੈਰ ਨੂੰ ਠੰਡਾ ਲੱਗਾ। ਉਸਦੇ ਪੈਰ ਨਾਲ ਟਕਰਾ ਕੇ ਜਿਵੇਂ ਕੋਈ ਚੀਜ਼ ਖਿਲਰ ਗਈ ਹੈ। ਫਿਰ ਉਹ ਸਮਝ ਗਿਆ ਅਤੇ ਸਮਝਦੇ ਹੀ ਉਸਦੇ ਸਰੀਰ ਵਿਚ ਝੁਣਝੁਣੀ ਆ ਗਈ। ਇਕ ਘਰ ਦੇ ਸਾਹਮਣੇ ਕੋਈ ਤੀਵੀਂ 'ਟੂਣਾ' ਕਰ ਗਈ ਸੀ। ਕੁਝ ਟਾਕੀਆਂ ਵਿਚ ਲਿਪਟੇ ਕੰਕਰ, ਆਟੇ ਦਾ ਪੁਤਲਾ ਅਤੇ ਉਸ ਵਿਚ ਲੱਕੜੀ ਦੀਆਂ ਤੀਲੀਆਂ ਅੜਾਈਆਂ ਹੋਈਆਂ ਸਨ। ਕੋਈ ਬਦਨਸੀਬ ਤੀਵੀ ਆਪਣਾ ਕਲੇਸ਼ ਕਿਸੇ ਦੂਸਰੇ ਦੇ ਘਰ ਪਾਉਣ ਲਈ ‘ਟੂਣਾ' ਕਰ ਗਈ ਸੀ। ਨੱਥੂ ਨੇ ਇਸਨੂੰ ਆਪਣੇ ਲਈ ਅਪਸਗਣ ਸਮਝਿਆ। ਅਜਿਹੀ ਰਾਤ ਬਿਤਾਉਣ ਪਿਛੋਂ 'ਟੂਣੇ ਤੇ ਪੈਰ ਆ ਜਾਣ ਤੇ ਉਸਨੂੰ ਬੜੀ ਖਿੱਝ ਚੜ੍ਹੀ, ਪਰ ਦੂਸਰੇ ਹੀ ਖਿਣ ਉਹ ਸੰਭਲ ਗਿਆ। ਆਮ ਤੌਰ ਤੇ ਇਹ ਟੂਣੇ ਬੱਚਿਆਂ ਉਤੇ ਗ੍ਰਹਿ ਟਾਲਣ

ਲਈ ਕੀਤੇ ਜਾਂਦੇ ਹਨ। ਜਦ ਕਿ ਨੱਥੂ ਦੇ ਕੋਈ ਔਲਾਦ ਨਹੀਂ ਸੀ। ਉਹ ਹੌਸਲੇ ਨਾਲ ਫਿਰ ਅੱਗੇ ਵਧ ਗਿਆ।

ਇਸ ਗਲੀ ਨੂੰ ਉਹ ਚੰਗੀ ਤਰ੍ਹਾਂ ਪਛਾਣਦਾ ਸੀ। ਜਿਥੋਂ ਉਹ ਗਲੀ ਵਿਚ ਵੜਿਆ ਓਥੇ ਕੁਝ ਦੂਰੀ ਤੇ ਮੁਸਲਮਾਨਾਂ ਦੇ ਘਰ ਸਨ। ਇਕ ਦੋ ਧੋਬੀਆਂ ਦੇ ਕੁਝ ਕਸਾਈਆ ਗਲੀ ਦੇ ਬਾਹਰ ਛੋਟੀ ਜਿਹੀ ਸੜਕ ਦੇ ਕਿਨਾਰੇ ਗੋਸ਼ਤ ਦੀਆਂ ਦੁਕਾਨਾਂ ਲੱਗਾਉਂਦੇ ਸਨ। ਮਹਿਮਦੂ ਹਮਾਮਵਾਲਾ ਵੀ ਰਹਿੰਦਾ ਸੀ। ਅੱਗੇ ਚਲ ਕੇ ਕੁਝ ਘਰ ਹਿੰਦੂਆਂ ਤੇ ਸਿੱਖਾਂ ਦੇ ਸਨਗਲੀ ਦੇ ਅਗਲੇ ਕੋਠੇ ਤੇ ਪਹੁੰਚਦੇ ਪਹੁੰਚਦੇ ਫਿਰ ਮੁਸਲਮਾਨ ਸੁੱਖਾਂ ਦੇ ਘਰ ਸ਼ੂ ਜਾਂਦੇ ਸਨ।

ਇਕ ਘਰ ਅਗੋਂ ਲੰਘਦੇ ਹੋਏ ਉਸਨੂੰ ਅੰਦਰ ਕਿਸੇ ਬੁੱਢੇ ਦੀ ਅਵਾਜ਼ ਆਈ "ਯਾ ਅੱਜ ਕੁਲ ਦੀ ਖੋਰ ਕੁਲ ਦਾ ਭਲਾ।" ਬੁੱਢਾ ਜਾਗ ਕੇ ਸਰਬੱਤ ਦੇ ਭਲੇ ਦੀ ਦੁਆ ਕਰ ਰਿਹਾ ਸੀ ਫਿਰ ਉਸਦੇ ਗਲਾ ਸਾਫ ਕਰਨ ਅਤੇ ਅੰਗੜਾਈ ਲੈਕੇ ਉਠਣ ਦੀ ਅਵਾਜ਼ ਆਈ। ਜਾਗ ਰਹੇ ਸਨ।

ਉਹ ਕੁਝ ਹੀ ਕਦਮ ਅੱਗੇ ਵਧਿਆ ਹੋਵੇਗਾ ਕਿ ਉਸਦਾ ਸੱਜਾ ਪੈਰ ਕਿਸੇ ਚਿਪਚਿਪੀ ਦੀ ਵਿਚ ਧਸ ਗਿਆ ਅਤੇ ਉਹ ਡਿਗਦਾ ਡਿਗਦਾ ਬਚਿਆ। ਨਾਲ ਹੀ ਗੋਹੇ ਦੀ ਤਿੱਖੀ ਬਦਬੋ ਆਈ ਉਸਨੇ ਖਿਚ ਕੇ ਪੈਰ ਕੱਢਿਆ ਤਾਂ ਅੱਧ ਟੁੱਟਿਆ ਘੜਾ ਰਿੜ ਗਿਆ। ਉਹ ਸਮਝ ਗਿਆ ਅਤੇ ਜਿਥੇ ਪਹਿਲਾਂ ਉਸਦੇ ਮੂੰਹ ਵਿਚੋਂ ਗੰਦੀ ਗਾਲ ਨਿਕਲਣ ਲੱਗੀ ਸੀ ਉਥੇ ਇਕ ਹਲਕੀ ਜਿਹੀ ਮੁਸਕਾਨ ਉਸਦੇ ਹੋਠਾਂ ਤੇ ਆ ਗਈ। ਟੂਣੇ ਦੇ ਅਪਸ਼ਗਨ ਨੂੰ ਜਿਵੇਂ ਇਸ ਠੋਕਰ ਨੇ ਧੋ ਪੂੰਝ ਸੁਟਿਆ ਹੋਵੇ। ਕੁਝ ਦਿਨਾਂ ਤੋਂ ਤਪਸ਼ ਵੱਧ ਰਹੀ ਸੀ ਅਤੇ ਅਸਮਾਨ ਤੋਂ ਮੀਂਹ ਦੀ ਇਕ ਛਿਟ ਨਹੀਂ ਪਈ ਸੀ। ਜੱਦ ਕਦੀ ਮੀਂਹ ਪੈਣ ਵਿਚ ਦੇਰੀ ਹੋ ਜਾਂਦੀ ਤਾਂ ਮੁਹੱਲੇ ਦੇ ਮਨਚਲੇ ਲੜਕੇ ਟੁਟੇ ਘੜੇ ਵਿਚ ਗੋਹਾ ਅਤੇ ਗਊ-ਘੋੜੇ ਦਾ ਮੂਤ ਇੱਕਠਾ ਕਰਕੇ ਕਿਸੇ ਮੁਜ਼ੀ ਦੇ ਘਰ ਦੀ

ਡਿਉੜੀ ਵਿਚ ਸੁੱਟ ਆਉਂਦੇ ਸਨ। ਇਸਨੂੰ ਮੀਂਹ ਪਵਾਉਣ ਲਈ ਸ਼ਗਨ ਮੰਨਿਆ ਜਾਂਦਾ ਸੀ।

ਇਕ ਘਰ ਦੇ ਸਾਹਮਣੇ ਇਕ ਆਦਮੀ ਬਝੀ ਗਾਂ ਦੇ ਕੋਲ ਖੜਾ ਗੁਤਾਵਾ ਕਰ ਰਿਹਾ ਸੀ। ਨਾਲ ਹੀ ਕਿਸੇ ਘਰ ਵਿਚੋਂ ਪਿਆਲੇ ਖੜਕਣ ਅਤੇ ਚੂੜੀਆਂ ਛਣਕਣ ਦੀ ਇਕੱਠੀ ਆਵਾਜ਼ ਆਈ। ਚਾਹ ਤਿਆਰ ਹੋ ਰਹੀ ਸੀ। ਇੰਨੇ ਵਿਚ ਸਾਹਮਣਿਓਂ ਕੋਈ ਤੀਵੀਂ ਦੁਪੱਟੇ ਵਿਚ ਮੂੰਹ ਸਿਰ ਲਪੇਟੀ ਗੁਣਗੁਣਾਉਂਦੀ ਹੋਈ ਕੋਲੋਂ ਲੰਘੀ। ਉਸਨੇ ਹੱਥ ਵਿਚ ਕਟੋਰੀ ਚੁੱਕੀ ਹੋਈ ਸੀ। ਕੋਈ ਤੀਵੀਂ ਮੰਦਰ ਜਾਂ ਗੁਰਦਵਾਰੇ ਮੱਥਾ ਟੇਕਣ ਜਾ ਰਹੀ ਹੈ, ਨੱਥੂ ਨੇ ਮਨ ਹੀ ਮਨ ਵਿਚ ਕਿਹਾ। ਬੜੇ ਸਹਿਜ ਢੰਗ ਨਾਲ ਆਮ ਵਾਂਗ ਦਿਨ ਸ਼ੁਰੂ ਹੋ ਰਿਹਾ ਸੀ। ਤਦੇ ਗਲੀ ਦੇ ਸਿਰੇ ਵਲੋਂ ਨੱਥੂ ਨੂੰ ਇਕ ਤਾਰਾ ਵਜਾਉਣ ਅਤੇ ਨਾਲ ਹੀ ਕਿਸੇ ਫ਼ਕੀਰ ਦੇ ਗਾਉਣ ਦੀ ਆਵਾਜ਼ ਆਈ। ਇਹ ਆਵਾਜ਼ ਉਹ ਪਹਿਲਾਂ ਵੀ ਸੁਣ ਚੁੱਕਾ ਸੀ, ਪਰ ਉਸਨੇ ਇਸ ਫਕੀਰ ਨੂੰ ਕਦੇ ਵੇਖਿਆ ਨਹੀਂ ਸੀ। ਪ੍ਰਭਾਤ ਦੇ ਘੁਸਮੁਸੇ ਵਿਚ ਇਹ ਫਕੀਰ ਆਮ ਤੌਰ ਤੇ ਇਕਤਾਰਾ ਵਜਾਉਂਦਾ ਹੋਇਆ ਆਪਣੀ ਸੁਰੀਲੀ ਆਵਾਜ਼ ਵਿਚ ਗਾਉਂਦਾ ਹੋਇਆ ਸ਼ਹਿਰ ਦੀਆਂ ਗਲੀਆਂ ਵਿਚੋਂ ਲੰਘ ਜਾਂਦਾ ਹੁੰਦਾ ਸੀ, ਖਾਸ ਕਰਕੇ ਰਮਜਾਨ ਦੇ ਦਿਨਾਂ ਵਿਚ ਜਦ ਮੁਸਲਮਾਨ ਲੋਕ ਸੁਬਹ ਸਵੇਰੇ ਉਠਕੇ ਆਪਣਾ ਰੋਜ਼ਾ ਖੋਲ੍ਹਦੇ ਸਨ। ਕੋਲ ਜਾ ਕੇ ਉਸਨੇ ਵੇਖਿਆ ਫ਼ਕੀਰ ਉਚੇ ਕੱਦ ਦਾ ਲੰਮੇ ਪਤਲੇ ਸਰੀਰ ਵਾਲਾ ਬੁੱਢਾ ਆਦਮੀ ਸੀ, ਛੋਟੀ ਜਿਹੀ ਚਿੱਟੀ ਦਾੜੀ ਅਤੇ ਸਿਰ ਤੇ ਚਿੰਦੀਆਂ ਟੋਪੀ ਅਤੇ ਲੰਮਾ ਚੋਗਾ ਅਤੇ ਮੋਢੇ ਤੇ ਵੱਡਾ ਸਾਰਾ ਝੋਲਾ ਲਟਕ ਰਿਹਾ ਸੀ। ਨੱਥੂ ਰੁਕ ਗਿਆ। ਉਹ ਚਾਹੁੰਦਾ ਸੀ ਕਿ ਫ਼ਕੀਰ ਦੇ ਗੀਤ ਦੇ ਸ਼ਬਦ ਉਸਦੇ ਕੰਨੀ ਪੈਣ :

"ਤੈਨੂੰ ਗਾਫ਼ਲਾ ਜਾਗ ਨਾ ਆਈ ਚਿੜੀਆ ਬੋਲ ਰਹੀਆਂ......'

ਫ਼ਕੀਰ ਗੀਤ ਗਾਉਂਦਾ ਹੋਇਆ ਆ ਰਿਹਾ ਸੀ। ਇਕ ਤਾਰੇ ਦੀ ਹੌਲੀ ਅਵਾਜ਼ ਜੋ ਆਮ ਤੌਰ ਤੇ ਨੱਥੂ ਦੇ ਸੁਪਨਿਆਂ ਵਿਚ ਘੁਲਮਿਲ ਜਾਇਆ ਕਰਦੀ ਸੀ

ਅਤੇ ਸੁਤੇ ਸੁਤੇ ਵੀ ਉਸਨੂੰ ਪਿਆਰੀ ਲੱਗਦੀ ਸੀ, ਹੁਣ ਵੀ ਉਸਨੂੰ ਬੜੀ ਮਿੱਠੀ ਲੱਗੀ। ਉਸਨੇ ਜੇਬ ਵਿਚੋਂ ਇਕ ਪੈਸਾ ਕੱਢ ਕੇ ਫ਼ਕੀਰ ਦੇ ਹੱਥ ਵਿਚ ਦੇ ਦਿੱਤਾ।

"ਅਲਾਹ ਸਲਾਮਤ ਰੱਖੇ ! ਘਰ ਭਰੇ ਰਹਿਣ !" ਫਕੀਰ ਨੇ ਦੁਆ ਦਿੱਤੀ। ਨੱਥੂ ਅੱਗੇ ਵੱਧ ਗਿਆ।

ਗਲੀ ਪਾਰ ਕਰਕੇ ਉਹ ਕੁਛ ਉਜਾਲੇ ਵਿਚ ਆ ਗਿਆ। ਇਥੋਂ ਟਾਂਗੇ ਵਾਲਿਆਂ ਦਾ ਮੁਹੱਲਾ ਸ਼ੁਰੂ ਹੋ ਜਾਂਦਾ ਸੀ। ਸੜਕ ਤੇ ਪਹੁੰਚਜਾਣ ਤੇ ਦ੍ਰਿਸ਼ ਬਹੁਤਾ ਜ਼ਿਆਦਾ ਬਦਲਿਆ ਨਹੀਂ ਸੀ, ਸਿਰਫ਼ ਇਥੇ ਉਜਾਲਾ ਹੋ ਚਲਿਆ ਸੀ। ਸੜਕ ਦੇ ਕਿਨਾਰੇ ਦੋ ਤਿੰਨ ਟਾਂਗੇ ਖੜੇ ਸਨ, ਜਿਨ੍ਹਾਂ ਦੇ ਬੰਬ ਅਸਮਾਨ ਵੱਲ ਉਠੇ ਹੋਏ ਸਨ ਜਿਵੇਂ ਸਭ ਲਈ ਦੁਆ ਮੰਗ ਰਹੇ ਹੋਣ। ਲੰਮੀ ਕੰਧ ਕੋਲ ਖੜਾ ਇਕ ਟਾਂਗੇ ਵਾਲਾ ਆਪਣੇ ਘੋੜੇ ਨੂੰ ‘ਖਰਖਰਾ ਕਰ ਰਿਹਾ ਸੀ। ਕੋਲ ਬੈਠੀਆਂ ਦੋ ਤੀਵੀਆਂ ਗੋਹੇ ਦੀਆਂ ਪਾਥੀਆਂ ਬਣਾ ਬਣਾ ਕੱਚੀ ਕੰਧ ਨਾਲ ਲਾ ਰਹੀਆਂ ਸਨ। ਸੜਕ ਦੇ ਵਿਚਕਾਰ ਆਪਣੇ ਆਪ ਇਕ ਘੋੜਾ, ਇਕੱਲਾ ਹੀ, ਸਹਿਜ ਸੁਭਾਵਕ ਚਾਲ ਨਾਲ ਚਹਿਲ ਕਦਮੀ ਕਰ ਰਿਹਾ ਸੀ। ਪ੍ਰਭਾਤ ਦੇ ਸ਼ਾਂਤ ਸੁਹਾਵਣੇ ਸਮੇਂ ਵਿਚ ਥਾਂ ਪਰ ਥਾਂ ਹਲਕੀ ਜੀਵਨ ਗਤੀ ਅੰਗੜਾਈਆਂ ਲੈ ਰਹੀ ਸੀ।

ਨੱਥੂ ਨੂੰ ਲੱਗਾ ਜਿਵੇਂ ਉਹ ਸੈਰ ਕਰਨ ਨਿਕਲਿਆ ਹੈ। ਉਹ ਨਹੀਂ ਚਾਹੁੰਦਾ ਸੀ ਕਿ ਕੋਈ ਉਸਨੂੰ ਵੇਖੇ ਜਾਂ ਪਛਾਣੇ ਅਤੇ ਨਾਲ ਹੀ ਉਸਦੇ ਮਨ ਦੀ ਹੜਬੜਾਹਟ ਕਾਫੀ ਦੂਰ ਹੋ ਚੁੱਕੀ ਸੀ ਅਤੇ ਉਹ ਆਪ ਚਹਿਲ ਕਦਮੀ ਜਿਹੀ ਕਰਦਾ ਹੋਇਆ ਇਕ ਮੁਹੱਲੇ ਤੋਂ ਦੂਸਰੇ ਮੁਹੱਲੇ ਵਿਚ ਜਾ ਰਿਹਾ ਹੈ।

ਅਚਾਨਕ ਉਸਨੂੰ ਖਿਆਲ ਆਇਆ ਛਕੜਾ ਕਿਥੋਂ ਤਕ ਪਹੁੰਚਿਆ ਹੋਵੇਗਾ? ਉਹ ਕਿਸ ਬੰਨੇ ਜਾ ਰਿਹਾ ਹੋਵੇਗਾ ? ਬੜਾ ਅਸੰਗਤ ਜਿਹਾ ਸਵਾਲ ਸੀ ਪਰ ਖਿਆਲ ਆਉਂਦੇ ਹੀ ਅਚਾਨਕ ਉਸਦੇ ਕਦਮ ਤੇਜ਼ ਹੋ ਗਏ। ਕੀ ਉਹ ਦੂਰ ਛਾਉਣੀ ਵਿਚ ਪਹੁੰਚ ਗਿਆ ਹੋਵੇਗਾ ? ਹੋ ਸਕਦਾ ਹੈ ਕਿ ਸਲੋਤਰੀ ਦੇ ਹਸਪਤਾਲ

ਦੇ ਸਾਹਮਣੇ ਇਸ ਵੇਲੇ ਖੜਾ ਹੋਵੇ। ਨੱਥੂ ਦੇ ਮੂੰਹ ਵਿਚੋਂ ਗਾਲ੍ਹ ਨਿਕਲੀ। ਕੀ ਦਿਨ ਵੇਲੇ ਸੂਰ ਨੂੰ ਨਹੀਂ ਮਾਰਿਆ ਜਾ ਸਕਦਾ ਸੀ ? ਸਲੋਤਰੀ ਨੂੰ ਮਰੇ ਹੋਏ ਸੂਰ ਦੀ ਕੀ ਲੋੜ ਪੈ ਗਈ। ਜਰੂਰ ਕਿਤੇ ਸੂਰ ਦਾ ਮਾਸ ਵੇਚਣ ਲਈ ਉਸਨੂੰ ਮਰਵਾਇਆ ਗਿਆ ਹੋਵੇਗਾ। ਰਾਤ ਵਾਲਾ ਕੰਮ ਯਾਦ ਆਉਂਦੇ ਹੀ ਉਸ ਦੇ ਸਰੀਰ ਵਿਚ ਝੁਨ-ਝੁਨਾਹਟ ਜਿਹੀ ਹੋਈ। ਉਸਨੇ ਬੜੀ ਭੈੜੀ ਰਾਤ ਕੱਟੀ ਸੀ, ਪਸੀਨਾ ਸੂਰ ਦੀ ਬੋ, ਬੰਦ ਕੋਠੜੀ, ਸੂਰ ਦੀਆਂ ਹੰਕਾਰਾ ਤਿੰਨ ਵਾਰ ਸੂਰ ਨੇ ਆਪਣੀ ਬੂਥਨੀ ਨਾਲ ਉਸਦੇ ਪੈਰਾਂ ਤੇ ਦੰਦ ਮਾਰੇ ਸਨ ਅਤੇ ਉਸਦੇ ਪੈਰਾ ਦੀ ਚਮੜੀ ਹੀ ਵੰਢ ਛੱਡੀ ਸੀ। ਸੂਰ ਦੇ ਮਰਨ ਤਕ ਨੱਥੂ ਆਪ ਅੱਧ ਮਰਿਆ ਹੋ ਚੁੱਕਾ ਸੀ। ਖਸਾਮਾਂ ਨੂੰ ਖਾਵੇ ਮੁਰਾਦ ਅਲੀ, ਜਿਥੇ ਨੱਥੂ ਦਾ ਦਿਲ ਕਰੇਗਾ ਉਥੇ ਘੁੰਮੇਗਾ। ਉਸਨੇ ਜੇਬ ਨੂੰ ਟੋਹ ਕੇ ਫਿਰ ਨੋਟ ਦੀ ਚਰਮਰਾਹਟ ਸੁਣ ਲਈ। ਸਾਨੂੰ ਕੀ, ਅਸੀਂ ਆਪਣੇ ਪੈਸੇ ਖਰੇ ਕਰ ਲਏ ਹਨ।

ਚਰਨੀ ਦੇ ਕੋਲ ਪਹੁੰਚ ਕੇ ਉਹ ਖੱਬੇ ਹੱਥ ਘੁੰਮ ਗਿਆ। ਤਦੇ ਦੂਰ ਸ਼ੇਖਾਂ ਦੇ ਬਾਗ ਦੀ ਘੜੀ ਦੀ ਆਵਾਜ਼ ਸੁਣਾਈ ਦਿੱਤੀ। ਸ਼ਾਇਦ ਚਾਰ ਦਾ ਘੰਟਾ ਵਜਾ ਰਹੀ ਸੀ। ਇਸ ਵੇਲੇ ਉਸਦੀ ਆਵਾਜ਼ ਕਿੰਨੀ ਸਾਫ ਸੁਣਾਈ ਦੇ ਰਹੀ ਸੀ। ਦਿਨ ਵੇਲੇ ਕਦੇ ਸੁਣਾਈ ਨਹੀਂ ਦਿੰਦੀ ਸੀ, ਸ਼ਹਿਰ ਦੇ ਸ਼ੋਰ ਵਿਚ ਉਸਦੀ ਆਵਾਜ਼ ਗਵਾਚ ਜਾਂਦੀ ਸੀ ਪਰ ਐਸ ਵੇਲੇ ਤਾਂ ਲੱਗਦਾ ਸੀ ਜਿਵੇਂ ਆਸਮਾਨ ਦੇ ਰਾਹੀਂ ਇਹ ਆਵਾਜ਼ ਉਸਦੇ ਕੰਨੀ ਪੈ ਰਹੀ ਸੀ। ਕੁਝ ਹੀ ਛਿਣ ਬਾਦ ਦੂਰ ਸ਼ਹਿਰ ਵਿਚ ਉੱਚ ਟਿਲੇ ਤੇ ਬਣੇ ਸ਼ਿਵਾਲੇ ਤੋਂ ਮੰਦਰ ਦੀਆਂ ਘੰਟੀਆਂ ਦੀ ਆਵਾਜ਼ ਆਈ। ਆਵਾਜਾ ਵੱਧ ਰਹੀਆ ਸਨ। ਥਾਂ ਥਾਂ ਘਰਾਂ ਦੇ ਦਰਵਾਜ਼ੇ ਖੁੱਲ੍ਹ ਰਹੇ ਸਨ, ਕੁਝ ਲੋਕ ਖੰਘਾਰਦੇ ਹੋਏ ਆਪਣੀਆਂ ਸੋਟੀਆਂ ਸੜਕ ਤੇ ਖੜਕਾਉਂਦੇ ਘੁੰਮਣ ਜਾ ਰਹੇ ਸਨ। ਇਕ ਬੱਕਰੀਆਂ ਵਾਲਾ ਆਪਣੀਆਂ ਤਿੰਨ ਚਾਰ ਬੱਕਰੀਆਂ ਲੈ ਕੇ ਦੁੱਧ ਵੇਚਣ ਨਿਕਲ ਪਿਆ ਸੀ। ਨੱਥੂ ਦੇ ਕਦਮ ਫਿਰ ਹੌਲੀ ਹੋ ਗਏ। ਉਸਨੂੰ ਸੁਹਾਵਣੀ ਹਵਾ ਵਿਚ ਘੁੰਮਣ ਦਾ ਮਜ਼ਾ ਆ ਰਿਹਾ ਸੀ।

ਹੁਣ ਉਹ ਟਾਂਗੇ ਵਾਲਿਆਂ ਦਾ ਮੁਹੱਲਾ ਲੰਘ ਆਇਆ ਸੀ ਅਤੇ ਇਮਾਮਦੀਨ ਦੇ ਮੁੱਹਲੇ ਦੇ ਬਾਹਰ 'ਕਮੇਟੀ' ਦੇ ਵੱਡੇ ਮੈਦਾਨ ਦੇ ਕਿਨਾਰੇ ਲੱਗ ਰੇਲਿੰਗ ਦੇ ਨਾਲ ਨਾਲ ਚਲ ਰਿਹਾ ਸੀ। ਸੱਜੇ ਹੱਥ ਰੇਲਿੰਗ ਦੇ ਪਾਰ ਢਲਾਣ ਸੀ, ਅਤੇ ਢਲਾਣ ਉਤਰ ਕੇ ਬਹੁਤ ਵੱਡਾ ਮੈਦਾਨ ਸ਼ੁਰੂ ਹੋ ਜਾਂਦਾ ਸੀ। ਇਸ ਮੈਦਾਨ ਤੇ ਹਰ ਆਏ ਦਿਨ ਕੁਝ ਨਾ ਕੁਝ ਹੁੰਦਾ ਰਹਿੰਦਾ ਸੀ। ਸਰਦੀਆਂ ਵਿਚ ਹਰ ਐਤਵਾਰ ਇਥੇ ਕੁੱਤਿਆਂ ਦੀ ਲੜਾਈ ਹੋਇਆ ਕਰਦੀ ਸੀ, ਲੋਕ ਸ਼ਰਤਾਂ ਲਾਉਂਦੇ ਸਨ। ਜ਼ਖਮੀ ਕੁੱਤਾ ਮੈਦਾਨ ਵਿਚੋਂ ਭੱਜਣ ਦੀ ਕੋਸ਼ਿਸ਼ ਕਰਦਾ ਤਾਂ ਚਾਰ-ਚੁਫੇਰੇ ਖਲੋਤੀ ਭੀੜ ਉਸਨੂੰ ਭੱਜਣ ਨਹੀਂ ਦਿੰਦੀ ਸੀ। ਇਥੇ ਹੀ ਇਸ ਮੈਦਾਨ ਵਿਚ ਨੇਜ਼ੇ ਬਾਜ਼ੀ ਹੋਇਆ ਕਰਦੀ ਸੀ, ਹਜ਼ਾਰਾਂ ਦਾ ਇਕੱਠ ਹੁੰਦਾ ਸੀ। ਇਥੇ ਬਾਹਰੋਂ ਆਉਣ ਵਾਲੇ ਸਰਕਸ ਲਗਾਇਆ ਕਰਦੇ ਸਨ, ਤਾਰਾਬਾਈ ਦਾ ਸਰਕਸ ਅਤੇ ਪਰਸੂਰਾਮ ਦਾ ਸਰਕਸ। ਇਥੇ ਵਿਸਾਖੀ ਦਾ ਢੋਲ ਵੱਜਿਆ ਕਰਦਾ ਸੀ ਅਤੇ ਛਿੰਝ ਪੈਂਦੀ ਸੀ। ਇਥੇ ਹੁਣ ਸਿਆਸੀ ਜਲਸੇ ਹੋਣ ਲੱਗ ਪਏ ਸਨ। ਹੁਣ ਆਏ ਦਿਨ ਜਲਸੇ ਹੁੰਦੇ ਸਨ। ਇਸ ਮੈਦਾਨ ਵਿਚ ਮੁਸਲਿਮ ਲੀਗ ਦੇ ਜਲਸੇ ਹੁੰਦੇ ਸਨ, ਅਤੇ ਬੇਲਚਾ ਪਾਰਟੀ ਦੇ ਵੀ ਜਦ ਕਿ ਕਾਂਗਰਸ ਦੇ ਜਲਸੇ ਇਥੋਂ ਦੂਰ ਆਨਾਜ ਮੰਡੀ ਦੇ ਕੋਲ ਛੱਤੇ ਹੋਏ ਮੈਦਾਨ ਵਿਚ ਹੁੰਦੇ ਸਨ।

ਉਸਨੇ ਜੇਬ ਵਿਚੋਂ ਬੀੜੀ ਕੱਢੀ ਅਤੇ ਠੰਢੀ ਠੰਢੀ ਰੇਲਿੰਗ ਤੇ ਬੈਠ ਕੇ ਬੀੜੀ ਦੇ ਕਸ ਲਾਉਣ ਲੱਗਾ।

ਤਦੇ ਇਮਾਮਦੀਨ ਦੇ ਮੁੱਹਲੇ ਦੇ ਪਿਛੋਂ ਮਸਜਿਦ ਵਿਚੋਂ ਅਜ਼ਾਨ ਪੜ੍ਹਨ ਦੀ ਅਵਾਜ਼ ਆਈ। ਪ੍ਰਭਾਤ ਦਾ ਹਨੇਰਾ ਘੱਟ ਰਿਹਾ ਸੀ ਅਤੇ ਆਸ ਪਾਸ ਦੇ ਘਰ ਕੁਝ ਕੁਝ ਸਾਫ਼ ਨਜ਼ਰ ਆਉਣ ਲੱਗੇ ਸਨ। ਨੱਥੂ ਰੇਲਿੰਗ ਉਤੇ ਉਤਰ ਆਇਆ ਅਤੇ ਬੀੜੀ ਬੁਝਾ ਦਿੱਤੀ ਅਤੇ ਫਿਰ ਇਮਾਮਦੀਨ ਦੇ ਮੁਹੱਲੇ ਦੀਆਂ ਗਲੀਆਂ ਦਾ ਰੁੱਖ ਕੀਤਾ। ਉਸਨੂੰ ਅਚਾਨਕ ਯਾਦ ਆਇਆ ਕਿ ਮੁਰਾਦ ਅਲੀ ਇਸੇ ਕਮੇਟੀ ਦੇ ਮੈਦਾਨ ਦੇ ਇਕ ਬੰਨੇ ਕਿਤੇ ਰਹਿੰਦਾ ਸੀ, ਉਸਨੂੰ ਪੱਕੀ ਤਰ੍ਹਾਂ ਇਹ ਪਤਾ ਨਹੀਂ ਸੀ ਪਰ

ਉਸਨੇ ਇਕ ਦੋ ਵਾਰ ਮੁਰਾਦ ਅਲੀ ਨੂੰ ਉਸ ਬੰਨੇ ਆਉਂਦੇ ਵੇਖਿਆ ਸੀ। ਉਂਜ ਤਾਂ ਮੁਰਾਦ ਅਲੀ ਸਾਰੇ ਸ਼ਹਿਰ ਵਿਚ ਘੁੰਮਦਾ ਸੀ। ਆਪਣੀ ਪਤਲੀ ਜਹੀ ਸੋਟੀ ਚੁੱਕੀ ਸੜਕਾਂ ਤੇ ਚਲਦਾ ਕਦੇ ਕਿਸੇ ਮੁਹੱਲੇ ਵਿਚ ਅਤੇ ਕਦੇ ਕਿਸੇ ਮੁਹੱਲੇ ਵਿਚ ਨਜ਼ਰ ਆਇਆ ਕਰਦਾ ਸੀ। ਉਸ ਦੀਆਂ ਸੰਘਣੀਆ ਕਾਲੀਆਂ ਮੁੱਛਾਂ ਵਿਚ ਉਸਦੇ ਦੰਦ ਨਜ਼ਰ ਨਹੀਂ ਆਉਂਦੇ ਸਨ, ਹੱਸਦਾ ਵੀ, ਤਦ ਵੀ ਨਜ਼ਰ ਨਹੀਂ ਆਉਂਦੇ ਸਨ ਕੇਵਰ ਬਾਛਾਂ ਖਿਲ ਜਾਂਦੀਆਂ ਸਨ ਅਤੇ ਉਸਦੇ ਗੋਲ ਮਟੋਲ ਚਿਹਰੇ ਵਿਚ ਅੱਖਾਂ, ਸੱਪ ਦੀਆਂ ਅੱਖਾਂ ਵਾਂਗ ਚਮਕੀਆਂ ਰਹਿੰਦੀਆਂ ਸਨ। ਕੀ ਪਤਾ ਇਥੇ ਕਿਤੇ ਫਿਰ ਨਜ਼ਰ ਆ ਜਾਵੇ। ਇਥੋਂ ਚਲੇ ਜਾਣਾ ਹੀ ਚੰਗਾ ਹੈ। ਜੇ ਕਿਤੇ ਉਸਨੇ ਵੇਖ ਲਿਆ ਤਾਂ ਨਾਰਾਜ਼ ਹੋਵੇਗਾ। ਉਸਨੇ ਨੱਥੂ ਨੂੰ ਪੱਕੀ ਕੀਤੀ ਸੀ ਕਿ ਸੂਰ ਦੀ ਲਾਸ਼ ਨੂੰ ਚੁੱਕਵਾ ਦੇਣ ਪਿਛੋਂ ਉਹ ਉਸੇ ਕੋਠੜੀ ਵਿਚ ਮੁਰਾਦ ਅਲੀ ਦੀ ਉਡੀਕ ਕਰੇ ਪਰ ਨੱਥੂ ਉਥੋਂ ਭੱਜ ਆਇਆ ਸੀ। ਸੂਰ ਮਾਰਨ ਦੇ ਪੈਸੇ ਮਿਲ ਗਏ ਤਾਂ ਕਿਉਂ ਉਹ ਉਥੇ ਕੂੜੇ ਦੀ ਬੋ ਵਿਚ ਪਿਆ ਰਹਿੰਦਾ।

ਨੱਥੂ ਇਕ ਤੰਗ ਗਲੀ ਵਿਚ ਵੜ ਗਿਆ ਅਤੇ ਕੁਝ ਦੂਰ ਜਾ ਕੇ ਸੱਜੇ ਹੱਥ ਨੂੰ ਇਕ ਦੂਸਰੀ ਗਲੀ ਵਿਚ ਮੁੜ ਗਿਆ ਜੋ ਵੱਲ ਖਾਂਦੀ ਹੋਈ ਉਤਰ ਵੱਲ ਚਲੀ ਗਈ ਸੀ। ਥੋੜੀ ਦੂਰ ਜਾ ਉਸਦੇ ਕੰਨਾਂ ਵਿਚ ਕਿਸੇ ਗਾਉਣ ਵਾਲੀ ਮੰਡਲੀ ਦੀ ਆਵਾਜ਼ ਪਈ, ਉਸੇ ਤਰ੍ਹਾਂ ਹੀ ਜਿਵੇਂ ਕੁਝ ਦੇਰ ਪਹਿਲਾਂ ਫ਼ਕੀਰ ਦੇ ਗਾਉਣ ਦੀ ਅਵਾਜ਼ ਆਈ ਸੀ। ਉਹ ਕੁਝ ਹੀ ਕਦਮ ਅੱਗੇ ਵਧਾ ਸੀ ਦੂਰ ਸਾਹਮਣੇ ਵਾਲੀ ਗਲੀ ਦੇ ਮੋੜ ਤੇ ਉਸ ਨੂੰ ਆਉਣ ਵਾਲਿਆਂ ਦੀ ਅਵਾਜ਼ ਜ਼ਿਆ ਸਪਸ਼ਟ ਅਤੇ ਉੱਚੀ ਸੁਣਾਈ ਦੇਣ ਲੱਗੀ। ਨੱਥੂ ਸਮਝ ਗਿਆ ਸੀ ਕਿ ਇਹ ਕੋਈ ਪ੍ਰਭਾਤ ਫੇਰੀ ਮੰਡਲੀ ਹੋਵੇਗੀ। ਉਹਨੀ ਦਿਨੀਂ ਸ਼ਹਿਰ ਵਿਚ ਕੁਝ ਜ਼ਿਆਦਾ ਹੀ ਜਲਸੇ ਜਲੂਸ ਨਜ਼ਰ ਆ ਲੱਗੇ ਸਨ। ਨੱਥੂ ਦੀ ਸਮਝ ਵਿਚ ਕੁਝ ਨਹੀਂ ਸੀ ਆਉਂਦਾ। ਪਰ ਹਵਾ ਵਿਚ ਨਾਹਰੇ ਸਨ ਉਹਨਾਂ ਨੂੰ ਉਹ ਕਈ ਦਿਨਾਂ ਤੋਂ ਸੁਣਦਾ ਆ ਰਿਹਾ ਸੀ। ਇਹ ਗਾਨ-ਮੰਡਲੀ ਕਾਂਗਰਸ

ਵਾਲਿਆਂ ਦੀ ਲੱਗਦੀ ਸੀ ਕਿਉਂਕਿ ਮੰਡਲੀ ਦੇ ਅੱਗੇ ਅੱਗੇ ਕੋਈ ਆਦਮੀ ਤਿਰੰਗਾ ਝੰਡਾ ਚੁੱਕੀ ਚਲ ਰਿਹਾ ਸੀ। ਜਦ ਮੰਡਲੀ ਨੇੜੇ ਪਹੁੰਚੀ ਤਾਂ ਨੱਥੂ ਇਕ ਬੰਨੇ ਗਲੀ ਦੀ ਕੰਧ ਨਾਲ ਲੱਗ ਕੇ ਖਲੋ ਗਿਆ। ਮੰਡਲੀ ਗੀਤ ਗਾਉਂਦੀ ਹੋਈ ਅੱਗ ਲੰਘਣ ਲੱਗੀ। ਉਸਨੇ ਵੇਖਿਆ ਅੱਠ ਦਸ ਲੋਕ ਸਨ ਇਕ ਦੇ ਸਿਰ ਸਫੈਦ ਗਾਂਧੀ ਟੋਪੀ ਸੀ, ਕੁਝ ਦੇ ਸਿਰ ਤੇ ਫੈਜ਼ ਟੋਪੀ ਸੀ, ਦੋ ਇਕ ਸਰਦਾਰ ਵੀ ਸਨ। ਬਜ਼ੁਰਗ ਲੋਕ ਵੀ ਸਨ ਅਤੇ ਜਵਾਨ ਵੀ, ਉਸਦ ਕੋਲੋਂ ਲੰਘਣ ਤੋਂ ਇਕ ਆਦਮੀ ਨੇ ਉੱਚੀ ਆਵਾਜ਼ ਵਿਚ ਨਾਰਾ ਲਾਇਆ।

"ਕੌਮੀ ਨਾਰਾ !"

''ਬੰਦੇ ਮਾਤਰਮ !"

“ਬੋਲ ਭਾਰਤ ਮਾਤਾ ਦੀ-ਜੈ !"

"ਮਹਾਤਮਾ ਗਾਂਧੀ ਦੀ-ਜੈ।"

ਇਸਦੇ ਪਿਛੋਂ ਅਚਾਨਕ ਕੇਵਲ ਕੁਝ ਪਲਾਂ ਦੀ ਚੁੱਪ ਪਿਛੋਂ ਕੁਝ ਹੀ ਦੂਰੀ ਤੇ ਜਿਥੋਂ ਇਕ ਹੋਰ ਗਲੀ ਇਸ ਗਲੀ ਨੂੰ ਕਟ ਗਈ ਸੀ, ਇਕ ਹੋਰ ਨਾਰਾ ਉਠਿਆ :-

''ਪਾਕਿਸਤਾਨ -ਜਿੰਦਾਬਾਦ !

ਪਾਕਿਸਤਾਨ -ਜ਼ਿੰਦਾਬਾਦ !

ਕਾਇਦੇ ਆਜ਼ਮ- ਜ਼ਿੰਦਾਬਾਦ !

ਕਾਇਦੇ ਆਜ਼ਮ—ਜ਼ਿੰਦਾਬਾਦ !

ਨੱਥੂ ਨੇ ਝਟਪਟ ਮੁੜ ਕੇ ਵੇਖਿਆ ਤਿੰਨ ਆਦਮੀ ਗਲੀ ਦੇ ਮੋੜ ਤੇ ਅਚਾਨਕ ਪ੍ਰਗਟ ਹੋ ਗਏ ਸਨ ਅਤੇ ਨਾਰੇ ਲਗਾਉਣ ਲੱਗੇ ਸਨ। ਨੱਥੂ ਨੂੰ ਲੱਗਾ ਜਿਵੇਂ ਗਲੀ ਦੇ ਵਿਚਕਾਰ ਖੜੇ ਉਹ ਗਾਨ ਮੰਡਲੀ ਦਾ ਰਾਹ ਰੋਕੀ ਖੜੇ ਹਨ। ਇਹਨਾਂ ਤਿੰਨਾਂ ਆਦਮੀਆਂ ਵਿਚੋਂ ਇਕ ਦੇ ਸਿਰ ਤੇ ਰੂਮੀ ਟੋਪੀ ਸੀ ਅਤੇ ਅੱਖਾਂ ਤੇ ਸੁਨਹਿਰੇ

ਫਰੇਮ ਦੀ ਐਨਕ ਸੀ। ਉਹ ਆਦਮੀ ਗਲੀ ਦੇ ਵਿਚਕਾਰ ਖਲੋਤਾ ਮੰਡਲੀ ਨੂੰ ਲਲਕਾਰਦਾ ਹੋਇਆ ਬੋਲ ਰਿਹਾ ਸੀ।

"ਕਾਂਗਰਸ ਹਿੰਦੂਆਂ ਦੀ ਜਮਾਤ ਹੈ। ਇਹਦੇ ਨਾਲ ਮੁਸਲਮਾਨਾਂ ਦਾ ਕੋਈ ਵਾਸਤਾ ਨਹੀਂ ਹੈ।"

ਇਸਦਾ ਉਤਰ ਮੰਡਲੀ ਵਲੋਂ ਇਕ ਵੱਡੀ ਉਮਰ ਦੇ ਆਦਮੀ ਨੇ ਦਿੱਤਾ।

"ਕਾਂਗਰਸ ਸਭ ਦੀ ਜਮਾਤ ਹੈ। ਹਿੰਦੂਆਂ ਦੀ, ਸਿਖਾਂ ਦੀ ਮੁਸਲਮਾਨਾਂ ਦੀ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਮਹਿਮੂਦ ਸਾਹਿਬ, ਤੁਸੀਂ ਵੀ ਪਹਿਲਾਂ ਸਾਡੇ ਨਾਲ ਹੀ ਸੀ।"

ਅਤੇ ਉਸ ਬਜ਼ੁਰਗ ਨੇ ਅੱਗੇ ਵੱਧ ਕੇ ਰੂਮੀ ਟੋਪੀ ਵਾਲੇ ਨੂੰ ਗਲਵਕੜੀ ਪਾ ਲਈ। ਮੰਡਲੀ ਵਿਚੋਂ ਕੁਝ ਲੋਕ ਹੱਸਣ ਲੱਗੇ। ਰੂਮੀ ਟੋਪੀ ਵਾਲੇ ਨੇ ਆਪਣੇ ਆਪ ਨੂੰ ਗਲਵਕੜੀ ਤੋਂ ਅਲੱਗ ਕਰਦੇ ਹੋਏ ਕਿਹਾ

“ਇਹ ਸਭ ਹਿੰਦੂਆ ਦੀ ਚਲਾਕੀ ਹੈ, ਬਖਸ਼ੀ ਜੀ, ਅਸੀਂ ਸਭ ਜਾਣਦੇ ਹਾਂ। ਤੁਸੀਂ ਭਾਵੇਂ। ਜੋ ਮਰਜੀ ਕਹੋ ਕਾਂਗਰਸ ਹਿੰਦੂਆਂ ਦੀ ਪਾਰਟੀ ਹੈ। ਕਾਂਗਰਸ ਹਿੰਦੂਆਂ ਦੀ ਪਾਰਟੀ ਹੈ ਅਤੇ ਮੁਸਲਮ ਲੀਗਾ ਮੁਸਲਮਾਨਾਂ ਦੀ। ਕਾਂਗਰਸ ਮੁਸਲਮਾਨਾਂ ਦੀ ਅਗਵਾਈ ਨਹੀਂ ਕਰ ਸਕਦੀ।”

ਦੋਵੇਂ ਮੰਡਲੀਆਂ ਇਕ ਦੂਸਰੇ ਦੇ ਸਾਹਮਣੇ ਖੜੀਆਂ ਸਨ। ਲੋਕ ਗੱਲਾਂ ਵੀ ਕਰ ਰਹੇ ਸਨ ਅਤੇ ਇਕ ਦੂਸਰੇ ਤੇ ਚਿੱਲਾ ਵੀ ਰਹੇ ਸਨ।

ਬਜ਼ੁਰਗ ਕਾਂਗਰਸੀ ਕਹਿ ਰਿਹਾ ਸੀ :

"ਔਹ ਵੇਖ ਲਓ, ਸਿੱਖ ਵੀ ਹਨ, ਹਿੰਦੂ ਵੀ ਹਨ, ਮੁਸਲਮਾਨ ਵੀ ਹਨ। ਔਹ ਅਜ਼ੀਜ਼ ਸਾਹਮਣੇ ਖੜਾ ਹੈ, ਹਕੀਮ ਜੀ ਖੜੇ ਹਨ -"

"ਅਜ਼ੀਜ਼ ਅਤੇ ਹਕੀਮ ਹਿੰਦੂਆਂ ਦੇ ਕੁੱਤੇ ਹਨ। ਸਾਨੂੰ ਹਿੰਦੂਆਂ ਨਾਲ ਨਫ਼ਰਤ ਨਹੀਂ ਇਹਨਾਂ ਕੁੱਤਿਆਂ ਨਾਲ ਨਫ਼ਰਤ ਹੈ।" ਉਸਨੇ ਇੰਨੇ ਗੁੱਸੇ ਨਾਲ ਕਿਹਾ ਕਿ ਕਾਂਗਰਸ ਮੰਡਲੀ ਦੇ ਦੋਵੇਂ ਮੁਸਲਮਾਨ ਹੀਣਤਾ ਮਹਿਸੂਸ ਕਰਨ ਲੱਗੇ।

"ਮੌਲਾਨਾ ਆਜ਼ਾਦ ਕੀ ਹਿੰਦੂ ਹਨ ਜਾਂ ਮੁਸਲਮਾਨ? ਬਜ਼ੁਰਗ ਨੇ ਕਿਹਾ। ਉਹ ਤਾਂ ਕਾਂਗਰਸ ਦੇ ਪ੍ਰੈਜ਼ੀਡੈਂਟ ਹਨ।`

ਮੌਲਾਨਾ ਆਜ਼ਾਦ ਹਿੰਦੂਆਂ ਦਾ ਸਭ ਤੋਂ ਵੱਡਾ ਕੁੱਤਾ ਹੈ। ਗਾਂਧੀ ਦੇ ਪਿੱਛੇ ਪੂਛ ਹਿਲਾਉਂਦਾ ਫਿਰਦਾ ਹੈ ਜਿਵੇਂ ਇਹ ਕੁੱਤੇ ਤੁਹਾਡੇ ਪਿੱਛੇ ਪੂਛ ਹਿਲਾਉਂਦੇ ਫਿਰਦੇ ਹਨ।"

ਇਸਤੇ ਬਜ਼ੁਰਗ ਬੜੇ ਧੀਰਜ ਨਾਲ ਬੋਲੇ :

"ਆਜ਼ਾਦੀ ਸਭ ਲਈ ਹੈ। ਸਾਰੇ ਹਿੰਦੁਸਤਾਨ ਲਈ ਹੈ।”

''ਹਿੰਦੁਸਤਾਨ ਦੀ ਆਜ਼ਾਦੀ ਹਿੰਦੂਆਂ ਲਈ ਹੋਵੇਗੀ, ਆਜ਼ਾਦ ਪਾਕਿਸਤਾਨ ਵਿਚ ਹੀ ਮੁਸਲਮਾਨ ਆਜ਼ਾਦ ਹੋਣਗੇ।” ਤਦੇ ਗਾਨ ਮੰਡਲੀ ਵਿਚੋਂ ਇਕ ਪਤਲਾ-ਪਤੰਗ ਸਰਦਾਰ ਮੈਲੇ-ਕੁਚੈਲੇ ਕੱਪੜੇ ਪਹਿਨੇ ਅਤੇ ਕੱਛ ਵਿਚ ਬੈਂਤ ਦਬਾਈ ਅੱਗੇ ਵੱਧ ਆਇਆ, ਅਤੇ ਚਿੱਲਾ ਕੇ ਬੋਲਿਆ

''ਪਾਕਿਸਤਾਨ ਮੇਰੀ ਲਾਸ਼ ਤੇ।"

ਇਸ ਤੇ ਕਾਂਗਰਸ ਮੰਡਲੀ ਦੇ ਲੋਕ ਹੱਸਣ ਲੱਗੇ।

"ਚੁੱਪ ਓਏ ਚੁੱਪ।” ਕਿਸੇ ਨੇ ਉਸਨੂੰ ਚੁੱਪ ਕਰਾਉਣ ਲਈ ਕਿਹਾ। ਨੱਥੂ ਨੂੰ ਵੀ ਉਸਦੀ ਤਿੱਖੀ ਖਰ੍ਹਵੀ ਆਵਾਜ਼ ਸੁਣ ਕੇ ਅਜੀਬ ਜਿਹਾ ਲੱਗਿਆ ਸੀ। ਲੋਕਾਂ ਨੂੰ ਹੱਸਦਾ ਵੇਖ ਉਸਨੇ ਸਮਝ ਲਿਆ ਕਿ ਇਹ ਕੋਈ ਸਨਕੀ ਆਦਮੀ ਹੋਵੇਗਾ।

ਪਰ ਉਹ ਬੋਲੀ ਜਾ ਰਿਹਾ ਸੀ :

"ਗਾਂਧੀ ਜੀ ਦਾ ਫਰਮਾਨ ਹੈ ਕਿ ਪਾਕਿਸਤਾਨ ਉਨ੍ਹਾਂ ਦੀ ਲਾਸ਼ ਤੋਂ ਬਣੇਗਾ। ਮੈਂ ਪਾਕਿਸਤਾਨ ਨਹੀਂ ਬਣਨ ਦਿਆਂਗਾ।"

ਲੋਕ ਫਿਰ ਹੱਸਣ ਲੱਗੇ। "ਗੁੱਸਾ ਥੁੱਕ ਦੇ ਜਰਨੈਲ।"

''ਬਸ, ਬਸ, ਜਰਨੈਲ, ਕਦੇ ਚੁੱਪ ਵੀ ਰਿਹਾ ਕਰ" ਬਖਸ਼ੀ ਜੀ ਨੇ ਕਿਹਾ।

ਇਸ ਤੇ ਜਰਨੈਲ ਨੂੰ ਗੁੱਸਾ ਚੜ੍ਹ ਗਿਆ ਅਤੇ ਉਹ ਬੋਲਿਆ :

"ਮੈਨੂੰ ਕੋਈ ਚੁੱਪ ਨਹੀਂ ਕਰਾ ਸਕਦਾ। ਮੈਂ ਨੇਤਾ ਜੀ ਸੁਭਾਸ਼ ਬੋਸ ਦੀ ਫੌਜ ਦਾ ਆਦਮੀ ਹਾਂ। ਮੈਂ ਸਭ ਨੂੰ ਜਾਣਦਾ ਹਾਂ। ਤੁਹਾਨੂੰ ਵੀ ਜਾਣਦਾ ਹਾਂ ...

ਲੋਕ ਹੱਸਣ ਲੱਗੇ।

ਪਰ ਜਦ ਗਾਨ ਮੰਡਲੀ ਅੱਗੇ ਵਧਣ ਲੱਗੀ ਤਾਂ ਰੂਮੀ ਟੋਪੀ ਵਾਲੇ ਨੇ ਰਸਤਾ ਰੋਕ ਲਿਆ :

''ਤੁਸੀਂ ਇਧਰੋਂ ਨਾ ਜਾਓ, ਇਹ ਮੁਸਲਮਾਨਾਂ ਦਾ ਮੁਹੱਲਾ ਹੈ।"

"ਕਿਉਂ ?" ਬਜ਼ੁਰਗ ਬੋਲਿਆ, "ਤੁਸੀਂ ਸਾਰੇ ਸ਼ਹਿਰ ਵਿਚ ਪਾਕਿਸਤਾਨ ਦੇ ਨਾਰੇ ਲੱਗਾਉਂਦੇ ਹੋ, ਕੋਈ ਤੁਹਾਨੂੰ ਰੋਕਦਾ ਹੈ, ਅਸੀਂ ਤਾਂ ਸਿਰਫ਼ ਦੇਸ਼ ਪਿਆਰ ਦੇ ਗੀਤ ਗਾ ਰਹੇ ਹਾਂ।"

ਇਸ ਤੇ ਰੂਮੀ ਟੋਪੀ ਵਾਲਾ ਕੁਝ ਢਲ ਗਿਆ ਪਰ ਬੋਲਿਆ :

''ਤੁਸੀਂ ਜਾਣਾ ਚਾਹੁੰਦੇ ਹੋ ਤਾਂ ਜਾਓ, ਪਰ ਅਸੀਂ ਇਨ੍ਹਾਂ ਕੁੱਤਿਆਂ ਨੂੰ ਤਾਂ ਆਪਣੇ ਮੁਹੱਲੇ ਵਿਚ ਨਹੀਂ ਵੜਨ ਦਿਆਂਗੇ।" ਅਤੇ ਉਸਨੇ ਫਿਰ ਦੋਵੇਂ ਬਾਹਵਾਂ ਫੈਲਾ ਦਿੱਤੀਆਂ ਜਿਵੇਂ ਗਲੀ ਦਾ ਰਸਤਾ ਫਿਰ ਰੋਕ ਰਿਹਾ ਹੋਵੇ।

ਤਦੇ ਨੱਥੂ ਨੇ ਵੇਖਿਆ ਰੂਮੀ ਟੋਪੀ ਵਾਲੇ ਤੋਂ ਥੋੜਾ ਹਟ ਕੇ ਪਿਛਲੇ ਪਾਸੇ ਮੁਰਾਦ ਅਲੀ ਖੜਾ ਸੀ। ਉਸਨੂੰ ਵੇਖਦੇ ਹੀ ਨੱਥੂ ਦੇ ਸਾਰੇ ਸਰੀਰ ਵਿਚ ਝੁਣਝੁਣੀ ਦੌੜ ਗਈ। ਇਹ ਕਿਥੋਂ ਪਹੁੰਚ ਗਿਆ ਹੈ ? ਨੱਥੂ ਕੰਧ ਦੇ ਨਾਲ ਨਾਲ ਸਰਕਦਾ ਹੋਇਆ ਗਾਨ ਮੰਡਲੀ ਦੇ ਪਿਛੇ ਹੋ ਗਿਆ ਮੁਰਾਦ ਅਲੀ ਨੇ ਕਿਤੇ ਵੇਖ ਤਾਂ ਨਹੀਂ ਲਿਆ? ਗਾਨ ਮੰਡਲੀ ਦੇ ਮੈਂਬਰਾਂ ਦੇ ਪਿਛੇ ਖੜਾ ਉਹ ਸਚ ਮੁੱਚ ਲੁਕ ਗਿਆ ਸੀ। ਇਥੋਂ ਉਸਨੂੰ ਮੁਰਾਦ ਅਲੀ ਵੀ ਨਜ਼ਰ ਨਹੀਂ ਆ ਰਿਹਾ ਸੀ ਕੁਝ ਦੇਰ ਚੁੱਪ ਚਾਪ

ਖੜਾ ਰਹਿਣ ਪਿਛੋਂ ਉਸਨੇ ਸਿਰ ਟੇਢਾ ਕਰਕੇ ਵੇਖਿਆ। ਮੁਰਾਦ ਅਲੀ ਉਥੇ ਹੀ ਖਲੋਤਾ ਸੀ ਅਤੇ ਦੂਰੋਂ ਬਹਿਸ ਵਿਚ ਉਲਝੇ ਲੋਕਾਂ ਦੀਆਂ ਗੱਲਾਂ ਸੁਣ ਰਿਹਾ ਸੀ।

ਨੱਥੂ ਹੌਲੀ ਹੌਲੀ ਪਿਛਾਂਹ ਨੂੰ ਸਰਕਣ ਲੱਗਾ। ਜਦ ਤਕ ਇਹ ਲੋਕ ਬਹਿਸ ਵਿਚ ਉਲਝੇ ਰਹਿਣਗੇ ਮੁਰਾਦ ਅਲੀ ਵੀ ਸ਼ਾਇਦ ਉਥੇ ਬੁਤ ਬਣਿਆ ਖੜਾ ਰਹੇਗਾ। ਇਹੋ ਮੌਕਾ ਹੈ ਇਥੋਂ ਨਿਕਲ ਕੇ ਦੌੜਨ ਦਾ। ਜੇ ਮੁਰਾਦ ਅਲੀ ਨੇ ਵੇਖ ਲਿਆ ਹੈ ਤਾਂ ਉਹ ਜ਼ਰੂਰ ਡੇਰੇ ਤੇ ਪਹੁੰਚ ਜਾਏਗਾ ਅਤੇ ਜਵਾਬ-ਤਲਬੀ ਕਰੇਗਾ। ਕੁਝ ਦੂਰ ਤਕ ਸਰਕਦੇ ਰਹਿਣ ਤੇ ਨੱਥੂ ਨੇ ਅਚਾਨਕ ਪਿੱਠ ਮੋੜੀ ਅਤੇ ਤੇਜ਼ ਚੱਲਣ ਲੱਗਾ ਅਤੇ ਛੇਤੀ ਨਾਲ ਗਲੀ ਦਾ ਮੋੜ ਮੁੜਕੇ ਅੱਖਾਂ ਤੋਂ ਉਹਲੇ ਹੋ ਗਿਆ ਅਤੇ ਸਰਪਟ ਦੌੜਨ ਲੱਗਾ।

***

## ਚਾਰ

ਟਿੱਲੇ ਦੇ ਉਪਰ ਪਹੁੰਚ ਕੇ ਦੋਹਾਂ ਨੇ ਆਪਣੇ ਘੋੜੇ ਰੋਕ ਲਏ। ਸਾਹਮਣੇ ਦੂਰ ਤਕ ਚੌੜੀ ਘਾਟੀ ਫੈਲੀ ਹੋਈ ਸੀ ਜੋ ਪਹਾੜਾਂ ਦੇ ਦਾਮਨ ਤਕ ਚਲੀ ਗਈ ਸੀ। ਲੱਗਦਾ ਦੂਰ ਖਿਤਿਜ ਤੇ ਸਤਰੰਗੀ ਧੂੜ ਉਡ ਰਹੀ ਹੈ। ਵਿਸ਼ਾਲ ਮੈਦਾਨ, ਕਿਤੇ ਕਿਤੇ ਛੋਟੀਆਂ ਛੋਟੀਆਂ ਪਹਾੜੀਆਂ ਅਤੇ ਉਨ੍ਹਾਂ ਉਤੇ ਸਾਫ਼ ਨੀਲਾ ਆਕਾਸ਼ ਜਿਸਦੀਆਂ ਪਾਰਦਰਸ਼ੀ ਉਚਾਈਆਂ ਵਿਚ ਚੀਜ਼ਾਂ ਤਰ ਰਹੀਆਂ ਸਨ। ਖੱਬੇ ਬੰਨੇ ਉੱਚਾ ਪਹਾੜ ਸੀ ਜਿਸਨੂੰ ਨੀਲੇ ਆਕਾਸ਼ ਨੇ ਢੱਕਿਆ ਹੋਇਆ ਸੀ। ਪਹਾੜ ਦੀ ਉਚਾਈ ਪੱਛਮ ਵੱਲ ਢਲਦੀ ਢਲਦੀ ਇੰਨੀ ਘੱਟ ਹੋ ਗਈ ਸੀ ਕਿ ਮੈਦਾਨਾਂ ਨੂੰ ਛੂਹਣ ਲੱਗੀ ਸੀ। ਸੱਜੇ ਬੰਨੇ ਦੂਰੀਆਂ ਦੇ ਧੁੰਧਲਕੇ ਵਿਚ ਲਾਲ ਪਹਾੜੀਆਂ ਦੇ ਝਾਉਲੇ ਪੈ ਰਹੇ ਸਨ।

ਸੂਰਜ ਚੜ੍ਹਨ ਵੇਲੇ ਦੇ ਇਸ ਦ੍ਰਿਸ਼ ਨੂੰ ਵਿਖਾਉਣ ਲਈ ਹੀ ਰਿਚਰਡ ਆਪਣੀ ਪਤਨੀ ਨੂੰ ਲੈ ਕੇ ਆਇਆ ਸੀ ਉਸਨੇ ਮੁੜ ਕੇ ਲੀਜ਼ਾ ਦੇ ਚਿਹਰੇ ਵੱਲ ਵੇਖਿਆ। ਇਸ ਨਜ਼ਾਰੇ ਨੂੰ ਵੇਖ ਕੇ ਉਸ ਉਤੇ ਕਿਹੋ ਜਿਹਾ ਪ੍ਰਭਾਵ ਪਿਆ ਹੋਵੇਗਾ, ਉਹ ਵੇਖਣਾ ਚਾਹੁੰਦਾ ਸੀ। ਇਸ ਸੁਹਾਣੇ ਦ੍ਰਿਸ਼ ਨੂੰ ਉਹ ਇਸ ਢੰਗ ਨਾਲ ਲੀਜ਼ਾ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਸੀ ਜਿਵੇਂ ਇੰਨੇ ਦਿਨਾਂ ਤਕ ਉਸਨੇ ਇਸਨੂੰ ਇਕ ਤੋਹਫੇ ਵਾਂਗ ਸੰਭਾਲ ਕੇ ਰੱਖਿਆ ਹੋਵੇ।

ਸਵੇਰ ਦੀ ਸੁਹਾਵਣੀ ਹਵਾ ਵਿਚ ਲੀਜ਼ਾ ਦੇ ਸੁਨਹਿਰੇ ਵਾਲ ਹੌਲੀ ਹੌਲੀ ਉਡ ਰਹੇ ਸਨ। ਉਸਦੀਆਂ ਨੀਲੀਆਂ ਅੱਖਾਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਸ਼ੋਭਾ ਤੇ ਚਮਕ ਸੀ। ਕੇਵਲ ਅੱਖਾ ਹੇਠਾਂ ਹਲਕੇ ਹਲਕੇ ਗੂਮੜ ਬਣਨ ਲੱਗੇ ਸਨ, ਜੋ ਊਭ ਦੇ ਕਾਰਣ, ਜ਼ਿਆਦਾ ਬੀਅਰ ਪੀਣ ਅਤੇ ਦੇਰ ਤਕ ਸੁੱਤੇ ਰਹਿਣ ਕਾਰਣ ਪੈਦਾ ਹੋ ਗਏ ਸਨ।

ਲੀਜ਼ਾ ਨੂੰ ਖੁਸ਼ ਕਰਨ ਲਈ ਹੀ ਉਹ ਇਥੇ ਲਿਆਇਆ ਸੀ। ਇਸ ਵਾਰ ਲਗਭਗ ਛੇ ਮਹੀਨੇ ਪਿਛੋਂ ਲੀਜ਼ਾ ਵਿਲਾਇਤ ਤੋਂ ਪਰਤੀ ਸੀ, ਅਤੇ ਰਿਚਰਡ ਨਹੀਂ ਚਾਹੁੰਦਾ ਸੀ ਕਿ ਪੁਰਾਣੀ  ਕਹਾਣੀ ਫਿਰ ਦੁਹਰਾਈ ਜਾਵੇ ਅਤੇ ਲੀਜ਼ਾ ਨਵੀਂ ਜਗ੍ਹਾ ਤੋਂ ਫਿਰ ਉਕਤਾਉਣ ਲਈ ਅਤੇ ਪਰੇਸ਼ਾਨ ਹੋ ਕੇ ਫਿਰ ਵਿਲਾਇਤ ਪਰਤ ਜਾਵੇ। ਜੇ ਲੀਜ਼ਾ ਨੂੰ ਇਹ ਸ਼ਹਿਰ ਪਸੰਦ ਨਾ ਆਇਆ ਤਾਂ ਇਥੋਂ ਦਾ ਨਿਵਾਸ ਦੋਹਾਂ ਲਈ ਨਰਕ ਬਣ ਜਾਵੇਗਾ। ਉਹ ਦਿਨ ਭਰ ਦਫ਼ਤਰ ਵਿਚੋਂ ਕੰਮ ਕਰਨ ਪਿਛੋਂ ਪਰਤੇਗਾ ਤਾਂ ਦੋਵੇਂ ਇਕ ਦੂਸਰੇ ਨੂੰ ਕੋਸਣਾ ਸ਼ੁਰੂ ਕਰ ਦੇਣਗੇ।

ਰਿਚਰਡ ਨੇ ਆਪਣੇ ਮਨ ਵਿਚ ਪੱਕਾ ਇਰਾਦਾ ਕਰ ਲਿਆ ਸੀ ਕਿ ਸਵੇਰ ਦਾ ਸਮਾਂ ਉਹ ਲੀਜ਼ਾ ਦੇ ਨਾਲ ਬਿਤਾਇਆ ਕਰੇਗਾ। ਇਸੇ ਕਾਰਣ ਪਿਛਲੇ ਇਕ ਹਫ਼ਤੇ ਤੋਂ ਜਦ ਤੋਂ ਲੀਜ਼ਾ ਆਈ ਸੀ, ਉਹ ਕਦੇ ਠੰਢੀ ਸੜਕ ਤੇ, ਕਦੀਂ ਟੌਮੀ ਪਾਰਕ ਵਿਚ ਅਤੇ ਕਦੀ ਘੋੜ ਸਵਾਰੀ ਲਈ ਉਸਨੂੰ ਬਾਹਰ ਲੈ ਜਾਂਦਾ ਰਿਹਾ ਸੀ। ਆਪਣੀ ਵਲੋਂ ਲੀਜ਼ਾ ਵੀ ਪੂਰੀ ਕੋਸ਼ਿਸ ਕਰ ਰਹੀ ਸੀ ਕਿ ਉਹ ਵੀ ਰਿਚਰਡ ਦੀਆਂ ਰੁਚੀਆਂ ਵਿਚ ਰੁਚੀ ਲੈਣ ਲੱਗੇ ਅਤੇ ਜੀਅ ਲਾਈ ਰਖੇ। ਜ਼ਿਲੇ ਦੇ ਡਿਪਟੀ ਕਮਿਸ਼ਨਰ ਦੀ ਪਤਨੀ ਦੇ ਨਾਤੇ ਲੀਜ਼ਾ ਇਕੱਲੀ ਵੀ ਛਾਉਣੀ-ਸਦਰ ਵਿਚ ਘੁੰਮਦੀ ਤਾਂ ਦੇਸੀ ਲੋਕ ਉਠ ਉਠ ਕੇ ਸਲਾਮਾਂ ਕਰਦੇ ਸਨ, ਭੱਜ ਭੱਜ ਕੇ ਉਸ ਦੇ ਹੁਕਮ ਦੀ ਪਾਲਣਾ ਕਰਦੇ ਸਨ, ਪਰ ਕੋਈ ਕਿਥੋਂ ਤਕ ਇਕੱਲਾ ਘੁੰਮ ਸਕਦਾ ਹੈ ਅਤੇ ਡਿਪਟੀ ਕਮਿਸ਼ਨਰ ਦਾ ਸਮਾਂ ਆਪਣਾ ਸਮਾਂ ਨਹੀਂ ਹੁੰਦਾ। ਇਸ ਲਈ ਦੋਹਾਂ ਨੂੰ ਮਨ ਹੀ ਮਨ ਵਿਚ ਅੰਦਰ ਹੀ ਅੰਦਰ ਇਸ ਗੱਲ ਦਾ ਖਟਕਾ ਵੀ ਸੀ ਕਿ ਇਉਂ ਜ਼ਿਆਦਾ ਦੇਰ ਚਲ ਵੀ ਸਕੇਗਾ ਜਾਂ ਨਹੀਂ, ਚਾਹੁੰਦੇ ਹੋਏ ਵੀ ਨਿਭੇਗੀ ਜਾ ਨਹੀਂ।

"ਬਹੁਤ ਸੁੰਦਰ ਹੈ", ਲੀਜ਼ਾ ਬੋਲੀ, "ਔਹ ਸਾਹਮਣੇ ਪਹਾੜ ਕਿਹੜਾ ਹੈ? ਕੀ ਇਥੋਂ ਹੀ ਹਿਮਾਲਾ ਦੇ ਪਹਾੜ ਸ਼ੁਰੂ ਹੋ ਜਾਂਦੇ ਹਨ ?"

"ਹਾਂ ਇਹੋ ਸਮਝੋ", ਰਿਚਰਡ ਨੇ ਖੁਸ਼ ਹੋ ਕੇ ਕਿਹਾ "ਅਤੇ ਇਹ ਘਾਟੀ ਅੱਗੇ ਚਲ ਕੇ ਉੱਚੇ ਪਹਾੜਾਂ ਵਿਚ ਸੈਂਕੜੇ ਮੀਲ ਦੂਰ ਤਕ ਚਲੀ ਗਈ ਹੈ।"

"ਕਿੰਨੀ ਸੁੰਨਸਾਨ ਜਿਹੀ ਘਾਟੀ ਹੈ'' ਲੀਜ਼ਾ ਬੁੜ ਬੁੜਾਈ।

'ਨਹੀਂ ਲੀਜ਼ਾ, ਇਹ ਬੜੀ ਇਤਿਹਾਸਕ ਘਾਟੀ ਹੈ। ਹਿੰਦੁਸਤਾਨ ਵਿਚ ਆਉਣ ਵਾਲੇ ਸਾਰੇ ਹਮਲਾਵਰ ਇਸੇ ਰਸਤੇ ਤੋਂ ਆਏ ਸਨ। ਮੱਧ ਏਸ਼ੀਆ ਤੋਂ ਆਉਣ ਵਾਲੇ ਵੀ ਅਤੇ ਮੰਗੋਲੀਆਂ ਤੋਂ ਆਉਣ ਵਾਲੇ ਵੀ।" ਰਿਚਰਡ ਦਾ ਉਤਸਾਹ ਵੱਧ ਰਿਹਾ ਸੀ, "ਸਿਕੰਦਰ ਵੀ ਇਸੇ ਰਸਤੇ ਹਿੰਦੁਸਤਾਨ ਵਿਚ ਆਇਆ ਸੀ। ਅੱਗੇ ਜਾ ਕੇ ਘਾਟੀ ਦੇ ਰਸਤਿਆਂ ਵਿਚ ਵੰਡੀ ਗਈ ਹੈ, ਇਕ ਰਸਤਾ ਤਿਬਤ ਵੱਲ ਚਲਾ ਗਿਆ ਹੈ ਅਤੇ ਦੂਸਰਾ ਅਫਗਾਨਿਸਤਾਨ ਵੱਲ। ਇਸੇ ਰਸਤੇ ਤੋਂ ਸੌਦਾਗਰ ਲੋਕ ਵੀ ਅਤੇ ਬੁੱਧ-ਧਰਮ ਦੇ ਪ੍ਰਚਾਰਕ ਵੀ ਦੂਰ ਦੂਰ ਤਕ ਜਾਂਦੇ ਸਨ। ਬੜਾ ਇਤਿਹਾਸਕ ਇਲਾਕਾ ਹੈ। ਮੈਂ ਤਾਂ ਪਿਛਲੇ ਮਹੀਨੇ ਭਰ ਤੋਂ ਇਸ ਵਿਚ ਘੁੰਮ ਰਿਹਾ ਹਾਂ। ਇਤਿਹਾਸਕਾਰ ਲਈ ਇਹ ਇਲਾਕਾ ਬਹੁਮੁੱਲਾ ਹੈ। ਥਾਂ ਪਰ ਥਾਂ ਪੁਰਾਣੀਆਂ ਇਮਾਰਤਾਂ ਦੇ ਖੰਡਰ ਹਨ, ਕਿਲੇ, ਬੁੱਧ-ਵਿਹਾਰ ਸਰਾਂਵਾਂ....... "

" ਤੂੰ ਤਾਂ ਰਿਚਰਡ ਇਉ ਗੱਲਾਂ ਕਰ ਰਿਹਾ ਹੈਂ ਜਿਵੇਂ ਇਹ ਤੇਰਾ ਆਪਣਾ ਦੇਸ ਹੋਵੇ।" ਲੀਜ਼ਾ ਨੇ ਹੱਸ ਕੇ ਕਿਹਾ।

''ਦੇਸ਼ ਆਪਣਾ ਨਹੀਂ ਹੈ ਲੀਜ਼ਾ, ਪਰ ਇਤਿਹਾਸ ਦਾ ਵਿਸ਼ਾ ਤਾਂ ਆਪਣਾ ਹੈ।" ਰਿਚਰਡ ਨੇ ਮੁਸਕਰਾ ਕੇ ਕਿਹਾ। ਫਿਰ ਘੋੜ ਸਵਾਰੀ ਦਾ ਬੈਂਤ ਪਹਾੜ ਵੱਲ ਦਿਖਾਉਂਦੇ ਹੋਏ ਬੋਲਿਆ।

'' ਉਸ ਪਹਾੜ ਦੇ ਪਿਛੇ ਲਗਭਗ ਸਤਾਰਾਂ ਮੀਲ ਦੀ ਦੂਰੀ ਤੇ ਟੈਕਸਲਾਂ ਦੇ ਖੰਡਰ ਹਨ। ਟੈਕਸਲ ਜਾਣਦੀ ਹੈ ਨਾ ?"

"ਹਾਂ, ਨਾਂ ਸੁਣਿਆ ਹੈ।"

"ਉਥੇ ਕਿਸੇ ਜ਼ਮਾਨੇ ਵਿਚ ਬਹੁਤ ਵੱਡੀ ਯੂਨੀਵਰਸਿਟੀ ਹੋਇਆ ਕਰਦੀ ਸੀ।"

ਲੀਜ਼ਾ ਮੁਸਕਰਾ ਪਈ। ਉਹ ਸਮਝ ਗਈ ਕਿ ਰਿਚਰਡ ਹੁਣ ਘਾਟੀ ਦਾ ਸਾਰਾ ਇਤਿਹਾਸ ਸੁਣਾਏਗਾ। ਉਸਨੂੰ ਰਿਚਰਡ ਦਾ ਉਤਸਾਹ ਚੰਗਾ ਲੱਗਿਆ। ਰਿਚਰਡ ਸੁਕੇ ਪੱਥਰਾਂ ਬਾਰੇ ਵੀ ਬੜੇ ਉਤਸਾਹ ਨਾਲ ਗੱਲਾਂ ਕਰ ਸਕਦਾ ਹੈ, ਇਸ ਵਿਚ ਬੱਚਿਆਂ ਵਰਗਾ ਕੌਤੂਹਲ ਹੈ। ਡਿਪਟੀ ਕਮਿਸ਼ਨਰ ਹੋਣ ਦੇ ਬਾਵਜੂਦ ਇਕ ਪ੍ਰਕਾਰ ਦਾ ਭੋਲਾਪਣ ਹੈ। ਕਾਸ਼ ਕਿ ਉਹ ਵੀ ਇਨ੍ਹਾ ਗੱਲਾਂ ਵਿਚ ਦਿਲਚਸਪੀ ਲੈ ਸਕਦੀ।

''ਉਥੇ ਇਕ ਮਿਊਜ਼ੀਅਮ ਵੀ ਹੈ, ਤੈਨੂੰ ਚੰਗਾ ਲਗੇਗਾ। ਉਥੋਂ ਮੈਂ ਕੁਝ ਦਿਨ ਹੋਏ ਗੌਤਮ ਬੁੱਧ ਦਾ ਇਕ ਬੁਤ ਲਿਆਇਆ ਹਾਂ।"

"ਕਿਉਂ ਪਹਿਲਾਂ ਤੁਹਾਡੇ ਕੋਲ ਘੱਟ ਬੁਤ ਹਨ ਜੋ ਇਕ ਹੋਰ ਚੁੱਕ ਲਿਆਏ ਹੋ?"

"ਉਥੇ ਨੇੜੇ ਹੀ ਖੁਦਾਈ ਹੋ ਰਹੀ ਸੀ। ਬਹੁਤ ਸਾਰੇ ਬੁੱਤ ਮਿਲੇ ਹਨ। ਕਿਉਰੇਟਰ ਨੇ ਇਕ ਬੁੱਤ ਮੈਨੂੰ ਭੇਂਟ ਕੀਤਾ ਹੈ।

ਲੀਜ਼ਾ ਦੀਆਂ ਅੱਖਾਂ ਸਾਹਵੇਂ ਬੰਗਲੇ ਦਾ ਉਹ ਕਮਰਾ ਘੁੰਮ ਗਿਆ ਜਿਸ ਵਿਚ ਰਿਚਰਡ ਨੇ ਤਰ੍ਹਾਂ ਤਰ੍ਹਾਂ ਦੇ ਬੁੱਤ ਅਤੇ ਭਾਰਤੀ ਲੋਕ ਕਲਾ ਦੇ ਨਮੂਨੇ ਸਜਾ ਰੱਖੇ ਸਨ, ਅਤੇ ਅਲਮਾਰੀਆ ਵਿਚ ਕਿਤਾਬਾਂ ਤੁੜੀਆਂ ਹੋਈਆਂ ਸਨ। ਇਹੀ ਧੁਨ ਇਸਨੂੰ ਕੀਨੀਆ ਵਿਚ ਵੀ ਸਵਾਰ ਰਹਿੰਦੀ ਸੀ। ਉਥੇ ਅਫਰੀਕਾ ਦੀ ਲੋਕ ਕਲਾ ਦੇ ਨਮੂਨੇ ਇਕੱਠੇ ਕਰਦਾ ਰਹਿੰਦਾ ਸੀ, ਕਈ ਤਰ੍ਹਾਂ ਦੇ ਤੀਰ ਕਮਾਨ, ਮਣਕੇ ਪੰਛੀਆਂ ਦੇ ਪਰ, ਟੋਟਮ ਅਤੇ ਇਥੇ ਬੁਤ ਇਕੱਠੇ ਕਰਦਾ ਰਹਿੰਦਾ ਹੈ।

ਲੀਜ਼ਾ ਦਾ ਧਿਆਨ ਫਿਰ ਆਸ ਪਾਸ ਦੇ ਦ੍ਰਿਸ਼ ਵੱਲ ਗਿਆ। ਖੱਬੇ ਬੰਨੇ ਹੇਠਾਂ ਛੋਟੇ ਛੋਟੇ ਰੁੱਖਾਂ ਦਾ ਘਣਾ ਜੰਗਲ ਸੀ। ਉਸੇ ਵਿਚੋਂ ਘੋੜੇ ਚਲਾਉਂਦੇ ਹੋਏ ਉਹ ਟਿੱਲੇ ਤੋਂ

ਉੱਪਰ ਆਏ ਸਨ। ਜੰਗਲ ਵਿਚੋਂ ਨਿਕਲ ਕੇ ਟਿਲੇ ਦੇ ਉਪਰ ਆਉਣ ਤੇ ਦ੍ਰਿਸ਼ ਖੁੱਲ੍ਹ ਗਿਆ ਸੀ। ਸੱਜੇ ਬੰਨੇ ਛੋਟੇ ਛੋਟੇ ਟਿਲੇ ਸਨ ਅਤੇ ਉਨ੍ਹਾਂ ਦੇ ਅੱਗੇ ਮੈਦਾਨ ਸੀ ਜੋ ਫੈਲ ਕੇ ਦੂਰ ਧੁੰਦਲਕੇ ਵਿਚ ਸਪੱਸ਼ਟ ਦਿਖਾਈ ਨਹੀਂ ਦਿੰਦਾ ਸੀ।

ਇਥੋਂ ਦੀ ਮਿੱਟੀ ਕਿਹੋ ਜਿਹੀ ਹੈ, ਲਾਲ ਲਾਲ ਰੰਗ ਦੀ? ਲੀਜ਼ਾ ਟਿਲੇ ਵੱਲ ਵੇਖਦੀ ਹੋਈ ਬਦਬਦਾਈ। ਫਿਰ ਰਿਚਰਡ ਵੱਲ ਮੁੜ ਕੇ ਬੋਲੀ, "ਸੜਕ ਕਿੱਥੇ ਹੈ ? ਜਾਂ ਕੀ ਅਸੀਂ ਜੰਗਲ ਦੇ ਰਸਤੇ ਹੀ ਵਾਪਿਸ ਜਾਵਾਂਗੇ ?" ਫਿਰ ਮਜ਼ਾਕ ਦੇ ਲਹਿਜੇ ਵਿਚ ਬੋਲੀ, "ਉਹ ਸੜਕ ਤਾਂ ਦਿਖਾਓ ਜਿਸ ਤੋਂ ਸਿਕੰਦਰ ਹਿੰਦੁਸਤਾਨ ਆਇਆ ਸੀ।"

"ਉਨ੍ਹੀਂ ਦਿਨੀਂ ਪੱਕੀਆਂ ਸੜਕਾਂ ਨਹੀਂ ਸਨ, ਲੀਜ਼ਾ। ਪਰੰਤੂ ਇਕ ਪੁਰਾਣੀ ਸੜਕ ਲਗਭਗ ਚਾਰ ਸੌ ਸਾਲ ਪੁਰਾਣੀ ਸੜਕ—ਲਗਭੱਗ ਚਾਰ ਸੌ ਸਾਲ ਪੁਰਾਣੀ—ਉਸ ਟਿੱਲੇ ਦੇ ਪਿਛੋਂ ਹੋ ਕੇ ਚਲੀ ਗਈ ਹੈ।

ਲੀਜ਼ਾ ਨੇ ਰਿਚਰਡ ਵੱਲ ਵੇਖਿਆ। ਮੋਟੇ ਫਰੇਮ ਦੀਆਂ ਐਨਕਾਂ ਦੇ ਹੇਠਾਂ ਰਿਚਰਡ ਦੇ ਚਿਹਰੇ ਦਾ ਹੇਠਲਾ ਹਿੱਸਾ ਬੜਾ ਨਾਜ਼ਕ ਜਿਹਾ ਲੱਗਦਾ ਸੀ। ਲੀਜ਼ਾ ਦਾ ਜੀ ਕੀਤਾ ਕਿ ਰਿਚਰਡ ਉਸ ਇਲਾਕੇ ਦੇ ਪੱਥਰਾਂ ਖੰਡਰਾਂ ਦੀ ਚਰਚਾ ਛੱਡ ਕੇ ਉਸ ਨਾਲ ਲਾਡ ਪਿਆਰ ਦੀ ਗੱਲ ਕਰੇ। ਪਰ ਰਿਚਰਡ ਆਪਣੀ ਲਹਿਰ ਵਿਚ ਬੋਲੀ ਜਾ ਰਿਹਾ ਸੀ।

"ਇਸ ਇਲਾਕੇ ਦੇ ਲੋਕ ਵੀ ਬਹੁਤ ਪੁਰਾਣੇ ਜ਼ਮਾਨੇ ਤੋਂ ਸੈਂਕੜੇ ਸਾਲਾਂ ਤੋਂ ਇਥੇ ਵੱਸੇ ਹੋਏ ਹਨ।" ਫਿਰ ਲੀਜ਼ਾ ਵੱਲ ਘੁੰਮ ਕੇ ਬੋਲਿਆ, "ਕੀ ਇਥੋਂ ਦੇ ਲੋਕਾਂ ਨੂੰ ਤੂੰ ਧਿਆਨ ਨਾਲ ਵੇਖਿਆ ਹੈ? ਇਕ ਹੀ ਨਸਲ ਦੇ ਲੋਕ ਹਨ। ਨੈਣ-ਨਕਸ਼ ਸਭ ਦੇ ਇਕੋ ਜਿਹੇ ਹਨ, ਇਕੋ ਤਰ੍ਹਾਂ ਦੇ ਨੱਕ, ਬੁਲ, ਚੌੜਾ ਉੱਚਾ ਮੱਥਾ, ਭੂਰੇ ਰੰਗ ਦੀਆਂ ਅੱਖਾਂ-ਇਥੋਂ ਦੇ ਲੋਕਾਂ ਦੀਆਂ ਅੱਖਾਂ ਭੂਰੇ ਰੰਗ ਦੀਆਂ ਹਨ—ਤੂੰ ਧਿਆਨ ਨਾਲ ਵੇਖਿਆ ਹੈ, ਲੀਜ਼ਾ ?"

"ਇਕ ਹੀ ਨਸਲ ਦੇ ਕਿਵੇਂ ਹੋ ਸਕਦੇ ਹਨ ਰਿਚਰਡ, ਜਦ ਕਿ ਤੁਸੀਂ ਕਹਿੰਦੇ ਹੋ ਕਿ ਇਸ ਰਸਤੇ ਤੋਂ ਕਈ ਤਰ੍ਹਾਂ ਦੇ ਲੋਕ ਆਉਂਦੇ ਰਹੇ ਹਨ।"

"ਨਹੀਂ, ਨਹੀਂ, ਲੀਜ਼ਾ ਇਹੋ ਗੱਲ ਤਾਂ ਲੋਕ ਭੁਲ ਜਾਂਦੇ ਹਨ।" ਰਿਚਰਡ ਦੀ ਆਵਾਜ਼ ਵਿਚ ਉਤੇਜਨਾ ਆ ਗਈ ਸੀ, ਜਿਵੇਂ ਉਹ ਆਪਣੀ ਕਿਸੇ ਖੋਜ ਨੂੰ ਪ੍ਰਮਾਣਿਤ ਕਰਨ ਜਾ ਰਿਹਾ ਹੋਵੇ। "ਜੋ ਲੋਕ ਮੱਧ ਏਸ਼ੀਆ ਤੋਂ ਸਭ ਤੋਂ ਪਹਿਲਾਂ ਇਥੇ ਆਏ, ਸਦੀਆਂ ਪਿਛੋਂ ਉਨ੍ਹਾਂ ਦੇ ਪੁਤ-ਪੋਤਰੇ ਹੋਰ ਦੇਸ਼ਾਂ ਤੋਂ ਇਧਰ ਆਏ। ਨਸਲ ਸਭ ਦੀ ਇਕੋ ਹੀ ਸੀ। ਉਹ ਲੋਕ ਜੋ ਆਰੀਆਂ ਅਖਵਾਉਂਦੇ ਸਨ ਅਤੇ ਹਜ਼ਾਰਾਂ ਸਾਲ ਪਹਿਲਾਂ ਇਥੇ ਆਏ, ਅਤੇ ਉਹ ਵੀ ਜੋ ਮੁਸਲਮਾਨ ਅਖਵਾਉਂਦੇ ਸਨ ਅਤੇ ਲੱਗਭਗ ਇਕ ਹਜ਼ਾਰ ਸਾਲ ਪਹਿਲਾਂ ਇਥੇ ਆਏ— ਇਕ ਹੀ ਨਸਲ ਦੇ ਲੋਕ ਸਨ। ਸਭ ਇਕ ਹੀ ਮੂਲ ਜਾਤੀ ਦੇ ਲੋਕ ਸਨ।"

"ਇਨ੍ਹਾਂ ਗਲਾਂ ਨੂੰ ਇਹ ਲੋਕ ਵੀ ਤਾਂ ਜਾਣਦੇ ਹੋਣਗੇ।"

'ਏਥੋਂ ਦੇ ਲੋਕ ਕੁਝ ਨਹੀਂ ਜਾਣਦੇ। ਇਹ ਉਹੋ ਕੁਝ ਜਾਣਦੇ ਹਨ ਜੋ ਅਸੀਂ ਇਨ੍ਹਾਂ ਨੂੰ ਦਸਦੇ ਹਾਂ।" ਫਿਰ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲਿਆ: "ਇਹ ਲੋਕ ਆਪਣੇ ਇਤਿਹਾਸ ਨੂੰ ਜਾਣਦੇ ਨਹੀਂ ਹਨ, ਇਹ ਕੇਵਲ ਉਸਨੂੰ ਜਿਉਂਦੇ ਹਨ।"

ਲੀਜ਼ਾ ਬੋਰ ਹੋਣ ਲੱਗੀ ਸੀ। ਰਿਚਰਡ ਤੇ ਕੋਈ ਧੁਨ ਸਵਾਰ ਹੋ ਜਾਵੇ ਤਾਂ ਉਹ ਸਭ ਕੁੱਝ ਭੁਲ ਜਾਂਦਾ ਸੀ। ਜਿੰਨਾ ਜਿਆਦਾ ਉਹ ਆਪਣੀ ਧੁਨ ਵਿਚ ਗਵਾਚ ਜਾਂਦਾ ਉਨਾਂ ਹੀ ਚੀਜ਼ਾਂ ਦੀ ਹੋਂਦ ਉਸਨੂੰ ਭੁੱਲ ਜਾਂਦੀ ਸੀ। ਆਪਣੀਆਂ ਕਿਤਾਬਾਂ ਵਿਚ ਗਵਾਚਾ ਹੋਇਆ ਰਿਚਰਡ ਜਾਂ ਤਾ ਡਿਪਟੀ ਕਮਿਸ਼ਨਰ ਸੀ ਜਾਂ ਫਿਰ ਇਤਿਹਾਸ ਦਾ ਖੋਜੀ। ਲੀਜ਼ਾ ਨੂੰ ਉਹ ਬਹੁਤ ਪਿਆਰ ਕਰਦਾ ਸੀ ਪਰ ਲੀਜ਼ਾ ਲਈ ਉਸ ਕੋਲ ਸਮਾਂ ਨਹੀਂ ਸੀ। ਘਰ ਵਿਚ ਅਲਮਾਰੀ ਦੇ ਸਾਹਮਣੇ ਖਲੋਤੇ ਖਲੋਤੇ ਕਿਸੇ ਕਿਤਾਬ ਦੇ ਪੰਨੇ ਪਲਟਣ ਲਗਦਾ ਤਾਂ ਉਸ ਵਿਚ ਗਵਾਚ ਜਾਂਦਾ ਸੀ। ਇਸੇ ਲਈ ਲੀਜ਼ਾ ਹੁਣ ਬੋਰ ਹੋਣ ਲੱਗਦੀ ਤਾਂ ਉਸਦੀ ਬੋਰੀਅਤ ਦਾ ਕੋਈ ਟਿਕਾਣਾ ਨਹੀਂ ਸੀ। ਹਰ ਚੀਜ਼ ਵਢਣ ਨੂੰ

ਦੌੜਦੀ ਸੀ, ਨੇਟਿਵ ਲੋਕ ਜ਼ਹਿਰ ਵਰਗੇ ਲਗਣ ਲਗਦੇ ਅਤੇ ਅੰਤ ਵਿਚ ਜਾਂ ਤਾਂ 'ਨਰਵਸ ਬ੍ਰੇਕ-ਡਾਉਨ ਦੀ ਸ਼ਿਕਾਰ ਹੋ ਜਾਂਦੀ ਜਾਂ ਫਿਰ ਛੇ ਮਹੀਨੇ ਸਾਲ ਲਈ ਵਲਾਇਤ ਪਰਤ ਜਾਂਦੀ ਸੀ।

"ਇਥੇ ਕੋਈ ਪਿਕਨਿਕ ਸਪਾਟ ਵੀ ਹੈ ?" ਲੀਜ਼ਾ ਨੇ ਰਿਚਰਡ ਦੀ ਗੱਲ ਕਟਦੇ ਹੋਏ ਪੁੱਛਿਆ।

ਰਿਚਰਡ ਨੂੰ ਧੱਕਾ ਜਿਹਾ ਲੱਗਾ, ਪਰ ਇਹ ਸਵਾਲ ਵੀ ਉਸ ਲਈ ਬਹੁਤ ਅਸੰਗਤ ਨਹੀਂ ਸੀ।

"ਬਹੁਤ ਹਨ" ਫਿਰ ਆਪਣੀ ਸੋਟੀ ਨਾਲ ਖੱਬੇ ਬੰਨੇ ਉੱਚੇ ਪਰਬਤ ਵੱਲ ਇਸ਼ਾਰਾ ਕਰਦਾ ਹੋਇਆ ਬੋਲਿਆ :

“ਉਸ ਪਹਾੜ ਦੀ ਤਲਹਟੀ ਤੇ ਪਾਣੀ ਦੇ ਝਰਨੇ ਹਨ ਅਤੇ ਘਣੇ ਰੁੱਖਾਂ ਦੇ ਝੁਰਮਟ ਹਨ। ਪਾਣੀ ਦੇ ਸੋਮੇਂ ਹੇਠਾਂ ਤਕ ਪਹੁੰਚ ਕੇ ਪਹਾੜ ਵਿਚੋਂ ਫੁਟੇ ਹਨ, ਬਹੁਤ ਸੁੰਦਰ ਸਥਾਨ ਹੈ। ਹਿੰਦੂਆਂ ਨੇ ਝਰਨਿਆਂ ਦੇ ਆਸ ਪਾਸ ਪੱਥਰ ਦੀ ਚਿਣਾਈ ਕਰਕੇ ਤਲਾ ਬਣਾ ਲਏ ਹਨ। ਇਕ ਇਕ ਝਰਨੇ ਦੋ ਅਲੱਗ ਅਲੱਗ ਨਾਮ ਰੱਖ ਲਏ ਹਨ : ਰਾਮ ਅਤੇ ਸੀਤਾ ਅਤੇ ਆਪਣੀ ਮਾਇਥਾਲੋਜੀ ਦੇ ਹੋਰ ਨਾਵਾਂ ਤੇ।" ਕਹਿੰਦੇ ਹੋਏ ਰਿਚਰਡ ਮੁਸਕਰਾਇਆ, ਇਹ ਸੋਚ ਕੇ ਕਿ ਇਹ ਨਾਮ ਲੀਜ਼ਾ ਲਈ ਅਨੂਠੇ ਤੇ ਅਪਰਿਚਿਤ ਨਾਮ ਹੋਣਗੇ ‘ਬਹੁਤ ਥਾਵਾਂ ਹਨ ਉਹ ਕਹੀ ਜਾ ਰਿਹਾ ਸੀ ''ਥਾਂ ਥਾਂ ਤੇ ਅਣਜਾਣੇ ਪੀਰਾਂ ਦੀਆਂ ਕਬਰਾਂ ਹਨ ਜਿਨ੍ਹਾਂ ਤੇ ਲੋਕ ਦੀਵੇ ਜਗਾਉਂਦੇ ਹਨ, ਪੁਰਾਣੇ ਕਿਲੇ ਹਨ, ਮੰਦਰ ਹਨ......" ਫਿਰ ਬੈਂਤ ਨਾਲ ਉਸੇ ਪਹਾੜੀ ਦੇ ਦਾਮਨ ਵਿਚ ਫੈਲੇ ਇਕ ਰੁਖਾਂ ਦੀ ਝੁਰਮਟ ਵੱਲ ਇਸ਼ਾਰਾ ਕਰਦੇ ਹੋਏ ਬੋਲਿਆ, ਉਥੇ ਥੋੜ੍ਹਾ ਸੱਜੇ ਬੰਨੇ ਵੀ ਇਕ ਵਧੀਆ ਪਿਕਨਿਕ ਸਪਾਟ ਹੈ, ਉਥੇ ਕਿਸੇ ਪੀਰ ਦੀ ਕਬਰ ਹੈ। ਮੁਸਲਮਾਨਾਂ ਦੇ ਕਿਸੇ ਪੀਰ ਦੀ ਕਬਰ ਹੈ। ਉਥੇ ਬਸੰਤ ਦੇ ਮੌਸਮ ਵਿਚ ਬੜਾ ਪਿਆਰਾ ਮੇਲਾ ਲੱਗਦਾ ਹੈ, ਦੂਰ ਦੂਰ ਤੋਂ ਨੱਚਣ ਗਾਉਣ ਵਾਲੀਆਂ ਔਰਤਾਂ ਜਮ੍ਹਾਂ

ਹੁੰਦੀਆਂ ਹਨ ਅਤੇ ਪੰਦਰਾਂ ਦਿਨ ਤਕ ਮੇਲਾ ਲੱਗਾ ਰਹਿੰਦਾ ਹੈ। ਦਿਨ ਨੂੰ ਲੋਕ ਜੂਆ ਖੇਡਦੇ ਹਨ, ਰਾਤ ਨੂੰ ਨਾਚ ਗਾਣਾ ਹੁੰਦਾ ਹੈ। ਤੈਨੂੰ ਕਦੇ ਲੈ ਚਲਾਂਗਾ।"

"ਕੀ ਅੱਜ ਕਲ੍ਹ ਉਥੇ ਮੇਲਾ ਲੱਗਾ ਹੈ ?''

"ਹਾਂ, ਲੱਗਾ ਹੈ ਪਰ ਇਨ੍ਹੀਂ ਦਿਨੀਂ ਜਾਣਾ ਠੀਕ ਨਹੀਂ।""ਕਿਉ"

"ਇਨ੍ਹੀਂ ਦਿਨੀਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਤਨਾਓ ਪਾਇਆ ਜਾਂਦਾ ਹੈ। ਦੰਗੇ- ਫਸਾਦ ਦਾ ਡਰ ਹੈ।"

ਲੀਜ਼ਾ ਨੇ ਹਿੰਦੂਆਂ ਮੁਸਲਮਾਨਾਂ ਦੀ ਸਥਿਤੀ ਬਾਰੇ ਸੁਣਿਆ ਹੋਇਆ ਸੀ ਪਰ ਉਹ ਇਨ੍ਹਾਂ ਬਾਰੇ ਜਾਣਦੀ ਬਹੁਤ ਘੱਟ ਸੀ।

"ਮੈਂ ਤਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਅਜੇ ਤਕ ਅਲੱਗ ਅਲੱਗ ਪਹਿਚਾਨ ਵੀ ਨਹੀਂ ਸਕਦੀ। ਤੂੰ ਪਛਾਣ ਲੈਨਾ ਹੈਂ ਰਿਚਰਡ ਕਿ ਆਦਮੀ ਹਿੰਦੂ ਹੈ ਜਾਂ ਮੁਸਲਮਾਨ ?"

"ਹਾਂ ਮੈਂ ਪਛਾਣ ਲੈਂਦਾ ਹਾਂ।"

''ਘਰ ਦਾ ਖਾਨਸ਼ਾਮਾ ਹਿੰਦੂ ਹੈ ਜਾਂ ਮੁਸਲਮਾਨ ?"

"ਮੁਸਲਮਾਨ ਹੈ।"

"ਤੂੰ ਕਿਵੇਂ ਜਾਣਦਾ ਹੈ ?"

"ਉਹਦੇ ਨਾਮ ਤੋਂ, ਫਿਰ ਉਸਦੀ ਛੋਟੀ ਜਿਹੀ ਦਾੜ੍ਹੀ ਤੋਂ, ਉਸਦੇ ਪਹਿਰਾਵੇ ਤੋਂ ਵੀ, ਫਿਰ ਉਹ ਨਮਾਜ਼ ਪੜ੍ਹਦਾ ਹੈ ਇਥੋਂ ਤਕ ਕਿ ਉਸਦੇ ਖਾਣ ਪੀਣ ਦੇ ਤਰੀਕੇ ਵੀ ਹੋਰ ਹਨ।

"ਤੈਨੂੰ ਸਭ ਪਤਾ ਹੈ ਰਿਚਰਡ ?"

"ਕੁਝ ਕੁਝ ਪਤਾ ਹੈ।"

"ਤੂੰ ਕਿੰਨਾ ਕੁਝ ਜਾਣਦਾ ਹੈਂ, ਤੈਨੂੰ ਢੇਰ ਗੱਲਾਂ ਦਾ ਪਤਾ ਹੈ, ਮੈਂ ਤਾਂ ਕੁਝ ਵੀ ਨਹੀਂ ਜਾਣਦੀ। ਤੂੰ ਮੈਨੂੰ ਵੀ ਦਸੀਂ ਰਿਚਰਡ, ਮੈਂ ਵੀ ਸਮਝਣਾ ਚਾਹੁੰਦੀ ਹਾਂ ਅਤੇ ਉਹ

ਤੇਰਾ ਸੈਕਟਰੀ, ਉਹ ਜੋ ਉਸ ਦਿਨ ਸਟੇਸ਼ਨ ਤੇ ਆਇਆ ਸੀ, ਚਿੱਟੇ ਚਿੱਟੇ ਦੰਦਾਂ ਵਾਲਾ, ਉਹ ਕੌਣ ਹੈ ? ਹਿੰਦੂ ਹੈ ਜਾਂ ਮੁਸਲਮਾਨ ?"

"ਉਹ ਹਿੰਦੂ ਹੈ।"

"ਤੈਨੂੰ ਕਿਵੇਂ ਪਤਾ ਲੱਗਾ ?"

"ਉਸ ਦੇ ਨਾਂ ਤੋਂ।"

"ਤੈਨੂੰ ਨਾਂ ਤੋਂ ਹੀ ਪਤਾ ਲੱਗ ਜਾਂਦਾ ਹੈ ?"

"ਬੜਾ ਸੌਖਾ ਹੈ ਲੀਜ਼ਾ, ਮੁਸਲਮਾਨਾਂ ਦੇ ਨਾਵਾਂ ਦੇ ਅੰਤ ਵਿਚ ਅਲੀ, ਦੀਨ, ਅਹਿਮਦ ਅਜਿਹੇ ਸ਼ਬਦ ਲੱਗੇ ਹੁੰਦੇ ਹਨ। ਜਦ ਕਿ ਹਿੰਦੂਆਂ ਦੇ ਨਾਵਾਂ ਪਿਛੇ ਲਾਲ, ਚੰਦ, ਰਾਮ ਲੱਗੇ ਹੁੰਦੇ ਹਨ। ਰੋਸ਼ਨ ਲਾਲ ਹੋਵੇਗਾ ਤਾਂ ਹਿੰਦੂ, ਰੋਸ਼ਨ ਦੀਨ ਹੋਵੇਗਾ ਤਾਂ ਮੁਸਲਮਾਨ, ਇਕਬਾਲ ਚੰਦ ਹੋਵੇਗਾ ਤਾਂ ਹਿੰਦੂ, ਅਤੇ ਜੋ ਇਕਬਾਲ ਅਹਿਮਦ ਹੋਵੇਗਾ ਤਾਂ ਮੁਸਲਮਾਨ।"

''ਇੰਨਾਂ ਕੁਝ ਤਾਂ ਮੈਂ ਕਦੇ ਵੀ ਨਹੀਂ ਜਾਣ ਸਕਾਂਗੀ।" ਲੀਜ਼ਾ ਬੋਲੀ ''ਅਤੇ ਉਹ ਟਰਬਨ ਵਾਲਾ ਆਦਮੀ ਕੌਣ ਹੈ ਜੋ ਤੇਰੀ ਕਾਰ ਚਲਾਉਂਦਾ ਹੈ। ਜਿਸਦੀ ਲੰਮੀ ਸਾਰੀ ਦਾੜ੍ਹੀ ਹੈ ?

''ਉਹ ਸਿੱਖ ਹੈ।"

"ਉਸਨੂੰ ਪਛਾਣਨਾ ਮੁਸ਼ਕਿਲ ਨਹੀਂ ਹੈ।" ਲੀਜ਼ਾ ਹੱਸ ਕੇ ਬੋਲੀ।"

"ਸਭ ਸਿੱਖਾਂ ਦੇ ਨਾਂ ਪਿਛੇ ਸਿੰਘ ਲੱਗਾ ਹੁੰਦਾ ਹੈ।" ਰਿਚਰਡ ਨੇ ਕਿਹਾ।

ਦੋਵੇਂ ਟਿਲੇ ਤੋਂ ਹੇਠਾਂ ਉਤਰਨ ਲੱਗੇ। ਹਵਾ ਵਿਚ ਹਲਕੀ ਹਲਕੀ ਤਪਸ ਆਉਣ ਲੱਗੀ ਸੀ। ਸੂਰਜ ਨਿਕਲ ਆਇਆ ਸੀ। ਅਤੇ ਵਾਤਾਵਰਣ ਤੋਂ ਰਹੱਸ ਦਾ ਪਰਦਾ ਉਤਰਨ ਲੱਗਾ ਸੀ।

"ਇਸ ਇਲਾਕੇ ਵਿਚ ਘੁੰਮਣ ਦਾ ਬਹੁਤ ਮਜ਼ਾ ਹੈ, ਤੈਨੂੰ ਬੜਾ ਆਨੰਦ ਆਵੇਗਾ ਲੀਜ਼ਾ। ਹਰ ਵੀਕ-ਐਂਡ ਕਿਤੇ ਨਾ ਕਿਤੇ ਨਿਕਲ ਜਾਇਆ ਕਰਾਂਗੇ।"

ਰਿਚਰਡ ਦਾ ਘੋੜਾ ਅੱਗੇ ਅੱਗੇ ਸੀ। ਦੋਵੇਂ ਗੋਲ ਗੋਲ ਪੱਥਰਾਂ ਨਾਲ ਭਰੇ ਸੁਕੇ ਨਾਲੇ ਨੂੰ ਪਾਰ ਕਰ ਰਹੇ ਸਨ।

“ਇਸ ਵੀਕ-ਐਂਡ ਨੂੰ ਕਿਥੇ ਜਾਓਗੇ ?..... ਟੈਕਸਲਾ ?"

ਲੀਜ਼ਾ ਦੀ ਆਵਾਜ਼ ਵਿਚ ਰਿਚਰਡ ਨੂੰ ਹਲਕੇ ਜਿਹੇ ਵਿਅੰਗ ਦਾ ਅਭਾਸ ਹੋਇਆ। ਰਿਜ਼ਰਡ ਲਈ ਟੈਕਸਲਾ ਬਹੁਤ ਹੀ ਸੁੰਦਰ ਅਤੇ ਮਹੱਤਵਪੂਰਣ ਸਥਾਨ ਸੀ। ਉਥੇ ਉਹ ਘੰਟਿਆਂ ਬਧੀ ਘੁੰਮਦਾ ਰਹਿੰਦਾ ਸੀ, ਵਾਰ ਵਾਰ ਜਾਣਾ ਚਾਹੁੰਦਾ ਸੀ। ਪਰੰਤੂ ਲੀਜ਼ਾ ? ਕੀ ਲੀਜ਼ਾ ਨੂੰ ਵੀ ਖੰਡਰਾਂ ਵਿਚ ਘੁੰਮਣਾ ਪਸੰਦ ਹੋਵੇਗਾ ?

"ਕੁਝ ਦਿਨ ਲਈ ਉਥੇ ਨਹੀਂ ਜਾ ਸਕਾਂਗੇ, ਲੀਜ਼ਾ। ਅੱਜ ਕਲ੍ਹ ਸ਼ਹਿਰ ਵਿਚ ਥੋੜ੍ਹਾ ਤਨਾਓ ਪਾਇਆ ਜਾਂਦਾ ਹੈ। ਜਦ ਸਥਿਤੀ ਸੁਧਰ ਗਈ ਤਾਂ ਚਲਾਂਗੇ। ਇਸ ਵੀਕ-ਐਂਡ ਤਾਂ..." ਰਿਚਰਡ ਨੂੰ ਸੁਝਿਆ ਨਹੀਂ ਕਿ ਕੀ ਕਹੇ। ਆਉਣ ਵਾਲਾ ਵੀਕ-ਐਂਡ ਕਿਹੋ ਜਿਹਾ ਹੋਵੇਗਾ, ਉਹ ਕਿਤੇ ਲੀਜ਼ਾ ਨੂੰ ਲੈ ਕੇ ਜਾ ਸਕੇਗਾ ਜਾਂ ਨਹੀਂ, ਉਹ ਆਪ ਵੀ ਸਪਸ਼ਟ ਰੂਪ ਵਿਚ ਨਹੀਂ ਜਾਣਦਾ ਸੀ।

"ਕਿਸੇ ਬੰਨੇ ਨਿਕਲ ਜਾਵਾਂਗੇ ਉਹ ਬੁਦਬਦਾਇਆ ਅਤੇ ਹੇਠਾਂ ਪਹੁੰਚ ਕੇ ਘੋੜੇ ਦੀ ਵਾਗ ਮੋੜ ਦਿੱਤੀ।

ਨਾਸ਼ਤਾ ਕਰਨ ਤੋਂ ਪਹਿਲਾਂ ਰਿਚਰਡ ਅਤੇ ਲੀਜ਼ਾ ਬੰਗਲੇ ਦੇ ਅਣਗਿਣਤ ਕਮਰੇ ਲੰਘਦੇ ਹੋਏ ਵੱਡੇ ਕਮਰੇ ਵਿਚ ਆ ਕੇ ਰੁੱਕ ਗਏ। ਅਪਰੈਲ ਦਾ ਮਹੀਨਾ ਸ਼ੁਰੂ ਹੁੰਦੇ ਹੀ ਦਿਨ ਚੜ੍ਹਦੇ ਹੀ ਖਿੜਕੀਆਂ ਤੇ ਦਰਵਾਜਿਆਂ ਤੇ ਪਰਦੇ ਲਾ ਦਿਤੇ ਜਾਂਦੇ ਸਨ ਜਿਸ ਨਾਲ ਘਰ ਦੇ ਅੰਦਰ ਹਨੇਰਾ ਜਾ ਬਣਿਆ ਰਹਿੰਦਾ ਸੀ ਅਤੇ ਦਿਨੇ ਵੀ ਬਿਜਲੀ ਦੀ ਰੋਸ਼ਨੀ ਦੀ ਲੋੜ ਪੈਂਦੀ ਸੀ। ਚਾਰ-ਚੁਫੇਰੇ ਕੰਧ ਦੇ ਨਾਲ ਲੱਗੀਆਂ ਅਲਮਾਰੀਆਂ ਵਿਚ ਕਿਤਾਬਾਂ ਠੁੰਸ ਠੁੰਸ ਭਰੀਆਂ ਸਨ। ਉਨ੍ਹਾਂ ਵਿਚ ਥਾਂ ਥਾਂ ਕੰਧ ਨਾਲ ਲੱਕੜੀ ਦੇ ਉਚੇ ਉਚੇ ਆਧਾਰ ਰੱਖੇ ਸਨ, ਜਿਨ੍ਹਾਂ ਉਤੇ ਬੁੱਧ ਅਤੇ ਬੋਧੀਸੱਤਾ ਦੇ ਅਨੇਕ ਵੱਡੇ ਬੁੱਤ ਰੱਖੇ ਹੋਏ ਸਨ। ਹਰੇਕ ਬੁੱਤ ਦੇ ਉਪਰ ਬਿਜਲੀ ਦੀ ਰੌਸ਼ਨੀ ਦਾ

ਅਲੱਗ ਪ੍ਰਬੰਧ ਕੀਤਾ ਗਿਆ ਸੀ। ਬਟਨ ਦਬਾਉਣ ਤੇ ਰੋਸ਼ਨੀ ਅਜਿਹੇ ਕੋਣ ਤੋਂ ਬੁੱਤ ਦੇ ਚਿਹਰੇ ਤੇ ਪੈਂਦੀ ਕਿ ਉਸਦਾ ਰੂਪ ਖਿਲ ਉਠਦਾ। ਇਸ ਤੋਂ ਛੁਟ ਕੰਧਾਂ ਤੇ ਭਾਰਤੀ ਚਿਤਰਕਲਾ ਦੇ ਅਨੇਕ ਚਿੱਤਰ, ਅੰਗੀਠੀ ਉਤੇ ਗੁਡੀ ਅਤੇ ਤਾਮਰ ਪਾਤਰ ਤੇ ਲਿਖਿਆ ਇਕ ਗਰੰਥ ਰੱਖੇ ਹੋਏ ਸਨ। ਅੰਗੀਠੀ ਦੇ ਸਾਹਮਣੇ ਜ਼ਿਲਾ ਲੇਖ ਦਾ ਇਕ ਵੱਡਾ ਸਾਰਾ ਟੁਕੜਾ ਲੱਕੜੀ ਦੇ ਕੰਦੇ ਦੇ ਸਹਾਰੇ ਖੜਾ ਸੀ। ਨੇੜੇ ਦੀ ਤਿੰਨ ਮੂੜੇ ਅਤੇ ਕਾਲੀ ਲੱਕੜੀ ਦੀ ਇਕ ਲੰਮੀ, ਨੀਵੀਂ ਤਿਪਾਈ ਰਖੀ ਹੋਈ ਸੀ। ਇਥੇ ਰਿਚਰਡ ਪਾਈਪ ਸੁਲਗਾ ਕੇ ਪੜ੍ਹਿਆ ਕਰਦਾ ਸੀ। ਇਥੇ ਹੀ ਖਾਨਸਾਮਾ ਸਟੋਵ ਉਤੇ ਪਾਣੀ ਦੀ ਕੇਤਲੀ ਅਤੇ ਚਾਹ ਦੇ ਭਾਂਡੇ ਵੀ ਰੱਖ ਜਾਂਦਾ ਸੀ, ਰਿਚਰਡ ਨੂੰ ਆਪ ਚਾਹ ਬਣਾ ਕੇ ਪੀਣ ਦਾ ਸ਼ੌਕ ਸੀ। ਤਿਪਾਈ ਤੋਂ ਅੱਧ ਖੁਲੀਆਂ ਕਿਤਾਬਾਂ, ਮੈਗਜ਼ੀਨ ਰਖੇ ਹੋਏ ਸਨ ਅਤੇ ਨਾਲ ਹੀ ਪਾਈਪ ਸਟੈਂਡ ਰੱਖਿਆ ਸੀ ਜਿਸ ਵਿਚ ਤਰ੍ਹਾਂ ਤਰ੍ਹਾਂ ਦੇ ਸੱਤ ਅੱਠ ਪਾਈਪ ਪਏ ਹੋਏ ਸਨ। ਤਿਪਾਈ ਦੇ ਐਨ ਉਪਰ ਵੱਡੇ ਗੋਲ ਸ਼ੇਡ ਦਾ ਲੈਂਪ ਲਟਕ ਰਿਹਾ ਸੀ। ਪੜ੍ਹਦੇ ਸਮੇਂ ਬੱਤੀ ਜਗਾਉਣ ਤੇ ਰੋਸ਼ਨੀ, ਦਾ ਘੇਰਾ ਇਨ੍ਹਾਂ ਤਿੰਨਾਂ ਮੂੜਿਆਂ ਅਤੇ ਤਿਪਾਈ ਤੇ ਬਣਿਆਂ ਰਹਿੰਦਾ, ਬਾਕੀ ਕਮਰੇ ਵਿਚ ਹਨੇਰਾ ਰਹਿੰਦਾ ਸੀ।

ਲੀਜ਼ਾ ਦੀ ਕਮਰ 'ਚ ਹੱਥ ਪਾਈ ਰਿਚਰਡ ਬੁੱਧ ਦੀਆਂ ਮੂਰਤੀਆਂ—ਜਿਨ੍ਹਾਂ ਨੂੰ ਉਸਨੇ ਲੀਜ਼ਾ ਦੇ ਚਲੇ ਜਾਣ ਪਿਛੋਂ ਇਕੱਠਾ ਕੀਤਾ ਸੀ। ਇਕ ਇਕ ਕਰਕੇ ਵਿਖਾ ਰਿਹਾ ਸੀ।

"ਬੰਗਲੇ ਤੋਂ ਬਾਹਰ ਹੁੰਦਾ ਹਾਂ ਤਾਂ ਹਿੰਦੁਸਤਾਨ ਦੇ ਕਿਸੇ ਸ਼ਹਿਰ ਵਿਚ ਹੁੰਦਾ ਹਾਂ। ਬੰਗਲੇ ਵਿਚ ਪਰਤਦਾ ਹਾਂ ਤਾਂ ਪੂਰੇ ਹਿੰਦੁਸਤਾਨ ਵਿਚ ਪਰਤ ਆਉਂਦਾ ਹਾਂ" ਰਿਚਰਡ ਕਹਿ ਰਿਹਾ ਸੀ।

ਮੋਟੇ ਕਾਲੇ ਫਰੇਮ ਦੀ ਐਨਕ, ਮੂੰਹ ਵਿਚ ਪਾਈਪ, ਅਰਕਾਂ ਤੇ ਲੱਗੇ ਡੱਬਿਆਂ ਵਾਲਾ ਪੁਰਾਣਾ ਕੋਟ, ਅਤੇ ਹੇਠਾਂ ਕਾਰਡਰਾਯ ਦੀ ਢਿਲੀ ਜਿਹੀ ਪਤਲੂਨ

ਪਹਿਨੇ ਇਕ ਕਮਰੇ ਤੋਂ ਦੂਸਰੇ ਕਮਰੇ ਵਿਚ ਜਾਂਦਾ ਹੋਇਆ ਰਿਚਰਡ ਕਿਸੇ ਸੰਗ੍ਰਹਿਆਲੇ ਦਾ ਕਿਉਰੇਟਰ ਲੱਗਦਾ ਸੀ

ਉਹ ਬੁਧ ਦੀ ਇਕ ਮੂਰਤੀ ਦੇ ਸਾਹਮਣੇ ਆ ਕੇ ਰੁੱਕ ਗਏ ਸਨ।

"ਬੁੱਧ ਦੀਆਂ ਮੂਰਤੀਆਂ ਦੀ ਸਭ ਤੋਂ ਵੱਡੀ ਖੂਬੀ ਉਹ ਹਲਕੀ ਜਿਹੀ ਮੁਸਕਾਨ ਹੈ ਜੋ ਉਸਦੇ ਹੇਠਾਂ ਦੇ ਆਸਪਾਸ ਖੇਡਦੀ ਰਹਿੰਦੀ ਹੈ। ਬੁੱਧ ਦੇ ਚਿਹਰੇ ਨੂੰ ਅਜਿਹੀ ਰੋਸ਼ਨੀ ਵਿਚ ਰੱਖਣਾ ਚਾਹੀਦਾ ਹੈ ਜਿਸ ਵਿਚ ਇਹ ਮੁਸਕਾਨ ਉਘੜ ਆਵੇ। ਠਹਿਰ, ਤੈਨੂੰ ਵਿਖਾਉਂਦਾ ਹਾਂ।" ਰਿਚਰਡ ਨੇ ਕਿਹਾ ਅਤੇ ਸਾਹਮਣੇ ਰਖੀ ਬੁੱਧ ਦੀ ਮੂਰਤੀ ਨੂੰ ਥੋੜਾ ਜਿਹਾ ਸੱਜੇ ਬੰਨੇ ਘੁੰਮਾ ਦਿੱਤਾ ਅਤੇ ਬਟਨ ਦਬਾ ਦਿੱਤਾ ਜਿਸ ਨਾਲ ਬੁੱਧ ਦੇ ਐਨ ਉਪਰ ਟੰਗੀ ਰੋਸ਼ਨੀ ਜਗ ਗਈ।

"ਵੇਖਿਆ ਲੀਜ਼ਾ, ਵੇਖਿਆ ?" ਰਿਚਰਡ ਨੇ ਚਹਿਕ ਕੇ ਕਿਹਾ। ਲੀਜ਼ਾ ਨੂੰ ਵੀ ਲੱਗਾ ਕਿ ਬੁੱਧ ਦੇ ਚਿਹਰੇ ਤੇ ਮੁਸਕਾਨ ਅਚਾਨਕ ਖਿਲ ਉਠੀ ਹੈ...ਸ਼ਾਂਤ, ਪਿਆਰ ਭਰੀ, ਥੋੜੀ ਜਿਹੀ ਵਿਅੰਗਪੂਰਣ ਮੁਸਕਾਨ।

"ਮੁਸਕਾਨ ਬੁਲਾਂ ਦੇ ਕੋਨਿਆਂ ਵਿਚ ਲੁਕੀ ਰਹਿੰਦੀ ਹੈ। ਪੰਜਤਾਲੀ ਡਿਗਰੀ ਦੇ ਕੋਣ ਤੋਂ ਹਲਕੀ ਜਿਹੀ ਰੌਸ਼ਨੀ ਪਾਓ ਤਾਂ ਜਿਵੇਂ ਛੁੱਟ ਕੇ ਬਾਹਰ ਆ ਜਾਂਦੀ ਹੈ। ਹੁਣ ਇਸੇ ਦਾ ਕੋਣ ਮੋੜ ਦਿਆਂ ਤਾਂ ਮੁਸਕਾਨ ਬਹੁਤ ਹੱਦ ਤਕ ਗਾਇਬ ਹੋ ਜਾਵੇਗੀ......।"

ਲੀਜ਼ਾ ਨੇ ਮੁੜ ਕੇ ਰਿਚਰਡ ਦੇ ਚਿਹਰੇ ਵੱਲ ਵੇਖਿਆ। ਇਹ ਆਦਮੀ ਵੀ ਕਿੰਨੇ ਅਜੀਬ ਹੁੰਦੇ ਹਨ, ਕਿੰਨਾ ਰਸ ਲੈ ਲੈ ਕੇ ਪੱਥਰਾਂ ਤੇ ਖੰਡਰਾਂ ਬਾਰੇ ਗੱਲਾਂ ਕਰਦੇ ਰਹਿੰਦੇ ਹਨ। ਕੋਈ ਇਸਤਰੀ ਇਨ੍ਹਾਂ ਗੱਲਾਂ ਬਾਰੇ ਜਾਣਦੇ ਹੋਏ ਵੀ ਇੰਨਾ ਚਹਿਕੇਗੀ ਨਹੀਂ, ਇੰਨੀ ਡੀਂਗ ਨਹੀਂ ਮਾਰੇਗੀ। ਉਸਨੇ ਰਿਚਰਡ ਦੀ ਬਾਂਹ ਦਬਾ ਦਿੱਤੀ ਅਤੇ ਉਸਦੇ ਮੋਢੇ ਤੇ ਆਪਣੀ ਗੱਲ੍ਹ ਰੱਖ ਦਿੱਤੀ।

"ਬੁੱਧ ਦੇ ਬੁਤਾਂ ਦੀ ਇਹੋ ਸਭ ਤੋਂ ਵੱਡੀ ਖ਼ੂਬੀ ਹੈ। ਇਕ ਹਲਕੀ ਜਿਹੀ ਮੁਸਕਾਨ ਬੁੱਧ ਦੇ ਹੇਠਾਂ ਤੇ ਖੇਡਦੀ ਰਹਿੰਦੀ ਹੈ।" ਰਿਚਰਡ ਨੇ ਕਿਹਾ ਅਤੇ ਝੁਕ ਕੇ ਲੀਜ਼ਾ ਦੇ ਵਾਲਾਂ ਨੂੰ ਚੁੰਮ ਲਿਆ।

ਹਰ ਕਮਰੇ ਵਿਚ ਤਰ੍ਹਾਂ ਤਰ੍ਹਾਂ ਦੀਆਂ ਬੱਤੀਆਂ ਸਨ। ਜਿਥੇ ਕਿਤੇ ਬੈਠਣ ਦਾ ਪ੍ਰਬੰਧ ਸੀ, ਉਥੋਂ ਘੰਟੀ ਦੀ ਤਾਰ ਕਿਚਨ ਤਕ ਜਾਂ ਬਾਹਰ ਬਰਾਮਦੇ ਤਕ ਚਲੀ ਗਈ ਸੀ।

ਇਨ੍ਹਾਂ ਕਮਰਿਆਂ ਵਿਚ ਘੁੰਮਦੇ ਹੋਏ ਰਿਚਰਡ ਨੂੰ ਵੇਖ ਕੇ ਕੋਈ ਨਹੀਂ ਕਹਿ ਸਕਦਾ ਸੀ ਕਿ ਉਹ ਜ਼ਿਲੇ ਦਾ ਸਭ ਤੋਂ ਵੱਡਾ ਅਫ਼ਸਰ ਹੈ। ਇਥੇ ਤਾਂ ਉਹ ਭਾਰਤੀ ਇਤਿਹਾਸ ਦਾ ਗਿਆਨੀ ਸੀ, ਭਾਰਤੀ ਕਲਾ ਦਾ ਪਾਰਖੂ ਹਾਂ, ਜਦ ਉਹ ਪ੍ਰਸ਼ਾਸਕ ਦੀ ਕੁਰਸੀ ਤੇ ਬੈਠਦਾ ਤਾਂ ਉਹ ਬ੍ਰਿਟਿਸ਼ ਸਾਮਰਾਜ ਦਾ ਪ੍ਰਤੀਨਿਧ ਸੀ ਅਤੇ ਉਨ੍ਹਾਂ ਨੀਤੀਆਂ ਨੂੰ ਲਾਗੂ ਕਰਦਾ ਸੀ ਜਿਨ੍ਹਾਂ ਦਾ ਫੈਸਲਾ ਲੰਡਨ ਵਿਚੋਂ ਹੋ ਕੇ ਆਉਂਦਾ ਸੀ। ਇਕ ਕੰਮ ਨੂੰ ਦੂਸਰੇ ਕੰਮ ਤੋਂ ਅਲੱਗ ਰੱਖਣਾ, ਇਕ ਭਾਵਨਾ ਨੂੰ ਦੂਸਰੀ ਭਾਵਨਾ ਤੋਂ ਵੱਖ ਰੱਖਣਾ ਉਸਦੀ ਸਿਖਲਾਈ ਦੀ, ਉਸਦੇ ਸੁਭਾਅ ਦੀ ਵਿਸ਼ੇਸ਼ਤਾ ਸੀ। ਉਹ ਇਕ ਤਰ੍ਹਾਂ ਦੇ ਕੰਮ ਤੋਂ ਬਿਲਕੁਲ ਦੂਸਰੀ ਤਰ੍ਹਾਂ ਦੇ ਕੰਮ ਵਿਚ ਬੜੀ ਆਸਾਨੀ ਨਾਲ ਆਪਣੇ ਆਪ ਨੂੰ ਢਾਲ ਲੈਂਦਾ ਸੀ। ਉਹ ਨਿਜੀ ਰੁਚੀਆਂ ਨੂੰ ਸਰਕਾਰੀ ਕੰਮ ਤੋਂ ਅਲੱਗ ਰੱਖ ਸਕਦਾ ਸੀ, ਅਲੱਗ ਤਰੀਕੇ ਨਾਲ ਵੇਖ ਸਕਦਾ ਸੀ। ਇਕ ਵਿਸ਼ੇਸ਼ ਅਨੁਸਾਸ਼ਨ ਵਿਚ ਉਸਦਾ ਜੀਵਨ ਘੁੰਮਦਾ ਸੀ। ਹਫਤੇ ਵਿਚ ਤਿੰਨ ਦਿਨ ਉਹ ਕਚਹਿਰੀ ਲਾਉਂਦਾ ਸੀ, ਜ਼ਿਲਾ ਮੈਜਿਸਟ੍ਰੇਟ ਦੇ ਨਾਤੇ ਮੁਕੱਦਮੇ ਸੁਣਦਾ ਸੀ। ਜਦ ਜੱਜ ਦੀ ਕੁਰਸੀ ਤੇ ਬੈਠਦਾ ਤਾਂ ਉਹ ਭੁੱਲ ਜਾਂਦਾ ਕਿ ਉਹ ਹਾਕਿਮਾਂ ਦਾ ਪ੍ਰਤੀਨਿਧ ਹੈ, ਅਤੇ ਨੇਟਿਵ ਲੋਕਾਂ ਦੇ ਮੁਕੱਦਮੇ ਸੁਣ ਰਿਹਾ ਹੈ। ਤਦ ਉਹ ਨਿਆਂ ਕਰਦਾ, ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ ਨੂੰ ਜਿਵੇਂ ਉਹ ਸਨ, ਲਾਗੂ ਕਰਦਾ। ਇਕ ਖੇਤਰ ਦੇ ਵਿਚਾਰ ਅਤੇ ਭਾਵਨਾਵਾਂ ਦੂਸਰੇ ਖੇਤਰ ਵਿਚ ਉਲਝਦੀਆਂ ਨਹੀਂ ਹਨ। ਇਸੇ ਕਾਰਣ ਉਸਨੂੰ

ਮਾਨਸਿਕ ਪਰੇਸ਼ਾਨੀ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ ਸੀ। ਉਹ ਕਦੀ ਵੀ ਦੁਬਿਧਾ ਦਾ ਜ਼ਿਕਾਰ ਨਹੀਂ ਹੁੰਦਾ ਸੀ। ਉਸਦੇ ਆਪਣੇ ਵਿਸ਼ਵਾਸ਼ ਕੀ ਹਨ, ਧਾਰਨਾਵਾਂ ਕੀ ਹਨ, ਇਸ ਬਾਰੇ ਨਿਸ਼ਚੇ ਨਾਲ ਕੁਝ ਵੀ ਕਹਿ ਸਕਣਾ ਕਠਿਨ ਸੀ, ਸ਼ਾਇਦ ਰਿਚਰਡ ਨੇ ਇਹ ਸਵਾਲ ਆਪਣੇ ਆਪ ਨੂੰ ਕਦੇ ਨਹੀਂ ਪੁਛਿਆ ਹੋਵੇਗਾ। ਜਦ ਕਦੀਂ ਦੁਬਿਧਾ ਉਠਦੀ ਤਾਂ ਉਹ ਆਪਣੇ ਸੰਵੇਦਕ ਨੂੰ, ਆਪਣੇ ਵਿਚਾਰਾਂ ਨੂੰ ਆਪਣੀ ਡਾਇਰੀ ਵਿਚ ਲਿਖ ਦਿੰਦਾ ਸੀ, ਪ੍ਰਸਾਸ਼ਨ ਦੇ ਖੇਤਰ ਵਿਚ ਉਸਦੀਆਂ ਨਿਜੀ ਮਾਨਤਾਵਾਂ ਦਾ ਕੋਈ ਦਖਲ ਨਹੀਂ ਸੀ, ਸਗੋਂ ਉਹ ਅਸੰਗਤ ਸਨ। ਇਹ ਵਿਚਾਰ ਕਿ ਸਾਡਾ ਆਚਰਣ ਸਾਡੀਆਂ ਮਾਨਤਾਵਾਂ ਦੇ ਅਨੁਰੂਪ ਹੋਣਾ ਚਾਹੀਦਾ ਹੈ ਇਹ ਅਜਿਹਾ ਫਜ਼ੂਲ ਆਦਰਸ਼ਵਾਦ ਹੈ, ਜਿਸ ਤੋਂ ਸਿਵਲ ਸਰਵਿਸ ਵਿਚ ਨਾਮ ਲਿਖਵਾਉਂਦੇ ਹੀ ਅਫ਼ਸਰ ਆਪਣਾ ਖਹਿੜਾ ਛੁਡਾ ਲੈਂਦਾ ਹੈ। ਫਿਰ ਰਿਚਰਡ ਦੀ ਆਪਣੀ ਭੂਮਿਕਾ ਕੀ ਸੀ, ਪ੍ਰਸਾਸ਼ਨ ਵਿਚ ਉਸਦਾ ਆਪਣਾ ਵਿਸ਼ੇਸ਼ ਯੋਗਦਾਨ ਕਿਸ ਗੱਲ ਵਿਚ ਸੀ? ਇਹ ਉਸ ਯੋਗਤਾ ਵਿਚ ਪਾਇਆ ਜਾਂਦਾ ਸੀ ਜਿਸ ਨਾਲ ਉਹ ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਦਾ ਸੀ, ਉਸ ਪੈਨੀ ਦ੍ਰਿਸ਼ਟੀ ਵਿਚ ਸੀ, ਉਸ ਸੂਝ ਵਿਚ ਸੀ, ਜਿਸ ਨਾਲ ਉਹ ਸਥਿਤੀ ਨੂੰ ਸਮਝ ਲੈਂਦਾ ਸੀ, ਤੱਥਾਂ ਨੂੰ ਫੜ ਲੈਂਦਾ ਸੀ, ਉਸ ਚੌਕਸੀ ਵਿਚ ਸੀ ਜਿਸ ਨਾਲ, ਬਿਨਾਂ ਕਿਸੇ ਆਹਟ ਦੇ, ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਨੂੰ ਅਮਲੀ ਜਾਮਾਂ ਪਹਿਨਾਇਆ ਜਾਂਦਾ ਸੀ। ਉਂਜ ਤਾਂ ਇਹ ਸਵਾਲ ਹੀ ਅਸੰਗਤ ਹੈ ਕਿ ਉਸਦੀਆਂ ਨਿਜੀ ਮਾਨਤਾਵਾਂ ਕੀ ਸਨ। ਕੋਈ ਵੀ ਆਦਮੀ ਆਪਣਾ ਕਿੱਤਾ ਚੁਣਦੇ ਸਮੇਂ ਉਸਦੇ ਨੈਤਿਕ ਪੱਖ ਬਾਰੇ ਸੋਚਦਾ ਹੀ ਕਦੋਂ ਹੈ, ਉਹ ਤਾਂ ਕੇਵਲ ਨਿਜੀ ਹਿਤ ਅਤੇ ਨਿਜੀ ਲਾਭ ਬਾਰੇ ਹੀ ਸੋਚਦਾ ਹੈ।

ਇਕ ਦੂਸਰੇ ਦੀ ਕਮਰ ਵਿਚ ਹਥ ਪਾਈ ਉਹ ਡਾਈਨਿੰਗ ਰੂਮ ਵੱਲ ਚਲ ਪਏ। ਲੀਜ਼ਾ ਨੂੰ ਘਰ ਵਿਚ ਇਹੋ ਕਮਰਾ ਸਭ ਤੋਂ ਜ਼ਿਆਦਾ ਪਸੰਦ ਸੀ। ਬਲੂਤ ਦੀ ਲੱਕੜੀ ਦੇ ਬਣੇ ਕਾਲੇ ਰੰਗ ਦੇ ਗੋਲ ਮੇਜ਼ ਦੇ ਐਨ ਵਿਚਕਾਰ ਪਿੱਤਲ ਦੀ ਇਕ ਚੌੜੀ

ਤਸ਼ਤਰੀ ਰੱਖੀ ਸੀ। ਜਿਸ ਵਿਚ ਲਾਲ ਗੁਲਾਬ ਦੇ ਫੂਲ ਚੁਣ ਚੁਣ ਕੇ ਭਰੇ ਹੋਏ ਸਨ। ਲੀਜ਼ਾ ਲੱਕੜੀ ਦੇ ਬਣੇ ਕਾਲ ਰਖੀ ਸੀ। ਇਸ ਤਸ਼ਤਰੀ ਦੇ ਐਨ ਉਪਰ ਜਾਲੀਦਾਰ ਸ਼ੇਡ ਵਾਲਾ ਬਿਜਲੀ ਦਾ ਲੈਂਪ ਸੀ ਜੋ ਛਤ ਉਤੋਂ ਲਟਕ ਕੇ ਸਿੱਧਾ ਤਸ਼ਤਰੀ ਦੇ ਉਪਰ ਉਤਰ ਆਇਆ ਸੀ। ਰੋਸ਼ਨੀ ਦਾ ਘੇਰਾ ਸਿੱਧਾ ਫੁੱਲਾਂ ਦੀ ਤਸ਼ਤਰੀ ਤੇ ਪੈ ਰਿਹਾ ਸੀ ਅਤੇ ਜਾਲੀਦਾਰ ਸ਼ੇਡ ਵਿਚੋਂ ਛਣ ਛਣ ਕੇ ਰੋਸ਼ਨੀ ਟੇਬਲ ਤੇ ਰਖੀਆਂ ਹੋਈਆਂ ਸੁੰਦਰ ਚੀਨੀ ਪਲੇਟਾਂ ਅਤੇ ਉਸਦੇ ਲਾਗੇ ਚਾਗੇ ਰੱਖੇ ਲਾਲ ਰੰਗ ਦੇ ਸਰਵਿਏਟਾਂ ਤੇ ਪੈ ਰਹੀ ਸੀ। ਰਿਚਰਡ ਨੂੰ ਇਸ ਤਰ੍ਹਾਂ ਦੀ ਸਜਾਵਟ ਨਾਲ ਰਸ ਮਿਲਦਾ ਸੀ ਅਤੇ ਲੀਜ਼ਾ ਜਾਣਦੀ ਸੀ ਕਿ ਉਸਦੇ ਨਾਲ ਰਹਿੰਦੇ ਹੋਏ ਉਸਨੂੰ ਰਿਚਰਡ ਦੀਆਂ ਹੀ ਸਨਕਾਂ ਦੇ ਅਨੁਰੂਪ ਆਪਣੇ ਆਪ ਨੂੰ ਢਾਲਣਾ ਪਵੇਗਾ।

ਮੇਜ਼ ਤੇ ਨਾਸ਼ਤੇ ਲਈ ਬੈਠਣ ਤੋਂ ਪਹਿਲਾਂ ਰਿਚਰਡ ਦਹਿਲੀਜ਼ ਤੇ ਠਿਠਕਿਆ ਖੜਾ ਰਿਹਾ।

"ਕੀ ਸੋਚ ਰਹੇ ਹੋ ?" ਲੀਜ਼ਾ ਨੇ ਰਿਚਰਡ ਦੇ ਮੋਢੇ ਤੇ ਸਿਰ ਰੱਖਦੇ ਹੋਏ ਕਿਹਾ।

"ਸੋਚ ਰਿਹਾ ਹਾਂ ਕਿ ਕਿਥੋਂ ਸ਼ੁਰੂ ਕਰਾਂ।"

"ਕੀ ਕਿਥੋਂ ਸ਼ੁਰੂ ਕਰੇਂ ?

''ਤੂੰ ਏਥੋਂ ਦੇ ਲੋਕਾਂ ਬਾਰੇ ਜਾਣਨਾ ਚਾਹੁੰਦੀ ਹੈਂ ਨਾ, ਇਥੋਂ ਦੀਆਂ ਸਥਿਤੀਆਂ ਬਾਰੇ.....'

"ਮੈਂ ਕੁਝ ਵੀ ਜਾਣਨਾ ਨਹੀਂ ਚਾਹੁੰਦੀ। ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਤੂੰ ਦਫਤਰੋਂ ਕਦੋਂ ਪਰਤੇਂਗਾ।"

ਅਤੇ ਲੀਜ਼ਾ ਆਪਣਾ ਹੱਥ ਅੱਗੇ ਕਰਕੇ ਰਿਚਰਡ ਦੀ ਛਾਤੀ ਤੇ ਫੇਰਨ ਲੱਗੀ। ਰਿਚਰਡ ਨੇ ਝੁਕ ਕੇ ਉਸਦੇ ਹੋਂਠ ਚੁੰਮ ਲਏ।

"ਹੁਣੇ ਤੋਂ ਉਭਣ ਲੱਗੀ ਹੈਂ ?"

ਉਸਨੂੰ ਇਉਂ ਲੱਗਾ ਜਿਵੇਂ ਖਿਤਿਜ ਤੇ ਕੋਈ ਬੱਦਲ ਦਾ ਟੁਕੜਾ ਪ੍ਰਗਟ ਹੋ ਗਿਆ ਹੋਵੇ ਜੋ ਹੌਲੀ ਹੌਲੀ ਵੱਡਾ ਹੋਣ ਲਗੇਗਾ, ਗਹਿਰਾ ਹੋਣ ਲਗੇਂਗਾ ਅਤੇ ਸਮਾਂ ਪਾ ਕੇ ਸਾਰੇ ਆਕਾਸ਼ ਨੂੰ ਢੱਕ ਲਵੇਗਾ।

ਰਿਚਰਡ ਨੇ ਉਸਨੂੰ ਜ਼ਿਆਦਾ ਜ਼ੋਰ ਨਾਲ ਬਾਹਾਂ ਵਿਚ ਘੁਟ ਲਿਆ। ਪਰ ਰਿਚਰਡ ਨੂੰ ਇਸ ਪਿਆਰ ਵਿਚ ਕੋਈ ਰਸ ਨਹੀਂ ਮਿਲ ਰਿਹਾ ਸੀ। ਇਸਦੇ ਪਿਛੇ ਇਕ ਪ੍ਰਕਾਰ ਦਾ ਸ਼ੱਕ ਸੀ ਕਿ ਇਸ ਵਾਰ ਲੀਜ਼ਾ ਨਾਲ ਦਿਨ ਕਿਵੇਂ ਬੀਤਣਗੇ। ਆਪਣੇ ਹੋਠਾਂ ਨਾਲ ਲੀਜ਼ਾ ਦੇ ਵਾਲ, ਮੱਥਾ ਅਤੇ ਅੱਖਾਂ ਚੁੰਮਦੇ ਹੋਏ ਉਸਨੂੰ ਕਿਸੇ ਵਿਸ਼ੇਸ਼ ਉਤੇਜਨਾ ਦਾ ਆਭਾਸ ਨਹੀਂ ਹੋ ਰਿਹਾ ਸੀ। ਰਾਤ ਨੂੰ ਜਿਸ ' ਦੇਹ ਨੂੰ ਉਤੇਜਨਾ ਅਤੇ ਪਿਆਰ ਨਾਲ ਉਹ ਲੀਜ਼ਾ ਦੀ ਦੇਹ ਨਾਲ ਚਿਪਕਾਏ ਰਹਿੰਦਾ ਸੀ, ਇਸ ਸਮੇਂ ਉਹੋ ਦੇਹ ਉਸਨੂੰ ਸਥੂਲ ਅਤੇ ਮਾਂਸਲ ਜਿਹੀ ਲੱਗ ਰਹੀ ਸੀ। ਲੀਜ਼ਾ ਦਾ ਮਨ ਬਹਿਲਾਉਣ ਲਈ ਉਹ ਕੇਵਲ ਪ੍ਰੇਮ ਦਾ ਅਭਿਨੈ ਕਰ ਰਿਹਾ ਸੀ। ਇਕ ਪ੍ਰਕਾਰ ਦਾ ਫਰਜ਼ ਅਦਾ ਕਰ ਰਿਹਾ ਸੀ।

ਤਦੇ ਮੇਜ਼ ਦੇ ਪਿਛੇ ਹਨੇਰੇ ਵਿਚ ਖੜਾ ਖਾਨਸਾਮਾ ਹੌਲੀ ਜਿਹੀ ਅੱਗੇ ਵਧ ਆਇਆ। ਰੋਸ਼ਨੀ  ਦੇ ਘੇਰੇ ਵਿਚ ਪਹੁੰਚਣ ਤੇ ਉਸਦੀ ਚਿੱਟੀ ਵਰਦੀ ਉਤੇ ਬੰਨ੍ਹਿਆਂ ਲਾਲ ਰੰਗ ਦਾ ਕਮਰ ਬੰਦ ਚਮਕ ਉਠਿਆ। ਦਬੇ ਪੈਰੀਂ, ਥੋੜੀ ਜਿਹੀ ਵੀ ਆਹਟ ਕੀਤੇ ਬਿਨਾ ਉਹ ਮੇਜ਼ ਤੇ ਨਾਸ਼ਤਾ ਲਗਾਉਣ ਲੱਗਾ।

ਲੀਜ਼ਾ ਅਤੇ ਰਿਚਰਡ ਪਹਿਲੇ ਵਾਂਗ ਇਕ ਦੂਜੇ ਦੀਆਂ ਬਾਹਵਾਂ ਵਿਚ ਬਝੇ ਰਹੇ। ਪਹਿਲੇ ਪਹਿਲ, ਜਦ ਕਦੇ ਖੁਲ੍ਹੇ ਦਰਵਾਜ਼ੇ ਵਿਚ ਖੜੇ ਉਹ ਇਕ ਦੂਸਰੇ ਨੂੰ ਪਿਆਰ ਕਰ ਰਹੇ ਹੁੰਦੇ ਅਤੇ ਕੋਈ ਖਾਨਸਾਮਾ ਜਾਂ ਨੌਕਰ ਅਚਾਨਕ ਕਿਸੇ ਕੰਮ ਆ ਜਾਂਦਾ ਤਾਂ ਲੀਜ਼ਾ ਠਿਠਕ ਕੇ ਅਲੱਗ ਹੋ ਜਾਂਦੀ ਸੀ, ਪਰ ਰਿਚਰਡ ਉਸ ਨੂੰ ਬਾਹਵਾਂ ਵਿਚ ਘੁੱਟੀ ਰੱਖਦਾ, ਅਤੇ ਖਾਨਸਾਮਾ ਆਪਣਾ ਕੰਮ ਕਰਦਾ ਰਹਿੰਦਾ। ਸ਼ਰਮਾ ਕੇ ਲੀਜ਼ਾ ਆਪਣੀਆਂ ਅੱਖਾਂ ਬੰਦ ਕਰ ਲੈਂਦੀ ਤਾਂ ਕਿ ਉਹ ਖਾਨਸਾਮੇ ਦੀ ਹਾਜ਼ਰੀ ਨੂੰ

ਭੁੱਲੀ ਰਹੇ। ਪਰ ਹੌਲੀ ਹੌਲੀ ਉਹ ਸਮਝ ਗਈ ਸੀ ਕਿ ਖਾਨਸਾਮਾ ਇਕ ਨੇਟਿਵ ਹੀ ਤਾਂ ਹੈ, ਅਤੇ ਫਿਰ ਇਕ ਮਾਮੂਲੀ ਖਾਨਸਾਮਾ ਹੈ, ਇਸ ਲਈ ਉਸਦੀ ਹਾਜ਼ਰੀ ਨੂੰ ਉਹ ਰੁਕਾਵਟ ਨਹੀਂ ਸਮਝਦੀ ਸੀ।

"ਇਸ ਵਾਰ ਤੈਨੂੰ ਜ਼ਰੂਰ ਕਿਸੇ ਨ ਕਿਸੇ ਕੰਮ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ, ਲੀਜ਼ਾ"

"ਕਿਸ ਕੰਮ ਵਿਚ ?"

“ਕਿੰਨੇ ਹੀ ਕੰਮ ਹਨ। ਡਿਪਟੀ ਕਮਿਸ਼ਨਰ ਦੀ ਪਤਨੀ ਤਾਂ ਜ਼ਿਲੇ ਦੀ ਪਹਿਲੀ ਮਹਿਲਾ ਗਿਣੀ ਜਾਂਦੀ ਹੈ, ਤੂੰ ਜੋ ਵੀ ਕੰਮ ਹੱਥ ਵਿਚ ਲਵੇਂਗੀ ਉਸ ਵਿਚ ਹੋਰ ਅਫ਼ਸਰਾਂ ਦੀਆਂ ਪਤਨੀਆਂ ਤੇਰੀ ਸਹਾਇਤਾ ਕਰਨਗੀਆਂ।”

"ਮੈਂ ਜਾਣਦੀ ਹਾਂ, ਜਾਣਦੀ ਹਾਂ। ਰੈਡ ਕ੍ਰਾਸ ਲਈ ਚੰਦਾ ਇਕੱਠਾ ਕਰੋ, ਫਲਾਵਰ ਸੋ ਆਯੋਜਨ ਕਰੋ, ਬੱਚਿਆਂ ਦਾ ਫੀਟ ਤਿਆਰ ਕਰੋ, ਸੈਨਿਕਾਂ ਦੀ ਸਹਾਇਤਾ ਲਈ ਕੱਪੜੇ ਤੇ ਜੁੱਤੀਆਂ ਇਕੱਠੀਆਂ ਕਰੋ, ਇਹੋ ਨਾ।"

“ਇਕ ਹੋਰ ਸੰਸਥਾ ਵੀ ਹੈ ਜੋ ਇਥੇ ਖੋਲ੍ਹਣ ਦਾ ਇਰਾਦਾ ਹੈ, ਜਾਨਵਰਾਂ ਦੀ ਦੇਖ ਭਾਲ ਅਤੇ ਰੱਖਿਆ ਲਈ। ਇਥੇ ਅਜੇ ਤੱਕ ਇਸ ਪ੍ਰਕਾਰ ਦੀ ਕੋਈ ਸੰਸਥਾ ਨਹੀਂ ਹੈ। ਕੈਨਟੋਨਮੈਂਟ ਦੀਆਂ ਸੜਕਾਂ ਤੇ ਅਵਾਰਾ ਕੁੱਤੇ ਘੁੰਮਦੇ ਰਹਿੰਦੇ ਹਨ, ਉਨ੍ਹਾ ਨੂੰ ਹਟਾਉਣਾ, ਘੋੜਾ ਗੱਡੀਆਂ ਵਿਚ ਬੁੱਢੇ ਲੰਗੜੇ ਘੋੜੇ ਜੋਏ ਜਾਂਦੇ ਹਨ .....।”

“ਇਨ੍ਹਾਂ ਦਾ ਕੀ ਕਰੋਗੇ ?”

"ਇਨ੍ਹਾਂ ਨੂੰ ਮਰਵਾ ਦੇਣਾ ਚਾਹੀਦਾ ਹੈ। ਇਨ੍ਹਾਂ ਤੋਂ ਕੰਮ ਲੈਂਦੇ ਰਹਿਣਾ ਜ਼ੁਲਮ ਹੈ ਅਵਾਰਾ ਕੁੱਤੇ ਬੀਮਾਰੀ ਫੈਲਾਉਂਦੇ ਹਨ, ਹਲਕੇ ਹੋ ਜਾਂਦੇ ਹਨ ਅਤੇ ਲੋਕਾਂ ਨੂੰ ਵੱਢ ਖਾਂਦੇ ਹਨ। ਤੂੰ ਕੋਈ ਕੰਮ ਚੁਣ ਲੈ, ਜਿਸ ਵਿਚ ਤੇਰੀ ਰੁਚੀ ਹੋਵੇ।"

" ਤੁਸੀਂ ਤਾਂ ਡਿਪਟੀ ਕਮਿਸ਼ਨਰੀ ਕਰੋ ਅਤੇ ਮੈਂ ਕੁੱਤੇ ਮਰਵਾਉਂਦੀ ਫਿਰਾਂ? ਮੈਨੂੰ ਕੀ ਮੁਸੀਬਤ ਪਈ ਹੈ" ਉਸਨੇ ਕਿਹਾ, 'ਤੁਸੀਂ ਮੇਰੇ ਨਾਲ ਮਜ਼ਾਕ ਕਰ ਰਹੇ ਹੋ। ਤੁਸੀਂ ਹਮੇਸ਼ਾ ਮੇਰੇ ਨਾਲ ਮਜ਼ਾਕ ਕਰਦੇ ਹੋ।"

"ਮੈਂ ਮਜ਼ਾਕ ਨਹੀਂ ਕਰਦਾ, ਮੈਂ ਤਾਂ ਚਾਹੁੰਦਾ ਤਾਂ ਕਿ ਤੂੰ ਕਿਸੇ-ਨ-ਕਿਸੇ ਕੰਮ ਵਿਚ ਰੁਚੀ ਲੈਣ ਲਗੇਂ।"

"ਮੈਂ ਤੁਹਾਡੇ ਕੰਮਾਂ ਵਿਚ ਦਿਲਚਸਪੀ ਲਵਾਂਗੀ। ਤੁਸੀਂ ਮੈਨੂੰ ਦਸੋ ਜੋ ਸਵੇਰੇ ਦਸ ਰਹੇ ਸੀ।......ਹਿੰਦੁਸਤਾਨੀ ਲੋਕਾਂ ਦੇ ਬਾਰੇ।"

ਰਿਚਰਡ ਮੁਸਕਰਾ ਪਿਆ।

"ਸੁਣ ! ਸਭ ਹਿੰਦੁਸਤਾਨੀ ਚਿੜਚਿੜੇ ਸੁਭਾਅ ਦੇ ਹੁੰਦੇ ਹਨ, ਛੋਟੀ ਜਿਹੀ ਚੁੱਕ ਨਾਲ ਭੜਕ ਉਠਣ ਵਾਲੇ, ਸਭ ਵਿਅਕਤੀਵਾਦੀ ਹੁੰਦੇ ਹਨ, ਅਤੇ......ਅਤੇ ਸਭ ਚਿੱਟੀ ਚਮੜੀ ਵਾਲੀਆਂ ਤੀਵੀਆਂ ਨੂੰ ਪਸੰਦ ਕਰਦੇ ਹਨ।"

ਲੀਜ਼ਾ ਨੂੰ ਵਾਕ ਦਾ ਅਖੀਰੀ ਭਾਗ ਸੁਣਦੇ ਹੋਏ ਲੱਗਾ ਕਿ ਰਿਚਰਡ ਫਿਰ ਮਜ਼ਾਕ ਕਰਨ ਲੱਗਾ ਹੈ। ਲੀਜ਼ਾ ਦੀ ਨਿਗਾਹ ਵਿਚ ਉਹ ਬੜਾ ਵਿਦਵਾਨ ਅਤੇ ਯੋਗ ਆਦਮੀ ਸੀ। ਪਰ ਉਸਨੂੰ ਇਹ ਵੀ ਲੱਗਦਾ ਕਿ ਉਹ ਲੀਜ਼ਾ ਨੂੰ ਮੂਰਖ ਸਮਝਦਾ ਹੈ, ਅਤੇ ਉਸਦੇ ਵਾਕਾਂ ਵਿਚ ਅਕਸਰ ਵਿਅੰਗ ਛੁਪਿਆ ਰਹਿੰਦਾ ਹੈ। ਗੰਭੀਰ ਵਿਸ਼ੇ ਤੇ ਗੱਲ ਕਰਦੇ ਹੋਏ ਵੀ ਉਹ ਅਚਾਨਕ ਇਕ ਅੱਧ ਵਾਕ ਅਜਿਹਾ ਲੱਗਾ ਦਿੰਦਾ, ਜਿਵੇਂ ਮਖੌਲ ਕਰ ਰਿਹਾ ਹੋਵੇ। ਇਸ ਨਾਲ ਲੀਜ਼ਾ ਨੂੰ ਸ਼ਕ ਹੋਣ ਲੱਗਦਾ ਕਿ ਉਸਦੀ ਗੰਭੀਰ ਗੱਲ ਵਿਚ ਕੋਈ ਤੱਥ ਹੈ ਜਾਂ ਉਹ ਵੀ ਮਜ਼ਾਕ ਹੀ ਸੀ।

''ਤੁਸੀਂ ਕੋਈ ਵੀ ਗੱਲ ਮੇਰੇ ਨਾਲ ਸੰਜੀਦਗੀ ਨਾਲ ਨਹੀਂ ਕਰਦੇ" ਲੀਜ਼ਾ ਨੇ ਉਲ੍ਹਾਮਾ ਦਿੰਦਿਆਂ ਕਿਹਾ।

"ਸੰਜੀਦਗੀ ਨਾਲ ਗੱਲ ਕਰਨ ਦੀ ਤੁੱਕ ਹੀ ਕੀ ਹੈ।" ਰਿਚਰਡ ਨੇ ਸੋਚਾਂ ਵਿਚ ਡੁੱਬ ਕੇ ਕਿਹਾ "ਸੁਣ ਲੀਜ਼ਾ, ਇਥੇ ਸ਼ਾਇਦ ਕੋਈ ਗੜਬੜ ਹੋਵੇ।"

ਲੀਜ਼ਾ ਨੇ ਅੱਖਾਂ ਉਪਰ ਚੁੱਕੀਆਂ ਅਤੇ ਰਿਚਰਡ ਦੇ ਚਿਹਰੇ ਵੱਲ ਵੇਖਣ ਲੱਗੀ।

''ਕੀ ਗੜਬੜ ਹੋਵੇਗੀ ? ਫਿਰ ਜੰਗ ਹੋਵੇਗੀ ?"

"ਨਹੀਂ, ਪਰ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਤਨਾਓ ਵੱਧ ਰਿਹਾ ਹੈ, ਸ਼ਾਇਦ ਫ਼ਸਾਦ ਹੋਣਗੇ"

"ਇਹ ਲੋਕ ਆਪਸ ਵਿਚ ਲੜਨਗੇ ? ਲੰਡਨ ਵਿਚ ਤਾਂ ਤੁਸੀਂ ਕਹਿੰਦੇ ਸੀ ਕਿ ਤੁਹਾਡੇ ਖਿਲਾਫ ਲੜ ਰਹੇ ਹਨ!"

"ਸਾਡੇ ਖਿਲਾਫ ਵੀ ਲੜ ਰਹੇ ਹਨ ਤੇ ਆਪਸ ਵਿਚ ਵੀ ਲੜ ਰਹੇ ਹਨ।"

"ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ? ਕੀ ਤੁਸੀਂ ਵਿਚ ਮਖੌਲ ਕਰਨ ਲਗੇ?"

"ਧਰਮ ਦੇ ਨਾਂ ਤੇ ਆਪਸ ਵਿਚ ਲੜਦੇ ਹਨ, ਦੇਸ਼ ਦੇ ਨਾਂ ਤੇ ਸਾਡੇ ਨਾਲ ਲੜਦੇ ਹਨ।" ਰਿਚਰਡ ਨੇ ਮੁਸਕਰਾ ਕੇ ਕਿਹਾ।

"ਬਹੁਤ ਚਲਾਕ ਨਾ ਬਣ ਰਿਚਰਡ। ਮੈਂ ਸਭ ਜਾਣਦੀ ਹਾਂ। ਦੇਸ਼ ਦੇ ਨਾਂ ਤੇ ਇਹ ਲੋਕ ਤੁਹਾਡੇ ਨਾਲ ਲੜਦੇ ਹਨ ਅਤੇ ਧਰਮ ਦੇ ਨਾਂ ਤੇ ਤੁਸੀਂ ਇਨ੍ਹਾਂ ਨੂੰ ਆਪਸ ਵਿਚ ਲੜਾਉਂਦੇ ਹੈ। ਕਿਉਂ ਠੀਕ ਹੈ ਨਾਂਹ।"

"ਅਸੀਂ ਨਹੀਂ ਲੜਾਉਂਦੇ, ਲੀਜ਼ਾ, ਇਹ ਲੋਕ ਆਪ ਲੜਦੇ ਹਨ।"

"ਤੁਸੀਂ ਇਨ੍ਹਾਂ ਨੂੰ ਲੜਨ ਤੋਂ ਰੋਕ ਵੀ ਤਾਂ ਸਕਦੇ ਹੋ। ਅਖਿਰ ਹਨ ਤਾਂ ਇਹ ਇਕ ਹੀ ਜਾਤ ਦੇ ਲੋਕ।"

ਰਿਚਰਡ ਨੂੰ ਆਪਣੀ ਪਤਨੀ ਦਾ ਭੋਲਾਪਣ ਪਿਆਰਾ ਲੱਗਾ। ਉਸਨੇ ਝੁਕ ਕੇ ਲੀਜ਼ਾ ਦੀ ਗਲ੍ਹ ਚੁੰਮ ਲਈ। ਫਿਰ ਬੋਲਿਆ :

"ਡਾਰਲਿੰਗ, ਹਕੂਮਤ ਕਰਨ ਵਾਲੇ ਇਹ ਨਹੀਂ ਵੇਖਦੇ ਕਿ ਪਰਜਾ ਵਿਚ ਕਿਹੜੀ ਕਿਹੜੀ ਸਮਾਨਤਾ ਪਾਈ ਜਾਂਦੀ ਹੈ, ਉਨ੍ਹਾਂ ਦੀ ਦਿਲਚਸਪੀ ਤਾਂ ਇਹ ਵੇਖਣ ਵਿਚ ਹੁੰਦੀ ਹੈ ਕਿ ਉਹ ਕਿੰਨ੍ਹਾਂ ਕਿੰਨ੍ਹਾਂ ਗੱਲਾਂ ਵਿਚ ਇਕ ਦੂਸਰੇ ਤੋਂ ਅਲੱਗ ਹਨ।"

ਤਦੇ ਖਾਨਸਾਮਾ ਟਰੇ ਚੁੱਕ ਕੇ ਚਲਾ ਗਿਆ। ਉਸਨੂੰ ਵੇਖ ਕੇ ਲੀਜ਼ਾ ਬੋਲੀ ; "ਇਹ ਹਿੰਦੂ ਹੈ ਜਾਂ ਮੁਸਲਮਾਨ ?"

"ਤੂੰ ਦਸ" ਰਿਚਰਡ ਨੇ ਕਿਹਾ।

ਲੀਜ਼ਾ ਦੇਰ ਤਕ ਖਾਨਸਾਮੇ ਵੱਲ ਵੇਖਦੀ ਰਹੀ ਜੋ ਟਰੇ ਦਾ ਸਾਮਾਨ ਰੱਖਣ ਪਿਛੋਂ ਬੁੱਤ ਦਾ ਬੁੱਤ ਬਣਿਆ ਖਲੋਤਾ ਸੀ।

"ਹਿੰਦੂ ਹੈ।"

ਰਿਚਰਡ ਹੱਸ ਪਿਆ "ਗਲਤ।"

"ਗਲਤ ਕਿਉਂ ?"

"ਫਿਰ ਧਿਆਨ ਨਾਲ ਵੇਖ।"

ਲੀਜ਼ਾ ਨੇ ਧਿਆਨ ਨਾਲ ਵੇਖਿਆ, "ਸਿੱਖ ਹੈ, ਇਸਦੀ ਦਾੜ੍ਹੀ ਹੈ ਸਿਰ ਤੇ ਟਰਬਨ ਹੈ।"

ਰਿਚਰਡ ਵਿਚ ਹੱਸ ਪਿਆ। ਖਾਨਸਾਮਾ ਅਜੇ ਵੀ ਬੁੱਤ ਬਣਿਆ ਖੜਾ ਸੀ। ਉਸਦੇ ਚਿਹਰੇ ਦੀ ਇਕ ਮਾਸਪੇਥੀ ਨਹੀਂ ਹਿੱਲੀ ਸੀ।

"ਇਸਨੇ ਦਾੜ੍ਹੀ ਕੱਟੀ ਹੋਈ ਹੈ। ਸਿੱਖ ਦਾੜ੍ਹੀ ਨਹੀਂ ਕੱਟ ਸਕਦੇ ਇਹ ਉਨ੍ਹਾਂ ਦੇ ਧਰਮ ਦੇ ਖਿਲਾਫ਼ ਹੈ।"

"ਇਹ ਤਾਂ ਤੁਸੀਂ ਮੈਨੂੰ ਦੱਸਿਆ ਹੀ ਨਹੀਂ ਸੀ।" ਲੀਜ਼ਾ ਬੋਲੀ।

"ਮੈਂ ਕਿੰਨੀਆਂ ਹੀ ਹੋਰ ਗੱਲਾਂ ਤੈਨੂੰ ਨਹੀਂ ਦਸੀਆਂ।"

"ਜਿਵੇਂ?"

"ਜਿਵੇਂ ਇਹ ਕਿ ਸਿੱਖਾਂ ਦੇ ਪੰਜ ਨਿਸ਼ਾਨ ਹੁੰਦੇ ਹਨ, ਵਾਲਾਂ ਤੋਂ ਬਿਨਾਂ ਚਾਰ ਨਿਸ਼ਾਨ ਹੋਰ ਵੀ ਹਨ, ਹਿੰਦੂਆਂ ਦੇ ਸਿਰ ਤੇ ਬੋਦੀ ਹੁੰਦੀ ਹੈ, ਅਤੇ ਮੁਸਲਮਾਨਾਂ ਦੇ ਵੀ ਆਪਣੇ ਨਿਸ਼ਾਨ ਹੁੰਦੇ ਹਨ। ਫਿਰ ਖਾਣ ਪੀਣ ਵਿਚ ਵੀ, ਹਿੰਦੂ ਗਊ ਦਾ ਮਾਸ ਨਹੀਂ

ਖਾਂਦੇ ਅਤੇ ਮੁਸਲਮਾਨ ਸੂਰ ਦੇ ਹਨ ਨਹੀਂ ਖਾਂਦੇ, ਸਿੱਖ ਲੋਕ ਝਟਕੇ ਦਾ ਮਾਸ ਖਾਂਦੇ ਹਨ ਅਤੇ ਮੁਸਲਮਾਨ ਲੋਕ ਹਲਾਲ ਦਾ ਮਾਸ ਖਾਂਦੇ ਹਨ......"

"ਤੁਸੀਂ ਨਹੀਂ ਚਾਹੁੰਦੇ ਕਿ ਮੈਂ ਇਨ੍ਹਾਂ ਬਾਰੇ ਕੁਝ ਸਿੱਖ ਸਕਾਂ। ਇੰਨੀਆਂ ਢੇਰ ਸਾਰੀਆਂ ਗੱਲਾਂ ਕਿਸਨੂੰ ਯਾਦ ਰਹਿ ਸਕਦੀਆਂ ਹਨ ?" ਫਿਰ ਖਾਨਸਾਮੇ ਵਲ ਵੇਖ ਕੇ ਬੋਲੀ, "ਇਹ ਸਭ ਜਾਣ ਲੈਣ ਤੇ ਕੀ ਮੈਂ ਵੇਖਦੇ ਹੀ ਦਸ ਸਕਾਂਗੀ ਕਿ ਆਦਮੀ ਹਿੰਦੂ ਹੈ ਜਾਂ ਮੁਸਲਮਾਨ ? ਇਕ ਇਕ ਨਿਸ਼ਾਨ ਵੇਖੇ ਬਿਨਾਂ ਕੋਈ ਕਿਵੇਂ ਦਸ ਸਕਦਾ ਹੈ ?" ਫਿਰ ਹੱਸ ਕੇ ਬੋਲੀ, "ਮੈਂ ਸ਼ਰਤ ਬੰਨ੍ਹ ਕੇ ਕਹਿ ਸਕਦੀ ਹਾਂ ਕਿ ਇਨ੍ਹਾਂ ਲੋਕਾਂ ਨੂੰ ਆਪ ਨਹੀਂ ਪਤਾ ਲੱਗਦਾ ਹੋਵੇਗਾ ਕਿ ਹਿੰਦੂ ਕੌਣ ਹੈ ਤੇ ਮੁਸਲਮਾਨ ਕੌਣ। ਅਤੇ ਰਿਚਰਡ ਤੂੰ ਵੀ ਝੂਠ ਬੋਲਦਾ ਹੈ ਤੈਨੂੰ ਵੀ ਪਤਾ ਨਹੀਂ ਲੱਗਦਾ ਹੋਵੇਗਾ।"

ਫਿਰ ਖਾਨਸਾਮੇ ਵੱਲ ਮੁਖਾਤਿਬ ਹੋ ਕੇ ਬੋਲੀ, "ਖਾਨਸਾਮਾ, ਤੂੰ ਮੁਸਲਮਾਨ?"

"ਮੁਸਲਮਾਨ, ਮੈਮ ਸਾਹਿਬ।"

''ਤੂੰ ਹਿੰਦੂ ਕੋ ਮਾਰੇਗਾ।"

ਖਾਨਸਾਮਾ ਸਕਪਕਾ ਗਿਆ, ਉਸਨੇ ਅੱਖ ਚੁੱਕ ਕੇ ਮੇਮ ਸਾਹਿਬ ਵੱਲ ਵੇਖਿਆ ਫਿਰ ਮੁਸਕਰਾ ਕੇ ਸਾਹਿਬ ਵੱਲ ਵੇਖਣ ਲੱਗਾ। ਫਿਰ ਉਹ ਅੱਗੇ ਵੱਧ ਕੇ ਰੋਸ਼ਨੀ ਦੇ ਘੇਰੇ ਵਿਚ ਆ ਗਿਆ ਅਤੇ ਇਕ ਤਸ਼ਤਰੀ ਸਾਹਿਬ ਦੇ ਸਾਹਮਣੇ ਵਧਾ ਦਿੱਤੀ ਜਿਸ ਉਤੇ ਇਕ ਤਹਿ ਕੀਤਾ ਹੋਇਆ ਕਾਗਜ਼ ਰਖਿਆ ਸੀ, ਅਤੇ ਫਿਰ ਪਿਛੇ ਹਨੇਰੇ ਵਿਚ ਹੱਟ ਗਿਆ। ਰਿਚਰਡ ਨੇ ਕਾਗਜ਼ ਨੂੰ ਖੋਲ੍ਹ ਕੇ ਵੇਖਿਆ ਅਤੇ ਫਿਰ ਤਹਿ ਕਰਕੇ ਤਸਤਰੀ ਤੇ ਰੱਖ ਦਿੱਤਾ।

"ਕੀ ਹੈ ਰਿਚਰਡ ?"

"ਸ਼ਹਿਰ ਦੀ ਰਿਪੋਰਟ ਹੈ, ਲੀਜ਼ਾ।" ਰਿਚਰਡ ਨੇ ਹੌਲੀ ਜਿਹੀ ਕਿਹਾ ਅਤੇ ਆਪਣੇ ਵਿਚਾਰਾਂ ਵਿਚ ਗਵਾਚ ਗਿਆ।

''ਕਿਹੋ ਜਿਹੀ ਰਿਪੋਰਟ ਹੈ, ਰਿਚਰਡ ?"

"ਸ਼ਹਿਰ ਦੀ ਸਥਿਤੀ ਦੀ। ਤੈਨੂੰ ਪਤਾ ਹੈ ਕਿ ਮੇਰੇ ਕੋਲ ਹਰ ਰੋਜ ਸਵੇਰੇ ਤਿੰਨ ਚਾਰ ਮਹਿਕਮਿਆਂ ਦੀ ਰਿਪੋਰਟ ਆਉਂਦੀ ਹੈ, ਪੁਲਸ ਸੁਪਰਿੰਟੈਂਡੈਂਟ ਦੀ ਹੈਲਥ ਆਫੀਸਰ ਦੀ, ਸਿਵਿਲ ਸਪਲਾਈਜ਼ ਆਫੀਸਰ ਦੀ। ਮੈਨੂੰ ਮੁਆਫ ਕਰਨਾ......" ਕਹਿੰਦਾ ਹੋਇਆ ਰਿਚਰਡ ਖਾਣ ਵਾਲੇ ਕਮਰੇ ਤੋਂ ਬਾਹਰ ਨਿਕਲ ਗਿਆ।

ਥੋੜੀ ਦੇਰ ਲੀਜ਼ਾ ਗੁੰਮ ਸੁੰਮ ਹੋ ਕੇ ਬੈਠੀ ਰਹੀ। ਰਿਚਰਡ ਨੇ ਅਜੇ ਤਕ ਕਾਫੀ ਨਹੀਂ ਪੀਤੀ ਸੀ। ਉਹ ਦੁਬਿਧਾ ਵਿਚ ਸੀ ਕਿ ਉਹ ਆਪ ਕਾਫੀ ਪੀ ਲਵੇ ਜਾਂ ਰਿਚਰਡ ਦੀ ਉਡੀਕ ਕਰੇ, ਪਰ ਰਿਚਰਡ ਛੇਤੀ ਹੀ ਪਰਤ ਆਇਆ।

"ਇਹ ਕਿਸਦੀ ਰਿਪੋਰਟ ਸੀ, ਰਿਚਰਡ ?"

"ਪੁਲਿਸ ਸੁਪਰਿੰਟੈਂਡੈਂਟ ਦੀ" ਰਿਚਰਡ ਨੇ ਕਿਹਾ, ਫਿਰ ਹੌਂਸਲਾ ਦੇਣ ਵਾਲੀ ਆਵਾਜ਼ ਵਿਚ ਬੋਲਿਆ, "ਕੋਈ ਖਾਸ ਗੱਲ ਨਹੀਂ ਸੀ, ਰੋਜ਼ ਦੀ ਰੁਟੀਨ ਰਿਪੋਰਟ ਹੈ।"

ਪਰੰਤੂ ਲੀਜ਼ਾ ਨੂੰ ਲੱਗਾ ਜਿਵੇਂ ਰਿਚਰਡ ਕੁਝ ਛਿਪਾ ਰਿਹਾ ਹੈ। 'ਕੁਝ ਤਾਂ ਹੈ ਰਿਚਰਡ, ਤੁਸੀਂ ਕੁਝ ਛਿਪਾ ਰਹੇ ਹੋ।"

"ਛੁਪਾਉਣ ਨੂੰ ਕੀ ਹੈ ਲੀਜ਼ਾ, ਫਿਰ ਤੇਰੇ ਕੋਲੋਂ ਛੁਪਾਵਾਂਗਾ ? ਸ਼ਹਿਰ ਦੀਆਂ ਗੱਲਾਂ ਨਾਲ ਮੈਨੂੰ ਜਾਂ ਤੈਨੂੰ ਲੱਗਾਓ ਹੀ ਕੀ ਹੈ ਕਿ ਮੈਂ ਛੁਪਾਉਂਦਾ ਫਿਰਾਂ।"

"ਫਿਰ ਵੀ ਕੁਝ ਤਾਂ ਹੈ। ਸੁਪਰਿੰਟੈਂਡੈਂਟ ਨੇ ਕੀ ਕੀ ਲਿਖਿਆ ਹੈ ?"

ਉਸਨੇ ਕੇਵਲ ਇੰਨਾ ਲਿਖਿਆ ਹੈ ਕਿ ਸ਼ਹਿਰ ਵਿਚ ਤਨਾਓ ਪਾਇਆ ਜਾਂਦਾ ਹੈ, ਹਿੰਦੂਆਂ ਅਤੇ ਮੁਸਲਮਾਨਾਂ ਵਿਚ। ਪਰੰਤੂ ਇਹ ਕੋਈ ਨਵੀਂ ਗੱਲ ਨਹੀਂ ਹੈ। ਹਿੰਦੁਸਤਾਨ ਵਿਚ ਅੱਜ ਕਲ੍ਹ ਇਹ ਤਨਾਓ ਹਰ ਥਾਂ ਤੋਂ ਪਾਇਆ ਜਾਂਦਾ ਹੈ।"

"ਫਿਰ ਤੁਸੀਂ ਕੀ ਕਰੋਗੇਂ, ਰਿਚਰਡ।"

"ਮੈਨੂੰ ਕੀ ਕਰਨਾ ਚਾਹੀਦਾ ਹੈ ਲੀਜ਼ਾ ? ਮੈਂ ਸ਼ਾਸਨ ਕਰਾਂਗਾ ਹੋਰ ਕੀ ਕਰਾਂਗਾ ?"

ਲੀਜ਼ਾ ਨੇ ਅੱਖਾਂ ਉਪਰ ਚੁਕੀਆਂ।

"ਤੁਸੀਂ ਫਿਰ ਮਜ਼ਾਕ ਕਰਨ ਲੱਗੇ ਹੋ, ਰਿਚਰਡ ?"

"ਮੈਂ ਮਖੌਲ ਨਹੀਂ ਕਰ ਰਿਹਾ। ਜੋ ਹਿੰਦੂ ਮੁਸਲਮਾਨਾਂ ਵਿਚ ਤਨਾਓ ਪਾਇਆ ਜਾਂਦਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ?"

"ਤੁਸੀਂ ਉਹਨਾਂ ਦਾ ਝਗੜਾ ਨਿਪਟਾਉਗੇ ਨਹੀਂ?" ਰਿਚਰਡ ਮੁਸਕਰਾ ਪਿਆ ਅਤੇ ਕਾਫੀ ਦਾ ਘੁਟ ਭਰਕੇ ਸਹਿਜ ਭਾਵ ਨਾਲ ਬੋਲਿਆ:

"ਮੈਂ ਉਨ੍ਹਾਂ ਨੂੰ ਕਹਾਂਗਾ ਤੁਹਾਡੇ ਧਰਮ ਦੇ ਮਾਮਲੇ ਤੁਹਾਡੇ ਨਿੱਜੀ ਮਾਮਲੇ ਹਨ, ਇਨ੍ਹਾਂ ਨੂੰ ਖੁਦ ਸੁਲਝਾਉਣਾ ਚਾਹੀਦਾ ਹੈ। ਸਰਕਾਰ ਤੁਹਾਡੀ ਸਹਾਇਤਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।"

"ਤੁਸੀਂ ਉਨ੍ਹਾਂ ਨੂੰ ਇਹ ਵੀ ਕਹਿਣਾ ਕਿ ਤੁਸੀਂ ਇਕ ਹੀ ਨਸਲ ਦੇ ਲੋਕ ਹੋ, ਤੁਹਾਨੂੰ ਆਪਸ ਵਿਚ ਨਹੀਂ ਲੜਨਾ ਚਾਹੀਦਾ। ਤੁਸੀਂ ਮੈਨੂੰ ਇਹੋ ਹੀ ਦਸਿਆ ਸੀ ਨਾ, ਰਿਚਰਡ ?"

"ਜ਼ਰੂਰ ਕਹਾਂਗਾ, ਲੀਜ਼ਾ !" ਰਿਚਰਡ ਨੇ ਕੁਝ ਵਿਅੰਗ ਨਾਲ ਕਿਹਾ।

ਦੋਵੇਂ ਚੁਪਚਾਪ ਕਾਫ਼ੀ ਦੇ ਘੁਟ ਭਰਦੇ ਰਹੇ, ਫਿਰ ਅਚਾਨਕ ਲੀਜ਼ਾ ਦੇ ਚਿਹਰੇ ਤੇ ਚਿੰਤਾ ਦੇ ਭਾਵ ਆ ਗਏ :

"ਤੈਨੂੰ ਤਾਂ ਕੋਈ ਖਤਰਾ ਨਹੀਂ ਨਾ ਰਿਚਰਡ?"

"ਨਹੀਂ ਲੀਜ਼ਾ, ਜੇ ਪਰਜਾ ਆਪਸ ਵਿਚ ਲੜੇ ਤਾਂ ਸ਼ਾਸਕ ਨੂੰ ਕਿਸ ਗੱਲ ਦਾ ਖਤਰਾ ਹੈ।" ਲੀਜ਼ਾ ਨੂੰ ਇਹ ਗੱਲ ਸਮਝ ਆ ਗਈ ਅਤੇ ਉਸਦੀਆਂ ਅੱਖਾਂ ਵਿਚ ਰਿਚਰਡ ਪ੍ਰਤੀ ਆਦਰ ਦਾ ਭਾਵ ਛਲਕ ਆਇਆ।

“ਠੀਕ ਹੀ ਤਾਂ ਕਹਿੰਦੇ ਹੋ। ਤੁਸੀਂ ਕਿੰਨਾ ਕੁਝ ਜਾਣਦੇ ਹੋ, ਰਿਚਰਡ ਤੁਸੀਂ ਸਚਮੁੱਚ ਬੜੇ ਸਮਝਦਾਰ ਹੋ। ਮੈਂ ਤਾਂ ਐਵੇਂ ਡਰ ਗਈ ਸੀ। ਮੈਨੂੰ ਜੈਕਸਨ ਦੀ ਪਤਨੀ ਨੇ ਇਕ ਵਾਰ ਦਸਿਆ ਸੀ ਕਿ ਹਿੰਦੁਸਤਾਨੀਆਂ ਦੀ ਕਿਸੇ ਭੀੜ ਨੂੰ ਤਿਤਰ-ਬਿਤਰ ਕਰਨ ਲਈ ਜੈਕਸਨ ਇਕੱਲਾ ਰਿਵਾਲਵਰ ਹੱਥ ਵਿਚ ਲਈ, ਭੀੜ ਦੇ ਪਿਛੇ ਪਿਛੇ ਭੱਜਣ ਲੱਗਾ ਸੀ। ਅਤੇ ਛੱਜੇ ਤੇ ਖਲੋਤੀ ਉਸਦੀ ਪਤਨੀ ਵੇਖ ਰਹੀ ਸੀ ਅਤੇ ਬੇਹੱਦ ਡਰ ਗਈ ਸੀ ਕਿ ਪਤਾ ਨਹੀਂ ਕੀ ਹੋ ਜਾਵੇ। ਤੁਸੀਂ ਸੋਚੋ ਰਿਚਰਡ, ਇਕੱਲਾ ਜੈਕਸਨ ਅਤੇ ਸੈਂਕੜੇ ਲੋਕਾਂ ਦੀ ਭੀੜ ਕੁਝ ਵੀ ਤਾਂ ਹੋ ਸਕਦਾ ਸੀ।”

"ਤੂੰ ਚਿੰਤਾ ਨਾ ਕਰ ਲੀਜ਼ਾ” ਰਿਚਰਡ ਨੇ ਕੁਰਸੀ ਤੋਂ ਉਠ ਕੇ ਲੀਜ਼ਾ ਦੀ ਗਲ੍ਹ ਤੇ ਥਪਕੀ ਦਿੱਤੀ ਅਤੇ ਬਾਹਰ ਨਿਕਲ ਗਿਆ।

***

## ਪੰਜ

ਹਨੇਰਾ ਛਣਨ ਲੱਗਾ ਸੀ, ਜਦ ਪ੍ਰਭਾਤਫੇਰੀ ਦੀ ਮੰਡਲੀ ਗਲੀਆਂ ਲੰਘਦੀ ਹੋਈ ਇਮਾਮਦੀਨ ਦੇ ਮੁਹੱਲੇ ਵਿਚ ਪਹੁੰਚੀ। ਰਾਹ ਵਿਚੋਂ ਸ਼ੇਰਖਾਨ ਦੇ ਘਰੋਂ ਝਾੜੂ, ਬੇਲਚੇ, ਕੜਾਹੀਆਂ ਅਤੇ ਸਫਾਈ ਦਾ ਹੋਰ ਸਾਮਾਨ ਲੈ ਕੇ ਉਹ ਅੱਗੇ ਵਧਣ ਲੱਗੇ ਸਨ। ਸਵੇਰ ਦੀ ਰੋਸ਼ਨੀ ਵਿਚ ਉਨ੍ਹਾਂ ਦੇ ਥੱਕੇ ਥੱਕੇ ਪੀਲੇ ਚਿਹਰੇ ਸਾਫ ਨਜ਼ਰ ਆਉਣ ਲੱਗੇ। ਮਹਿਤਾ ਜੀ ਤੋਂ ਛੁਟ ਲੱਗਭਗ ਸਭ ਦੇ ਕੱਪੜੇ ਵੱਟ ਵੱਟ ਅਤੇ ਮੈਲੇ ਸਨ। ਬਖਸ਼ੀ ਦੇ ਸਿਰ ਤੇ ਗਾਂਧੀ ਟੋਪੀ ਇਕ ਬੰਨਿਓਂ ਚਿਪਕੀ ਹੋਈ ਸੀ ਜਿਵੇਂ ਸਿਰ ਤੇ ਲੱਦਿਆ ਹੋਇਆ ਕੋਈ ਭਾਰ ਹੁਣੇ ਹੁਣੇ ਸੁੱਟ ਕੇ ਆਇਆ ਹੋਏ। ਸ਼ੰਕਰ, ਮਾਸਟਰ ਰਾਮਦਾਸ ਅਤੇ ਅਜ਼ੀਜ਼ ਨੇ ਮੌਢਿਆਂ ਤੇ ਝਾੜ ਚੱਕੇ ਹੋਏ ਸਨ। ਦੇਸ ਰਾਜ ਅਤੇ ਸ਼ੇਰਖਾਨ ਦੇ ਹੱਥ ਵਿਚ ਕੜਾਹੀਆਂ ਸਨ। ਜਰਨੈਲ ਨੇ ਲੰਮਾ ਸਾਰਾ ਬਾਂਸ ਚੁੱਕਿਆ ਹੋਇਆ ਸੀ। ਦਿਨ ਦੀ ਰੋਸ਼ਨੀ ਵਿਚ ਮਾਸਟਰ ਰਾਮਦਾਸ ਆਪਣੇ ਹੱਥ ਵਿਚ ਝਾੜੂ ਵੇਖਕੇ ਸ਼ਰਮ ਮਹਿਸੂਸ ਕਰ ਰਿਹਾ ਸੀ।

"ਬ੍ਰਾਹਮਣਾਂ ਤੋਂ ਵੀ ਝਾੜੂ ਚੁੱਕਵਾਉਂਦੇ ਹੋ ਗਾਂਧੀ ਮਹਾਤਮਾ, ਜੋ ਕਰੋ ਥੋੜ੍ਹਾ। ਹੈਂ ਜੀ ' ਬ੍ਰਾਹਮਣਾਂ ਦੇ ਹੱਥ ਵਿਚ ਵੀ ਝਾੜੂ ਚੁੱਕਵਾ ਦਿੱਤਾ।"

ਅਤੇ ਹਲਕਾ ਜਿਹਾ ਹੱਸ ਪਿਆ। ਝਾੜੂ ਉਸਨੇ ਪਿੱਠ ਪਿਛੇ ਕਰ ਲਿਆ ਸੀ। ਆਪਣੇ ਵਾਕ ਦਾ ਕਿਸੇ ਵਲੋਂ ਵੀ ਉੱਤਰ ਨਾ ਪਾ ਕੇ ਉਸ ਨੇ ਥੋੜ੍ਹੀ ਜਿਹੀ ਉੱਚੀ ਆਵਾਜ਼ ਵਿਚ ਬਖ਼ਸ਼ੀ ਜੀ ਨੂੰ ਸੰਬੋਧਨ ਕਰਕੇ ਕਿਹਾ :

"ਮੈਂ ਨਾਲੀ ਸਾਫ ਨਹੀਂ ਕਰਾਂਗਾ। ਪਹਿਲਾਂ ਦਸ ਦਿਆਂ।"

"ਕਿਉਂ? ਤੈਨੂੰ ਸੁਰਖਾਬ ਦੇ ਪਰ ਲੱਗੇ ਨੇ?"

''ਇਹ ਮੇਰੀ ਉਮਰ ਨਾਲੀਆਂ ਸਾਫ਼ ਕਰਨ ਦੀ ਹੈ? "

''ਕਿਉਂ' ? ਗਾਂਧੀ ਜੀ ਆਪਣੀ ਟੱਟੀ ਆਪ ਸਾਫ ਕਰਦੇ ਹਨ, ਤੇ ਤੂੰ ਵੀ ਨਾਲੀ ਸਾਫ਼ ਨਹੀਂ ਕਰ ਸਕਦਾ?"

"ਮੈਂ ਝੂਠ ਨਹੀਂ ਕਹਿੰਦਾ, ਮੈਂ ਝੁਕ ਨਹੀਂ ਸਕਦਾ, ਝੁਕਦਾ ਹਾਂ ਤਾ ਲੱਕ ਵਿਚ ਪੀੜ ਹੋਣ ਲੱਗਦੀ। ਮੈਨੂੰ ਪੱਥਰੀ ਦੀ ਸ਼ਿਕਾਇਤ ਰਹਿੰਦੀ ਹੈ।

"ਗਾਂ ਨੂੰ ਪੱਠਾ ਦੱਥਾ ਪਾਉਂਦਿਆਂ ਤਾਂ ਤੈਨੂੰ ਪੱਥਰੀ ਦੀ ਸ਼ਿਕਾਇਤ ਨਹੀਂ ਹੁੰਦੀ। ਉਸਾਰੂ ਕੰਮ ਕਰਨ ਵੇਲੇ ਹੀ ਤੈਨੂੰ ਪੱਥਰੀ ਦੀ ਸ਼ਿਕਾਇਤ ਹੁੰਦੀ ਹੈ ?"

ਇਸ ਤੇ ਸ਼ੰਕਰ ਘੁੰਮ ਕੇ ਬੋਲਿਆ।

"ਮਾਸਟਰ ਜੀ ਅਸੀਂ ਪ੍ਰਚਾਰ ਕਰਨਾ ਹੈ, ਕਿਹੜੀਆਂ ਸੱਚਮੁਚ ਦੀਆਂ ਨਾਲੀਆਂ ਸਾਫ਼ਕਰਨੀਆਂ ਹਨ। ਨਾਲੀ ਮੈਂ ਸਾਫ਼ ਕਰਾਂਗਾ ਤੁਸੀਂ ਦਾਬੜੇ ਵਿਚ ਕੂੜਾ ਪਾ-ਪਾ ਸੁਟੀ ਜਾਣਾ।

ਥੋੜ੍ਹੀ ਦੂਰ ਜਾਣ ਪਿਛੋਂ ਮੰਡਲੀ ਇਕ ਗਲੀ ਵਿਚ ਘੁੰਮ ਗਈ।

"ਇਹ ਕਿਸ ਰਸਤੇ ਚੱਲ ਪਏ ਹੋ ?"

ਅਚਾਨਕ ਪਿਛੋਂ ਗੁਸਾਈ ਜੀ ਨੇ ਚਿੱਲਾ ਕੇ ਕਿਹਾ। ਮੰਡਲੀ ਦੇ ਅੱਗੇ ਅੱਗੇ ਚਲਦਾ ਹੋਇਆ ਉਸ ਰਾਜ ਸੱਜੇ ਹੱਥ ਮੁੜ ਗਿਆ ਸੀ ਅਤੇ ਉਸਦੇ ਪਿਛੇ ਸਾਰੀ ਮੰਡਲੀ ਹੀ ਉਸੇ ਬੰਨੇ ਜਾਣ ਲੱਗੀ ਸੀ।

"ਹਾਂ-ਹਾਂ, ਰੋਕ ਦਿਓ," ਬਖਸ਼ੀ ਜੀ ਨੇ ਹਾਮੀ ਭਰੀ। "ਸਵੇਰੇ ਇਨ੍ਹਾਂ ਲੋਕਾਂ ਦਾ ਨਮਾਜ਼ ਦਾ ਵੇਲਾ ਹੁੰਦਾ ਹੈ, ਕੀ ਫਾਇਦਾ ਮਸਜਿਦ ਦੇ ਸਾਹਮਣਿਓਂ ਜਾਣ ਦਾ।"

"ਓ, ਕਸ਼ਮੀਰੀ ?" ਬਖਸ਼ੀ ਜੀ ਨੇ ਚਿੱਲਾ ਕੇ ਕਿਹਾ, 'ਤੁਸੀਂ ਸਭ ਲੋਕ ਸੁੱਤੇ ਰਹਿੰਦੇ ਹੋ। ਇਧਰ ਮਸਜਿਦ ਦੇ ਸਾਹਮਣਿਓਂ ਜਾਣ ਲਈ ਤੈਨੂੰ ਕਿਸ ਨੇ ਕਿਹਾ ਹੈ ? ਹਮੇਸ਼ਾਂ ਆਪਣੇ ਮਨਮਾਨੀ ਕਰਦੇ ਹੋ।"

ਕਸ਼ਮੀਰੀ ਲਾਲ ਰੁਕ ਗਿਆ।

“ਸ਼ੇਰ ਖਾਂ ਤੇ ਦੇਸ ਰਾਜ ਉਧਰ ਘੁੰਮ ਗਏ, ਅਸੀਂ ਵੀ ਉਧਰ ਘੁੰਮ ਗਏ। ਪਰ ਕੋਈ ਗਲ ਨਹੀ ਬਖਸ਼ੀ ਜੀ, ਮਸਜਿਦ ਦੇ ਸਾਹਮਣੇ ਗਾਉਣਾ ਬੰਦ ਕਰ ਦਿਆਂਗੇ।"

“ਨਹੀਂ, ਨਹੀਂ, ਕੋਈ ਲੋੜ ਨਹੀਂ। ਵੇਖਦਾ ਨਹੀਂ ਹਵਾ ਕਿਹੋ ਜਿਹੀ ਵਗ ਰਹੀ ਹੈ।

ਤੁਸੀਂ ਪਰਤ ਆਓ ਅਤੇ ਪਿਛਲੀ ਗਲੀ ਵਿਚੋਂ ਹੋ ਕੇ ਸਿੱਧੇ ਚੌਂਕ ਵੱਲ ਚਲੋ, ਉਥੋਂ ਸੜਕ ਪਾਰ ਕਰਕੇ ਇਮਾਮ ਦੀਨ ਮੁਹੱਲੇ ਵੱਲ ਚਲੇ ਜਾਵਾਂਗੇ।"

ਮੰਡਲੀ ਵਾਪਿਸ ਮੁੜ ਪਈ, ਅਤੇ ਖੱਬੇ ਹੱਥ ਦੀ ਤੰਗ ਗਲੀ ਨੂੰ ਲੰਘ ਕੇ ਥੋੜ੍ਹੀ ਦੇਰ ਪਿਛੋਂ ਇਮਾਮ ਦੀਨ ਦੇ ਮੁਹੱਲੇ ਕੋਲ ਜਾ ਪਹੁੰਚੀ। ਇਹ ਰਾਹ ਪ੍ਰਭਾਤ ਫੇਰੀ ਲਈ ਨਵਾਂ ਸੀ। ਆਮ ਤੌਰ ਤੇ ਸ਼ਹਿਰ ਦੇ ਬਾਹਰ ਦੀਆਂ ਪੁਰਾਣੀਆਂ ਬਸਤੀਆਂ ਵਿਚ ਕਾਂਗਰਸ ਪ੍ਰਚਾਰ ਲਈ ਨਹੀਂ ਜਾਂਦੀ ਸੀ। ਕਮੇਟੀ ਦੇ ਮੈਦਾਨ ਨੂੰ ਲੰਘ ਕੇ ਜਾਣਾ ਉਂਜ ਵੀ ਦੂਰ ਪੈਂਦਾ ਸੀ। ਇਮਾਮਦੀਨ ਦਾ ਮੁਹੱਲਾ ਕਮੇਟੀ ਦੇ ਮੈਦਾਨ ਤੋਂ ਪਾਰ ਪੂਰਬ ਵੱਲ ਇਕ ਸਿਰੇ ਤੇ ਸੀ।

ਇਕ ਥਾਂ, ਮੋੜ ਤੇ ਮੰਡਲੀ ਖੜੀ ਹੋ ਗਈ। ਕਸ਼ਮੀਰੀ ਲਾਲ ਨੇ ਜਿਸ ਦੇ ਹੱਥ ਵਿਚ ਤਿਰੰਗਾ ਸੀ, ਸਿਰ ਉੱਚਾ ਚੁੱਕ ਕੇ ਪੂਰੇ ਜ਼ੋਰ ਨਾਰ੍ਹਾ, ਲਾਇਆ :

"ਇਨਕਲਾਬ।”

ਜਵਾਬ ਵਿਚ ਸਭ ਨੇ ਜੋਸ਼ ਨਾਲ ਕਿਹਾ, ''ਜ਼ਿੰਦਾਬਾਦ !"

“ਬੋਲੇ ਭਾਰਤ ਮਾਤਾ ਕੀ...... ਜੇ !”

ਨਾਰ੍ਹੇ ਦੀ ਆਵਾਜ਼ ਸੁਣ ਕੇ ਮੁਹੱਲੇ ਦੇ ਬੱਚੇ ਭਜਦੇ ਹੋਏ, ਘਰਾਂ ਤੋਂ ਬਾਹਰ ਆ ਗਏ। ਔਰਤਾਂ ਟਾਟ ਦੇ ਪਰਦਿਆਂ ਪਿਛੋਂ ਝਾਕਣ ਲੱਗੀਆਂ। ਲਾਲ ਕਲੱਗੀ ਵਾਲਾ ਇਕ ਕੁਕੜ ਉਡਾਰੀ ਮਾਰ ਕੇ ਇਕ ਕੱਚੀ ਕੰਧ ਉਪਰ ਚੜ੍ਹ ਗਿਆ ਅਤੇ ਕੁਝ ਦੇਰ ਪਰ ਫੜਫੜਾਉਣ ਪਿਛੋਂ “ਕੁ... ਕਕੜੂ...... ਕੜੂ !” ਦੀ ਬਾਂਗ ਲਾਈ, ਜਿਵੇਂ ਉਸਨੇ ਮੁਹੱਲੇ ਦੀ ਪ੍ਰਤੀਨਿਧਤਾ ਕਰਦੇ ਹੋਏ ਨਾਰੇ ਦਾ ਜਵਾਬ ਦਿੱਤਾ ਹੋਵੇ।”

"ਤੇਰੇ ਨਾਲੋਂ ਤਾਂ ਇਹ ਕੁਕੜ ਹੀ ਚੰਗਾ ਹੈ ਕਸ਼ਮੀਰੀ, ਵੇਖਿਆ ਕਿਵੇਂ ਰੋਬ ਨਾਲ ਬਾਂਗ ਦਿੰਦਾ ਹੈ।" ਸ਼ੇਰ ਖਾਨ ਬੋਲਿਆ।

"ਕਿਉਂ ਕਸ਼ਮੀਰੀ ਕਿਸੇ ਤੋਂ ਘੱਟ ਹੈ, ਕਸ਼ਮੀਰੀ ਕਾਂਗਰਸ ਦਾ ਕੁਕੜ ਹੈ।" ਸ਼ੰਕਰ ਨੇ ਕਿਹਾ।

ਤੂੰ ਵੀ ਸਿਰ ਤੇ ਲਾਲ ਕਲੱਗੀ ਲਾ ਲੈ ਕਸ਼ਮੀਰੀ। ਇਸਨੂੰ ਲਾਲ ਟੋਪੀ ਲੈ ਦਿਓ ਬਖਸ਼ੀ ਜੀ, ਫਿਰ ਬਿਲਕੁਲ ਕੁਕੜ ਦਿਖਾਈ ਦੇਵੇਗਾ।"

"ਕਿਉਂ ਕਲੱਗੀ ਤੋਂ ਬਿਨਾਂ ਇਹ ਕੁਕੜ ਦਿਖਾਈ ਨਹੀਂ ਦਿੰਦਾ ? ਇਹ ਕੁਕੜੀ ਹੈ ਸ਼ਮੀਰੀ ਕੁਕੜੀ.. ..।"

ਸ਼ਹਿਰ ਦਾ ਹਾਸ ਵਿਅੰਗ ਅਜਿਹਾ ਹੀ ਸੀ। ਮੌਕੇ ਬੇ-ਮੌਕੇ ਸਾਥੀਆਂ ਵਿਚ ਛੇੜ-ਛਾੜ ਚਲਦੀ ਰਹਿੰਦੀ ਸੀ।

"ਬਸ, ਬਸ, ਹੁਣ ਕੰਮ ਸ਼ੁਰੂ ਕਰੋ।" ਬਖਸ਼ੀ ਜੀ ਚਰਨੀ ਉਤੇ ਲਾਲ ਟੈਨ ਰੱਖਦੇ ਹੋਏ ਬੋਲੇ।

ਜ਼ਿਆਦਾ ਘਰ ਇਕਹਿਰੇ, ਇਕ ਮੰਜ਼ਲੇ ਸਨ। ਬਹੁਤ ਸਾਰੇ ਘਰਾਂ ਦੇ ਦਰਵਾਜ਼ਿਆਂ ਤੇ ਟਾਟ ਦੇ ਪਰਦੇ ਲਟਕ ਰਹੇ ਸਨ। ਸਾਹਮਣੇ ਖੁਲ੍ਹਾ ਮੈਦਾਨ ਸੀ, ਅਤੇ ਮੈਦਾਨ ਦੇ ਪਾਰ ਇਕ ਦੂਸਰੀ ਦੇ ਸਮਾਨਅੰਤਰ ਦੋ ਕੱਚੀਆਂ ਗਲੀਆਂ ਸਨ। ਇਕ ਗਲੀ ਵਿਚ ਨਾਲੀਆਂ ਸਨ ਪਰ ਕੱਚੀਆਂ ਸਨ। ਦੂਸਰੀ ਗਲੀ ਵਿਚ ਨਾਲੀਆਂ ਪੁਟੀਆਂ ਹੀ ਨਹੀਂ ਗਈਆਂ ਸਨ। ਗਲੀ ਵਿਚ ਹੀ ਮਾਲ ਡੰਗਰ ਬਝੇ ਹੋਏ ਸਨ। ਘਰਾਂ ਵਿਚੋਂ ਇਸਤੀਆਂ, ਸਿਰ ਤੇ ਇਕ ਇਕ ਦੋ ਦੋ ਘੜੇ ਰੱਖੀ ਪਾਣੀ ਭਰਨ ਜਾ ਰਹੀਆਂ ਸਨ। ਇਕ ਥਾਂ ਇਕ ਬੱਚਾ ਮੱਝ ਥਲਿਓ ਗੋਹਾ ਚੁੱਕ ਰਿਹਾ ਸੀ। ਨੇੜੇ ਹੀ ਚਰਨੀ ਕੋਲ ਦੋ ਬੱਚੇ ਮੈਦਾਨ ਵਿਚ ਇਕ ਦੂਜੇ ਦੇ ਸਾਹਮਣੇ ਬੈਠੇ ਟੱਟੀ ਕਰ ਰਹੇ ਸਨ ਅਤੇ ਗੱਲਾਂ ਕਰ ਰਹੇ ਸਨ।

"ਤੇਰੀ ਟੱਟੀ ਪਤਲੀ ਕਿਉਂ ਹੈ ?"

"ਮੈਂ ਬੱਕਰੀ ਦਾ ਦੁੱਧ ਪੀਂਦਾ ਹਾਂ। ਤੂੰ ਕੀ ਪੀਂਦਾ ਹੈ ?" ਮੈਦਾਨ ਵਿਚ ਹੀ ਇਕ ਕੋਨੇ ਵਿਚ ਤੰਦੂਰ ਖੜਾ ਸੀ। ਇਥੇ ਪਹੁੰਚ ਕੇ ਲੱਗਦਾ ਸੀ ਜਿਵੇਂ ਇਹ ਲੋਕ ਗਲੀਆਂ ਦੇ ਰਸਤੇ ਕਿਸੇ ਪਿੰਡ ਵਿਚ ਪਹੁੰਚ ਗਏ ਹਨ।

"ਚੁਕੋ ਬੇਲਚੇ ਅਤੇ ਉਸਾਰੂ ਕੰਮ ਸ਼ੁਰੂ ਕਰੋ" ਬਖਸ਼ੀ ਨੇ ਕਿਹਾ।

ਮਹਿਤਾ ਅਤੇ ਰਾਮਦਾਸ ਕੜਾਹੀ ਲੈ ਕੇ ਵਿਹੜੇ ਵੱਲ ਵੱਧ ਗਏ। ਸ਼ੰਕਰ ਅਤੇ ਕਸ਼ਮੀਰੀ ਲਾਲ ਨੇ ਬੇਲਚੇ ਚੁੱਕੇ ਅਤੇ ਨਾਲੀ ਸਾਫ਼ ਕਰਨ ਚੱਲ ਪਏ। ਸ਼ੇਰਖਾਨ, ਦੇਸ ਰਾਜ ਅਤੇ ਬਖਤੀ ਝਾੜੂ ਚੁੱਕ ਕੇ ਵਿਹੜੇ ਨੂੰ ਸਾਫ਼ ਕਰਨ ਲੱਗੇ।

ਆਲੇ ਦੁਆਲੇ ਦੇ ਲੋਕਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਕੀ ਹੋਣ ਲੱਗਾ ਹੈ। ਟਾਂਗਾ ਹੱਕਣ ਵਾਲਾ ਇਕ ਛਾਛੀ ਆਪਣੇ ਘਰ ਦੇ ਬਾਹਰ ਆ ਕੇ ਮੈਦਾਨ ਦੇ ਕਿਨਾਰੇ ਪੈਰਾਂ ਭਾਰ ਬੈਠ ਗਿਆ ਸੀ ਅਤੇ ਬਖਸ਼ੀ ਜੀ ਨੂੰ ਝਾੜੂ ਫੇਰਦੇ ਵੇਖ ਉਠ ਖਲੋਤਾ ਅਤੇ ਅੱਗੇ ਵੱਧ ਕੇ ' ਬਖਸ਼ੀ ਜੀ ਕੋਲ ਪਹੁੰਚ ਗਿਆ।

"ਕਿਉਂ ਸਾਨੂੰ ਸ਼ਰਮਿੰਦਾ ਕਰਦੇ ਹੋ, ਬਾਊ ਜੀ, ਸਾਡਾ ਘਰ ਤੁਸੀਂ ਸਾਫ਼ ਕਰੋਗੇ ! ਲਿਆਓ ਝਾੜੂ ਮੈਨੂੰ ਦਿਓ।"

"ਨਹੀਂ ਨਹੀਂ, ਇਹ ਸਾਡਾ ਹੀ ਕੰਮ ਹੈ" ਬਖਸ਼ੀ ਜੀ ਨੇ ਉੱਤਰ ਦਿੱਤਾ।

''ਨਹੀਂ, ਬੰਦਾ ਪਰਵਰ, ਕਦੇ ਇੰਜ ਵੀ ਹੋਇਆ ਹੈ, ਤੁਸੀਂ ਪੜ੍ਹੇ ਲਿਖੇ ਖ਼ਾਨਦਾਨੀ ਲੋਕ ਹੋ, ਅਸੀਂ ਤੁਹਾਡੇ ਕੋਲੋਂ ਝਾੜੂ ਲਵਾਵਾਂਗੇ, ਤੋਬਾ ਇਸਤਫ਼ਾਰ! ਲਿਆਓ ਮੈਨੂੰ ਦਿਓ, ਸਾਨੂੰ ਕਿਉਂ ਦੋਜ਼ਖ ਦੀ ਅੱਗ ਵਿਚ ਧਕਦੇ ਹੋ........।"

ਬਖਸ਼ੀ ਜੀ ਨੂੰ ਉਸਦਾ ਵਿਵਹਾਰ ਚੰਗਾ ਲੱਗਾ। ਕਾਂਗਰਸ ਦੇ ਪ੍ਰਚਾਰ ਦਾ ਅਸਰ ਹੋ ਰਿਹਾ ਹੈ, ਉਨ੍ਹਾਂ ਦਿਲ ਵਿਚ ਕਿਹਾ, ਇਹੋ ਉਸਾਰੂ ਕੰਮ ਦਾ ਮਤਲਬ ਹੈ, ਹੋਰ ਕੀ।

ਕਸ਼ਮੀਰੀ ਲਾਲ ਤੇ ਸੰਕਰ ਬੇਲਚੇ ਚੁੱਕੀ ਘਰਾਂ ਦੇ ਨਾਲ ਜਾਣ ਵਾਲੀ ਕੱਚੀ ਨਾਲੀ ਵਿਚੋਂ ਲਸਲਸਾ ਚਿਕੜ ਕੱਢ ਰਹੇ ਸਨ। ਜਦ ਤੋਂ ਨਾਲੀ ਪਟੀ ਗਈ ਸੀ; ਉਸ

ਵਿਚ ਗੰਦਾ ਪਾਣੀ ਇਕੱਠਾ ਹੁੰਦਾ ਰਿਹਾ ਸੀ ਅਤੇ ਹੁਣ ਉਸਨੇ ਗਹਿਰੇ ਨੀਲੇ ਰੰਗ ਦੇ ਲਸਲਸੇ ਚਿਕੜ ਦਾ ਰੂਪ ਧਾਰ ਲਿਆ ਸੀ। ਜਿੰਨੀ ਦੇਰ ਇਹ ਲਸਲਸਾ ਚਿਕੜ ਨਾਲੀ ਵਿਚ ਪਿਆ ਰਿਹਾ, ਬਦਬੋ ਨਹੀਂ ਆਈ, ਪਰ ਜਦ ਸ਼ੰਕਰ ਤੇ ਕਸ਼ਮੀਰੀ ਲਾਲ ਉਸਨੂੰ ਬੇਲਚਿਆਂ ਨਾਲ ਕਰ ਕਰ ਨਾਲੀ ਦੇ ਕਿਨਾਰੇ ਕਿਨਾਰੇ ਥਾਂ ਥਾਂ ਢੇਰ ਲਾਉਣ ਲੱਗੇ ਤਾਂ ਬੋ ਨਾਲ ਨੱਕ ਸੜਨ ਲੱਗੀ ਅਤੇ ਮੱਛਰ ਨਾਲੀ ਵਿਚੋਂ ਉੱਡ ਉੱਡ ਕੇ ਚਾਰ ਚੁਫੇਰੇ ਫੈਲਣ ਲੱਗਾ। ਨਾਲੀ ਕੁਝ ਨਹੀਂ ਤਾਂ ਫੁੱਟ ਭਰ ਡੂੰਘੀ ਹੋਵੇਗੀ ਅਤੇ ਉਸ ਵਿਚ ਉਪਰ ਤੱਕ ਚਿੱਕੜ ਹੀ ਚਿੱਕੜ ਭਰਿਆ ਹੋਇਆ ਸੀ।

"ਓ ਬਾਦਸ਼ਾਹ, ਇਹ ਕੀ ਜ਼ੁਲਮ ਕਰਨ ਲੱਗੇ ਹੋ।" ਇਕ ਛੱਤ ਦੇ ਬਨੇਰੇ ਪਿਛੇ ਖਲੋਤਾ ਰੰਗੀ ਦਾੜੀ ਵਾਲਾ ਕੋਈ ਬਜ਼ੁਰਗ ਬੋਲਿਆ, "ਏਧਰ ਬੀਮਾਰੀ ਸੁੱਟ ਜਾਓਗੇ ਤਾਂ ਚੁੱਕਵਾਏਗਾ ਕੌਣ ? ਨਾਲੀ ਵਿਚ ਪਿਆ ਰਹਿਣ ਦਿੰਦੇ ਤਾਂ ਘਟੋ ਘੱਟ ਇਕ ਥਾਂ ਤੇ ਪਿਆ ਤਾਂ ਰਹਿੰਦਾ। ਹੁਣ ਇਸਦੇ ਥਾਂ ਬਾਂ ਢੇਰ ਲਾ ਜਾਵੇਗੇ। ਪਹਿਲੇ ਨਾਲੋਂ ਵੀ ਜ਼ਿਆਦਾ ਗੰਦ ਪਾ ਜਾਵੋਗੇ...।"

ਬਖਸ਼ੀ ਜੀ ਦੂਰੋਂ ਇਹ ਕੰਮ ਵੇਖ ਰਹੇ ਸਨ। ਲੱਕ ਸਿੱਧਾ ਕਰਕੇ ਖੜੇ ਹੋ ਗਏ ਉਨ੍ਹਾਂ ਨੂੰ ਸੰਕਰ ਤੇ ਕਸ਼ਮੀਰੀ ਲਾਲ ਤੇ ਗੁੱਸਾ ਆਇਆ, "ਇਹ ਜਵਾਨ ਆਦਮੀ ਕਦੇ ਨਹੀਂ ਸਮਝਣਗੇ ' ਉਹ ਬੜਬੁੜ੍ਹਾਏ। ''ਉਸਾਰੂ ਕੰਮ ਦਾ ਮਤਲਬ ਇਹ ਤਾਂ ਨਹੀਂ ਕਿ ਸੱਚਮੁੱਚ ਨਾਲੀਆਂ ਸਾਫ਼ ਕਰਨ ਲੱਗ ਜਾਓ। ਇਸਦਾ ਤਾਂ ਇੰਨਾ ਹੀ ਮਤਲਬ ਹੈ ਕਿ ਲੋਕਾਂ ਦਾ ਧਿਆਨ ਸਫ਼ਾਈ ਵੱਲ ਦਵਾਓ, ਅਤੇ ਦੇਸ਼ ਦੀ ਆਜ਼ਾਦੀ ਵੱਲ।"

ਪਰ ਬਜ਼ੁਰਗ ਆਪਣਾ ਸੁਝਾਓ ਦੇ ਚੁੱਕਣ ਪਿਛੋਂ ਬਨੇਰੇ ਤੋਂ ਹਟ ਗਿਆ ਸੀ ਅਤੇ ਬਖਸ਼ੀ ਜੀ ਫਿਰ ਵਿਹੜੇ ਵਿਚ ਬਹੁਕਰ ਦੇਣ ਲੱਗ ਪਏ ਸਨ।

ਤਦੇ ਸਾਹਮਣੇ ਵਾਲੀ ਗਲੀ ਵਿਚੋਂ ਇਕ ਸਫੈਦ ਪੋਸ਼ ਬਜ਼ੁਰਗ ਨਿਕਲਿਆ। ਉਸਨੇ ਹੱਥ ਵਿਚ ਤਸਬੀ ਫੜੀ ਹੋਈ ਸੀ। ਸਪੱਸ਼ਟ ਹੈ, ਮਸਜਿਦ ਵੱਲ ਜਾ ਰਿਹਾ

ਸੀ। ਸਫੈਦ ਸਲਵਾਰ, ਸਫੈਦ ਕੁੜਤਾ, ਉਤੇ ਖੁਲ੍ਹੀ ਨਵੇਂ ਢੰਗ ਦੀ ਵਾਸਕਟ ਅਤੇ ਸਿਰ ਤੇ ਮੁਸ਼ੱਦੀ ਲੁੰਗੀ ਪਹਿਨੇ ਹੋਏ ਸੀ। ਚਾਲ ਢਾਲ ਤੋਂ ਲੱਗਦਾ ਸੀ ਕਿ ਕੋਈ ਧਾਰਮਿਕ ਆਦਮੀ ਹੈ। ਇਨ੍ਹਾਂ ਲੋਕਾਂ ਨੂੰ ਬਾਬੂ ਲਾਉਂਦੇ ਅਤੇ ਨਾਲੀਆਂ ਸਾਫ਼ ਕਰਦੇ ਵੇਖ ਕੇ ਰੁਕ ਗਿਆ। ਫਿਰ ਰਾਮਦਾਸ ਵੱਲ ਵੇਖ ਕੇ ਜੋ ਝਾੜੂ ਹੱਥ ਵਿਚ ਲਈ, ਘੱਟੇ-ਮਿੱਟੀ ਨਾਲ ਭਰਿਆ ਭੂਤਨਾ ਬਣਿਆ ਖਲੋਤਾ ਸੀ, ਬਜ਼ੁਰਗ ਬੋਲਿਆ : ''ਅਸਾਡੇ ਲੋਕਾਂ ਤੇ ਅਹਿਸਾਨ ਦਾ ਭਾਰ ਚੜ੍ਹਾਉਣ ਆਏ ਹੋ ?" ਪਰ ਉਨ੍ਹਾਂ ਦੀ ਸੇਵਾ ਭਾਵ ਤੋਂ ਬਹੁਤ ਪ੍ਰਭਾਵਿਤ ਹੋਇਆ ਕਹਿਣ ਲੱਗਾ, ''ਆਫ਼ਰੀਨ ਹੈ, ਵਾਹ ਵਾਹ!" ਅਤੇ ਉਸਦੀਆਂ ਅੱਖਾਂ ਵਿਹੜੇ, ਗਲੀ ਅਤੇ ਨਾਲੀ ਉਤੇ ਕੰਮ ਲੱਗੇ ਇਕ ਇਕ, ਕਾਰਜ ਕਰਤਾ ਵੱਲ ਜਾਣ ਲਗੀਆਂ। 'ਖੁਸ਼ ਰਹੋ, ਵਾਹ ਵਾਹ, ਕਿਹੋ ਜਿਹਾ ਨੇਕ ਦਿਲ ਹੈ ਤੁਹਾਡਾ ਆਫ਼ਰੀਨ ਹੈ।" ਉਹ ਵਾਰ ਵਾਰ ਕਹਿ ਰਿਹਾ ਸੀ।

"ਅਸੀਂ ਲੋਕ ਕੀ ਸਫਾਈ ਕਰਾਂਗੇ ਬਜ਼ੁਰਗ ਵਾਰਮ, ਅਸੀਂ ਕਿੰਨਾ ਕੁ ਕਰ ਸਕਦੇ ਹਾਂ," ਬਖਸ਼ੀ ਜੀ ਬਜ਼ੁਰਗ ਨੂੰ ਬੋਲਦਾ ਵੇਖ ਝਾੜੂ ਚੁੱਕੀ ਉਸ ਕੋਲ ਆ ਗਏ ਸਨ। ਪਰ ਬਜ਼ੁਰਗ ਨੇ ਸਮਝਾਉਂਦੇ ਹੋਏ ਕਿਹਾ 'ਮਤਲਬ ਗਲੀਆਂ ਸਾਫ਼ ਕਰਨ ਤੋਂ ਨਹੀਂ ਹੈ, ਇਸਦੇ ਪਿੱਛੇ ਜੋ ਜਜ਼ਬਾ ਕੰਮ ਕਰ ਰਿਹਾ ਹੈ ਉਹ ਬਹੁਤ ਉੱਚਾ ਹੈ। ਆਫ਼ਰੀਨ ਸਦ ਆਫ਼ਰੀਨ।" ਸਫੈਦ ਪੇਸ਼ ਬਜ਼ੁਰਗ ਨੇ ਕਿਹਾ ਅਤੇ ਹੌਲੀ ਹੌਲੀ ਤੁਰਦਾ ਹੋਇਆ ਮੁਸਕਰਾਉਂਦਾ ਹੋਇਆ ਉਹ ਮੁਹੱਲੇ ਵਿਚੋਂ ਨਿਕਲਕੇ ਮਸਜਿਦ ਵੱਲ ਜਾਣ ਲੱਗਾ। ਬਖਸ਼ੀ ਜੀ ਨੂੰ ਉਸਦੇ ਮੂੰਹੋਂ ਉਸਾਰੂ ਕੰਮ ਦੀ ਪ੍ਰਸੰਸਾ ਸੁਣ ਕੇ ਬੜੀ ਸੁਹਾਵਣੀ ਖੁਸ਼ੀ ਹੋਈ। ਉਨ੍ਹਾਂ ਨੂੰ ਲੱਗਾ ਜਿਵੇਂ ਅੱਜ ਦਾ ਉਸਾਰੂ ਕੰਮ ਸਾਰਥਕ ਹੋ ਗਿਆ ਹੈ।

''ਔਹ ਵੇਖੋ ਮਹਿਤਾ ਜੀ ਅਤੇ ਅਜ਼ੀਜ਼ ਵੱਲ" ਸ਼ੇਰਖਾਨ ਨੇ ਹੱਸ ਕੇ ਕਿਹਾ। "ਦੋਹਾਂ ਨੇ ਝਾੜੂ ਨੂੰ ਹੱਥ ਤੱਕ ਨਹੀਂ ਲਾਇਆ। ਮਹਿਤਾ ਜੀ ਨੂੰ ਆਪਣੇ ਕੱਪੜਿਆਂ ਦਾ ਖ਼ਿਆਲ ਹੈ।"

ਬਖਸ਼ੀ ਜੀ ਨੇ ਮੁੜ ਕੇ ਵੇਖਿਆ। ਬੜੇ ਸਾਫ਼-ਸੁਥਰੇ ਹੱਥਾਂ ਨਾਲ ਮਹਿਤਾ ਇਕ ਇਕ ਕੰਕਰ ਚੁੱਕ ਕੇ ਕੜਾਹੀ ਵਿਚ ਸਜਾ ਰਿਹਾ ਸੀ। ਉਹ ਹੱਥ ਨਾਲ ਇਕ ਇਕ ਕੰਕਰ ਚੁੱਕਦਾ ਅਤੇ ਕੜਾਹੀ ਕੋਲ ਲਿਆ ਕੇ ਬੜੇ ਕਰੀਨੇ ਨਾਲ ਉਸ ਵਿਚ ਰੱਖ ਦਿੰਦਾ। ਦੂਜੇ ਬੰਨੇ ਰਾਮਦਾਸ ਸੀ, ਜਿਸਦੀਆਂ ਮੁੱਛਾਂ ਅਤੇ ਵਾਲਾਂ ਤੋਂ ਹੁਣੇ ਤੋਂ ਮਿੱਟੀ ਦੀ ਤਹਿ ਜੰਮਣ ਲੱਗੀ ਸੀ।

ਆਸ ਪਾਸ ਬੱਚਿਆਂ ਤੋਂ ਬਿਨਾਂ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਸਨ, ਟਾਟ ਦੇ ਪੜਦਿਆਂ ਪਿਛੋਂ ਅਨੇਕ ਕੁੜੀਆਂ ਤੇ ਔਰਤਾਂ ਅਤੇ ਛੱਤਾਂ ਤੇ ਥਾਂ ਪਰ ਥਾਂ ਖੜੇ ਆਦਮੀ ਉਸਾਰੂ ਕੰਮ ਦਾ ਪ੍ਰਦਰਸ਼ਨ ਵੇਖ ਰਖੇ ਸਨ।

ਜਰਨੈਲ ਜੋ ਅਜੇ ਤਕ ਲੰਮਾ ਬਾਂਸ ਹੱਥ ਵਿਚ ਚੁਕੀ ਚਰਨੀ ਦੇ ਕੋਲ ਖੜਾ ਸੀ, ਤੁਰਦਾ ਹੋਇਆ ਨਾਲੀ ਸਾਫ਼ ਕਰਨ ਵਾਲਿਆਂ ਕੋਲ ਜਾ ਪਹੁੰਚਾ।

"ਨਾਲੀ ਖੋਲ੍ਹਣ ਦੀ ਲੋੜ ਹੈ ? ਬਾਂਸ ਮਾਰਾਂ ?" ਉਸ ਨੇ ਫੌਜੀ ਅੰਦਾਜ਼ ਵਿਚ ਪੁੱਛਿਆ। ਆਸ ਪਾਸ ਖਲੋਤੇ ਲੋਕ ਹੱਸ ਪਏ।

"ਇਹ ਉਸਾਰੂ ਕੰਮ ਬਕਵਾਸ ਹੈ" ਸ਼ੰਕਰ ਨੇ ਕਮਰ ਸਿੱਧੀ ਕਰਦੇ ਹੋਏ ਕਸ਼ਮੀਰੀ ਲਾਲ ਨੂੰ ਕਿਹਾ, "ਨਾਲੀਆਂ ਸਾਫ਼ ਕਰਨ ਨਾਲ ਸਵਰਾਜ ਨਹੀਂ ਮਿਲੇਗਾ।"

ਸ਼ੰਕਰ ਅਤੇ ਕਸ਼ਮੀਰੀ ਦੋਵੇਂ ਪਸੀਨਾ ਪਸੀਨਾ ਹੋ ਰਹੇ ਸਨ, ਨਾਲੀ ਦੇ ਕੰਢੇ ਇਹ ਤਿੰਨ ਥਾਵਾਂ ਤੇ ਚਿੱਕੜ ਦੇ ਢੇਰ ਲੱਗਾ ਚੁੱਕੇ ਸਨ।

"ਬਹੁਤੀ ਬਕ ਬਕ ਨਾ ਕਰਿਆ ਕਰ ਸ਼ੰਕਰ," ਬਖਸ਼ੀ ਜੀ ਨੇ, ਜੋ ਹੁਣ ਗਲੀ ਵਿਚ ਝਾੜੂ ਚੁੱਕੀ ਖੜ੍ਹੇ ਸਨ, ਸ਼ੰਕਰ ਦਾ ਵਾਕ ਸੁਣ ਲਿਆ ਸੀ। "ਤੈਨੂੰ ਜ਼ਿਆਦਾ ਅਕਲ ਆ ਗਈ ਹੈ। ਬਾਪੂ ਜੀ ਤਾਂ ਨਾਲਾਇਕ ਹਨ ਨਾ, ਜੋ ਸਭ ਨੂੰ ਚਰਖਾ ਕੱਤਣ ਅਤੇ ਉਸਾਰੂ ਕੰਮ ਕਰਨ ਲਈ ਕਹਿੰਦੇ ਹਨ।"

"ਕਰ ਤਾਂ ਰਿਹਾ ਹਾਂ, ਉਸਾਰੂ ਕੰਮ ਹੀ ਕਰ ਰਿਹਾ ਹਾਂ, ਹੋਰ ਕੀ ਕਰ ਰਿਹਾ ਹਾਂ, ਪਰ ਹੈ ਇਹ ਬਕਵਾਸ।"

ਬਖਸ਼ੀ ਜੀ ਸਵੇਰੇ ਸਵੇਰੇ ਸ਼ੰਕਰ ਦੇ ਮੂੰਹ ਨਹੀਂ ਲੱਗਣਾ ਚਾਹੁੰਦੇ ਸਨ, ਕਿਉਂਕਿ ਉਹ ਬੜਾ ਮੂੰਹ-ਫੱਟ ਆਦਮੀ ਸੀ। ਫਿਰ ਵੀ ਉਨ੍ਹਾਂ ਕੋਲੋਂ ਰਿਹਾ ਨਹੀਂ ਗਿਆ:

"ਕੁਝ ਸਮਝਿਆ ਕਰ ਸ਼ੰਕਰ, ਇਹ ਸਾਡੀ ਦੇਸ਼ ਭਗਤੀ ਦਾ ਚਿੰਨ੍ਹ ਹੈ, ਇਸ ਤਰ੍ਹਾਂ ਅਸੀਂ ਗਰੀਬਾਂ ਦੇ ਪੱਧਰ ਤਕ ਆ ਜਾਂਦੇ ਹਾਂ। ਕੀ ਗਰੀਬਾਂ ਵਿਚ ਕੰਮ ਕਰਨ ਜਾਓਗੇ ਤਾਂ ਪਤਲੂਨ ਪਾ ਕੇ ਜਾਓਗੇ ? ਝਾੜੂ ਲੈ ਕੇ ਜਾਂ ਖਾਦੀ ਪਾਕੇ ਜਾਂਦੇ ਹੋ ਤਾਂ ਲੋਕ ਤੁਹਾਨੂੰ ਆਪਣਾ ਸਮਝਦੇ ਹਨ।"

"ਜਦ ਤੋਂ ਉਸਾਰੂ ਕੰਮ ਕਰਨ ਲੱਗੇ ਹੋ, ਅੰਦੋਲਨ ਠੱਪ ਹੋ ਗਿਆ ਹੈ।" ਸ਼ੰਕਰ ਨੇ ਕਿਹਾ, "ਲਾਓ ਝਾੜੂ ਤੇ ਕੱਤੋ ਚਰਖਾ" ਅਤੇ ਉਸਨੇ ਇਕ ਹੋਰ ਬੇਲਚਾ ਚਿੱਕੜ ਨਾਲ ਭਰ ਕੇ ਢੇਰ ਤੇ ਪਾ ਦਿੱਤਾ।

ਤਦ ਜਰਨੈਲ ਉੱਚੀ ਅਵਾਜ਼ 'ਚ ਬੋਲਿਆ: ''ਤੂੰ ਗੱਦਾਰ ਹੈ ਮੈਂ ਜਾਣਦਾ ਹਾਂ। ਤੂੰ ਕੋਮਿਊਨਿਸਟ ਹੈਂ।"

"ਬਸ ਬਸ, ਜਰਨੈਲ", ਬਖਸ਼ੀ ਜੀ ਨੇ ਝਟ ਪਟ ਕਿਹਾ। ਜਰਨੈਲ ਬੋਲਣ ਲਗੇਗਾ ਤਾਂ ਇਕ ਹੋਰ ਝਗੜਾ ਖੜ੍ਹਾ ਹੋ ਜਾਵੇਗਾ। ਉਸਨੂੰ ਰੋਕਣਾ ਅਸੰਭਵ ਹੋ ਜਾਵੇਗਾ।

"ਤੂੰ ਵੀ ਸ਼ੰਕਰ ਹਰ ਵੇਲੇ ਆਪਣੀਆਂ ਮਾਰਨ ਲੱਗਦਾ ਹੈ। ਇਹ ਕੋਈ ਥਾਂ ਹੈ ਬਹਿਸ ਕਰਨ ਦੀ ?"

ਉਸੇ ਵੇਲੇ ਇਕ ਆਦਮੀ ਕਮੇਟੀ ਦੇ ਮੈਦਾਨ ਵਲੋਂ ਭੱਜਦਾ ਹੋਇਆ ਆਇਆ ਅਤੇ ਸ਼ੇਰਖਾਨ ਦੇ ਘਰ ਦੀ ਗਲੀ ਲੰਘ ਕੇ ਇਕ ਬੰਨੇ ਖੜ੍ਹੇ ਮੁਹੱਲੇ ਦੇ ਕੁਝ ਲੋਕਾਂ ਕੋਲ ਜਾ ਪਹੁੰਚਿਆ ਅਤੇ ਉਨ੍ਹਾਂ ਦੇ ਨਾਲ ਖੁਸ-ਫੁਸ ਕਰਨ ਲੱਗਾ। ਉਸਨੇ ਕਾਲੇ ਰੰਗ ਦੀ ਵਾਸਕਟ ਪਹਿਨੀ ਹੋਈ ਸੀ ਤੇ ਬੜਾ ਉਤੇਜਿਤ ਲੱਗ ਰਿਹਾ ਸੀ। ਉਂਜ ਤਾਂ ਇਸ ਤਰ੍ਹਾਂ ਭੱਜ ਕੇ ਆਉਣਾ ਮਾਮੂਲੀ ਜਿਹੇ ਗੱਲ ਸੀ, ਪਰ ਉਹ ਜਿਸ ਢੰਗ ਨਾਲ ਭੱਜਦਾ ਹੋਇਆ ਆਇਆ, ਉਹ ਲਾਗੇ ਚਾਗੇ ਖਲੋਤੇ ਲੋਕਾਂ ਨੂੰ ਅਜੀਬ ਜਿਹਾ ਲੱਗਿਆ।

ਵੇਖਦੇ ਵੇਖਦੇ ਇਧਰ-ਉਧਰ ਖਲੋਤੇ ਲੋਕ ਉਥੋਂ ਹੱਟਣ ਲੱਗੇ, ਕੇਵਲ ਛੋਟੇ ਛੋਟੇ ਬੱਚੇ ਉਥੇ ਖਲੋਤੇ ਰਹਿ ਗਏ। ਫਿਰ ਅੱਖ ਝਪਕਦਿਆਂ ਹੀ ਪਰਦਿਆਂ ਪਿਛੋਂ ਇਸਤ੍ਰੀਆਂ ਹੱਟ ਗਈਆਂ। ਇਕ ਇਸਤ੍ਰੀ ਭੱਜ ਕੇ ਬਾਹਰ ਆਈ ਅਤੇ ਟੱਟੀ ਕਰਨ ਵਾਲੇ ਦੋ ਬੱਚਿਆਂ ਵਿਚੋਂ ਇਕ ਦੀ ਬਾਂਹ ਫੜਕੇ ਉਸਨੂੰ ਘਸੀਟਦੀ ਹੋਈ ਘਰ ਦੇ ਅੰਦਰ ਲੈ ਗਈ।

ਸਕਤਾ ਜਿਹਾ ਛਾ ਗਿਆ। ਕਾਂਗਰਸ ਦੇ ਕਾਰਜ ਕਰਤਾ ਹੈਰਾਨ ਸਨ ਕਿ ਕੀ ਗੱਲ ਹੋਈ ਹੈ।

ਤਦੇ ਉਹ ਸਫੈਦਪੋਸ਼ ਜੋ ਹੱਥ ਵਿਚ ਤਸਬੀ ਫੜੀ ਆਫ਼ਰੀਨ ਆਫਰੀਨ ਕਹਿੰਦੇ ਮੁਸਕਰਾਉਂਦੇ ਹੋਏ ਉਥੋਂ ਗਏ ਸਨ, ਪਰਤਦੇ ਦਿਖਾਈ ਦਿੱਤੇ। ਮਹਿਤਾ ਜੀ ਅਤੇ ਬਖਸ਼ੀ ਜੀ ਨਾਲ ਨਾਲ ਖੜ੍ਹੇ ਸਨ ਅਤੇ ਅਨੁਮਾਨ ਲਾ ਰਹੇ ਸਨ ਕਿ ਕੀ ਗੱਲ ਹੋਈ ਹੈ ਜੋ ਲੋਕ ਫਟਾਫਟ ਉਥੋਂ ਹੱਟ ਗਏ ਹਨ। ਉਨ੍ਹਾਂ ਦਾ ਦਿਲ ਕੀਤਾ ਕਿ ਬਜ਼ੁਰਗ ਨੂੰ ਜਾ ਕੇ ਪੁੱਛਣ ਕਿ ਕੀ ਗੱਲ ਹੋਈ ਹੈ। ਹੱਥ ਵਿਚ ਤਸਬੀ ਝੁਲਾਉਂਦਾ ਹੋਇਆ ਸਫ਼ੈਦਪੋਸ਼ ਉਨ੍ਹਾਂ ਦੇ ਕੋਲ ਆ ਕੇ ਖੜ੍ਹਾ ਹੋ ਗਿਆ। ਖਿਨ ਭਰ ਠਿਠਕਿਆ ਰਿਹਾ ਅਤੇ ਫਿਰ ਇਕ ਦਮ ਕਹਿਣ ਲੱਗਾ :-

"ਸਾਹਿਬਾਨ ਤੁਸੀਂ ਇਥੋਂ ਚਲੇ ਜਾਓ। ਜੇ ਆਪਣੀ ਖੈਰੀਅਤ ਚਾਹੁੰਦੇ ਹੋ ਤਾਂ ਇਥੋਂ ਫੋਰਨ ਚਲੇ ਜਾਓ।" ਕਹਿੰਦੇ ਕਹਿੰਦੇ ਉਸਦੀ ਆਵਾਜ਼ ਉੱਚੀ ਹੋ ਗਈ ਅਤੇ ਠੋਡੀ ਕੰਬਣ ਲੱਗੀ ਅਤੇ ਉਸਦਾ ਚਿਹਰਾ ਪੀਲਾ ਪੈ ਗਿਆ।

ਉਹ ਜਿਵੇਂ ਬਖਸ਼ੀ ਜੀ ਅਤੇ ਮਹਿਤਾ ਜੀ ਨੂੰ ਸੰਬੋਧਨ ਕਰਕੇ ਕਹਿ ਰਿਹਾ ਸੀ। ਹੋਰ ਕਾਰਜ ਕਰਤਾ ਦੌੜ ਕੇ ਕੋਲ ਆ ਗਏ।

"ਉਠ ਜਾਓ ਏਥੋਂ" ਬਜ਼ੁਰਗ ਬੋਲੀ ਜਾ ਰਿਹਾ ਸੀ,''ਬਸ ਹੋ ਚੁੱਕਾ ਜੋ ਤੁਸੀਂ ਕਰਨਾ ਸੀ। ਸੁਣ ਰਹੇ ਹੋ ਤੁਸੀਂ ?" ਉਸਦੀ ਆਵਾਜ਼ ਕੰਬਣ ਲੱਗੀ "ਸੂਰ ਦਿਓ ਪੁਤਰੋ, ਚਲੇ ਜਾਓ ਇਥੋਂ" ਉਹ ਚਿੱਲਾਇਆ ਅਤੇ ਛੇਤੀ ਛੇਤੀ ਉਥੋਂ ਚਲਾ ਗਿਆ।

ਚਾਰ ਚੁਫੇਰੇ ਚੁੱਪ ਛਾ ਗਈ। ਬਖਸ਼ੀ ਅਤੇ ਮਹਿਤਾ ਇਕ ਦੂਸਰੇ ਦਾ ਮੂੰਹ ਵੇਖਣ ਲੱਗੇ। ਬਖਸ਼ੀ ਨੇ ਸੋਚਿਆ ਹੋ ਸਕਦਾ ਹੈ ਸ਼ੰਕਰ ਜਾਂ ਕਸ਼ਮੀਰੀ ਲਾਲ ਨੇ ਜੋ ਅਕਸਰ ਉਲ ਜਲੂਲ ਬਕਦੇ ਰਹਿੰਦੇ ਹਨ, ਕਿਸੇ ਨੂੰ ਕੁਝ ਕਹਿ ਦਿੱਤਾ ਹੈ ਜੋ ਮੁਹੱਲੇ ਵਾਲਿਆਂ ਨੂੰ ਬੁਰਾ ਲੱਗਾ ਹੈ, ਪਰ ਇਹ ਆਦਮੀ ਤਾਂ ਬਾਹਰੋਂ ਆਇਆ ਹੈ, ਪਹਿਲਾਂ, ਇਥੋਂ ਜਾਂਦੇ ਸਮੇਂ ਤਾਂ ਸਾਡੀ ਸਿਫ਼ਤ ਕਰਦਾ ਗਿਆ ਸੀ, ਹੁਣ ਕੀ ਗੱਲ ਹੋ ਗਈ ਹੈ ਜੋ ਇੰਨਾ ਬੋਖਲਾ ਗਿਆ ਹੈ।

ਤਦੇ ਇਕ ਉਡਦਾ ਹੋਇਆ ਪੱਥਰ ਆਇਆ ਅਤੇ ਬਖਸ਼ੀ ਜੀ ਦੇ ਕੋਲ ਆ ਕੇ ਡਿਗਿਆ। ਕਸ਼ਮੀਰੀ ਲਾਲ ਅਤੇ ਸ਼ੰਕਰ ਹੈਰਾਨ ਪਰੇਸ਼ਾਨ ਹੋਕੇ ਬਖਸ਼ੀ ਜੀ ਵੱਲ ਵੇਖਣ ਲੱਗੇ।

"ਕੀ ਗੱਲ ਹੈ ?" ਮਾਸਟਰ ਰਾਮਦਾਸ ਨੇ ਕੋਲ ਆ ਕੇ ਪੁੱਛਿਆ।

''ਚਲੋਂ ਇਥੋਂ ਚਲੀਏ ਇਥੇ ਕੋਈ ਗੜਬੜ ਹੈ," ਬਖਸ਼ੀ ਨੇ ਕਿਹਾ। "ਇਥੇ ਆਉਣਾ ਹੀ ਗਲਤੀ ਸੀ। ਕਿਥੇ ਹੈ ਦੇਸਰਾਜ ਜੋ ਸਾਨੂੰ ਇਧਰ ਲਿਆਇਆ ਹੈ ?"

ਪਰ ਦੇਸ ਰਾਜ ਉਥੇ ਨਹੀਂ ਸੀ। ਕਿਸੇ ਨੂੰ ਪਤਾ ਨਹੀਂ ਸੀ ਕਿ ਉਹ ਕਦੋਂ ਉਥੋਂ ਖਿਸਕ ਗਿਆ ਸੀ।

"ਕੋਈ ਸ਼ਰਾਰਤ ਹੈ। ਜ਼ਰੂਰ ਕੋਈ ਸ਼ਰਾਰਤ ਹੈ।"

ਦੋ ਤਿੰਨ ਪੱਥਰ ਇਕ ਤੋਂ ਪਿਛੋਂ ਇਕ ਉਡਦੇ ਹੋਏ ਆਏ। ਇਕ ਪੱਥਰ ਸਿੱਧਾ ਰਾਮਦਾਸ ਦੇ ਮੋਢੇ ਤੇ ਵੱਜਾ।

"ਨਿਕਲ ਚਲੋਂ ਇਥੋਂ, ਇਥੇ ਠਹਿਰੋ ਨਾ।"

ਕਾਰਜ ਕਰਤਾਵਾਂ ਦੀ ਮੰਡਲੀ ਹੜਬੜਾ ਕੇ ਉਥੋਂ ਨਿਕਲਣ ਲੱਗੀ।

ਉੱਚਾ ਬਾਂਸ ਹੱਥ ਵਿਚ ਚੁੱਕੀ ਜਰਨੈਲ ਚਿਲਾਇਆ, "ਤੁਸੀਂ ਸਭ ਬੁਜ਼ਦਿਲ ਹੋ, ਮੈਂ ਤੁਹਾਨੂੰ ਇਕ ਇਕ ਨੂੰ ਜਾਣਦਾ ਹਾਂ। ਮੈਂ ਇੱਥੇ ਉਸਾਰੂ ਕੰਮ ਕਰਕੇ ਜਾਵਾਂਗਾ।"

ਪਰ ਬਖਸ਼ੀ ਜੀ ਨੇ ਕੜਕ ਕੇ ਫੌਜੀ ਹੁਕਮ ਸੁਣਾਉਂਦੇ ਹੋਏ ਜਰਨੈਲ ਨੂੰ ਕਿਹਾ,

ਝੰਡਾ ਸੰਭਾਲ ਜਰਨੈਲ, ਕਿੱਥੇ ਹੈ ਝੰਡਾ ?"

ਜਰਨੈਲ ਫੋਰਨ ਅਟੈਂਸ਼ਨ ਹੋ ਗਿਆ ਅਤੇ ਚਪਲਾਂ ਘਸੀਟਦਾ ਚਰਨੀ ਕੋਲ ਰਖੇ ਝੰਡੇ ਨੂੰ ਚੁੱਕਣ ਚਲਾ ਗਿਆ।

ਤਦੇ ਦੋ ਪੱਥਰ, ਇਕ ਪਿਛੋਂ ਇਕ ਉਡਦੇ ਹੋਏ ਆਏ, ਇਕ ਚਰਨੀ ਤੇ ਡਿਗਾ ਅਤੇ ਦੂਸਰਾ ਜਿਥੇ ਜਰਨੈਲ ਖਲੋਤਾ ਸੀ, ਜ਼ਮੀਨ ਤੇ ਡਿਗਾ। ਇਸਦੇ ਨਾਲ ਹੀ ਤਿੰਨ ਆਦਮੀ ਸਾਮ੍ਹਣਿਓਂ ਗਲੀ ਲੰਘ ਕੇ ਆਏ ਅਤੇ ਗਲੀ ਦੇ ਸਿਰੇ ਤੋਂ ਖਲੋ ਗਏ।

ਮੰਡਲੀ ਦੇ ਲੋਕ ਚੁੱਪਚਾਪ ਉਥੋਂ ਨਿਕਲਣ ਲੱਗੇ। ਕਸ਼ਮੀਰੀ ਲਾਲ ਨੇ ਜਰਨੈਲ ਦੇ ਹੱਥੋਂ ਝੰਡਾ ਲੈ ਲਿਆ। ਮਹਿਤੇ ਨੇ ਜ਼ਮੀਨ ਤੇ ਰੱਖੀ ਕੜਾਹੀ ਉਥੇ ਹੀ ਪਲਟ ਦਿੱਤੀ ਜਿਸ ਵਿਚ ਉਹ ਕੰਕਰ ਇਕੱਠੇ ਕਰਦਾ ਰਿਹਾ ਸੀ ਅਤੇ ਖਾਲੀ ਕੜਾਹੀ ਚੁੱਕੀ ਮੈਦਾਨ ਪਾਰ ਕਰਨ ਲੱਗਾ। ਬਖਸ਼ੀ ਜੀ ਦੇ ਹੱਥ ਵਿਚ ਲਾਲਟੈਨ ਝੂਲ ਰਿਹਾ ਸੀ ਅਤੇ ਉਨ੍ਹਾਂ ਦੀ ਗਰਦਨ ਝੁਕੀ ਹੋਈ ਸੀ।

"ਬੇਲਚੇ ਕੜਾਹੀਆਂ ਸ਼ੇਰਖਾਨ ਦੇ ਘਰ ਰੱਖ ਦਈਏ ?" ਮਾਸਟਰ ਰਾਮ ਦਾਸ ਨੇ ਬਖਸ਼ੀ ਜੀ ਨੂੰ ਪੁੱਛਿਆ।

"ਹੁਣ ਜਿਵੇਂ ਹੈ ਤੁਰੇ ਚਲੋ, ਇਥੇ ਰੁਕੋ ਨਾ।"

ਕਸ਼ਮੀਰੀ ਲਾਲ ਨੇ ਮੁੜ ਕੇ ਵੇਖਿਆ, ਗਲੀ ਦੇ ਸਿਰੇ ਤੇ ਹੁਣ ਤਿੰਨ ਦੀ ਥਾਂ ਪੰਜ ਆਦਮ ਖੜ੍ਹੇ ਸਨ। ਮੈਦਾਨ ਤੋਂ ਪਾਰ ਕੁਝ ਹੋਰ ਲੋਕ ਆ ਕੇ ਖਲੋ ਗਏ ਸਨ ਅਤੇ ਉਨ੍ਹਾਂ ਵੱਲ ਵੇਖੀ ਜਾ ਰਹੇ ਸਨ। ਮੁਹੱਲੇ ਵਿਚੋਂ ਨਿਕਲ ਕੇ ਉਹ ਕੁਤਬਦੀਨ ਦੀ ਗਲੀ ਵਿਚ ਵੜੇ ਤਾਂ ਨਾਨਬਾਈ ਦੀ ਦੁਕਾਨ ਤੇ ਉਨ੍ਹਾਂ ਨੂੰ ਉਹ ਜਿਹਾ ਦ੍ਰਿਸ਼ ਹੀ ਵੇਖਣ ਨੂੰ ਮਿਲਿਆ। ਤਿੰਨ ਆਦਮੀ ਜੋ ਨਾਨਬਾਈ ਦੀ ਦੁਕਾਨ ਦੇ ਸਾਹਮਣੇ ਖੜ੍ਹੇ ਸਨ ਮੁੜ ਕੇ ਇਨ੍ਹਾਂ ਲੋਕਾਂ ਵੱਲ ਘੂਰ ਘੂਰ ਕੇ ਵੇਖਣ ਲੱਗੇ, ਪਰ ਇਨ੍ਹਾਂ ਵਿਚੋਂ ਬੋਲਿਆ ਕੋਈ ਨਹੀਂ।

“ਕਿਤੇ ਕੋਈ ਗੜਬੜ ਹੈ,” ਬਖਸ਼ੀ ਜੀ ਨੇ ਮਹਿਤੇ ਨੂੰ ਕਿਹਾ।

“ਕੀ ਪਤਾ ਕਸ਼ਮੀਰੀ ਜਾਂ ਸ਼ੰਕਰ ਨੇ ਮੁਹੱਲੇ ਦੀ ਕਿਸੇ ਕੁੜੀ-ਕੜੀ ਨੂੰ ਛੇੜਿਆ ਹੋਵੇ। ਤੁਸੀਂ ਵੀ ਤਾਂ ਕਾਂਗਰਸ ਵਿਚ ਲੋਫ਼ਰ ਭਰਤੀ ਕਰ ਛੱਡੇ ਨੇ।”

"ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਮਹਿਤਾ ਜੀ। ਕਸ਼ਮੀਰੀ ਤਾਂ ਸਾਰਾ ਸਮਾਂ ਨਾਲੀ ਸਾਫ਼ ਕਰਦਾ ਰਿਹਾ। ਇਹ ਤਾਂ ਕੋਈ ਹੋਰ ਗੱਲ ਲੱਗਦੀ ਏ।”

ਮੋਹਯਾਲਾਂ ਦੀ ਗਲੀ 'ਚ ਮੁੜਨ ਤੇ ਉਨ੍ਹਾਂ ਨੂੰ ਤਿੰਨ ਚਾਰ ਆਦਮੀ ਗਲੀ ਦੇ ਸਿਰੇ ਖਲੋਤੇ ਦਿਖਾਈ ਦਿੱਤੇ।

“ਕਿਥੇ ਜਾ ਰਹੇ ਹੋ ਬਖਸ਼ੀ ਜੀ ? ਊਧਰ ਨਾ ਜਾਉ" ਇਕ ਲੰਮੇ ਕੱਦ ਦੇ ਮੋਹਯਾ ਵਿਅਕਤੀ ਨੇ, ਜੋ ਬਖਸ਼ੀ ਜੀ ਨੂੰ ਜਾਣਦਾ ਸੀ, ਅੱਗੇ ਵੱਧ ਕੇ ਕਿਹਾ।

"ਕੀ ਗੱਲ ਹੈ ?”

"ਬਸ ਉਧਰ ਨਾ ਜਾਉ।”

‘ਕੁਝ ਦੱਸੋ ਵੀ, ਹੋਇਆ ਕੀ ਹੈ ?”

ਇੰਨੀ ਦੇਰ 'ਚ ਕਸ਼ਮੀਰੀ, ਜਰਨੈਲ ਤੇ ਮਾਸਟਰ ਰਾਮਦਾਸ ਵੀ ਬਖਸ਼ੀ ਅਤੇ ਮਹਿਤੇ ਕੋਲ ਪਹੁੰਚ ਚੁੱਕੇ ਸਨ।

"ਉਧਰ ਗਲੀ ਦੇ ਬਾਹਰ ਵੇਖੋ"

ਬਖਸ਼ੀ ਜੀ ਨੇ ਸਾਹਮਣੇ ਵੱਲ ਵੇਖਿਆ। ਗਲੀਉ ਬਾਹਰ ਸੜਕ ਪਾਰ ਇਕ ਮਸਜਿਦ ਸੀ ਜਿਸਨੂੰ 'ਕੇਲੋਂ ਦੀ ਮਸਜਿਦ' ਕਹਿੰਦੇ ਸਨ।

"ਕੀ ਹੈ?”

“ਤੁਹਾਨੂੰ ਕੁਝ ਦਿਸਿਆ ਨਹੀਂ ? ਮਸਜਿਦ ਦੇ ਦਰਵਾਜ਼ੇ ਹੇਠਾਂ ਪੌੜੀ ਵੱਲ ਵੇਖੋ।"

ਮਸਜਿਦ ਦੀ ਪੌੜੀ ਤੇ ਕੋਈ ਕਾਲੀ ਕਾਲੀ ਚੀਜ਼ ਪਈ ਸੀ।

"ਕੋਈ ਆਦਮੀ ਸੂਰ ਮਾਰ ਕੇ ਸੁੱਟ ਗਿਆ ਹੈ।" ਬਖਸ਼ੀ ਜੀ ਨੇ ਮਹਿਤਾ ਜੀ ਦੇ ਚਿਹਰੇ ਵੱਲ ਵੇਖਿਆ, ਜਿਵੇਂ ਕਹਿ ਰਹੇ ਹੋਣ, ਵੇਖਿਆ, ਮੈਂ ਕਿਹਾ ਸੀ ਨਾ, ਕੋਈ ਗੜਬੜ ਹੈ।"

ਸਭ ਨੇ ਘੁੰਮ ਕੇ ਉਸ ਬੰਨੇ ਵੇਖਿਆ, ਮਸਜਿਦ ਦੀ ਪੌੜੀ ਤੇ ਇਕ ਕਾਲੇ ਰੰਗ ਦਾ ਬੋਰਾ ਜਿਹਾ ਰੱਖਿਆ ਦਿਖਾਈ ਦਿੱਤਾ ਜਿਸ ਵਿਚੋਂ ਦੋ ਲਤਾਂ ਬਾਹਰ ਵੱਲ ਨਿਕਲੀਆਂ ਹੋਈਆਂ ਸਨ, ਮਸਜਿਦ ਦਾ ਹਰੇ ਰੰਗ ਦਾ ਦਰਵਾਜ਼ਾ ਬੰਦ ਸੀ।

"ਮੁੜ ਚਲੋ, ਇਥੋਂ ਹੀ ਮੁੜ ਚਲੋ" ਮਾਸਟਰ ਰਾਮਦਾਸ ਨੇ ਹੋਲੀ ਜਿਹੀ ਕਿਹਾ।

"ਆਖ ਬੂ।" ਕਸ਼ਮੀਰੀ ਲਾਲ ਨੇ ਸੂਰ ਵੱਲ ਵੇਖ ਕੇ ਕਿਹਾ ਅਤੇ ਮੂੰਹ ਫੇਰ ਲਿਆ।

“ਬਖਸ਼ੀ ਜੀ ਇਥੋਂ ਮੁੜ ਚਲੀਏ। ਅੱਗੇ ਮੁਸਲਮਾਨਾਂ ਦਾ ਮੁਹੱਲਾ ਹੈ।" ਰਾਮਦਾਸ ਨੇ ਫਿਰ ਕਿਹਾ।

“ਕਿਸੇ ਨੇ ਸ਼ਰਾਰਤ ਕੀਤੀ ਹੈ।" ਮਹਿਤਾ ਬੁਦਬਦਾਇਆ। “ਤੁਹਾਨੂੰ ਪੱਕਾ ਪਤਾ ਹੈ ਕਿ ਸੂਰ ਹੀ ਹੈ ?” ਮਹਿਤਾ ਜੀ ਬੋਲੇ।

“ਕੀ ਪਤਾ ਕੋਈ ਹੋਰ ਜਾਨਵਰ ਹੋਵੇ।"

“ਕੋਈ ਹੋਰ ਜਾਨਵਰ ਹੋਵੇਗਾ ਤਾਂ ਮੁਸਲਮਾਨ ਇੰਨਾ ਵਿਗੜਨਗੇ ?" ਬਖਸ਼ੀ ਜੀ ਨੇ ਖਿੱਝ ਕੇ ਕਿਹਾ।

ਜਰਨੈਲ ਵੀ ਆਪਣੀਆਂ ਸੰਘਣੇ ਭਰਵੱਟਿਆਂ 'ਚ ਛਪੀਆਂ ਅੱਖਾਂ ਮਸਜਿਦ ਵੱਲ ਗੱਡੀ ਖੜਾ ਸੀ, ਇਕ ਦਮ ਬੋਲਿਆ :

"ਅੰਗਰੇਜ਼ ਨੇ ਸੁਟਿਆ ਹੈ।”

ਉਸਦੀਆਂ ਨਾਸਾਂ ਫੜਕਣ ਲੱਗੀਆਂ ਅਤੇ ਉਹ ਫਿਰ ਚਿੱਲਾਇਆ ''ਅੰਗਰੇਜ਼ ਦੀ ਸ਼ਰਾਰਤ ਹੈ, ਮੈਂ ਜਾਣਦਾ ਹਾਂ।”

''ਹਾਂ ਹਾਂ, ਜਰਨੈਲ, ਅੰਗਰੇਜ ਦੀ ਹੀ ਸ਼ਰਾਰਤ ਹੈ, ਪਰ ਇਸ ਵੇਲੇ ਤੂੰ ਚੁਪ ਰਹਿ" ਅਸੀ ਬਖਸ਼ੀ ਜੀ ਨੇ ਉਸਨੂੰ ਸਮਝਾਉਂ ਦੇ ਹੋਏ ਕਿਹਾ।

"ਪਿਛਲੀ ਗਲੀ ਵਿਚੋਂ ਘੁੰਮ ਜਾਈਏ" ਮਾਸਟਰ ਰਾਮਦਾਸ ਨੇ ਫਿਰ ਕਿਹਾ। ਪਰ ਇਸ ਵਾਰ ਜਰਨੈਲ ਉਸਨੂੰ ਬੁਰੀ ਤਰ੍ਹਾਂ ਪੈ ਗਿਆ :

"ਤੂੰ ਬੁਜ਼ਦਿਲ ਹੈ। ਇਹ ਅੰਗਰੇਜ਼ ਦੀ ਸ਼ਰਾਰਤ ਹੈ। ਮੈਂ ਉਨ੍ਹਾਂ ਦੇ ਪੋਲ ਖੋਲ੍ਹ ਦਿਆਂਗਾ। ਇਸਤੇ ਮਹਿਤਾ ਜੀ ਨੇ ਝੁਕ ਕੇ ਬਖਸ਼ੀ ਜੀ ਦੇ ਕੰਨ ਵਿਚ ਕਿਹਾ "ਇਸ ਪਾਗਲ ਨੂੰ ਨਾਲ ਕਿਉਂ ਲਿਆਉਂਦੇ ਹੋ ? ਇਹ ਸਭ ਨੂੰ ਮਰਵਾਏਗਾ। ਕੱਢੋ ਇਹਨੂੰ ਕਾਂਗਰਸ ਵਿਚੋਂ।"

ਸੜਕ ਤੋਂ ਕੋਈ ਟਾਵਾਂ ਟਾਵਾਂ ਮੁਸਲਮਾਨ ਲੰਘਦਾ ਅਤੇ ਮਸਜਿਦ ਦੀਆਂ ਪੌੜੀਆਂ ਤੇ ਨਜ਼ਰ ਜਾਂਦੇ ਹੀ ਪਹਿਲਾਂ ਘੂਰ ਕੇ ਵੇਖਦਾ, ਫਿਰ ਮੂੰਹ ਫੇਰ ਲੈਂਦਾ ਅਤੇ ਬੁੜਬੜਾਉਂਦਾ ਹੋਇਆ ਅੱਗੇ ਵਧ ਜਾਂਦਾ।

ਅਚਾਨਕ ਸਾਹਮਣੇ ਵਾਲੀ ਸੜਕ ਤੋਂ ਇਕ ਟਾਂਗਾ ਸਰਪਟ ਦੌੜਦਾ ਹੋਇਆ ਨਿਕਲ ਗਿਆ। ਇਸ ਪਿਛੋਂ ਮਸਜਿਦ ਦੇ ਕੋਲੋਂ ਭੱਜਦੇ ਕਦਮਾਂ ਦੀ ਆਵਾਜ਼ ਆਈ। ਸੜਕ ਦੇ ਪਾਰ, ਖੱਬੇ ਬੰਨੇ ਬੈਠਣ ਵਾਲੇ ਕਸਾਈ ਨੇ ਟੰਗੇ ਹੋਏ ਬੱਕਰਿਆਂ ਤੇ ਕੱਪੜਾ ਚੜ੍ਹਾ ਕੇ ਦੁਕਾਨ ਬੰਦ ਕਰ ਦਿੱਤੀ। ਮੋਹਯਾਲਾ ਦੀ ਗਲੀ ਵਿਚ ਘਰਾ ਦੇ ਦਰਵਾਜ਼ੇ ਬੰਦ ਹੋਣ ਲੱਗੇ।

ਬਖਸ਼ੀ ਜੀ ਨੇ ਘੁੰਮ ਕੇ ਵੇਖਿਆ। ਮਾਸਟਰ ਰਾਮਦਾਸ ਖਿਸਕ ਗਿਆ ਸੀ ਅਤੇ ਦੂਰ ਗਲੀ ਦੇ ਸਿਰੇ ਵੱਲ ਤੁਰੀ ਜਾ ਰਿਹਾ ਸੀ। ਥੋੜ੍ਹੀ ਦੂਰੀ ਤੇ ਉਸਦੇ ਪਿਛੋਂ ਅਜ਼ੀਜ਼ ਅਤੇ ਸ਼ੇਰ ਖਾਂ ਵੀ ਤੁਰੇ ਜਾਂਦੇ ਸਨ। ਗਲੀ ਵਿਚ ਥਾਂ ਥਾਂ ਦੇ ਦੇ ਚਾਰ ਚਾਰ ਲੋਕਾਂ ਦੀਆਂ ਟੋਲੀਆਂ ਖੜੀਆਂ ਸਨ।

"ਤੁਸੀ ਇਥੋਂ ਨਿਕਲ ਜਾਉ ਬਖਸ਼ੀ ਜੀ, ਤੁਹਾਡੇ ਲੋਕਾਂ ਦੇ ਇਥੇ ਰੁਕਣ ਨਾਲ ਤਨਾਉ ਵਧੇਗਾ" ਬਖਸ਼ੀ ਦੇ ਮੋਹਯਾਲ ਮਿੱਤਰ ਨੇ ਸਮਝਾਉ ਦੇ ਹੋਏ ਕਿਹਾ।

ਬਖਸ਼ੀ ਜੀ ਨੇ ਉਸ ਆਦਮੀ ਵੱਲ ਵੇਖਿਆ, ਫਿਰ ਕਸ਼ਮੀਰੀ ਲਾਲ ਨੂੰ ਕਿਹਾ, “ਝੰਡਾ ਵਾਸ ਵਿਚੋਂ ਕੱਢ ਕੇ ਤਹਿ ਕਰ ਲਉ" ਫਿਰ ਮੋਹਯਾਲ ਸੱਜਨ ਨੂੰ ਕਹਿਣ ਲੱਗੇ।

"ਇਸ ਸੂਰ ਦੀ ਲਾਸ਼ ਨੂੰ ਇਥੋਂ ਹਟਾ ਦਈਏ। ਜਿੰਨੀ ਦੇਰ ਲਾਸ਼ ਉਥੇ ਪਈ ਰਹੇਗੀ, ਤਨਾਉ ਵਧਦਾ ਜਾਏਗਾ।”

"ਤੁਸੀਂ ਸੂਰ ਦੀ ਲਾਸ਼ ਨੂੰ ਚੁਕੇਗੇ ?" ਮੋਹਯਾਲ ਨੇ ਹੈਰਾਨ ਹੋ ਕੇ ਕਿਹਾ, “ਤੁਹਾਨੂੰ ਤਾਂ, ਮੇਰਾ ਖ਼ਿਆਲ ਹੈ, ਓਧਰ ਜਾਣਾ ਵੀ ਨਹੀਂ ਚਾਹੀਦਾ।"

"ਮੈਂ ਇਨ੍ਹਾਂ ਨਾਲ ਸਹਿਮਤ ਹਾਂ" ਮਹਿਤਾ ਜੀ ਬੋਲੇ "ਸਾਨੂੰ ਇਸ ਵਿਚ ਦਾਖ਼ਲ ਨਹੀਂ ਦੇਣਾ ਚਾਹੀਦਾ। ਇਸ ਨਾਲ ਮਾਮਲਾ ਵਿਗੜ ਸਕਦਾ ਹੈ।"

“ਪਰ ਜੇ ਇੱਥੋਂ ਚਲੇ ਜਾਵਾਂਗੇ ਤਾਂ ਮਾਮਲਾ ਨਹੀਂ ਵਿਗੜੇਗਾ? ਕੀ ਮੁਸਲਮਾਨ ਇਸ ਲਾਸ਼ ਨੂੰ ਇੱਥੋਂ ਹਟਾਉਣਗੇ?"

“ਉਹ ਨਹੀਂ ਹਟਾਉਣਗੇ, ਤਾਂ ਕਿਸੇ ਭੰਗੀ ਜ਼ਮਾਦਾਰ ਦਾ ਇੰਤਜ਼ਾਮ ਕਰਨਗੇ। ਕਿਸੇ ਸੂਰਤ ਵਿਚ ਸਾਨੂੰ ਇਸ ਵਿਚ ਨਹੀਂ ਪੈਣਾ ਚਾਹੀਦਾ।"

ਬਖਸ਼ੀ ਨੇ ਆਪਣੇ ਹੱਥ ਵਾਲੀ ਲਾਲਟੈਂਨ ਇਕ ਘਰ ਦੇ ਚਬੂਤਰੇ ਤੇ ਰੱਖੀ ਅਤੇ ਮਹਿਤੇ ਵੱਲ ਵੇਖ ਕੇ ਬੋਲਿਆ :

“ਮਹਿਤਾ ਜੀ ਤੁਸੀਂ ਕੀ ਕਹਿ ਰਹੇ ਹੋ ? ਅਸੀਂ ਚੁਪਚਾਪ ਇਥੋਂ ਨਿਕਲ ਜਾਈਏ ਅਤੇ ਤਨਾਓ ਨੂੰ ਵਧਣ ਦਈਏ ? ਆਪਣੀਆਂ ਅੱਖਾਂ ਨਾਲ ਨਾ ਵੇਖਿਆ ਹੁੰਦਾ ਤਾਂ ਹੋਰ ਗੱਲ ਸੀ।" ਫਿਰ ਕਸ਼ਮੀਰੀ ਲਾਲ ਅਤੇ ਜਰਨੈਲ ਨੂੰ ਸੰਬੋਧਨ ਕਰਕੇ ਬੋਲੇ : "ਤੁਸੀਂ ਆ ਜਾਓ ਮੇਰੇ ਨਾਲ" ਅਤੇ ਉਹ ਗਲੀ ਵਿਚੋਂ ਨਿਕਲ ਕੇ ਮਸਜਿਦ ਵੱਲ ਜਾਣ ਲੱਗੇ।

ਕਸ਼ਮੀਰੀ ਦੁਬਿਧਾ ਵਿਚ ਪੈ ਗਿਆ- ਜਾਵੇ ਜਾਂ ਨਾ ਜਾਵੇ। ਇਮਾਮਦੀਨ ਦੇ ਮੁਹੱਲੇ ਵਿਚ ਪੱਥਰ ਵਜੇ ਸਨ, ਇਥੇ ਕੀ ਪਤਾ ਕੋਈ ਕੀ ਕਰ ਬੈਠੇ ? ਉਸਦੇ ਮੱਥੇ ਤੇ

ਮੁੜਕਾ ਆ ਗਿਆ। ਉਸਨੇ ਝੰਡੇ ਦਾ ਬਾਂਸ ਕੰਧ ਨਾਲ ਖੜਾ ਕਰ ਦਿੱਤਾ ਅਤੇ ਉਥੇ ਹੀ ਠਿਠਕਿਆ ਖਲੋਤਾ ਰਿਹਾ। ਲੱਤਾਂ ਵਿਚ ਕੰਬਣੀ ਜਿਹੀ ਛਿੜ ਗਈ। ਪਰ ਉਸ ਵੇਲੇ ਤਕ ਜਰਨੈਲ ਤੇ ਬਖਸ਼ੀ ਸੜਕ ਪਾਰ ਕਰ ਚੁੱਕੇ ਸਨ। ਥੋੜੀ ਦੇਰ ਤਕ ਕਸ਼ਮੀਰੀ ਉਥੇ ਠਿਠਕਿਆ ਖਲੋਤਾ ਰਿਹਾ, ਫਿਰ ਉਹ ਵੀ ਉਨ੍ਹਾਂ ਦੇ ਪਿਛੇ ਪਿਛੇ ਗਲੀ ਵਿਚੋਂ ਨਿਕਲ ਆਇਆ। ਸੜਕ ਤੇ ਪਹੁੰਚ ਕੇ ਉਸਨੇ ਪਿਛਾਂਹ ਮੁੜ ਕੇ ਵੇਖਿਆ। ਮੋਹਯਾਲ ਸਜਨ ਜਾ ਚੁੱਕਾ ਸੀ, ਸਿਰਫ ਮਹਿਤਾ ਜੀ ਉਥੇ ਖੜੇ ਸਨ। ਉਸਨੂੰ ਲੱਗਾ ਜਿਵੇਂ ਸਾਰੀ ਗਲੀ ਵਿਚ ਸੁੰਨਸਾਨ ਪੈ ਗਈ ਹੈ। ਖੱਬੇ ਹੱਥ ਸੜਕ ਦੇ ਕਿਨਾਰੇ ਤਿੰਨ ਚਾਰ ਦੁਕਾਨਾਂ ਸਨ, ਸਭ ਬੰਦ ਪਈਆਂ ਸਨ। ਸੱਜੇ ਹੱਥ ਦੂਰ ਖੂਹ ਕੋਲ ਦੁਕਾਨਾਂ ਦੀ ਕਤਾਰ ਸੀ, ਉਥੇ ਵੀ ਦੁਕਾਨਾ ਬੰਦ ਸਨ ਅਤੇ ਕੁਝ ਲੋਕ ਖੂਹ ਕੋਲ ਇਕੱਠੇ ਹੋਏ ਖਲੋਤੇ ਸਨ ਅਤੇ ਇਸੇ ਬੰਨੇ ਵੇਖੀ ਜਾ ਰਹੇ ਸਨ। ਉਸਨੂੰ ਲੱਗਾ ਜਿਵੇਂ ਛੱਜਿਆਂ ਤੇ ਥਾਂ ਥਾਂ ਲੋਕ ਖੜੇ ਹਨ, ਪਰ ਘਰਾਂ ਦੇ ਦਰਵਾਜ਼ੇ ਬੰਦ ਹਨ।

"ਸਭ ਤੋਂ ਪਹਿਲਾਂ ਇਸ ਸੂਰ ਦੀ ਲਾਸ਼ ਨੂੰ ਇਥੋਂ ਹਟਾਈਏ" ਬਖਸ਼ੀ ਜੀ ਕਹਿ ਰਹੇ ਸਨ।

ਕਾਲੇ ਰੰਗ ਦਾ ਸੂਰ ਸੀ। ਕੋਈ ਉਸ ਉਤੇ ਬੋਰਾ ਪਾ ਗਿਆ ਸੀ, ਪਰ ਬੋਰੇ ਦੇ ਹੇਠੋਂ ਥੂਥਨੀ ,ਉਸਦੀਆਂ ਲਤਾਂ ,ਅਤੇ ਪੇਟ ਦਾ ਕੁਝ ਹਿੱਸਾ ਦਿਖਾਈ ਦੇ ਰਿਹਾ ਸੀ।

ਮਹਿਤਾ ਅਜੇ ਵੀ ਗਲੀ ਵਿਚ ਕੰਧ ਨਾਲ ਲੱਗ ਕੇ ਖਲੋਤਾ ਸੀ। ਉਹ ਅਜੇ ਵੀ ਦੁਬਿਧਾ ਵਿਚ ਸੀ। ਸੂਰ ਨੂੰ ਉੱਥੋਂ ਹਟਾਉਣ ਦੀ ਮੁਸੀਬਤ ਤਾਂ ਸੀ ਹੀ ਪਰ ਨਾਲ ਹੀ ਉਜਲੇ ਖਾਦੀ ਦੇ ਕੱਪੜੇ ਗੰਦੇ ਹੋ ਜਾਣ ਦਾ ਵੀ ਡਰ ਸੀ। ਬਖਸ਼ੀ ਅਤੇ ਜਰਨੈਲ ਨੇ ਸੂਰ ਨੂੰ ਲਤਾਂ ਤੋਂ ਫੜਿਆ ਅਤੇ ਉਸਦੀ ਲਾਸ਼ ਘਸੀਟ ਕੇ ਮਸਜਿਦ ਦੀ ਪੌੜੀ ਤੋਂ ਹੇਠਾਂ ਲਾਹ ਦਿੱਤੀ, ਫਿਰ ਉਸਨੂੰ ਘਸੀਟਦੇ ਹੋਏ ਸੜਕੋਂ ਪਾਰ ਲੈ ਆਏ ਅਤੇ ਇੱਟਾਂ ਦੇ ਇਕ ਢੇਰ ਪਿਛੇ ਧੱਕ ਕੇ ਲੁਕਾ ਦਿੱਤਾ।

"ਅਜੇ ਤਾਂ ਇਸਨੂੰ ਇਥੇ ਹੀ ਰੱਖੋ। ਮਸਜਿਦ ਦਾ ਦਰਵਾਜ਼ਾ ਤਾਂ ਖੁਲ੍ਹੇ। ਮਸਜਿਦ ਦੀ ਪੌੜੀ ਨੂੰ ਧੋ ਦਿੰਦੇ ਹਾਂ। ਬਖਸ਼ੀ ਜੀ ਨੇ ਕਿਹਾ ਅਤੇ ਕਸ਼ਮੀਰੀ ਲਾਲ ਨੂੰ ਕਹਿਣ ਲੱਗੇ : "ਤੂੰ ਜਾਹ ਕਸ਼ਮੀਰੀ ਇਧਰ ਪਿਛੇ ਭੰਗੀਆਂ ਦੇ ਡੇਰੇ ਚਲਾ ਜਾਹ। ਉਥੇ ਮਿਊਂਸਪੈਲਟੀ ਦੇ ਭੰਗੀ ਰਹਿੰਦੇ ਹਨ, ਵੇਖੀਂ ਜੇ ਦੋ ਭੰਗੀ ਆਪਣਾ ਠੇਲਾ ਲੈ ਆਉਣ ਤਾਂ ਇਸਨੂੰ ਚੁੱਕਵਾ ਦਿੰਦੇ ਹਾਂ।"

ਤਦੋਂ ਖੂਹ ਵਲੋਂ ਕਿਸੇ ਦੇ ਭੱਜਦੇ ਕਦਮਾਂ ਦੀ ਆਵਾਜ਼ ਆਈ। ਤਿੰਨਾਂ ਨੇ ਘੁੰਮ ਕੇ ਵੇਖਿਆ ਇਕ ਗਊ ਭੱਜਦੀ ਆ ਰਹੀ ਸੀ। ਇਕ ਆਦਮੀ ਸਿਰ ਤੇ ਮੁੜਾਸਾ ਬੰਨੀ ਅਤੇ ਹੱਥ ਵਿਚ ਡੰਡਾ ਫੜੀ ਗਊ ਦੇ ਪਿਛੇ ਪਿਛੇ ਭੱਜਦਾ ਹੋਇਆ, ਉਸਨੂੰ ਹੱਕ ਕੇ ਲਈ ਜਾ ਰਿਹਾ ਸੀ। ਉਸਦੀ ਛਾਤੀ ਖੁਲੀ ਸੀ ਅਤੇ ਗਲ ਵਿਚ ਤਵੀਤ ਝੂਲ ਰਿਹਾ ਸੀ। ਚਿਕਨੀ ਖੱਲਾਂ ਵਾਲੀ, ਬਦਾਮੀ ਰੰਗ ਦੀ ਗਏ ਸੀ, ਮੋਟੀਆਂ ਮੋਟੀਆਂ ਹੈਰਾਨ ਜਹੀਆਂ ਅੱਖਾਂ। ਡਰ ਦੇ ਮਾਰੇ ਉਸਦੀ ਪੂਛ ਉਤਾਂਹ ਨੂੰ ਚੁੱਕੀ ਹੋਈ ਸੀ। ਲੱਗਦਾ ਸੀ ਜਿਵੇਂ ਰਾਹ ਭਟਕ ਗਈ ਹੈ। ਤਿੰਨੇ ਠਿਠਕ ਗਏ। ਮੁੰਡਾਸੇ ਵਾਲੇ ਆਦਮੀ ਨੇ ਮੂੰਹ ਵਲੇਟਿਆ ਹੋਇਆ ਸੀ। ਗਊ ਨੂੰ ਹਿਕਦਾ ਹੋਇਆ ਉਹ ਸੜਕ ਤੋਂ ਲੰਘਿਆ ਅਤੇ ਫਿਰ ਉਸਨੂੰ ਸੱਜੇ ਹੱਥ ਇਕ ਗਲੀ ਵੱਲ ਲੈ ਗਿਆ। ਬਖਸ਼ੀ ਜੀ ਦੇਰ ਤਕ ਉਥੇ ਠਿਠਕੇ ਖਲੋਤੇ ਰਹੇ, ਫਿਰ ਹੌਲੀ ਜਿਹੀ ਬੋਲੇ :

"ਲੱਗਦਾ ਹੈ ਸ਼ਹਿਰ ਤੇ ਗਿਰਝਾਂ ਉਡਣਗੀਆਂ। ਆਸਾਰ ਬਹੁਤ ਬੁਰੇ ਹਨ।" ਅਤੇ ਉਨ੍ਹਾਂ ਦਾ ਚਿਹਰਾ ਪਹਿਲਾਂ ਨਾਲੋਂ ਵੀ ਜ਼ਿਆਦਾ ਪੀਲਾ ਤੇ ਗੰਭੀਰ ਲੱਗਣ ਲੱਗਾ।

***

## ਛੇ

ਸਪਤਾਹਿਕ ਸਤਸੰਗ ਦੀ ਸਮਾਪਤੀ ਤੋਂ ਪਹਿਲਾਂ ਪੰਨਾਤਮਾ ਵਾਨਪ੍ਰਸਥੀ ਜੀ ਸਦਾ ਵਾਂਗ ਮੰਤਰ ਪਾਠ ਕਰਨ ਲੱਗੇ। ਇਸ ਮੰਤਰ ਪਾਠ ਨੂੰ ਉਹ ਸਤਸੰਗ ਰੂਪੀ ਯੱਗ ਦੀ 'ਅੰਤਮ ਆਹੂਤੀ' ਕਿਹਾ ਕਰਦੇ ਸਨ। ਗਿਣੇ ਚੁਣੇ ਇਨ੍ਹਾਂ ਵਿਸ਼ੇਸ਼ ਮੰਤਰਾਂ ਅਤੇ ਸਲੋਕਾਂ ਵਿਚ ਭਾਰਤੀ ਸੰਸਕ੍ਰਿਤ ਦਾ ਸਾਹ ਪਾਇਆ ਜਾਂਦਾ ਸੀ ਅਤੇ ਕਈ ਸਾਲਾਂ ਪਿਛੋਂ ਇਹ ਮੰਤਰ ਹੁਣ ਸਭਾ ਵਿਚ ਭਾਗ ਲੈਣ ਵਾਲੇ ਸਭ ਨੂੰ ਜ਼ੁਬਾਨੀ ਯਾਦ ਹੋ ਗਏ ਸਨ। ਵੇਦੀ ਤੇ ਬੈਠੇ ਬੈਠੇ, ਅੱਖਾਂ ਬੰਦ ਕਰਕੇ ਹੱਥ ਜੋੜ ਅਤੇ ਸਿਰ ਨਿਵਾ ਕੇ ਵਾਨ ਪ੍ਰਸਥੀ ਜੀ ਮੰਤਰਾਂ ਦਾ ਉਚਾਰਣ ਕਰਨ ਲਗੇ :

ਸਰਵੇ ਭਵੰਤੁ ਸੁਖਿਨ: ਸਰਵੇ ਸੰਤ ਨਿਰਾਮਯ:
ਸਰਵੇ ਭਦ੍ਰਾਣਿ ਪਸ਼ਯੰਤੁ ਸਾ ਕਸ਼ਿਚਤ ਦੁਖ ਭਾਗ ਭਵੇਤ੍।
(ਸਭ ਸੁਖੀ ਹੋਣ, ਸਭ ਅਰੋਗ ਹੋਣ)
(ਸਭ ਦਾ ਕਲਿਆਣ ਹੋਵੇ, ਕਿਸੇ ਨੂੰ ਕੋਈ ਦੁੱਖ ਨਾ ਹੋਵੇ)

ਸਾਰੇ ਸਤਸੰਗ ਵਿਚ ਇਕੱਲੇ ਵਾਨਪ੍ਰਸਥੀ ਜੀ ਹੀ ਸਨ ਜੋ ਸੰਸਕ੍ਰਿਤ ਜਾਣਦੇ ਸਨ, ਉਨ੍ਹਾਂ ਨੇ ਸਭ ਵੇਦ-ਵੇਦਾਂਗ ਪੜ੍ਹੇ ਹੋਏ ਸਨ। ਇਸ ਲਈ ਜਦ ਉਹ ਪੜ੍ਹਦੇ ਤਾਂ ਕਦੇ ਉਚਾਰਣ ਵਿਚ ਭੁੱਲ ਨਹੀਂ ਹੁੰਦੀ ਸੀ ਸਗੋਂ ਇਉਂ ਲੱਗਦਾ ਜਿਵੇਂ ਇਕ ਇਕ ਸ਼ਬਦ ਪੂਰੀ ਸਮਝ ਬੂਝ ਨਾਲ ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲ ਰਿਹਾ ਹੈ। ਉਪਨਸ਼ਿਦ ਦੇ ਸ਼ਲੋਕ ਪਿਛੋਂ ਉਨ੍ਹਾਂ ਨੇ ਗੀਤਾ ਦੇ ਦੋ ਸ਼ਲੋਕ ਪੜ੍ਹੇ :

"ਆਪੂਰਯਮਾਣਮ੍, ਅਚਲ ਪ੍ਰਤਿਸ਼ਠਮ।.................
(ਅਚਲ ਪ੍ਰਤਿਸ਼ਠਾ ਹੋਵੇ ..............)

ਸਭਾ ਦੇ ਮੈਂਬਰ ਨਾਲ ਨਾਲ ਗੁਨਗੁਨਾਉਣ ਲੱਗੇ। ਕੁਝ ਲੋਕ ਉਚਾਰਣ ਵਿਚ ਪਿਛੇ ਰਹਿ ਗਏ, ਇਸ ਕਾਰਣ ਵਾਨਪ੍ਰਸਥੀ ਜੀ ਦੇ ਪੜ੍ਹ ਚੁੱਕਣ ਪਿਛੋਂ ਸਭਾ ਵਿਚੋਂ ਕੁਝ ਦੇਰ ਗੁਨਗਣਾਉਣ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ।

ਅੰਤ ਵਿਚ ਸ਼ਾਂਤੀ ਪਾਠ ਹੋਇਆ ਅਤੇ ਸਾਰਾ ਹਾਲ ਪੁਰਸ਼ ਇਸਤ੍ਰੀਆਂ ਦੀ ਆਵਾਜ਼ ਨਾਲ ਗੂੰਜਣ ਲੱਗਾ, ਕਿਉਂਕਿ ਸ਼ਾਂਤੀ ਪਾਠ ਦਾ ਮੰਤਰ ਸਭ ਨੂੰ ਜ਼ਬਾਨੀ ਯਾਦ ਸੀ :

ਓਮ ਦਯੋ ਸ਼ਾਂਤੀ ਪ੍ਰਿਥਵੀ ਸ਼ਾਂਤੀਰਾਪ :

ਸਾਂਤੀ ਰੌਸ਼ਧਯ, ਸ਼ਾਂਤੀ ਵਨਸਪਤਿ :

(ਆਕਾਸ਼ ਵਿਚ ਸ਼ਾਂਤੀ ਹੋਵੇ, ਪ੍ਰਿਥਵੀ ਉਤੇ ਸ਼ਾਂਤੀ ਹੋਵੇ, ਪਾਣੀ ਵਿਚ ਸ਼ਾਂਤੀ ਹੋਵੇ, ਔਸ਼ਧ ਵਿਚ ਸ਼ਾਂਤੀ ਹੋਵੇ, ਕੁਦਰਤ ਵਿਚ ਸ਼ਾਂਤੀ ਹੋਵੇ)

ਸਚਮੁੱਚ ਅਜਿਹਾ ਲੱਗਣ ਲੱਗਾ ਜਿਵੇਂ ਸ਼ਾਂਤੀ ਦਾ ਲੌਕਿਕ ਪ੍ਰਭਾਵ ਵਾਯੂ ਮੰਡਲ ਵਿਚ ਛਾਣ ਲੱਗਾ ਹੈ, ਚਾਰ-ਚੁਫੇਰੇ ਸ਼ਾਂਤੀ ਫੈਲਣ ਲੱਗੀ ਹੈ ਅਤੇ ਇਨ੍ਹਾਂ ਗਲਿਆਂ ਵਿਚੋਂ ਨਿਕਲਣ ਵਾਲੀ ਸ਼ਾਂਤੀ ਦੀ ਧੁਨੀ ਘਰ ਘਰ ਪਹੁੰਚ ਰਹੀ ਹੈ। 'ਅੰਤਮ ਆਹੂਤੀ' ਵਿਚ ਸਚਮੁੱਚ ਸਭ ਨੂੰ ਬੜਾ ਆਨੰਦ ਆਉਂਦਾ ਸੀ। ਮੰਤਰ ਉਚਾਰਣ ਪਿਛੋਂ ਇਕ ਪ੍ਰਾਰਥਨਾ ਦਾ ਗੀਤ ਗਾਇਆ ਜਾਂਦਾ ਅਤੇ ਉਸ ਵਿਚ ਵੀ ਸਾਰੇ ਜੜ੍ਹ ਚੇਤਨ ਜਗਤ ਦੇ ਸੁੱਖ ਦੀ ਕਾਮਨਾ ਕੀਤੀ ਜਾਂਦੀ। ਤਾਲੀਆਂ ਵਜਾ ਵਜਾ ਕੇ ਵਾਨਪ੍ਰਸਥੀ ਜੀ ਗਾ ਰਹੇ ਸਨ :

"ਸਬ ਪਰ ਦਇਆ ਕਰੋ ਭਗਵਾਨ

ਸਬ ਪਰ ਕਿਰਪਾ ਕਰੋ ਭਗਵਾਨ......."

ਪੁੰਨਾਤਮਾ ਜੀ ਦੇ ਕਹਿਣ ਤੇ ਸਤਸੰਗ ਵਿਚ ਪਰੰਪਰਾਗਤ ਆਰਤੀ ਦਾ ਗਾਇਨ ਬਹੁਤ ਘੱਟ ਕਰ ਦਿੱਤਾ ਗਿਆ ਸੀ, ਕਿਉਂਕਿ ਉਸ ਵਿਚ 'ਮੈਂ ਮੂਰਖ, ਖਲ ਕਾਮੀ ਵਰਗੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਸੀ ਜੋ ਵਾਨਪ੍ਰਸਥੀ ਜੀ ਦੇ ਵਿਚਾਰ

ਅਨੁਸਾਰ ਹੀਨ ਭਾਵਨਾ ਪੈਦਾ ਕਰਦੇ ਸਨ। ਉਸੇ ਤਰ੍ਹਾਂ ਕਿਸੇ ਖੰਨਾ ਜੀ ਦਾ ਲਿਖਿਆ ਹੋਇਆ ਉਹ ਗੀਤ ਵੀ ਕੱਢ ਦਿੱਤਾ ਗਿਆ ਸੀ ਜਿਸ ਵਿਚ 'ਹਮ ਸਬ ਹੀ ਪੁੱਤ ਕਪੁੱਤ ਤੇਰੇ' ਦੀ ਚਰਚਾ ਕੀਤੀ ਗਈ ਸੀ ਜੋ ਵਾਨਪ੍ਰਸਥੀ ਜੀ ਨੂੰ ਮਨਜ਼ੂਰ ਨਹੀਂ ਸੀ।

ਅੰਤਮ ਆਹੂਤੀ ਸਮਾਪਤ ਹੋਈ। ਇਸ ਤੋਂ ਪਿਛੋਂ ਸਭਾ ਬਰਖਾਸਤ ਹੋ ਜਾਣੀ ਚਾਹੀਦੀ ਸੀ ਪਰ ਸਭ ਸਭਾ ਮੈਂਬਰ ਬੈਠੇ ਰਹੇ ਕਿਉਂਕਿ ਸਕੱਤਰ ਨੇ ਕੋਈ ਜ਼ਰੂਰੀ ਸੂਚਨਾ ਦੇਣੀ ਸੀ। ਸਕੱਤਰ ਉਤਿਆ ਪਰ ਉਠ ਕੇ ਉਸ ਨੇ ਕੇਵਲ ਇਨ੍ਹਾਂ ਹੀ ਕਿਹਾ ਕਿ ਸਭਾ ਬਰਖਾਸਤ ਹੋਣ ਪਿਛੋਂ ਅੰਤਰੰਗ ਸਭਾ ਦੇ ਮੈਂਬਰ ਕਿਰਪਾ ਕਰਕੇ ਬੈਠੇ ਰਹਿਣ, ਇਕ ਜ਼ਰੂਰੀ ਵਿਸ਼ੇ ਤੇ ਵਿਚਾਰ ਕਰਨਾ ਹੈ। ਇਸ ਜ਼ਰੂਰੀ ਵਿਸ਼ੇ ਬਾਰੇ ਸਭਾ ਦੇ ਮੈਂਬਰਾਂ ਨੂੰ ਪਟਕਾ ਪਹਿਲਾਂ ਹੀ ਸੀ, ਵਾਨਪ੍ਰਸਥੀ ਜੀ ਦੇ ਭਾਸ਼ਨ ਵਿਚ ਵੀ ਇਸ ਵਿਸ਼ੇ ਬਾਰੇ ਵਾਰ ਵਾਰ ਸੰਕੇਤ ਮਿਲਦਾ ਰਿਹਾ ਸੀ, ਇਥੋਂ ਤਕ ਕਿ ਭਾਸ਼ਨ ਦਿੰਦੇ ਸਮੇਂ ਵਾਨਪ੍ਰਸਬੀ ਜੀ ਆਪ ਭਾਵਾਂ ਵਿਚ ਵਹਿ ਗਏ ਸਨ, ਉਨ੍ਹਾਂ ਦਾ ਚਿਹਰਾ ਲਾਲ ਹੋ ਗਿਆ ਸੀ ਅਤੇ ਬੁਲ੍ਹ ਫੜਫੜਾਉਣ ਲੱਗੇ ਸਨ, ਵਿਸ਼ੇਸ਼ ਰੂਪ ਵਿਚ ਜਦ ਉਨ੍ਹਾਂ ਨੇ ਆਵਾਜ਼ ਉੱਚੀ ਚੁੱਕ ਕੇ ਇਹ ਸਤਰਾਂ ਪੜ੍ਹੀਆਂ ਸਨ----

"ਫੈਲਾਏ ਘੋਰ ਪਾਪ ਯਹਾਂ ਮੁਸਲਮੀਨ ਨੇ।
ਨੇਅਮਤ ਫ਼ਲਕ ਨੇ ਛੀਨ ਲੀ, ਦੌਲਤ ਜ਼ਮੀਨ ਨੇ।"

ਇਸ ਲਈ ਸਭ ਲੋਕ ਜਾਣਦੇ ਸਨ ਕਿ ਅੰਤਰੰਗ ਸਭਾ ਕਿਸ ਵਿਸ਼ੇ ਤੇ ਵਿਚਾਰ ਕਰਨ ਵਾਲੀ ਹੈ।

ਸਕੱਤਰ ਦੀ ਸੂਚਨਾ ਪਿਛੋਂ ਲੋਕ ਉੱਠਣ ਲੱਗੇ। ਸਭਾ ਸਮਾਪਤ ਹੋਣ ਲੱਗੀ। ਲੋਕ ਮੰਦਰ ਦੇ ਸੱਤਾਂ ਦਰਵਾਜਿਆਂ ਵਿਚੋਂ ਨਿਕਲ ਨਿਕਲ ਕੇ, ਬਰਾਮਦੇ ਵਿਚੋਂ ਆਪਣੀ ਆਪਣੀ ਜੁੱਤੀ ਲੱਭ ਕੇ ਪਹਿਨਣ ਲੱਗੇ। ਕੁਝ ਲੱਗ ਜਾਣ ਬੁਝ ਕੇ ਮੰਦਰ ਵਿਚ ਪ੍ਰਵੇਸ਼ ਕਰਦੇ ਸਮੇਂ ਸੱਜੇ ਪੈਰ ਦੀ ਜੁੱਤੀ ਇਕ ਦਰਵਾਜ਼ੇ ਸਾਹਮਣੇ ਅਤੇ ਖੱਬੇ ਪੈਰ ਦੀ ਜੁੱਤੀ ਤੀਸਰੇ ਚੌਥੇ ਦਰਵਾਜ਼ੇ ਸਾਹਮਣੇ ਛੱਡ ਜਾਂਦੇ ਸਨ ਤਾਕਿ ਸਤਸੰਗ

ਪਿਛੋਂ ਜੁੱਤੀਆਂ ਉਥੇ ਹੀ ਪਈਆਂ ਮਿਲ ਜਾਣ। ਇਸ ਲਈ ਬਰਾਮਦੇ ਵਿਚ ਥੋੜ੍ਹੀ ਦੇਰ ਭੀੜ ਰਹੀ। ਉਂਜ ਵੀ ਸਭਾ ਦੇ ਬਰਖਾਸਤ ਹੋਣ ਪਿਛੋਂ ਦੋ ਦੋ ਚਾਰ ਚਾਰ ਆਦਮੀ ਬਰਾਮਦੇ ਵਿਚ ਖੜ੍ਹੇ ਗੱਲਾਂ ਕਰਦੇ ਰਹਿੰਦੇ ਸਨ, ਅਤੇ ਅੱਜ ਤਾਂ ਸ਼ਹਿਰ ਦੀ ਸਥਿਤੀ ਦੀ ਚਰਚਾ ਹਰ ਇਕ ਦੀ ਜ਼ਬਾਨ ਤੇ ਸੀ। ਵਾਨਪ੍ਰਸਥੀ ਆਪਣੇ ਦਿਲ ਖਿਚਵੇਂ ਭਾਸ਼ਨ ਪਿੱਛੋਂ ਅਜੇ ਵੀ ਵੇਦੀ ਤੇ ਹੀ ਬੈਠੇ ਸਨ। ਉਹ ਅਜੇ ਵੀ ਉਤੇਜਿਤ ਦਿਖਾਈ ਦੇ ਰਹੇ ਸਨ ਅਤੇ ਉਨ੍ਹਾਂ ਦਾ ਚਿਹਰਾ ਦਮਕ ਰਿਹਾ ਸੀ।

ਤਦੇ ਵਿਹੜੇ ਵਿਚੋਂ ਕੁਝ ਲੋਕ ਮੰਦਰ ਅੰਦਰ ਆਉਂਦੇ ਦਿਖਾਈ ਦਿਤੇ। ਬਰਾਂਡੇ ਵਿਚ ਖੜੇ ਥੋੜ੍ਹੇ ਜਿਹੇ ਲੋਕਾਂ ਨੇ ਉਨ੍ਹਾਂ ਨੂੰ ਪਛਾਣ ਲਿਆ। ਉਹ ਸ਼ਹਿਰ ਦੀਆਂ ਹੋਰ ਹਿੰਦੂ ਧਾਰਮਿਕ ਸੰਸਥਾਵਾਂ ਦੇ ਅਧਿਕਾਰੀ ਸਨ। ਉਨ੍ਹਾਂ ਦੇ ਪਿਛੇ ਪੰਜ ਸੱਤ ਸਿੱਖ ਸੱਜਣ ਵੀ ਆਉਂਦੇ ਦਿਖਾਈ ਦਿੱਤੇ। ਉਹ ਸਥਾਨੀ ਗੁਰਦਵਾਰੇ ਵਿਚੋਂ ਆਏ ਸਨ। ਇਨ੍ਹਾਂ ਨੂੰ ਵੀ ਅੰਤਰੰਗ ਸਭਾ ਦੀ ਬੈਠਕ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਸੀ।

ਅੰਤਰੰਗ ਸਭਾ ਦੀ ਬੈਠਕ ਸ਼ੁਰੂ ਹੋਈ, ਸਕੱਤਰ ਜੀ ਨੇ, ਜੋ ਦੁਬਲਾ-ਪਤਲਾ ਪਰ ਬੜਾ ਜੋਸ਼ੀਲਾ ਆਦਮੀ ਸੀ, ਸ਼ਹਿਰ ਦੀ ਵਿਗੜਦੀ ਸਥਿਤੀ ਦਾ ਵੇਰਵਾ ਦਿੱਤਾ, ਕੁਝ ਉਡਦੀਆਂ ਅਫ਼ਵਾਹਾਂ ਦੀ ਵੀ ਚਰਚਾ ਕੀਤੀ, ਮਸਜਿਦ ਦੇ ਸਾਹਮਣੇ ਮਿਲੀ ਸੂਰ ਦੀ ਲਾਸ਼ ਦਾ ਵੀ ਜ਼ਿਕਰ ਕੀਤਾ। ਇਹ ਵੀ ਦੱਸਿਆ ਕਿ ਜਾਮਾ ਮਸਜਿਦ ਵਿਚ ਲਾਠੀਆਂ, ਭਾਲੇ ਅਤੇ ਕਈ ਤਰ੍ਹਾਂ ਦਾ ਅਸਲਾ ਬਹੁਤ ਦਿਨਾਂ ਤੋਂ ਇਕੱਠਾ ਕੀਤਾ ਜਾ ਰਿਹਾ ਹੈ। ਸ਼ਹਿਰ ਦੀ ਸਥਿਤੀ ਦਾ ਵੇਰਵਾ ਦੇਣ ਪਿਛੋਂ ਸਕੱਤਰ ਨੇ ਇਸ ਵਿਸ਼ੇ ਤੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਆਪਣੇ ਆਪਣੇ ਸੁਝਾਉ ਪੇਸ਼ ਕਰਨ ਲਈ ਬੇਨਤੀ ਕੀਤੀ।

"ਇਥੇ ਬੈਠਣਾ ਠੀਕ ਨਹੀਂ ਹੈ।"

ਆਵਾਜ਼ ਵਾਨਪ੍ਰਸਥੀ ਜੀ ਦੀ ਸੀ, ਜੋ ਵੇਦੀ ਤੇ ਬੈਠੇ ਆਪਣਾ ਹੱਥ ਚੁੱਕ ਕੇ ਬੜੀ ਗੰਭੀਰਤਾ ਨਾਲ ਕਹਿ ਰਹੇ ਸਨ, "ਇਸ ਵਿਸ਼ੇ ਤੇ ਕਿਸੇ ਦੂਸਰੀ ਜਗ੍ਹਾ ਬੈਠ ਕੇ ਵਿਚਾਰ ਕਰਨਾ ਚਾਹੀਦਾ ਹੈ।"

ਅਤੇ ਵਾਨਪ੍ਰਸਥੀ ਜੀ ਵੇਦੀ ਉਤੋਂ ਉਤਰ ਆਏ, ਅਤੇ ਮੰਦਰ ਦੇ ਪਿਛਵਾੜੇ ਵੱਲ ਹੋ ਗਏ। ਅੰਤਰੰਗ ਸਭਾ ਦੇ ਸਭ ਮੈਂਬਰ ਵੀ ਉਨ੍ਹਾਂ ਦੇ ਪਿਛੇ ਪਿਛੇ ਜਾਣ ਲੱਗੇ। ਮੰਦਰ ਦੇ ਪਿਛਵਾੜੇ ਤੋਂ ਪੌੜੀਆਂ ਚੜ੍ਹ ਕੇ ਵਾਨਪ੍ਰਸਥੀ ਜੀ ਸਭ ਨੂੰ ਇਕ ਛੋਟੇ ਜਿਹੇ ਕਮਰੇ ਵਿਚ ਲੈ ਗਏ ਜਿਥੇ ਮੰਦਰ ਦਾ ਸਾਜ਼-ਸਾਮਾਨ ਰੱਖਿਆ ਹੁੰਦਾ ਸੀ ਅਤੇ ਕੁਝ ਕੁਰਸੀਆਂ ਤੇ ਬੈਂਚ ਪਏ ਰਹਿੰਦੇ ਸਨ।

ਸਭ ਲੋਕਾਂ ਦੇ ਬੈਠ ਜਾਣ ਤੇ ਪੁੰਨਾਤਮਾ ਜੀ ਗੰਭੀਰ ਆਵਾਜ਼ ਵਿਚ ਬੋਲੇ :

"ਸਭ ਤੋਂ ਪਹਿਲਾਂ ਆਪਣੀ ਰੱਖਿਆ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸਭ ਮੈਂਬਰ ਆਪਣੇ ਆਪਣੇ ਘਰ ਵਿਚ ਇਕ ਪੀਪਾ ਕੌੜੇ ਤੇਲ ਦਾ ਰੱਖਣ, ਇਕ ਇਕ ਬੋਰੀ ਕੱਚਾ ਜਾਂ ਪੱਕਾ ਕੋਲਾ ਰੱਖਣ। ਉਬਲਦਾ ਤੇਲ ਦੁਸ਼ਮਨ ਤੇ ਪਾਇਆ ਜਾ ਸਕਦਾ ਹੈ। ਬਲਦੇ ਅੰਗਿਆਰ ਛੱਤ ਤੋਂ ਸੁਟੇ ਜਾ ਸਕਦੇ ਹਨ .......।"

ਮੈਂਬਰ ਧਿਆਨ ਨਾਲ ਸੁਣਦੇ ਰਹੇ। ਗੱਲ ਦੋ ਟੂਕ ਸੀ ਪਰ ਵਾਨਪ੍ਰਸਥੀ ਜੀ ਦੇ ਮੂੰਹ ਤੋਂ ਸੁਣਕੇ ਲੋਕਾਂ ਨੂੰ ਕੁਝ ਝੇਂਪ ਹੋਈ। ਜ਼ਿਆਦਾ ਮੈਂਬਰ ਵਪਾਰੀ ਲੋਕ ਸਨ ਅਤੇ ਵੱਡੀ ਉਮਰ ਦੇ ਸਨ, ਕੁਝ ਨੌਕਰੀਪੇਸ਼ਾ ਸਨ, ਇਕ ਦੋ ਵਕੀਲ ਸਨ। ਚਿੰਤਾ ਤਾਂ ਸਭ ਨੂੰ ਸੀ ਪਰ ਵਾਨਪ੍ਰਸਥੀ ਜੀ ਵਾਂਗ ਉਹ ਉਤੇਜਿਤ ਨਹੀਂ ਸਨ। ਉਨ੍ਹਾਂ ਨੂੰ ਅਜੇ ਤਕ ਪੂਰੀ ਤਰ੍ਹਾਂ ਵਿਸਵਾਸ਼ ਨਹੀਂ ਹੋਇਆ ਸੀ ਕਿ ਸ਼ਹਿਰ ਦੀ ਹਾਲਤ ਇੰਨੀ ਵਿਗੜ ਚੁੱਕੀ ਹੈ ਕਿ ਘਰਾਂ ਵਿਚ ਤੇਲ ਦੇ ਪੀਪੇ ਰੱਖਣ ਦੀ ਨੌਬਤ ਆ ਗਈ ਹੈ। ਉਹ ਅਜੇ ਵੀ ਸਮਝਦੇ ਸਨ ਕਿ ਛੋਟੀਆਂ ਮੋਟੀਆਂ ਦੇ ਇਕ ਘਟਨਾਵਾਂ ਪਿਛੋਂ ਸਰਕਾਰ ਸਥਿਤੀ ਤੇ ਕਾਬੂ ਪਾ ਲਵੇਗੀ, ਸ਼ਰਾਰਤ ਨੂੰ ਦਬਾ ਦਏਗੀ ਅਤੇ ਫਸ਼ਾਦ ਨਹੀਂ ਹੋਣ ਦਏਗੀ।

ਇਸ ਤੇ ਇਕ ਸੱਜਨ ਨੇ ਸਕੱਤਰ ਨੂੰ ਪੁੱਛਿਆ :

"ਯੁਵਕ ਸਮਾਜ ਦਾ ਕੰਮ ਠੰਢਾ ਪਿਆ ਹੋਇਆ ਹੈ। ਦੇਵਵ੍ਰਤ ਜੀ ਨੂੰ ਤੁਸੀਂ ਹੋਰ ਕੰਮਾਂ 'ਵਿਚ ਲਾ ਰੱਖਿਆ ਹੈ। ਮੈਂ ਸਮਝਦਾ ਹਾਂ ਯੁਵਕਾਂ ਨੂੰ ਲਾਠੀ ਸਿਖਾਉਣ ਦਾ ਕੰਮ ਫੋਰਨ ਸ਼ੁਰੂ ਕਰ ਦੇਣਾ ਚਾਹੀਦਾ ਹੈ। ਦੋ ਸੋ ਲਾਠੀਆਂ ਅੱਜ ਹੀ ਮੰਗਵਾ ਕੇ ਵੰਡ ਦਿੱਤੀਆਂ ਜਾਣ।"

ਇਸ ਤੇ ਸਭ ਦੇ ਦਾਨਵੀਰ ਪ੍ਰਧਾਨ ਜੀ, ਜੋ ਸ਼ਹਿਰ ਦੇ ਮੰਨੇ ਪ੍ਰਮੰਨੇ ਵਪਾਰੀਆਂ ਵਿਚੋਂ ਸਨ, ਸਿਰ ਹਿਲਾ ਕੇ ਬੋਲੇ :

"ਇਹ ਰਕਮ ਮੈਂ ਦਿਆਂਗਾ। ਤੁਸੀਂ ਅੱਜ ਹੀ ਦੋ ਸੋ ਲਾਠੀਆਂ ਮੰਗਵਾ ਕੇ ਯੁਵਕਾਂ ਵਿਚ ਵੰਡ ਦਿਓ।"

"ਵਾਹ, ਵਾਹ !" ਦੀ ਅਵਾਜ਼ ਸੁਣਾਈ ਦਿੱਤੀ। ਹਾਜ਼ਰ ਸੱਜਨਾਂ ਨੇ ਪ੍ਰਧਾਨ ਜੀ ਦੀ ਖੁਲ੍ਹਦਿਲੀ ਦੀ ਪ੍ਰਸੰਸਾ ਕੀਤੀ। ਵਿਚੋਂ ਇਕ ਮੈਂਬਰ ਦੀ ਅਵਾਜ਼ ਆਈ :

"ਇਹ ਸਾਡੀ ਸਭ ਹਿੰਦੂਆਂ ਦੀ ਬਹੁਤ ਵੱਡੀ ਕਮਜ਼ੋਰੀ ਹੈ। ਅਸੀਂ ਪਿਆਸ ਲੱਗਣ ਤੇ ਹੀ ਖੂਹ ਖੁਦਵਾਉਂਦੇ ਹਾਂ। ਅੱਜ ਜਦ ਹਾਲਤ ਵਿਗੜ ਰਹੀ ਹੈ ਅਤੇ ਮੁਸਲਮਾਨ ਜਾਮਾ ਮਸਜਿਦ ਵਿਚ ਅਸਲਾ ਇਕੱਠਾ ਕਰ ਰਹੇ ਹਨ, ਅਸੀਂ ਲਾਠੀਆਂ ਖਰੀਦਣ ਲਗੇ ਹਾਂ।"

ਇਸ ਤੇ ਸਕੱਤਰ ਇਕ ਦਮ ਬੋਲਿਆ :

"ਇਸ ਵਿਸ਼ੇ ਤੇ ਚਰਚਾ ਕਰਨ ਦੀ ਲੋੜ ਨਹੀਂ ਹੈ। ਯੁਵਕ ਸਮਾਜ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਇਸ ਬੰਨੇ ਪੂਰਾ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਵਾਨਪ੍ਰਸਥੀ ਜੀ ਤਨੋਮਨੋ ਇਸ ਕੰਮ ਵਿਚ ਦਿਲਚਸਪੀ ਲੈ ਰਹੇ ਹਨ। ਪੜ੍ਹਾਈ ਲਿਖਾਈ ਅਤੇ ਹਵਨ ਯੱਗ ਤੋਂ ਛੁਟ ਵਾਨਪ੍ਰਸਥੀ ਜੀ ਹਿੰਦੂ ਸੰਗਠਨ ਦੇ ਪੁੰਨ ਕਾਰਜ ਵਿਚ ਬੜੀ ਲੱਗਨ ਨਾਲ ਕੰਮ ਕਰ ਰਹੇ ਹਨ ਪਰ ਪ੍ਰਧਾਨ ਜੀ ਦੇ ਸੁਝਾਓ ਦਾ ਮੈਂ ਸਵਾਗਤ ਕਰਦਾ ਹਾਂ ਅਤੇ ਉਨ੍ਹਾਂ ਦੀ ਖੁਲਦਿਲੀ ਸਦਕਾ ਹੀ ਸਾਡੇ ਅਨੇਕ ਕੰਮ ਪੂਰੇ

ਹੋ ਰਹੇ ਹਨ। ਸਾਨੂੰ ਆਪਣੀ ਤਿਆਰੀ ਵਿਚ ਕੋਈ ਕਮੀ ਨਹੀਂ ਆਉਣ ਦੇਣੀ ਚਾਹੀਦੀ।

ਤਦੇ ਬਾਹਰੋਂ ਆਏ ਸੱਜਣਾਂ ਵਿਚੋਂ ਇਕ ਬਜ਼ੁਰਗ ਸੱਜਣ ਜੋ ਦੇਰ ਤੋਂ ਆਪਣੀ ਸੋਟੀ ਠੋਡੀ 'ਤੇ ਰੱਖੀ ਬੈਠੇ ਸਨ ਅਤੇ ਜਿਨ੍ਹਾਂ ਨੇ ਇਕ ਇਕ ਕਰਕੇ ਆਪਣੀਆਂ ਦੋਵੇਂ ਟੰਗਾਂ ਕੁਰਸੀ ਤੇ ਚੜ੍ਹਾ ਲਈਆਂ ਸਨ, ਆਪਣੀ ਪਤਲੀ ਤਿੱਖੀ ਆਵਾਜ਼ ਵਿਚ ਬੋਲੇ :

"ਭਰਾਓ, ਇਹ ਸਭ ਠੀਕ ਹੈ, ਪਰ ਮੈਂ ਕਹਾਂਗਾ, ਡਿਪਟੀ ਕਮਿਸ਼ਨਰ ਦੇ ਕੋਲ ਜਾਓ ਡਿਪਟੀ ਕਮਿਸ਼ਨਰ ਨੂੰ ਮਿਲੋ। ਪਾਣੀ ਵੀ ਨਾ ਪੀਓ ਅਤੇ ਡਿਪਟੀ ਕਮਿਸ਼ਨਰ ਨੂੰ ਮਿਲੋ। ਇਹ ਝਗੜਾ ਇਥੇ ਖ਼ਤਮ ਹੋਣ ਵਾਲਾ ਨਹੀਂ ਹੈ। ਉਸਨੂੰ ਮਿਲੋ ਅਤੇ ਉਸਨੂੰ ਸਮਝਾਓ ਕਿ ਹਿੰਦੂਆਂ ਦੇ ਜਾਨ ਮਾਲ ਨੂੰ ਬਹੁਤ ਖਤਰਾ ਹੈ।"

''ਡਿਪਟੀ ਕਮਿਸ਼ਨਰ ਦੇ ਕੋਲ ਜਾਣਾ ਜਰੂਰੀ ਹੈ, ਇਹ ਠੀਕ ਹੈ, ਪਰ ਲਾਲਾ ਜੀ, ਆਪਣੀ ਰੱਖਿਆ ਤਾਂ ਆਪਣੇ ਹੱਥਾਂ ਨਾਲ ਹੋਵੇਗੀ।" ਵਾਨਪ੍ਰਸਥੀ ਜੀ ਨੇ ਕਿਹਾ।

"ਓ ਮਹਾਰਾਜ, ਬੱਚਿਆਂ ਨੂੰ ਲਾਠੀ ਚਲਾਉਣਾ ਜਰੂਰ ਸਿਖਾਓ, ਸੂਰਮੇ ਬਣ ਜਾਣਗੇ ਸਾਡੇ ਬੇਟੇ, ਪਰ ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੂੰ ਮਿਲੋ, ਉਸਨੂੰ ਕਹੋ ਕਿ ਸ਼ਹਿਰ ਵਿਚ ਫ਼ਸਾਦ ਨਾ ਹੋਣ ਦੇਵੇ। ਡਿਪਟੀ ਕਮਿਸ਼ਨਰ ਦਾ ਬੜਾ ਦਬਦਬਾ ਹੈ। ਉਹ ਚਾਹੇ ਤਾਂ ਚਿੜੀ ਨਹੀਂ ਫੜਕ ਸਕਦੀ।"

"ਅੱਜ ਐਤਵਾਰ ਹੈ, ਡਿਪਟੀ ਕਮਿਸ਼ਨਰ ਨਹੀਂ ਮਿਲੇਗਾ।" ਸਕੱਤਰ ਨੇ ਕਿਹਾ। "ਮੈਂ ਕਹਿੰਦਾ ਹਾਂ ਘਰ ਜਾ ਕੇ ਮਿਲੋ। ਇਹੋ ਵੇਲਾ ਹੈ। ਇਥੋਂ ਹੀ ਕੁਝ ਲੋਕ ਉਠ ਕੇ ਸਿੱਧੇ ਡਿਪਟੀ ਕਮਿਸ਼ਨਰ ਦੇ ਘਰ ਚਲੇ ਜਾਓ।"

ਇਸ ਤੇ ਇਕ ਸਿੱਖ ਸੱਜਨ ਨੇ ਸੂਚਨਾ ਦਿੰਦੇ ਕਿਹਾ :

"ਮੈਂ ਸੁਣਿਆ ਹੈ ਇਕ ਪ੍ਰਤੀਨਿਧੀ ਮੰਡਲ ਪਹਿਲਾਂ ਡਿਪਟੀ ਕਮਿਸ਼ਨਰ ਨੂੰ ਮਿਲਣ ਚਲ ਗਿਆ ਹੈ।"

"ਕੋਣ ਲੋਕ ਹਨ ਉਸ ਵਿਚ ?"

"ਉਸ ਵਿਚ ਕੁਝ ਕਾਂਗਰਸੀ ਹਨ, ਕੁਝ ਲੀਗੀ ਹਨ ਅਤੇ ਕੁਝ ਸ਼ਹਿਰ ਦੇ ਹੋਰ ਲੋਕ ਹਨ।"

ਥੋੜ੍ਹੀ ਦੇਰ ਤਕ ਚੁੱਪ ਛਾਈ ਰਹੀ।

"ਉਹ ਪ੍ਰਤੀਨਿਧ ਮੰਡਲ ਕੀ ਕਰੇਗਾ ? ਹਿੰਦੂਆਂ ਸਿੱਖਾਂ ਨੂੰ ਅਲੱਗ ਜਾ ਕੇ ਮਿਲਣਾ ਚਾਹੀਦਾ ਹੈ। ਉਸੇ ਨੂੰ ਤਾਂ ਇਹ ਦੱਸਣਾ ਹੈ ਕਿ ਵੇਖੋ ਮੁਸਲਮਾਨ ਕੀ ਕਰ ਰਹੇ ਹਨ, ਜੇ ਮੁਸਲਮਾਨ ਵੀ ਨਾਲ ਹੋਣਗੇ ਤਾਂ ਤੁਸੀਂ ਡਿਪਟੀ ਕਮਿਸ਼ਨਰ ਨੂੰ ਕੀ ਕਹਿ ਸਕਦੇ ਹੋ ? ਇਹ ਸਾਰਾ ਕੰਮ ਕਾਂਗਰਸੀ ਨੇ ਵਿਗਾੜਿਆ ਹੋਇਆ ਹੈ। ਉਨ੍ਹਾਂ ਨੇ ਹੀ ਮੁਸਲਿਆਂ ਨੂੰ ਸਿਰ ਤੇ ਚੜ੍ਹਾ ਰੱਖਿਆ ਹੈ।"

"ਸ਼ਰਾਰਤ ਤਾਂ ਬਹੁਤ ਵੱਧ ਰਹੀ ਹੈ, ਇਸ ਵਿਚ ਤਾਂ ਸ਼ੱਕ ਨਹੀਂ" ਇਕ ਸਿੱਖ ਸੱਜਣ ਬੋਲਿਆ, "ਸੁਣਿਆ ਹੈ ਇਕ ਗਾਂ ਵੀ ਵੱਢੀ ਗਈ ਹੈ। ਮਈ ਸਤੋ ਦੀ ਧਰਮਸ਼ਾਲਾ ਦੇ ਬਾਹਰ ਉਸਦੇ ਅੱਗ ਸੁੱਟੇ ਗਏ ਹਨ। ਮੈਨੂੰ ਨਹੀਂ ਪਤਾ ਕਿ ਕਿਥੋਂ ਤੱਕ ਇਹ ਖਬਰ ਠੀਕ ਹੈ, ਪਰ ਸੁਣਨ ਵਿਚ ਜ਼ਰੂਰ ਆਇਆ ਹੈ।"

ਇਸ ਤੇ ਵਾਨਪ੍ਰਸਥੀ ਜੀ ਦਾ ਚਿਹਰਾ ਲਾਲ ਹੋ ਗਿਆ। ਉਨ੍ਹਾਂ ਦੀਆਂ ਅੱਖਾਂ ਵਿਚ ਖੂਨ ਉੱਤਰ ਆਇਆ, ਪਰ ਉਹ ਕੁਝ ਬੋਲੇ ਨਹੀਂ, ਚੁਪਚਾਪ ਆਪਣੀ ਉਤੇਜਨਾ ਨੂੰ ਦਬਾਉਂਦੇ ਹੋਏ ਚੁੱ ਬੈਠੇ ਰਹੇ।

"ਗਾਂ—ਵੱਢੀ ਗਈ ਤਾਂ ਇਥੇ ਖੂਨ ਦੀਆਂ ਨਦੀਆਂ ਵਹਿ ਜਾਣਗੀਆਂ।" ਸਕੱਤਰ ਉਤੇਜਿਤ ਹੋ ਕੇ ਬੋਲਿਆ।

ਕੁਝ ਦੇਰ ਤਕ ਸਭ ਚੁੱਪ ਰਹੇ। ਜੋ ਇਹ ਗੱਲ ਸਚਮੁੱਚ ਠੀਕ ਹੈ ਤਾਂ ਇਸਦੇ ਪਿਛੇ ਗਹਿਰੀ ਸ਼ਰਾਰਤ ਹੈ। ਮੁਸਲਮਾਨ ਜੇ ਨਾ ਕਰਨ ਘੱਟ ਹੈ।

ਇਸ ਉਤੇ ਸ਼ਹਿਰ ਦੇ ਹਿੰਦੂ ਸਿਖਾਂ ਨੂੰ ਵਿਆਪਕ ਰੂਪ ਵਿਚ ਸੰਗਠਿਤ ਕਰਨ ਅਤੇ ਆਤਮ ਰੱਖਿਆ ਦੀ ਸਾਂਝੀ ਯੋਜਨਾ ਬਨਾਉਣ ਲਈ ਸੁਝਾਵਾਂ ਤੇ ਵਿਚਾਰ ਕੀਤਾ ਜਾਣ ਲੱਗਾ।

"ਮੁਹੱਲਾ ਕਮੇਟੀਆਂ ਦੀ ਕੀ ਹਾਲਤ ਹੈ ?" ਇਕ ਸੱਜਣ ਨੇ ਪੁੱਛਿਆ।

"ਇਥੇ ਮੁਹੱਲਾ ਕਮੇਟੀਆਂ ਬਨਾਉਣਾ ਬੜਾ ਮੁਸ਼ਕਿਲ ਕੰਮ ਹੈ। ਸਭ ਮੁਹੱਲਿਆਂ ਵਿਚ ਮੁਸਲਮਾਨ ਘੁਸੇ ਬੈਠੇ ਹਨ। ਇਹ ਸ਼ਹਿਰ ਹੀ ਬੇਢੱਬਾ ਹੈ ਕਿ ਹਰ ਮੁਹੱਲੇ ਵਿਚ ਹਿੰਦੂ ਵੀ ਰਹਿੰਦੇ ਹਨ ਅਤੇ ਮੁਸਲਮਾਨ ਵੀ ਰਹਿੰਦੇ ਹਨ। ਮੁਹੱਲਾ ਕਮੇਟੀਆਂ ਕੀ ਬਣਾਉਗੇ—ਹਰ ਗੱਲ ਦੀ ਖ਼ਬਰ ਤਾਂ ਮੁਸਲਮਾਨਾਂ ਨੂੰ ਹੋ ਜਾਂਦੀ ਹੈ। ਮੁਹੱਲਾ ਕਮੇਟੀਆਂ ਬਾਰੇ ਦੇਰ ਤਕ ਗੰਭੀਰਤਾ ਨਾਲ ਵਿਚਾਰ ਹੋਇਆ। 1926 ਦੇ ਫ਼ਸਾਦਾਂ ਪਿੱਛੋਂ ਦੋ ਤਿੰਨ ਮੁਹੱਲੇ ਅਜਿਹੇ ਬਣੇ ਹਨ ਜਿਨ੍ਹਾਂ ਵਿਚ ਹਿੰਦੂਆਂ ਨੇ ਅੱਖਾਂ ਖੋਲ੍ਹ ਕੇ ਮਕਾਨ ਬਣਵਾਏ ਹਨ ਜਿਵੇਂ ਨਵਾਂ ਮੁਹੱਲਾ, ਰਾਜਪੁਰਾ, ਆਦਿ, ਜੋ ਅਲੱਗ ਹਿੰਦੂਆਂ ਸਿੱਖਾਂ ਦੇ ਹਨ। ਨਹੀਂ ਤਾਂ ਬਾਕੀ ਮੁਹੱਲਿਆਂ ਵਿਚ ਮੁਸਲਮਾਨ ਵਸੇ ਹੋਏ ਹਨ।

ਮੁਹੱਲਾ ਕਮੇਟੀਆਂ ਬਾਰੇ ਦੇਰ ਤੱਕ ਗੰਭੀਰਤਾ ਨਾਲ ਵਿਚਾਰ ਹੋਇਆ। ਇਕ ਉਪ ਸਮਿਤੀ ਵੀ ਬਣਾਈ ਗਈ ਜੋ ਫੋਰਨ ਇਨ੍ਹਾਂ ਮੁਹੱਲਾ ਕਮੇਟੀਆਂ ਨਾਲ ਤਾਲ ਮੇਲ ਸਥਾਪਿਤ ਕਰੇ। ਅਜਿਹੀ ਯੋਜਨਾ ਤੇ ਵੀ ਵਿਚਾਰ ਕੀਤਾ ਜਾਣ ਲੱਗਾ ਕਿ ਖਤਰੇ ਵੇਲੇ ਮੇਲ ਜੋਲ ਕਿਵੇਂ ਕਾਇਮ ਰਹੇ।

ਤਦੇ ਇਕ ਬਜ਼ੁਰਗ ਸੱਜਣ ਨੇ ਸੁਝਾਓ ਦਿੱਤਾ :

"ਸ਼ਿਵਾਲੇ ਤੇ ਲੱਗੇ ਘੜਿਆਲ ਦੀ ਜਾਂਚ ਵੀ ਕਰਵਾ ਲਓ।"

"ਕਿਉਂ ? ਉਸਨੂੰ ਕੀ ਹੋਇਆ ਹੈ ?"

"ਉਂਜ ਹੀ ਸਾਵਧਨੀ ਵਜੋਂ। ਰਾਤ ਵੇਲੇ ਖਤਰੇ ਦੀ ਘੰਟੀ ਵਜਾਉਣੀ ਪੈ ਜਾਵੇ ਤਾਂ ਘਟੋ ਘੱਟ ਉਹ ਕੰਮ ਤਾਂ ਕਰਦਾ ਹੋਵੇ। ਇਹ ਨਾ ਹੋਵੇ ਕਿ ਰੱਸੀ ਖਿੱਚੋ ਤੇ ਰੱਸੀ ਹੀ ਟੁੱਟ ਜਾਵੇ। ਘੜਿਆਲ ਹੀ ਨਾ ਵੱਜੇ।"

ਸ਼ਹਿਰ ਦੇ ਐਨ ਵਿਚਕਾਰ ਇਕ ਟਿੱਲੇ ਤੇ ਸਥਿਤ ਸ਼ਹਿਰ ਦਾ ਪੁਰਾਣਾ ਮੰਦਿਰ ਸੀ। ਉਸ ਨੂੰ ਲੋਕ ਸ਼ਿਵਾਲਾ ਕਹਿੰਦੇ ਸਨ। ਆਸ-ਪਾਸ ਦੁਕਾਨਾਂ ਸਨ। ਉਥੇ ਹੀ ਕਿਸੇ ਜਮਾਨੇ ਵਿਚ ਇਹ ਘੜਿਆਲ ਵੀ ਲਗਾਇਆ ਗਿਆ ਸੀ।

“ਸਮਾਂ ਤਾਂ ਬਹੁਤ ਬੀਤ ਗਿਆ ਹੈ” ਬਜ਼ੁਰਗ ਕਹਿ ਰਿਹਾ ਸੀ, “1927 ਵਿਚ ਲਗਵਾਇਆ ਸੀ, ਜਾਂ ਸ਼ਾਇਦ ਇਸ ਤੋਂ ਵੀ ਪਹਿਲਾਂ।"

ਇਸ ਤੇ ਇਕ ਸੱਜਣ ਦੇ ਮੂੰਹੋਂ ਅਚਾਨਕ ਨਿਕਲ ਗਿਆ :

"ਨਾ ਹੀ ਵੱਜੇ ਤਾਂ ਚੰਗਾ ਹੈ, ਭਗਵਾਨ ਕਦੇ ਨਾ ਵਜਵਾਵੇ।”

“ਇਸੇ ਭਾਵ ਨੇ ਸਾਨੂੰ ਡਰਪੋਕ ਬਣਾ ਦਿੱਤਾ ਹੈ” ਵਾਨਪ੍ਰਸਥੀ ਜੀ ਤੁਣਕ ਕੇ ਬੋਲੇ ‘ਗੱਲ ਗੱਲ ਤੇ ਖਤਰੇ ਤੋਂ ਡਰਨਾ। ਇਸੇ ਕਾਰਣ ਮਲੇਛ ਸਾਡਾ ਮਖੌਲ ਉਡਾਉਂਦੇ ਹਨ, ਸਾਡੇ ਯੁਵਕਾਂ ਨੂੰ ‘ਕਰਾੜ’ ਅਤੇ ‘ਬਾਣੀਆਂ’ ਕਹਿ ਕੇ ਬਲਾਉਂਦੇ ਹਨ।"

ਲੋਕ ਫਿਰ ਚੁੱਪ ਹੋ ਗਏ। ਧਾਰਨਾਵਾਂ ਸਭ ਹਾਜ਼ਰ ਲੋਕਾਂ ਦੀਆਂ ਇਕੋ ਜਹੀਆਂ ਸਨ ਪਰੰਤੂ ਉਹ ਵਾਨਪ੍ਰਸਥੀ ਜੀ ਵਾਂਗ ਉਤੇਜਿਤ ਨਹੀਂ ਸਨ। ਉਹ ਵੀ ਮੰਨਦੇ ਸਨ ਕਿ ਮੁਸਲਮਾਨ ਸ਼ਰਾਰਤ ਕਰਨਗੇ, ਪਰੰਤੂ ਉਹ ਇਹ ਵੀ ਨਹੀਂ ਸਨ ਚਾਹੁੰਦੇ ਕਿ ਫ਼ਸਾਦ ਛਿੜ ਜਾਣ ਕਿਉਂਕਿ ਇਸ ਨਾਲ ਸਚਮੁੱਚ ਹਿੰਦੂ-ਸਿਖਾਂ ਦੇ ਜਾਨ ਮਾਲ ਨੂੰ ਖਤਰਾ ਸੀ।

ਬੜੀ ਦੇਰ ਉਪਾਵਾਂ ਅਤੇ ਸਾਧਨਾਂ ਤੇ ਵਿਚਾਰ ਹੁੰਦਾ ਰਿਹਾ। ਰੱਖਿਆ ਸੰਬੰਧੀ ਉਪਾਵਾਂ ਤੇ ਵੀ ਅਤੇ ਫ਼ਸਾਦ ਨੂੰ ਰੋਕਣ ਦੇ ਉਪਾਵਾਂ ਤੇ ਵੀ। ਅਨੇਕ ਸੁਝਾਓ ਪੇਸ਼ ਕੀਤੇ ਗਏ। ਮੁਹੱਲਾ ਕਮੇਟੀਆਂ ਬਣਾਈਆਂ ਜਾਣ, ਵਲੰਟੀਅਰ ਕੋਰ ਬਣਾਈ ਜਾਵੇ ਜੋ ਸ਼ਹਿਰ ਦੇ ਸਭ ਹਿੰਦੂਆਂ ਸਿਖਾਂ ਦੇ ਸੰਗਠਨਾਂ ਵਿਚ ਤਾਲ ਮੇਲ ਰੱਖੇ, ਕੌੜੇ ਤੇਲ ਤੋਂ ਛੁਟ, ਰੇਤ ਅਤੇ ਪਾਣੀ ਦਾ ਇੰਤਜ਼ਾਮ ਕੀਤਾ ਜਾਵੇ। ਇਸ ਗੰਭੀਰ ਸਲਾਹ ਮਸ਼ਵਰੇ ਦੇ ਵਿਚ ਵੀ ਕਿਸੇ ਰਾਗ ਦੀ ਸਥਾਈ ਵਾਂਗ ਬਜ਼ੁਰਗ ਵਾਰ ਵਾਰ ਆਪਣਾ ਸੁਝਾਓ ਦੁਹਰਾ ਦਿੰਦਾ।

"ਓ ਭਰਾਓ, ਡਿਪਟੀ ਕਮਿਸ਼ਨਰ ਨੂੰ ਮਿਲੋ। ਪਾਣੀ ਵੀ ਨਾ ਪੀਓ, ਡਿਪਟੀ ਕਮਿਸ਼ਨਰ ਨੂੰ ਮਿਲੋ। ਇਥੋਂ ਹੀ ਉੱਠ ਕੇ ਕੁਝ ਲੋਕ ਉਸ ਕੋਲ ਚਲੇ ਜਾਓ। ਮੈਂ ਵੀ ਨਾਲ ਚਲਣ ਲਈ ਤਿਆਰ ਹਾਂ.....।"

ਅੰਤ ਵਿਚ ਇਹੋ ਫੈਸਲਾ ਹੋਇਆ ਕਿ ਸਕੱਤਰ ਜੀ ਪਿਛੇ ਰੁਕ ਜਾਣ, ਤੇਲ ਅਤੇ ਕੋਲਾ ਅਤੇ ਲਾਠੀਆਂ ਨਾਲ ਸਬੰਧਿਤ ਫੈਸਲੇ ਬਾਰੇ ਘਰ ਘਰ ਚਪੜਾਸੀ ਭੇਜ ਕੇ ਮੈਂਬਰਾਂ ਨੂੰ ਸੂਚਿਤ ਕਰਨ, ਹੋਰ ਸੰਗਠਨਾਂ ਨਾਲ ਮੇਲ ਜੋਲ ਸਥਾਪਤ ਕਰਨ, ਚੌਕੀਦਾਰੀ ਲਈ ਗੋਰਖਿਆਂ ਦਾ ਪ੍ਰਬੰਧ ਕਰਨ, ਸਿਵਾਲੇ ਵਾਲੇ ਘੜਿਆਲ ਦੀ ਮੁਰੰਮਤ ਲਈ ਸਨਾਤਨ ਧਰਮ ਸਭਾ ਦੇ ਮੰਤਰੀ ਨਾਲ ਗੱਲਬਾਤ ਕਰਨ, ਯੁਵਕ ਸਭਾ ਨੂੰ ਚੌਕਸ ਕਰਨ, ਜਦ ਕਿ ਅੰਤਰੰਗ ਸਭਾ ਦੀ ਬੈਠਕ ਵਿਚ ਭਾਗ ਲੈਣ ਵਾਲੇ ਹੋਰ ਸਭ ਸੱਜਣ ਉਸੇ ਵੇਲੇ ਟਾਂਗਿਆਂ ਤੇ ਬੈਠ  ਕੇ ਡਿਪਟੀ ਕਮਿਸ਼ਨਰ ਦੇ ਬੰਗਲੇ ਵਲ ਚਲੇ ਜਾਣ—ਵਾਨਪ੍ਰਸਥੀ ਜੀ ਨੂੰ ਛਡ ਕੇ, ਕਿਉਂਕਿ ਅਧਿਆਤਮਕ ਉਪਦੇਸ਼ ਦੇਣ ਵਾਲੇ ਅਤੇ ਸਫ਼ੈਦ ਬਾਣਾ ਪਹਿਨਣ ਵਾਲੇ ਵਾਨਪ੍ਰਸਥੀ ਦਾ ਇਹ ਕੰਮ ਨਹੀਂ ਹੈ ਕਿ ਦੁਨਿਆਵੀ ਝਗੜਿਆਂ ਵਿਚ ਗ੍ਰਿਹਸਥੀਆਂ ਨਾਲ ਤੁਰਿਆ ਫਿਰੇ।

ਘਰ ਪਹੁੰਚੇ ਤਾਂ ਦਾਨਵੀਰ ਪ੍ਰਧਾਨ ਜੀ ਨੂੰ ਪਤਾ ਲੱਗਾ ਕਿ ਪੁੱਤਰ ਘਰ ਨਹੀਂ ਪਹੁੰਚਿਆ। ਉਨ੍ਹਾਂ ਨੂੰ ਖੁੜਕ ਗਈ ਕਿ ਕਿਤੇ ਉਸ ਆਧੀ ਦੀ ਲਪੇਟ ਵਿਚ ਤਾਂ ਨਹੀਂ ਆ ਗਿਆ ਜੋ ਇਸ ਸ਼ਹਿਰ ਵਿਚ ਉਠਣ ਵਾਲੀ ਹੈ।

ਜਿਸ ਵੇਲੇ ਉਹ ਘਰ ਪਰਤ ਰਹੇ ਸਨ, ਉਸੇ ਵੇਲੇ ਰਣਵੀਰ ਅਖਾੜਾ ਸੰਚਾਲਕ ਦੇਵਤ ਦੇ ਪਿਛੇ ਪਿਛੇ ਸ਼ਹਿਰ ਦੀਆਂ ਤੰਗ ਗਲੀਆਂ ਵਿਚ ਇਕ ਗਲੀ ਪਿਛੋਂ ਦੂਸਰੀ ਗਲੀ ਪਾਰ ਕਰਦਾ ਹੋਇਆ ਤੁਰਿਆ ਜਾ ਰਿਹਾ ਸੀ। ਮਾਸਟਰ ਦੇਵਵ੍ਰਤ ਜੀ ਦੇ ਭਾਰੀ ਬੂਟਾਂ ਦੀ ਟਾਪ ਗਲੀਆਂ ਦੀਆਂ ਕੰਧਾਂ ਨਾਲ ਟਾਕਰਾ ਕੇ ਗੂੰਜ ਰਹੀ ਸੀ। ਉਨ੍ਹਾਂ ਦੇ ਪਿਛੇ ਪਿਛੇ ਚਲਦੇ ਪੰਦਰਾਂ ਸਾਲ ਦੇ ਅਲ੍ਹੜ ਮੁੰਡੇ ਰਣਵੀਰ ਦੇ ਦਿਲ ਵਿਚ ਉਮੰਗਾਂ ਲਹਿਰਾਂ ਵਾਂਗ ਉਠ ਰਹੀਆਂ ਸਨ ਅਤੇ ਉਸਦਾ ਰੋਮ ਰੋਮ ਖੁਸ਼ ਸੀ। ਅੱਜ

ਉਸਦੀ ਪ੍ਰੀਖਿਆ ਹੋਵੇਗੀ, ਜੇ ਉਹ ਪ੍ਰੀਖਿਆ ਵਿਚ ਖਰਾ ਉਤਰਿਆ ਤਾਂ ਦੀਖਿਆ ਮਿਲੇਗੀ।

ਸ਼ਹਿਰ ਦੀ ਕੋਈ ਗਲੀ ਸਿੱਧੀ ਨਹੀਂ ਸੀ। ਇਕ ਗਲੀ ਥੋੜ੍ਹੀ ਦੂਰ ਤਕ ਸਿੱਧੀ ਚਲਦੀ, ਫਿਰ ਕੁਝ ਗਜ਼ ਦੀ ਦੂਰੀ ਤੇ ਇਕ ਹੋਰ ਟੇਢੀ ਗਲੀ ਉਸ ਵਿਚ ਆ ਮਿਲਦੀ ਸੀ। ਦੋਵੇਂ ਬੰਨੇ ਇਕਹਿਰੇ ਮਕਾਨ ਉਸ ਉਤੇ ਝੁਕੇ ਰਹਿੰਦੇ ਸਨ। ਇਉਂ ਲੱਗਦਾ ਉਨ੍ਹਾਂ ਦੇ ਬੋਝ ਨਾਲ ਗਲੀ ਟੇਢੀ ਹੋ ਗਈ ਹੈ। ਕਦੇ ਕਦੇ ਲੱਗਦਾ ਹਨੇਰੀ ਗਲੀ ਵਿਚ ਪਹੁੰਚ ਗਏ ਹਨ, ਅੱਗੇ ਜਾ ਕੇ ਗਲੀ ਬੰਦ ਹੋ ਜਾਵੇਗੀ ਪਰ ਐਨ ਅੰਤ ਤੇ ਪਹੁੰਚਣ ਤੇ ਇਕ ਭੀੜਾ ਜਿਹਾ ਰਸਤਾ ਸੱਜੇ ਜਾਂ ਖੱਬੇ ਬੰਨੇ ਨਿਕਲ ਗਿਆ ਹੁੰਦਾ। ਦੇਵਵ੍ਰਤ ਦੇ ਠਿਪ ਠਿਪ ਕਰਦੇ ਬੂਟ ਸਭ ਗਲੀਆਂ ਨੂੰ ਪਛਾਣਦੇ ਸਨ।

ਰਣਵੀਰ ਉਮਰ ਵਿਚ ਛੋਟਾ ਸੀ, ਇਸੇ ਕਾਰਨ ਉਸਦੀਆਂ ਅੱਖਾਂ ਵਿਚ ਉਤਸਕਤਾ ਤੇ ਸਰਲ ਵਿਸਵਾਸ਼ ਝਲਕਦੇ ਸਨ। ਉਸ ਵਿਚ ਉਹ ਗੰਭੀਰਤਾ ਨਹੀਂ ਸੀ ਜੋ ਵਿਸ਼ੇਸ਼ ਪਰੀਖਿਆ। ਲਈ ਜ਼ਰੂਰੀ ਹੈ। ਪਰ ਗੰਭੀਰਤਾ ਨਾ ਸਹੀ, ਉਤਸਾਹ ਤਾਂ ਸੀ, ਮਾਸਟਰ ਜੀ ਦੇ ਹੁਕਮ ਤੇ ਮਰ ਮਿਟਣ ਦੀ ਤਾਕਤ ਤਾਂ ਸੀ, ਪੱਕਾ ਇਰਾਦਾ ਤਾਂ ਸੀ।

ਰਣਵੀਰ ਜਦ ਇਸ ਤੋਂ ਵੀ ਛੋਟਾ ਸੀ ਤਾਂ ਮਸਤ ਹੋਇਆ ਮਾਸਟਰ ਜੀ ਦੇ ਮੂੰਹੋਂ ਬਹਾਦਰਾਂ ਦੀਆਂ ਕਹਾਣੀਆਂ ਸੁਣਿਆ ਕਰਦਾ ਸੀ – ਜਦ ਰਾਣਾ ਪ੍ਰਤਾਪ ਦੀ ਅੱਧੀ ਬਚੀ ਰੋਟੀ ਬਿੱਲੀ ਖਾ ਗਈ ਸੀ ਅਤੇ ਉਨ੍ਹਾਂ ਨੂੰ ਪਹਿਲੀ ਵਾਰ ਆਪਣੀ ਕਮਜ਼ੋਰੀ ਦਾ ਗਿਆਨ ਹੋਇਆ ਸੀ, ਸ਼ਹਿਰ ਦੇ ਆਲੇ ਦੁਆਲੇ ਦੇ ਪਹਾੜਾਂ ਨੂੰ ਵੇਖਦਾ ਤੇ ਉਨ੍ਹਾਂ ਤੋਂ ਉਸਨੂੰ ਕਦੇ ਚੇਤਕ ਘੋੜਾ ਦੌੜਦਾ ਨਜ਼ਰ ਆਉਂਦਾ, ਕਦੇ ਕਿਸੇ ਚਟਾਨ ਤੇ ਘੋੜੇ ਦੀ ਪਿੱਠ ਤੇ ਬੈਠੇ ਸ਼ਿਵਾ ਜੀ ਨਜ਼ਰ ਆਉਂਦੇ, ਦੂਰ ਤੁਰਕਾਂ ਦੀਆਂ ਫੌਜਾਂ ਨੂੰ ਵੇਖਦੇ ਹੋਏ, ਜਦ ਸ਼ਿਵਾ ਜੀ ਨੇ ਮਲੇਛ ਸਰਦਾਰ ਨਾਲ ਗਲਵਕੜੀ ਪਾਈ ਸੀ। ਮਾਸਟਰ ਜੀ ਨੇ ਹੀ ਰੱਸੀ ਵਿਚ ਅਲੱਗ ਅਲੱਗ ਤਰ੍ਹਾਂ ਦੀਆਂ ਗੰਢਾਂ ਮਾਰਨੀਆਂ

ਸਿਖਾਈਆਂ ਸਨ, ਮਕਾਨ ਦੀ ਕੰਧ ਟੱਪ ਕੇ ਉਤੇ ਚੜ੍ਹਨਾ, ਅਗਨੀ ਬਾਣ ਅਤੇ ਮੇਘਬਾਣ ਦੇ ਗੁਣ ਦਸੇ ਸਨ।

''ਹਵਾ ਵਿਚ ਛੱਡਿਆ ਹੋਇਆ ਅਗਨੀ ਬਾਣ ਅੱਗੇ ਵਧਦਾ ਹੈ, ਉਸਦੀ ਨੱਕ ਰਗੜ ਦੇ ਕਾਰਣ ਚਮਕਦੀ ਹੈ, ਉਸ ਵਿਚੋਂ ਅੰਗਿਆਰੇ ਨਿਕਲਦੇ ਹਨ। ਮਹਾਂਭਾਰਤ ਦੇ ਯੁੱਧ ਵਿਚ ਅਜਿਹਾ ਹੀ ਅਗਨੀ ਬਾਣ ਛੱਡਿਆ ਗਿਆ ਸੀ। ਹਵਾ ਨੂੰ ਚੀਰਦਾ ਜਾਂਦਾ ਸੀ, ਫਿਰ ਉਹ ਕੋਰਵਾਂ ਦੇ ਇਕ ਯੋਧੇ ਦੀ ਢਾਲ ਨਾਲ ਜਾ ਲੱਗਾ, ਢਾਲ ਵਿਚ ਅੰਗਿਆਰੇ ਨਿਕਲਣ ਲੱਗੇ। ਪਰ ਤੀਰ ਫਿਰ ਵੀ ਅੱਗੇ ਵਧਦਾ ਗਿਆ। ਅਗਨੀ ਬਾਣ ਦੀ ਇਹੋ ਵਿਸ਼ੇਸ਼ਤਾ ਹੈ ਕਿ ਉਹ ਡਿਗਦਾ ਨਹੀਂ। ਇਹ ਬਾਣ ਘੁੰਮਦਾ ਹੈ ਸਾਰੇ ਯੁੱਧ ਦੇ ਮੈਦਾਨ ਵਿਚ ਘੁੰਮਦਾ ਹੈ, ਘੁੰਮਦਾ ਹੈ ਤਾਂ ਚਾਰ ਚੁਫੇਰੇ ਅੱਗ ਦੇ ਭਾਂਬੜ ਮੱਚਣ ਲੱਗਦੇ ਹਨ। ਕਿਤੇ ਕਿਸੇ ਬਹਾਦਰ ਦੇ ਮੁਕਟ ਵਿਚ ਜਾ ਵਜਾ ਤਾਂ ਅੱਗ ਦੇ ਭਾਂਬੜ ਮੱਚਣ ਲੱਗੇ, ਕਿਸੇ ਰੱਬ ਦੇ ਛਤਰ ਵਿਚ ਜਾ ਵੱਜਾ ਤਾਂ ਛਤਰ ਸੜਨ ਲੱਗਾ। ਚਾਰ ਚੁਫੇਰੇ ਘੁੰਮਦਾ ਹੋਇਆ ਇਹ ਬਾਣ ਉਸ ਵੇਲੇ ਤਕ ਘੁੰਮਦਾ ਰਹਿੰਦਾ ਹੈ, ਜਦ ਤਕ ਚਾਰ ਚੁਫੇਰੇ ਅੱਗ ਦੇ ਭਾਂਬੜ ਨਹੀਂ ਮੱਚਣ ਲੱਗਦੇ। ਫਿਰ ਤੀਰ ਵਾਪਸ ਪਰਤ ਆਉਂਦਾ ਹੈ ਦੁਸ਼ਮਨ ਦੀ ਛਾਉਣੀ ਨੂੰ ਸਾੜ ਕੇ ਜੇਤੂ ਸੈਨਿਕ ਵਾਂਗ, ਉਸ ਵਿਚ ਰੌਸ਼ਨੀ ਫੁਟ ਰਹੀ ਹੁੰਦੀ ਹੈ, ਵੇਖਦੇ ਹੀ ਅੱਖਾਂ ਚੁੰਧਿਆ ਜਾਂਦੀਆਂ ਹਨ, ਹਵਾ ਨੂੰ ਚੀਰਦਾ ਹੋਇਆ ਆਉਂਦਾ ਹੈ, ਲੱਗਦਾ ਹੈ, ਹਵਾ ਨੂੰ ਅੱਗ ਲਾਉਂਦਾ ਜਾ ਰਿਹਾ ਹੈ ......।"

ਮਾਸਟਰ ਜੀ ਦੇ ਮੂੰਹਾਂ ਉਸ ਨੇ ਸੁਣਿਆ ਸੀ, ਵੇਦਾਂ ਵਿਚ ਸਭ ਲਿਖਿਆ ਹੈ, ਜਹਾਜ਼ ਬਣਾਉਣ ਦਾ ਢੰਗ, ਬੰਬ ਬਨਾਉਣ ਦਾ ਢੰਗ। ਉਹਨਾਂ ਦੇ ਮੂੰਹੋਂ ਯੋਗ ਸ਼ਕਤੀ ਦੀ ਮਹਿਮਾ ਵੀ ਸੁਣੀ। "ਜਿਸ ਮਨੁੱਖ ਵਿਚ ਯੋਗ ਸ਼ਕਤੀ ਹੈ ਉਹ ਸਭ ਕੁਝ ਕਰ ਸਕਦਾ ਹੈ। ਹਿਮਾਲਿਆ ਦੀ ਤਲਹਟੀ ਤੇ ਇਕ ਯੋਗੀਰਾਜ ਯੋਗ ਸਾਧਨਾ ਕਰ ਰਹੇ ਸਨ। ਉਨ੍ਹਾਂ ਨੂੰ ਸਿੱਧੀ ਪ੍ਰਾਪਤ ਸੀ। ਇਕ ਦਿਨ ਜਦ ਉਨ੍ਹਾਂ ਸਮਾਧੀ ਲਾਈ ਹੋਈ ਸੀ ਇਕ ਮਲੇਛ ਉਨ੍ਹਾਂ ਦੀ ਸਮਾਧੀ ਭੰਗ ਕਰਨ ਲਈ ਉਥੇ ਜਾ ਪਹੁੰਚਿਆ। ਮਲੇਛ ਤਾਂ

ਗੰਦੇ ਲੋਕ ਹੁੰਦੇ ਹਨ, ਮਲੇਛ ਨਹਾਉਂਦੇ ਨਹੀਂ, ਟੱਟੀ ਕਰਕੇ ਹੱਥ ਨਹੀਂ ਧੋਂਦੇ, ਇਕ ਦੂਸਰੇ ਦਾ ਜੂਠਾ ਖਾ ਲੈਂਦੇ ਹਨ, ਸਮੇਂ ਤੇ ਟੱਟੀ ਨਹੀਂ ਜਾਂਦੇ, ਤਾਂ ਉਹ ਗੰਦਾ ਮਲੇਛ ਯੋਗੀ ਜੀ ਦੇ ਸਾਹਮਣੇ ਖੜਾ ਉਨ੍ਹਾਂ ਨੂੰ ਘੂਰਦਾ ਰਿਹਾ। ਉਸਦੀ ਭੈੜੀ ਛਾਇਆ ਪੈਣ ਦੀ ਦੇਰ ਸੀ ਕਿ ਯੋਗੀ ਜੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ, ਅੱਖਾਂ ਵਿਚੋਂ ਅਜਿਹੀ ਦੈਵੀ ਰੋਸ਼ਨੀ ਨਿਕਲੀ ਕਿ ਮਲੇਛ ਉਥੇ ਖੜਾ ਖੜਾ ਭਸਮ ਹੋ ਗਿਆ......।"

ਰਣਵੀਰ ਦੀਆਂ ਅੱਖਾਂ ਸਾਹਮਣੇ ਵਾਰ ਵਾਰ ਮਲੇਛ ਘੁੰਮ ਜਾਂਦੇ ਸਨ। ਗਵਾਂਢ ਵਿਚ ਸੜਕ ਕੰਢੇ ਬੈਠਾ ਮੋਚੀ ਮਲੇਛ ਹੈ, ਘਰ ਦੇ ਸਾਹਮਣੇ ਟਾਂਗਾ ਵਾਹੁਣ ਵਾਲਾ ਮਲੇਛ ਹੈ, ਮੇਰੀ ਹੀ ਸ਼ਰੇਣੀ ਵਿਚ ਪੜ੍ਹਨ ਵਾਲਾ ਹਮੀਦ ਮਲੇਛ ਹੈ। ਗਲੀ ਵਿਚ ਭੀਖ ਮੰਗਣ ਵਾਲਾ ਫ਼ਕੀਰ ਮਲੇਛ ਹੈ। ਗਵਾਂਢ ਰਹਿਣ ਵਾਲਾ ਪਰਿਵਾਰ ਮਲੇਛਾ ਦਾ ਹੈ। ਇਹੋ ਜਿਹਾ ਹੀ ਕੋਈ ਮਲੇਛ ਯੋਗੀ ਰਾਜ ਦੀ ਸਾਧਨਾ ਭੰਗ ਕਰਨ ਲਈ ਹਿਮਾਲਾ ਤੇ ਜਾ ਪਹੁੰਚਿਆ ਹੋਵੇਗਾ। ਅੱਜ ਆਪਣੇ ਅੱਠ ਸਾਥੀਆਂ ਵਿਚੋਂ ਇਕੱਲੇ ਰਣਵੀਰ ਨੂੰ ਦੀਖਿਆ ਲਈ ਚੁਣਿਆ ਗਿਆ ਸੀ। ਦੇਵਵ੍ਰਤ ਜੀ ਤੋਂ ਸਭ ਨੂੰ ਡਰ ਲੱਗਦਾ ਸੀ। ਉਹ ਖਾਕੀ ਨਿਕਰ ਹੇਠਾਂ ਕਾਲੇ ਰੰਗ ਦੇ ਡਬਲ ਬੂਟ ਪਹਿਨਦੇ ਸਨ, ਅਤੇ ਕੜਕਦੀ ਆਵਾਜ਼ ਵਿਚ ਬੋਲਦੇ ਸਨ ਅਤੇ ਕਿਸੇ ਨੂੰ ਕਿਸੇ ਵੇਲੇ ਵੀ ਕੁਟਾਪਾ ਚਾੜ੍ਹ ਸਕਦੇ ਸਨ। ਪਰ ਇਹ ਪ੍ਰੀਖਿਆ ਗੁਪਤ ਸੀ। ਕੇਵਲ ਦੀਖਿਆ ਪ੍ਰਾਪਤ ਯੁਵਕ ਹੀ ਇਸ ਬਾਰੇ ਜਾਣਦੇ ਸਨ, ਅਤੇ ਉਹ ਕਦੇ ਵੀ ਇਸਦਾ ਭੇਦ ਨਹੀਂ ਦਸਦੇ ਸਨ।

ਗਲੀਆਂ ਉਜੜੀਆਂ ਹੋਈਆਂ ਲੱਗਦੀਆਂ ਸਨ। ਇਕ ਥਾਂ ਰਣਵੀਰ ਨੂੰ ਲੱਗਾ ਗਲੀ ਘਣੇ ਹਨੇਰੇ ਵਿਚ ਗਵਾਚ ਗਈ ਹੈ। ਪਰੰਤੂ ਕੋਲ ਪਹੁੰਚਣ ਤੇ ਪਤਾ ਲੱਗਾ ਕਿਸੇ ਘਰ ਦੀ ਕੰਧ ਟੁਟੀ ਹੋਈ ਹੈ ਅਤੇ ਖੱਪੇ ਵਿਚੋਂ ਹਨੇਰਾ ਝਾਕ ਰਿਹਾ ਹੈ।

ਇਕ ਥਾਂ ਦੇਵਵ੍ਰਤ ਜੀ ਦੇ ਕਦਮ ਰੁਕ ਗਏ ਰਣਬੀਰ ਦਾ ਦਿਲ ਅਜੇ ਵੀ ਉਤਸਾਹ ਅਤੇ ਉਮੰਗ ਵਿਚ ਹਿਲੋਰੇ ਲੈ ਰਿਹਾ ਸੀ। ਭਾਵੇਂ ਇਸ ਉਜਾੜ ਗਲੀ ਵਿਚ ਪਹੁੰਚ ਕੇ ਉਹ ਕੁਝ ਸਹਿਮ ਗਿਆ ਸੀ। ਲੰਮੀ ਕੰਧ ਵਿਚ ਇਕ ਪੁਰਾਣਾ ਜਿਹਾ

ਦਰਵਾਜ਼ਾ ਸੀ ਜੋ ਢੁਕਿਆ ਹੋਇਆ ਸੀ। ਮਾਸਟਰ ਜੀ ਨੇ ਹੱਥ ਅੱਗੇ ਕਰਕੇ ਦਰਵਾਜ਼ੇ ਨੂੰ ਧੱਕ ਕੇ ਖੋਲ੍ਹ ਦਿੱਤਾ।

ਸਾਹਮਣੇ ਇਕ ਚੋੜਾ ਜਿਹਾ ਵਿਹੜਾ ਸੀ ਜਿਸਦੇ ਪਾਰ ਇਕ ਕੋਠੜੀ ਦੇ ਦਰਵਾਜ਼ੇ ਤੇ ਟਾਟ ਦਾ ਪਰਦਾ ਲਟਕ ਰਿਹਾ ਸੀ। ਵਿਹੜੇ ਵਿਚ ਖੱਬੇ ਬੰਨੇ, ਇੱਟਾਂ ਪੱਥਰਾਂ ਦਾ ਢੇਰ ਲੱਗਾ ਹੋਇਆ ਸੀ। ਰਣਵੀਰ ਨੂੰ ਇਹ ਜਗ੍ਹਾ ਬੜੀ ਉਜਾੜ ਜਿਹੀ ਲੱਗੀ। ਵਿਹੜਾ ਪਾਰ ਕਰਕੇ ਮਾਸਟਰ ਜੀ ਨੇ ਕੋਠੜੀ ਦੇ ਦਰਵਾਜੇ ਨੂੰ ਖੜਕਾਇਆ। ਕੋਠੜੀ ਦੇ ਅੰਦਰੋਂ ਕੋਈ ਖੰਘਿਆ, ਫਿਰ ਕਿਸੇ ਦੇ ਕਦਮਾ ਦੀ ਆਹਟ ਸੁਣਾਈ ਦਿੱਤੀ।

"ਮੈਂ ਹਾਂ ਦੇਵਵ੍ਰਤ।"

ਦਰਵਾਜ਼ਾ ਖੁਲ੍ਹਿਆ। ਸਾਹਮਣੇ ਸਕੂਲ ਦਾ ਬੁਢਾ ਗੋਰਖਾ ਚੌਕੀਦਾਰ ਖਲੋਤਾ ਸੀ। ਦਰਵਾਜਾ ਖੁਲ੍ਹਦੇ ਹੀ ਉਸਨੇ ਹੱਥ ਜੋੜ ਦਿੱਤੇ।

ਕੋਠੜੀ ਅੰਦਰ ਹਨੇਰਾ ਸੀ। ਉਸ ਵਿਚ ਇਕ ਬੰਨੇ ਇਕ ਮੰਜੀ ਡਠੀ ਹੋਈ ਸੀ ਅਤੇ ਉਸ ਉਤੇ ਮੈਲ ਜਿਹੀ ਦਰੀ ਵਿਛੀ ਹੋਈ ਸੀ। ਸੱਜੇ ਬੰਨੇ ਕੰਧ ਦੇ ਸਹਾਰੇ ਇਕ ਲਾਠੀ ਰੱਖੀ ਹੋਈ ਸੀ। ਕੋਲ ਹੀ ਇਕ ਚਿਲਮ ਉਲਟੀ ਰੱਖੀ ਹੋਈ ਸੀ। ਕੰਧ ਵਿਚਲੀ ਕਿੱਲੀ ਨਾਲ ਚੌਂਦੀਕਾਰ ਦਾ ਖਾਕੀ ਰੰਗ ਦਾ ਗਰਮ ਕੋਟ ਟੰਗਿਆ ਹੋਇਆ ਸੀ ਅਤੇ ਉਸਦੇ ਉਪਰ ਉਸੇ ਕਿੱਲੀ ਦੇ ਸਹਾਰੇ ਕਾਲੇ ਰੰਗ ਦੀ ਮਿਆਨ ਵਿਚ ਬੰਦ ਕਿਰਚ ਲਟਕ ਰਹੀ ਸੀ।

ਇੰਨੇ ਵਿਚ ਖੱਬੇ ਬੰਨਿਓ ਕੁਕੜੀਆਂ ਦੇ ਕੁੜਕੜਾਉਣ ਦੀ ਆਵਾਜ਼ ਆਈ। ਰਣਵੀਰ ਨੇ ਗਰਦਨ ਘੁੰਮਾ ਕੇ ਵੇਖਿਆ। ਇਕ ਟੋਕਰੀ ਵਿਚ ਪੰਜ ਛੇ ਚਿਟੇ ਰੰਗ ਦੀਆਂ ਕੁਕੜੀਆਂ ਬੰਦ ਸਨ।

ਰਣਵੀਰ ਨੂੰ ਬਾਹੋਂ ਫੜ ਕੇ ਮਾਸਟਰ ਜੀ ਪਿਛਲੇ ਵਿਹੜੇ ਵਿਚ ਲੈ ਗਏ। ਇਹ ਵਿਹੜਾ ਛੋਟਾ ਜਿਹਾ ਸੀ ਅਤੇ ਦੂਸਰੇ ਬੰਨੇ ਨਾਲ ਵਾਲੇ ਮਕਾਨ ਦੀ ਉੱਚੀ ਕੰਧ

ਸੀ। ਗੋਰਖਾ ਹੱਥ ਵਿਚ ਕੁਕੜੀ ਫੜੀ ਅਤੇ ਦੂਸਰੇ ਹੱਥ ਵਿਚ ਛੁਰਾ ਲਈ ਉਨ੍ਹਾਂ ਦੇ ਪਿਛੇ ਪਿਛੋਂ ਤੁਰਿਆ ਆਇਆ।

"ਏਧਰ ਕੰਧ ਕੋਲ ਬਹਿ ਜਾ ਰਣਵੀਰ, ਅਤੇ ਇਸ ਕੁਕੜੀ ਨੂੰ ਵੱਢ। ਦੀਖਿਆ ਤੋਂ ਪਹਿਲਾਂ ਤੈਨੂੰ ਆਪਣੀ ਮਾਨਸਿਕ ਦ੍ਰਿੜਤਾ ਦਾ ਪਰਿਚੈ ਦੇਣਾ ਪਵੇਗਾ।"

ਉਨ੍ਹਾਂ ਨੇ ਰਣਵੀਰ ਨੂੰ ਬਾਹੋਂ ਫੜਿਆ ਤੇ ਉਸਨੂੰ ਅੱਗੇ ਲੈ ਆਏ। '"ਆਰੀਆ ਯੁਵਕਾਂ ਨੂੰ ਮਨ, ਵਚਨ ਅਤੇ ਕਰਮ ਤਿੰਨਾਂ ਤਰ੍ਹਾਂ ਦੀ ਦ੍ਰਿੜ੍ਹਤਾ ਦੀ ਲੋੜ ਹੈ। ਛੁਰੀ ਹੱਥ ਵਿਚ ਫੜ ਅਤੇ ਓਧਰ ਬੈਠ ਜਾਹ।"

ਰਣਵੀਰ ਨੂੰ ਲੱਗਾ ਜਿਵੇਂ ਅਚਾਨਕ ਚਾਰ ਚੁਫੇਰੇ ਭਿਆਨਕ ਚੁੱਪ ਛਾ ਗਈ ਹੈ, ਭਿਆਨਕ ਸੰਨਾਟਾ। ਖੱਬੇ ਬੰਨੇ ਟੁਟੀਆਂ ਇੱਟਾਂ ਦਾ ਢੇਰ ਸੀ ਜਿਸ ਤੇ ਥਾਂ ਥਾਂ ਕੁਕੜੀਆਂ ਤੇ ਖੰਭ ਖਿਲਰੇ ਸਨ। ਢੇਰ ਦੇ ਕੋਲ ਹੇਠਾਂ ਪੱਥਰ ਦੀ ਇਕ ਸਿਲ੍ਹ ਸੀ ਜੋ ਕੁਕੜੀਆਂ ਦੇ ਖੂਨ ਨਾਲ ਕਾਲੀ ਹੋ ਗਈ ਸੀ।

"ਏਧਰ ਬੈਠ ਜਾਹ। ਮੁਰਗੀ ਦਾ ਇਕ ਪੈਰ ਆਪਣੇ ਸੱਜੇ ਪੈਰ ਹੇਠਾਂ ਦਬਾ ਲੈ। ਰਣਵੀਰ ਦੇ ਹੱਥ ਵਿਚ ਛੁਰਾ ਦਿੰਦੇ ਹੋਏ ਉਨ੍ਹਾਂ ਨੇ ਮੁਰਗੀ ਦੇ ਦੋਵੇਂ ਖੰਭ ਫੜਕੇ ਇਕ ਦੂਸਰੇ ਵਿਚ ਉਲਝਾ ਦਿੱਤੇ। ਇਕ ਖੰਭ ਹੇਠਾਂ ਦੂਸਰਾ ਖੰਭ ਵਾੜ ਦਿੱਤਾ, ਫਿਰ ਉਪਰ ਵਾਲੇ ਖੰਭ ਨੂੰ ਮਰੋੜ ਕੇ ਪਹਿਲੇ ਖੰਭ ਹੇਠਾਂ ਕਰ ਦਿੱਤਾ। ਕੁਕੜੀ ਜ਼ੋਰ ਨਾਲ ਕੁੜਕੜਾਈ। ਪਰ ਖੰਭ ਬੱਝ ਜਾਣ ਨਾਲ ਉਸਦਾ ਫੜਫੜਾਉਣਾ ਬੰਦ ਹੋ ਗਿਆ।

"ਲੈ ਫੜ" ਮਾਸਟਰ ਜੀ ਨੇ ਕਿਹਾ ਅਤੇ ਰਣਵੀਰ ਕੋਲ ਬੈਠ ਗਏ। ਹੁਣ ਚਲਾ ਛੁਰੀ।"

ਰਣਵੀਰ ਦੇ ਮੱਥੇ ਤੇ ਪਸੀਨਾ ਆ ਗਿਆ। ਉਸਦਾ ਚਿਹਰਾ ਬੁਰੀ ਤਰ੍ਹਾਂ ਪੀਲਾ ਪੈ ਗਿਆ ਸੀ। ਮਾਸਟਰ ਜੀ ਸਮਝ ਗਏ ਉਸਨੂੰ ਉਲਟੀ ਆਉਣ ਵਾਲੀ ਹੈ।

"ਰਣਵੀਰ" ਉਹਨਾਂ ਨੇ ਚਿੱਲਾ ਕੇ ਕਿਹਾ ਅਤੇ ਇਕ ਸਿੱਧਾ ਥੱਪੜ ਉਸ ਦੀ ਗਲ੍ਹ ਤੇ ਮਾਰਿਆ।। ਰਣਵੀਰ ਦੂਹਰਾ ਹੋ ਕੇ ਜ਼ਮੀਨ ਤੇ ਜਾ ਡਿਗਾ। ਉਸਦਾ ਸਿਰ

ਬੁਰੀ ਤਰ੍ਹਾਂ ਚਕਰਾ ਰਿਹਾ ਸੀ। ਗੋਰਖਾ ਅਜੇ ਵੀ ਉਨ੍ਹਾਂ ਦੇ ਪਿਛੇ ਖਲੋਤਾ ਸੀ। ਰਣਵੀਰ ਨੂੰ ਰੋਣ ਆ ਰਿਹਾ ਸੀ ਅਤੇ ਉਹ ਬੁਰੀ ਤਰ੍ਹਾਂ ਵਿਆਕੁਲ ਹੋ ਉਠਿਆ ਸੀ। ਪਰ ਥੱਪੜ ਖਾ ਕੇ ਉਸਨੂੰ ਉਲਟੀ ਨਹੀਂ ਆਈ ਸੀ।

"ਉੱਠ ਰਣਵੀਰ" ਮਾਸਟਰ ਜੀ ਨੇ ਡਾਂਟ ਕੇ ਕਿਹਾ।

ਰਣਵੀਰ ਉਠਿਆ ਅਤੇ ਭਾਰੀਆਂ ਅਤੇ ਡਰੀਆਂ ਹੋਈਆਂ ਅੱਖਾਂ ਨਾਲ ਮਾਸਟਰ ਜੀ ਵੱਲ ਵੇਖਣ ਲੱਗਾ।

"ਇਸ ਵਿਚ ਕੁਝ ਮੁਸ਼ਕਿਲ ਨਹੀਂ ਹੈ। ਲੈ, ਮੈਂ ਤੈਨੂੰ ਵਿਖਾਉਂਦਾ ਹਾਂ।"

ਅਤੇ ਉਨ੍ਹਾਂ ਨੇ ਕੁਕੜੀ ਦਾ ਪੈਰ ਖੱਬੇ ਬੂਟ ਹੇਠਾਂ ਦਬਾਇਆ। ਕੁਕੜੀ ਦੀਆਂ ਅੱਖਾਂ ਪਹਿਲੇ ਹੀ ਬੰਦ ਹੋਣ ਲੱਗੀਆਂ ਸਨ। ਮਾਸਟਰ ਜੀ ਨੇ ਉਸਦੀ ਗਿੱਚੀ ਆਪਣੇ ਖੱਬੇ ਹੱਥ ਨਾਲ ਫੜੀ ਅਤੇ ਛੁਰੀ ਦੇ ਇਕ ਵਾਰ ਨਾਲ ਹੀ ਉਸਦੀ ਗਿਚੀ ਵੱਢ ਦਿੱਤੀ। ਖ਼ੂਨ ਦੀ ਧਾਰ ਵੱਗ ਪਈ। ਕੁਝ ਬੂੰਦਾਂ ਮਾਸਟਰ ਜੀ ਦੇ ਖੱਬੇ ਹੱਥ ਤੇ ਵੀ ਪਈਆਂ। ਪਰ ਮਾਸਟਰ ਜੀ ਨੇ ਕੁਕੜੀ ਨੂੰ ਛਡਿਆ ਨਹੀਂ। ਕੁਕੜੀ ਦੀ ਸਿਰੀ ਤਾਂ ਅਲੱਗ ਹੋਕੇ ਮਾਸਟਰ ਜੀ ਦੇ ਬੂਟ ਕੋਲ ਪਈ ਸੀ ਪਰ ਮਾਸਟਰ ਜੀ ਨੇ ਖੱਬੇ ਹੱਥ ਨਾਲ ਉਸਦੀ ਗਿੱਚੀ ਦੀ ਨਲੀ ਨੂੰ ਹੇਠਾਂ ਵੱਲ ਦਬਾਈ ਰੱਖਿਆ। ਸਫ਼ੈਦ ਜਿਹੀ ਨਲੀ ਬਾਹਰ ਆਉਣ ਲਈ ਉਛਲ ਰਹੀ ਸੀ ਜਿਸਨੂੰ ਮਾਸਟਰ ਜੀ ਨੇ ਖੱਬੇ ਹੱਥ ਦੇ ਅੰਗੂਠੇ ਨਾਲ ਦਬਾਇਆ ਹੋਇਆ ਸੀ। ਕੁਕੜੀ ਦਾ ਸਾਰਾ ਸਰੀਰ ਕੰਬ ਰਿਹਾ ਸੀ। ਮਾਸਟਰ ਜੀ ਨੇ ਜ਼ੋਰ ਨਾਲ ਨਲੀ ਨੂੰ ਦਬਾਈ ਰੱਖਿਆ ਅਤੇ ਕੁਝ ਦੇਰ ਪਿਛੋਂ ਕੁਕੜੀ ਦਾ ਸਰੀਰ ਸਥਿਰ ਹੋ ਗਿਆ, ਅਤੇ ਲਹੂ ਨਾਲ ਭਰੇ ਮੁੱਠੀ ਭਰ ਖੰਭ ਰਣਵੀਰ ਸਾਹਮਣੇ ਪਏ ਰਹੇ। ਮਾਸਟਰ ਜੀ ਨੇ ਮੁਰਗੀ ਨੂੰ ਇਕ ਬੰਨੇ ਸੁੱਟ ਦਿੱਤਾ ਅਤੇ ਉਠ ਕੇ ਖਲੋ ਗਏ।

"ਅੰਦਰੋਂ ਇਕ ਕੁਕੜੀ ਹੋਰ ਲੈ ਆਓ" ਉਨ੍ਹਾਂ ਨੇ ਗੋਰਖੇ ਨੂੰ ਕਿਹਾ।

ਤਦੇ ਉਨ੍ਹਾਂ ਦੇਖਿਆ ਕਿ ਰਣਵੀਰ ਨੇ ਉਥੇ ਬੈਠੇ ਬੈਠੇ ਉਲਟੀ ਕਰ ਦਿੱਤੀ ਹੈ ਅਤੇ ਦੋਹਾ ਹੱਥਾਂ ਨਾਲ ਆਪਣਾ ਸਿਰ ਫੜੀ ਬੈਠਾ ਹੌਂਕ ਰਿਹਾ ਹੈ। ਮਾਸਟਰ ਜੀ ਦਾ ਦਿਲ ਕੀਤਾ ਕਿ ਉਸਨੂੰ ਇਕ ਥੱਪੜ ਹੋਰ ਮਾਰਨ, ਪਰ ਚੁੱਪ ਖਲੋਤੇ ਰਹੇ। ਥੋੜ੍ਹੀ ਦੇਰ ਤਕ ਚੁਪਚਾਪ ਖਲਬ ਰਹਿਣ ਪਿਛੋਂ ਹੌਲੀ ਜਿਹੀ ਕਿਹਾ :

"ਇਕ ਹੋਰ ਮੌਕਾ ਤੈਨੂੰ ਦਿੱਤਾ ਜਾਂਦਾ ਹੈ ਜੋ ਜਵਾਨ ਕੁਕੜੀ ਨਹੀਂ ਮਾਰ ਸਕਦਾ ਉਹ ਦੁਸ਼ਮਨ ਨੂੰ ਕਿਵੇਂ ਮਾਰ ਸਕਦਾ ਹੈ।"

ਥੋੜੀ ਦੇਰ ਤਕ ਹੱਕਣ ਪਿਛੋਂ ਰਣਵੀਰ ਥੋੜਾ ਹਲਕਾ ਮਹਿਸੂਸ ਕਰਨ ਲੱਗਾ। ਪੇਟ ਵਿਚ ਜੋ ਉਕਲਾਹਟ ਪੈਦਾ ਹੋਈ ਸੀ ਉਹ ਹੌਲੀ ਹੌਲੀ ਸਾਂਭ ਹੋਣ ਲੱਗੀ।

"ਪੰਜ ਮਿੰਟ ਤੈਨੂੰ ਹੋਰ ਦਿੱਤੇ ਜਾਂਦੇ ਹਨ ਇਸ ਵਿਚ ਜੇ ਤੂੰ ਇਸਨੂੰ ਨਾ ਵੱਢ ਸਕਿਆ ਤਾਂ ਤੈਨੂੰ ਦੀਖਿਆ ਨਹੀਂ ਦਿੱਤੀ ਜਾਵੇਗੀ।

ਅਤੇ ਮਾਸਟਰ ਜੀ ਘੁੰਮ ਕੇ ਕੋਠੜੀ ਅੰਦਰ ਚਲੇ ਗਏ।

ਪੰਜ ਮਿੰਟ ਪਿਛੋਂ ਜਦ ਦੇਵਵ੍ਰਤ ਜੀ ਕੋਠੜੀ ਵਿੱਚੋਂ ਨਿਕਲ ਕੇ ਆਏ ਤਾਂ ਇੱਕ ਕੁਕੜੀ ਕੰਧ ਕੋਲ ਛਟਾ ਪਟਾ ਰਹੀ ਸੀ ਅਤੇ ਖ਼ੂਨ ਦੇ ਛਿਟੇ ਉਡ ਰਹੇ ਸਨ। ਰਣਵੀਰ ਆਪਣਾ ਸੱਜਾ ਹੱਥ ਗੋਡਿਆਂ ਵਿਚ ਦਬਾਈ ਬੈਠਾ ਸੀ, ਜਿਸਨੂੰ ਵੇਖਕੇ ਮਾਸਟਰ ਜੀ ਸਮਝ ਗਏ ਕਿ ਕੁਕੜੀ ਨੇ ਹੱਥ ਤੇ ਦੰਦ ਮਾਰੀ ਹੈ। ਅਤੇ ਰਣਵੀਰ ਉਸਨੂੰ ਕੇਵਲ ਜ਼ਖਮੀ ਕਰ ਸਕਿਆ ਹੈ, ਉਸਦੀ ਗਿਚੀ ਪੂਰੀ ਤਰ੍ਹਾਂ ਨਹੀਂ ਵੱਢ ਸਕਿਆ। ਰਣਵੀਰ ਬੜੀ ਮੁਸ਼ਕਲ ਨਾਲ ਕੁਕੜੀ ਨੂੰ ਦਬੋਚ ਸਕਿਆ ਸੀ ਅਤੇ ਜਿਵੇਂ ਤਿਵੇਂ ਉਸਦੀ ਹਿਲਦੀ ਗਿਚੀ ਤੇ ਹੀ ਛੁਰਾ ਚਲਾ ਦਿੱਤਾ ਸੀ ਅਤੇ ਫਿਰ ਖ਼ੂਨ ਨਿਕਲਦਾ ਵੇਖ ਕੇ ਰਣਵੀਰ ਨੇ ਉਸਨੂੰ ਛੱਡ ਦਿੱਤਾ ਸੀ।

ਕੁਕੜੀ ਵਾਰ ਵਾਰ ਜ਼ਮੀਨ ਤੋਂ ਉਛਲ ਰਹੀ ਸੀ। ਇਕ ਇਕ ਗਜ਼ ਉੱਚੀ ਉਛਲਦੀ ਅਤੇ ਹੇਠਾਂ ਡਿੱਗਣ ਤੇ ਉਸ ਦੇ ਖੰਭ ਵੀ ਫੈਲ ਜਾਂਦੇ ਸਨ ਅਤੇ ਗਿਚੀ ਵਿਚੋਂ

ਨਿਕਲਦੇ ਖ਼ੂਨ ਨਾਲ ਜ਼ਮੀਨ ਤੇ ਇਕ ਧੱਬਾ ਪੈ ਜਾਂਦਾ ਸੀ ਅਤੇ ਕੁਕੜੀ ਫਿਰ ਉਛਲਦੀ ਅਤੇ ਖ਼ੂਨ ਦੇ ਛਿੱਟੇ ਉਡਣ ਲੱਗਦੇ।

ਪਰ ਰਣਬੀਰ ਇਮਤਿਹਾਨ ਵਿਚ ਪਾਸ ਹੋ ਗਿਆ ਸੀ।

"ਉੱਠ ਰਣਬੀਰ !" ਮਾਸਟਰ ਜੀ ਨੇ ਕਿਹਾ, ਅਤੇ ਕੋਲ ਆਉਣ ਤੇ ਰਣਬੀਰ ਨੂੰ ਥਾਪੀ ਦਿੱਤੀ। '"ਸ਼ਾਬਾਸ਼ ! ਤੇਰੇ ਵਿਚ ਦ੍ਰਿੜਤਾ ਹੈ, ਸੰਕਲਪ ਹੈ, ਸ਼ਕਤੀ ਹੈ, ਭਾਵੇਂ ਹੱਥ ਵਿਚ ਜ਼ਿਆਦਾ ਤਾਕਤ ਨਹੀਂ ਹੈ। ਤੂੰ ਦੀਖਿਆ ਦਾ ਅਧਿਕਾਰੀ ਹੈ।" ਕਹਿੰਦੇ ਹੋਏ ਮਾਸਟਰ ਜੀ ਜ਼ਮੀਨ ਵੱਲ ਝੁਕੇ ਅਤੇ ਪੱਥਰ ਦੀ ਸਿਲ ਤੇ ਪਏ ਲਹੂ ਨਾਲ ਆਪਣੀ ਉਂਗਲੀ ਭਿਉਂ ਕੇ ਰਣਵੀਰ ਦੇ ਮੱਥੇ ਤੇ ਲਹੂ ਦਾ ਟਿਕਾ ਲਾ ਦਿੱਤਾ।

ਰਣਵੀਰ ਅਜੇ ਵੀ ਬੇਸੁੱਧ ਜਿਹਾ ਖਲੋਤਾ ਸੀ ਉਸਦਾ ਸਿਰ ਅਜੇ ਵੀ ਚਕਰਾ ਰਿਹਾ ਸੀ।ਪਰ ਅਰਧ-ਚੇਤੰਨਤਾ ਦੀ ਹਾਲਤ ਵਿਚ ਮਾਸਟਰ ਜੀ ਦਾ ਵਾਕ ਸੁਣ ਕੇ ਉਸਨੂੰ ਸੰਤੋਖ ਹੋਇਆ।

ਹੋਰ ਸਭ ਚੀਜ਼ਾਂ ਦਾ ਪ੍ਰਬੰਧ ਕਰ ਲਿਆ ਗਿਆ ਸੀ। ਪਰ ਯੁਵਕਾਂ ਨੂੰ ਤੇਲ ਉਬਾਲਣ ਲਈ ਵੱਡੀ ਕੜਾਹੀ ਨਹੀਂ ਮਿਲ ਰਹੀ ਸੀ। ਖਿੜਕੀ ਦੇ ਵਾਧਰੇ ਉਤੇ ਤਿੰਨ ਚਾਕੂ, ਇਕ ਛੂਰਾ, ਇਕ ਹੀ ਇਕ ਛੋਟੀ ਜਿਹੀ ਕਿਰਪਾਨ ਨਾਲ ਨਾਲ ਜੋੜ ਕੇ ਰੱਖ ਦਿਤੇ ਗਏ ਸਨ। ਕਮਰੇ ਦੀ ਇਕ ਨੁਕਰੇ ਦਸ ਲਾਠੀਆਂ ਰੱਖੀਆਂ ਸਨ ਜਿਨ੍ਹਾਂ ਦੇ ਸਿਰਿਆਂ ਤੇ ਪਿਤਲ ਦੀਆਂ ਮੁੱਠਾਂ ਅਤੇ ਹੇਠਾਂ ਕਿੱਲ ਗੱਡੇ ਹੋਏ ਸਨ। ਕੰਧ ਦੇ ਨਾਲ ਤਿੰਨ ਤੀਰ ਕਮਾਨ ਲਟਕ ਰਹੇ ਸਨ। ਬੋਧਰਾਜ ਲੰਮੇ ਪੈ ਕੇ ਤੀਰ ਚਲਾ ਸਕਦਾ ਸੀ, ਸ਼ਬਦ ਭੇਦੀ ਤੀਰ ਚਲਾ ਸਕਦਾ ਸੀ, ਸੀਸੇ ਵਿਚ ਪਰਛਾਈ ਵੇਖ ਕੇ ਤੀਰ ਚਲਾ ਸਕਦਾ ਸੀ, ਲਟਕਦੀ ਰੱਸੀ ਨੂੰ ਨਿਸ਼ਾਨਾ ਬਣਾ ਸਕਦਾ ਸੀ। ਤੀਰਾਂ ਦੇ ਸਿਰਿਆਂ ਤੇ ਲਾਉਣ ਲਈ ਇਹ ਧਾਤੂ ਦੀਆਂ ਤਿਕੋਨ ਨੋਕਾਂ ਬਣਵਾਕੇ ਲਿਆਇਆ ਸੀ ਅਤੇ ਆਪਣੇ ਸਾਥੀਆਂ ਨਾਲ ਉਨ੍ਹਾਂ ਦੀਆਂ ਸੰਭਾਵਨਾਵਾਂ ਬਿਆਨ ਕਰਦਾ ਰਿਹਾ ਸੀ।

"ਇਸਦੀ ਨੋਕ ਵਿਚ ਸੰਖੀਆ ਰਗੜ ਦਈਏ ਤਾਂ ਇਹ ਜ਼ਹਿਰੀ ਤੀਰ ਬਣ ਜਾਵੇਗਾ, ਇਸ ਦੇ ਅੱਗੇ ਮੁਸ਼ਕ ਕਾਫੂਰ ਲਾ ਦਈਏ ਤਾਂ ਇਹ ਅਗਨੀ ਬਾਣ ਬਣ ਜਾਵੇਗਾ, ਜਿਥੇ ਜਾ ਕੇ ਵੱਜੇਗਾ ਉਥੋਂ ਅੱਗ ਨਿਕਲਣ ਲੱਗੇਗੀ, ਨੀਲਾ ਥੋਥਾ ਲਾ ਦਈਏ ਤਾਂ ਤੀਰ ਜਿਥੇ ਲੱਗੇਂਗਾ ਇਸ ਵਿਚੋਂ ਜ਼ਹਿਰੀਲੀ ਗੈਸ ਨਿਕਲੇਗੀ।"

ਧਰਮ ਦੇਵ ਕਿਤੋਂ ਖਾਲ੍ਹੀ ਕਾਰਤੂਸਾਂ ਦੀ ਪੇਟੀ ਚੁੱਕ ਲਿਆਇਆ ਸੀ, ਉਸਨੂੰ ਵੀ ਕੰਧ ਤੇਲਟਕਾ ਦਿੱਤਾ ਗਿਆ ਸੀ ਤਾਂ ਕਿ ਸਭ ਬੰਨਿਓ ਹਥਿਆਰਾਂ ਦਾ ਆਭਾਸ ਮਿਲ ਦਾ ਰਹੇ। ਰਣਵੀਰ ਨੇ ਕਮਰੇ ਦੇ ਅੰਦਰ ਹੀ ਦਰਵਾਜ਼ੇ ਉਤੇ ਵੱਡੇ ਵੱਡੇ ਅਖਰਾਂ ਨਾਲ 'ਬਾਰੂਦਖਾਨਾ' ਸ਼ਬਦ ਲਿਖ ਦਿੱਤਾ ਸੀ।

ਪਰ ਵਾਨਪ੍ਰਸਥੀ ਜੀ ਨੇ ਤੇਲ ਬਾਰੇ ਜੋ ਆਦੇਸ਼ ਭੇਜਿਆ ਸੀ ਉਸਨੂੰ ਅਜੇ ਤਕ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ ਸੀ। ਯੁਵਕ ਸੰਘ ਦੇ ਮੈਂਬਰਾਂ ਵਿਚੋਂ ਕਿਸੇ ਦੇ ਘਰ ਵੀ ਇੰਨੀ ਵੱਡੀ ਕੜਾਹੀ ਨਹੀਂ ਸੀ ਜਿਸ ਵਿਚ ਪੂਰਾ ਇਕ ਪੀਪਾ ਤੇਲ ਦਾ ਉਬਾਲਿਆ ਜਾ ਸਕੇ। ਉਂਜ ਤੇਲ ਦਾ ਪੀਪਾ ਪ੍ਰਾਪਤ ਕਰ ਲਿਆ ਗਿਆ ਸੀ ਜੋ ਇਕ ਬੰਨੇ ਕੰਧ ਨਾਲ ਰੱਖਿਆ ਹੋਇਆ ਸੀ। ਇਸ ਲਈ ਸਭ ਯੁਵਕਾਂ ਨੇ ਚਾਰ ਚਾਰ ਆਨੇ ਜਮ੍ਹਾਂ ਕੀਤੇ ਸਨ ਅਤੇ ਬਾਕੀ ਕੁਝ ਪੈਸੇ ਪਿਛੋਂ ਦੇਣ ਦਾ ਕਾਰਨ ਦੇ ਕੇ ਤੇਲ ਦਾ ਪੀਪਾ ਪੰਸਾਰੀ ਦੀ ਦੁਕਾਨ ਤੋਂ ਲੈ ਆਏ ਸਨ। ਤੇਲ ਦੀ ਕੜਾਹੀ ਮੰਦਰ ਵਿਚ ਵੀ ਨਹੀਂ ਸੀ ਜਿਥੇ ਆਏ ਦਿਨ ਸਹਿਭੋਜ ਹੋਇਆ ਕਰਦੇ ਸਨ।

ਤਦੇ ਸੰਗਠਨ ਦੇ ਨਾਇਕ ਬੰਧਰਾਜ ਨੂੰ ਇਕ ਵਿਚਾਰ ਸੁਝਿਆ: ਕੜਾਹੀ ਹਲਵਾਈ ਦੀ ਦੁਕਾਨ ਤੋਂ ਲਿਆਂਦੀ ਜਾ ਸਕਦੀ ਹੈ।

'ਪਰ ਉਸਦੀ ਦੁਕਾਨ ਤੇ ਤਾਂ ਜਿੰਦਰਾ ਵੱਜਾ ਹੋਇਆ ਹੈ।"

''ਹਲਵਾਈ ਰਹਿੰਦਾ ਕਿਥੇ ਹੈ।"

''ਨਵੇਂ ਮੁਹੱਲੇ ਵਿਚ ਰਹਿੰਦਾ ਹੈ।"

''ਕਿਸੇ ਨੇ ਉਸਦਾ ਘਰ ਵੇਖਿਆ ਹੈ ?

ਬੋਧਰਾਜ ਨੇ ਆਪ ਵੇਖਿਆ ਹੋਇਆ ਸੀ ਪਰ ਉਹ ਨਾਇਕ ਦੀ ਹੈਸੀਅਤ ਵਿਚ ਇਸ ਸਮੇਂ ਛੋਟਾ ਕੰਮ ਆਪਣੇ ਉਤੇ ਨਹੀਂ ਲੈਣਾ ਚਾਹੁੰਦਾ ਸੀ।

ਤਦੇ ਰਣਵੀਰ ਨੇ ਅੱਗੇ ਵੱਧ ਕੇ ਕਿਹਾ:

''ਦੁਕਾਨ ਦਾ ਜੰਦਰਾ ਤੋੜ ਦਿਓ।"

''ਯੁਵਕਾਂ ਦੇ ਸਰੀਰ ਵਿਚ ਝੁਰਝੁਰੀ ਹੋਈ। ਪਰ ਸੁਝਾਓ ਸਮੇਂ ਦੇ ਅਨੁਕੂਲ ਸੀ।

ਨਾਇਕ ਕੁਝ ਦੇਰ ਤਕ ਛੱਤ ਵੱਲ ਵੇਖਦਾ ਖਲੋਤਾ ਰਿਹਾ। ਗੁਟ ਦਾ ਸੰਚਾਲਨ ਬੜੀ ਜ਼ਿੰਮੇਵਾਰੀ ਦਾ ਕੰਮ ਹੈ, ਜੰਦਰਾ ਤੋੜਦੇ ਹੋਏ ਯੁਵਕ ਫੜਿਆ ਨਹੀਂ ਜਾਣਾ ਚਾਹੀਦਾ, ਕਿਸੇ ਦੀ ਨਿਗਾਹ ਵੀ ਉਸ ਤੇ ਨਹੀਂ ਪੈਣੀ ਚਾਹੀਦੀ।

ਨਾਇਕ ਬਾਬੂ ਮਸਤਰਾਮ ਦਾ ਪੁੱਤਰ ਸੀ ਅਤੇ ਸਥਾਨੀ ਕਾਲਜ ਵਿਚ ਫ਼ਸਟ ਈਅਰ ਵਿਚ ਪੜ੍ਹਦਾ ਸੀ। ਮੰਡਲੀ ਦਾ ਇਹੋ ਇਕ ਯੁਵਕ ਸੀ ਜੋ ਦੋ ਜੇਬਾਂ ਵਾਲੀ ਫ਼ੌਜੀ ਕਮੀਜ਼ ਪਹਿਨਦਾ ਸੀ।

“ਹਾਂ ਜੰਦਰਾ ਤੋੜ ਦਿਓ। ਪਰ ਇਹ ਕੰਮ ਲੁਕ ਕੇ ਕਰਨਾ ਪਵੇਗਾ। ਜਿੰਦਰਾ ਕੌਣ ਤੋੜਨ ਜਾਵੇਗਾ।"

"ਮੈਂ ਜਾਵਾਂਗਾ।" ਰਣਵੀਰ ਅਗ ਵੱਧ ਕੇ ਕਿਹਾ।

ਨਾਇਕ ਨੇ ਰਣਵੀਰ ਨੂੰ ਸਿਰ ਤੋਂ ਪੈਰਾਂ ਤਕ ਵੇਖਿਆ ਅਤੇ ਸਿਰ ਹਿਲਾ ਦਿੱਤਾ।

“ਤੇਰਾ ਕੱਦ ਛੋਟਾ ਹੈ, ਜਿੰਦਰਾ ਉਪਰ ਨੂੰ ਲਗਿਆ ਹੋਵੇਗਾ ਤਾਂ ਤੇਰਾ ਹੱਥ ਵੀ ਨਹੀਂ ਪਹੁੰਚੇਗਾ।

''ਨਹੀਂ ਜਿੰਦਰਾ ਹੇਠਾਂ ਲੱਗਾ ਹੋਇਆ ਹੈ, ਮੈਂ ਵੇਖਿਆ ਹੈ। ਮੈਂ ਕਈ ਵਾਰ ਵੇਖਿਆ ਹੈ।"

ਰਣਵੀਰ ਬਹੁਤ ਵਧ ਵਧ ਕੇ ਗਲਾਂ ਕਰਦਾ ਸੀ, ਨਾਇਕ ਨੂੰ ਰੜਕਦਾ ਸੀ। ਪਰ ਮੁੰਡਾ ਚੁਸਤ ਵੀ ਸੀ, ਬਹੁਤ ਤੇਜ ਦੌੜਦਾ ਸੀ, ਹਰ ਕੰਮ ਫੁਰਤੀ ਨਾਲ ਕਰਦਾ ਸੀ। ਹਾਂ ਉਸ ਵਿਚ ਅਨੁਸਾਸ਼ਨ ਦੀ ਘਾਟ ਸੀ।

ਨਾਇਕ ਮਨ ਹੀ ਮਨ ਵਿਚ ਜਾਣਦਾ ਸੀ ਕਿ ਰਣਵੀਰ ਜਿਵੇਂ ਵੀ ਹੋਵੇਗਾ ਕੜਾਹੀ ਲੈ ਆਵੇਗਾ, ਪਰ ਉਹ ਲਾਹਪਰਵਾਹੀ ਵੀ ਵਰਤ ਸਕਦਾ ਹੈ, ਕਿਤੇ ਕੋਈ ਗਲਤੀ ਵੀ ਕਰ ਸਕਦਾ ਹੈ, ਜਿਸ ਨਾਲ ਮੰਡਲੀ ਨੂੰ ਖਤਰਾ ਪੈਦਾ ਹੋ ਸਕਦਾ ਹੈ।

''ਤੂੰ ਤੇ ਧਰਮ ਦੇਵ ਦੋਵੇਂ ਜਾਓ" ਨਾਇਕ ਨੇ ਆਪਣਾ ਫੈਸਲਾ ਦਿੱਤਾ, ''ਪਰ ਧਿਆਨ ਰਹੇ ਕਿਸੇ ਨੂੰ ਪਤਾ ਨਾ ਲੱਗੇ ਕਿ ਤੁਸੀਂ ਜਿੰਦਰਾ ਭੰਨ ਕੇ ਕੜਾਹੀ ਲਿਆਏ ਹੈ। ਅਤੇ ਉਸ ਵੇਲੇ ਜਾਓ ਜਦੋਂ ਸੜਕ ਖਾਲ੍ਹੀ ਹੋਵੇ ਅਤੇ ਦੋਵੇਂ ਇਕੱਠੇ ਨਾ ਜਾਓ, ਅਲੱਗ ਅਲੱਗ ਜਾਓ।"

ਚੋਰਾਹਾ ਪਾਰ ਕਰਦੇ ਹੀ ਨਾਲੇ ਦੇ ਪਾਰ ਖੱਬੇ ਬੰਨੇ ਹਲਵਾਈ ਦੀ ਦੁਕਾਨ ਸੀ। ਦੁਕਾਨ ਦੇ ਪਿਛੇ ਹੀ ਰਣਵੀਰ ਨੂੰ ਕੁਝ ਹਿਲਦਾ ਨਜ਼ਰ ਆਇਆ, ਉਸਨੂੰ ਹਲਵਾਈ ਦੀ ਚਿੱਟੀ ਪਗੜੀ ਦਿਖਾਈ ਦਿੱਤੀ। ਤਾਂ ਇਸਦਾ ਭਾਵ ਹੈ ਹਲਵਾਈ ਆ ਗਿਆ ਹੈ, ਅਤੇ ਦੁਕਾਨ ਖੋਲ੍ਹਣ ਲੱਗਾ ਹੈ। ਪਰ ਹਲਵਾਈ ਉਥੇ ਹੀ ਦੁਕਾਨ ਦੇ ਪਿਛੇ ਫਿਰ ਰਿਹਾ ਸੀ। ਕੀ ਗੱਲ ਹੈ ਹਲਵਾਈ ਉਥੇ ਖਲੋਤਾ ਕੀ ਕਰ ਰਿਹਾ ਹੈ ? ਕੀ ਇਹ ਹਲਵਾਈ ਹੈ ਕਿ ਕੋਈ ਹੋਰ ਆਦਮੀ ਹੈ ? ਕੋਈ ਮਲੇਛ ਉਸਦੀ ਦੁਕਾਨ ਲੁਟਣ ਤਾਂ ਨਹੀਂ ਆ ਗਿਆ ? ਰਣਵੀਰ ਨੇ ਧਿਆਨ ਨਾਲ ਵੇਖਿਆ। ਹਲਵਾਈ ਹੀ ਸੀ, ਆਪਣੀ ਦੁਕਾਠ ਦਾ ਪਿਛਲਾ ਦਰਵਾਜ਼ਾ ਖੋਲ੍ਹ ਰਿਹਾ ਸੀ।

ਸੜਕ ਖਾਲ੍ਹੀ ਸੀ। ਇਸ ਸਮੇਂ ਸੜਕ ਉਂਜ ਵੀ ਖਾਲ੍ਹੀ ਰਹਿੰਦੀ ਸੀ। ਕੋਈ ਇੱਕਾ-ਦੁੱਕਾ ਛਾਬੜੀ ਵਾਲਾ ਆ ਜਾਵੇ, ਜਾਂ ਕੋਈ ਇੱਕਾ ਦੁੱਕਾ ਟਾਂਗਾ। ਇਸ ਸੜਕ ਤੇ ਕੇਵਲ ਸ਼ਾਮ ਦੇ ਵੇਲੇ ਹੀ ਰੌਣਕ ਹੁੰਦੀ ਸੀ।

ਦੋਵੇਂ ਯੁਵਕ ਵਾਰੀ ਵਾਰੀ ਸੜਕ ਪਾਰ ਕਰ ਗਏ।

“ਤੂੰ ਉਸਨੂੰ ਗੱਲਾਂ ਵਿਚ ਲਾ ਲਈ, ਮੈਂ ਅੰਦਰੋਂ ਕੜਾਹੀ ਚੁੱਕ ਲਿਆਵਾਂਗਾ।" ਰਣਵੀਰ ਨੇ ਕਿਹਾ।

"ਇਸਦੀ ਕੋਈ ਲੋੜ ਨਹੀਂ ਹੋਵੇਗੀ। ਉਹ ਸਾਡਾ ਹਿੰਦੂ ਭਰਾ ਹੈ ਆਪਣੇ ਆਪ ਦੇ ਦੇਵੇਗਾ।”

'ਮੈਂ ਉਸ ਕੋਲੋਂ ਕੜਾਹੀ ਮੰਗਾਂਗਾ, ਤੂੰ ਨਾ ਮੰਗੀ।"

“ਚਲ ਓਏ, ਬੌਣਿਆਂ, ਤੂੰ ਆਪਣੇ ਆਪ ਨੂੰ ਸਮਝਦਾ ਕੀ ਏਂ ?”

ਪਿਛੇ ਵਲੋਂ ਦੋਵੇਂ ਯੁਵਕ ਦੁਕਾਨ ਵੱਲ ਵਧੇ। ਦੁਕਾਨ ਦਾ ਦਰਵਾਜ਼ਾ ਖੁਲਾ ਸੀ। ਪਰ ਹਲਵਾਈ ਬਾਹਰ ਨਹੀਂ ਸੀ ਪਲੱਤਾ। ਉਹ ਜਰੂਰ ਅੰਦਰ ਚਲਾ ਗਿਆ ਹੋਵੇਗਾ।

ਸੜਕ ਦੇ ਕਿਨਾਰੇ ਹੁੰਦੇ ਹੋਏ ਵੀ ਦੁਕਾਨ ਅੰਦਰ ਹਨੇਰਾ ਸੀ। ਤੇਲ, ਘਿਓ ਅਤੇ ਮੈਲ ਨਾਲ ਰੀਕਟ ਤਖਤਿਆਂ ਤੇ ਮੱਖੀਆਂ ਭਿੰਨ ਭਿੰਨਾ ਰਹੀਆਂ ਸਨ। ਦੁਕਾਨ ਵਿਚ ਬਹੇ ਸਮੋਸਿਆ ਦੀ ਬੋ ਆ ਰਹੀ ਸੀ। ਰਣਵੀਰ ਨੇ ਅੰਦਰ ਝਾਕ ਕੇ ਵੇਖਿਆ।

"ਕੀ ਹੈ ?” ਅੰਦਰੋਂ ਅਵਾਜ਼ ਆਈ, ''ਅੱਜ ਦੁਕਾਨ ਬੰਦ ਹੈ।”

ਦੋਵੇਂ ਯੁਵਕ ਅੰਦਰ ਵੜ ਗਏ। ਇਕ ਬੰਨੇ ਖਲੋਤਾ ਹਲਵਾਈ ਮੈਦੇ ਦਾ ਟੀਨ ਬੋਰੀ ਵਿਚ ਲੁਦ ਰਿਹਾ ਸੀ। ਦਰਵਾਜਿਓਂ ਬਾਹਰ ਅਚਾਨਕ ਕਿਸੇ ਦਾ ਚਿਹਰਾ ਵੇਖ ਕੇ ਉਹ ਠਿਠਕ ਗਿਆ ਸੀ।

''ਆਓ, ਆਓ,” ਹਲਵਾਈ ਨੇ ਮੁਸਕਰਾ ਕੇ ਕਿਹਾ, “ਅੱਜ ਕੁਝ ਨਹੀਂ ਬਣਾਇਆ। ਮੈਂ ਸੋਚਿਆ ਥੋੜ੍ਹੀ ਰਸਦ ਕੱਢ ਕੇ ਘਰ ਲੈਂਦਾ ਜਾਵਾਂ। ਸ਼ਹਿਰ ਦੀ ਹਵਾ ਚੰਗੀ ਨਹੀਂ ਹੈ। ਪੁੱਤ ਤੁਹਾਨੂੰ ਵੀ ਘਰ ਬੈਠਣਾ ਚਾਹੀਦਾ ਹੈ। ਬਾਹਰ ਨਹੀਂ ਘੁੰਮਣਾ ਚਾਹੀਦਾ।"

‘‘ਚੁੱਕ ਲੈ ਔਹ ਕੜਾਹੀ।” ਰਣਵੀਰ ਨੇ ਧਰਮ ਦੇਵ ਨੂੰ ਹੁਕਮ ਦਿੱਤਾ। ਧਰਮ ਦੇਵ ਪਿਛਲੀ ਕੰਧ ਨਾਲ ਲੱਗੀਆਂ ਕੜਾਹੀਆਂ ਵੱਲ ਵਧਿਆ।

''ਜਾਤੀ ਦੀ ਰੱਖਿਆ ਲਈ ਕੜਾਹੀ ਲੈ ਕੇ ਜਾ ਰਹੇ ਹਾਂ। ਸੰਕਟ ਖਤਮ ਹੋਣ ਤੇ ਵਾਪਿਸ ਕਰ ਦਿੱਤੀ ਜਾਵੇਗੀ।" ਗੱਲ ਹਲਵਾਈ ਦੀ ਸਮਝ ਵਿਚ ਨਹੀਂ ਆਈ।

"ਕੀ ਗੱਲ ਏ ? ਕੋਣ ਓ ਤੁਸੀਂ ? ਕਿਸ ਲਈ ਕੜਾਹੀ ਦੀ ਲੋੜ ਪੈ ਗਈ ? ਕੀ ਕੋਈ ਵਿਆਹ ਸ਼ਾਦੀ ਏ ?"

ਪਰ ਦੋਹਾਂ ਵਿਚੋਂ ਕਿਸੇ ਨੇ ਜਵਾਬ ਨਾ ਦਿੱਤਾ।

''ਵਿਚਲੀ ਕੜਾਹੀ ਚੁੱਕ ਲੈ। ਔਹ ਸਾਹਮਣੇ ਰੱਖੀ ਹੈ।" ਰਣਵੀਰ ਨੇ ਫਿਰ ਕਿਹਾ।

"ਠਹਿਰ-ਠਹਿਰੋ, ਦਸੋ ਕੀ ਗੱਲ ਹੈ ? ਕਿਧਰ ਲੈ ਕੇ ਜਾ ਰਹੇ ਹੋ ਕੜਾਹੀ?"

"ਪਿਛੋਂ ਪਤਾ ਲੱਗ ਜਾਵੇਗਾ, ਚੁਕੋ ਜੀ ਕੜਾਹੀ।"

"ਵਾਹ ਇਉਂ ਵੀ ਕੋਈ ਕਰਦਾ ਏ। ਨਾ ਪੁਛਿਆ, ਨਾ ਮੰਗਿਆ, ਆਪਣੇ ਆਪ ਕੜਾਹੀ ਚੁੱਕ ਲਈ। ਪਹਿਲਾਂ ਦਸੋ ਕੀ ਗੱਲ ਏ, ਕੌਣ ਓ ਤੁਸੀਂ ?"

ਤਦੇ ਰਣਵੀਰ ਨੇ ਆਪਣੇ ਕੁੜਤੇ ਦੀ ਜੇਬ ਵਿਚ ਹੱਥ ਪਾਇਆ ਅਤੇ ਫਿਰ ਚਿੱਲਾ ਕੇ ਬੋਲਿਆ :

"ਤੂੰ ਨਹੀਂ ਦੇਵੇਂਗਾ ਕੜਾਹੀ ?" ਅਤੇ ਉਹ ਕੁੱਦਿਆ।

ਇਸ ਤੋਂ ਪਹਿਲਾਂ ਕਿ ਹਲਵਾਈ ਕੁਝ ਕਹੇ, ਉਸਦੀ ਸੱਜੀ ਗਲ੍ਹ ਤੋਂ ਲਹੂ ਦੀ ਧਾਰ ਵਗ ਰਹੀ ਸੀ। ਇਕ ਵਾਰ ਕੱਢਣ ਪਿਛੋਂ ਰਣਵੀਰ ਦਾ ਹੱਥ ਫਿਰ ਕੁਰੜੇ ਦੀ ਜੇਬ ਵਿਚ ਚਲਾ ਗਿਆ। ਹਲਵਾਈ ਦੋਹਾਂ ਹੱਥਾਂ ਨਾਲ ਚਿਹਰਾ ਢੱਕੀ ਪੈਰਾ ਭਾਰ 'ਹਾਏ ! ਹਾਏ !" ਕਰਦਾ ਬੈਠ ਗਿਆ। ਖ਼ੂਨ ਦੇ ਤੁਪਕੇ ਬਰਾਬਰ ਉਸਦੀ ਗਲ਼ ਤੋਂ ਡਿਗ ਕੇ ਫਰਸ਼ ਤੇ ਪੈ ਰਹੇ ਸਨ।

"ਇਸ ਗੱਲ ਦਾ ਕਿਸੇ ਨੂੰ ਪਤਾ ਨਾ ਲੱਗੇ ਨਹੀਂ ਤਾਂ ਕਤਲ ਕਰ ਦਿੱਤੇ ਜਾਓਗੇ।"

ਧਰਮ ਦੇਵ ਕੜਾਹੀ ਚੁੱਕ ਕੇ ਨਾਲਾ ਪਾਰ ਕਰ ਗਿਆ ਸੀ। ਰਣਵੀਰ ਥੋੜ੍ਹਾ ਠਿਠਕ ਕੇ ਉਸ ਤੋਂ ਥੋੜ੍ਹੀ ਜਿਹੀ ਦੂਰੀ ਤੇ ਆਉਣ ਲੱਗਾ ਸੀ। ਰਣਵੀਰ ਸੋਚ ਰਿਹਾ ਸੀ ਕਿ ਮਾਰਨਾ ਮੁਸਕਿਲ ਕੀ ਹੈ। ਇਸਨੂੰ ਮੈਂ ਆਸਾਨੀ ਨਾਲ ਕਤਲ ਕਰ ਸਕਦਾ ਸੀ। ਹੱਥ ਚੁੱਕਿਆ ਤੇ ਬਸ ! ਹਾਂ ਲੜਨਾ ਮੁਸ਼ਕਿਲ ਹੁੰਦਾ ਹੈ। ਉਹ ਵੀ ਜਦੋਂ ਅਗਲਾ ਮੁਕਾਬਲਾ ਕਰਨ ਲਈ ਡੱਟ ਜਾਵੇ। ਪਰ ਛੁਰਾ ਮਾਰਕੇ ਮਾਰ ਦੇਣਾ ਸੋਖਾ ਕੰਮ ਹੈ, ਇਸ ਵਿਚ ਕੁਝ ਮੁਸ਼ਕਿਲ ਨਹੀਂ।

ਘਰ ਦੀ ਡਿਉਢੀ ਵਿਚ ਪਹੁੰਚ ਕੇ ਧਰਮ ਦੇਵ ਰੁਕ ਗਿਆ।

" ਤੂੰ ਉਸਨੂੰ ਮਾਰਿਆ ਕਿਉਂ ?"

ਰਣਵੀਰ ਦੇ ਪਹੁੰਚਣ ਤੇ ਧਰਮ ਦੇਵ ਨੇ ਪੁਛਿਆ। "ਉਸਨੇ ਹੁੱਜਤ ਬਾਜ਼ੀ ਕਿਉਂ ਕੀਤੀ?"

ਪਰ ਧਰਮ ਦੇਵ ਦਾ ਸੰਘ ਸੁੱਕ ਰਿਹਾ ਸੀ ਅਤੇ ਜ਼ਬਾਨ ਹਕਲਾ ਰਹੀ ਸੀ : ''ਜੇ ਕਿਸੇ ਨੇ ਵੇਖ ਲਿਆ ਹੁੰਦਾ ਤਾਂ ? ਜੋ ਹਲਵਾਈ ਚੀਕ-ਚਿਹਾੜਾ ਮਚਾ ਦਿੰਦਾ ਤਾਂ?' ਧਰਮ ਦੇਵ ਨੇ ਥੁੱਕ ਨਿਗਲਣ ਦੀ ਫਜ਼ੂਲ ਕੋਸ਼ਿਸ਼ ਕਰਦੇ ਹੋਏ ਕਿਹਾ।

"ਅਸੀਂ ਕਿਸੇ ਤੋਂ ਡਰਦੇ ਨਹੀਂ ਹਾਂ। ਕਰ ਲਏ ਜੋ ਕਰਨਾ ਚਾਹੁੰਦਾ ਹੈ। ਤੂੰ ਵੀ ਕਰ ਲੈ ਜੋ ਕਰਨਾ ਈ।"

ਰਣਵੀਰ ਨੇ ਦਬੰਗ ਆਵਾਜ਼ ਵਿਚ ਕਿਹਾ ਤੇ ਪੌੜੀਆਂ ਚੜ੍ਹਨ ਲੱਗਾ।

***

## ਸੱਤ

''ਦਫ਼ਤਰ ਵਿਚ ਮਿਲਣ ਦੀ ਬਜਾਏ ਤੁਸੀਂ ਲੋਕ ਘਰ ਮਿਲਣ ਆਏ। ਜ਼ਰੂਰ ਕੋਈ ਬਹੁਤ ਹੀ ਜ਼ਰੂਰੀ ਕੰਮ ਹੋਵੇਗਾ।" ਰਿਚਰਡ ਨੇ ਮੁਸਕਰਾ ਕੇ ਕਿਹਾ।

ਚਪੜਾਸੀ ਨੇ ਚਿਕ ਚੁੱਕ ਦਿੱਤੀ। ਨਾਗਰਿਕਾਂ ਦੇ ਸਿਸ਼ਟ-ਮੰਡਲ ਦੇ ਮੈਂਬਰ ਇਕ ਇਕ ਕਰਕੇ ਕਮਰੇ ਵਿਚ ਵੜ ਗਏ। ਰਿਚਰਡ ਦਰਵਾਜ਼ੇ ਕੋਲ ਹੀ ਖਲੋਤਾ ਰਿਹਾ ਅਤੇ ਕਮਰੇ ਵਿਚ ਰੱਖੀਆਂ ਕੁਰਸੀਆਂ ਵੱਲ ਇਸ਼ਾਰਾ ਕਰਦਾ ਰਿਹਾ ਅਤੇ ਤਰਦੀ ਨਜ਼ਰ ਨਾਲ ਸਿਸ਼ਟ ਮੰਡਲ ਦੇ ਮੈਂਬਰਾਂ ਨੂੰ ਵੇਖਦਾ ਰਿਹਾ। ਫਿਰ ਮੇਜ਼ ਦੇ ਪਿਛੇ ਕੁਰਸੀ ਤੇ ਜਾ ਬੈਠਾ ਅਤੇ ਬੈਠਦੇ ਹੀ ਪੈਨਸਿਲ ਹੱਥ ਵਿਚ ਲੈ ਲਈ। ਚਾਰ ਆਦਮੀ ਪੱਗਾਂ ਵਾਲੇ ਸਨ, ਇਕ ਰੂਮੀ ਟੋਪੀ ਵਾਲਾ ਸੀ, ਦੋਹਾਂ ਨੇ ਗਾਂਧੀ ਟੱਪੀ ਪਹਿਨੀ ਸੀ। ਰਿਚਰਡ ਨੇ ਸਿਸ਼ਟ ਮੰਡਲ ਦੀ ਬਨਾਵਟ ਤੋਂ ਹੀ ਸਮਝ ਲਿਆ ਕਿ ਇਨ੍ਹਾਂ ਨਾਲ ਨਿਪਟਣਾ ਮੁਸ਼ਕਲ ਨਹੀਂ ਹੋਵੇਗਾ।

''ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ?"

ਮੈਂਬਰਾਂ ਨੂੰ ਡਿਪਟੀ ਕਮਿਸ਼ਨਰ ਦੀ ਸਿਸ਼ਟਤਾ ਬਹੁਤ ਚੰਗੀ ਲੱਗੀ। ਇਸ ਤੋਂ ਪਹਿਲਾ ਕਮਿਸ਼ਨਰ ਤਾਂ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ ਸੀ, ਉਸਨੂੰ ਮਿਲਣਾ ਤਕ ਵੀ ਮੁਸ਼ਕਲ ਹੁੰਦਾ ਸੀ।

ਹੁਣ ਤਕ ਰਿਚਰਡ ਨੇ ਸਭ ਮੈਂਬਰਾਂ ਦਾ ਜਾਇਜ਼ਾ ਲੈ ਲਿਆ ਸੀ। ਪੁਲਿਸ ਦੀਆਂ ਰਿਪੋਰਟਾਂ ਤੋਂ ਉਹ ਸਿਆਸੀ ਆਦਮੀਆਂ ਬਾਰੇ ਸਮਝ ਗਿਆ ਸੀ ਕਿ ਕੌਣ ਕੌਣ ਹੋਣਗੇ। ਗਾਂਧੀ ਟੋਪੀ ਵਾਲਾ ਇਹੋ ਢਿਲਾ-ਢਲਾ ਆਦਮੀ ਬਖਸ਼ੀ ਹੋਵੇਗਾ ਜੋ ਸੋਲ੍ਹਾਂ ਸਾਲ ਜੇਲ ਕੱਟ ਚੁੱਕਾ ਹੈ। ਅਤੇ ਔਹ ਨੁਕਰ ਵਿਚ ਬੈਠਾ ਰੂਮੀ ਟੋਪੀ ਵਾਲਾ ਹਯਾਤ ਬਖਸ਼ ਹੈ, ਮਸਲਮ ਲੀਗ ਦਾ ਕਰਤਾ ਧਰਤਾ। ਨਾਲ ਮਿਸ਼ਨ ਕਾਲਜ ਦਾ ਅਮਰੀਕੀ

ਪ੍ਰਿੰਸੀਪਲ ਹਰਬਟ ਵੀ ਆਇਆ ਸੀ। ਅਤੇ ਇਹ ਲੋਕ ਪ੍ਰੋਫੈਸਰ ਰਘੁਨਾਥ ਨੂੰ ਵੀ ਫੜ ਲਿਆਏ ਹਨ, ਕਿਉਂਕਿ ਉਹ ਮੇਰਾ ਪਰਿਚਿਤ ਹੈ। ਬਾਕੀ ਲੋਕ ਅਲੱਗ ਅਲੱਗ ਸੰਸਥਾਵਾਂ ਤੋਂ ਆਏ ਹੋਣਗੇ।

ਰਿਚਰਡ ਬਖਸ਼ੀ ਜੀ ਨੂੰ ਮੁਖਾਤਿਬ ਹੋ ਕੇ ਬੋਲਿਆ :

"ਮੈਨੂੰ ਖਬਰ ਮਿਲੀ ਹੈ ਕਿ ਸ਼ਹਿਰ ਅੰਦਰ ਤਨਾਓ ਪਾਇਆ ਜਾਂਦਾ ਹੈ।"

"ਅਸੀਂ ਇਸੇ ਸਿਲਸਿਲੇ ਵਿਚ ਤੁਹਾਨੂੰ ਮਿਲਣ ਆਏ ਹਾਂ" ਬਖਸ਼ੀ ਜੀ ਬੋਲੇ। ਬਖਸ਼ੀ ਜੀ ਉਤੇਜਿਤ ਸਨ, ਸਵੇਰ ਦੇ ਸਾਰੇ ਕੰਮ ਕਾਰ ਤੋਂ ਉਹ ਖਿੱਝੇ ਹੋਏ ਸਨ। ਸਭ ਤੋਂ ਪਹਿਲਾਂ ਤਾਂ ਲੀਗ ਦੇ ਪ੍ਰਧਾਨ ਦੇ ਘਰ ਗਏ ਸਨ, ਫਿਰ ਉਥੇ ਬੇਰੁਖੀ ਵੇਖਕੇ, ਉਨ੍ਹਾਂ ਨੇ ਡਿਪਟੀ ਕਮਿਸ਼ਨਰ ਕੋਲ ਸਿਸ਼ਟ ਮੰਡਲ ਲੈ ਜਾਣ ਦਾ ਨਿਸ਼ਚਾ ਕੀਤਾ ਅਤੇ ਇਕ ਇਕ ਮੈਂਬਰ ਨੂੰ ਘਰੋਂ ਫੜ ਕੇ ਇਕੱਠਾ ਕੀਤਾ ਸੀ ਅਤੇ ਆਪਣੇ ਨਾਲ ਲਿਆਏ ਸਨ। ਡਿਪਟੀ ਕਨਿਸ਼ਨਰ ਕੋਲ ਆਉਣ ਲਈ ਕਿਸੇ ਨੂੰ ਇਤਰਾਜ਼ ਨਹੀਂ ਸੀ।

"ਸਰਕਾਰ ਵਲੋਂ ਫੌਰਨ ਅਜਿਹੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਜਿਸ ਨਾਲ ਸਥਿਤੀ ਕਾਬੂ ਵਿਚ ਆ ਜਾਵੇ। ਨਹੀਂ ਤਾਂ...... ਨਹੀਂ ਤਾਂ ਇਸ ਸ਼ਹਿਰ ਤੇ ਗਿਰਝਾ ਮੰਡਰਾਉਣਗੀਆਂ। ਉਹਨਾਂ ਦੇ ਉਹੋ ਵਾਕ ਦੁਹਰਾ ਦਿੱਤਾ ਜੋ ਵਾਰ ਵਾਰ ਉਨ੍ਹਾਂ ਦੇ ਦਿਮਾਗ ਵਿਚ ਘੁੰਮ ਰਿਹਾ ਸੀ।

ਹੋਰ ਮੈਂਬਰ ਵੀ ਚਿੰਤਿਤ ਸਨ ਪਰ ਬਖਸ਼ੀ ਜੀ ਵਾਂਗ ਉਤੇਜਿਤ ਨਹੀਂ ਸਨ।

ਤਦੇ ਪ੍ਰੋਫੈਸਰ ਅਤੇ ਰਿਚਰਡ ਦੀਆਂ ਨਜ਼ਰਾਂ ਮਿਲੀਆਂ। ਪ੍ਰੋਫੈਸਰ ਹੀ ਇਕ ਅਜਿਹਾ ਹਿੰਦੁਸਤਾਨੀ ਸੀ ਜਿਸ ਨਾਲ ਰਿਚਰਡ ਦਾ ਥੋੜ੍ਹਾ ਬਹੁਤ ਉਠਣ-ਬੈਠਣ ਸੀ। ਦੋਹਾਂ ਨੂੰ ਅੰਗਰੇਜ਼ੀ ਸਾਹਿਤ ਅਤੇ ਭਾਰਤੀ ਇਤਿਹਾਸ ਵਿਚ ਰੁਚੀ ਸੀ ਅਤੇ ਰਿਚਰਡ ਨੂੰ ਹਮੇਜ਼ਾਂ ਉਹ ਇਕ ਚੰਗਾ ਪੜ੍ਹਿਆ ਲਿਖਿਆ ਆਦਮੀ ਲੱਗਿਆ ਕਰਦਾ ਸੀ। ਅੱਖਾਂ ਹੀ ਅੱਖਾਂ ਵਿਚ ਦੋਵੇਂ ਮੁਸਕਰਾ ਪਏ, ਜਿਵੇਂ ਇਹ ਕਹਿ ਰਹੇ ਹੋਣ ‘ਇਹ

ਲੋਕ ਦੁਨਿਆਵੀ ਕੰਮਾਂ ਵਿਚ ਵੀ ਸਾਨੂੰ ਘਸੀਟ ਲਿਆਏ ਹਨ ਨਹੀਂ ਤਾਂ ਸਾਡੀ ਦੁਨੀਆਂ ਹੀ ਹੋਰ ਹੈ।'

ਰਿਚਰਡ ਨੇ ਸਿਰ ਹਿਲਾਇਆ ਤੇ ਪੈਨਸਿਲ ਨਾਲ ਮੇਜ਼ ਨੂੰ ਠਕੋਰਿਆ।

"ਸਰਕਾਰ ਤਾਂ ਬਦਨਾਮ ਹੈ। ਮੈਂ ਅੰਗਰੇਜ਼ ਅਫ਼ਸਰ ਹਾਂ। ਬ੍ਰਿਟਿਸ਼ ਸਰਕਾਰ ਤੇ ਤਾਂ ਤੁਹਾਨੂੰ ਵਿਸ਼ਵਾਸ ਨਹੀਂ ਹੈ। ਉਸਦੀ ਗੱਲ ਤਾਂ ਤੁਸੀਂ ਕਿਥੇ ਸੁਣੋਗੇ।" ਰਿਚਰਡ ਨੇ ਵਿਅੰਗ ਨਾਲ ਕਿਹਾ ਅਤੇ ਪੈਨਸਿਲ ਨਕੋਰਦਾ ਰਿਹਾ।

''ਪਰ ਤਾਕਤ ਤਾਂ ਬ੍ਰਿਟਿਸ ਸਰਕਾਰ ਦੇ ਹੱਥ ਵਿਚ ਹੈ ਅਤੇ ਤੁਸੀਂ ਬ੍ਰਿਟਿਸ਼ ਸਰਕਾਰ ਦੇ ਪ੍ਰਤੀਨਿਧੀ ਹੈ। ਸ਼ਹਿਰ ਦੀ ਰੱਖਿਆ ਦੀ ਤਾਂ ਤੁਹਾਡੀ ਹੀ ਜ਼ਿੰਮੇਵਾਰੀ ਹੈ।"

ਬਖਸ਼ੀ ਜੀ ਬੋਲੇ ਅਤੇ ਬੋਲਦੇ ਹੋਏ ਉਨ੍ਹਾਂ ਦੀ ਠੋਡੀ ਕੰਬ ਗਈ ਅਤੇ ਉਤੇਜਨਾ ਕਾਰਨ ਚਿਹਰਾ ਪੀਲਾ ਪੈ ਗਿਆ।

''ਤਾਕਤ ਤਾਂ ਇਸ ਵੇਲੇ ਪੰਡਿਤ ਨਹਿਰੂ ਦੇ ਹੱਥ ਵਿਚ ਹੈ।" ਰਿਚਰਡ ਨੇ ਫਿਰ ਮੁਸਕਰਾ ਕੇ ਹੌਲੀ ਜਿਹੀ ਕਿਹਾ। ਫਿਰ ਬਖਸ਼ੀ ਵੱਲ ਵੇਖ ਕੇ ਬੋਲਿਆ, "ਤੁਸੀਂ ਲੋਕ ਬ੍ਰਿਟਿਸ਼ ਸਰਕਾਰ ਦੇ ਵਿਰੋਧੀ ਹੋ ਤਾਂ ਵੀ ਦੋਸ਼ ਬ੍ਰਿਟਿਸ਼ ਸਰਕਾਰ ਦਾ, ਅਤੇ ਜੇ ਆਪਸ ਵਿਚ ਲੜੋ ਤਾਂ ਵੀ ਦੋਸ਼ ਬ੍ਰਿਟਿਸ਼ ਸਰਕਾਰ ਦਾ।" ਉਸਦੇ ਹੋਠਾਂ ਤੇ ਮੁਸਕਾਨ ਬਰਾਬਰ ਬਣੀ ਰਹੀ। ਪਰ ਉਹ ਫਿਰ ਜਿਵੇਂ ਸੰਭਲ ਗਿਆ ਤੇ ਬੋਲਿਆ :

"ਪਰ ਦਸੋ, ਸਾਨੂੰ ਇਸ ਮਸਲੇ ਨੂੰ ਮਿਲ ਕੇ ਸੁਲਝਾਉਣਾ ਚਾਹੀਦਾ ਹੈ।" ਅਤੇ ਉਸਨੇ ਹਯਾਤ ਬਖਸ ਵੱਲ ਵੇਖਿਆ।

"ਜੇ ਪੁਲਿਸ ਚੌਕੰਨੀ ਰਹੇ, ਤਾਂ ਕੁਝ ਵੀ ਨਹੀਂ ਹੋਵੇਗਾ", ਹਯਾਤ ਬਖ਼ਸ਼ ਬੋਲਿਆ, "ਉਂਜ ਮਸਜਿਦ ਦੇ ਸਾਹਮਣੇ ਜੋ ਕੁਝ ਮਿਲਿਆ ਹੈ, ਉਸ ਪਿਛੇ ਹਿੰਦੂਆਂ ਦੀ ਬਹੁਤ ਵੱਡੀ ਸ਼ਰਾਰਤ ਹੈ।"

''ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਇਸ ਵਿਚ ਹਿੰਦੂਆਂ ਦੀ ਸ਼ਰਾਰਤ ਹੈ ?" ਦਾਨਵੀਰ ਲਕਸ਼ਮੀ ਨਾਰਾਇਣ ਨੇ ਉਛਲ ਕੇ ਕਿਹਾ, ਅਤੇ ਬੋਲਦੇ ਬੋਲਦੇ ਉਸਦੀ ਆਵਾਜ਼ ਉੱਚੀ ਹੁੰਦੀ ਗਈ।

ਰਿਚਰਡ ਲਈ ਮਾਮਲਾ ਆਪਣੇ ਆਪ ਸੁਲਝਦਾ ਜਾ ਰਿਹਾ ਸੀ।

"ਇਕ ਦੂਸਰੇ ਨੂੰ ਦੋਸ਼ ਦੇਣ ਦਾ ਕੋਈ ਲਾਭ ਨਹੀਂ ਹੋਵੇਗਾ" ਰਿਚਰਡ ਨੇ ਹੌਂਸਲੇ ਨਾਲ ਕਿਹਾ, "ਤੁਸੀਂ ਲੋਕ, ਜ਼ਾਹਿਰ ਹੈ, ਮਾਮਲੇ ਨੂੰ ਸੁਲਝਾਉਣ ਲਈ ਹੀ ਮੇਰੇ ਕੋਲ ਆਏ ਹੋ।"

"ਬੇਸ਼ਕ" ਹਯਾਤ ਬਖ਼ਸ਼ ਬੋਲਿਆ, "ਅਸੀਂ ਵੀ ਨਹੀਂ ਚਾਹੁੰਦੇ ਕਿ ਸ਼ਹਿਰ ਵਿਚ ਫ਼ਸਾਦ ਹੋਵੇ, ਵੱਢ-ਕੱਟ ਹੋਵੇ।

ਲਕਸ਼ਮੀ ਨਾਰਾਇਣ ਨੂੰ ਬੜੀ ਇਕੱਲ ਮਹਿਸੂਸ ਹੋਈ। ਉਸਨੂੰ ਆਪਣੇ ਧਰਮ-ਭਰਾਵਾਂ ਤੇ ਗੁੱਸਾ ਆਇਆ। ਉਹ ਵੀ ਉਸਦੇ ਨਾਲ ਹੁੰਦੇ ਤਾਂ ਇਸ ਵੇਲੇ ਉਸਨੂੰ ਇਕਲੇ ਨੂੰ ਮੁਸਲਮਾਨਾਂ ਦੇ ਵਿਰੁੱਧ ਨਾ ਬੋਲਣਾ ਪੈਂਦਾ। ਡਿਪਟੀ ਕਮਿਸ਼ਨਰ ਨੂੰ ਸਭ ਗੱਲਾਂ ਦੱਸਦੇ ਕਿ ਕਿਵੇਂ ਜਾਮਾ ਮਸਜਿਦ ਵਿਚ ਅਸਲਾ ਇਕੱਠਾ ਕੀਤਾ ਜਾ ਰਿਹਾ ਹੈ, ਕਿਵੇਂ ਇਕ ਗਊ ਨੂੰ ਵਢਿਆ ਗਿਆ ਹੈ। ਇਥੇ ਬੋਲਣਾ ਤਾਂ ਨੱਕੂ ਬਣਨ ਵਾਲੀ ਗੱਲ ਸੀ। ਸ਼ਾਇਦ ਇਹੋ ਬੇਹਤਰ ਸੀ ਕਿ ਹਿੰਦੂਆਂ ਸਿੱਖਾਂ ਦਾ ਪ੍ਰਤੀਨਿਧ ਮੰਡਲ ਅਲੱਗ ਡਿਪਟੀ ਕਮਿਸ਼ਨਰ ਨੂੰ ਮਿਲਦਾ ਅਤੇ ਉਸਦੇ ਸਾਹਮਣੇ ਸਪੱਸ਼ਟ ਰੂਪ ਵਿਚ ਸਭ ਗੱਲਾਂ ਖੋਲ੍ਹ ਕੇ ਰੱਖ ਦਿੰਦਾ।

ਬਖਸ਼ੀ ਜੀ ਨੇ ਰਿਚਰਡ ਨੂੰ ਸੰਬੰਧਨ ਕਰਦੇ ਹੋਏ ਕਿਹਾ : ''ਜੇ ਸ਼ਹਿਰ ਵਿਚ ਪੁਲਿਸ ਗਸ਼ਤ ਕਰਨ ਲੱਗੇ, ਥਾਂ ਥਾਂ ਫੌਜ ਦੀਆਂ ਚੌਂਕੀਆਂ ਬਿਠਾਂ ਦਿੱਤੀਆਂ ਜਾਣ ਤਾਂ ਦੰਗਾ ਫ਼ਸਾਦ ਨਹੀਂ ਹੋਵੇਗਾ, ਸਥਿਤੀ ਕਾਬੂ ਵਿਚ ਆ ਜਾਵੇਗੀ।" ਰਿਚਰਡ ਨੇ ਸਿਰ ਹਿਲਾਇਆ, ਫਿਰ ਮੁਸਕਰਾ ਕੇ ਬੋਲਿਆ :

“ਮੈਂ ਡਿਪਟੀ ਕਮਿਸ਼ਨਰ ਹਾਂ, ਫੌਜ ਦਾ ਇੰਤਜ਼ਾਮ ਤਾਂ ਮੇਰੇ ਹੱਥ ਵਿਚ ਨਹੀਂ ਹੈ। ਇਥੇ ਛਾਉਣੀ ਤਾਂ ਹੈ, ਪਰ ਇਸਦਾ ਇਹ ਮਤਲਬ ਨਹੀਂ ਕਿ ਫੌਜ ਮੇਰੇ ਹੁਕਮ ਨਾਲ ਕੰਮ ਕਰਦੀ ਹੈ।"

“ਛਾਉਣੀ ਵੀ ਬ੍ਰਿਟਿਸ਼ ਸਰਕਾਰ ਦੀ ਹੈ ਅਤੇ ਹਕੂਮਤ ਵੀ ਬ੍ਰਿਟਿਸ਼ ਸਰਕਾਰ ਦੀ ਹੈ, ਬਖਸ਼ੀ ਜੀ ਨੇ ਕਿਹਾ, ''ਜੇ ਤੁਸੀਂ ਫੌਜ ਬਿਠਾ ਦਿਓਗੇ ਤਾਂ ਮਾਮਲਾ ਕਾਬੂ ਵਿਚ ਆ ਜਾਵੇਗਾ।''

ਰਿਚਰਡ ਨੇ ਸਿਰ ਹਿਲਾ ਦਿੱਤਾ :

"ਫੌਜ ਨੂੰ ਮੈਂ ਹੁਕਮ ਨਹੀਂ ਦੇ ਸਕਦਾ, ਇਹ ਤਾਂ ਤੁਸੀਂ ਵੀ ਜਾਣਦੇ ਹੋਵੇਗੇ। ਡਿਪਟੀ ਕਮਿਸ਼ਨਰ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਹੈ।”

"ਤੁਸੀਂ ਫੌਜ ਨਹੀਂ ਬੈਠਾ ਸਕਦੇ ਤਾਂ ਸ਼ਹਿਰ ਵਿਚ ਕਰਫਿਊ ਲਗਾ ਦਿਓ। ਇਸ ਨਾਲ ਸਥਿਤੀ ਸੰਭਲ ਜਾਵੇਗੀ। ਪੁਲਸ ਦੀਆਂ ਹੀ ਚੌਕੀਆਂ ਬੈਠਾ ਦਿਓ।”

"ਇਸ ਛੋਟੀ ਜਿਹੀ ਗੱਲ ਨੂੰ ਲੈਕੇ ਕਰਫ਼ਿਊ ਲਾ ਦੇਣ ਨਾਲ ਕੀ ਸ਼ਹਿਰ ਵਿਚ ਘਬਰਾਹਟ ਹੋਰ ਜ਼ਿਆਦਾ ਨਹੀਂ ਫੈਲੇਗੀ ? ਤੁਸੀਂ ਕੀ ਸੋਚਦੇ ਹੋ ?”

ਰਿਚਰਡ ਨੇ ਇਸ ਲਹਿਜੇ ਵਿਚ ਇਹ ਸ਼ਬਦ ਕਹੇ ਜਿਵੇਂ ਉਹ ਸਲਾਹ ਮੰਗ ਰਿਹਾ ਹੋਵੇ। ਇਸਦੇ ਨਾਲ ਹੀ ਉਸਨੇ ਰੈਕ ਤੋਂ ਇਕ ਕਾਗਜ਼ ਚੁਕਿਆ ਅਤੇ ਉਸ ਉਤੇ ਪੈਨਸਿਲ ਨਾਲ ਕੁਝ ਲਿਖ ਲਿਆ। ਅਤੇ ਫਿਰ ਘੜੀ ਵੱਲ ਵੇਖਿਆ।

"ਸਰਕਾਰ ਆਪਣੇ ਵਲੋਂ ਜੋ ਕਾਰਵਾਈ ਕਰ ਸਕਦੀ ਹੈ, ਜ਼ਰੂਰ ਕਰੇਗੀ।” ਰਿਚਰਡ ਨੇ ਹੌਸਲਾ ਦੇਣ ਦੇ ਲਹਿਜੇ ਵਿਚ ਕਿਹਾ, ‘‘ਪਰ ਤੁਸੀਂ ਲੋਕ ਸ਼ਹਿਰ ਦੇ ਨੇਤਾ ਹੋ। ਲੋਕ ਤੁਹਾਡੀ ਗੱਲ ਜ਼ਰੂਰ ਸੁਣਨਗੇ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਲੋਕਾਂ ਨੂੰ ਅਪੀਲ ਕਰੋ ਕਿ ਉਹ ਅਮਨ ਕਾਇਆ ਰੱਖਣ।”

ਦੋ ਤਿੰਨ ਸਿਰ ਫੌਰਨ ਹਿਲਣ ਲੱਗੇ। ਸਾਹਿਬ ਠੀਕ ਕਹਿੰਦੇ ਹਨ। ਰਿਚਰਡ ਕਹੀ ਜਾ ਰਿਹਾ ਸੀ :

"ਮੁਸਲਮ ਲੀਗ ਅਤੇ ਕਾਂਗਰਸ ਦੋਹਾਂ ਦੇ ਲੀਡਰ ਇਥੇ ਮੌਜੂਦ ਹਨ। ਤੁਸੀਂ ਸਰਦਾਰ ਜੀ ਨੂੰ ਨਾਲ ਲੈ ਲਓ ਅਤੇ ਮਿਲ ਕੇ ਅਮਨ ਕਮੇਟੀ ਬਣਾਓ ਅਤੇ ਕੰਮ ਸ਼ੁਰੂ ਕਰ ਦਿਓ। ਸਰਕਾਰ ਤੁਹਾਡੀ ਹਰ ਤਰ੍ਹਾਂ ਨਾਲ ਸਹਾਇਤਾ ਕਰੇਗੀ ----"

"ਉਹ ਤਾਂ ਅਸੀਂ ਕਰਾਂਗੇ ਹੀ।" ਬਖਸ਼ੀ ਜੀ ਫਿਰ ਉਤੇਜਿਤ ਆਵਾਜ਼ ਵਿਚ ਬੋਲੇ, "ਪਰ ਇਸ ਵੇਲੇ ਹਾਲਤ ਨਾਜ਼ੁਕ ਹੈ। ਜੇ ਵੱਢ-ਕੱਟ ਸ਼ੁਰੂ ਹੋ ਗਈ ਤਾਂ ਉਸਨੂੰ ਸੰਭਾਲਣਾ ਮੁਸ਼ਕਲ ਹੋਵੇਗਾ। ਜੇ ਇਕ ਹਵਾਈ ਜਹਾਜ਼ ਹੀ ਸ਼ਹਿਰ ਉਤੋਂ ਉੱਡ ਜਾਵੇ ਤਾਂ ਲੋਕਾਂ ਨੂੰ ਕੰਨ ਹੋ ਜਾਣਗੇ ਕਿ ਸਰਕਾਰ ਸੁਚੇਤ ਹੈ। ਫ਼ਸਾਦ ਨੂੰ ਰੋਕਣ ਲਈ ਇੰਨਾ ਹੀ ਕਾਫ਼ੀ ਹੋਵੇਗਾ।"

ਰਿਚਰਡ ਨੇ ਫਿਰ ਸਿਰ ਹਿਲਾ ਦਿੱਤਾ, ਮੁਸਕਰਾਇਆ ਅਤੇ ਕਾਗਜ਼ ਤੇ ਪੈਨਸਿਲ ਨਾਲ ਕੁਝ ਲਿਖ ਲਿਆ।

"ਹਵਾਈ ਜਹਾਜ਼ਾਂ ਦਾ ਮਹਿਕਮਾ ਵੀ ਮੇਰੇ ਅਧੀਨ ਨਹੀਂ ਹੈ? ਰਿਚਰਡ ਨੇ ਮੁਸਕਰਾ ਕੇ ਕਿਹਾ।

"ਤੁਹਾਡੇ ਅਧੀਨ ਸਭ ਕੁਝ ਹੋ ਸਾਹਿਬ, ਜੋ ਤੁਸੀਂ ਕੁਝ ਕਰਨਾ ਚਾਹੋ ਤਾਂ।" ਇੰਨਾ ਚੁਪ ਰਹਿਣਾ ਵੀ ਠੀਕ ਨਹੀਂ ਹੈ, ਰਿਚਰਡ ਨੇ ਸੋਚਿਆ, ਇਹ ਆਦਮੀ ਵੱਧਦਾ ਹੀ ਜਾ ਰਿਹਾ ਹੈ।"

"ਅਸਲ ਵਿਚ ਤੁਹਾਡਾ ਮੇਰੇ ਕੋਲ ਸ਼ਕਾਇਤ ਲੈਕੇ ਆਉਣਾ ਹੀ ਗਲਤ ਸੀ। ਤੁਹਾਨੂੰ ਤਾਂ ਪੰਡਿਤ ਨਹਿਰੂ ਜਾਂ ਡੀਫੈਂਸ ਮਨਿਸਟਰ ਸ: ਬਲਦੇਵ ਸਿੰਘ ਕੋਲ ਜਾਣਾ ਚਾਹੀਦਾ ਸੀ। ਸਰਕਾਰ ਦੀ ਵਾਗ ਡੋਰ ਤਾਂ ਉਨ੍ਹਾਂ ਦੇ ਹੱਥ ਵਿਚ ਹੈ।" ਇਹ ਕਹਿੰਦੇ ਹੀ ਉਹ ਹੱਸ ਪਿਆ।

ਡਿਪਟੀ ਕਮਿਸ਼ਨਰ ਦਾ ਰੁਖ ਵੇਖ ਕੇ ਬਾਕੀ ਲੋਕ ਚੁੱਪ ਹੋ ਗਏ। ਪਰ ਬਖਸ਼ੀ ਜੀ ਫਿਰ ਉਤੇਜਿਤ ਹੋ ਕੇ ਬੋਲੇ :

"ਸਾਨੂੰ ਖ਼ਬਰ ਮਿਲੀ ਹੈ ਕਿ ਹੁਣੇ ਅੱਧਾ ਘੰਟਾ ਪਹਿਲਾਂ, ਤੁਹਾਡੇ ਅੰਗਰੇਜ਼ ਪੁਲਿਸ ਅਫ਼ਸਰ ਰਾਬਰਟ ਸਾਹਿਬ ਨੇ ਜਬਰਦਸਤੀ ਇਕ ਮੁਸਲਮਾਨ ਪਰਿਵਾਰ ਨੂੰ ਇਕ ਘਰ ਵਿਚੋਂ ਕੱਢਿਆ ਹੈ। ਇਸ ਨਾਲ ਸਾਰੇ ਇਲਾਕੇ ਵਿਚ ਤਨਾਓ ਵੱਧ ਗਿਆ ਹੈ। ਕਿਉਂਕਿ ਉਹ ਮੁਸਲਮਾਨ ਇਕ ਹਿੰਦੂ ਮਾਲਕ ਮਕਾਨ ਦਾ ਕਿਰਾਏਦਾਰ ਸੀ। ਮੈਂ ਸੋਚਦਾ ਹਾਂ ਸ਼ਹਿਰ ਦੀ ਹਾਲਤ ਨੂੰ ਵੇਖਦੇ ਹੋਏ ਇਸ ਤਰ੍ਹਾਂ ਦੀ ਕਾਰਵਾਈ ਅੱਗੇ ਪਾਈ ਜਾ ਸਕਦੀ ਸੀ।"

"ਰਿਚਰਡ ਨੂੰ ਇਸ ਘਟਨਾ ਬਾਰੇ ਪਤਾ ਸੀ, ਸਗੋਂ ਪੁਲਸ ਅਫ਼ਸਰ ਨੇ ਕਾਰਵਾਈ ਕਰਨ ਤੋਂ ਪਹਿਲਾਂ ਰਿਚਰਡ ਦੀ ਸਲਾਹ ਵੀ ਲਈ ਸੀ। ਅਤੇ ਰਿਚਰਡ ਨੇ ਇਹ ਕਹਿ ਦਿੱਤਾ ਸੀ, ਕੋਰਟ ਦੇ ਫੈਸਲੇ ਤੇ ਅਮਲ ਕਰਨਾ ਇਕ ਸਾਧਾਰਨ ਕਾਰਵਾਈ ਹੈ, ਇਸ ਨੂੰ ਅੱਗੇ ਪਾਉਣ ਵੀ ਕੋਈ ਤੁੱਕ ਨਹੀਂ। ਪਰ ਉਸਨੇ ਸਿਸਟ ਮੰਡਲ ਦੇ ਮੈਂਬਰਾਂ ਤੇ ਜ਼ਾਹਿਰ ਨਹੀਂ ਹੋਣ ਦਿੱਤਾ ਕਿ ਇਸ ਘਟਨਾ ਬਾਰੇ ਵੀ ਕੁਝ ਜਾਣਦਾ ਹੈ। ਪੈਨਸਿਲ ਨਾਲ ਕਾਗਜ ਤੇ ਕੁਝ ਲਿਖਦੇ ਰਹਿਣ ਪਿਛੋਂ ਉਸਨੇ ਕਿਹਾ :

''ਮੈਂ ਪਤਾ ਕਰਾਂਗਾ" ਅਤੇ ਫਿਰ ਘੜੀ ਵੱਲ ਵੇਖਿਆ।

ਇਸ ਤੇ ਹਰਬਟ ਜੋ ਵੱਡੀ ਉਮਰ ਦਾ ਅਮਰੀਕੀ ਪਾਦਰੀ ਅਤੇ ਸਥਾਨੀ ਮਿਸ਼ਨ ਕਾਲਜ ਦਾ ਪ੍ਰਿੰਸੀਪਲ ਸੀ, ਧੀਮੀ ਆਵਾਜ਼ ਵਿਚ ਬੋਲਿਆ :

"ਸ਼ਹਿਰ ਦੀ ਹਿਫਾਜ਼ਤ ਦਾ ਸਵਾਲ ਹੈ, ਰਾਜਨੈਤਿਕ ਸਵਾਲ ਨਹੀਂ ਹੈ, ਇਹ ਰਾਜਨੀਤਿਕ ਪਾਰਟੀਆਂ ਤੋਂ ਉਪਰ ਦਾ ਸਵਾਲ ਹੈ, ਸ਼ਹਿਰ ਦੇ ਸਭ ਲੋਕਾਂ ਦਾ, ਨਾਗਰਿਕਾਂ ਦਾ ਸਵਾਲ ਹੈ। ਇਸ ਵਿਚ ਆਪਣੀਆਂ ਆਪਣੀਆਂ ਪਾਰਟੀਆਂ ਨੂੰ ਭੁੱਲ ਜਾਣਾ ਹੋਵੇਗਾ। ਸਰਕਾਰ ਦਾ ਵੀ ਰੋਲ ਇਸ ਵਿਚ ਬਹੁਤ ਵੱਡਾ ਹੈ। ਸਾਨੂੰ ਸਭ ਨੂੰ ਮਿਲਕੇ ਸ਼ਹਿਰ ਦੀ ਸਥਿਤੀ ਨੂੰ ਸੰਭਾਲ ਲੈਣਾ ਚਾਹੀਦਾ ਹੈ। ਸਾਨੂੰ ਇਸੇ ਵੇਲੇ ਸ਼ਹਿਰ ਦਾ ਦੌਰਾ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ, ਉਨ੍ਹਾਂ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਆਪਸ ਵਿਚ ਨਾ ਲੜਨ।"

ਰਿਚਰਡ ਨੇ ਫੋਰਨ ਇਸ ਸੁਝਾਓ ਦਾ ਸਮਰੱਥਨ ਕਰਦੇ ਹੋਏ ਇਸ ਨੂੰ ਹੋਰ ਜ਼ਿਆਦਾ ਠੋਸ ਰੂਪ ਵਿਚ ਪੇਸ਼ ਕੀਤਾ

"ਮੇਰਾ ਸੁਝਾਓ ਹੈ ਕਿ ਇਕ ਬੱਸ ਲੈ ਲਈ ਜਾਵੇ ਅਤੇ ਉਸ ਉਤੇ ਲਾਉਡ ਸਪੀਕਰ ਲਾ ਦਿੱਤਾ ਜਾਵੇ। ਤੁਸੀਂ ਲੋਕ ਉਸ ਵਿਚ ਬੈਠ ਜਾਓ ਅਤੇ ਸ਼ਹਿਰ ਭਰ ਵਿਚ ਘੁੰਮ ਕੇ ਲੋਕਾਂ ਤਕ ਆਪਣੀ ਆਵਾਜ਼ ਪਹੁੰਚਾਓ।"

ਰਿਚਰਡ ਦੇ ਮੂੰਹੋਂ ਇਹ ਗੱਲ ਨਿਕਲਣ ਦੀ ਦੇਰ ਸੀ ਕਿ ਬਾਹਰ ਬਗੀਚੇ ਵਲੋਂ ਭਾਂਤ ਭਾਂਤ ਦੀਆਂ ਘਬਰਾਹਟ ਭਰੀਆਂ ਅਵਾਜ਼ਾਂ ਆਉਣ ਲੱਗੀਆਂ।

"ਪੁਲ ਦੇ ਪਾਰ ਇਕ ਹਿੰਦੂ ਨੂੰ ਕਤਲ ਕਰ ਦਿੱਤਾ ਗਿਆ ਹੈ," ਬਾਹਰ ਬੈਠੇ ਚਪੜਾਸੀ ਨੂੰ ਕੋਈ ਆਦਮੀ ਕਹਿ ਰਿਹਾ ਸੀ। ''ਸਭ ਬਜ਼ਾਰ ਬੰਦ ਹੋ ਗਏ ਹਨ।"

ਸਿਸ਼ਟ ਮੰਡਲ ਦੇ ਮੈਂਬਰਾਂ ਦੇ ਕੰਨ ਖੜੇ ਹੋ ਗਏ। ਡਿਪਟੀ ਕਮਿਸ਼ਨਰ ਦਾ ਬੰਗਲਾ ਸ਼ਹਿਰ ਤੋਂ ਬਹੁਤ ਦੂਰ ਸੀ। ਜੇ ਸਚਮੁੱਚ ਫ਼ਸਾਦ ਛਿੜ ਗਿਆ ਹੈ ਤਾਂ ਉਨ੍ਹਾਂ ਲਈ ਆਪਣੇ ਆਪਣੇ ਘਰ ਪਹੁੰਚਣਾ ਅਸੰਭਵ ਹੋ ਜਾਵੇਗਾ। ਤਦੇ ਦੂਰ ਬੰਗਲੇ ਤੋਂ ਪਾਰ ਕਿਸੇ ਟਾਂਗੇ ਦੇ ਸਰਪਟ ਦੌੜਨ ਦੀ ਆਵਾਜ਼ ਆਈ। ਸੜਕ ਤੇ ਕਿਸੇ ਦੇ ਭੱਜਦੇ ਕਦਮਾਂ ਦੀ ਵੀ ਅਵਾਜ਼ ਆਈ।

"ਲੱਗਦਾ ਹੈ ਸ਼ਹਿਰ ਵਿਚ ਗੜਬੜ ਸ਼ੁਰੂ ਹੋ ਗਈ।" ਲਕਸ਼ਮੀ ਨਾਰਾਇਨ ਨੇ ਘਬਰਾ ਕੇ ਕਿਹਾ, ਅਤੇ ਉਠ ਖੜਾ ਹੋਇਆ।

''ਜੋ ਵੀ ਹੈ ਸਕਿਆ, ਕੀਤਾ ਜਾਵੇਗਾ" ਰਿਚਰਡ ਨੇ ਕਿਹਾ।

"ਗੜਬੜ ਸ਼ੁਰੂ ਹੋ ਗਈ ਹੈ, ਤਾਂ ਬੁਰੀ ਗੱਲ ਹੈ।" ਇਕ ਇਕ ਕਰਕੇ ਸਭ ਮੈਂਬਰ ਉਠ ਖਲਤੋ, ਅਤੇ ਚਿਕ ਚੁੱਕ ਕੇ ਬਾਹਰ ਆਉਣ ਲੱਗ। ਡਿਪਟੀ ਕਮਿਸ਼ਨਰ ਵੀ ਦਰਵਾਜ਼ੇ ਤਕ ਉਨ੍ਹਾਂ ਦੇ ਨਾਲ ਆਇਆ।

"ਤੁਹਾਨੂੰ ਭੋਜਣ ਦਾ ਇੰਤਜਾਮ ਅਸੀਂ ਕਰਾਂਗੇ। ਪੁਲਸ ਦੇ ਕੁਝ ਸਿਪਾਹੀ ਤੁਹਾਡੇ ਨਾਲ ਜਾਣਗੇ।" ਰਿਚਰਡ ਨੇ ਕਿਹਾ ਅਤੇ ਮੇਜ਼ ਤੇ ਰੱਖੇ ਟੈਲੀਫੋਨ ਵੱਲ ਮੁੜਿਆ।

''ਤੁਸੀਂ ਸਾਡੀ ਚਿੰਤਾ ਨਾ ਕਰੋ, ਜ਼ਰੂਰੀ ਇਹ ਹੈ ਕਿ ਸ਼ਹਿਰ ਵਿਚ ਗੜਬੜ ਨਾ ਹੋਵੇ।" ਬਖਸ਼ੀ ਜੀ ਨੇ ਬਾਹਰ ਆਉਂਦਿਆਂ ਕਿਹਾ, 'ਅਜੇ ਵੀ ਵੇਲਾ ਹੈ, ਤੁਸੀਂ ਕਰਵਿਊ ਲੱਗਾ ਦਿਓ।"

ਸਾਹਿਬ ਨੇ ਮੁਸਕਰਾ ਕੇ ਸਿਰ ਹਿਲਾ ਦਿੱਤਾ।

ਬੰਗਲੇ ਵਿਚੋਂ ਨਿਕਲਦ ਹੀ ਸਿਸ਼ਟ ਮੰਡਲ ਦੇ ਮੈਂਬਰਾਂ ਦੇ ਦਿਮਾਗ ਵਿਚ ਜਿਵੇਂ ਧੂੜ ਉਡਣ ਲੱਗੀ। ਫਾਟਕ ਪਾਰ ਕਰਦੇ ਹੀ ਉਨ੍ਹਾਂ ਇਕ ਦੂਸਰੇ ਨਾਲ ਬੋਲਣਾ ਬੰਦ ਕਰ ਦਿੱਤਾ ਸੀ। ਕੁਝ ਦੂਰੀ ਤਕ ਉਹ ਇਕੱਠੇ ਚਲਦੇ ਗਏ, ਫਿਰ ਅਚਾਨਕ ਲਕਸ਼ਮੀ ਨਰਾਇਣ ਤੇ ਸਰਦਾਰ ਜੀ ਸੜਕ ਪਾਰ ਕਰਨ ਲੱਗੇ। ਲਕਸ਼ਮੀ ਨਾਰਾਇਣ ਨੇ ਸਿਰ ਤੋਂ ਪਗੜੀ ਲਾਹ ਕੇ ਕੱਛ ਵਿਚ ਮਾਰ ਲਈ ਅਤੇ ਭੱਜਦਾ ਹੋਇਆ ਸੜਕ ਪਾਰ ਕਰਨ ਲੱਗਾ।

ਬੰਗਲੇ ਤੋਂ ਬਾਹਰ ਸੜਕ ਉਤੇ ਪਹੁੰਚਣ ਤੇ ਸੱਜੇ ਹੱਥ ਢਲਾਣ ਪੈਂਦੀ ਸੀ ਜੋ ਸਿੱਧੀ ਉਸ ਪੁਲ ਤਕ ਚਲੀ ਗਈ ਸੀ ਜੋ ਸ਼ਹਿਰ ਨੂੰ ਛਾਉਣੀ ਤੋਂ ਅਲੱਗ ਕਰਦਾ ਸੀ।

ਹਰਬਟ ਆਪਣੀ ਸਾਈਕਲ ਤੇ ਆਇਆ ਸੀ। ਬਜ਼ੁਰਗ ਆਦਮੀ ਹੁਣ ਵੀ ਸਾਈਕਲ ਚਲਾਉਂਦਾ ਸੀ। ਉਹ ਹੌਲੀ ਹੌਲੀ ਸਾਈਕਲ ਚਲਾਉਂਦਾ ਹੋਇਆ ਢਲਾਣ ਉਤਰ ਗਿਆ। ਇਕ ਵਾਰ ਉਸਦੇ ਮਨ ਵਿਚ ਆਇਆ ਕਿ ਪੁਛੇ ਕਿ ਅਮਨ ਕਮੇਟੀ ਦੀ ਮੀਟਿੰਗ ਕਦੋਂ ਤੇ ਕਿਥੇ ਹੋਵੇਗੀ, ਪਰ ਇਹਨਾਂ ਲੋਕਾਂ ਨੂੰ ਘਬਰਾਇਆ ਵੇਖ ਕੇ ਚੁੱਪ ਹੋ ਗਿਆ। ਜੇ ਫ਼ਸਾਦ ਛਿੜ ਪਿਆ ਤਾਂ ਮੀਟਿੰਗ ਹੁਣ ਕੀ ਹੋਵੇਗੀ?

ਹਯਾਤ ਬਖਸ ਭੱਜ ਨਹੀਂ ਰਿਹਾ ਸੀ, ਉਹ ਕੇਵਲ ਤੇਜ ਤੇਜ਼ ਚੱਲ ਰਿਹਾ ਸੀ ਅਤੇ ਵਾਰ ਵਾਰ ਪਿੱਛੇ ਵੱਲ ਘੁੰਮ ਕੇ ਵੇਖ ਰਿਹਾ ਸੀ। ਪਿਛੇ ਵੱਲ ਲੱਗਭਗ ਸਭ ਘੁੰਮ ਕੇ ਵੇਖ ਰਹੇ ਸਨ

“ਕੋਈ ਗੱਲ ਨਹੀਂ, ਆਰਾਮ ਨਾਲ ਚਲੋ, ਇਲਾਕਾ ਮੁਸਲਮਾਨੀ ਹੈ।" ਉਸ ਨੇ ਦਿਲ ਵਿਚ ਕਿਹਾ। ਸੜਕ ਪਾਰ ਸਰਦਾਰ ਜੀ ਕਦਮ ਵਧਾਉਂਦੇ ਹੋਏ ਅੱਗੇ ਨਿਕਲ ਗਏ। ਉਨ੍ਹਾਂ ਤੋਂ ਪਿਛੇ ਲਗਭਗ ਚਾਰ ਗਜ਼ ਦੀ ਦੂਰੀ ਤੇ ਲਕਸ਼ਮੀ ਨਰਾਇਣ ਤੁਰਿਆ ਆਉਂਦਾ ਸੀ। ਦੇਹ ਭਾਰੀ ਹੋਣ ਕਾਰਣ ਉਸ ਲਈ ਤੇਜ਼ ਚਲਣਾ ਮੁਸ਼ਕਲ ਹੋ ਰਿਹਾ ਸੀ। ਉਹ ਵਾਰ ਵਾਰ ਰੁਮਾਲ ਨਾਲ ਆਪਣੀ ਧੌਣ ਪੂੰਝ ਰਿਹਾ ਸੀ। ਬਖਸ਼ੀ ਅਤੇ ਮਹਿਤਾ ਕੁਝ ਦੇਰ ਤਕ ਗੇਟ ਕੋਲ ਠਿਠਕੇ ਖਲੋਤੇ ਰਹੇ, ਫਿਰ ਉਹ ਵੀ ਢਲਾਣ ਉਤਰਨ ਲੱਗੇ।

“ਆਓ ਟਾਂਗਾ ਕਰ ਲਈਏ, ਪੈਦਲ ਪਹੁੰਚਣ ਵਿਚ ਦੇਰ ਲਗੇਗੀ।" ਮਹਿਤੇ ਨੇ ਕਿਹਾ। ਬਖਸ਼ੀ ਰੁਕ ਗਿਆ। ਇਕ ਟਾਂਗਾ ਪਿਛੋਂ ਆ ਰਿਹਾ ਸੀ। ਮਹਿਤੇ ਨੇ ਘੋੜੇ ਦੀ ਟਾਪ ਸੁਣੀ ਤੇ ਸੜਕ ਕੰਢੇ ਖਲੋ ਗਿਆ ਅਤੇ ਹੱਥ ਹਿਲਾ ਹਿਲਾ ਕੇ ਉਸ ਨੂੰ ਰੁਕ ਜਾਣ ਲਈ ਕਹਿਣ ਲੱਗਾ।

"ਕਿਥੇ ਜਾਣਾ ਏ ?” ਕਾਲੇ ਰੰਗ ਦੇ ਛੋਟੀ ਉਮਰ ਦੇ ਟਾਂਗੇ ਵਾਲੇ ਨੇ ਘੋੜੇ ਦੀ ਵਾਗ ਖਿਚਦਿਆਂ ਹੋਇਆਂ ਪੁਛਿਆ।

"ਅੱਡੇ ਤਕ ਲੈ ਚਲ।”

"ਦੋ ਰੁਪਏ ਲੱਗਣਗੇ।”

"ਕਿਸ ਗੱਲ ਦੇ ਦੋ ਰੁਪਏ ! ਮਜ਼ਾਕ ਏ ?” ਪੁਰਾਣੀ ਆਦਤ ਵਜੋਂ ਬਖਸ਼ੀ ਜੀ ਨੇ ਕਿਹਾ। ਟਾਂਗਾ ਚੱਲ ਪੈਣ ਲੱਗਾ।

"ਬੈਠੋ, ਬੈਠੋ, ਬਖਸ਼ੀ ਜੀ, ਜੋ ਮੰਗਦਾ ਹੈ, ਦਿਉ। ਇਹ ਵੇਲਾ ਸੌਦਾ ਕਰਨ ਦਾ ਨਹੀਂ ਹੈ, ਚਲੋ ਬੈਠੋ।" ਅਤੇ ਮਹਿਤਾ ਜੀ ਪਿਛਲੀ ਸੀਟ ਤੇ ਬਹਿ ਗਏ। 'ਛੇਤੀ ਤੋਂ ਛੇਤੀ ਸ਼ਹਿਰ ਪਹੁੰਚੋ।"

ਉਨ੍ਹਾਂ ਨੂੰ ਟਾਂਗੇ ਤੇ ਚੜ੍ਹਦੇ ਵੇਖ ਲਕਸ਼ਮੀ ਨਾਰਾਇਣ ਵੀ ਮੁੜ ਕੇ ਉਨ੍ਹਾਂ ਵੱਲ ਜਾਣ ਲੱਗਾ ਪਰ ਟਾਂਗਾ ਚੱਲ ਪਿਆ ਸੀ। ਲਕਸ਼ਮੀ ਨਰਾਇਣ ਸੜਕ ਦੇ ਵਿਚਕਾਰ ਖਲੋਤਾ ਉਹਨਾਂ ਨੂੰ ਵੇਖਦਾ ਰਹਿ ਗਿਆ।

"ਹਿੰਦੂ, ਹਿੰਦੂਆਂ ਨਾਲ ਅਜਿਹਾ ਹੀ ਸਲੂਕ ਕਰਨਗੇ। ਪ੍ਰਾਚੀਨ ਕਾਲ ਤੋਂ ਇਹੋ ਕੁਝ ਹੁੰਦਾ ਆ ਰਿਹਾ ਹੈ, ਵਾਹ ਉਏ, ਹਿੰਦੂਓ !!"

ਲਕਸ਼ਮੀ ਨਾਰਾਇਣ ਨੇ ਗੁੱਸੇ ਨਾਲ ਦਿਲ ਵਿਚ ਕਿਹਾ। ਅਤੇ ਸੋਟੀ ਠਕੋਰਦਾ ਉਨ੍ਹੀ ਪੈਰੀਂ ਪਟੜੀ ਵੱਲ ਵਾਪਿਸ ਪਰਤ ਆਇਆ।

ਇਸ ਸਮੇਂ ਬਾਕੀ ਤਿੰਨ ਆਦਮੀ ਇਕ ਦੂਸਰੇ ਤੋਂ ਕਾਫੀ ਦੂਰੀ ਤੇ ਢਲਾਣ ਉਤਰ ਰਹੇ ਸਨ। ਲਕਸ਼ਮੀ ਨਾਰਾਇਣ ਤੋਂ ਥੋੜ੍ਹਾ ਅੱਗੇ ਹਕੀਮ ਅਬਦੁਲ ਗਨੀ ਸਨ, ਜੋ ਕਾਂਗਰਸ ਕਮੇਟੀ ਅਹੁਦੇਦਾਰ ਤੇ ਪੁਰਾਣੇ ਕਾਰਜ ਕਰਤਾ ਸਨ। ਉਨ੍ਹਾਂ ਤੋਂ ਅੱਗੇ ਸਰਦਾਰ ਜੀ ਸਨ ਅਤੇ ਸਭ ਦੇ ਅੱਗੇ ਹਯਾਤ ਬਖਸ਼। ਹਯਾਤ ਬਖਸ਼ ਨੇ ਕੋਟ ਲਾਹ ਕੇ ਮੋਢਿਆਂ ਤੋਂ ਪਾ ਲਿਆ ਸੀ।

ਟਾਂਗੇ ਵਿਚ ਬੈਠਦੇ ਹੀ ਬਖਸ਼ੀ ਜੀ ਨੇ ਕਿਹਾ, "ਕੁਝ ਲੋਕਾਂ ਨੂੰ ਟਾਂਗੇ ਵਿਚ ਬਿਠਾ ਲਓ।"

"ਕਿਸੇ ਨੂੰ ਨਾ ਬਿਠਾਓ ਬਖਸ਼ੀ ਜੀ, ਇਥੋਂ ਖੱਬੇ ਹੱਥ ਨਿਕਲ ਚਲੋ, ਉਹ ਆਪਣਾ ਇੰਤਜ਼ਾਮ ਕਰ ਲੈਣਗੇ।" ਮਹਿਤਾ ਬੋਲਿਆ ਫਿਰ ਤਰਕ ਦੇਣ ਦੀ ਕੋਸ਼ਿਸ਼ ਕਰਨ ਲੱਗਾ, "ਕਿਸ ਨੂੰ ਬਿਠਾਓਗੇ।"

ਬਖਸ਼ੀ ਜੀ ਨੂੰ ਲੱਗਿਆ ਜਿਵੇਂ ਟਾਂਗੇ ਵਿਚ ਬੈਠਕੇ ਉਹ ਕੋਈ ਗਲਤੀ ਕਰ ਬੈਠੇ ਹਨ। ਉਨਾਂ ਨੂੰ ਮਹਿਤਾ ਜੀ ਤੇ ਖਿੱਝ ਚੜੀ, ਆਪਣੇ ਆਪ ਤੇ ਖਿੱਝ ਚੜੀ ਕਿ

ਕਿਉਂ ਉਹ ਮਹਿਤਾ ਅਤੇ ਹੋਰ ਲੋਕਾਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ, ਇਥੇ ਇਕੱਠੇ ਆਏ ਸਾਂ, ਇਕੱਠੇ ਹੀ ਜਾਣਾ ਚਾਹੀਦਾ ਸੀ, ਪਰ ਫਿਰ ਵੀ ਉਹ ਬੈਠੇ ਰਹੇ।

ਟਾਂਗਾ ਜਦ ਹਯਾਤ ਬਖਸ਼ ਕੋਲੋਂ ਲੰਘਿਆ ਤਾਂ ਉਹ ਹੱਸ ਕੇ ਬੋਲਿਆ :

"ਭੱਜਦੇ ਓ ਕਰਾੜੋ ! ਪਹਿਲਾਂ ਇਸ਼ਤਿਆਲ ਦਿੰਦੇ ਹੋ ਪਿਛੋਂ ਭੱਜਦੇ ਹੋ।"

ਬਖਸ਼ੀ ਜੀ ਨਾਲ ਉਹ ਕਾਫੀ ਖੁਲ੍ਹ ਕੇ ਗੱਲ ਕਰਦਾ ਸੀ। ਇਸੇ ਸ਼ਹਿਰ ਵਿਚ ਦੋਵੇਂ ਵੀ ਹੋਏ ਸਨ, ਅਲੱਗ ਅਲੱਗ ਰਾਜਨੀਤੀ ਦੇ ਬਾਵਜੂਦ ਉਹ ਇਕ ਦੂਸਰੇ ਨੂੰ ਹੱਸ ਕੇ ਮਿਲਦੇ ਸਨ। ਦੋਹਾਂ ਦਾ ਆਪਸ ਵਿਚ ਮਜ਼ਾਕ ਚਲਦਾ ਸੀ।

ਹਯਾਤ ਬਖਸ਼ ਨੇ ਘੁੰਮ ਕੇ ਪਿਛੇ ਵੇਖਿਆ, ਆਪਣੇ ਪਿਛੇ ਸਰਦਾਰ ਬਿਸ਼ਨ ਸਿੰਘ ਨੂੰ ਆਉਣਾ ਵੇਖ ਕੇ ਬੋਲਿਆ :

''ਬਖਸ਼ੀ ਜੀ ਤਾਂ ਦੌੜ ਗਏ ! ਅਮਨ ਕਰਵਾਉਣ ਤੁਰੇ ਸੀ ! ਇਹ ਖਸੀਅਤ ਹੈ ਇਹ ਲੋਕਾਂ ਦੀ!"

ਪਰ ਸਰਦਾਰ ਬਿਸ਼ਨ ਸਿੰਘ ਚੁੱਪ ਰਿਹਾ। ਸਿਰ ਨੀਵਾਂ ਪਾਈ ਤੁਰਦਾ ਗਿਆ।

ਸਭ ਤੋਂ ਪਿਛੇ ਆ ਰਹੇ ਲਕਸ਼ਮੀ ਨਾਰਾਇਣ ਦੀ ਇੱਛਾ ਹੋਈ ਕਿ ਅੱਗੇ ਵੱਧ ਕੇ ਜਿਵੇਂ ਵੀ ਹੋਵੇ ਹਯਾਤ ਬਖਸ਼ ਦੇ ਨਾਲ ਨਾਲ ਚਲੇ। ਇਹ ਇਲਾਕਾ ਮੁਸਲਮਾਨੀ ਸੀ ਅਤੇ ਮੁਸਲਮਾਨ ਨਾਲ ਤੁਰਦੇ ਹੋਏ ਉਹ ਬਿਨਾਂ ਖਤਰੇ ਦੇ ਇਲਾਕਾ ਪਾਰ ਕਰ ਜਾਣਗੇ। ਹਯਾਰ ਬਖਸ਼ ਨੂੰ ਜਾਣਦੇ ਵੀ ਸਭ ਲੋਕ ਹਨ।

“ਠਹਿਰੋ ਜੀ ਅਜਿਹੀ ਵੀ ਜਲਦੀ ਕੀ ਹੈ।” ਉਸ ਨੇ ਉੱਚੀ ਆਵਾਜ਼ ਵਿਚ ਕਿਹਾ।

ਉਸ ਦੀ ਆਵਾਜ਼ ਸੁਣ ਕੇ ਤਿੰਨੇ ਆਦਮੀ ਆਪਣੀ ਆਪਣੀ ਥਾਂ ਤੇ ਰੁਕ ਗਏ, ਪਰ ਲਕਸ਼ਮੀ ਨਾਰਾਇਣ ਸਿੱਧਾ ਅੱਗੇ ਨਿਕਲ ਕੇ ਹਯਾਤ ਬਖਸ਼ ਤਕ ਜਾ ਪਹੁੰਚਿਆ।

"ਬਹੁਤ ਬੁਰੀ ਗੱਲ ਹੋਵੇਗੀ ਜੇ ਸ਼ਹਿਰ ਵਿਚ ਗੜਬੜ ਹੋ ਗਈ" ਉਸ ਨੇ ਕਿਹਾ ਅਤੇ ਹਯਾਤ ਬਖਸ਼ ਲਕਸ਼ਮੀ ਨਾਰਾਇਣ ਦਾ ਇਰਾਦਾ ਸਮਝ ਗਿਆ ਸੀ ਅਤੇ ਇਸ ਵਿਚ ਹਯਾਤ ਬਖਸ਼ ਦਾ ਆਪਣਾ ਹਿੱਤ ਵੀ ਸੀ ਕਿਉਂਕਿ ਪੁਲ ਪਾਰ ਕਰਨ ਪਿਛੋਂ ਥੋੜੀ ਦੂਰ ਅੱਗੇ ਜਾਣ ਕੇ ਹਿੰਦੂਆਂ ਦਾ ਮੁਹੱਲਾ ਸ਼ੁਰੂ ਹੋ ਜਾਂਦਾ ਸੀ ਅਤੇ ਹਯਾਤ ਬਖਬ ਦਾ ਘਰ ਉਸ ਤੋਂ ਵੀ ਅੱਗੇ ਸੀ। ਲਕਸ਼ਮੀ ਨਾਰਾਇਣ ਨਾਲ ਹੋਵੇਗਾ ਤਾਂ ਹਿੰਦੂਆਂ ਦਾ ਮੁਹੱਲਾ ਉਹ ਪਾਰ ਕਰਵਾ ਦੇਵੇਗਾ। ਉਂਜ ਹਯਾਤਬਖਸ਼ ਵੀ ਜਾਣਦਾ ਸੀ ਕਿ ਡਰ ਖਤਰੇ ਵਾਲੀ ਕੋਈ ਗੱਲ ਨਹੀਂ ਸੀ। ਸਭ ਲੋਕ ਸ਼ਹਿਰ ਦੇ ਮੰਨੇ-ਪ੍ਰਮੰਨੇ ਬਜ਼ੁਰਗ ਸਨ, ਕੋਈ ਉਨ੍ਹਾਂ ਤੋਂ ਆਸਾਨੀ ਨਾਲ ਹੱਥ ਨਹੀਂ ਚੁੱਕ ਸਕਦਾ ਸੀ।

ਟਾਂਗੇ ਵਿਚ ਬੈਠੇ ਬਖਸ਼ੀ ਜੀ ਬੜੇ ਦੁਖੀ ਤੇ ਘਬਰਾਏ ਹੋਏ ਸਨ। ਜਦ ਵੀ ਕਿਸੇ ਪ੍ਰਕਾਰ ਦੇ ਸੰਕਟ ਦੀ ਸਥਿਤੀ ਹੁੰਦੀ ਤਾਂ ਉਹ ਬੁੜਬੜਾਉਂਦੇ, ਸਾਥੀਆਂ ਨਾਲ ਖਿੱਝ ਕੇ ਬੋਲਦੇ, ਉਨ੍ਹਾਂ ਦਾ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਸੀ, ਭਾਵਨਾਵਾਂ ਦੇ ਰੋਲ ਦੇ ਸਾਹਮਣੇ ਸਭ ਕੁਝ ਢਹਿ ਜਾਂਦਾ ਸੀ।

"ਗਿਰਝਾਂ ਉਡਣਗੀਆਂ ਮਹਿਤਾ ਜੀ, ਸ਼ਹਿਰ ਤੇ ਗਿਰਝਾਂ ਉਡਣਗੀਆਂ।" ਉਨ੍ਹਾਂ ਨੇ ਫਿਰ ਕਿਹਾ ਅਤੇ ਟਾਂਗੇ ਵਿਚੋਂ ਬਾਹਰ ਝਾਕਣ ਲੱਗੇ।

"ਹੁਣ ਜੋ ਹੋਵੇਗਾ ਵੇਖੀ ਜਾਵੇਗੀ, ਪਹਿਲਾਂ ਤਾਂ ਸ਼ਹਿਰ ਪਹੁੰਚੇ।"

ਇਸ ਤੇ ਬਖਸ਼ੀ ਜੀ ਤੁਣਕ ਕੇ ਬੋਲੇ :

"ਸ਼ਹਿਰ ਪਹੁੰਚ ਕੇ ਕੀ ਹੋ ਜਾਵੇਗਾ। ਹੁਣ ਤਾਂ ਸਿਰ ਤੇ ਆ ਗਈ ਹੈ।"

ਮਹਿਤਾ ਘਬਰਾਇਆ ਹੋਇਆ ਜ਼ਰੂਰ ਸੀ, ਪਰੰਤੂ ਬਖਸ਼ੀ ਜੀ ਵਾਂਗ ਬੋਖਲਾਇਆ ਹੋਇਆ ਨਹੀਂ ਸੀ।

"ਡਿਪਟੀ ਕਮਿਸ਼ਨਰ ਨੇ ਗੱਲ ਤਾਂ ਸੁਣੀ,ਪਹਿਲਾ ਡਿਪਟੀ ਕਮਿਸ਼ਨਰ ਤਾਂ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ ਸੀ।"

"ਇਹ ਕੀ ਕਰ ਲਊ, ਖੋਤੀ ਦਾ ਸਿਰ ?" ਬਖਸ਼ੀ ਜੀ ਖਿੱਝ ਕੇ ਬੋਲੇ, "ਇਹਨੇ ਸਾਡੀ ਕਿਹੜੀ ਗੱਲ ਸੁਣੀ ਹੈ ?"

ਫਿਰ ਬਖਸ਼ੀ ਦਾ ਦਿਮਾਗ ਦੂਸਰੇ ਬੰਨੇ ਜਾਣ ਲੱਗਾ:

''ਕਿਸੇ ਦਾ ਇਤਬਾਰ ਨਹੀਂ ਕੀਤਾ ਜਾ ਸਕਦਾ।" ਮਹਿਤਾ ਬੋਲਿਆ।

"ਮੁਸਲਮਾਨ ਦਾ ਨਹੀਂ, ਤਾਂ ਹਿੰਦੂ ਦਾ ਕੀਤਾ ਜਾ ਸਕਦਾ ਹੈ?" ਬਖਸ਼ੀ ਨੇ ਫਿਰ ਤਣਥ ਕੇ ਕਿਹਾ।

“ਵੇਖੋ ਬਖਸ਼ੀ ਜੀ, ਗੱਲ ਛੋਟੀ ਜਿਹੀ ਹੈ ਪਰ ਸਿਆਣੇ ਨੂੰ ਉਸੇ ਤੋਂ ਪਤਾ ਲੱਗ ਜਾਂਦਾ ਹੈ। ਮੁਬਾਰਕ ਅਲੀ ਜ਼ਿਲਾ ਕਾਂਗਰਸ ਕਮੇਟੀ ਦਾ ਮੈਂਬਰ ਹੈ। ਖਾਦੀ ਕੁੜਤਾ ਅਤੇ ਖਾਦੀ ਦੀ ਸਲਵਾਰ ਪਹਿਨਦਾ ਹੈ। ਪਰ ਸਿਰ ਤੇ ਪਸੌਰੀ ਟੋਪੀ ਪਹਿਨਦਾ ਹੈ, ਗਾਂਧੀ ਟੋਪੀ ਨਹੀਂ ਪਹਿਨਦਾ। ਮੁਜ਼ੱਫਰ ਨੂੰ ਛੱਡ ਕੇ ਕੋਈ ਵੀ ਕਾਂਗਰਸੀ ਮੁਸਲਮਾਨ ਗਾਂਧੀ ਟੋਪੀ ਨਹੀਂ ਪਹਿਨਦਾ।"

ਬਖਸ਼ੀ ਨੇ ਜੇਬ ਵਿਚੋਂ ਰੁਮਾਲ ਕੱਢ ਕੇ ਪਸੀਨਾ ਪੂੰਛਿਆ ਅਤੇ ਪਗੜੀ ਨੂੰ ਕੱਛ ਹੇਠੋਂ ਕੱਢ ਕੇ ਗੋਦ ਵਿਚ ਰੱਖ ਲਿਆ।

“ਹਿੰਦੂ ਸਭਾ ਵਾਲਿਆਂ ਨੇ ਮੁਹੱਲਾ ਕਮੇਟੀਆਂ ਬਣਾਈਆਂ ਹਨ, ਅਸੀਂ ਤਾਂ ਉਹ ਵੀ ਨਹੀਂ ਕਰ ਸਕਦੇ। ਮੁਹੱਲੇ-ਮੁਹੱਲੇ ਵਿਚ ਵਿਚ ਅਮਨ ਕਮੇਟੀਆਂ ਹੀ ਬਣਾ ਲੈਂਦੇ।" ਮਹਿਤੇ ਨੇ ਧੌਣ ਪੂੰਝਦੇ ਹੋਏ ਕਿਹਾ।

“ਡੁੱਬ ਮਰੋ ਮਹਿਤਾ ਜੀ, ਚੱਪਣੀ ਵਿਚ ਨੱਕ ਡੋਬ ਕੇ ਡੁੱਬ ਮਰੋ।" ਬਖਸ਼ੀ ਜੀ ਫਿਰ ਬਿਫ਼ਰ ਕੇ ਬੋਲੇ।

''ਕਿਉਂ ? ਡੁੱਬ ਕਿਉਂ ਮਰਾਂ ? ਮੈਂ ਕੀ ਕੀਤਾ ਹੈ ?”

ਦੋ ਬੇੜੀਆਂ ਵਿਚ ਪੈਰ ਰੱਖਣਾ ਚੰਗਾ ਨਹੀਂ ਹੁੰਦਾ। ਤੂੰ ਹਮੇਸ਼ਾਂ ਇਹੋ ਕਰਦਾ ਰਿਹਾ ਹੈ। ਇਕ ਲੱਤ ਕਾਂਗਰਸ ਵਿਚ ਦੂਸਰੀ ਹਿੰਦੂ ਸਭਾ ਵਿਚ। ਤੂੰ ਸਮਝਦਾ ਹੈ, ਕਿਸੇ ਨੂੰ ਪਤਾ ਨਹੀਂ, ਸਭ ਨੂੰ ਪਤਾ ਹੈ।”

"ਜੇ ਫ਼ਸਾਦ ਹੋ ਗਿਆ ਤਾਂ ਤੂੰ ਮੈਨੂੰ ਬਚਾਉਣ ਆਵੇਂਗਾ ? ਨਾਲੇ ਦੇ ਪਾਰ ਦਾ ਸਾਰਾ ਇਲਾਕਾ ਮੁਸਲਮਾਨੀ ਹੈ ਅਤੇ ਮੇਰਾ ਘਰ ਨਾਲੇ ਦੇ ਸਿਰੇ ਤੇ ਹੈ। ਫ਼ਸਾਦ ਹੋ ਗਿਆ ਤਾਂ ਉਸ ਵੇਲੇ ਤੂੰ ਮੈਨੂੰ ਬਚਾਉਣ ਆਵੇਂਗਾ ? ਜਾਂ ਬਾਪੂ ਜੀ ਆ ਕੇ ਬਚਾਉਣਗੇ? ਉਸ ਵੇਲੇ ਤਾਂ ਮੈਨੂੰ ਮੁਹੱਲੇ ਵਾਲੇ ਹਿੰਦੂਆਂ ਦਾ ਹੀ ਆਸਰਾ ਹੈ। ਛੁਰਾ ਮਾਰਨ ਵਾਲਾ ਮੈਨੂੰ ਇਹ ਤਾਂ ਨਹੀਂ ਪੁਛੇਗਾ ਕਿ ਤੂੰ ਕਾਂਗਰਸ ਵਿਚ ਸੀ ਕਿ ਹਿੰਦੂ ਮਹਾਂ ਸਭਾ ਵਿਚ।...... ਹੁਣ ਚੁਪ ਕਿਉਂ ਹੋ ਗਏ ਹੋ ?"

"ਡੁਬ ਮਰੋ ਮਹਿਤਾ ਜੀ, ਡੁਬ ਮਰੋ। ਇਹੋ ਵੇਲਾ ਹੁੰਦਾ ਹੈ ਜਦ ਆਦਮੀ ਦੇ ਵਿਸ਼ਵਾਸ਼ ਪਰਖੇ ਜਾਂਦੇ ਹਨ। ਤੂੰ ਬਹੁਤ ਧੰਨ ਇਕੱਠਾ ਕਰ ਲਿਆ ਹੈ। ਤੇਰੀ ਅਕਲ ਤੇ ਚਰਬੀ ਚੜ੍ਹ ਗਈ ਹੈ। ਤੇਰਾ ਘਰ ਮੁਸਲਮਾਨਾਂ ਦੇ ਮੁਹੱਲੇ ਕੋਲ ਹੈ ਤਾਂ ਕੀ ਮੇਰਾ ਹਿੰਦੂਆਂ ਦੇ ਮੁਹੱਲੇ ਵਿਚ ਹੈ ?"

"ਤੇਰਾ ਕੀ ਹੈ, ਤੂੰ ਤਾਂ ਸਾਧੂ ਬੈਰਾਗੀ ਹੈਂ, ਤੇਰੀ ਨਾ ਰੰਨ, ਨਾ ਕੰਨ। ਤੈਨੂੰ ਕੋਈ ਮਾਰਕੇ ਕੀ ਕਰੇਗਾ?" ਮਹਿਤੇ ਨੇ ਕਿਹਾ ਫਿਰ ਉਹ ਵੀ ਉਬਲ ਪਿਆ, "ਕਿਹਾ ਸੀ ਲਤੀਫ ਨੂੰ ਕਾਂਗਰਸ ਦੇ ਦਫ਼ਤਰ ਵਿਚੋਂ ਕੱਢੋ। ਮੈਂ ਲਿਖ ਕੇ ਦੇ ਸਕਦਾ ਹਾਂ ਉਹ ਖੁਫ਼ੀਆ ਪੁਲਸ ਦਾ ਆਦਮੀ ਹੈ ਅਤੇ ਸਾਡੀ ਸਾਰਿਆਂ ਦੀ ਰਿਪੋਰਟ ਦਿੰਦਾ ਹੈ, ਡਾਇਰੀਆਂ ਲਿਖਦਾ ਹੈ। ਤੈਨੂੰ ਵੀ ਪਤਾ ਹੈ ਤੇ ਮੈਨੂੰ ਵੀ। ਫਿਰ ਵੀ ਤੂੰ ਆਸਤੀਨ ਦਾ ਸੱਪ ਪਾਲ ਰਿਹਾ ਹੈ। ਉਧਰ ਮੁਬਾਰਕ ਅਲੀ ਲੀਗੀਆਂ ਨਾਲ ਗੰਢ-ਤੁਪ ਕਰ ਰਿਹਾ ਹੈ। ਤੈਥੋਂ ਵੀ ਪੈਸੇ ਲੈਂਦਾ ਹੈ, ਲੀਗ ਵਾਲਿਆਂ ਤੋਂ ਵੀ ਲੈਂਦਾ ਹੈ। ਪੱਕੀਆਂ ਇੱਟਾਂ ਦਾ ਮਕਾਨ ਉਸ ਨੇ ਬਣਵਾ ਲਿਆ ਹੈ, ਪਰ ਚੰਗੇ ਲੋਕ ਜੇ ਤੁਸੀਂ, ਸਭ ਕੁਝ ਵੇਖਦੇ ਹੋਏ ਵੀ ਕੁਝ ਨਹੀਂ ਵੇਖਦੇ।"

'ਲੈ ਦੇ ਕੇ ਦੋ ਮੁਸਲਮਾਨ ਤਾਂ ਸਾਡੇ ਵਿਚ ਕੰਮ ਕਰਦੇ ਹਨ। ਉਹਨਾਂ ਨੂੰ ਵੀ ਕੱਢ ਦਈਏ ? ਤੇਰੀ ਅਕਲ ਟਿਕਾਣੇ ਹੈ ਜਾਂ ਨਹੀਂ ? ਇਕ ਲਤੀਫ ਭੈੜਾ ਹੈ ਤਾਂ ਸਭ

ਭੈੜੇ ਹੋ ਗਏ? ਹਕੀਮ ਜੀ ਵੀ ਭੈੜੇ ਹਨ ਜੋ ਤੇਰੇ ਤੋਂ ਵੀ ਪਹਿਲਾਂ ਦੇ ਕਾਂਗਰਸ ਵਿਚ ਕੰਮ ਕਰ ਰਹੇ ਹਨ। ਅਜੀਜ਼ ਅਹਿਮਦ ਵੀ ਭੈੜਾ ਹੈ ?...... ''

ਟਾਂਗਾ ਢਲਾਣ ਉਤਰ ਗਿਆ ਸੀ ਤੇ ਪੁਲ ਵੱਲ ਘੁੰਮ ਗਿਆ ਸੀ।

ਸੱਜੇ ਬੰਨੇ ਇਸਲਾਮੀਆਂ ਸਕੂਲ ਬੰਦ ਪਿਆ ਸੀ। ਸੜਕ ਤੇ ਆਵਾਜਾਈ ਬਹੁਤ ਘੱਟ ਸੀ। ਇਸਲਾਮੀਆਂ ਸਕੂਲ ਦੀ ਇਮਾਰਤ ਤੋਂ ਬਾਹਰ ਚਾਰ ਪੰਜ ਆਦਮੀ ਘੇਰਾ ਜਿਹਾ ਪਾਈ ਖਲੋਤੇ ਸਨ। ਕਿਸੇ ਕਿਸੇ ਵੇਲੇ ਕੋਈ ਟਾਂਗਾ ਜਾਂ ਸਾਈਕਲ ਸਵਾਰ ਸੜਕ ਤੋਂ ਲੰਘ ਜਾਂਦਾ ਸੀ।

ਪਿਛੇ, ਅਜੇ ਵੀ ਚਾਰ ਜਣੇ ਢਲਾਣ ਤੋਂ ਉਤਰ ਰਹੇ ਸਨ। ਬਿਜਲੀ ਦੇ ਦਫਤਰ ਸਾਹਮਣੇ ਹਯਾਤ ਬਖਸ਼ ਨੂੰ ਮੌਲਾ ਦਾਦ ਸੜਕ ਕੰਢੇ ਖਲੋਤਾ ਮਿਲ ਗਿਆ।......ਦਾੜ੍ਹੀ ਵਾਲਾ ਮੌਲਾ ਦਾਦ ਜੋ ਬਿਜਲੀ ਕੰਪਨੀ ਵਿਚ ਕਲਰਕ ਸੀ ਅਤੇ ਮੁਸਲਮ ਲੀਗ ਦਾ ਕਾਰਕੁਨ ਸੀ।

“ਕੀ ਕਰ ਆਏ ਹੋ ?” ਉਸ ਨੇ ਹਯਾਤ ਬਖਸ਼ ਨੂੰ ਪੁੱਛਿਆ, "ਡਿਪਟੀ ਕਮਿਸ਼ਨਰ ਨੂੰ ਮਿਲਣ ਗਏ ਸੀ ਨਾ !’"

“ਮਿਲ ਆਏ ਹਾਂ। ਉਥੇ ਉਸ ਕੋਲ ਬੈਠੇ ਹੀ ਸਾਂ ਕਿ ਬਾਹਰ ਰੌਲਾ ਪਿਆ। ਸਭ ਨੇ ਸੋਚਿਆ ਗੜਬੜ ਹੋ ਗਈ ਹੈ ਅਤੇ ਮੀਟਿੰਗ ਬਰਖਾਸਤ ਹੋ ਗਈ। ਸਭ ਉਥੋਂ ਨਿਕਲ ਆਏ। ਸ਼ਹਿਰ ਦੀ ਕੀ ਖਬਰ ਏ?”

“ਤਨਾਓ ਹੈ, ਤਨਾਓ ਵਧ ਰਿਹਾ ਹੈ। ਰੱਤੇ ਦੇ ਕੋਲ ਸੁਣਿਆ ਹੈ, ਕੋਈ ਗੜਬੜ ਹੋਈ ਹੈ। ਇਧਰ ਪਿਛੇ ਕੀ ਹਾਲ ਹੈ ?”

"ਪਿਛੇ ਠੀਕ ਹੈ।"

ਇੰਨੇ ਵਿਚ ਹਕੀਮ ਅਬਦਲ ਗਨੀ ਤੇ ਸਰਦਾਰ ਬਿਸ਼ਨ ਸਿੰਘ ਵੀ ਪਹੁੰਚ ਗਏ। ਕੁਝ ਦੂਰੀ ਅਲੱਗ ਅਲੱਗ ਚਲਣ ਪਿਛੋ ਦੋਵੇਂ ਇਕੱਠੇ ਚਲਣ ਲੱਗ ਪਏ ਸਨ। ਹਕੀਮ ਜੀ ਕਾਂਗਰਸੀ ਮੁਸਲਮਾਨ ਸਨ। ਇਸ ਲਈ ਬਿਸ਼ਨ ਸਿੰਘ ਨੂੰ ਇਨ੍ਹਾਂ ਨਾਲ

ਤੁਰਨ ਵਿਚ ਸੰਕੋਚ ਨਹੀਂ ਹੋਇਆ। "ਫ਼ਸਾਦ ਹੋਣਾ ਵੀ ਨਹੀਂ ਚਾਹੀਦਾ", ਲਕਸ਼ਮੀ ਨਾਰਾਇਣ ਬੋਲਿਆ, ''ਬਹੁਤ ਬੁਰੀ ਗੱਲ ਹੈ।"

ਮੌਲਾ ਦਾਦ ਨੇ ਬੜੀ ਤਿੱਖੀ ਨਿਗਾਹ ਨਾਲ ਲਕਸ਼ਮੀ ਨਾਰਾਇਣ ਵੱਲ ਵੇਖਿਆ। "ਤੁਹਾਡੇ ਲੋਕਾਂ ਦਾ ਵਸ ਚਲੇ ਤਾਂ ਫ਼ਸਾਦ ਕਰਵਾ ਕੇ ਹੀ ਛਡੋਗੇ। ਅਸੀਂ ਲੋਕ ਬਰਦਾਸ਼ਤ ਕਰੀ ਜਾ ਰਹੇ ਹਾਂ।" ਫਿਰ ਉਸ ਦੀ ਨਜ਼ਰ ਹਕੀਮ ਜੀ ਤੇ ਪਈ ਅਤੇ ਉਨ੍ਹਾਂ ਨੂੰ ਵੇਖਦੇ ਹੀ ਮੌਲਾ ਦਾਦ ਦਾ ਪਾਰਾ ਤੇਜ਼ ਹੋ ਗਿਆ :

"ਇਹ ਹਿੰਦੂਆਂ ਦਾ ਕੁੱਤਾ ਵੀ ਤੁਹਾਡੇ ਨਾਲ ਗਿਆ ਸੀ? ਇਹ ਕਿਸ ਦੀ ਨੁਮਾਇੰਦਗੀ ਕਰਨ ਗਿਆ ਸੀ ?"

ਤਿੰਨੇ ਚੁੱਪ ਹੋ ਗਏ। ਹਕੀਮ ਜੀ ਸੁਣੀ-ਅਣਸੁਣੀ ਕਰਦੇ ਹੋਏ ਮੂੰਹ ਉੱਚਾ ਚੁੱਕ ਕੇ ਪੁਲ ਵੱਲ ਵੇਖਣ ਲੱਗੇ। ਪਰ ਮੌਲਾ ਦਾਦ ਹਕੀਮ ਜੀ ਨੂੰ ਵੇਖਦੇ ਹੀ ਤਿਲਮਿਲਾ ਉਠਿਆ ਸੀ :

"ਮੁਸਲਮਾਨ ਦਾ ਦੁਸ਼ਮਣ ਹਿੰਦੂ ਨਹੀਂ ਹੈ, ਮੁਸਲਮਾਨ ਦਾ ਦੁਸ਼ਮਣ ਉਹ ਮੁਸਲਮਾਨ ਹੈ, ਜੋ ਪੂਛ ਹਿਲਾਉਂਦਾ ਹਿੰਦੂਆਂ ਦੇ ਪਿੱਛੇ ਪਿੱਛੇ ਜਾਂਦਾ ਹੈ। ਉਨ੍ਹਾਂ ਦੇ ਟੁਕੜਿਆਂ ਤੇ ਪਲਦਾ ਹੈ....।"

"ਵੇਖੋ, ਮੌਲਾ ਦਾਦ ਸਾਹਿਬ", ਹਕੀਮ ਜੀ ਨੇ ਬੜੇ ਠਰੰਮੇ ਨਾਲ ਕਿਹਾ, "ਤੁਹਾਡਾ ਜੋ ਜੀ ਕਰੇ ਮੈਨੂੰ ਕਹੋ। ਪਰ ਸਭ ਤੋਂ ਮਹੱਤਵਪੂਰਨ ਸਵਾਲ ਹਿੰਦੁਸਤਾਨ ਦੀ ਆਜ਼ਾਦੀ ਦਾ ਹੈ, ਅੰਗਰੇਜ਼ਾਂ ਤੋਂ ਤਾਕਤ ਖੋਹਣ ਦਾ ਹੈ, ਹਿੰਦੂ ਮੁਸਲਮਾਨ ਦਾ ਨਹੀਂ ਹੈ।"

''ਚੁੱਪ ਉਏ ਕੁੱਤਿਆ।" ਮੌਲਾ ਦਾਦ ਨੇ ਚੀਕ ਕੇ ਕਿਹਾ। ਉਸ ਦੀਆਂ ਅੱਖਾਂ ਲਾਲ ਹੋ ਰਹੀਆਂ ਸਨ ਅਤੇ ਹੋਠ ਕੰਬ ਰਹੇ ਸਨ।

"ਛਡੋ, ਛਡੋ, ਜਾਣ ਦਿਓ, ਇਹ ਵੇਲਾ ਝਗੜਾ ਕਰਨ ਦਾ ਨਹੀਂ ਹੈ। ਖਿਣ ਭਰ ਲਈ ਲਕਸ਼ਮੀ ਨਾਰਾਇਣ ਦੀਆਂ ਲੱਤਾਂ ਵਿਚ ਪਾਣੀ ਭਰ ਗਿਆ। ਪਰ ਹਯਾਤ ਬਖਸ਼ ਬਜ਼ੁਰਗ ਆਦਮੀ ਸੀ, ਉਸ ਨੇ ਸਥਿਤੀ ਸੰਭਾਲ ਲਈ।

"ਜਾਓ ਜਾਓ ਹਕੀਮ ਜੀ, ਪਰ ਤੁਹਾਡੇ ਸਰਪਰਸਤ ਤਾਂ ਟਾਂਗੇ 'ਚ ਬਹਿ ਕੇ ਚਲੇ ਗਏ ਹਨ। ਤੁਹਾਨੂੰ ਇਕੱਲਾ ਛੱਡ ਗਏ ਹਨ।"

ਹਕੀਮ ਜੀ ਹੌਲੀ ਹੌਲੀ ਖਿਸਕਣ ਲੱਗੇ ਸਨ। ਸਰਦਾਰ ਜੀ ਵੀ ਉਨ੍ਹਾਂ ਨਾਲ ਜਾਣ ਲੱਗੇ। ਲਕਸ਼ਮੀ ਨਾਰਾਇਣ ਜਿਉਂ ਦਾ ਤਿਉਂ ਖਲੋਤਾ ਰਿਹਾ।

'ਘਰ ਜਾ ਰਹੇ ਹੋ ?"! ਮੌਲਾ ਦਾਦ ਨੇ ਹਯਾਤ ਬਖਸ਼ ਨੂੰ ਪੁਛਿਆ "ਲੀਗ ਦੇ ਦਫਤਰ ਵਿਚ ਨਹੀਂ ਚਲੋਗੇ ?"

''ਮੈਂ ਪਿਛੋਂ ਪਹੁੰਚ ਜਾਵਾਂਗਾ ਤੁਸੀਂ ਚਲੋ।"

ਮੌਲਾ ਦਾਦ ਸਮਝ ਗਿਆ ਸੀ ਕਿ ਹਯਾਤ ਬਖਸ਼ ਨੇ ਕਿਉਂ ਲਕਸ਼ਮੀ ਨਾਰਾਇਣ ਨੂੰ ਆਪਣੇ ਨਾਲ ਲਿਆ ਹੋਇਆ ਹੈ। ਬੜੇ ਆਦਰਭਾਵ ਨਾਲ ਦਿਲ ਤੇ ਹੱਥ ਰੱਖ ਕੇ ਲਕਸ਼ਮੀ ਨਾਰਾਇਣ ਨੂੰ ਕਹਿਣ ਲੱਗਾ ?

"ਫਿਕਰ ਨਾ ਕਰੋ ਲਾਲਾ ਜੀ, ਸਾਡੇ ਹੁੰਦਿਆਂ ਕੋਈ ਤੁਹਾਡਾ ਵਾਲ ਵਿੰਗਾ ਨਹੀਂ ਕਰੇਗਾ।"

ਹਯਾਤ ਬਖਸ਼ ਤੇ ਲਕਸ਼ਮੀ ਨਾਰਾਇਣ ਅੱਗੇ ਵਧ ਗਏ।

ਬਾਰ੍ਹਾਂ ਵਜੇ ਦੇ ਲੱਗਭਗ ਲੀਜ਼ਾ ਟਹਿਲਦੀ ਹੋਈ ਬਰਾਮਦੇ ਵਿਚ ਖੁਲ੍ਹਣ ਵਾਲੇ ਦਰਵਾਜ਼ੇ ਵੱਲ ਆ ਗਈ। ਪਰਦੇ ਨੂੰ ਥੋੜ੍ਹਾ ਜਿਹਾ ਪਰੇ ਕਰਕੇ ਲੀਜ਼ਾ ਨੇ ਬਾਹਰ ਝਾਕ ਕੇ ਵੇਖਿਆ। ਬਰਾਮਦੇ ਤੋਂ ਬਾਹਰ ਚਿਲਚਿਲਾਉਂਦੀ ਧੁੱਪ ਨੇ ਸਾਰੇ ਬਾਗ ਨੂੰ ਢੱਕਿਆ ਹੋਇਆ ਸੀ, ਲੱਗਦਾ ਸੀ ਜਿਵੇਂ ਕੱਚ ਚਮਕ ਰਿਹਾ ਹੋਵੇ। ਲੱਗਦਾ, ਜਿਵੇਂ ਜ਼ਮੀਨ ਵਿਚੋਂ ਕੋਈ ਚੀਜ਼ ਕੰਬ ਕੰਬ ਕੇ ਨਿਕਲ ਰਹੀ ਹੈ, ਹਵਾ ਵਿਚ ਥਰਥਰਾ ਰਹੀ ਹੈ। ਹੁਣੇ ਤੋਂ ਹੀ ਧੁੱਪ ਇੰਨੀ ਤੇਜ਼ ਹੋ ਗਈ ਸੀ। ਉਸ ਨੇ ਪਰਦਾ ਸੁੱਟ ਦਿੱਤਾ।

ਅੰਗੀਠੀ ਕੋਲੋਂ ਲੰਘਦੇ ਹੋਏ ਉਸ ਦੀ ਨਜ਼ਰ ਇਕ ਬੁੱਤ ਤੇ ਪਈ ਜੋ ਅੰਗੀਠੀ ਉਤੇ ਰੱਖਿਆ ਹੋਇਆ ਸੀ। ਵਧੀ ਹੋਈ ਗੋਗੜ ਵਾਲਾ ਕੋਈ ਹਿੰਦੂ ਦੇਵਤਾ ਜਿਸ ਦੇ ਮੱਥੇ ਉਤੇ ਲਾਲ ਅਤੇ ਸਫ਼ੈਦ ਰੇਖਾਵਾਂ ਖਿਚੀਆਂ ਹੋਈਆਂ ਸਨ, ਬੈਠਾ ਹੱਸ ਰਿਹਾ ਸੀ। ਉਸ ਨੂੰ ਵੇਖ ਕੇ ਲੀਜ਼ਾ ਨੂੰ ਮਤਲੀ ਜਿਹੀ ਆਉਣ ਲੱਗੀ। ਉਸ ਨੂੰ ਉਹ ਬੁੱਤ ਬੜਾ ਘਿਨਾਉਣਾ ਲਗਿਆ। ਰਿਚਰਡ ਇਸ ਨੂੰ ਕਿਥੋਂ ਚੁੱਕ ਲਿਆਇਆ ਹੈ ?

ਉਹ ਵੱਡੇ ਕਮਰੇ ਵਿਚ ਆ ਗਈ। ਥਾਂ ਥਾਂ ਰਖੀਆਂ ਮੂਰਤੀਆਂ ਅਤੇ ਬੁੱਤਾਂ ਨੂੰ ਵੇਖ ਕੇ ਉਸ ਨੂੰ ਜੜਤਾ ਦਾ ਆਭਾਸ ਹੋਇਆ, ਜਿਵੇਂ ਉਥੇ ਮੂਰਤੀਆਂ ਨਹੀਂ, ਸਗੋਂ ਮਰੇ ਹੋਏ ਬੁੱਤਾਂ ਦੇ ਸਿਰ ਰੱਖੇ ਹੋਣ, ਜਿਨ੍ਹਾਂ ਨੂੰ ਇਕਾਂਤ ਵਿਚ ਵੇਖ ਕੇ ਕਦੇ ਕਦੇ ਉਸ ਨੂੰ ਝੁਣਝੁਣੀ ਹੋਣ ਲੱਗਦੀ ਸੀ। ਕਿਤਾਬਾਂ ਅਤੇ ਮੂਰਤੀਆਂ ਨਾਲ ਭਰੇ ਇਸ ਘਰ ਵਿਚ ਉਸ ਨੂੰ ਘੁਟਨ ਮਹਿਸੂਸ ਹੋਣ ਲੱਗੀ ਸੀ। ਕਮਰੇ ਵਿਚ ਘੁੰਮਦੀ ਤਾਂ ਉਸ ਨੂੰ ਲੱਗਦਾ ਜਿਵੇਂ ਬੁਧ ਦੇ ਬੁੱਤ ਉਸ ਨੂੰ ਚੋਰ ਨਜ਼ਰਾਂ ਨਾਲ ਵੇਖ ਰਹੇ ਹਨ। ਰਿਚਰਡ ਦੇ ਚਲੇ ਜਾਣ ਤੇ ਚਾਹੁੰਦੇ ਹੋਏ ਵੀ ਉਹ ਇਨ੍ਹਾਂ ਚੀਜਾਂ ਵਿਚ ਦਿਲਚਸਪੀ ਨਹੀਂ ਲੈ ਸਕਦੀ ਸੀ। ਉਸ ਦੇ ਚਲੇ ਜਾਣ ਤੇ ਇਨ੍ਹਾਂ ਚੀਜਾਂ ਵਿਚ ਜੜਤਾਂ ਆ ਜਾਂਦੀ ਸੀ। ਸ਼ਾਇਦ ਇਸ ਦਾ ਕਾਰਣ ਇਹੋ ਸੀ ਕਿ ਉਹ ਇਕੱਲੀ ਰਹਿ ਜਾਂਦੀ ਸੀ ਅਤੇ ਉਸ ਨੂੰ ਦਿਨ ਇਨ੍ਹਾਂ ਕਿਤਾਬਾਂ ਤੇ ਬੁੱਤਾਂ ਦੇ ਢੇਰਾਂ ਵਿਚ ਬਿਤਾਉਣਾ ਪੈਂਦਾ ਹੈ। ਦਿਨ ਭਰ ਇਕੱਲੀ ਇਨ੍ਹਾਂ ਨੂੰ ਵੇਖ ਵੇਖ ਉਹ ਇਕ ਕਮਰੇ ਤੋਂ ਦੂਸਰੇ ਕਮਰੇ ਵਿਚ ਚੱਕਰ ਕੱਟਦੀ ਰਹਿੰਦੀ ਸੀ। ਉਹ ਬੁੱਧ ਦੇ ਬੁਤ ਸਾਹਮਣੇ ਜਾ ਖਲੋਤੀ। ਮਨ ਬਹਿਲਾਵੇ ਲਈ ਉਸ ਨੇ ਬਿਜਲੀ ਦਾ ਬਟਨ ਦਬਾਇਆ। ਸਚਮੁੱਚ ਬੁੱਧ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਖਿਲ ਉਠੀ ਸੀ। ਉਸ ਨੇ ਬਿਜਲੀ ਬੁਝਾ ਦਿੱਤੀ, ਮੁਸਕਾਨ ਓਝਲ ਹੋ ਗਈ। ਉਸ ਨੇ ਫਿਰ ਬਟਨ ਦਬਾਇਆ, ਮੁਸਕਾਨ ਫਿਰ ਪਰਤ ਆਈ। ਪਰ ਉਸ ਨੂੰ ਲਗਿਆ ਜਿਵੇਂ ਬੁੱਧ ਉਸ ਨੂੰ ਘੁਰੀ ਜਾ ਰਿਹਾ ਹੈ। ਉਸ ਨੇ ਝਟਪਟ ਬਿਜਲੀ ਬੁਝਾ ਦਿੱਤੀ।

ਲੀਜ਼ਾ ਆਪਣੇ ਕਮਰੇ ਵਿਚ ਚਲੀ ਗਈ। ਅੰਦਰ ਪਹੁੰਚਦੇ ਹੀ ਉਸ ਨੂੰ ਹਲਕੀ ਜਿਹੀ ਟੁਨ-ਟੁਨ ਦੀ ਆਵਾਜ਼ ਸੁਣਾਈ ਦਿੱਤੀ। ਐਨ ਪਲੰਘ ਦੇ ਪਿਛੇ, ਖਿੜਕੀ ਦੇ ਸਾਹਮਣੇ ਪਿਤਲ ਦੀ ਬਣੀ ਛੋਟੀ ਜਿਹੀ ਘੰਟੀ ਲਟਕ ਰਹੀ ਸੀ। ਹਰ ਵਾਰ ਹਵਾ ਦਾ ਬੁੱਲਾ ਆਉਣ ਤੇ ਘੰਟੀ ਟੂਨ-ਟਨਾਉਣ ਲੱਗਦੀ, ਬੜੀ ਹੌਲੀ ਅਤੇ ਮਿੱਠੀ ਟੁਨਟਨਾਹਟ ਦੀ ਆਵਾਜ਼ ਉਸ ਨੂੰ ਸੁਣਾਈ ਦਿੰਦੀ ਸੀ, ਜਿਵੇਂ ਉਹ ਆਵਾਜ਼ ਕਿਤੇ ਦੂਰੋਂ ਆ ਰਹੀ ਹੋਵੇ। ਸਾਰਾ ਵਕਤ ਕਮਰੇ ਵਿਚ ਮੱਧੁਰ ਟੁਨਟਨਾਉਂਦੀ ਆਵਾਜ ਆਉਂਦੀ ਰਹਿੰਦੀ ਸੀ। ਘਰ ਵਿਚ ਇਹ ਚੀਜ ਨਵੀਂ ਸੀ, ਲੀਜ਼ਾ ਦੇ ਪਰਤਣ ਤੋਂ ਪਹਿਲਾ ਹੀ ਰਿਚਰਡ ਨੇ ਉਸ ਨੂੰ ਕਿਤੋਂ ਲਿਆ ਕੇ ਕਮਰੇ ਵਿਚ ਟੰਗ ਦਿੱਤਾ ਸੀ। ਲੀਜ਼ਾ ਨੂੰ ਤੋਹਫਾ ਦੇਣ ਲਈ, ਉਸ ਨੂੰ ਖੁਸ਼ ਕਰਨ ਲਈ ਰਿਚਰਡ ਉਸ ਨੂੰ ਲਿਆਇਆ ਸੀ।

ਤਦੇ ਖਟਾਕ ਦੀ ਆਵਾਜ਼ ਆਈ। ਲੀਜ਼ਾ ਨੇ ਮੁੜ ਕੇ ਸੱਜੇ ਬੰਨੇ ਵੇਖਿਆ। ਉਸਨੂੰ ਪਹਿਲਾ ਤਾਂ ਕੁਝ ਦਿਖਾਈ ਨਹੀਂ ਦਿੱਤਾ। ਫਿਰ ਉਸ ਦੀ ਨਜ਼ਰ ਡਰੰਸਿੰਗ ਟੇਬਲ ਵੱਲ ਗਈ। ਇਕ ਕੋਹੜ ਕਿਰਲੀ ਉਥੇ ਪੁੱਠੀ ਹੋਈ ਪਈ ਸੀ ਅਤੇ ਜ਼ੋਰ ਜ਼ੋਰ ਨਾਲ ਹਿੱਲ ਰਹੀ ਸੀ ਜਿਵੇਂ ਤੜਫ ਰਹੀ ਹੋਵੇ। ਲੀਜ਼ਾ ਸਿਰ ਤੋਂ ਪੈਰਾਂ ਤਕ ਕੰਬ ਉਠੀ। ਕੋਹੜ ਕਿਰਲੀ ਕੰਧ ਤੋਂ ਬਿਜਲੀ ਦੀ ਬੱਤੀ ਕੋਲੋਂ ਡਿਗੀ ਸੀ। ਛੇਤੀ ਹੀ ਕੋਹੜ ਕਿਰਲੀ ਨੇ ਹਿਲਣਾ ਜੁਲਣਾ ਛੱਡ ਦਿੱਤਾ। ਲੀਜ਼ਾ ਸਮਝ ਗਈ ਕਿ ਉਹ ਮਰ ਗਈ ਹੈ। ਗਰਮੀ ਵਧ ਰਹੀ ਸੀ ਅਤੇ ਆਏ ਦਿਨ ਕੋਹੜ ਕਿਰਲੀਆਂ ਮਰ ਰਹੀਆਂ ਸਨ: ਅਣ-ਗਿਣਤ ਕਮਰਿਆਂ ਦੇ ਬਾਵਜੂਦ ਬੰਗਲਾ ਪੁਰਾਣਾ ਸੀ। ਅੰਗਰੇਜ਼ ਦੇ ਰਾਜ ਨੇ ਜਦ ਤੋਂ ਪੰਜਾਬ ਵਿਚ ਆਪਣੇ ਪੈਰ ਜਮਾਏ ਸਨ, ਉਦੋਂ ਦਾ ਸੀ।

ਦੋ ਸਾਲ ਪਹਿਲਾਂ ਅਜਿਹੇ ਹੀ ਇਕ ਬੰਗਲੇ ਵਿਚੋਂ ਨੌਕਰਾਂ ਦੇ ਕਵਾਟਰਾਂ ਵਿਚੋਂ ਡੇਢ ਗਜ਼ ਲੰਮਾ ਸੱਪ ਨਿਕਲਿਆ ਸੀ। ਉਹ ਕਦੇ ਮੰਜੀਆਂ ਹੇਠ ਲੁਕ ਜਾਂਦਾ, ਕਦੇ ਲਹਿਰਾਉਂਦਾ ਹੋਇਆ ਬਰਾਂਡੇ ਦੀ ਕੰਧ ਦੇ ਨਾਲ ਨਾਲ ਰੀਂਗਣ ਲੱਗਦਾ। ਪਰ

ਇਸ ਘਟਨਾ ਪਿਛੋਂ ਉਸ ਲਈ ਬੰਗਲੇ ਵਿਚ ਰਹਿ ਸਕਣਾ ਅਸੰਭਵ ਹੋ ਗਿਆ ਸੀ। ਡਰ ਦੇ ਮਾਰੇ ਉਸਨੇ ਕਈ ਦਿਨ ਕੱਪੜਿਆਂ ਦੀ ਅਲਮਾਰੀ ਨਹੀਂ ਖੋਲੀ ਸੀ ਕਿ ਅਲਮਾਰੀ ਵਿਚ ਕੋਈ ਫਨੀਅਰ ਸੱਪ ਨਾ ਬੈਠਾ ਹੋਵੇ। ਅਤੇ ਇਸੇ ਮਨੋਸਥਿਤੀ ਵਿਚ ਉਹ ਵਲਾਇਤ ਪਰਤ ਗਈ ਸੀ।

"ਲੀਜ਼ਾ ਨੇ ਦਰਵਾਜੇ ਕੋਲ ਕਾਲ ਬੈਲ ਦਾ ਬਟਨ ਦਬਾਇਆ ਅਤੇ ਆਪ ਕਮਰੇ ਵਿਚੋਂ ਨਿਕਲ ਤੇ ਬਾਹਰ ਆ ਗਈ।

ਜਦੋਂ ਲੀਜ਼ਾ ਭਾਰਤ ਆਈ ਸੀ ਤਾਂ ਉਸਨੇ ਬਹੁਤ ਸਾਰੀਆਂ ਯੋਜਨਾਵਾਂ ਬਣਾਈਆਂ ਸਨ, ਕਿ ਉਹ ਭਾਰਤ ਦੀ ਦਸਤਕਾਰੀ ਦੇ ਨਮੂਨੇ ਇਕੱਠੇ ਕਰੇਗੀ, ਖ਼ੂਬ ਘੁੰਮੇਗੀ, ਤਸਵੀਰਾਂ ਖਿੱਚੇਗੀ, ਸ਼ੇਰ ਦੀ ਪਿੱਠ ਤੇ ਬਹਿ ਕੇ ਤਸਵੀਰ ਖਿਚਵਾਏਗੀ, ਸਾੜ੍ਹੀ ਪਹਿਨ ਕੇ ਘੁੰਮਿਆ ਕਰੇਗੀ ਅਤੇ ਪਤਾ ਨੀ ਹੋਰ ਕੀ ਕੀ। ਇਥੇ ਉਸਨੂੰ ਮਿਲੀ ਤਾਂ ਚਿਲਚਲਾਉਂਦੀ ਧੁੱਪ, ਵੱਡੇ ਬੰਗਲੇ ਦੀ ਕੈਦ, ਕਦੇ ਨਾ ਖਤਮ ਹੋਣ ਵਾਲਾ ਦਿਨ ਅਤੇ ਗੌਤਮ ਬੁੱਧ ਦੇ ਬੂਤ ਅਤੇ ਕੋਹੜ ਕਿਰਲੀਆਂ ਅਤੇ ਸੱਪ....। ਬੰਗਲੇ ਦੇ ਬਾਹਰਲੇ ਜੀਵਨ ਵਿਚ ਵੀ ਇਹੋ ਜਿਹੀ ਹੀ ਇਕਸਾਰਤਾ ਸੀ। ਕਲੱਬ, ਅੰਗਰੇਜ਼ ਅਫਸਰਾਂ ਦੀਆਂ ਪਤਨੀਆਂ, ਕਮਿਸ਼ਨਰ ਦੀ ਪਤਨੀ--ਕਮਿਸ਼ਨਰ ਆਪ ਇੰਨੀ ਜ਼ਿਆਦਾ ਕਮਿਸ਼ਨਰੀ ਨਹੀਂ ਕਰਦਾ ਸੀ ਜਿੰਨੀ ਉਸਦੀ ਪਤਨੀ ਕਰਦੀ ਸੀ--ਬਰਗੇਡੀਅਰ ਦੀ ਪਤਨੀ ਦਾ ਸਭ ਇਸਤ੍ਰੀਆਂ ਨਾਲ ਛੋਟੇ ਅਤੇ ਵੱਡੇ ਦੇ ਆਧਾਰ ਤੇ ਮੇਲ ਮਿਲਾਪ-- ਅਤੇ ਵੱਡੇ ਅਫਸਰਾਂ ਦੀਆਂ ਪਤਨੀਆਂ ਜ਼ਿਆਦਾ ਸਨ ਕਿਉਂਕਿ ਉਦੋਂ ਰਿਚਰਡ ਛੋਟਾ ਅਫਸਰ ਸੀ। ਸ਼ਨੀਵਾਰ ਦੀ ਰਾਤ ਕਲੱਬ ਵਿਚ ਡਾਂਸ ਹੁੰਦਾ, ਆਏ ਦਿਨ ਪਾਰਟੀਆਂ ਹੁੰਦੀਆਂ, ਪਰ ਲੰਮੇ ਦਿਨ ਫਿਰ ਵੀ ਨਹੀਂ ਬੀਤਦੇ ਸਨ। ਅਤੇ ਤਦ ਉਸਨੂੰ ਬੀਅਰ ਪੀਣ ਦੀ ਆਦਤ ਪੈ ਗਈ ਸੀ, ਕਮਰੇ ਵਿਚ ਆਉਂਦੀ ਜਾਂਦੀ ਜਦ ਊਭ ਜਾਂਦੀ ਤਾਂ ਬੀਅਰ ਦਾ ਗਿਲਾਸ ਭਰ ਲੈਂਦੀ ਸੀ। ਊਭ ਤੋਂ ਬਚਣ ਲਈ ਹੋਰ ਕੋਈ ਉਪਾ ਨਹੀਂ ਸੀ।

''ਤੇਰੀਆਂ ਰਗਾਂ ਵਿਚ ਜ਼ਰੂਰ ਜਰਮਨ ਖ਼ੂਨ ਦੌੜਦਾ ਹੋਵੇਗਾ ਜੋ ਤੈਨੂੰ ਬੀਅਰ ਇੰਨੀ ਜ਼ਿਆਦਾ ਪਸੰਦ ਹੈ।"

ਰਿਚਰਡ ਮਜ਼ਾਕ ਵਿਚ ਕਹਿੰਦਾ, ਪਰ ਲੀਜ਼ਾ ਦੀ ਇਹ ਆਦਤ ਵੱਧਦੀ ਗਈ ਸੀ। ਕਦੇ ਕਦੇ ਲੰਚ ਦੇ ਸਮੇਂ ਰਿਚਰਡ ਘਰ ਪਰਤਦਾ ਤਾਂ ਲੀਜ਼ਾ ਦੀਆਂ ਅੱਖਾਂ ਚੜ੍ਹੀਆਂ ਹੁੰਦੀਆਂ ਅਤੇ ਉਹ ਅਜੀਬ ਹਾਲਤ ਵਿਚ ਸੋਫੇ ਤੇ ਪਈ ਹੁੰਦੀ। ਚੁੰਮੀਆਂ ਜੱਫੀਆਂ ਅਤੇ ਹਿਚਕੀਆਂ ਵਿਚ ਉਹ ਵਾਰ ਵਾਰ ਕਸਮਾਂ ਖਾਂਦੀ ਕਿ ਹੁਣ, ਜ਼ਿਆਦਾ ਬੀਅਰ ਨਹੀਂ ਪੀਵੇਗੀ ਪਰ ਅਗਲੇ ਦਿਨ ਫਿਰ ਸਮਾਂ ਕੱਟਿਆਂ ਨਹੀਂ ਕਟਦਾ ਸੀ।

ਇਸ ਵਾਰ ਉਹ ਜ਼ਿਆਦਾ ਸਿਹਤਮੰਦ ਹੋ ਕੇ ਆਈ ਸੀ। ਇਸ ਵਾਰ ਉਹ ਨਾ ਕੇਵਲ ਰਿਚਰਡ ਦੀਆਂ ਦਿਲਚਸਪੀਆਂ ਵਿਚ ਸ਼ਾਮਿਲ ਹੋਵੇਗੀ ਸਗੋਂ ਉਸਦੇ ਪ੍ਰਸਾਸ਼ਨ ਦੇ ਕੰਮ ਵਿਚ ਵੀ ਰੁਚੀ ਲਵੇਗੀ, ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵੀ ਭਾਗ ਲਵੇਗੀ।

ਜਾਨਵਰਾਂ ਦੀ ਰਖਿਆ ਲਈ ਬਣਾਈ ਗਈ ਸੰਸਥਾ ਕੀ ਕੰਮ ਕਰੇਗੀ ਉਸਨੇ ਦਿਲ ਵਿਚ ਸੋਚਿਆ। ਮੈਨੂੰ ਉਸ ਵਿਚ ਕੀ ਕੰਮ ਕਰਨਾ ਪਵੇਗਾ?.... ਲੀਜ਼ਾ ਦੇ ਮਨ ਵਿਚ ਜ਼ੋਰਾਂ ਦੀ ਲਿਲਕ ਉਠੀ ਕਿ ਖਾਨਸਾਮਾ ਜਦ ਆਵੇ ਤਾਂ ਉਸਨੂੰ ਬੀਅਰ ਲਿਆਉਣ ਲਈ ਕਹੇ। ਖਾਨਸਾਮਾ ਨਵਾਂ ਸੀ ਅਤੇ ਉਸਦੀ ਇਸ ਕਮਜ਼ੋਰੀ ਬਾਰੇ ਕੁਝ ਵੀ ਨਹੀਂ ਜਾਣਦਾ ਸੀ। ਕੀ ਉਹ ਆਪ ਗਲੀ-ਗਲੀ, ਸੜਕ-ਸੜਕ ਘੁੰਮੇਗੀ, ਘੋੜਿਆਂ ਅਤੇ ਅਵਾਰਾ ਕੁੱਤਿਆਂ ਨੂੰ ਇਕ ਇਕ ਕਰਕੇ, ਮਰਵਾਉਂਦੀ ਫਿਰੇਗੀ ? ਇਹ ਕਿਹੋ ਜਿਹਾ ਕੰਮ ਹੋਵੇਗਾ ? ਜਾਂ ਉਹ ਜ਼ਿਲੇ ਦੀ ਪ੍ਰਥਮ ਮਹਿਲਾ ਹੋਣ ਦੇ ਨਾਤੇ ਕੇਵਲ ਪ੍ਰਧਾਨ ਬਣੀ ਰਹੇਗੀ ਅਤੇ ਕੰਮ ਹੇਠਲੇ ਲੋਕ ਕਰਨਗੇ ?

ਲੀਜ਼ਾ ਦੀ ਮਨੋਸਥਿਤੀ ਅਜੀਬ ਹੋ ਰਹੀ ਸੀ। ਇਕ ਬੰਨੇ ਊਭ ਦਾ ਡਰ ਅਤੇ ਦੂਸਰੇ ਬੰਨੇ ਜ਼ਿਲੇ ਦੀ ਪ੍ਰਥਮ ਮਹਿਲਾ, ਡਿਪਟੀ ਕਮਿਸ਼ਨਰ ਦੀ ਪਤਨੀ ਹੋਣ

ਦਾ ਮਾਨ, ਦਰਜਨਾਂ ਨੌਕਰ ਚਾਕਰ, ਇੰਨਾ ਵੱਡਾ ਬੰਗਲਾ ਜੋ ਇਕ ਬੰਨੇ ਭਾਂ ਭਾਂ ਕਰਦਾ ਸੀ ਤਾਂ ਦਸਰ ਬੰਨੇ ਮਹਾਨਤਾ ਦਾ ਅਹਿਸਾਸ ਕਰਵਾਉਂਦਾ ਸੀ।

"ਮੇਮ ਸਾਹਬ !"

ਖਾਨਸਾਮਾ ਸਾਹਮਣੇ ਖਲੋਤਾ ਸੀ।

"ਸਾਡੇ ਕਮਰੇ ਵਿਚ ਡਰੈਸਿੰਗ ਟੇਬਲ ਤੇ ਕੋਹੜ ਕਿਰਲੀ ਮਰੀ ਪਈ ਹੈ। ਉਸਨੂੰ ਚੁਕੋ। ਜਾਓ।" ਉਸਨੇ ਦਬਦਬੇ ਨਾਲ ਕਿਹਾ।

ਖਾਨਸਾਮੇ ਨੇ ਸਲਾਮ ਕੀਤਾ, 'ਹਜ਼ੂਰ !" ਕਿਹਾ ਤੇ ਉਥੋਂ ਚਲਾ ਗਿਆ।

ਲੀਜ਼ਾ ਤੁਰਦੀ ਹੋਈ ਫਿਰ ਬਰਾਂਡੇ ਦੀ ਖਿੜਕੀ ਕੋਲ ਆ ਗਈ। ਪਰਦਾ ਚੁੱਕਣ ਤੇ ਫਿਰ ਉਸਨੂੰ ਤਪਦੀ ਹੋਈ ਚੁੰਧਿਆ ਦੇਣ ਵਾਲੀ ਧੁੱਪ ਦਿਖਾਈ ਦਿੱਤੀ। ਪਰ ਨਾਲ ਹੀ ਬਰਾਂਡੇ ਵਿਚ ਇਕ ਬੰਨੇ ਲੱਗੇ ਛੋਟੇ ਜਿਹੇ ਮੇਜ਼ ਤੇ ਰਿਚਰਡ ਦੇ ਦਫ਼ਤਰ ਦਾ ਬਾਬੂ ਬੈਠਾ ਨਜ਼ਰ ਆਇਆ ਜੋ ਚਿੱਠੀਆਂ ਛਾਂਟ ਰਿਹਾ ਸੀ----- ਕਾਲੇ ਰੰਗ ਦਾ ਛੋਟੀ ਉਮਰ ਦਾ ਬਾਬੂ ਜਿਸ ਦੇ ਚਿੱਟੇ ਦੰਦ ਬਹੁਤ ਚਮਕਦੇ ਸਨ ਅਤੇ ਜੋ ਹਰ ਵਾਕ ਨਾਲ ਰਿਚਰਡ ਨੂੰ 'ਯਸ ਸਰ!' ਦੋ ਵਾਰ ਜ਼ਰੂਰ ਕਹਿੰਦਾ ਅਤੇ ਸੱਜੇ-ਖੱਬੇ ਸਿਰ ਹਿਲਾਉਂਦਾ ਸੀ। ਉਸਨੂੰ ਵੇਖਕੇ ਲੀਜ਼ਾ ਮੁਸਕਰਾ ਪਈ। ਬਾਬੂ ਅੰਗਰੇਜ਼ੀ ਜਾਣਦਾ ਸੀ। ਅਤੇ ਉਸਨੂੰ ਅੰਗਰੇਜ਼ੀ ਵਿਚ ਗੱਲਾਂ ਕਰਦੇ ਸੁਣਕੇ ਲੀਜ਼ਾ ਦਾ ਬੜਾ ਮਨੋਰੰਜਨ ਹੋਇਆ ਸੀ। ਲੀਜ਼ਾ ਖਾਣੇ ਵਾਲੇ ਕਮਰੇ ਦੇ ਰਸਤੇ ਬਰਾਂਡੇ ਵਿਚ ਆ ਗਈ। '"ਬਾਬੂ !" ਰਿਚਰਡ ਦੀ ਵੇਖਾ ਵੇਖੀ ਲੀਜ਼ਾ ਨੇ ਵੀ ਉਸਨੂੰ ਬਾਬੂ ਕਹਿ ਕੇ ਬੁਲਾਇਆ ਅਤੇ ਦਰਵਾਜ਼ੇ ਦੇ ਨਾਲ ਰਖੀ ਕੁਰਸੀ ਤੇ ਬਹਿ ਗਈ।

ਬਾਬੂ ਆਪਣੀ ਫਾਈਲ ਸਭਾਲਦਾ ਹੋਇਆ ਭੱਜ ਕੇ ਲੀਜ਼ਾ ਸਾਹਮਣੇ ਆ ਖਲੋਤਾ :

"ਯਸ ਸਰ ! ਯਸ ਮੈਡਮ !" ਬਾਬੂ ਦਾ ਚਿਹਰਾ ਸਾਂਵਲਾ ਸੀ ਅਤੇ ਦੰਦ ਬੇਹੱਦ ਚਿੱਟੇ ਹਨ, ਅਤੇ ਬਾਬੂ ਦੇ ਸਰੀਰ ਦਾ ਹਰੇਕ ਅੰਗ ਜਿਵੇਂ ਧੜ ਦੇ ਨਾਲ ਪੇਚਾਂ

ਨਾਲ ਜੋੜਿਆ ਗਿਆ ਸੀ, ਕਿਉਂਕਿ ਕੋਈ ਨਾ ਕੋਈ ਅੰਗ ਹਰ ਵੇਲੇ ਝਟਕਾ ਖਾ ਕੇ ਟੇਢਾ ਹੋ ਜਾਂਦਾ ਸੀ, ਕਦੇ ਸੱਜਾ ਮੋਢਾ ਝੁਕ ਜਾਂਦਾ, ਕਦੇ ਖੱਬਾ ਝੁਕ ਜਾਂਦਾ, ਪਰ ਮੂੰਹ ਹਰ ਵੇਲੇ ਖੁਲ੍ਹਾ ਰਹਿੰਦਾ ਅਤੇ ਚਿੱਟੇ ਦੰਦ ਹੋਰ ਵੇਲੇ ਝਿਲ ਮਿਲਾਉਂਦੇ ਰਹਿੰਦੇ।

"ਯੂ ਹਿੰਡੂ, ਬਾਬੂ?"

"ਯਸ, ਮੈਡਮ" ਬਾਬੂ ਨੇ ਥੋੜ੍ਹਾ ਝੇਂਪ ਕੇ ਕਿਹਾ।

ਲੀਜ਼ਾ ਆਪਣੀ ਸੂਝ ਤੇ ਬੜੀ ਖੁਸ਼ ਹੋਈ।

"ਆਈ ਗੈਸਡ ਰਾਈਟ।"

"ਯਸ, ਮੈਡਮ!"

ਲੀਜ਼ਾ ਉਸ ਵੱਲ ਵੇਖਦੀ ਰਹੀ। ਵੇਖਦੇ ਵੇਖਦੇ ਉਹ ਦੁਬਿੱਧਾ ਵਿਚ ਪੈ ਗਈ। ਉਸਨੇ ਕਿਸ ਆਧਾਰ ਤੇ ਕਿਹਾ ਸੀ ਕਿ ਉਹ ਹਿੰਦੂ ਹੈ। ਪੋਸ਼ਾਕ ਵਿਚ ਉਸਨੇ ਪਤਲੂਨ, ਕੋਟ, ਟਾਈ ਪਹਿਨ ਰੱਖੇ ਹਨ। ਉਹ ਸੋਚ ਵਿਚ ਪੈ ਗਈ। ਕਿਹੜੇ ਚਿੰਨ ਹੁੰਦੇ ਹਨ ਜਿਨ੍ਹਾਂ ਤੋਂ ਇਕ ਹਿੰਦੂ ਪਛਾਣਿਆ ਜਾਂਦਾ ਹੈ। ਫਿਰ ਉਹ ਉਠ ਖਲੋਤੀ ਅਤੇ ਉਸਦੇ ਸਿਰ ਦੇ ਵਾਲਾਂ ਵਿਚ ਕੁਝ ਢੂੰਡਦੀ ਰਹੀ। ਬਾਬੂ ਝੇਂਪ ਗਿਆ। ਤੀਹ ਕੁ ਸਾਲਾਂ ਦਾ ਬਾਬੂ ਪਿਛਲੇ ਦਸਾਂ ਸਾਲਾਂ ਤੋਂ ਦਫ਼ਤਰ ਵਿਚ ਸਟੈਨੋ ਦਾ ਕੰਮ ਕਰ ਰਿਹਾ ਸੀ। ਲੀਜ਼ਾ ਹੀ ਪਹਿਲੀ ਡਿਪਟੀ ਕਮਿਸ਼ਨਰ ਦੀ ਪਤਨੀ ਸੀ, ਜੋ ਬੇ-ਤਕਲਫੀ ਨਾਲ ਉਸ ਨਾਲ ਗੱਲਾਂ ਕਰਨ ਲੱਗੀ ਸੀ। ਹੋਰ ਡਿਪਟੀ ਕਮਿਸ਼ਨਰਾਂ ਦੀਆਂ ਪਤਨੀਆਂ ਬੜੀ ਰੁਖਾਈ ਅਤੇ ਉਪੇਖਿਆ ਨਾਲ ਪੇਸ਼ ਆਇਆ ਕਰਦੀਆਂ ਸਨ।

ਬਰਾਮਦੇ ਦੇ ਸਿਰੇ ਤੇ ਕਿਚਨ ਵੱਲ ਜਾਣ ਵਾਲੇ ਛੋਟੇ ਜਿਹੇ ਵਿਹੜੇ ਵਿਚ ਖਾਨਸਾਮਾ, ਬਾਗ ਦਾ ਮਾਲੀ ਅਤੇ ਕਿਚਨ ਦਾ ਰਸੋਈਆ ਖੜੇ ਸਨ ਅਤੇ ਉਨ੍ਹਾਂ ਵੱਲ ਵੇਖੀ ਜਾ ਰਹੇ ਸਨ।

''ਨੋ ਇਟ ਇਜ਼ੰਟ ਦੇਅਰ !" ਲੀਜ਼ਾ ਬੋਲੀ। ਬਾਬੂ ਦੇ ਸਿਰ ਤੋਂ ਪੈਰਾਂ ਤਕ ਝੁਰਝੁਰੀ ਹੋਈ। ਝੇਂਪ ਵਿਚ ਉਸਦੇ ਮੁਸਕਰਾਉਂਦੇ ਹੋਠ ਕੰਬ ਰਹੇ ਸਨ।

“ਨੋ ਮੈਡਮ, ਆਈ ਐਮ ਏ ਹਿੰਦੂ, ਏ ਬ੍ਰਾਹਮਣ ਹਿੰਦੂ !’’

"ਓ ਨੋ, ਦੈਨ ਵੇਅਰ ਇਜ਼ ਯੂਅਰ ਟਫ਼ਟੀ ?”

"ਯੂ ਆਰ ਨੋ ਹਿੰਡੂ, ਯੂ ਟੋਲਡ ਏ ਲਾਈ !”

ਬਾਬੂ ਡਰ ਰਿਹਾ ਸੀ। ਸ਼ਹਿਰ ਵਿਚ ਦੰਗੇ ਦਾ ਖਤਰਾ ਸੀ। ਉਹ ਬੜੀ ਮੁਸ਼ਕਲ ਨਾਲ ਬਚਦਾ ਹੋਇਆ ਦਫ਼ਤਰ ਪਹੁੰਚਿਆ ਸੀ। ਪਰ ਲੀਜ਼ਾ ਦੀ ਗੱਲ ਸੁਣ ਕੇ ਉਸਨੂੰ ਹੌਂਸਲਾ ਜਿਹਾ ਹੋ ਗਿਆ। ਕਾਲੇ ਚਿਹਰੇ ਵਿਚ ਚਿੱਟੇ ਦੰਦੀ ਦੀ ਲੜੀ ਚਮਕ ਉਠੀ।

"ਆਈ ਹੈਵ ਨੋ ਟਫਟ ਮੈਡਮ 1"

"ਦੇਨ ਯੂ ਆਰ ਨੋ ਹਿੰਡੂ।"

ਲੀਜ਼ਾ ਨੇ ਆਪਣੀ ਤਰਜਨੀ (ਉਂਗਲੀ) ਉਸ ਵੱਲ ਹਿਲਾਉਂਦੇ ਹੋਏ ਹਸ ਕੇ ਕਿਹਾ, “ਯੂ ਟੋਲਡ ਏ ਲਾਈ।”

"ਨੋ ਮੈਡਮ, ਆਈ ਐਮ ਏ ਹਿੰਦੂ।"

"ਟੇਕ ਆਫ ਯੂਅਰ ਕੋਟ, ਬਾਬੂ !" ਲੀਜ਼ਾ ਨੇ ਕਿਹਾ।

"ਓਹ, ਮੈਡਮ !” ਬਾਬੂ ਫਿਰ ਝੇਂਪ ਗਿਆ।

“ਟੇਕ ਆਫ, ਟੇਕ ਆਫ਼, ਹਰੀ!”

ਬਾਬੂ ਨੇ ਮੁਸਕਾਉਂਦੇ ਹੋਏ ਕੋਟ ਲਾਹ ਦਿੱਤਾ।

"ਵੈਰੀ ਗੁਡ, ਨਾਉ ਅਨਬਟਨ ਯੁਅਰ ਸ਼ਰਟ।”

"ਵਾਟ ਮੈਡਮ ?"

“ਡੋਂਟ ਸੇ ਵਾਟ ਮੈਡਮ, ਸੇ ਆਈ ਬੈਗ ਯੂਅਰ ਪਾਰਡਨ ਮੈਡਮ। ਆਲ ਰਾਈਟ, ਅਨਬਟਨ ਯੂਅਰ ਸ਼ਰਟ।"

ਬਾਬੂ ਬੇਬਸ ਜਿਹਾ ਲੀਜ਼ਾ ਸਾਹਮਣੇ ਖਲੋਤਾ ਰਿਹਾ, ਫਿਰ ਨਕਟਾਈ ਹੇਠਾਂ ਹੱਥ ਪਾ ਕੇ ਇਕ ਇਕ ਕਰਕੇ ਤਿੰਨ ਬਟਨ ਖੋਲ੍ਹ ਦਿਤੇ।

''ਸ਼ੋ ਮੀ ਯੂਅਰ ਥ੍ਰੈਡ।

"ਵਾਟ, ਮੈਡਮ ?"

"ਯੂਅਰ ਥ੍ਰੈਡ, ਵਾਟ ਮੈਡਮ ! ਸ਼ੋ ਮੀ ਯੂਅਰ ਹਿੰਦੂ ਥ੍ਰੈਡ !"

ਬਾਬੂ ਸਮਝ ਗਿਆ। ਮੇਮ ਸਾਹਿਬ ਜਨੇਊ ਬਾਰੇ ਪੁੱਛ ਰਹੀ ਸੀ। ਬਾਬੂ ਨੇ ਜਨੇਊ ਨਹੀਂ ਪਹਿਨਿਆ ਸੀ। ਦਸਵੀਂ ਜਮਾਤ ਪਾਸ ਕਰਕੇ ਕਾਲਜ ਆਉਣ ਤੇ ਉਸਨੇ ਬੋਦੀ ਕਟਵਾ ਦਿੱਤੀ ਸੀ ਅਤੇ ਬਾਰ੍ਹਵੀਂ ਜਮਾਤ ਵਿਚ ਦਾਖਲ ਹੋਣ ਤੇ ਉਸਨੇ ਜਨੇਊ ਵੀ ਲਾਹ ਕੇ ਸੁੱਟ ਦਿੱਤਾ ਸੀ।

"ਆਈ ਹੈਵ ਨੋ ਥ੍ਰੈਡ, ਮੈਡਮ !" ਉਸਨੇ ਖਿਸਿਆਈ ਜਹੀ ਮੁਸਕਾਣ ਨਾਲ ਕਿਹਾ।

"ਨੋ ਥ੍ਰੈਡ, ਦੇਨ ਯੂ ਆਰ ਨੋ ਹਿੰਦੂ।"

"ਆਈ ਐਮ ਏ ਹਿੰਦੂ ਮੈਡਮ, ਆਈ ਸਵੀਅਰ ਬਾਈਗਾਡ, ਆਈ ਐਮ ਏ ਹਿੰਦੂ।" ਉਹ  ਫਿਰ ਡਰਨ ਲੱਗਾ ਸੀ।

"ਨੋ ਯੂ ਆਰ ਨੋ ਹਿੰਡੂ, ਯੂ ਟੋਲਡ ਏ ਲਾਈ ! ਆਈ ਸ਼ੈਲ ਟੈਲ ਯੂਅਰ ਬਾਸ ਅਬਾਉਟ ਇਟ!"

ਬਾਬੂ ਦਾ ਚਿਹਰਾ ਪੀਲਾ ਪੈ ਗਿਆ। ਕਮੀਜ਼ ਦੇ ਬਟਨ ਬੰਦ ਕਰਕੇ, ਕੋਟ ਪਹਿਨਦੇ ਹੋਏ ਘਬਰਾ ਕੇ ਕਿਹਾ :

"ਆਈ ਟੋਲ ਯੂ ਸਿੰਸੀਅਰਲੀ ਮੈਡਮ, ਆਈ ਐਮ ਏ ਹਿੰਦੂ, ਮਾਈ ਨੇਮ ਵਿਚ ਰੋਸ਼ਨ ਲਾਲ।"

"ਰੋਸ਼ਨ ਲਾਲ ! ਬਟ ਦੀ ਕੁਕਸ ਨੇਮ ਇਜ਼ ਰੋਸ਼ਨ ਡੀਨ, ਐਂਡ ਹੀ ਇਜ਼ ਏ ਮੁਸਲਮਾਨ।"

"ਯਸ ਮੈਡਮ" ਬਾਬੂ ਬੋਲਿਆ, ਉਸ ਲਈ ਸਮਝਾਉਣਾ ਮੁਸ਼ਕਿਲ ਹੋ ਗਿਆ ਸੀ। "ਹੀ ਇਜ਼ ਰੌਸ਼ਨ ਦੀਨ, ਮੈਡਮ, ਆਈ ਐਮ ਰੋਸ਼ਨ ਲਾਲ। ਆਈ ਐਮ ਏ ਹਿੰਦੂ, ਹੀ ਇਜ਼ ਮੁਸਲਿਮ।"

"ਨੋ, ਰਿਚਰਡ ਟੋਲਡ ਮੀ ਯੂ ਪੀਪਲ ਹੈਵ ਡਿਫਰੈਂਟ ਨੇਮਜ਼।" ਫਿਰ ਬਾਬੂ ਵੱਲ ਤਰਜਨੀ (ਉਂਗਲੀ) ਕਰ ਕੇ ਝੂਠੇ ਗੁੱਸੇ ਦੀ ਆਵਾਜ਼ ਵਿਚ ਬੋਲੀ : "ਨੋ ਬਾਬੂ, ਯੂ ਟੋਲਡ ਏ ਲਾਈ! ਆਈ ਸ਼ੈਲ ਟੈਲ ਯੂਅਰ ਬਾਸ।"

ਬਾਬੂ ਦਾ ਗਲਾ ਸੁੱਕ ਰਿਹਾ ਸੀ ਅਤੇ ਦਿਲ ਧੜਕਣ ਲੱਗਾ ਸੀ। ਸ਼ਹਿਰ ਵਿਚ ਗੜਬੜ ਦੇ ਕਾਰਨ ਹੀ ਤਾਂ ਇਹ ਪੁੱਛਗਿਛ ਨਹੀਂ ਹੋ ਰਹੀ ਹੈ ! ਮੇਮ ਸਾਹਿਬ ਚਾਹੁੰਦੀ ਕੀ ਹੈ ?

ਅਚਾਨਕ ਲੀਜ਼ਾ ਹੁਣ ਉਠੀ "ਗੋ ਬਾਬੂ ! ਆਈ ਸ਼ੈਲ ਟੈਲ ਐਵਰੀਥਿੰਗ ਟੂ ਯੁਅਰ ਬਾਸ।"

ਬਾਬੂ ਨੇ ਬਰਾਮਦੇ ਦੇ ਫਰਸ਼ ਤੋਂ ਆਪਣੀ ਫਾਈਲ ਚੁੱਕੀ ਅਤੇ ਪਿੱਛੇ ਨੂੰ ਮੁੜ ਗਿਆ। ਉਹ ਬਰਾਮਦਾ ਲੰਘ ਕੇ ਜਾ ਹੀ ਰਿਹਾ ਸੀ ਜਦ ਲੀਜ਼ਾ ਨੇ ਫਿਰ ਅਵਾਜ਼ ਦਿੱਤੀ :

"ਬਾਬੂ!"

ਬਾਬੂ ਮੁੜਿਆ।

"ਕਮ ਹਿਯਰ !"

ਨੇੜੇ ਆਉਣ ਤੇ ਲੀਜ਼ਾ ਨੇ ਗੰਭੀਰ ਸ਼ਕਲ ਬਣਾ ਕੇ ਕਿਹਾ :

''ਵੇਅਰ ਇਜ਼ ਯੂਅਰ ਬਾਸ !"

"ਇਨ ਦੀ ਆਫਿਸ ਮੈਡਮ, ਹੀ ਇਜ਼ ਵੈਰੀ ਬਿਜ਼ੀ, ਮੈਡਮ।"

"ਆਲ ਰਾਈਟ, ਗੋ ! ਯੂ ਐਂਡ ਯੂਅਰ ਬਾਸ! ਗੋ। ਗੈਟ ਆਉਟ ਆਫ ਹੀਅਰ!" ਉਸਨੇ ਚਿੱਲਾ ਕੇ ਕਿਹਾ।

"ਯਸ ਮੈਡਮ" ਅਤੇ ਬਾਬੂ ਫਿਰ ਕੰਬਦਾ ਹੋਇਆ ਮੁੜ ਗਿਆ।

ਬਾਬੂ ਦੇ ਚਲੇ ਜਾਣ ਪਿਛੋਂ ਲੀਜ਼ਾ ਨੂੰ ਜਿਵੇਂ ਮਤਲੀ ਆਉਣ ਲੱਗੀ। ਉਸਦਾ ਹੰਸੌੜ ਮੂਡ ਫਿਰ ਨਫ਼ਰਤ ਅਤੇ ਉਦਾਸੀ ਵਿਚ ਬਦਲਣ ਲੱਗਾ। ਬਾਬੂ ਨੂੰ ਮੋਢੇ ਝੁਕਾਏ ਹੋਏ ਜਾਂਦਾ ਵੇਖ ਕੇ ਉਸਨੂੰ ਲੱਗਣ ਲੱਗਾ ਜਿਵੇਂ ਕੋਈ ਲਸਲਸਾ ਜੀਵ ਜਾ ਰਿਹਾ ਹੈ। ਨਾ ਜਾਣੇ, ਰਿਚਰਡ ਕਿਵੇਂ ਇਨ੍ਹਾਂ ਲੋਕਾਂ ਨਾਲ ਦਿਨ ਭਰ ਕੰਮ ਕਰ ਸਕਦਾ ਹੈ। ਇਕ ਗਹਿਰੀ ਹੂਕ ਜਿਹੀ ਉਸਦੇ ਮਨ ਵਿਚ ਉਠੀ, ਅਤੇ ਉਹ ਉਹਨੀਂ ਪੈਰੀਂ ਬੰਗਲੇ ਅੰਦਰ ਜਾਣ ਲਈ ਮੁੜ ਗਈ।

***

## ਅੱਠ

ਸ਼ਹਿਰ ਵਿਚ ਸਭ ਕੰਮ ਜਿਵੇਂ ਵੰਡੇ ਹੋਏ ਸਨ, ਕੱਪੜੇ ਦੀਆਂ ਦੁਕਾਨਾਂ ਜ਼ਿਆਦਾ ਕਰਕੇ ਹਿੰਦੂਆਂ ਦੀਆਂ ਸਨ, ਜੁੱਤੀਆਂ ਦੀਆਂ ਮੁਸਲਮਾਨਾਂ ਦੀਆਂ, ਮੋਟਰ ਲਾਰੀਆਂ ਦਾ ਸਾਰਾ ਕੰਮ ਮੁਸਲਮਾਨਾਂ ਦੇ ਹੱਥਾਂ ਵਿਚ ਸੀ, ਅਨਾਜ ਦਾ ਕੰਮ ਹਿੰਦੂਆਂ ਦੇ ਹੱਥ ਵਿਚ। ਛੋਟੇ ਛੋਟੇ ਕੰਮ ਹਿੰਦੂ ਵੀ ਕਰਦੇ ਸਨ, ਮੁਸਲਮਾਨ ਵੀ।

ਸ਼ਿਵਾਲੇ ਦਾ ਬਜ਼ਾਰ ਕਿਸੇ ਲਾੜੀ ਦੇ ਚਿਹਰੇ ਵਾਂਗ ਖਿੜਿਆ ਹੋਇਆ ਸੀ। ਉਥੇ ਰੋਜ਼ਾਨਾ ਵਾਂਗ ਹੀ ਰੌਣਕ ਸੀ, ਕੋਈ ਨਹੀਂ ਕਹਿ ਸਕਦਾ ਸੀ ਕਿ ਕਿਤੇ ਕੋਈ ਤਨਾਓ ਪਾਇਆ ਜਾਂਦਾ ਹੈ। ਸੁਨਿਆਰਿਆਂ ਦੀਆਂ ਦੁਕਾਨਾਂ ਤੇ ਕਈ ਬੁਰਕੇ ਵਾਲੀਆਂ ਪਿੰਡਾਂ ਦੀਆਂ ਤੀਵੀਆਂ ਚਾਂਦੀ ਦੇ ਗਹਿਣੇ ਖਰੀਦਣ-ਬਣਵਾਉਣ ਲਈ ਥਾਂ ਪਰ ਥਾਂ ਬੈਠੀਆਂ ਹੋਈਆਂ ਸਨ। ਹਕੀਮ ਲਾਭ ਰਾਮ ਦੀ ਦੁਕਾਨ ਦੇ ਸਾਹਮਣੇ ਦਵਾਈਆਂ ਕੁੱਟਣ ਵਾਲੇ ਦੋ ਕਸ਼ਮੀਰੀ ਮੁਸਲਮਾਨ ਨੱਕ-ਮੂੰਹ ਲਪੇਟੀ ਦੌਰੀ ਵਿਚ ਦਵਾਈਆਂ ਕੁੱਟ ਰਹੇ ਸਨ। ਕੁਬੜੇ ਹਲਵਾਈ ਦੀ ਦੁਕਾਨ ਤੇ ਲੱਗਭਗ ਰੋਜ ਵਾਂਗ ਭੀੜ ਸੀ। ਛਾਬੜੀ ਵਾਲਾ ਸੰਤ ਰਾਮ ਅੱਜ ਵੀ ਠੀਕ ਇਕ ਵਜੇ ਆਪਣੀ ਹੱਥ ਗੱਡੀ ਹੌਲੀ ਹੌਲੀ ਚਲਾਉਂਦਾ ਹੋਇਆ, ਸਰਾਫਾਂ ਦਾ ਬਜ਼ਾਰ ਲੰਘ ਕੇ ਸ਼ਿਵਾਲੇ ਦੇ ਬਾਜ਼ਾਰ ਵਿਚ ਆ ਗਿਆ ਸੀ ਅਤੇ ਹਰ ਰੋਜ਼ ਵਾਂਗ ਹੀ ਦਰਜੀ ਖ਼ੁਦਾਬਖਸ਼ ਅਤੇ ਉਸਦੇ ਦੋ ਭਰਾਵਾਂ ਲਈ ਅੱਧੀ ਅੱਧੀ ਛਟਾਂਕ ਹਲਵੇ ਦੇ ਤਿੰਨ ਪੱਤੇ ਬਣਾਕੇ ਭੇਜ ਰਿਹਾ ਸੀ।

ਵਾਤਾਵਰਣ ਵਿਚ ਸਥਿਰਤਾ ਸੀ। ਸਵੇਰ ਦੀ ਘਟਨਾ ਨਾਲ ਪੈਦਾ ਹੋਣ ਵਾਲਾ ਤਨਾਓ ਕੁਝ ਦਬ ਗਿਆ ਸੀ, ਕੁਝ ਫੈਲ ਗਿਆ ਸੀ। ਸੜਕਾਂ ਉਤੇ ਚਹਿਲ-ਪਹਿਲ ਸੀ। ਖੁਦਾਬਖਸ਼ ਦੀ ਦੁਕਾਨ ਸਾਹਮਣੇ ਗਲੀ ਦੇ ਸਿਰੇ ਤੇ ਕਮੇਟੀ ਦਾ ਕਰਿੰਦਾ ਪੌੜੀ ਲਾ ਕੇ, ਕੰਧ ਵਿਚ ਵਿਚ ਲੱਗੇ ਲੈਂਪ ਦੀ ਚਿਮਨੀ ਸਾਫ਼ ਕਰ ਰਿਹਾ ਸੀ ਅਤੇ ਲੈਂਪ ਵਿਚ ਤੇਲ ਪਾ ਰਿਹਾ ਸੀ। ਸ਼ਹਿਰ ਦਾ ਕਾਰ ਵਿਹਾਰ ਫਿਰ ਜਿਵੇਂ ਕਿਸੇ

ਸੰਗੀਤ ਦੀ ਲੈਅ ਤੇ ਚਲਣ ਲੱਗਾ ਹੋਵੇ। ਜਦ ਅਤਰ ਵੇਚਣ ਵਾਲਾ ਇਬਰਾਹੀਮ ਮੋਢਿਆਂ ਅਤੇ ਪਿੱਠ ਤੇ ਤਰ੍ਹਾਂ ਤਰ੍ਹਾਂ ਦੀਆਂ ਬੋਤਲਾਂ ਲਟਕਾਈ ਇਕ ਗਲੀ ਤੋਂ ਦੂਸਰੀ ਗਲੀ ਅਤਰ ਫੁਲੇਲ ਦਾ ਹੋਕਾ ਦਿੰਦਾ ਆਪਣੀ ਸਥਿਰ ਚਾਲ ਨਾਲ ਲੰਘ ਜਾਂਦਾ ਤਾਂ ਲੱਗਦਾ ਸ਼ਹਿਰ ਦੀ ਇਸ ਧੁਨ ਤੇ ਉਸਦੇ ਪੈਰ ਉਠ ਰਹੇ ਹਨ। ਇਸੇ ਧੁਨ ਤੇ ਤੀਵੀਆਂ ਆਪਣੇ ਘੜੇ ਲੈ ਕੇ ਗਲੀ ਦੇ ਨਲਕੇ ਤੇ ਜਾਂਦੀਆਂ, ਇਸ ਧੁਨ ਦੀ ਲੈਅ ਤੇ ਸੜਕਾਂ ਤੇ ਟਾਂਗੇ ਚਲਦੇ, ਇਸੇ ਧੁਨ ਤੇ ਬੱਚੇ ਸਕੂਲ ਜਾਂਦੇ, ਲੱਗਦਾ, ਸ਼ਹਿਰ ਦਾ ਸਾਰਾ ਕੰਮ ਕਾਰ ਕਿਸੇ ਮਿੱਠੀ ਸਹਿਜ ਧੁਨ ਤੇ ਚਲ ਰਿਹਾ ਹੈ। ਲੱਗਦਾ ਇਸ ਦੀ ਇਕ ਕੜੀ ਟੁਟੇਗੀ ਤਾਂ ਸਾਜ਼ ਦੇ ਸਾਰੇ ਤਾਰ ਟੁਟ ਜਾਣਗੇ। ਜਾਂ ਇਉਂ ਕਹਿ ਲਓ ਕਿ ਸ਼ਹਿਰ ਦੀਆਂ ਸਭ ਕ੍ਰਿਆਵਾਂ ਮਿਲਕੇ ਕਿਸੇ ਸੁਹਾਣੇ ਸੰਗੀਤ ਦਾ ਨਿਰਮਾਣ ਕਰਦੀਆਂ ਜੋ ਸ਼ਹਿਰ ਦੇ ਦਿਲ ਦੀ ਧੜਕਣ ਦੇ ਨਾਲ ਨਾਲ ਵਜਦਾ ਸੀ। ਸ਼ਹਿਰ ਵਿਚ ਲੋਕ ਜਵਾਨ ਹੁੰਦੇ ਹਨ ਤਾਂ ਇਸ ਲੈਅ ਤੇ, ਬੁੱਢੇ ਹੁੰਦੇ ਹਨ ਤਾਂ ਇਸੇ ਲੈਅ ਉਤੇ। ਇਸ ਤੇ ਪੀੜ੍ਹੀਆਂ ਆਪਣਾ ਜੀਵਨ ਬਤੀਤ ਕਰਦੀਆਂ ਹੋਈਆਂ ਚਲੀਆਂ ਜਾਂਦੀਆਂ ਹਨ। ਤੁਸੀਂ ਇਸ ਨੂੰ ਸੰਗੀਤ ਕਹਿ ਲਓ ਜਾਂ ਨਾਜ਼ੁਕ ਜਿਹਾ ਸੰਤੁਲਨ ਜਿਸ ਵਿਚ ਲੋਕਾਂ ਦੇ ਆਪਸੀ ਰਿਸ਼ਤੇ, ਲੋਕ ਸਮੂਹਾਂ ਦੇ ਆਪਸੀ ਰਿਸ਼ਤੇ ਇਕ ਵਿਸ਼ੇਸ਼ ਧਾਰਾ ਤੋਂ ਸਥਿਰ ਹੋ ਚੁਕੇ ਹੁੰਦੇ ਹਨ......।

ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਸ਼ਹਿਰ ਦੇ ਜੀਵਨ ਵਿਚ ਲਹਿਰਾਂ ਨਹੀਂ ਉਠਦੀਆਂ ਸਨ, ਕਾਂਗਰਸ ਦਾ ਅੰਦੋਲਨ ਚਲਦੇ ਹੀ ਜ਼ਬਰਦਸਤ ਲਹਿਰਾਂ ਉਠਦੀਆਂ ਸਨ, ਹਰ ਸਾਲ ਗੁਰਪੁਰਬ ਦੇ ਮੌਕੇ ਤੇ ਸਿਖਾਂ ਦਾ ਜਲੂਸ ਨਿਕਲਦਾ ਤਾਂ ਸ਼ਹਿਰ ਵਿਚ ਤਨਾਓ ਆ ਜਾਂਦਾ। ਜਾਮਾ ਮਸਜਿਦ ਦੇ ਸਾਹਮਣਿਓ ਜਲੂਸ ਵਾਜਾ ਵਜਾਉਦਾ ਹੋਇਆ ਨਿਕਲੇਗਾ ਜਾਂ ਨਹੀਂ, ਉਸ ਉਤੇ ਪਥਰਾਓ ਹੋਵੇਗਾ ਜਾਂ ਨਹੀਂ। ਮੁਸਲਮਾਨਾਂ ਦੇ ਤਾਜ਼ੀਏ ਨਿਕਲਦੇ ਅਤੇ ਛਾਤੀਆਂ ਪਿਟਦੇ ਹੋਏ 'ਯਾ, ਹੁਸੈਨ!' ਬੋਲਦੇ, ਪਸੀਨੇ ਨਾਲ ਤਰ ਮੁਸਲਮਾਨਾਂ ਦੀਆਂ ਮੰਡਲੀਆਂ ਨਿਕਲਦੀਆਂ ਤਦ ਵੀ

ਸ਼ਹਿਰ ਵਿਚ ਤਨਾਓ ਆ ਜਾਂਦਾ ਪਰ ਇਸ ਤੋਂ ਉਪਰੰਤ ਤਨਾਓ ਢਿੱਲਾ ਵੀ ਪੈ ਜਾਂਦਾ ਅਤੇ ਜਨ-ਸਾਧਾਰਣ ਦੇ ਜੀਵਨ ਦੀ ਗਤੀ ਦੁਬਾਰਾ ਇਸੇ ਲੈਅ ਤੇ ਚਲਣ ਲੱਗਦੀ, ਫਿਰ ਸੁਹਾਵਣਾ ਵਾਤਾਵਰਣ ਬਣ ਜਾਂਦਾ, ਫਿਰ ਲੋਕ ਹੱਸ ਖੇਡ ਕੇ ਦਿਨ ਬਿਤਾਉਣ ਲੱਗਦੇ।

ਦਰਜੀ ਖੁਦਾਬਖਸ਼ ਦੀ ਦੁਕਾਨ ਤੇ ਸਰਦਾਰ ਹਾਕਮ ਸਿੰਘ ਦੀ ਪਤਨੀ ਉਲ੍ਹਾਮਾ ਦੇ ਰਹੀ ਸੀ :

''ਵੇ ਬਖਸ਼ਿਆ, ਤੂੰ ਕੱਪੜੇ ਕੀ ਦੇਸੇ-ਮਰਸੇਂ ਜਾਂ ਫੇਰੇ ਹੀ ਪਵਾਂਦਾ ਰਹਸੇਂ ?”

ਖੁਦਾਬਖਸ਼ ਮੁਸਕਰਾ ਪਿਆ। ਸ਼ਹਿਰ ਦੀਆਂ ਸਭ ਹਿੰਦੂ ਤੀਵੀਆਂ, ਸਰਦਾਰਨੀਆਂ ਅਤੇ ਖਾਂਦੇ ਪੀਂਦੇ ਘਰਾਂ ਦੀਆਂ ਔਰਤਾਂ ਉਸਨੂੰ ਬਖਸ਼ਾ ਕਹਿ ਕੇ ਹੀ ਬਲਾਉਂਦੀਆਂ ਸਨ। ਬਖਸ਼ੇ ਦੀ ਦੁਕਾਨ ਤੇ ਵਿਆਹਾਂ ਲਈ ਸੀਤੇ ਜਾਣ ਵਾਲੇ ਕੱਪੜਿਆਂ ਦਾ ਢੇਰ ਲੱਗਾ ਰਹਿੰਦਾ ਸੀ।

"ਜਦ ਮੈਂ ਕਹਿੰਦਾ ਰਿਹਾ ਬੀਬੀ ਭੇਜੋ ਕੱਪੜੇ, ਭੇਜੋ ਕੱਪੜੇ, ਤੁਸਾਂ ਕੋਈ ਪਰਵਾਹ ਨਾ ਕੀਤੀ, ਸਾਰੀਆਂ ਸਰਦੀਆਂ ਲੰਘਾ ਦਿੱਤੀਆਂ। ਹੁਣ ਵਕਤ ਤਾਂ ਲੱਗਦੇ। ਸੋਲਾਂ ਹੱਥ ਨਹੀਂ ਮੇਰੇ।"

"ਕਿਉਂ ਸਰਦੀਆਂ ਕਿਵੇਂ ਬੀਤ ਗਈਆਂ ?"

“ਕਿਉਂ ਭਲਾ, ਸ਼ਿਵ ਰਾਮ ਦੇ ਪੁੱਤ ਦੇ ਵਿਆਹ ਦੇ ਪੰਦਰਾਂ ਦਿਨ ਪਿਛੋਂ ਤੁਸੀਂ ਕੁੜੀ ਦੀ ਸਗਾਈ ਕੀਤੀ ਸੀ ਜਾਂ ਨਹੀਂ। ਉਦੋਂ ਕਿਹੜਾ ਮਹੀਨਾ ਚਲ ਰਿਹਾ ਸੀ ?"

ਹਾਕਿਮ ਸਿੰਘ ਦੀ ਪਤਨੀ ਹੱਸਣ ਲੱਗੀ।

“ਹਾਂ ਭਾਈ, ਤੂੰ ਸਭ ਜਾਣਦਾ ਏਂ। ਹੁਣ ਦਸ ਕੁੜੀ ਦਾ ਸੂਟ ਕਦੋਂ ਦੇਵੇਂਗਾ ?"

"ਵਿਆਹ ਕਦ ਹੈ ?"

“ਵਾਹ ਜੀ ਕੁੜੀ ਦੀ ਸਗਾਈ ਦਾ ਦਿਨ ਇਹਨੂੰ ਯਾਦ ਹੈ, ਵਿਆਹ ਦਾ ਦਿਨ ਨਹੀਂ ਪਤਾ।”

“ ਪੰਛੀ ਨੂੰ ਹੈ ਨਾ ? ਅੱਜ ਕਿੰਨੀ ਤਰੀਕ ਹੈ ? ਪੰਜ ਤਰੀਕ ਦੇ ਦਿਆਂਗਾ।"

"ਦੇ ਦਿਆਂਗਾ ਨਹੀਂ, ਦਸ ਕਦੋਂ ਦੇਵੇਂਗਾ। ਅਨੰਦ ਕਾਰਜ ਵਾਲੇ ਦਿਨ ਤੂੰ ਫੇਰੇ ਪਵਾਵੇਂਗਾ, ਮੈਂ ਤੈਨੂੰ ਜਾਣਦੀ ਨਹੀਂ ਹਾਂ ਜਿਵੇਂ। ਵਿਦਿਆ ਦੇ ਵਿਆਹ ਤੋਂ ਵੀ ਤੂੰ ਇਉਂ ਹੀ ਕੀਤਾ ਸੀ, ਓਧਰ ਜੰਜ ਆਉਣ ਵਾਲੀ ਸੀ ਇਧਰ ਜਰੀ ਦੇ ਸੂਟ ਲਈ ਮੈਂ ਵਾਰ ਵਾਰ ਆਦਮੀ ਭੇਜ ਰਹੀ ਸੀ। ਠੀਕ ਠੀਕ ਦਸ ਕਦੋਂ ਦੇਵੇਂਗਾ।”

ਉਹ ਅਜੇ ਗੱਲ ਕਰ ਹੀ ਰਹੀ ਸੀ ਜਦੋਂ ਉਸਦੇ ਪਿਛਿਓਂ ਬਖਸ਼ੇ ਦੀ ਝੋਲੀ ਵਿਚ ਕਿਸੇ ਨੇ ਕੱਪੜੇ ਦਾ ਪੁਲੰਦਾ ਸੁੱਟਿਆ, ਹਰੇ ਰੰਗ ਦਾ ਰੇਸ਼ਮੀ ਕੱਪੜਾ, ਨਾਲ ਤਿਲੇ ਦਾ ਬਾਡਰ :

“ਬਖਸ਼ਿਆ ਕੱਪੜੇ ਨੂੰ ਮਾਪ ਲਈ, ਹੋਰ ਲੋੜ ਹੋਵੇ ਤਾਂ ਬੁਧ ਸਿੰਘ ਦੀ ਦੁਕਾਨੋਂ ਮੇਰਾ ਨਾਂ ਲੈ ਕੇ ਲੈ ਲਈ।”

ਇਕ ਤੀਵੀਂ ਸੀ। ਬਖਸ਼ੇ ਨੇ ਕੱਪੜੇ ਦੇ ਇਕ ਕੋਨੇ ਤੇ ਲਬ ਲਾ ਕੇ ਉਸ ਨੂੰ ਭਿਉਂ ਲਿਆ, ਫਿਰ ਕੰਨ ਪਿਛੇ ਟੰਗੀ ਪੈਨਸਿਲ ਕੱਢ ਕੇ ਉਸਨੇ ਨੰਬਰ ਲਾ ਲਿਆ ਅਤੇ ਨਾਲ ਵਾਲੀ ਅਲਮਾਰੀ ਵਿਚ ਸੁੱਟ ਦਿੱਤਾ। ਅਲਮਾਰੀ ਵਿਆਹ ਸ਼ਾਦੀਆਂ ਲਈ ਸੀਉਣ ਵਾਲੇ ਕਪੜਿਆਂ ਨਾਲ ਭਰੀ ਪਈ ਸੀ।

‘‘ਦੇ ਦਿਆਂਗਾ, ਦੇ ਦਿਆਂਗਾ, ਮੈਂ ਆਪ ਘਰ ਪਹੁੰਚਾ ਅਵਾਂਗਾ।”

''ਤੂੰ ਗਲਾਂ ਬਹੁਤ ਕਰਦਾ ਹੈ। ਇਸ ਵਾਰ ਸਮੇਂ ਸਿਰ ਕੱਪੜੇ ਨਾ ਦਿੱਤੇ ਤਾਂ ਮੈਂ ਤੇਰੀ ਦੁਕਾਨ ਤੇ ਕਦੇ ਪੈਰ ਨਹੀਂ ਰਖਾਂਗੀ।"

ਅਤੇ ਹਾਕਮ ਸਿੰਘ ਦੀ ਪਤਨੀ ਦੁਕਾਨ ਤੋਂ ਚਲੀ ਗਈ।

ਉਹ ਚਲੀ ਗਈ ਤਾਂ ਖ਼ੁਦਾ ਬਖਸ਼ ਦੀ ਨਜ਼ਰ ਸ਼ਿਵਾਲੇ ਦੀ ਕੰਧ ਤੇ ਪਈ। ਕੋਈ ਆਦਮੀ ਉਸ ਤੇ ਚੜ੍ਹਿਆ ਹੋਇਆ ਸੀ। ਖ਼ੁਦਾਬਖਸ਼ ਨੇ ਧਿਆਨ ਨਾਲ ਵੇਖਿਆ। ਗੋਰਖਾ ਚੌਕੀਦਾਰ ਸੀ, ਪਰ ਉਹ ਉਥੇ ਕੀ ਕਰ ਰਿਹਾ ਹੈ ? ਕੰਧ ਪਿਛੇ ਸ਼ਹਿਰ ਦਾ

ਪੁਰਾਣਾ ਮੰਦਰ ਸੀ ਜਿਸਦਾ ਕਲਸ਼ ਦੂਰ ਦੂਰ ਤੋਂ ਚਮਕਦਾ ਦਿਖਾਈ ਦਿੰਦਾ ਸੀ। ਉਸੇ ਮੰਦਰ ਦੀ ਕੰਧ ਤੇ ਇਕ ਘੜਿਆਲ ਲੱਗਾ ਸੀ।

"ਵੇਖੀਂ ਭਲਾ ਔਹ ਕੀ ਹੈ ?" ਖ਼ੁਦਾਬਖਸ਼ ਨੇ ਆਪਣੇ ਇਕ ਕਰਿੰਦੇ ਨੂੰ ਕਿਹਾ, ਜੋ ਉਹਦੇ ਕੋਲ ਬੈਠਾ ਮਸ਼ੀਨ ਤੇ ਕੱਪੜਾ ਸਿਉ ਰਿਹਾ ਸੀ।

''ਘੜਿਆਲ ਠੀਕ ਕੀਤਾ ਜਾ ਰਿਹਾ ਹੈ" ਕਰਿੰਦੇ ਨੇ ਕਿਹਾ।

" ਯਾ ਅੱਲਾ।" ਖੁਦਾਬਖਸ ਦੇ ਮੂੰਹੋਂ ਨਿਕਲਿਆ।

"ਸ਼ਹਿਰ ਵਿਚ ਫ਼ਸਾਦ ਦਾ ਡਰ ਹੈ....... ." ਫਿਰ ਦੋਵੇਂ ਚੁੱਪ ਹੋ ਗਏ।

ਸੰਨ ਛੱਬੀ ਦੇ ਫ਼ਸਾਦ ਪਿਛੋਂ ਇਹ ਘੜਿਆਲ ਲਗਵਾਇਆ ਗਿਆ ਸੀ। ਤਦੋਂ ਤੋਂ ਹੁਣ ਤਕ ਇਸਦੀ ਚਮਕ ਬਹੁਤ ਹੱਦ ਤਕ ਜਾਂਦੀ ਰਹੀ ਸੀ। ਧੁੱਪ ਤੇ ਮੀਂਹ ਕਾਰਨ ਉਸਦੇ ਲਾਗੇ ਚਾਗੇ ਦੀ ਕੰਧ ਤੋਂ ਵੀ ਪਲੱਸਤਰ ਉਖੜ ਗਿਆ ਸੀ। ਪਹਿਲੇ ਫ਼ਸਾਦਾਂ ਦੇ ਸਮੇਂ ਖ਼ੁਦਾਬਖਸ਼ ਵੀਹ ਬਾਈ ਸਾਲ ਦਾ ਜਵਾਨ ਸੀ, ਜਦ ਉਸਨੂੰ ਡੰਡ ਕੱਢਣ ਅਤੇ ਕਸਰਤ ਕਰਨ ਦਾ ਸ਼ੌਕ ਸੀ। ਉਹਨਾਂ ਦਿਨੀਂ ਉਹ ਆਪਣੇ ਪਿਤਾ ਦੀ ਦਰਜੀ ਦੀ ਦੁਕਾਨ ਤੇ ਬੈਠਾ ਸੀ। ਉਹਨੀਂ ਦਿਨੀਂ ਘੜਿਆਲ ਇਥੇ ਲਾਇਆ ਗਿਆ ਸੀ। ਹੁਣ ਖ਼ੁਦਾਬਖਸ਼ ਅੱਧਖੜ ਉਮਰ ਦਾ ਹੋ ਚਲਿਆ ਸੀ, ਅਤੇ ਸ਼ਹਿਰ ਵਿਚ ਵਿਰਲਾ ਹੀ ਕੋਈ ਅਜਿਹਾ ਵਿਆਹ ਹੋਵੇਗਾ ਜਿਸਦੇ ਕੱਪੜੇ ਸੀਉਣ ਲਈ ਇਸ ਕੋਲ ਨਾ ਆਉਂਦੇ ਹੋਣ। ਕੰਧ ਤੇ ਚੜਿਆ ਹੋਇਆ ਗੋਰਖਾ ਰਾਮ ਬਲੀ ਵੀ ਉਹ ਪੁਰਾਣਾ ਚੌਕੀਦਾਰੀ ਸੀ, ਜਿਸਦੇ ਹਥੀਂ ਘੜਿਆਲ ਲਾਇਆ ਗਿਆ ਸੀ। ਪਿਛਲੇ ਫ਼ਸਾਦਾਂ ਪਿਛੋਂ ਆਪਣੀ ਸਾਵਧਾਨੀ, ਸੇਵਾ ਭਾਵ ਤੇ ਇਮਾਨਦਾਰੀ ਕਾਰਣ ਇਹ ਆਪਣੇ ਕੰਮ ਤੇ ਲਗਿਆ ਰਿਹਾ ਸੀ। ਹੁਣ ਉਸਦਾ ਸਰੀਰ ਗਦਰਾ ਗਿਆ ਸੀ, ਚਿਹਰੇ ਤੇ ਝੁਰੜੀਆਂ ਪੈ ਗਈਆਂ ਸਨ, ਕੰਨਪਟੀਆਂ ਤੇ ਵਾਲ ਚਿੱਟੇ ਹੋ ਗਏ ਸਨ ਪਰ ਸ਼ਿਵਾਲੇ ਦੀ ਚੌਕੀਦਾਰੀ ਉਹ ਅਜੇ ਵੀ ਪਹਿਲਾਂ ਵਰਗੀ ਸਾਵਧਾਨੀ ਨਾਲ ਕਰਦਾ ਸੀ

ਘੜਿਆਲ ਦੀ ਹਲਕੀ ਜਿਨੀ ਟੁਨ ਟੁਨ ਸੁਣਾਈ ਦਿੱਤੀ। ਖੁਦਾਬਖਸ਼ ਦੀ ਨਜ਼ਰ ਫਿਰ ਕੰਧ ਤੇ ਗਈ। ਗੋਰਖਾ ਘੜਿਆਲ ਨਾਲ ਨਵੀਂ ਰਸੀ ਬੰਨ੍ਹ ਰਿਹਾ ਸੀ। ਘੜਿਆਲ ਇਸੇ ਕਾਰਨ ਹਿੱਲ ਗਿਆ ਸੀ ਅਤੇ ਟੁਨ ਟੁਨ ਦੀ ਆਵਾਜ਼ ਆਈ ਸੀ। ਗੋਰਖੇ ਨੇ ਗਰਾਰੀਆਂ ਵਿਚ ਤੇਲ ਲਾ ਦਿੱਤਾ ਹੈ, ਅਤੇ ਘੜਿਆਲ ਚਮਚਮਾ ਰਿਹਾ ਸੀ।

"ਇਸ ਘੜਿਆਲ ਦੀ ਆਵਾਜ਼ ਸੁਣ ਕੇ ਰੂਹ ਕੰਬ ਜਾਂਦੀ ਹੈ" ਖ਼ੁਦਾਬਖਸ ਨੇ ਕਿਹਾ। "ਪਹਿਲੇ ਫ਼ਸਾਦ ਵੇਲੇ ਜਦ ਵੱਜਿਆ ਸੀ ਤਾਂ ਮੰਡੀ ਵਿਚ ਅੱਗ ਲੱਗੀ ਸੀ ਅਤੇ ਭਾਂਬੜਾਂ ਨੇ ਅੱਧੇ ਆਸਮਾਨ ਨੂੰ ਢੱਕਿਆ ਹੋਇਆ ਸੀ।"

ਕੰਧ ਉਤੇ ਗੋਰਖਾ ਅਜੇ ਵੀ ਘੜਿਆਲ ਨੂੰ ਸਾਫ਼ ਕਰੀ ਜਾ ਸੀ। ਜਿਵੇਂ ਤਿਉਹਾਰ ਜਾਂ ਪੁਰਬ ਆਉਣ ਵਾਲਾ ਹੋਵੇ। ਅਤੇ ਘੜਿਆਲ ਇਉਂ ਚਮਕਣ ਲੱਗਾ ਸੀ ਜਿਵੇਂ ਕੋਈ ਪਿੱਤਲ ਦਾ ਮਾਂਜਿਆ ਹੋਇਆ ਭਾਂਡਾ ਚਮਕਦਾ ਹੈ। ਨਾਲ ਨਵੀਂ ਮੋਟੀ ਰੱਸੀ ਝੂਲਣ ਲੱਗੀ ਸੀ।

ਖੁਦਾਬਖਸ਼ ਦੀ ਨਜ਼ਰ ਘੜਿਆਲ ਤੋਂ ਹਟ ਕੇ ਨਾਲ ਵਾਲੇ ਸੁਨਿਆਰੇ ਦੀ ਦੁਕਾਨ ਤੇ ਗਈ, ਜਿਥੇ ਇਕ ਅੱਧਖੜ ਉਮਰ ਦਾ ਆਦਮੀ ਅਤੇ ਉਸਦੀ ਪਤਨੀ ਜੋ ਕਿਸੇ ਪਿੰਡੋਂ ਆਏ ਦਿਖਾਈ ਦਿੰਦੇ ਸਨ – ਆਪਣੀ ਲੜਕੀ ਨੂੰ ਕਾਂਟਿਆਂ ਦੀ ਜੋੜੀ ਲੈ ਲੈਣ ਲਈ ਕਹਿ ਰਹੇ ਸਨ।

"ਤੈਨੂੰ ਪਸੰਦ ਹੈ ਤਾਂ ਲੈ ਲੈ, ਕਿਉਂ ਨਹੀਂ ਲੈਂਦੀ। ਛੇਤੀ ਕਰ ਅਸੀਂ ਹੋਰ ਵੀ ਬਹੁਤ ਸਾਰਾ ਸਮਾਨ ਖਰੀਦਣਾ ਹੈ ਅਤੇ ਪਿੰਡ ਵੀ ਪਰਤਣਾ ਹੈ।"

ਲੜਕੀ ਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਵਾਰ ਵਾਰ ਕਾਂਟਿਆਂ ਨੂੰ ਕੰਨ ਕੋਲ ਲੈ ਜਾਂਦੀ ਅਤੇ ਸ਼ਰਮਾ ਕੇ ਆਪਣੀ ਮਾਂ ਨੂੰ ਵਿਖਾਉਣ ਲੱਗਦੀ।

"ਕਿਹੋ ਜਿਹੇ ਲੱਗਦੇ ਨੇ, ਮਾਂ ?"

ਸ਼ਰਮਾਕਲ ਜਿਹੀ ਇਹ ਕੁੜੀ ਇਸ ਦੁਚਿੱਤੀ 'ਚ ਸੀ ਕਿ ਕਾਂਟਿਆਂ ਦੀ ਜੋੜੀ ਉਸਨੂੰ ਫਬਦੀ ਹੈ ਜਾਂ ਨਹੀਂ। ਉਹ ਉਨ੍ਹਾਂ ਨੂੰ ਖਰੀਦੇ ਜਾਂ ਨਾ ਖਰੀਦੇ।

ਖੁਦਾਬਖਸ਼ ਨੇ ਇਕ ਵਾਰ ਫਿਰ ਮੰਦਰ ਦੀ ਦੀਵਾਰ ਵੱਲ ਨਜ਼ਰ ਮਾਰ ਕੇ ਵੇਖਿਆ। ਬੁੱਢਾ ਚੌਕੀਦਾਰ ਕੰਧ ਤੋਂ ਉਤਰ ਰਿਹਾ ਸੀ ਅਤੇ ਚਮਚਮਾਉਂਦੇ ਘੜਿਆਲ ਨਾਲ ਲੱਗੀ ਰੱਸੀ ਕੰਧ ਤੇ ਝੂਲ ਰਹੀ ਸੀ। ਖੁਦਾਬਖਸ਼ ਦੇ ਮੂੰਹੋ ਫਿਰ ਇਕ ਵਾਰ 'ਯਾ ਅੱਲਹ !" ਨਿਕਲਿਆ ਅਤੇ ਉਸਨੇ ਮੂੰਹ ਫੇਰ ਲਿਆ।

ਉਧਰ ਫ਼ਜਲਦੀਨ ਨਾਨਬਾਈ ਦੀ ਦੁਕਾਨ ਤੇ ਮਜਲਿਸ ਲੱਗੀ ਹੋਈ ਸੀ। ਢਲਦੀ ਦੁਪਹਿਰ ਵੇਲੇ ਕੰਮ ਮੰਦਾ ਪੈ ਜਾਣ ਤੇ ਲਾਗੇ ਚਾਗੇ ਦੇ ਯਾਰ ਦੋਸਤ ਗੱਲਾਂ ਮਾਰਨ ਆ ਜਾਂਦੇ ਅਤੇ ਹੁੱਕੇ ਦੇ ਦੌਰ ਵਿਚ ਦੀਨ ਦੁਨੀਆਂ ਦੀਆਂ ਗੱਲਾਂ ਚਲਦੀਆਂ।

ਗੱਲਾਂ ਦਾ ਸਿਲਸਿਲਾ ਸ਼ੁਰੂ ਤਾਂ ਉਸੇ ਘਟਨਾ ਤੋਂ ਹੋਇਆ ਸੀ, ਜੋ ਅੱਜ ਸ਼ਹਿਰ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਸੀ, ਪਰ ਗੱਲਾਂ ਵਿਚੋਂ ਗੱਲ ਨਿਕਲਦੀ ਗਈ ਅਤੇ ਉਸ ਨੁਕਤੇ ਤੇ ਜਾ ਪਹੁੰਚੀ ਜਿਥੇ ਜਾ ਕੇ ਬੁੱਢਾ ਕਰੀਮ ਖਾਨ ਕਹਿਣ ਲੱਗਾ ਕਿ ਹਾਕਮਾਂ ਦੇ ਮਨ ਦੀ ਥਾਹ ਪਾਉਣਾ ਆਮ ਆਦਮੀ ਦੇ ਵੱਸ ਦਾ ਰੋਗ ਨਹੀਂ, ਹਾਕਮ ਦੂਰ ਦੀ ਸੋਚਦਾ ਹੈ, ਉਸਦੇ ਹਰ ਕੰਮ ਪਿਛੇ ਦੂਰ ਅੰਦੇਸ਼ੀ ਪਾਈ ਜਾਂਦੀ ਹੈ, ਜੋ ਕੁਝ ਉਹ ਵੇਖਦਾ ਹੈ, ਉਸਨੂੰ ਆਮ ਆਦਮੀ ਨਹੀਂ ਵੇਖ ਸਕਦਾ।

ਮੂਸਾ ਨੇ ਇਕ ਦਿਨ ਖਿਜ਼ਰ ਨੂੰ ਕਿਹਾ, ਕਰੀਮਖਾਨ ਕਹਿ ਰਿਹਾ ਸੀ "ਕਿ ਤੁਸੀਂ ਮੈਨੂੰ ਆਪਣਾ ਸ਼ਗਿਰਦ ਬਣਾ ਲਉ।" ਸੁਣ, ਜਿਲਾਨੀ ਸੁਣ, ਬੜਾ ਸਿਖਿਆਦਾਇਕ ਕਿੱਸਾ ਹੈ।

“ਮੂਸਾ ਛੋਟਾ ਸੀ ਅਤੇ ਮੂਸਾ ਖੁਦ ਪੈਗੰਬਰ ਬਣਨਾ ਚਾਹੁੰਦਾ ਸੀ। ਅਜੇ ਉਹ ਪੈਗੰਬਰ ਬਣਿਆ ਨਹੀਂ ਸੀ। ਪਰ ਚਾਹੁੰਦਾ ਬਹੁਤ ਸੀ। ਖਿਜ਼ਰ ਤਾਂ ਪਹਿਲਾਂ ਹੀ ਪੈਗੰਬਰ ਸੀ। ਸਮਝੇ? ਅਤੇ ਉਮਰ ਵਿਚ ਵੀ ਵੱਡਾ ਸੀ। ਸਭ ਲੋਕ ਉਸਦੀ ਬੜੀ ਇੱਜ਼ਤ ਕਰਦੇ ਸਨ।" ਕਰੀਮ ਖਾਨ ਸੁਣਾਈ ਜਾ ਰਿਹਾ ਸੀ। ਉਸਦੀਆਂ ਛੋਟੀਆਂ

ਛੋਟੀਆਂ ਅੱਖਾਂ ਹਰ ਵੇਲੇ ਮੁਸਕਰਾਉਂਦੀਆਂ ਅਤੇ ਜਦ ਹੱਸਦਾ ਤਾਂ ਆਪਣੇ ਪੱਟਾਂ ਤੇ ਥਾਪੀ ਮਾਰਦਾ ਜਿਸ ਨਾਲ ਆਸ ਪਾਸ ਬੈਠੇ ਸਭ ਲੋਕ ਮੁਸਕਰਾਉਣ ਲੱਗਦੇ।

"ਤਾਂ ਇਕ ਦਿਨ ਮੂਸਾ ਨੇ ਖਿਜ਼ਰ ਨੂੰ ਕਿਹਾ ਕਿ ਤੁਸੀਂ ਮੈਨੂੰ ਆਪਣਾ ਸ਼ਗਿਰਦ ਬਣਾ ਲਓ।" "ਖਿਜ਼ਰ ਨੇ ਕਿਹਾ ਚੰਗੀ ਗੱਲ ਹੈ, ਬਣਾ ਲਵਾਂਗੇ ਪਰ ਇਕ ਸ਼ਰਤ ਤੇ।" ਉਹ ਕੀ ?" ਮੂਸਾ ਨੇ ਪੁਛਿਆ। "ਸ਼ਰਤ ਇਹ ਹੈ ਕਿ ਤੂੰ ਬੋਲੇਂਗਾ ਨਹੀਂ, ਮੈਂ ਕੁਝ ਵੀ ਕਰਾਂ, ਤੂੰ ਆਪਣਾ ਮੂੰਹ ਬੰਦ ਰਖੇਂਗਾ।" ਮੂਸਾ ਨੇ ਕਿਹਾ "ਮਨਜ਼ੂਰ ਹੈ", ਤਾਂ ਖਿਜ਼ਰ ਨੇ ਉਸਨੂੰ ਆਪਣਾ ਸ਼ਗਿਰਦ ਬਣਾ ਲਿਆ।

"ਹੁਣ ਖਿਜ਼ਰ ਉਸਨੂੰ ਸਿਖਾਉਣਾ ਚਾਹੁੰਦਾ ਸੀ। ਕੀ ਸਿਖਾਉਣਾ ਚਾਹੁੰਦਾ ਸੀ? ਕਿ ਵੇਖਦਾ ਤਾਂ ਖੁਦਾਵੰਦ ਤਾਲਾ ਹੈ, ਅਸੀਂ ਇਨਸਾਨ ਤਾਂ ਕੁਝ ਵੀ ਨਹੀਂ ਵੇਖ ਸਕਦੇ। ਅਸੀਂ ਤਾਂ ਆਪਣੇ ਦਿਮਾਗ ਨੂੰ ਘਿਸਾ ਘਿਸਾ ਕੇ ਕਾਰਣ ਤੇ ਕਾਰਜ ਖੋਜਦੇ ਰਹਿੰਦੇ ਹਾਂ ਪਰ ਸਾਡੇ ਪੱਲੇ ਕੁਝ ਨਹੀਂ ਪੈਂਦਾ, ਕਿਉਂਕਿ ਵੇਖਦਾ ਤਾਂ ਖੁਦਾਵੰਦ ਕਰੀਮ ਹੈ। ਤਾਂ ਖਿਜ਼ਰ ਨੇ ਕਿਹਾ ਕਿ ਤੂੰ ਬੋਲੇਂਗਾ ਨਹੀਂ, ਮੈਂ ਕੁਝ ਵੀ ਕਰਾਂ, ਕੁਝ ਵੀ ਬੋਲਾਂ, ਤੂੰ ਆਪਣਾ ਮੂੰਹ ਬੰਦ ਰਖੇਂਗਾ।"

ਹੁੱਕਾ ਕਰੀਮ ਖ਼ਾਨ ਨੇ ਅੱਗੇ ਸਰਕਾ ਦਿੱਤਾ ਸੀ, ਹੁਣ ਉਸਤੇ ਜਿਲਾਨੀ ਫੂਕਾਂ ਮਾਰ ਰਿਹਾ ਸੀ। ਢਲਦੀ ਦੁਪਹਿਰ ਵਿਚ ਮਾਸ਼ਕੀ ਦੁਕਾਨ ਸਾਹਮਣੇ ਛਿੜਕਾਓ ਕਰ ਗਿਆ ਸੀ ਅਤੇ ਗਿੱਲੀ ਮਿੱਟੀ ਦੀ ਸੁਗੰਧ ਹਵਾ ਵਿਚ ਫੈਲੀ ਹੋਈ ਸੀ। ਸੜਕ ਤੇ ਆਵਾਜਾਈ ਘੱਟ ਗਈ ਸੀ। ਕੁਝ ਲੋਕ ਜਾਮਾ ਮਸਜਿਦ ਵਿਚ ਦਿਨ ਦੀ ਨਮਾਜ਼ ਪੜ੍ਹਨ ਜਾਂਦੇ, ਇਕ ਇਕ ਕਰਕੇ ਸਾਹਮਣਿਓ ਲੰਘਦੇ ਨਜ਼ਰ ਆਉਂਦੇ।

'ਤਾਂ ਕੀ ਹੋਇਆ ਦੂਸਰੇ ਦਿਨ ਖ਼ਿਜ਼ਰ ਇਕ ਪਿੰਡ ਤੋਂ ਦੂਸਰੇ ਪਿੰਡ ਵੱਲ ਜਾਣ ਲੱਗਾ। ਮੂਸਾ ਵੀ ਪਿੱਛੇ ਪਿੱਛੇ। ਬਾਦ ਵਿਚ ਮੂਸਾ ਬਹੁਤ ਵੱਡਾ ਪੈਗੰਬਰ ਬਣਿਆ, ਪਰ ਉਸ ਬੋਲੇ ਤਾਂ ਖਿਜ਼ਰ ਦਾ ਚੇਲਾ ਸੀ। ਸੁਣ ਜਿਲਾਨੀ ਕੰਨ ਖੋਲ੍ਹ ਕੇ ਸੁਣ, ਬੜਾ ਸਿਖਿਆਦਾਇਕ ਕਿੱਸਾ ਹੈ।.....! ਤਾਂ ਦੋਵੇਂ ਚਲ ਪਏ। ਹੁਣ ਰਸਤੇ ਵਿਚ

ਨਦੀ ਪੈਂਦੀ ਸੀ ਅਤੇ ਕੰਢੇ ਤੇ ਇਕ ਬੇੜੀ ਬੱਝੀ ਹੋਈ ਸੀ ਜਿਸ ਵਿਚ ਲੋਕ ਨਦੀ ਪਾਰ ਕਰਦੇ ਸਨ। ਹੁਣ ਕੀ ਹੋਇਆ ਦੋਵੇਂ ਬੇੜੀ ਵਿਚ ਬੈਠ ਗਏ। ਅਤੇ ਪੱਤਣ ਵਾਲਾ ਉਹਨਾਂ ਨੂੰ ਪਾਰ ਲੈ ਜਾਣ ਲੱਗਾ। ਤਾਂ ਥੋੜ੍ਹੀ ਦੇਰ ਪਿਛੋਂ ਮੂਸਾ ਨੇ ਕੀ ਵੇਖਿਆ ਕਿ ਖਿਜ਼ਰ ਬੇੜੀ ਦੇ ਹੇਠਾਂ ਛੇਕ ਕਰ ਰਿਹਾ ਹੈ। ਬੇੜੀ ਬਿਲਕੁਲ ਨਵੀਂ ਸੀ ਜਿਵੇਂ ਅੱਜ ਹੀ ਬਣ ਕੇ ਆਈ ਹੋਵੇ। ਅਤੇ ਖਿਜ਼ਰ ਉਸ ਦੇ ਹੇਠਾਂ ਛੇਕ ਕਰੀ ਜਾ ਰਿਹਾ ਸੀ। ਇਕ ਛੇਕ ਕਰ ਚੁੱਕਣ ਪਿਛੋਂ, ਉਸਨੇ ਇਕ ਹੋਰ ਛੇਕ ਕੀਤਾ, ਤੇ ਫਿਰ ਇਕ ਹੋਰ। ਮੂਸਾ ਚਿਲਾਇਆ, ''ਵੱਲਾਹ, ਤੁਸੀਂ ਕਰ ਕੀ ਰਹੇ ਹੋ, ਬੇੜੀ ਡੁਬ ਜਾਵੇਗੀ ! ਅਸੀਂ ਦੋਵੇਂ ਡੁੱਬ ਜਾਵਾਂਗੇ ..... !''

ਖਿਜ਼ਰ ਨੇ ਉਂਗਲੀ ਆਪਣੇ ਹੋਠਾਂ ਤੇ ਰੱਖ ਕੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਪਰ ਮੂਸਾ ਪਰੇਸ਼ਾਨ ਹੋ ਗਿਆ ਸੀ, ਕਿਉਂਕਿ ਬੇੜੀ ਵਿਚ ਪਾਣੀ ਭਰਨ ਲੱਗਾ ਸੀ ਅਤੇ ਉਹ ਡਰ ਰਿਹਾ ਸੀ ਕਿ ਬੇੜੀ ਹੁਣ ਡੁਬੀ ਕਿ ਡੁਬੀ। ਪਰ ਉਹ ਚੁੱਪ ਹੋ ਗਿਆ। ਖਿਜ਼ਰ ਨੂੰ ਜ਼ਬਾਨ ਦੇ ਚੁੱਕਾ ਸੀ। ਥੋੜ੍ਹੀ ਦੇਰ ਪਿੱਛੋਂ ਖਿਜ਼ਰ ਨੇ ਇਕ ਇਕ ਕਰਕੇ ਛੇਕ ਬੰਦ ਕਰ ਦਿਤੇ ਪਰ ਤਦ ਤਕ ਬੇੜੀ ਦਾ ਤਲਾ ਬਹੁਤ ਜ਼ਿਆਦਾ ਖਰਾਬ ਹੋ ਚੁੱਕਾ ਸੀ। ... ਹੁਣ ਦੋਵਾਂ ਨੇ ਨਦੀ ਪਾਰ ਕਰ ਲਈ ......ਪਾਰ ਕਰ ਲਈ...... ਤਾਂ ਰਬ ਤੇਰਾ ਭਲਾ ਕਰੇ...... ਦੋਵੇਂ ਜਾ ਰਹੇ ਸਨ, ਇਕ ਥਾਂ ਤੇ ਇਕ ਛੋਟਾ ਜਿਹਾ ਲੜਕਾ ਜ਼ਮੀਨ ਤੇ ਬੈਠਾ ਖੇਡ ਰਿਹਾ ਸੀ। ਬੱਚੇ ਕੋਲੋਂ ਲੰਘੇ ਤਾਂ ਖਿਜ਼ਰ ਨੇ ਆਵ ਵੇਖਿਆ ਨਾ ਤਾਵ, ਬੱਚੇ ਨੂੰ ਚੁੱਕ ਕੇ ਉਸਦੀ ਗਿੱਚੀ ਮਰੋੜ ਦਿੱਤੀ।"

"ਇਹ ਕੀ ? ਇਹ ਕੀ ?" ਮੂਸਾ ਚਿੱਲਾਇਆ, "ਮਾਸੂਮ ਬੱਚੇ ਨੂੰ ਮਾਰ ਸੁਟਿਆ।" ਪਰ ਖਿਜ਼ਰ ਚੁੱਪ। ਖਿਜ਼ਰ ਨੇ ਫਿਰ ਉਂਗਲੀ ਹੋਠਾਂ ਤੇ ਰੱਖ ਦਿੱਤੀ ਅਤੇ ਮੂਸਾ ਨੂੰ ਚੁੱਪ ਰਹਿਣ ਦਾ ਹੁਕਮ ਦਿੱਤਾ।

"ਅਲਹਮ ਦੁ ਲਿੱਲਾਹ ! ਬੋਲਾਂ ਨਾ ? ਤੁਸੀਂ ਬੇਗੁਨਾਹ ਬੱਚੇ ਦੀ ਗਿਚੀ ਮਰੋੜ ਦਿੱਤੀ। ਨਾ ਜਾਣ, ਨਾ ਪਹਿਚਾਣ, ਇਸ ਪਿੰਡ ਵਿਚ ਪਹਿਲਾਂ ਕਦੀ ਤੁਸੀਂ ਪੈਰ

ਨਹੀਂ ਪਾਇਆ। ਇਸ ਮਸੂਮ ਨਾਲ ਭਲਾ ਤੁਹਾਡੀ ਕੀ ਦੁਸ਼ਮਣੀ ਸੀ ?" ਮੂਸਾ ਬਹੁਤ ਪਰੇਸ਼ਾਨ ਹੋਇਆ। ਅੰਦਰੋਂ ਤਾਂ ਉਹ ਵੀ ਪੈਗੰਬਰ ਹੀ ਸੀ ਨਾ, ਅਜੇ ਉਸਨੂੰ ਪੈਗੰਬਰੀ ਮਿਲੀ ਨਹੀਂ ਸੀ।" ਕਰੀਮ ਖਾਂ ਨੇ ਸਿਰ ਹਿਲਾ ਕੇ ਕਿਹਾ, 'ਹੁਣ ਰੱਬ ਤੁਹਾਡਾ ਭਲਾ ਕਰੇ, ਦੋਵੇਂ ਅੱਗੇ ਜਾਣ ਲੱਗੇ। ਪਿੰਡ ਪਾਰ ਕੀਤਾ ਹੁਣ ਜਦ ਪਿੰਡ ਦੀ ਹੱਦਬੰਦੀ 'ਤੇ ਪਹੁੰਚੇ ਤਾਂ ਉਥੇ ਟੁੱਟੀ-ਭੱਜੀ ਕੰਧ ਸੀ। ਮੂਸਾ ਤਾਂ ਇਕ ਛਾਲ ਮਾਰ ਕੇ ਉਸ ਨੂੰ ਪਾਰ ਕਰ ਗਿਆ, ਪਰ ਪਿਛੇ ਮੁੜ ਕੇ ਵੇਖਿਆ ਖਿਜ਼ਰ ਕੰਧ ਕੋਲ ਖੜਾ ਹੈ, ਅਤੇ ਲਾਗੇ ਚਾਗੇ ਡਿੱਗੀਆਂ ਟੁੱਟੀਆਂ ਇੱਟਾਂ ਨੂੰ ਚੁੱਕ ਕੇ ਕੰਧ ਕੋਲ ਰੱਖ ਰਿਹਾ ਹੈ, ਅਤੇ ਕੰਧ ਦੀ ਚਿਣਾਈ ਕਰ ਰਿਹਾ ਹੈ।

ਮੂਸਾ ਪਰਤ ਆਇਆ, ''ਬਜ਼ੁਰਗੋ ! ਉਸ ਬੱਚੇ ਨੂੰ ਤਾਂ ਤੁਸੀਂ ਮੌਤ ਦੇ ਘਾਟ ਉਤਾਰ ਦਿੱਤਾ ਜਿਸ ਨੇ ਜ਼ਿੰਦਗੀ ਦੇ ਦੋ ਦਿਨ ਵੀ ਨਹੀਂ ਵੇਖੇ ਸਨ, ਅਤੇ ਇਸ ਕੰਧ ਨੂੰ ਜੋ ਕਈ ਸਾਲਾਂ ਦੀ ਟੁੱਟੀ ਪਈ ਹੈ, ਦੁਬਾਰਾ ਖੜਾ ਕਰ ਰਹੇ ਹੋ। ਇਹ ਕੀ ਮਾਜਰਾ ਹੈ? ਤੁਹਾਡੀਆਂ ਗੱਲਾਂ ਤਾਂ ਮੇਰੀ ਸਮਝ ਵਿਚ ਨਹੀਂ ਆਉਂ ਦੀਆਂ।

ਖਿਜ਼ਰ ਨੇ ਫਿਰ ਉਂਗਲੀ ਉਠਾ ਕੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਮੂਸਾ ਫਿਰ ਚੁੱਪ ਹੋ ਗਿਆ।

"ਉਹ ਫਿਰ ਅੱਗੇ ਵਧੇ। ਚਲਦੇ ਗਏ, ਚਲਦੇ ਗਏ, ਇਕ ਬਾਗ ਵਿਚ ਪਹੁੰਚੇ ਜਿਥੇ ਇਕ ਚਸ਼ਮਾ ਵਗ ਰਿਹਾ ਸੀ ਅਤੇ ਉਪਰ ਛਾਇਆਦਾਰ ਰੁੱਖ ਸੀ। ਦੋਹਾਂ ਨੇ ਮੂੰਹ ਹੱਥ ਧੋਤਾ ਅਤੇ ਰੁੱਖ ਹੇਠਾਂ ਬੈਠ ਗਏ। ਹੁਣ ਖ਼ਿਜ਼ਰ ਬੋਲਿਆ।

"ਸੁਣ ਬਰਖੁਰਦਾਰ, ਉਹ ਜਿੱਥੇ ਮੈਂ ਬੇੜੀ ਵਿਚ ਛੇਕ ਕੀਤਾ ਸੀ ਅਤੇ ਤੂੰ ਬੁਰਾ ਮਨਾਇਆ ਸੀ, ਅਸਲ ਵਿਚ ਉਸ ਪਿੰਡ ਦਾ ਹਾਕਮ ਬੜਾ ਜ਼ਾਲਮ ਹੈ, ਉਹ ਆਪਣੇ ਐਸ਼-ਆਰਾਮ ਲਈ ਗਰੀਬ ਲੋਕਾਂ ਦੀਆਂ ਬੇੜੀਆਂ ਖੋਹ ਲੈਂਦਾ ਹੈ। ਮੈਂ ਸੋਚਿਆ ਉਸ ਬੇੜੀ ਵਿਚ ਛੇਕ ਕਰ ਦਿਆਂ ਤਾਂ ਹਾਕਮ ਦੇ ਆਦਮੀ ਉਸ ਬੇੜੀ ਨੂੰ ਖੋਹਣਗੇ ਨਹੀਂ, ਉਸ ਨੂੰ ਉਥੇ ਹੀ ਛੱਡ ਜਾਣਗੇ ਅਤੇ ਪੱਤਣ ਵਾਲੇ ਦਾ ਰੋਜ਼ਗਾਰ

ਬਣਿਆ ਰਹੇਗਾ।" ਮੂਸਾ ਚੁਪਚਾਪ ਸੁਣਦਾ ਰਿਹਾ। "ਪਰ ਤੁਸੀਂ ਉਸ ਬੇਗੁਨਾਹ ਬੱਚੇ ਨੂੰ ਕਿਉਂ ਮਾਰਿਆ ?" "ਸੁਣ, ਸੁਣ, ਹੁਣੇ ਦਸਦਾ ਹਾਂ। ਉਹ ਬੱਚਾ ਹਰਾਮ ਦਾ ਬੱਚਾ ਸੀ, ਹਲਾਲ ਦਾ ਬੱਚਾ ਨਹੀਂ ਸੀ। ਜਿਸ ਆਦਮੀ ਦੀ ਉਹ ਔਲਾਦ ਹੈ, ਉਹ ਬੜਾ ਜ਼ਾਲਿਮ ਹੈ, ਜ਼ਾਲਿਮ ਅਤੇ ਪਾਪੀ। ਮੈਂ ਉਸ ਬੱਚੇ ਦਾ ਕਤਲ ਇਸ ਲਈ ਕਰ ਦਿੱਤਾ ਕਿ ਵੱਡਾ ਹੋ ਕੇ ਉਹ ਵੀ ਜ਼ਾਲਮ ਬਣਦਾ ਅਤੇ ਬੇਗੁਨਾਹ ਲੋਕਾਂ ਤੇ ਜੁਲਮ ਢਾਉਂਦਾ। ਹੁਣ ਦਸ ਮੈਂ ਚੰਗਾ ਕੀਤਾ ਜਾਂ ਮਾੜਾ ਕੀਤਾ?"

ਮੂਸਾ ਸੋਚ ਵਿਚ ਪੈ ਗਿਆ, ਉਸ ਦਾ ਸਿਰ ਝੁਕ ਗਿਆ। "ਪਰ ਤੁਸੀਂ ਉਸ ਟੁੱਟੀ ਭੱਜੀ ਕੰਧ ਦੀ ਮੁਰੰਮਤ ਕਿਉਂ ਕੀਤੀ ਹੈ ? ਇਸ ਨਾਲ ਕਿਸੇ ਨੂੰ ਕੀ ਲਾਭ ਹੋਵੇਗਾ ?

"ਉਹ ਵੀ ਸੁਣੋ" ਖਿਜ਼ਰ ਬੋਲਿਆ, 'ਉਹ ਜਿਸ ਟੁੱਟੀ ਭੱਜੀ ਕੰਧ ਦੀ ਮੁਰੰਮਤ ਮੈਂ ਕੀਤੀ ਹੈ, ਉਸ ਦੇ ਹੇਠਾਂ ਖਜ਼ਾਨਾ ਗੱਡਿਆ ਹੋਇਆ ਹੈ। ਬਹੁਤ ਵੱਡਾ ਖਜਾਨਾ। ਪਰ ਪਿੰਡ ਵਾਲਿਆਂ ਨੂੰ ਇਸ ਦਾ ਕੁਝ ਪਤਾ ਨਹੀਂ ਹੈ। ਅਤੇ ਪਿੰਡ ਵਾਲੇ ਬਹੁਤ ਗਰੀਬ ਹਨ, ਅਤੇ ਬਹੁਤ ਲੋੜਵੰਦ ਹਨ। ਮੈਂ ਉਨ੍ਹਾਂ ਦੀ ਸਹਾਇਤਾ ਕਰਨਾ ਚਾਹੁੰਦਾ ਹਾਂ। ਮੈਂ ਕੰਧ ਨੂੰ ਪੱਕਾ ਕਰ ਦਿੱਤਾ ਹੈ। ਜਦ ਉਹ ਲੋਕ ਹਲ ਵਾਹੁੰਦੇ ਹੋਏ ਇਥੋਂ ਤਕ ਪਹੁੰਚਣਗੇ ਤਾਂ ਇਹ ਕੰਧ ਉਨਾਂ ਦੇ ਰਸਤੇ ਵਿਚ ਰੁਕਾਵਟ ਸਾਬਤ ਹੋਵੇਗੀ ਅਤੇ ਉਹ ਇਕ ਦਿਨ ਉਸ ਨੂੰ ਤੋੜ ਦੇਣਗੇ ਅਤੇ ਇਕ ਇਕ ਇੱਟ ਚੁੱਕ ਕੇ ਖੇਤਾਂ ਤੋਂ ਬਾਹਰ ਸੁਟਣਗੇ ਅਤੇ ਉਨ੍ਹਾਂ ਨੂੰ ਹੇਠਾਂ ਗੱਡਿਆ ਹੋਇਆ ਖਜ਼ਾਨਾ ਮਿਲ ਜਾਵੇਗਾ ਅਤੇ ਉਹ ਮਾਲਾਮਾਲ ਹੋ ਜਾਣਗੇ। ਉਨ੍ਹਾਂ ਦੇ ਤਨ ਤੇ ਕੱਪੜਾ ਹੋਵੇਗਾ ਅਤੇ ਘਰ ਵਿਚ ਰੋਟੀ ਹੋਵੇਗੀ। ਹੁਣ ਦਸ ਮੈਂ ਕੀ ਬੁਰਾ ਕੀਤਾ?"..

ਕਰੀਮਖਾਨ ਨੇ ਕਹਾਣੀ ਸੁਣਾਉਣ ਪਿਛੋਂ ਸਿਰ ਹਿਲਾਉਂਦੇ ਹੋਏ ਇਕ ਸਾਥੀ ਵੱਲ ਵੇਖਿਆ, ਫਿਰ ਬੋਲਿਆ, "ਤਾਂ ਕਹਿਣ ਦਾ ਭਾਵ ਇਹ ਹੈ, ਕਿ ਜੋ ਗੱਲ ਹਾਕਮ ਵੇਖ ਸਕਦਾ ਹੈ ਉਹ ਅਸੀਂ ਤੁਸੀਂ ਨਹੀਂ ਵੇਖ ਸਕਦੇ। ਅੰਗਰੇਜ਼ ਹਾਕਮ ਦੀਆਂ ਅੱਖਾਂ

ਚਾਰ-ਚੁਫੇਰੇ ਵੇਖਦੀਆਂ ਹਨ ਨਹੀਂ ਤਾਂ ਇਹ ਕਿਵੇਂ ਸੰਭਵ ਹੈ ਕਿ ਮੁੱਠੀ ਭਰ ਫ਼ਿਰੰਗੀ ਸੱਤ ਸਮੁੰਦਰ ਪਾਰ ਆ ਕੇ ਇੰਨੇ ਵੱਡੇ ਮੁਲਕ ਤੇ ਹਕੂਮਤ ਕਰਨ ? ਅੰਗਰੇਜ਼ ਬਹੁਤ ਸਿਆਣਾ ਹੈ, ਦੂਰਅੰਦੇਸ਼ ਹੈ.........''

"ਬੇਸ਼ਕ ! ਬੇਸ਼ਕ !" ਲਾਗੇ ਚਾਗੇ ਬੈਠੇ ਲੋਕਾਂ ਨੇ ਸਿਰ ਹਿਲਾਏ।

ਇਸੇ ਦੁਕਾਨ ਵਿਚ ਇਕ ਬੰਨੇ ਨੱਥੂ ਵੀ ਬੈਠਾ ਹੋਇਆ ਸੀ। ਚਾਹ ਦੀ ਪਿਆਲੀ ਸਾਹਮਣੇ ਰੱਖੀ, ਹੱਥ ਵਿਚ ਲੰਮਾ ਸਾਰਾ ਰਸ ਦਾ ਟੁਕੜਾ ਚੁੱਕੀ, ਉਹ ਡਬੋ ਡਬੋ ਕੇ ਖਾ ਰਿਹਾ ਸੀ ਧਿਆਨ ਨਾਲ ਕਰੀਮਖਾਨ ਦਾ ਕਿੱਸਾ ਸੁਣ ਰਿਹਾ ਸੀ। ਕਿੱਸਾ ਸੁਣ ਕੇ ਉਸ ਨੂੰ ਤਸੱਲੀ ਹੋਈ। ਜਦੋਂ ਦਾ ਉਹ ਸੂਰ ਵਾਲੀ ਕੋਠੜੀ ਵਿਚੋਂ ਨਿਕਲਿਆ ਸੀ, ਉਹ ਕਦੇ ਸ਼ਹਿਰ ਦੇ ਇਕ ਹਿੱਸੇ ਅਤੇ ਕਦੇ ਦੂਸਰੇ ਹਿੱਸੇ ਵਿਚ ਚੱਕਰ ਕੱਟ ਰਿਹਾ ਸੀ। ਜਿਥੇ ਬੈਠਦਾ ਲੋਕ ਸੂਰ ਦੀ ਚਰਚਾ ਕਰਦੇ ਸੁਣਾਈ ਦਿੰਦੇ ਸਨ। ਰਾਹ ਜਾਂਦੇ ਲੋਕਾਂ ਦੀਆਂ ਗੱਲਾਂ ਸੁਣਦੇ ਹੋਏ ਉਸ ਦੇ ਕੰਨ ਖੜੇ ਹੋ ਜਾਂਦੇ। ਕਿਸੇ ਕਿਸੇ ਵੇਲੇ ਉਸ ਨੂੰ ਲੱਗਦਾ ਲੋਕ ਕਿਸੇ ਦੂਸਰੇ ਹੀ ਸੂਰ ਦੀਆਂ ਗੱਲਾਂ ਕਰ ਰਹੇ ਹਨ। ਉਹ ਉਸ ਸੂਰ ਦੀ ਗੱਲ ਨਹੀਂ ਕਰ ਰਹੇ, ਜਿਸ ਨੂੰ ਉਸ ਨੇ ਮਾਰਿਆ ਸੀ। ਪਰ ਫਿਰ ਕਿਸੇ ਵੇਲੇ ਲੋਕਾਂ ਦੀਆਂ ਗੱਲਾਂ ਸੁਣਦੇ ਹੋਏ ਉਸ ਦਾ ਦਿਲ ਬੈਠ ਜਾਂਦਾ। ਇਥੇ ਇਸ ਨਾਨਬਾਈ ਦੀ ਦੁਕਾਨ ਤੇ ਵੀ ਗੱਲ ਸੂਰ ਤੋਂ ਸ਼ੁਰੂ ਹੋਈ ਸੀ ਪਰ ਇਸ ਬਜ਼ੁਰਗ ਦੀਆਂ ਗੱਲਾਂ ਤੋਂ ਉਸ ਨੂੰ ਹੌਂਸਲਾ ਹੋਇਆ ਸੀ। ਜੇ ਝਗੜਾ ਫ਼ਸਾਦ ਨਾ ਹੋਵੇ ਤਾਂ ਇਹ ਇਕ ਮਾਮੂਲੀ ਜਿਹੀ ਘਟਨਾ ਬਣ ਕੇ ਰਹਿ ਜਾਵੇਗੀ। ਸਰਕਾਰ ਦੀ ਅੱਖ ਸਭ ਕੁਝ ਵੇਖਦੀ ਹੈ ਤਾਂ ਕੋਈ ਅਣਹੋਣੀ ਗੱਲ ਨਹੀਂ ਹੋਵੇਗੀ।

ਨੱਥੂ ਨੇ ਫਿਰ ਇਕ ਵਾਰ ਆਪਣੀ ਜੇਬ ਨੂੰ ਟੋਹ ਕੇ ਵੇਖਿਆ। ਨੋਟ ਚਰਮਰਾਇਆ। ਉਸ ਨੂੰ ਤਸੱਲੀ ਹੋਈ। ਭਲਾ ਹੋਵੇ ਮੁਰਾਦ ਅਲੀ ਦਾ, ਜਿਸ ਨੇ ਸਾਰੀ ਰਕਮ ਪੇਸ਼ਗੀ ਦੇ ਦਿੱਤੀ, ਨਹੀਂ ਤਾਂ ਅਠਿਆਨੀ ਤਲੀ ਤੇ ਰੱਖ ਕੇ, ਬਾਕੀ ਰਕਮ ਪਿਛੋਂ ਦੇਣੀ ਕਰ ਜਾਂਦਾ ਤਾਂ ਨੱਥੂ ਚਮਿਆਰ ਉਸ ਦਾ ਕਰ ਹੀ ਕੀ ਸਕਦਾ ਸੀ ?

ਮੁਰਾਦ ਅਲੀ ਆਪਣੀ ਜ਼ਬਾਨ ਦਾ ਪੱਕਾ ਨਿਕਲਿਆ ਤਾਂ ਨੱਥੂ ਨੂੰ ਵੀ ਆਪਣੀ ਜ਼ੁਬਾਨ ਦਾ ਪੱਕਾ ਹੋਣਾ ਚਾਹੀਦਾ ਸੀ। ਪਰ ਉਹ ਉਸ ਕੋਠੜੀ ਵਿਚੋਂ ਭੱਜ ਆਇਆ ਸੀ, ਜਦ ਕਿ ਉਸ ਨੇ ਮੁਰਾਦ ਅਲੀ ਨੂੰ ਸਹੁੰ ਖਾ ਕੇ ਕਿਹਾ ਸੀ ਕਿ ਉਹ ਉਥੇ ਉਸ ਦੀ ਉਡੀਕ ਕਰੇਗਾ। ਉਸ ਕੋਠੜੀ ਵਿਚ ਉਸ ਦਾ ਸਾਹ ਘੁਟਨ ਲੱਗਾ ਸੀ। ਪਰ ਸ਼ਹਿਰ ਵਿਚ ਪਹੁੰਚਣ ਦੀ ਦੇਰ ਸੀ ਕਿ ਉਸ ਦਾ ਖ਼ੂਨ ਠੰਢਾ ਪੈ ਗਿਆ ਸੀ, ਥਾਂ ਥਾਂ ਸੂਰ ਦੀ ਚਰਚਾ ਹੋ ਰਹੀ ਸੀ।

ਉਹ ਅੰਦਰ ਅੰਦਰ ਬੜਾ ਪਰੇਸ਼ਾਨ ਸੀ। ਕਈ ਤਰ੍ਹਾਂ ਦੇ ਵਿਚਾਰ ਉਸ ਦੇ ਮਨ ਵਿਚ ਘੁੰਮ ਰਹੇ ਸਨ। ਜਿੰਨੀ ਜ਼ਿਆਦਾ ਘਬਰਾਹਟ ਵਧਦੀ ਜਾਂਦੀ ਉਨੇ ਹੀ ਜ਼ਿਆਦਾ ਉਸ ਦੇ ਵਿਚਾਰ ਵਿਖਰਦੇ ਜਾਂਦੇ। ਗੱਲ ਕਰੇ ਤਾਂ ਕਿਸ ਨਾਲ, ਪੁੱਛੇ ਤਾਂ ਕੀ? ਉਸ ਨਾਲ ਬੜਾ ਵੱਡਾ ਧੋਖਾ ਹੋਇਆ ਸੀ। ਮੁਰਾਦ ਅਲੀ ਨੇ ਸਲੋਤਰੀ ਦਾ ਨਾਮ ਲੈ ਕੇ ਸੁਰ ਮਰਵਾ ਲਿਆ ਸੀ ਅਤੇ ਮਸਜਿਦ ਅੱਗੇ ਸੁਟਵਾ ਦਿੱਤਾ ਸੀ। ਪਰ ਕੀ ਪਤਾ ਇਹ ਕੋਈ ਹੋਰ ਹੀ ਸੂਰ ਹੋਵੇ ? ਉਸ ਨੇ ਮਸਜਿਦ ਵਾਲੇ ਸੂਰ ਨੂੰ ਵੇਖਿਆ ਵੀ ਤਾਂ ਨਹੀਂ ਸੀ। ਉਸ ਦਾ ਮਨ ਵਾਰ ਵਾਰ ਬੇਚੈਨ ਹੋ ਉਠਦਾ। ਜੇ ਇਹ ਉਹੋ ਸੂਰ ਹੈ ਤਾਂ ਕੀ ਹੋਵੇਗਾ ? ਜੇ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਉਸੇ ਨੇ ਸੂਰ ਮਾਰਿਆ ਹੈ ਤਾਂ ਕੀ ਹੋਵੇਗਾ ? ਇਸੇ ਬੇਚੈਨੀ ਵਿਚ ਉਸ ਦਾ ਜੀਅ ਕਰਦਾ ਕਿ ਘਰ ਚਲਾ ਜਾਵੇ ਤੇ ਕੁੰਡੀ ਮਾਰ ਕੇ ਅੰਦਰ ਲੰਮਾ ਪਿਆ ਰਹਾ, ਕਦੇ ਉਸ ਦਾ ਜੀਅ ਕਰਦਾ, ਗਲੀਆਂ ਵਿਚ ਭਟਕਦਾ ਰਹੇ, ਕਦੇ ਕੁਝ, ਕਦੇ ਕੁਝ। ਮੈਂ ਘਰ ਨਹੀਂ ਜਾਵਾਂਗਾ, ਰਾਤ ਪੈਂਦੇ ਹੀ ਮੋਤੀਆ ਰੰਡੀ ਕੋਲ ਜਾਵਾਂਗਾ। ਉਹ ਇਕ ਰੁਪਿਆ ਮੰਗੇਗੀ ਤਾਂ ਮੈਂ ਪੰਜ ਰੁਪਏ ਦੇਵਾਂਗਾ। ਸਾਰੀ ਰਾਤ ਉਸ ਕੋਲ ਰਹਾਂਗਾ।

ਪਰ ਸੜਕਾਂ ਦੀ ਖਾਕ ਸਾਰਾ ਦਿਨ ਛਾਣਦੇ ਰਹਿਣ ਪਿਛੋਂ ਉਸ ਨੂੰ ਆਪਣੀ ਪਤਨੀ ਦੀ ਯਾਦ ਜ਼ਿਆਦਾ ਸਤਾਉਣ ਲੱਗੀ। ਇਸ ਵੇਲੇ ਜੇ ਉਹ ਆਪਣੇ ਘਰ ਹੁੰਦਾ ਤਾਂ ਆਪਣੇ ਸਾਥੀ ਚਮਾਰਾਂ ਨਾਲ ਬੈਠ ਕੇ ਹੁੱਕਾ ਪੀਂਦਾ, ਦੋ ਗੱਲਾਂ ਕਰਦਾ। ਨਹੀਂ, ਮੈਂ

ਆਪਣੇ ਘਰ ਜਾਵਾਂਗਾ, ਨਹਾਵਾਂਗਾ, ਕੁੜਤਾ ਬਦਲਾਂਗਾ, ਘਰ ਵਾਲੀ ਨੂੰ ਕੋਲ ਬੈਠਾ ਕੇ ਉਸ ਨਾਲ ਗੱਲਾਂ ਕਰਾਂਗਾ। ਜਾਂਦਿਆਂ ਹੀ ਉਸ ਨੂੰ ਜੱਫੀ ਪਾ ਲਵਾਂਗਾ, ਮੁਰਾਦ ਅਲੀ ਦਾ ਨਾਮ ਲੈਣ ਦੀ ਲੋੜ ਨਹੀਂ, ਉਸ ਨੂੰ ਕੁਝ ਵੀ ਦੱਸਣ ਦੀ ਲੋੜ ਨਹੀਂ, ਇਸ ਸਾਰੇ ਘਿਨਾਉਣੇ ਕਿੱਸੇ ਨੂੰ ਸੁਨਾਉਣ ਦੀ ਲੋੜ ਨਹੀਂ। ਉਸ ਦੀ ਛਾਤੀ ਤੇ ਸਿਰ ਰਖਾਂਗਾ ਤਾਂ ਚੈਨ ਮਿਲੇਗਾ। ਰੰਡੀ ਕੋਲ ਜਾਵਾਂਗਾ, ਤਾਂ ਕੌੜਾ ਫਿਕਾ ਬੱਲੇਗੀ, ਬੁਰਾ ਭਲਾ ਕਹੇਗੀ। ਘਰ ਵਾਲੀ ਚੁਪ ਰਹਿਣ ਵਾਲੀ ਔਰਤ ਹੈ, ਹੌਂਸਲਾ ਦੇਣ ਵਾਲੀ, ਸੁਖ ਪਹੁੰਚਾਉਣ ਵਾਲੀ। ਨੱਥੂ ਨੇ ਦਿਲ ਵਿਚ ਕਿਹਾ, ਦੋ ਰੁਪਏ ਮੋਤੀਆ ਰੰਡੀ ਨੂੰ ਦੇਣ ਦੀ ਬਜਾਏ, ਘਰ ਵਾਲੀ ਲਈ ਕੁਝ ਲੈ ਜਾਵਾਂਗਾਂ। ਉਹ ਖੁਸ਼ ਹੋ ਜਾਵੇਗੀ, ਕਹੇਗੀ ਤੂੰ ਕਿਉਂ ਲਿਆਇਆ, ਮੇਰੇ ਕੋਲ ਸਭ ਕੁਝ ਹੈ। ਉਹ ਕਦੇ ਕੁਝ ਨਹੀਂ ਮੰਗਦੀ। ਉਸ ਨੂੰ ਇਉਂ ਲੱਗਾ ਜਿਵੇਂ ਦੂਰ ਹੁੰਦੇ ਹੋਏ ਵੀ ਉਸ ਨੇ ਆਪਣੇ ਘਰ ਵਾਲੀ ਨੂੰ ਬਾਹਾਂ ਵਿਚ ਲਿਆ ਹੋਇਆ ਹੈ, ਅਤੇ ਉਸ ਦੇ ਮਨ ਦੀ ਸਾਰੀ ਚਿੰਤਾ ਦੂਰ ਹੋ ਰਹੀ ਹੈ। ਦੁਖ ਤੋਂ ਛੁਟਕਾਰਾ ਪਾਉਣ ਲਈ ਆਦਮੀ ਸਭ ਤੋਂ ਪਹਿਲਾਂ ਔਰਤ ਵੱਲ ਮੁੜਦਾ ਹੈ। ਔਰਤ ਨੂੰ ਬਾਹਾਂ ਵਿਚ ਲੈਣ ਤੇ ਉਸ ਦੇ ਸਾਰੇ ਕਲੇਸ਼ ਮਿਟ ਜਾਣਗੇ, ਉਸ ਨੂੰ ਇਸ ਗੱਲ ਦਾ ਵਿਸ਼ਵਾਸ ਬਣਿਆ ਰਹਿੰਦਾ ਹੈ। ਉਹ ਬੜੇ ਸਬਰ ਵਾਲੀ ਔਰਤ ਹੈ। ਉਸ ਦੀਆਂ ਛਾਤੀਆਂ ਵਿਚ ਪਿਆਰ ਭਰਿਆ ਹੈ।

ਕਰਵਾਖਾਨਾ ਧੂੰਏਂ ਨਾਲ ਭਰਿਆ ਹੋਇਆ ਸੀ। ਦੁਕਾਨ ਦੇ ਬਾਹਰ ਦੇ ਬੈਂਚ ਰਖੇ ਸਨ ਜਿਨ੍ਹਾਂ ਤੇ ਭਾਰ ਚੁੱਕਣ ਵਾਲੇ ਮਜ਼ਦੂਰ ਬੈਠੇ ਟੀਨ ਦੀਆਂ ਪਲੇਟਾਂ ਵਿਚ ਰੋਟੀ ਖਾ ਰਹੇ ਸਨ ਦਾਲ ਦੀ ਕੋਲੀ ਸਾਹਮਣੇ ਰੱਖੀ, ਬੈਂਚਾਂ ਦੇ ਆਰ ਪਾਰ ਟੰਗਾਂ ਲਟਕਾਈ ਨਾਨ ਤਲ ਰਹੇ ਸਨ। ਸੜਕ ਤੇ ਮਾਸ਼ਕੀ ਫਿਰ ਛਿੜਕਾਉ ਕਰ ਰਿਹਾ ਸੀ।

ਤਦੇ ਦੂਰੋਂ ਢੋਲ ਵੱਜਣ ਦੀ ਆਵਾਜ਼ ਜਿਹੀ ਆਈ। ਬਾਹਰ ਬੈਠੇ ਮਜ਼ਦੂਰਾਂ ਨੇ ਪਿੱਛੇ ਮੁੜਕੇ ਸੜਕ ਵੱਲ ਵੇਖਿਆ। ਢੋਲ ਵੱਜਣ ਦੀ ਹੀ ਆਵਾਜ਼ ਸੀ ਅਤੇ ਬਰਾਬਰ ਨੇੜੇ ਆਈ ਜਾਂਦੀ ਸੀ। ਕਾਹਵੇਖਾਨੇ ਦੇ ਅੰਦਰ ਲੋਕ ਚੁੱਪ ਹੋ ਗਏ।

"ਕੀ ਹੈ ?" ਕਿਸੇ ਨੇ ਪੁਛਿਆ

"ਮੁਨਾਦੀ ਹੈ।" ਕਿਸੇ ਨੇ ਉਤਰ ਦਿੱਤਾ, "ਇਧਰ ਹੀ ਆ ਰਹੀ ਹੈ।"

ਇੰਨੇ ਵਿਚ ਇਕ ਟਾਂਗਾ, ਜਿਸ ਉਤੇ ਕਾਗਰਸ ਦਾ ਤਿਰੰਗਾ ਝੰਡਾ ਲਹਿਰਾ ਰਿਹਾ ਸੀ ਅਤੇ ਟਾਂਗੇ ਵਿਚ ਬੈਠਾ ਕੋਈ ਆਦਮੀ ਢੋਲ ਵਜਾ ਰਿਹਾ ਸੀ। ਲੱਗਭਗ ਉਸੇ ਦੁਕਾਨ ਅੱਗੋਂ ਆ ਕੇ ਰੁਕ ਗਿਆ। ਅਗਲੀ ਸੀਟ ਤੋਂ ਇਕ ਆਦਮੀ ਉਠ ਕੇ ਖੜਾ ਹੋ ਗਿਆ। ਤਦੇ ਢੋਲ ਵਜਣਾ ਬੰਦ ਹੋ ਗਿਆ ਅਤੇ ਉਹ ਆਦਮੀ ਉਠ ਕੇ ਮੁਨਾਦੀ ਕਰਨ ਲੱਗਾ :

ਵਤਨ ਕੀ ਫ਼ਿਕਰ ਕਰ ਜ਼ਿਆਦਾ ਮੁਸੀਬਤ ਆਨੇ ਵਾਲੀ ਹੈ।

ਤੇਰੀ ਬਰਬਾਦੀਓਂ ਕੇ ਤਜ਼ਕਰੇ ਹੈਂ ਆਸਮਾਨੋਂ ਮੇਂ।"

ਸਾਹਿਬਾਨ,

"ਅੱਜ ਸ਼ਾਮ ਦੇ ਛੇ ਵਜੇ ਗੰਜ ਮੰਡੀ ਵਿਚ ਜ਼ਿਲਾ ਕਾਂਗਰਸ ਕਮੇਟੀ ਵਲੋਂ ਇਕ ਆਮ ਪਬਲਿਕ ਜਲਸਾ ਹੋਵੇਗਾ ਜਿਸ ਵਿਚ ਹਿੰਦੁਸਤਾਨ ਦੀ ਆਜ਼ਾਦੀ ਦੀ ਜਦੋ ਜਹਿਦ ਵਿਚ ਅੰਗਰੇਜ਼ੀ ਸਰਕਾਰ ਦੀ ਫੁਟ ਪਾਉ ਨੀਤੀ ਦਾ ਪੋਲ ਖੋਲ੍ਹਿਆ ਜਾਵੇਗਾ ਅਤੇ ਸ਼ਹਿਰ ਦੀ ਸਾਰੀ ਜਨਤਾ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਅਮਨ ਕਾਇਮ ਰੱਖਣ। ਹੁਮ ਹੁਮਾ ਕੇ ਪਹੁੰਚੋ ਤੇ ਜਲਸੇ ਦੀ ਰੌਣਕ ਨੂੰ ਵਧਾਓ।"

ਟਾਂਗੇ ਦੀ ਪਿਛਲੀ ਸੀਟ ਤੇ ਜਰਨੈਲ ਢੋਲ ਫੜੀ ਬੈਠਾ ਸੀ। ਮੁਨਾਦੀ ਕਰਨ ਵਾਲਾ ਸ਼ੰਕਰ ਸੀ ਜੋ ਮੁਨਾਦੀ ਖਤਮ ਕਰਨ ਪਿਛੋਂ ਆਪਣੀ ਸੀਟ ਤੇ ਬੈਠ ਗਿਆ ਸੀ। ਢੋਲ ਫਿਰ ਵਜਣ ਲੱਗਾ ਸੀ ਅਤੇ ਲਹਿਰਾਂਦੇ ਹੋਏ ਝੰਡੇ ਨਾਲ ਟਾਂਗਾ ਉਥੋਂ ਚਲਾ ਗਿਆ ਸੀ।

ਟਾਂਗਾ ਜਦ ਦੂਰ ਚਲਾ ਗਿਆ ਤਾਂ ਇਕ ਮਜ਼ਦੂਰ ਨੇ ਦੂਸਰੇ ਨੂੰ ਕਿਹਾ :

"ਗੰਜ ਮੰਡੀ ਤੋਂ ਇਕ ਬਾਊ ਦੀ ਪੰਡ ਚੁੱਕੀ ਆ ਰਿਹਾ ਸੀ ਤਾਂ ਬਾਊ ਕਹਿਣ ਲੱਗਾ "ਆਜਾਦੀ ਆਉਣ ਵਾਲੀ ਹੈ।" "ਮੈਂ ਹੱਸ ਕੇ ਕਿਹਾ, ''ਆਵੇ ਆਜ਼ਾਦੀ, ਬਾਊ ਜੀ ਸਾਨੂੰ ਕੀ, ਅਸਾਂ ਹੁਣ ਵੀ ਪੰਡ ਚੁੱਕਣੀ ਏ, ਪਿਛੋਂ ਦੀ ਪੰਡ ਚੁੱਕਾਂਗੇ।" ਕਹਿ ਕੇ ਮਜ਼ਦੂਰ ਠਹਾਕਾ ਮਾਰ ਕੇ ਹੱਸ ਪਿਆ ਅਤੇ ਉਸਦੇ ਲਾਲ ਲਾਲ ਮਸੂੜੇ ਚਮਕ ਉਠੇ।

"ਅਸਾਂ ਹੁਣ ਵੀ ਪੰਡ ਚੁੱਕਣੀ ਤੇ ਪਿੱਛੋਂ ਵੀ ਪੰਡ ਚੱਕਣੀ" ਅਤੇ ਉਹ ਫਿਰ ਹੱਸਣ ਲੱਗਾ।"

ਤਦੇ ਕਾਹਵੇ ਖਾਨੇ ਅੰਦਰ ਬੈਠਾ ਇਕ ਅਧੇੜ ਉਮਰ ਦਾ ਦਾੜ੍ਹੀ ਵਾਲਾ ਆਦਮੀ ਬੋਲਿਆ : "ਉਹ ਆਦਮੀ ਫੜਿਆ ਗਿਆ ਹੈ ਜਾਂ ਨਹੀਂ, ਜਿਸਨੇ ਮਸਜਿਦ ਦੀ ਤੌਹੀਨ ਕੀਤੀ ਸੀ। ਸੂਰ ਦਾ ਪੁੱਤਰ ! ਉਸਦੇ ਹੱਥਾਂ ਪੈਰਾਂ ਵਿਚ ਕੀੜੇ ਪੈਣ।"

'‘ਬਹੁਤ ਮਾੜਾ ਹੋਇਆ" ਕੋਈ ਬੁੜਬੁੜਾਇਆ।

ਨੱਥੂ ਨੇ ਸੁਣਿਆ ਤੇ ਸਿਰ ਤੋਂ ਪੈਰਾਂ ਤਕ ਕੰਬ ਗਿਆ।

ਫਿਰ ਕੋਈ ਹੋਰ ਆਦਮੀ ਬੋਲਿਆ :

“ਸੁਣਿਆ ਹੈ ਕੋਈ ਗਾਂ ਵੀ ਮਾਰੀ ਗਈ ਹੈ। ਗੰਦੇ ਨਾਲੇ ਕੋਲ ਕੋਈ ਮਾਰ ਕੇ ਸੁਟ ਗਿਆ ਹੈ।"

“ਇਹ ਵੀ ਬਹੁਤ ਬੁਰਾ ਹੋਇਆ ਹੈ।”

ਇਸ ਤੇ ਛੋਟੀਆਂ ਛੋਟੀਆਂ ਅੱਖਾਂ ਵਾਲਾ ਬਜ਼ੁਰਗ ਕਰੀਮ ਖਾਨ ਫਿਰ ਕਹਿਣ ਲੱਗਾ:

‘‘ਕੁਰਾਨ ਸ਼ਰੀਫ਼ ਵਿਚ ਫੁਰਮਾਇਆ ਹੈ ਕਿ ਇਨਸਾਨ ਦੀਆਂ ਖੇਤੀਆਂ ਮੇਰੇ ਹੁਕਮ ਨਾਲ ਖੜੀਆਂ ਹਨ। ਇਨਸਾਨ ਦੇ ਸਭ ਇਰਾਦੇ ਮੇਰੇ ਹੁਕਮ ਤੇ ਨਿਰਭਰ ਹਨ। ਮੇਰਾ ਹੁਕਮ ਨਹੀਂ ਹੋਵੇਗਾ ਤਾਂ ਲਹਿਲਹਾਉਂਦੀਆਂ ਖੇਤੀਆਂ ਝੁਲਸ ਜਾਣਗੀਆਂ, ਮੇਰੇ ਹੁਕਮ ਤੇ ਹੜ੍ਹ ਆਉਣਗੇ, ਸ਼ਹਿਰਾਂ ਦੇ ਸ਼ਹਿਰ ਤਬਾਹ ਹੋ ਜਾਣਗੇ, ਅਤੇ

ਬਜ਼ੁਰਗ ਨੇ ਕਿਹਾ, "ਸਭ ਕੁਝ ਮਾਲਿਕ ਦੇ ਹੱਥ ਵਿਚ ਹੈ, ਇਨਸਾਨ ਦੇ ਹੱਥ ਵਿਚ ਕੁਝ ਵੀ ਨਹੀਂ। ਸਭ ਕੰਮ ਪਾਕ ਪਰਵਰਦਿਗਾਰ ਦੇ ਹੁਕਮ ਨਾਲ ਹੁੰਦੇ ਹਨ। ਉਸਦਾ ਜੋ ਹੁਕਮ ਹੋਵੇਗਾ, ਉਹੋ ਹੋਵੇਗਾ।"

ਲਾਗੇ ਚਾਗੇ ਬੈਠੇ ਲੋਕਾਂ ਨੇ ਸਿਰ ਹਿਲਾਏ। ਹੁੱਕੇ ਦਾ ਦੌਰ ਬਰਾਬਰ ਚਲਦਾ ਰਿਹਾ। ਬਾਹਰ ਇਕ ਮਜ਼ਦੂਰ ਉੱਚੀ ਹੇਕ ਨਾਲ ਗਾਉਣ ਲੱਗਾ :

"ਉਏ ਉੜੀ ਉੜੀ ਕਿਯਾਂ ਤੱਕਣੇ
ਮਾਹੜੇ ਸੁੱਥਣੇ ਨੀ ਚੂੜੀਆਂ।"

ਇਹ ਉਹੋ ਮਜ਼ਦੂਰ ਸੀ ਜੋ ਕੁਝ ਦੇਰ ਪਹਿਲਾਂ ਖੀ-ਖੀ ਕਰਕੇ ਬਾਊ ਨਾਲ ਹੋਏ ਆਪਣੇ ਵਾਰਤਾਲਾਪ ਨੂੰ ਦੁਹਰਾਉਂਦਾ ਰਿਹਾ ਸੀ। ਉਸਦੇ ਹੰਸੌੜ, ਬੇਪਰਵਾਹ ਸੁਭਾਓ ਨੂੰ ਵੇਖਕੇ ਨੱਥੂ ਨੂੰ ਰਸ਼ਕ ਹੋਇਆ।

ਤਦੇ ਸੜਕ ਤੇ ਫਿਰ ਹਿਲਜੁਲ ਹੋਈ। ਤੁਰੇ ਜਾਂਦੇ ਲੋਕ ਖੜੇ ਹੋਣ ਲੱਗੇ ਅਤੇ ਸਭ ਦੀਆਂ ਨਜ਼ਰਾਂ ਸੱਜੇ ਬੰਨੇ ਵੱਲ ਮੁੜ ਗਈਆਂ ਜਿਸ ਬੰਨੇ ਜਾਮਾ ਮਸਜਿਦ ਸੀ।

"ਪੀਰ ਸਾਹਿਬ ਤਸਰੀਫ ਲਿਆਏ ਹਨ। ਗੋਲੜਾ ਸ਼ਰੀਫ ਦੇ ਪੀਰ ਆਏ ਹਨ।"

ਸੜਕ ਤੇ ਖੜੇ ਕਿਸੇ ਆਦਮੀ ਨੇ ਨਾਨਬਾਈ ਨੂੰ ਕਿਹਾ ਅਤੇ ਦਿਲ ਤੇ ਹੱਥ ਰਖੀ ਪੀਰ ਸਾਹਿਬ ਦੀ ਰਾਹ ਵੇਖਣ ਲੱਗਾ।

ਨਾਨਬਾਈ ਵੀ ਉਠ ਕੇ ਖਲੋ ਗਿਆ। ਤਦੋ ਕਾਹਵਾਘਰ ਦੇ ਅੰਦਰ ਬੈਠੇ ਸਭ ਲੋਕ ਬਾਹਰ ਆ ਗਏ ਅਤੇ ਸੜਕ ਉਤੇ ਪਲਕਾਂ ਵਿਛਾਈ ਪੀਰ ਦੇ ਆਉਣ ਦੀ ਉਡੀਕ ਕਰਨ ਲੱਗੇ।

ਇਕ ਲੰਮਾ ਉੱਚਾ, ਦਾੜ੍ਹੀਵਾਲਾ ਆਦਮੀ ਸਾਹਮਣੇ ਆਇਆ। ਲੰਮਾ ਕਾਲਾ ਕੁੜਤਾ, ਗਲ ਵਿਚ ਵੱਡੇ ਵੱਡੇ ਮਣਕਿਆਂ ਵਾਲੇ ਤਿੰਨ ਚਾਰ ਹਾਰ, ਪਗੜੀ ਦੇ ਪਿਛੇ ਧੌਣ ਤੇ ਫੈਲੇ ਹਏ ਲੰਮੇ ਲੰਮ ਵਾਲ ਅਤੇ ਹੱਥ ਵਿਚ ਤਸਬੀ। ਚੌੜੇ ਗੋਰੇ ਚਿਹਰੇ ਤੋਂ

ਨੂਰ ਬਰਸ ਰਿਹਾ ਸੀ। ਸੱਜੇ ਖੱਬੇ ਅਤੇ ਪਿਛੇ ਬਹੁਤ ਸਾਰੇ ਮੁਰੀਦ ਤੁਰੇ ਆ ਰਹੇ ਸਨ।

ਨਾਨਬਾਈ ਵਧਕੇ ਅੱਗੇ ਆ ਗਿਆ ਅਤੇ ਸਿਰ ਝੁਕਾ ਕੇ, ਹੱਥ ਜੋੜੀ ਸੜਕ ਦੇ ਵਿਚਕਾਰ ਬਲ ਗਿਆ। ਪੀਰ ਸਾਹਿਬ ਨੇ ਆਪਣਾ ਖੱਬਾ ਹੱਥ ਅੱਗੇ ਵਧਾਇਆ, ਨਾਨਬਾਈ ਨੇ ਉਸਨੂੰ ਝੁਕ ਕੇ ਅੱਖਾਂ ਨਾਲ ਚੁੱਮਿਆ, ਫਿਰ ਆਪਣਾ ਸੱਜਾ ਹੱਥ ਦਿਲ ਤੇ ਰੱਖਿਆ  ਅਤੇ ਪਹਿਲਾਂ ਵਾਗ ਹੱਥ ਜੋੜ ਕੇ ਖਲੋ ਗਿਆ। ਪੀਰ ਸਾਹਿਬ ਨੇ ਹੱਥ ਥੋੜਾ ਜਿਹਾ ਉਪਰ ਉਠਾਇਆ, ਅਤੇ ਬਿਨਾ ਕੁਝ ਬੋਲੇ ਅੱਗੇ ਵੱਧ ਗਏ। ਵਾਰੀ ਵਾਰੀ ਨਾਲ ਸੜਕ ਤੇ ਖਲੋਤੇ ਲੱਗਭਗ ਸਾਰੇ ਲੋਕ ਉਨ੍ਹਾਂ ਕੋਲ ਗਏ। ਸਭ ਨੇ ਆਪਣੀਆਂ ਅੱਖਾਂ ਨਾਲ ਪੀਰ ਦੇ ਹੱਥ ਚੁੰਮੇ, ਸਭ ਨੂੰ ਪੀਰ ਸਾਹਿਬ ਨੇ ਦੁਆ ਦਿੱਤੀ।

"ਬਹੁਤ ਪਹੁੰਚੇ ਹੋਏ ਪੀਰ ਨੇ" ਨਾਨਬਾਈ ਨੇ ਆਪਣੀ ਥਾਂ ਤੇ ਪਰਤਦੇ ਹੋਏ ਕਿਹਾ, "ਵਾਅਲਾਹ, ਚਿਹਰੇ ਤੇ ਕਿੰਨਾ ਜਲਾਲ ਹੈ, ਨੂਰ ਬਰਸ ਰਿਹਾ ਹੈ।"

ਹੋਰ ਲੋਕ ਵੀ ਪਰਤ ਆਏ ਸਨ, ਕੁਝ ਲੋਕ ਉਥੋਂ ਹੀ ਆਪਣੇ ਘਰਾਂ ਨੂੰ ਪਰਤ ਗਏ ਸਨ। ਕਾਹਵੇ ਖਾਨੇ ਵਿਚ ਹੁਣ ਪੀਰ ਦੀ ਚਰਚਾ ਚਲ ਪਈ।

"ਬਹੁਤ ਪਹੁੰਚੇ ਹੋਏ ਪੀਰ ਹਨ, ਦਿਲ ਦੀ ਗੱਲ ਬੁੱਝ ਲੈਂਦੇ ਹਨ।" ਨਾਨਬਾਈ ਕਹੀ ਜਾ ਰਿਹਾ ਸੀ। ਫਿਰ ਉਹ ਤਖਤੇ ਤੇ ਬੈਠਾ ਅੰਦਰ ਵੱਲ ਮੂੰਹ ਕਰਕੇ ਬੋਲਿਆ, ''ਮੈਂ ਇਕ ਵਾਰ ਜ਼ਿਆਰਤ ਕਰਨ ਗੋਲੜਾ ਸ਼ਰੀਫ਼ ਗਿਆ। ਪੀਰ ਸਾਹਿਬ ਦੇ ਹਜ਼ੂਰ ਵਿਚ ਪਹੁੰਚਿਆ ਤਾਂ ਮੈਨੂੰ ਵੇਖ ਕੇ ਕਹਿਣ ਲਗੇ ; 'ਕੁਝ ਦਾਣੇ ਚੁੱਕ ਲੈ ਵੇਖਦਾ ਕੀ ਹੈ ?" ਸਾਹਮਣੇ ਕਣਕ ਦੇ ਦਾਣਿਆਂ ਦਾ ਢੇਰ ਲੱਗਾ ਸੀ। ਮੈਂ ਉਂਝ ਹੀ ਝੁਕ ਕੇ ਕੁਝ ਦਾਣੇ ਚੁੱਕ ਲਏ। ਇਸ ਤੇ ਪੀਰ ਸਾਹਿਬ ਨੇ ਫੁਰਮਾਇਆ:

"ਬਸ ! ਸਿਰਫ ਇਕ ਸੌ ਸੱਤਰ ਦਾਣੇ ! ਜਿਆਦਾ ਚੁੱਕ ਲੈਂਦਾ !"

''ਮੈਂ ਹੱਕਾ-ਬੱਕਾ ਉਥੇ ਬੈਠ ਕੇ ਦਾਣੇ ਗਿਣਨ ਲੱਗਾ। ਪੂਰੇ ਇਕ ਸੌ ਸੱਤਰ ਦਾਣੇ ਸਨ।"

ਇਸ ਤੇ ਕਰੀਮ ਖਾਨ ਬੋਲਿਆ, ''ਇਨ੍ਹਾਂ ਦੇ ਹੱਥ ਵਿਚ ਬੜੀ ਸਫ਼ਾ ਹੈ। ਮੇਰਾ ਪੋਤਾ ਹੈ, ਹੁਣ ਤਾਂ ਵੱਡਾ ਹੋ ਗਿਆ, ਜਦ ਛੋਟਾ ਜਿਹਾ ਬੱਚਾ ਸੀ ਤਾਂ ਉਸਨੂੰ ਕੰਨਪੇੜੇ ਹੋ ਗਏ ਦੋਵੇਂ ਗਲ੍ਹਾਂ ਸੁਜ ਗਈਆਂ।" ਕਿਸੇ ਨੇ ਕਿਹਾ ਗੋਲੜਾ ਸ਼ਰੀਫ ਕੋਲ ਲੈ ਜਾਓ। ਪੀਰ ਸਾਹਿਬ ਨੇ ਇਸ਼ਾਰਾ ਕੀਤਾ, ''ਬੱਚੇ ਨੂੰ ਮੇਰੇ ਸਾਹਮਣੇ ਲਿਟਾ ਦਿਓ" ਮੈਂ ਲਿਟਾ ਦਿੱਤਾ। ਫਿਰ ਉਨ੍ਹਾਂ ਨੇ ਕੋਲ ਰਖਿਆ ਹੋਇਆ ਵੱਡਾ ਸਾਰਾ ਛੁਰਾ ਚੁਕਿਆ ਅਤੇ ਉਸਨੂੰ ਇਕ ਇਕ ਵਾਰ ਬੱਚੇ ਦੇ ਦੋਹਾਂ ਗੱਲਾਂ ਨੂੰ ਛੁਹਾ ਦਿੱਤਾ। ਫਿਰ ਹੱਥ ਦੇ ਪੰਜੇ ਤੇ ਆਪਣੇ ਮੂੰਹ ਤੋਂ ਆਪਣੀ ਲਬ ਲਈ ਅਤੇ ਬੱਚੇ ਦੇ ਦੋਹਾਂ ਗੱਲਾ ਤੇ ਲਾ ਦਿੱਤੀ। ਬਸ ਇੰਨਾ ਹੀ। ਮੈਂ ਪੀਰ ਸਾਹਿਬ ਦੀ ਕੱਦਮ ਬੋਸੀ ਕਰ ਬੱਚੇ ਨੂੰ ਚੁੱਕ ਕੇ ਘਰ ਲੈ ਆਇਆ। ਘਰ ਪਹੁੰਚਦੇ ਪਹੁੰਚਦੇ ਸੋਜ ਉਤਰ ਚੁੱਕੀ ਸੀ ਅਤੇ ਬੁਖਾਰ ਲੱਥ ਚੁੱਕਾ ਸੀ।"

ਪੀਰਾਂ-ਦਸਤਗੀਰਾਂ ਦੇ ਹੱਥ ਵਿਚ ਬੜੀ ਸਫਾ ਹੁੰਦੀ ਹੈ। ਇਧਰ ਮਸਿਆੜੀ ਕੋਲ ਬਾਬਾ ਰੇਡਾ ਬੈਠਦਾ ਹੈ, ਉਸਦੇ ਹੱਥ ਵਿਚ ਵੀ ਬੜੀ ਸਫ਼ਾ ਹੈ।"

ਪਰ ਪੀਰ ਸਾਹਿਬ ਕਾਫ਼ਰਾਂ ਨੂੰ ਹੱਥ ਨਹੀਂ ਲਾਉਂਦੇ, ਕਾਫਰਾਂ ਨੂੰ ਨਫ਼ਰਤ ਕਰਦੇ ਹਨ। ਪਹਿਲਾਂ ਪੀਰ ਸਾਹਿਬ ਕੋਲ ਹਰ ਕੋਈ ਜਾ ਸਕਦਾ ਸੀ। ਜੇ ਕੋਈ ਕਾਫ਼ਰ ਇਲਾਜ ਲਈ ਆਵੇ ਤਾਂ ਛੜੀ ਦੀ ਨੋਕ ਉਸ ਦੀ ਨਬਜ਼ ਤੇ ਰੱਖਦੇ ਸਨ, ਛੜੀ ਦਾ ਦੂਸਰਾ ਸਿਰਾ ਕੰਨ ਤੇ ਲਾਉਦੇ ਸਨ ਅਤੇ ਨਬਜ਼ ਸੁਣ ਲੈਦੇ ਹਨ, ਪਰ ਹੁਣ ਉਹ ਕਿਸੇ ਕਾਫ਼ਰ ਨੂੰ ਲਾਗੇ ਨਹੀਂ ਆਉਣ ਦਿੰਦੇ।"

"ਅਕਸਰ ਗਰਮੀ ਦੇ ਮੌਸਮ ਵਿਚ ਸ਼ਹਿਰ ਨਹੀਂ ਆਉਂਦੇ। ਇਸ ਵਾਰ ਹੀ ਆਏ ਹਨ।"

"ਪੀਰਾਂ ਲਈ ਗਰਮੀ-ਸਰਦੀ ਕੀ ?"

"ਹੋ ਸਕਦਾ ਹੈ ਇਨ੍ਹਾਂ ਕੋਲ ਖਬਰ ਪਹੁੰਚੀ ਹੋਵੇ। ਉਹ ਜੋ ਮਸਜਿਦ ਨੂੰ ਅਪਵਿੱਤਰ ਕੀਤਾ ਗਿਆ ਹੈ।"

"ਇਨ੍ਹਾਂ ਨੂੰ ਹਰ ਗੱਲ ਦੀ ਖ਼ਬਰ ਰਹਿੰਦੀ ਹੈ। ਇਨ੍ਹਾਂ ਨੂੰ ਕੋਈ ਦਸਣ ਥੋੜਾ ਗਿਆ ਹੋਵੇਗਾ। ਇਨ੍ਹਾਂ ਨੂੰ ਆਪਣੇ ਆਪ ਪਤਾ ਲੱਗ ਜਾਂਦਾ ਹੈ। ਆਪਣੇ ਆਪ ਪਤਾ ਲੱਗ ਗਿਆ ਹੋਵੇਗਾ ਅਤੇ ਪਹੁੰਚ ਗਏ ਹੋਣਗੇ।"

"ਇਨ੍ਹਾਂ ਦੀ ਤਾਂ ਨਜ਼ਰ ਸਵੱਲੀ ਚਾਹੀਦੀ ਹੈ। ਫ਼ਕੀਰ ਦੀ ਬਦ-ਦੁਆ ਲੱਗ ਜਾਵੇ ਤਾਂ ਸ਼ਹਿਰਾਂ ਦੇ ਸ਼ਹਿਰ ਤਬਾਹ ਹੋ ਜਾਂਦੇ ਹਨ।"

"ਠੀਕ ਹੈ।"

''ਵਾਅਜ਼ ਕਰਨਗੇ ਕੀ ?''

"ਕੀ ਪਤਾ ? ਜੁੰਮੇ ਤਕ ਰਹੇ ਤਾਂ ਜ਼ਰੂਰ ਕਰਨਗੇ।"

ਜੋ ਆਏ ਹਨ ਤਾਂ ਜੁੰਮੇ ਤਕ ਰੁਕਣਗੇ ਹੀ। ਵਾਅਜ਼ ਤਾਂ ਕਰਨਗੇ ਹੀ, ਜੋ ਆਏ ਹਨ ਤਾਂ ਸ਼ਹਿਰ ਨੂੰ ਪਵਿਤਰ ਕਰਕੇ ਹੀ ਜਾਣਗੇ।"

ਨੱਥੂ ਉਥੋਂ ਨਿਕਲਿਆ ਤਾਂ ਦੁਪਹਿਰ ਅਲਸਾ ਰਹੀ ਸੀ। ਉਸਦਾ ਦਿਲ ਫਿਰ ਹਲਕਾ ਹਲਕਾ ਮਹਿਸੂਸ ਕਰਨ ਲੱਗਾ। ਇਕ ਤਰ੍ਹਾਂ ਦੀ ਧੁਖਧੁਖੀ ਜੋ ਸਵੇਰ ਤੋਂ ਉਸਨੂੰ ਪਰੇਸ਼ਾਨ ਕਰਦੀ ਰਹੀ ਸੀ, ਇਕ ਅਗਿਆਤ ਜਿਹੀ ਅਸ਼ੰਕਾ ਜੋ ਉਸਦੇ ਦਿਲ ਨੂੰ ਕੁਰੇਦਦੀ ਰਹੀ ਸੀ, ਹੁਣ ਬਹੁਤਾ ਕਰਕੇ ਦੂਰ ਹੋ ਗਈ ਸੀ। ਸ਼ਹਿਰ ਭਰ ਵਿਚ ਰੌਣਕ ਸੀ, ਚਹਿਲ-ਪਹਿਲ ਸੀ।

ਲੋਕ ਸੂਰ ਸੁਟਣ ਵਾਲੇ ਦੀ ਗੱਲ ਕਰਦੇ, ਪਰ ਉਸਨੂੰ ਸਿਰ ਫਿਰਿਆ ਪਾਗਲ ਕਹਿ ਕੇ ਇਕ ਦੋ ਗਾਲਾਂ ਕਢਦੇ, ਫਿਰ ਇਸ ਘਟਨਾ ਨੂੰ ਭੁੱਲ ਵੀ ਜਾਂਦੇ ਸਨ। ਫਿਰ ਉਹ ਵੀ ਕਿਉਂ ਇੰਨੀ ਜਿਹੀ ਗੱਲ ਨਾਲ ਆਪਣੇ ਮੰਨ ਤੇ ਭਾਰ ਲਈ ਫਿਰੇ ? ਉਸਨੇ ਇਹ ਵੀ ਵੇਖ ਲਿਆ ਸੀ ਕਿ ਉਸਦੇ ਬਾਰੇ ਕਿਸੇ ਨੂੰ ਕੰਨੋ ਕੰਨ ਖਬਰ ਨਹੀਂ ਹੋ ਸਕੀ ਸੀ। ਸਭ ਲੋਕ ਇਸ ਘਟਨਾ ਨੂੰ ਕਿਸੇ ਜਨੂੰਨੀ ਦਾ ਪਾਗਲਪਣ ਜਾਂ ਕਿਸੇ ਕਰਾਂੜ ਦੀ ਸ਼ਰਾਰਤ ਕਹਿ ਰਹੇ ਸਨ। ਮੁਰਾਦ ਅਲੀ ਹੀ ਕੇਵਲ ਇਸ ਬਾਰੇ ਜਾਣਦਾ

ਹੈ। ਤਾਂ ਕੀ ਮੁਸਲਮਾਨ ਹੋ ਕੇ ਉਹ ਕਿਸੇ ਨੂੰ ਕਹੇਗਾ ਕਿ ਉਸਨੇ ਇਹ ਬੁਰਾ ਕੰਮ ਕਰਵਾਇਆ ਹੈ ?

ਨੱਥੂ ਨੂੰ ਆਲੇ ਦੁਆਲੇ ਦੀਆਂ ਚੀਜ਼ਾਂ ਚੰਗੀਆਂ ਲੱਗੀਆਂ। ਇਕ ਛੋਟੀ ਜਿਹੀ ਦੁਕਾਨ ਦੇ ਸਾਹਮਣੇ ਕੋਈ ਪੇਂਡੂ ਆਦਮੀ ਆਪਣੀ ਪਤਨੀ ਨੂੰ ਜੁੱਤੀਆਂ ਦਾ ਨਵਾਂ ਜੋੜ ਲੈਣ ਲਈ ਰਾਜ਼ੀ ਕਰ ਰਿਹਾ ਸੀ :

"ਲੈ ਲਓ ਨਾ ਜੀ, ਮੈਂ ਜੋ ਕਹਿ ਰਿਹਾ ਹਾਂ। ਤੁਹਾਡੇ ਕੋਲ ਇਕ ਵੀ ਜੋੜਾ ਨਹੀਂ ਹੈ। ਉਹ ਜੁੱਤੀ ਫਟ ਗਈ ਹੈ।"

ਅਤੇ ਕੋਲ ਬੈਠੀ, ਸਿਰ ਤੋਂ ਪੈਰਾਂ ਤਕ ਬੁਰਕੇ ਵਿਚ ਢੱਕੀ ਉਸਦੀ ਪਤਨੀ ਆਪਣੀ ਮਿੱਠੀ ਆਵਾਜ਼ ਵਿਚ ਇਨਕਾਰ ਕਰੀ ਜਾ ਰਹੀ ਸੀ :

"ਮੈਨੂੰ ਇਸ ਦੀ ਲੋੜ ਨਹੀਂ। ਮੇਰਾ ਕੰਮ ਚਲ ਰਿਹਾ ਹੈ। ਤੁਹਾਡੇ ਕੋਲ ਚੰਗੀ ਜੁੱਤੀ ਨਹੀਂ ਹੈ, ਤੁਸੀਂ ਲੈ ਲਓ ਇਕ ਚੰਗਾ ਜਿਹਾ ਜੋੜਾ। ਤੁਹਾਨੂੰ ਜ਼ਿਆਦਾ ਤੁਰਨਾ ਪੈਂਦਾ ਹੈ।" ਨੱਥੂ ਅੱਗੇ ਵੱਧ ਗਿਆ। ਉਸਨੂੰ ਆਨੰਦ ਆਇਆ। ਉਹ ਸੜਕ ਪਾਰ ਕਰਕੇ ਸੱਜੇ ਹੱਥ ਆ ਗਿਆ ਅਤੇ ਹੌਲੀ ਹੌਲੀ ਅੱਗੇ ਵਧਣ ਲੱਗਾ। ਨਾਨ ਬਾਈਆਂ ਦੀਆਂ ਦੁਕਾਨਾਂ ਦੀ ਇਕ ਹੋਰ ਕਤਾਰ ਆ ਗਈ ਸੀ। ਵੱਡੇ ਵੱਡੇ ਦੇਗ ਅਤੇ ਦੇਗਾਂ ਵਿਚ ਉਠਦੀ ਮਾਸ ਮਸਾਲਿਆਂ ਦੀ ਗੰਧ ਅਤੇ ਨਾਨਾ ਦੇ ਢੇਰਾਂ ਦੇ ਢੇਰ। ਦੁਕਾਨਾਂ ਖਚਾ ਖਚ ਭਰੀਆਂ ਹੋਈਆਂ ਸਨ। ਜ਼ਿਆਦਾ ਲੋਕ ਮਜ਼ਦੂਰ, ਭਾਰ ਢੋਣ ਵਾਲੇ, ਜਾਂ ਲਾਗੇ ਚਾਗੇ ਦੇ ਪਿੰਡਾਂ ਤੋਂ ਆਉਣ ਵਾਲੇ ਪਰਵਾਰ ਸਨ। ਦਿਨ ਭਰ ਦੇ ਕੰਮ ਪਿਛੋਂ ਜਾਂ ਵੇਚ-ਖਰੀਦ ਪਿਛੋਂ ਭੋਜਨ ਤੇ ਟੁੱਟ ਪਏ ਸਨ। ਇਹ ਬਜ਼ਾਰ ਸ਼ਹਿਰ ਦੇ ਇਕ ਸਿਰੇ ਤੇ ਸੀ। ਖਾਣਾ ਖਾ ਚੁੱਕਣ ਪਿਛੋਂ ਕਿਸਾਨ ਲੋਕ ਆਪਣੇ ਗੱਡਿਆਂ ਤੇ ਬਹਿ ਕੇ ਉਨ੍ਹਾਂ ਲੰਮੀਆਂ ਰਾਹਾਂ ਵੱਲ ਚਲੇ ਜਾਣਗੇ ਜੋ ਉਨ੍ਹਾਂ ਨੂੰ ਆਪਣੇ ਆਪਣੇ ਪਿੰਡਾਂ ਨੂੰ ਲੈ ਜਾਂਦੀਆਂ ਹਨ।

ਨਾਨਬਾਈਆਂ ਦੀਆਂ ਦੁਕਾਨਾਂ ਪਿਛੇ ਉਸਨੂੰ ਜਾਮਾ ਮਸਜਿਦ ਦੀ ਉੱਚੀ ਵਿਸ਼ਾਲ ਇਮਾਰਤ ਨਜ਼ਰ ਆਈ। ਢਲਦੀ ਦੁਪਹਿਰ ਵਿਚ ਮਸਜਿਦ ਹੋਰ ਵੀ

ਜ਼ਿਆਦਾ ਧੁੱਪੀ ਹੋਈ ਅਤੇ ਸਫੈਦ ਲੱਗ ਰਹੀ ਸੀ। ਉਹ ਰੋਜ਼ ਵਰਗਾ ਦਰਿਸ਼ ਸੀ। ਪੌੜੀਆਂ ਤੇ ਮੰਗਤਿਆਂ, ਆਰਾਮ ਕਰਨ ਵਾਲੇ ਮਜ਼ਦੂਰਾਂ ਅਤੇ ਆਉਣ ਜਾਣ ਵਾਲੇ ਲੋਕਾਂ ਦਾ ਤਾਂਤਾ। ਅਚਾਨਕ ਉਸਨੇ ਵੇਖਿਆ ਵੰਡ ਮੇਹਰਾਬਦਾਰ ਦਰਵਾਜ਼ੇ ਵਿਚੋਂ ਸੈਂਕੜੇ ਲੋਕ ਇੱਕਠੇ ਨਿਕਲ ਆਏ ਹਨ। ਜੋਕ-ਦਰ-ਜੋਕ ਲੋਕਾਂ ਦਾ ਹਜੂਮ ਅੰਦਰੋਂ ਨਿਕਲ ਰਿਹਾ ਹੈ, ਉਹ ਫਾਟਕ ਪਾਰ ਕਰਕੇ ਆਉਂਦੇ, ਪੌੜੀਆਂ ਦੇ ਸਿਰੇ ਤੇ ਆਪਣੀਆਂ ਜੁਤੀਆਂ ਪੈਰੀ ਪਾਉਂਦੇ, ਜਾਂ ਹੱਥ ਵਿਚ ਲਈ ਪੌੜੀਆਂ ਉਤਰਨ ਲੱਗਦੇ। ਨੱਥੂ ਵੇਖਦਾ ਰਹਿ ਗਿਆ। ਕੇਵਲ ਈਦ ਵਾਲੇ ਦਿਨ ਇੰਨੇ ਜ਼ਿਆਦਾ ਲੋਕ ਮਸਜਿਦ ਵਿਚੋਂ ਨਿਕਲਦੇ ਨਜ਼ਰ ਆਇਆ ਕਰਦੇ ਸਨ। ਤਾਂ ਕੀ ਅੱਜ ਕੋਈ ਵਾਅਜ਼ ਸੀ ? ਉਸਨੂੰ ਅਚਾਨਕ ਖਿਆਲ ਆਇਆ, ਕੀ ਗੋਲੜਾ ਸ਼ਰੀਫ ਦੇ ਪੀਰ ਤਾਂ ਅੱਜ ਵਾਅਜ਼ ਦੇਣ ਨਹੀਂ ਆਏ ਸਨ? ਤਾਂ ਕੀ ਵਾਜ਼ ਦੇਣ ਦੇ ਪਿਛੋਂ ਹੀ ਤਾਂ ਉਹ ਨਹੀਂ ਪਰਤ ਰਹੇ ਸਨ ? ਉਸਦਾ ਦਿਲ ਫਿਰ ਬੈਠ ਗਿਆ। ਉਸਨੂੰ ਲਗਿਆ ਜਿਵੇਂ ਮਸਜਿਦ ਵਿਚ ਇਕੱਠੇ ਹੋਣ ਵਾਲੇ ਇਹ ਸੈਂਕੜੇ ਲੋਕ ਉਸ ਦੇ ਕੁਕਰਮ ਦੀ ਚਰਚਾ ਕਰਨ ਲਈ ਇਕੱਠੇ ਹੋਵੇ ਸਨ। ਗੋਲੜਾ ਦੇ ਪੀਰ ਵੀ ਇਸੇ ਦੀ ਖਬਰ ਪ੍ਰਾਪਤ ਕਰਕੇ ਸ਼ਹਿਰ ਵਿਚ ਆਏ ਹੋਣਗੇ।

ਨੱਥੂ ਜਾਮਾ ਮਸਜਿਦ ਦੇ ਸਾਹਮਣਿਉਂ ਲੰਘ ਗਿਆ। ਜਿਸ ਥਾਂ ਮਸਜਿਦ ਦੀ ਕੰਧ ਖਤਮ ਹੁੰਦੀ ਸੀ, ਉਸਦੇ ਨਾਲ ਹੀ ਗੰਦਾ ਨਾਲਾ ਵਗਦਾ ਹੀ। ਸ਼ਹਿਰ ਭਰ ਦਾ ਪਾਣੀ ਇਸੇ ਨਾਲੇ ਵਿਚ ਇਕੱਠਾ ਹੋ ਕੇ ਸ਼ਹਿਰੋਂ ਬਾਹਰ ਜਾਂਦਾ ਸੀ। ਨੱਥੂ ਨਾਲੇ ਦੇ ਡੰਡਹਿਰ ਨੂੰ ਫੜ ਕੇ ਖਲੇ ਗਿਆ।

ਉਸ ਦੀ ਨਜ਼ਰ ਹੇਠਾਂ ਨੂੰ ਗਈ ਤਾਂ ਉਸ ਨੇ ਵੇਖਿਆ, ਡੰਡਹਿਰੇ ਦੇ ਥੋੜ੍ਹਾ ਹੇਠਾਂ ਨਾਲੇ ਦੇ ਕਿਨਾਰੇ ਇਕ ਚਬੂਤਰਾ ਜਿਹਾ ਸੀ ਅਤੇ ਉਸ ਉਤੇ ਇਕ ਨੰਗ-ਧੜੰਗ ਆਦਮੀ ਲੇਟਿਆ ਹੋਇਆ ਸੀ। ਕਾਲੇ ਰੰਗ ਦਾ ਇਕ ਆਦਮੀ ਦਾੜ੍ਹੀ ਅਤੇ ਸਿਰ ਤੇ ਸੁਕੇ ਖਿਚੜੀ ਵਾਲ ਉਲਝੇ ਹੋਏ, ਗਲੇ ਵਿਚ ਤਵੀਤ। ਨਾਲੇ ਦੀ ਕੰਧ ਨਾਲ ਆਪਣਾ

ਟੀਨ ਦਾ ਡੱਬਾ ਇਕ ਕਿਲ ਨਾਲ ਲਟਕਾ ਕੇ ਲੇਟਿਆ ਹੋਇਆ ਸੀ। ਚਬੂਤਰਾ ਤੰਗ ਜਿਹਾ ਸੀ, ਸੁੱਤਿਆਂ ਹੋਇਆਂ, ਪਾਸਾ ਪਰਤਣ ਤੇ ਵੀ ਉਹ ਸਿੱਧਾ ਨਾਲੇ ਵਿਚ ਡਿਗ ਸਕਦਾ ਸੀ। ਇਹ ਵੀ ਸ਼ਾਇਦ ਕੋਈ ਪਹੁੰਚਿਆ ਹੋਇਆ ਫ਼ਕੀਰ ਹੋਵੇਗਾ, ਲੱਡੂ ਨੇ ਦਿਲ ਵਿਚ ਕਿਹਾ, ਅਤੇ ਉਸ ਦੇ ਵੱਲ ਵੇਖਦਾ ਰਿਹਾ।

ਅਚਾਨਕ ਫ਼ਕੀਰ ਉਠ ਬੈਠਾ ਅਤੇ ਅੱਖਾਂ ਪਾੜ ਪਾੜ ਕੇ ਨੱਥੂ ਵੱਲ ਵੇਖਣ ਲੱਗਾ। ਅਤੇ ਵੇਖਦਿਆਂ ਵੇਖਦਿਆਂ ਸੱਜੇ ਖੱਬੇ ਜ਼ੋਰ ਨਾਲ ਸਿਰ ਹਿਲਾਉਣ ਲੱਗ ਪਿਆ, ਉਸੇ ਤਰ੍ਹਾਂ ਹੀ ਜਿਵੇਂ ਜਨੂੰਨੀ ਲੋਕ ਸਿਰ ਹਿਲਾਉਂਦੇ ਹਨ।

ਨੱਥੂ ਨੇ ਮੂੰਹ ਫੇਰ ਲਿਆ ਅਤੇ ਬਾਜ਼ਾਰ ਵੱਲ ਵੇਖਣ ਲੱਗਾ। ਥੋੜ੍ਹੀ ਦੇਰ ਪਿਛੋਂ ਜਦ ਉਸ ਨੇ  ਫਿਰ ਮੁੜ ਕੇ ਵੇਖਿਆ ਤਾਂ ਉਸ ਨੇ ਸਿਰ ਹਿਲਾਉਣਾ ਛੱਡ ਦਿੱਤਾ ਸੀ ਅਤੇ ਫਟੀਆਂ ਫਟੀਆਂ ਅੱਖਾਂ ਨਾਲ ਨੱਥੂ ਵੱਲ ਵੇਖਦੇ ਹੋਏ ਆਪਣੀ ਤਰਜਨੀ ਉਂਗਲੀ ਨਾਲ ਇਸ਼ਾਰਾ ਕਰਕੇ ਉਸ ਨੂੰ ਆਪਣੇ ਵੱਲ ਬੁਲਾ ਰਿਹਾ ਸੀ। ਨੱਥੂ ਸਹਿਮ ਜਿਹਾ ਗਿਆ, ਉਹ ਡਰ ਗਿਆ ਕਿ ਇਹ ਫ਼ਕੀਰ ਕਿਤੇ ਉਸ ਉਤੇ ਕੋਈ ਜਾਦੂ ਟੂਣਾ ਨਾ ਕਰ ਦੇਵੇ ਜਾਂ ਉਸ ਨੂੰ ਸਰਾਪ ਨਾ ਦੇ ਦੇਵੇ। ਉਸ ਨੇ ਜੇਬ ਵਿਚ ਹੱਥ ਪਾਇਆ ਅਤੇ ਇਕ ਆਨਾ ਕੱਢ ਕੇ ਫ਼ਕੀਰ ਵੱਲ ਸੁੱਟ ਦਿੱਤਾ ਅਤੇ ਉਥੋਂ ਤੁਰਨ ਦੀ ਤਿਆਰੀ ਕਰ ਲਈ। ਵੇਖਦਿਆਂ ਵੇਖਦਿਆਂ ਫ਼ਕੀਰ ਨੇ ਆਨਾ ਚੁੱਕ ਲਿਆ ਅਤੇ ਨਾਲੇ ਵਿਚ ਸੁਟ ਦਿੱਤਾ ਅਤੇ ਫਿਰ ਉਸ ਵੱਲ ਘੂਰਦੇ ਹੋਏ, ਉਂਗਲੀ ਹਿਲਾ ਹਿਲਾ ਕੇ ਉਸ ਨੂੰ ਆਪਣੇ ਵੱਲ ਲਾਉਣ ਲੱਗਾ ਤੇ ਨੱਥੂ ਡਰ ਗਿਆ, ਉਸ ਨੂੰ ਡਰ ਨਾਲ ਕਾਂਬਾ ਛਿੜ ਪਿਆ ਅਤੇ ਉਹ ਉਥੋਂ ਤੁਰ ਪਿਆ।

ਵੱਡੇ ਬਾਜ਼ਾਰ ਵਿਚ ਬੜੀ ਚਹਿਲ-ਪਹਿਲ ਸੀ। ਨੱਥੂ ਨੂੰ ਸ਼ਹਿਰ ਦਾ ਇਹ ਇਲਾਕਾ ਸਭ ਤੋਂ ਜਿਆਦਾ ਆਕਰਸ਼ਕ ਲੱਗਦਾ ਸੀ। ਸੋਡਾ-ਵਾਟਰ ਦੀਆਂ ਦੋਵਾਂ ਦੁਕਾਨਾਂ ਤੋ ਕਈ ਰੰਗ ਦੀਆਂ ਅਜੀਬ ਬੋਤਲਾਂ ਚਮਕ ਰਹੀਆਂ ਸਨ। ਹੇਠਾਂ, ਸਾਫ਼ ਕੱਪੜੇ ਪਹਿਨੀ ਦੁਕਾਨਦਾਰ ਪਲੱਥੀ ਮਾਰੀ ਲੈਮਨ ਦੇ ਗਿਲਾਸ ਭਰ ਭਰ ਗਾਹਕਾਂ ਨੂੰ

ਦੇ ਰਹੇ ਸਨ। ਸੜਕ ਦੀ ਪਟੜੀ ਤੇ ਫੁੱਲਾਂ ਦੇ ਗਜਰੇ ਵੇਚਣ ਵਾਲੇ ਹੁਣੇ ਹੀ ਆ ਪਹੁੰਚੇ ਸਨ। ਸੋਡਾ ਵਾਟਰ ਦੀਆਂ ਦੁਕਾਨਾਂ ਦੇ ਨਾਲ ਹੀ ਸੀਖ-ਕਬਾਬ ਵਾਲੇ ਬੈਠਦੇ ਸਨ। ਅਤੇ ਨੇੜੇ ਹੀ ਸ਼ਰਾਬ ਦਾ ਠੇਕਾ ਸੀ। ਉਥੇ ਹੀ ਕਸਾਈ ਗਲੀ ਸੜਕ ਨਾਲ ਮਿਲਦੀ ਸੀ, ਜਿਥੇ ਰੰਡੀਆਂ ਬੈਠਦੀਆਂ ਸਨ। ਨੱਥੂ ਸੜਕ ਦੇ ਕਿਨਾਰੇ ਠਿਠਕਿਆ ਖਲਤਾ ਰਿਹਾ।

ਦੁਕਾਨਾਂ ਦੇ ਸਾਹਮਣੇ ਸੜਕ ਤੇ ਬਹੁਤ ਸਾਰੇ ਟਾਂਗੇ ਖਲੋਤੇ ਸਨ- ਚਮਚਮਾਉਂਦੇ ਸਾਜ਼, ਘੜਿਆਂ ਦੇ ਸਿਰਾਂ ਤੇ ਨਚਦੀਆਂ ਕਲੱਗੀਆ, ਮੇਲ ਵਰਗਾ ਵਾਤਾਵਰਣ ਸੀ। ਕਿਸੇ ਵੇਲੇ ਕੋਈ ਟਾਂਗਾ ਸੜਕ ਦੇ ਐਨ ਵਿਚਕਾਰ ਆ ਕੇ ਰੁਕ ਜਾਂਦਾ। ਘੋੜੇ ਦਾ ਚੁਸਤ ਸਰੀਰ ਸਾਜ਼ ਤੁੜਾਉਣ ਲਈ ਜਿਵੇਂ ਅੰਗੜਾਈਆਂ ਲੈ ਰਿਹਾ ਹੁੰਦਾ। ਅਤੇ ਟਾਂਗੇ ਵਿਚ ਕੋਈ ਤੁੱਰੇ ਵਾਲਾ ਰਈਸ ਆਪਣੇ ਇਕ ਦੋ ਸਾਥੀਆਂ ਨਾਲ ਬੈਠਾ ਹੁੰਦਾ।

ਨੱਥੂ ਚਮਾਰ ਹੌਂਸਲੇ ਨਾਲ ਇਧਰ ਉਧਰ ਘੁੰਮਣ ਲੱਗਾ। ਉਸ ਨੂੰ ਲੱਗਾ ਜਿਵੇਂ ਸਭ ਲੋਕ ਮਸਤ ਹਨ ਤੇ ਆਪਣੇ ਲਈ ਖੁਸ਼ੀਆਂ ਬਟੋਰ ਰਹੇ ਹਨ। ਨੱਥੂ ਚਮਾਰ ਬੜੀ ਦੇਰ ਉਥੇ ਟਹਿਲਦਾ ਰਿਹਾ, ਫਿਰ ਸ਼ਾਮ ਪੈ ਗਈ ਅਤੇ ਬਾਜ਼ਾਰ ਵਿਚ ਰੌਣਕ ਹੋਰ ਵੀ ਜਿਆਦਾ ਵੱਧ ਗਈ ਅਤੇ ਉਹ ਉਡ ਕੇ ਸੀਖ-ਕਬਾਬ ਵਾਲੇ ਦੀ ਦੁਕਾਨ ਤੇ ਜਾ ਪਹੁੰਚਿਆ। ਉਥੋਂ ਉਸ ਨੇ ਅਨਿਆਨੀ ਦੇ ਕਬਾਬ ਲਏ ਅਤੇ ਸਿੱਧਾ ਦੇਸੀ ਸ਼ਰਾਬ ਦੇ ਠੇਕੇ ਤੇ ਜਾ ਕੇ ਬੈਂਚ ਤੇ ਬੈਠ ਗਿਆ। ਅਤੇ ਖੁਸ਼ੀ ਖੁਸ਼ੀ ਬੈਠ ਕੇ ਖਾਣ ਲੱਗਾ ਅਤੇ ਘੁਟ ਘੁਟ ਕਰਕੇ ਸ਼ਰਾਬ ਪੀਣ ਲੱਗਾ।

ਸ਼ਾਮ ਦੀਆਂ ਪਰਛਾਈਆਂ ਉਤਰ ਆਈਆਂ ਅਤੇ ਵੱਡੇ ਬਜ਼ਾਰ ਦੀਆਂ ਬੱਤੀਆਂ ਜਗ ਉਠੀਆਂ। ਪਾਣੀ ਦੇ ਹੋਏ ਛਿੜਕਾਓ ਤੋਂ ਫਿਰ ਗਿਲੀ ਮਿੱਟੀ ਦੀ ਸੁਗੰਧੀ ਆਉਣ ਲੱਗੀ ਅਤੇ ਫੁੱਲਾਂ ਦੇ ਗਜਰਿਆਂ ਦੀ ਖੁਸ਼ਬੋ ਨਾਲ ਮਿਲ ਕੇ ਨੱਥੂ ਦੇ ਦਿਮਾਗ ਤੇ ਅਜੀਬ ਮਸਤੀ ਜਿਹੀ ਛਾ ਗਈ। ਨੱਥੂ ਨੂੰ ਪਤਾ ਨਹੀਂ ਸੀ ਕਿ ਕਦ ਉਸ ਨੇ ਫੁਲਾਂ

ਦਾ ਗਜਰਾ ਖਰੀਦ ਕੇ ਗਲ ਵਿਚ ਪਾ ਲਿਆ ਸੀ। ਕਦੋਂ ਉਹ ਦੇਸੀ ਸ਼ਰਾਬ ਦੀ ਦੁਕਾਨ ਤੋਂ ਉਠ ਕੇ ਰਾਜਾ ਬਜ਼ਾਰ ਦਾ ਖੁਲ੍ਹਾ ਇਲਾਕਾ ਲੰਘ ਕੇ ਰੰਡੀਆਂ ਵਾਲੀ ਗਲੀ ਵਿਚ ਜਾ ਪਹੁੰਚਿਆ ਸੀ।

ਤਦੇ ਅਚਾਨਕ ਉਸ ਨੂੰ ਸਾਹਮਣਿਓ ਮੁਰਾਦ ਅਲੀ ਆਉਂਦਾ ਨਜ਼ਰ ਆਇਆ। ਗੋਡਿਆਂ ਤਕ ਲੰਮਾ ਕੱਦ, ਹੱਥ ਵਿਚ ਪਤਲੀ ਜਿਹੀ ਸੋਟੀ, ਗਿੱਠਾ, ਭਰੇ ਹੋਏ ਸਰੀਰ ਵਾਲਾ, ਕਾਲੀਆਂ ਕਾਲੀਆਂ ਮੁੱਛਾਂ ਵਾਲਾ ਮੁਰਾਦ ਅਲੀ। ਕੀ ਉਹ ਸਚਮੁੱਚ ਮੁਰਾਦ ਅਲੀ ਸੀ? ਜਾਂ ਨੱਥੂ ਸੁਪਨਾ ਵੇਖ ਰਿਹਾ ਸੀ। ਉਸ ਦੀਆਂ ਅੱਖਾਂ ਸਾਹਵੇਂ ਮੁਰਾਦ ਅਲੀ ਇਕ ਪ੍ਰੇਤ ਵਾਂਗ ਮੰਡਰਾਉਂਦਾ ਨਜ਼ਰ ਆਇਆ ਜੋ ਗਲੀ ਗਲੀ ਕੂਚਾ ਕੂਚਾ ਘੁੰਮਦਾ ਫਿਰਦਾ ਸੀ, ਸੋਟੀ ਹਿਲਾਉਂਦਾ ਹੋਇਆ। ਕੀ ਸਚਮੁੱਚ ਮੁਰਾਦ ਅਲੀ ਨਾਂ ਦਾ ਕੋਈ ਆਦਮੀ ਵੀ ਹੈ ਜੋ ਇਸ ਸ਼ਹਿਰ ਵਿਚ ਰਹਿੰਦਾ ਵਸਦਾ ਹੈ ਜਾਂ ਕੇਵਲ ਕੋਈ ਪਰਛਾਵਾਂ ਹੀ ਇਕ ਗਲੀ ਤੋਂ ਦੂਸਰੀ ਗਲੀ ਘੁੰਮਦਾ ਰਹਿੰਦਾ ਹੈ। ਅਤੇ ਲੋਕਾ ਨੇ ਉਸ ਦਾ ਨਾਂ ਮੁਰਾਦ ਅਲੀ ਰੱਖ ਛੱਡਿਆ ਹੈ। ਨਹੀਂ, ਮੁਰਾਦ ਅਲੀ ਹੀ ਸੀ, ਮੰਡੀ ਵਲੋਂ ਗਲੀ ਦੇ ਰਸਤੇ ਆ ਰਿਹਾ ਸੀ। ਨੱਥੂ ਸ਼ਰਾਬ ਦੀ ਮਸਤੀ ਵਿਚ ਨਾ ਹੁੰਦਾ ਤਾਂ ਕਿਸੇ ਘਰ ਦੇ ਚਬੂਤਰੇ ਦੀ ਓਟ ਵਿਚ ਲੁਕ ਜਾਂਦਾ। ਪਰ ਨੱਥੂ ਦੇ ਹੌਂਸਲੇ ਵਧੇ ਹੋਏ ਸਨ। ਉਹ ਸਿੱਧਾ ਗਲੀ ਦੇ ਵਿਚਕਾਰ ਆ ਗਿਆ। ਉਸ ਨੇ ਜ਼ਿਆਦਾ ਨਹੀਂ ਪੀਤੀ ਹੋਈ ਸੀ। ਚਮੜਾ ਰੰਗਣ ਵਾਲੇ ਚਮਾਰ ਲਈ ਦੋ ਪੈਗ ਸ਼ਰਾਬ ਤਾਂ ਪਾਣੀ ਬਰਾਬਰ ਹੁੰਦੀ ਹੈ। ਦਿਨ ਭਰ ਇਕੱਲਾ ਘੁੰਮਦੇ ਰਹਿਣ ਪਿਛੋਂ ਉਸ ਨੂੰ ਹੁਣ ਕੋਈ ਵਾਕਫ਼ ਮਿਲਿਆ ਸੀ। ਅਤੇ ਅਚਾਨਕ ਨੱਥੂ ਨੂੰ ਆਪਣੇ ਆਪ ਤੇ ਮਾਣ ਦਾ ਅਹਿਸਾਸ ਹੋਇਆ। ਅਸੀਂ ਜਿਸ ਕੰਮ ਨੂੰ ਹੱਥ ਵਿਚ ਲੈਂਦੇ ਹਾਂ, ਪੂਰਾ ਕਰਕੇ ਛਡਦੇ ਹਾਂ।

"ਸਲਾਮ ਹਜ਼ੂਰ!"

ਨੱਥੂ ਨੇ ਅੱਗੇ ਵਧ ਕੇ ਹੱਸਦੇ ਹੋਏ ਕਿਹਾ ਅਤੇ ਆਕੜ ਕੇ ਖਲੋ ਗਿਆ। ਮੁਰਾਦ ਅਲੀ ਪਲ ਭਰ ਲਈ ਠਿਠਕਿਆ। ਉਸ ਦੀਆਂ ਤਿੱਖੀਆਂ ਅੱਖਾਂ ਨੇ ਨੱਥੂ ਨੂੰ

ਵੇਖਿਆ ਅਤੇ ਸਾਰੀ ਸਥਿਤੀ ਉਸ ਦੀ ਸਮਝ ਵਿਚ ਆ ਗਈ। ਬਿਨਾਂ ਕੁਝ ਕਹੇ ਜਾਂ ਨੱਥੂ ਦੀ ਸਲਾਮ ਦਾ ਉੱਤਰ ਦਿਤੇ ਉਹ ਅੱਗੇ ਵੱਧ ਗਿਆ।

"ਸਲਾਮ, ਹਜੂਰ! ਮੈਂ ਨੱਥੂ ਹਾਂ, ਤੁਸੀਂ ਮੈਨੂੰ ਪਛਾਣਿਆ ਨਹੀ?" ਨੱਥੂ ਕਹਿ ਕੇ ਹੱਸ ਪਿਆ।

ਪਰ ਮੁਰਾਦ ਅਲੀ ਇਸ ਸਮੇਂ ਅੱਗੇ ਜਾ ਚੁੱਕਾ ਸੀ।

ਨੱਥੂ ਬੁੱਧੂ ਜਿਹਾ ਬਣਿਆ ਗਲੀ ਦੇ ਵਿਚਕਾਰ ਖਲੋਤਾ ਰਿਹਾ, ਫਿਰ ਉਥੋਂ ਹੀ ਚਿੱਲਾ ਕੇ ਬੋਲਿਆ :

"ਹਜੂਰ ਮੁਰਾਦ ਅਲੀ ਸਾਹਿਬ !"

ਪਰ ਮੁਰਾਦ ਅਲੀ ਨਹੀਂ ਰੁਕਿਆ।

ਅਚਾਨਕ ਨੱਥੂ ਦੇ ਮਨ ਵਿਚ ਇਕ ਵਿਚਾਰ ਉਠਿਆ : ਮੈਨੂੰ ਘੱਟੋ ਘੱਟ ਮੁਰਾਦ ਅਲੀ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਮੈਂ ਉਸ ਦਾ ਕੰਮ ਕਰ ਛਡਿਆ ਹੈ। ਉਹ ਇਸ ਗਲਤ-ਫਹਿਮੀ ਵਿਚ ਹੀ ਨਾ ਰਹੇ ਕਿ ਮੈਂ ਇਥੇ ਘੁੰਮ ਰਿਹਾ ਹਾਂ। ਅਤੇ ਉਸ ਦਾ ਕੰਮ ਪੂਰਾ ਨਹੀਂ ਕੀਤਾ।

ਨੱਥੂ ਲੜਖੜਾਉਂਦਾ ਹੋਇਆ ਮੁਰਾਦ ਅਲੀ ਦੇ ਪਿਛੇ ਪਿਛੇ ਤੁਰ ਪਿਆ। ਅੱਗੇ ਹੋਰ ਜਿਆਦਾ ਹਨੇਰਾ ਸੀ, ਪਰ ਦੂਰ ਮੁਰਾਦ ਅਲੀ ਦਾ ਸਰੀਰ ਉਸ ਨੂੰ ਬਰਾਬਰ ਨਜ਼ਰ ਆ ਰਿਹਾ ਸੀ। ਉਹ ਡਿਗਦਾ ਢਹਿੰਦਾ ਅੱਗੇ ਵਧਦਾ ਗਿਆ। ਜਿਵੇਂ ਤਿਵੇਂ ਉਹ ਦੌੜਨ ਲੱਗਾ ਸੀ। ਹਜ਼ੂਰ ਨੂੰ ਦੱਸਣਾ ਤਾਂ ਬਹੁਤ ਜ਼ਰੂਰੀ ਹੈ ਕਿ ਕੰਮ ਪੂਰਾ ਹੋ ਗਿਆ ਹੈ।

ਉਸ ਨੂੰ ਲੱਗਾ ਜਿਵੇਂ ਉਹ ਮੁਰਾਦ ਅਲੀ ਦੇ ਨੇੜੇ ਪਹੁੰਚ ਰਿਹਾ ਹੈ। ਅਸਲ ਵਿਚ ਗਲੀ ਖਾਲਮ ਖਾਲੀ ਹੁੰਦੀ ਜਾ ਰਹੀ ਸੀ ਅਤੇ ਉਸ ਨੂੰ ਲੱਗਾ ਮੁਰਾਦ ਅਲੀ ਨੇ ਆਪਣੀ ਚਾਲ ਹੋਲੀ ਕਰ ਦਿੱਤੀ ਹੈ।

"ਹਜ਼ੂਰ, ਮੈਂ ਦਸਣਾ ਭੁਲ ਗਿਆ। ਉਹ ਕੰਮ ਹੋ ਗਿਆ ਸੀ। ਵੇਲੇ ਸਿਰ ਭੇਜ ਦਿੱਤਾ ਸੀ, ਹੱਥ ਗੱਡੀ ਵਾਲੇ ਆ ਗਏ ਸਨ............।"

ਤਦੇ ਨੱਥੂ ਨੇ ਵੇਖਿਆ ਮੁਰਾਦ ਅਲੀ ਰੁਕ ਗਿਆ ਹੈ ਅਤੇ ਆਪਣੀ ਸੋਟੀ ਚੁੱਕੀ ਉਸ ਵੱਲ ਵੇਖ ਰਿਹਾ ਹੈ।

ਹੁਣੇ ਮੁਰਾਦ ਅਲੀ ਉਸ ਵੱਲ ਅਗੋਂ ਵਧ ਆਏਗਾ। ਪਰ ਉਸ ਨੇ ਸੋਟੀ ਉੱਚੀ ਕਿਉਂ ਚੁੱਕੀ ਹੋਈ ਹੈ? ਅਤੇ ਉਹ ਕੁਝ ਵੀ ਬੋਲਦਾ ਕਿਉਂ ਨਹੀਂ ? ਹਨੇਰੀ ਗਲੀ ਦੇ ਇਕ ਸਿਰੇ ਤੇ ਖਲੋਤੇ ਦੋਵੇਂ ਇਕ ਦੂਸਰੇ ਵੱਲ ਘੂਰੀ ਜਾ ਰਹੇ ਸਨ।

ਨੱਥੂ ਨੇ ਫਿਰ ਇਕ ਵਾਰ ਕਿਹਾ :

''ਤੁਹਾਡਾ ਕੰਮ ਹੋ ਗਿਆ ਸੀ ਹਜ਼ੂਰ, ਟਿਕਾਣੇ ਲਾ ਦਿੱਤਾ ਸੀ ਅਸੀਂ।"

ਉਸ ਦੇ ਕਹਿਣ ਦੀ ਦੇਰ ਸੀ ਕਿ ਉਸ ਨੂੰ ਲੱਗਿਆ ਕਿ ਮੁਰਾਦ ਅਲੀ ਮੁੜ ਕੇ ਅੱਗੇ ਅੱਗੇ ਜਾਣ ਲੱਗਾ ਹੈ। ਕਦਮ ਵਧਾਈ ਅੱਗੇ ਵੱਧਦਾ ਜਾਂਦਾ ਹੈ, ਗਲੀ ਦੇ ਸਿਰੇ ਤੇ ਢਲਾਣ ਆ ਗਈ ਹੈ। ਅਤੇ ਉਹ ਢਲਾਣ ਤੇ ਚੜ੍ਹਦਾ ਜਾ ਰਿਹਾ ਹੈ।

ਨੱਥੂ ਨੇ ਨਿਗਾਹ ਉਪਰ ਚੁੱਕੀ। ਮੁਰਾਦ ਅਲੀ ਫਿਰ ਦੂਰ ਜਾ ਚੁਕਿਆ ਸੀ, ਗਲੀ ਵਿਚੋ ਨਿਕਲ ਕੇ ਸ਼ਿਵਾਲੇ ਵੱਲ ਜਾਣ ਵਾਲੀ ਉੱਚੀ ਢਲਾਣ ਤੇ ਚੜ੍ਹਦਾ ਜਾ ਰਿਹਾ ਸੀ। ਪਿੱਠ ਪਿਛਿਓ ਨੱਥੂ ਨੂੰ ਫਿਰ ਲੱਗਾ ਜਿਵੇਂ ਕੋਈ ਪ੍ਰੇਤ ਅੱਗੇ ਵਧੀ ਜਾ ਰਿਹਾ ਹੈ, ਦੂਰ ਹੁੰਦਾ ਜਾ ਰਿਹਾ ਹੈ, ਪਰ ਅੱਖੋਂ ਪਰੋਖੇ ਨਹੀਂ ਹੋ ਰਿਹਾ।

ਦਰਵਾਜ਼ਾ ਖੋਲ੍ਹਣ ਤੇ ਨੱਥੂ ਨੂੰ ਦਹਿਲੀਜ਼ ਤੇ ਖਲੋਤੇ ਵੇਖ ਨੱਥੂ ਦੀ ਪਤਨੀ ਦੀ ਜਿਵੇਂ ਜਾਨ ਵਿਚ ਜਾਨ ਆਈ ਅਤੇ ਉਸਦੀਆਂ ਅੱਖਾਂ ਵਿਚ ਅਥਰੂ ਛਲਕ ਆਏ। “ਤੁਸੀਂ ਇਉਂ ਨਾ ਕਰਿਆ ਕਰੋ ਜੀ," ਉਹ ਰੋਂਦੀ ਹੋਈ ਮੰਜੀ ਤੇ ਜਾ ਬੈਠੀ, “ਮੇਰਾ ਦਿਲ ਗੋਤੇ ਖਾ ਰਿਹਾ ਸੀ। ਮੈਂ ਸੋਚਾਂ, ਤੁਸੀਂ ਗਏ ਤਾਂ ਕਿੱਥੇ ਗਏ। ਇਹ ਵੀ ਕੋਈ ਤਰੀਕਾ ਹੈ ! ਪਰੇਸ਼ਾਨ ਕਰ ਦਿੱਤਾ।''

ਸਾੜ੍ਹੀ ਦੇ ਪੱਲੇ ਨਾਲ ਅੱਖਾਂ ਪੂੰਝ ਕੇ ਉਹ ਉਸ ਵੱਲ ਵੇਖਦੀ ਰਹੀ ਤੇ ਅਚਾਨਕ ਮੁਸਕਰਾ ਪਈ, ''ਇਹ ਕੀ ਸਾਂਗ ਬਣਾ ਕੇ ਆਏ ਹੋ? ਕੰਨਾ ਵਿਚ ਫੁਲਾਂ ਦਾ ਗਜਰਾ ਲਟਕਾ ਰੱਖਿਆ ਹੈ। ਕਿਸ ਕੋਲ ਗਏ ਸਓ।"

ਪਰ ਨੱਥੂ ਚੁਪ ਰਿਹਾ, ਚੁਪ-ਚਾਪ ਮੰਜੀ ਤੇ ਜਾ ਬੈਠਾ। “ਸ਼ਰਾਬ ਪੀਤੀ ਹੈ ਤਾਂ ਹੱਸਦੇ ਗਾਉਂਦੇ ਕਿਉਂ ਨਹੀਂ, ਪਹਿਲਾਂ ਜਦ ਸ਼ਰਾਬ ਪੀਂਦੇ ਸਓ ਤਾਂ ਹੱਸਦੇ ਹੋਏ ਘਰ ਪਰਤਦੇ ਸਓ।"

ਨੱਥੂ ਦੀ ਪਤਨੀ ਭਗਵਾਨ ਤੋਂ ਧੀਰਜ ਦਾ ਵਰਦਾਨ ਲੈ ਕੇ ਆਈ ਸੀ। ਨੱਥੂ ਗੁੱਸੇ ਵਿਚ ਆ ਕੇ ਕਦੇ ਉਚਾ ਨੀਵਾਂ ਵੀ ਬੋਲਦਾ ਤਾਂ ਉਹ ਅਗਿਓਂ ਬੋਲਦੀ ਨਹੀਂ ਸੀ। ਇੰਨਾ ਹੀ ਕਹਿੰਦੀ: "ਕਹਿ ਲਓ, ਕਹਿ ਲਓ, ਮਨ ਹਲਕਾ ਕਰ ਲਓ।" ਜਾਂ ਫਿਰ ਇਕ ਬੰਨੇ ਲੱਗ ਕੇ ਖਲੋ ਜਾਂਦੀ ਅਤੇ ਹੋਠਾਂ ਤੇ ਉਂਗਲੀ ਰੱਖ ਕੇ ਕਹਿੰਦੀ, "ਬਸ ਬਸ ਹੋਰ ਕੁਝ ਨਾ ਕਹੋ। ਬਾਦ ਵਿਚ ਤੁਹਾਨੂੰ ਹੀ ਪਛਤਾਉਣਾ ਪਵੇਗਾ।" ਹੁਣ ਕਿਸੇ ਦੇ ਮਾਸ ਵਿਚ ਤਾਂ ਕੋਈ ਕੰਡਾ ਚੋਭੇ, ਪਰ ਮਿੱਟੀ ਦੇ ਢੇਰ ਵਿਚ ਕੋਈ ਕੀ ਕੰਡਾ ਚੁੱਭੇ? ਉਸਦੇ ਸ਼ੀਤਲ ਸੁਭਾਓ ਕਾਰਣ ਨੱਥੂ ਚਮਾਰ ਵੀ ਚੁੱਪ ਰਹਿਣ ਲੱਗਾ ਸੀ। ਨਾਲ ਦੀਆਂ ਕੋਠੜੀਆਂ ਵਿਚ ਕੁਝ ਨਹੀਂ ਤਾਂ ਵੀਹ ਚਮਾਰ ਤੇ ਉਹਨਾਂ ਦੇ ਪਰਿਵਾਰ ਰਹਿੰਦੇ ਸਨ ਅਤੇ ਸਭ ਘਰਾ ਨਾਲ ਉਸਦਾ ਮੇਲ ਮਿਲਾਪ ਸੀ, ਸਭ ਦਾ ਦੁੱਖ ਸੁੱਖ ਵੰਡਦੀ ਸੀ। ਆਪਣੇ ਥੋੜ੍ਹੇ ਵਿਚ ਹੀ ਸੰਤੋਖ ਕਰਨ ਵਾਲੀ ਅਤੇ ਰੱਬ ਤੋਂ ਡਰਨ ਵਾਲੀ ਇਸਤਰੀ ਸੀ। ਕੁਝ ਲੋਕਾਂ ਦੇ ਸੁਭਾਓ ਵਿਚ ਅਜਿਹੀ ਸੂਝ ਹੁੰਦੀ ਹੈ ਕਿ ਉਹ ਆਪਣੀ ਸਥਿਤੀ ਨੂੰ ਭਲੀ ਭਾਂਤ ਸਮਝ ਲੈਂਦੇ ਹਨ ਅਤੇ ਜ਼ਿੰਦਗੀ ਵਿਚ ਕੁਝ ਵੀ ਅਜਿਹਾ ਨਹੀਂ ਮੰਗਦੇ ਜਿਸਦੇ ਮਿਲਣ ਦੀ ਸੰਭਾਵਨਾ ਨਾ ਹੋਵੇ। ਇਸ ਲਈ ਉਹ ਹਮੇਸ਼ਾਂ ਖੇੜੇ ਦੀ ਅਵਸਥਾ ਵਿਚ ਰਹਿੰਦੇ ਹਨ।

ਨੱਥੂ ਅਜੇ ਵੀ ਚੁੱਪ ਚਾਪ ਬੈਠਾ ਸੀ।

"ਤੁਸੀਂ ਬੋਲਦੇ ਕਿਉਂ ਨਹੀਂ? ਤੁਸੀਂ ਇੰਨੀ ਦੇਰ ਬਾਹਰ ਰਹੇ ਮੈਂ ਮੱਛੀ ਵਾਂਗ ਤੜਫਦੀ ਰਹੀ ਹਾਂ।"

ਨੱਥੂ ਨੇ ਅੱਖ ਚੁੱਕ ਕੇ ਆਪਣੀ ਪਤਨੀ ਵੱਲ ਵੇਖਿਆ। ਇਕ ਹੜ੍ਹ ਜਿਹਾ ਉਸਦੇ ਦਿਲ ਵਿਚ ਉਠਿਆ। ਅਚਾਨਕ ਉਸਨੇ ਸਿਰ ਮਾਰਿਆ: "ਖਸਮਾਂ ਨੂੰ ਖਾਵੇ ਮੁਰਾਦ ਅਲੀ ਤੇ ਉਸਦਾ ਸੂਰ !" ਉਸਨੇ ਦਿਲ ਵਿਚ ਕਿਹਾ। "ਅਸੀਂ ਤਾਂ ਘਰ ਆ ਗਏ ਹਾਂ।"

“ਵਾੜੇ ਵਾਲੇ ਮੇਰੇ ਬਾਰੇ ਪੁੱਛਦੇ ਸਨ ?”

“ਹਾਂ ਪੁੱਛਦੇ ਸਨ, ਇਕ ਅੱਧ ਵਾਰ ਪੁੱਛਿਆ ਸੀ "

"ਤੂੰ ਕੀ ਕਿਹਾ ?”

"ਮੈਂ ਕਿਹਾ, ਕੰਮ ਤੇ ਗਏ ਨੇ, ਆਉਂਦੇ ਹੀ ਹੋਣਗੇ।”

"ਕੀ ਵਾਰ ਵਾਰ ਪੁੱਛਦੇ ਸਨ ?”

"ਨਹੀਂ ਜੀ, ਲੋਕ ਕੰਮ ਤੇ ਨਹੀਂ ਜਾਂਦੇ? ਸ਼ਾਮ ਨੂੰ ਗਵਾਂਢਣ ਨੇਂ ਪੁਛਿਆ ਤਾਂ ਮੈਂ ਕਿਹਾ ਘੋੜੇ ਦੀ ਖਲ ਲਾਹੁਣ ਗਏ ਹਨ।”

ਇਕ ਹਲਕੀ ਜਿਹੀ ਮੁਸਕਾਣ ਨੱਥੂ ਦੇ ਹੋਠਾਂ ਤੇ ਫੈਲ ਗਈ।

"ਪਰ ਤੁਸੀਂ ਕਿਥੇ ਗਏ ਸੀ ?"

"ਫਿਰ ਦਸਾਂਗਾ।"

ਨੱਥੂ ਦੀ ਪਤਨੀ ਉਸਦੇ ਮੂੰਹ ਵੱਲ ਵੇਖਦੀ ਰਹੀ। ਪਹਿਲਾਂ ਤਾਂ ਅਜਿਹਾ ਕਦੇ ਨਹੀਂ ਹੋਇਆ ਸੀ ਕਿ ਨੱਥੂ ਉਸ ਤੋਂ ਕੋਈ ਗੱਲ ਛਿਪਾ ਜਾਵੇ। ਪਰ ਚੁੱਪ ਰਹਿਣਾ ਬੇਹਤਰ ਸੀ, ਚੁੱਪ ਰਹਾਂਗੀ ਤਾਂ ਕੁਝ ਦਿਨ ਪਿਛੋਂ ਆਪਣੇ ਆਪ ਦਸ ਦੇਵੇਗਾ।

‘‘ਨਹੀਂ ਪੁੱਛਾਂਗੀ, ਤੁਸੀਂ ਨਹੀਂ ਚਾਹੁੰਦੇ ਤਾਂ ਨਹੀਂ ਪੁਛਾਂਗੀ।......ਖਾਣਾ ਖਾਓਗੇ? ਮੈਂ ਹੁਣੇ ਮਿੰਟਾਂ ਵਿਚ ਗਰਮ ਗਰਮ ਰੋਟੀਆਂ ਸੇਕ ਦਿੰਦੀ ਹਾਂ। ਚਾਹ ਨਾਲ ਰੋਟੀ ਖਾ ਲਓ।”

ਅਤੇ ਉਹ ਮੰਜੀ ਤੋਂ ਉਤਰ ਆਈ। ਪਰ ਕਿਸੇ ਭਾਵ-ਆਵੇਸ਼ ਨੱਥੂ ਨੇ ਉਸ ਨੂੰ ਰੋਕ ਲਿਆ ਅਤੇ ਆਪਣੇ ਵੱਲ ਖਿੱਚ ਕੇ ਆਪਣੇ ਕੋਲ ਬਿਠਾਈ ਰੱਖਿਆ।

“ਨਹੀਂ ਤੂੰ ਇਥੇ ਹੀ ਬਹਿ ਜਾ" ਪਤਨੀ ਉਹਦੇ ਨਾਲ ਜੁੜ ਕੇ ਬੈਠੀ ਰਹੀ। "ਤੂੰ ਰੋਟੀ ਖਾਧੀ"? ਨੱਥੂ ਨੇ ਭਾਵ-ਆਵੇਸ਼ ਵਿਚ ਉਸ ਦੇ ਵਾਲ ਸਹਿਲਾਉਂਦੇ ਹੋਏ ਪੁੱਛਿਆ।”

“ਆਹੋ ਖਾਧੀ ਏ।”

ਪਤਨੀ ਨੂੰ ਨੱਥੂ ਦਾ ਵਿਵਹਾਰ ਅਨੋਖਾ ਜਿਹਾ ਲੱਗਿਆ।

"ਝੂਠ ਬੋਲਦੀ ਏਂ। ਸੱਚ ਦਸ ਰੋਟੀ ਖਾਧੀ ਏ ?"

ਪਤਨੀ ਨੇ ਅੱਖ ਉਠਾ ਕੇ ਹੱਸਦੇ ਹੋਏ ਕਿਹਾ :

''ਅਸੀਂ ਖਾਣਾ ਬਣਾਇਆ ਸੀ ਪਰ ਸਾਥੋਂ ਖਾਧਾ ਨਹੀਂ ਗਿਆ।"

"ਸਵੇਰੇ ਖਾਧਾ ਸੀ ਕਿ ਨਹੀਂ !"

"ਖਾਧਾ ਸੀ।”

"ਫਿਰ ਝੂਠ! ਸੱਚ ਸੱਚ ਦਸ, ਖਾਧਾ ਸੀ ?”

ਉਸਨੇ ਫਿਰ ਪਤੀ ਵੱਲ ਵੇਖਿਆ ਤੇ ਹੱਸ ਪਈ:

"ਨਹੀਂ ਖਾਧਾ ਸੀ ! ਮੈਂ ਤੁਹਾਡਾ ਰਾਹ ਵੇਖ ਰਹੀ ਸੀ ਖਾਂਦੀ ਕਿਵੇਂ ?"

"ਅਤੇ ਜੋ ਅੱਜ ਰਾਤ ਵੀ ਮੈਂ ਨਾ ਆਉਂਦਾ, ਤਾਂ ?”

"ਆਉਂਦੇ ਕਿਉਂ ਨਾ, ਮੈਨੂੰ ਪਤਾ ਸੀ ਤੁਸੀਂ ਆਓਗੇ"

ਨੱਥੂ ਅਜੇ ਵੀ ਬੜਾ ਬੇਚੈਨ ਸੀ। ਇਸੇ ਧੁਖਧੁਖੀ ਦੇ ਕਾਰਨ ਉਹ ਸੜਕਾਂ ਤੇ ਚੱਕਰ ਲੱਗਾਉਂਦਾ ਰਿਹਾ ਸੀ। ਇਸੇ ਕਾਰਨ ਉਸਨੇ ਸ਼ਰਾਬ ਪੀਤੀ ਸੀ। ਪਤਨੀ ਦੇ ਨਾਲ ਬੈਠਣ ਤੇ ਵੀ ਕੋਈ ਸ਼ੰਕਾ ਅੰਦਰ ਅੰਦਰ ਉਸਦਾ ਕਲੇਜਾ ਚੱਟ ਰਹੀ ਸੀ। ਅਚਾਨਕ ਨੱਥੂ ਨੂੰ ਖਟਕਾ ਜਿਹਾ ਹੋਇਆ ਅਤੇ ਉਸਨੂੰ ਲੱਗਿਆ ਜਿਵੇਂ ਮੁਰਾਦ ਅਲੀ ਦਰਵਾਜ਼ੇ ਦੇ ਬਾਹਰ ਖਲੋਤਾ ਹੈ ਅਤੇ ਉਸਨੇ ਸੋਟੀ ਦੀ ਨੋਕ ਦਰਵਾਜ਼ੇ ਤੇ ਰੱਖੀ ਹੈ।

ਉਹ ਬੜਾ ਘਬਰਾ ਗਿਆ। ਫਿਰ ਉਸਨੇ ਦਿਲ ਵਿਚ ਆਪਣੇ ਆਪ ਨੂੰ ਹੌਂਸਲਾ ਦਿੰਦਿਆਂ ਕਿਹਾ, "ਮਰਾਦ ਅਲੀ ਨੇ ਮੈਨੂੰ ਪਛਾਣਿਆ ਨਹੀਂ ਹੋਵੇਗਾ, ਨਹੀਂ ਤਾਂ ਗੱਲ ਕਰਦਾ। ਚੁਪ ਚਾਪ ਉਹ ਚਲਾ ਗਿਆ। ਉਸਨੇ ਜ਼ਰੂਰ ਇਹੋ ਸਮਝਿਆ ਹੋਵੇਗਾ ਕਿ ਕੋਈ ਪਿਆਕੜ ਹੈ, ਜੋ ਨਸ਼ੇ ਵਿਚ ਧੁਤ ਉਸਨੂੰ ਪਰੇਸ਼ਾਨ ਕਰਨ ਆਇਆ ਹੈ। ਆਖਿਰ ਪੰਜ ਰੁਪਏ ਦਾ ਨੋਟ ਉਹ ਮੇਰੇ ਹੱਥ ਵਿਚ ਦੇ ਕੇ ਗਿਆ ਸੀ।

"ਮੈਂ ਜਾਣਦੀ ਸੀ ਤੁਹਾਨੂੰ ਕੋਈ ਕਲੇਸ਼ ਹੈ, ਤੁਸੀਂ ਖੁਸ਼ ਨਹੀਂ ਹੋ। ਇਸੇ ਲਈ ਮੈਂ ਘਬਰਾ ਰਹੀ ਸੀ।"

ਨੱਥੂ ਨੇ ਮੁੜ ਕੇ ਪਤਨੀ ਵੱਲ ਵੇਖਿਆ। ਉਹ ਉਸ ਵੱਲ ਵੇਖੀ ਜਾ ਰਹੀ ਸੀ।

"ਲੋਕ ਕਹਿੰਦੇ ਸਨ ਸ਼ਹਿਰ ਵਿਚ ਗੜਬੜ ਦਾ ਡਰ ਹੈ। ਕਿਸੇ ਨੇ ਸੂਰ ਮਾਰ ਕੇ ਕਿਸੇ ਮਸੀਤ ਅੱਗੇ ਸੁੱਟ ਦਿੱਤਾ ਸੀ। ਇਸ ਲਈ ਮੈਂ ਘਬਰਾ ਰਹੀ ਸੀ। ਮੈਂ ਕਹਾਂ ਕੋਈ ਗੜਬੜ ਹੋ ਗਈ ਤਾਂ ਮੈਂ ਤੁਹਾਨੂੰ ਕਿੱਥੇ ਲਭਣ ਜਾਵਾਂਗੀ।"

ਨੱਥੂ ਠਿਠਕ ਕੇ ਪਤਨੀ ਦੇ ਚਿਹਰੇ ਵੱਲ ਵੇਖਣ ਲੱਗਾ।

"ਕਿਹੜਾ ਸੂਰ, ਕਿਹੋ ਜਿਹਾ ਸੂਰ।"

''ਸੂਰ ਕਿਹੋ ਜਿਹੇ ਹੁੰਦੇ ਹਨ।" ਉਸਦੀ ਪਤਨੀ ਹੱਸ ਪਈ। ਉਸਨੂੰ ਚੰਗਾ ਲੱਗ ਰਿਹਾ ਸੀ ਕਿ ਨੱਥੂ ਪਰਤ ਆਇਆ ਹੈ। ਉਹ ਚਾਹੁੰਦੀ ਸੀ ਕਿ ਦੋਵੇਂ ਬੈਠੇ ਰਹਿਣ ਤੇ ਇਸੇ ਤਰ੍ਹਾਂ ਗੱਲਾਂ ਕਰਦੇ ਰਹਿਣ।

"ਕਾਲਾ ਸੀ ਜਾ ਚਿੱਟਾ।" ਨੱਥੂ ਨੇ ਪੁੱਛਿਆ। ਉਸਦੇ ਕੰਨ ਪਤਨੀ ਦੇ ਉੱਤਰ ਵੱਲ ਲਗੇ ਹੋਏ ਸਨ।

''ਇਸ ਨਾਲ ਕੀ ਫਰਕ ਪੈਂਦਾ ਹੈ।"

"ਤੂੰ ਵੇਖਿਆ ਸੀ ?"

"ਮੈਂ ਸੂਰ ਵੇਖਣ ਜਾਵਾਂਗੀ ? ਮੈਨੂੰ ਕੀ ਮੁਸੀਬਤ ਪਈ ਹੈ।"

"ਵਾੜੇ ਵਿਚੋਂ ਕਿਸੇ ਨੇ ਵੇਖਿਆ ਹੈ।"

''ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ ਜੀ ! ਵਾੜੇ ਦੇ ਲੋਕ ਸੂਰ ਵੇਖਣ ਜਾਣਗੇ? ਸੁਣੀ ਸੁਣਾਈ ਗੱਲ ਲੋਕਾਂ ਨੇ ਦਸ ਦਿੱਤੀ।"

ਰਾਤ ਕਾਫੀ ਪੈ ਗਈ ਸੀ। ਲਾਗੇ ਚਾਗੇ ਦੀਆਂ ਕੋਠੜੀਆਂ ਵਿਚੋਂ ਅਵਾਜ਼ਾਂ ਲੱਗਭਗ ਬੰਦ ਹੋ ਗਈਆਂ ਸਨ।

''ਬਾਹਰ ਸਵੋਂਗੇ ਕਿ ਅੰਦਰ/ਪਤਨੀ ਨੇ ਸ਼ਰਾਰਤ ਨਾਲ ਪਤੀ ਵੱਲ ਵੇਖ ਕੇ ਪੁੱਛਿਆ।"

"ਕਿਉਂ ?"

'ਤੁਹਾਡਾ ਕੀ ਭਰੋਸਾ ? ਬਾਹਰ ਸੁੱਤੇ ਪਏ ਹੋਈਏ ਤਾਂ ਉਠਾ ਕੇ ਅੰਦਰ ਲੈ ਆਉਂਦੇ ਹੋ। ਅਸੀਂ ਸੋਚਿਆ ਪਹਿਲਾਂ ਹੀ ਪੁੱਛ ਲਈਏ। ਜੇ ਤੁਹਾਡੀ ਨੀਅਤ ਖਰਾਬ ਹੋਵੇ ਤਾਂ ਪਹਿਲਾਂ ਹੀ ਅੰਦਰੇ ਪਏ ਰਹੀਏ। ਅੰਦਰ ਹੁੰਮਸ ਬਹੁਤ ਹੈ !" ਅਤੇ ਉਹ ਬੈਠੀ ਬੈਠੀ ਆਪਣੇ ਵਾਲ ਖੋਲ੍ਹਣ ਲੱਗੀ ॥

"ਤੁਸੀਂ ਕੁਝ ਨਹੀਂ ਦਸਿਆ, ਖਾਣਾ ਖਾਓਗੇ ਜਾਂ ਨਹੀਂ ? ਚਾਹ ਬਣਾ ਦਿਆਂ ? ਤੁਸੀਂ ਤੁਸੀਂ ਇੰਨੇ ਗੁੰਮਸੁੰਮ ਕਿਉਂ ਬੈਠੇ ਹੋ ? ਕਲ੍ਹ ਤੁਸੀਂ ਨਹੀਂ ਸੀ ਤਾਂ ਘਰ ਵਢਣ ਨੂੰ ਪੈਂਦਾ ਸੀ।"

ਪਤਨੀ ਨੂੰ ਲਾਪਰਵਾਹੀ ਨਾਲ ਵਾਲ ਖੋਲ੍ਹਦੇ ਵੇਖਦੇ, ਵੇਦਨਾ ਭਰੀ ਜੋਸ਼ ਦੀ ਲਹਿਰ ਨੱਥੂ ਦੇ ਤਨ ਬਦਨ ਵਿਚ ਉਠੀ ਅਤੇ ਉਸ ਨੇ ਪਾਗਲਾਂ ਵਾਂਗ ਆਪਣੀ ਪਤਨੀ ਨੂੰ ਬਾਹਾਂ ਵਿਚ ਘੁੱਟ ਲਿਆ, ਅਤੇ ਉਸ ਦੇ ਗਲ, ਉਸ ਦੇ ਬੁੱਲ੍ਹ ਤੇ ਉਸ ਦੇ ਵਾਲ ਅਤੇ ਉਸ ਦੀਆਂ ਅੱਖਾਂ ਵਾਰ ਵਾਰ ਚੁੰਮਣ ਲੱਗਾ। ਇਹ ਭਾਵ ਆਵੇਸ਼ ਹੌਲੀ ਹੌਲੀ ਵਧਦਾ ਗਿਆ ਅਤੇ ਉਸ ਦਾ ਰੋਮ ਰੋਮ ਆਪਣੀ ਪਤਨੀ ਦੇ ਗਦਰਾਏ ਸਰੀਰ ਅਤੇ ਉਸ ਦੀਆਂ ਉਤੇਜਿਤ ਬਾਹਾਂ ਵਿਚ ਗਵਾਚਣ ਲੱਗਾ।

'ਮੈਂ ਅੱਜ ਤਿੰਨ ਵਾਰ ਰੋਈ ਹਾਂ। ਬਰਾਂਡੇ ਵਿਚ ਖਲੋਤੀ ਘੰਟਿਆਂ ਬੱਧੀ ਤੇਰੀ ਰਾਹ ਵੇਖਦੀ ਰਹੀ। ਫਿਰ ਅੰਦਰ ਆ ਕੇ ਰੋ ਲੈਂਦੀ ਸਾਂ। ਮੈਨੂੰ ਇਉਂ ਲੱਗਦਾ ਸੀ ਜਿਵੇਂ ਹੁਣ ਤੂੰ ਪਰਤ ਕੇ ਨਹੀਂ ਆਵੇਂਗਾ।"

ਪਤਨੀ ਦੀਆਂ ਜੱਫੀਆਂ ਵਿਚ ਨੱਥੂ ਗਵਾਚਦਾ ਜਾ ਰਿਹਾ ਸੀ, ਦੀਨ ਦੁਨੀਆਂ ਜਾ ਰਿਹਾ ਸੀ, ਉਸ ਦੇ ਰੁਖੇ ਬੇਚੈਨ ਹੋਠ ਤ੍ਰਿਪਤੀ ਲਈ ਭਟਕਦੇ ਹੋਏ ਦੀਨ ਦੁਨੀਆਂ ਭੁੱਲਦੇ ਜਾ ਰਿਹਾ ਸੀ, ਉਸ ਦੇ ਰੁਖੇ ਬੇਚੈਨ ਹੋਠ ਤ੍ਰਿਪਤੀ ਲਈ ਭਟਕਦੇ ਹੋਏ ਕਦੇ ਪਤਨੀ ਦੇ ਹੋਠਾਂ ਨਾਲ ਜਾ ਲੱਗਦੇ। ਕਦੀ ਉਸ ਦੀਆਂ ਛਾਤੀਆਂ ਨੂੰ ਜਾ ਲੱਗਦੇ। ਹਫਦਾ ਹੋਇਆ ਉਹ ਆਪਣੀ ਪਤਨੀ ਦੇ ਅੰਗ ਅੰਗ ਵਿਚੋਂ ਜਿਵੇਂ ਸ਼ਕਤੀ ਤੇ ਸੁੱਖ ਦੀ ਖੋਜ ਵਿਚ ਭਟਕ ਰਿਹਾ ਸੀ।

ਤਦੇ ਮੈਦਾਨੋਂ ਪਾਰ ਕੁੱਤੇ ਉਚੀ ਉਚੀ ਭੌਂਕਣ ਲਗੇ। ਅਤੇ ਦੂਰ ਕਿਤੋਂ ਦਬਿਆ ਹੋਇਆ ਰੌਲਾ ਕੰਨਾਂ ਵਿਚ ਪੈਣ ਲੱਗਾ। ਨੱਥੂ ਨੂੰ ਕਿਸੇ ਗੱਲ ਦੀ ਹੋਸ਼ ਨਹੀਂ ਸੀ। ਪਰ ਕੁਝ ਹੀ ਦੇਰ ਵਿਚ ਨੱਥੂ ਦੀ ਪਤਨੀ ਦੀ ਨਜ਼ਰ ਛੱਤ ਹੇਠਾਂ ਕੰਧ ਉਤੇ ਪਈ। ਰੋਸ਼ਨਦਾਨ ਦੇ ਸਾਹਮਣੇ ਦੀ ਕੰਧ ਤੇ ਹਲਕੀ ਹਲਕੀ ਰੋਸ਼ਨੀ ਥਿਰਕ ਰਹੀ ਸੀ, ਲੱਗਾ ਜਿਵੇਂ ਕੋਈ ਲਾਲ ਜਿਹੀ ਪਰਛਾਈ ਨੱਚ ਰਹੀ ਹੈ। ਉਸ ਨੂੰ ਲਗਿਆ ਜਿਵੇਂ ਕੰਧ ਤੇ ਪੈਣ ਵਾਲੀ ਰੋਸ਼ਨੀ ਕੰਬ ਰਹੀ ਹੈ। ਦੂਰੋਂ ਦਬਿਆ ਦਬਿਆ ਸਰ ਸੁਣਾਈ ਦੇਣ ਲੱਗਾ।

"ਇਹ ਕੀ ਹੈ ?" ਕੰਧ ਵੱਲ ਵੇਖਦੇ ਹੋਏ ਪਤਨੀ ਬੋਲੀ, ਔਹ ਵੇਖੋ ਤਾਂ ਕੰਧ ਤੇ। ਇਹ ਕਿਹੋ ਜਿਹੀ ਰੋਸ਼ਨੀ ਹੈ ? ਲੱਗਦਾ ਹੈ ਜਿਵੇਂ ਅੱਗ ਦੀ ਲਪਟ ਹੋਵੇ। ਕੀ ਕਿਤੇ ਅੱਗ ਲੱਗੀ ਏ ? ਸੁਣੋ ਤਾਂ ਸਹੀ ਇਹ ਸ਼ੋਰ ਕਾਹਦਾ ਹੈ ?"

ਨੱਥੂ ਨੇ ਚਿਕ ਚੁੱਕ ਕੇ ਵੇਖਿਆ ਤਾਂ ਇਕ ਹਲਕੀ ਜਿਹੀ ਸਿਸਕੀ ਉਸ ਦੇ ਮੂੰਹ ਵਿਚੋਂ ਨਿਕਲੀ। ਕੁੱਤੇ ਹੋਰ ਵੀ ਜ਼ਿਆਦਾ ਜੋਰ ਨਾਲ ਭੌਂਕਣ ਲਗੇ ਸਨ, ਅਤੇ ਦੂਰ ਦਾ ਸ਼ੋਰ ਵਧਣ ਲੱਗਾ ਸੀ। ਇਸ ਰੌਲੇ ਦੀ ਗੂੰਜ ਵਾਤਾਵਰਣ ਵਿਚ ਫੈਲ ਰਹੀ ਸੀ,

ਵਧਦੇ ਆਉਂਦੇ ਲਸ਼ਕਰਾਂ ਦੀ ਆਵਾਜ਼ ਵਾਂਗ। ਕੰਧ ਦੇ ਉਪਰਲੇ ਹਿੱਸੇ ਤੇ ਲੋਅ ਹੋਰ ਵੀ ਜ਼ਿਆਦਾ ਅਸਥਿਰ, ਹਰ ਵੀ ਜ਼ਿਆਦਾ ਗਹਿਰੀ ਹੋ ਗਈ ਸੀ, ਜਿਵੇਂ ਅੱਗ ਦੇ ਹਿਲਦੇ ਸਾਏ ਹੋਣ।

"ਕਿਤੇ ਅੱਗ ਲੱਗੀ ਹੈ।" ਉਸ ਨੇ ਰੋਣੀ ਆਵਾਜ਼ ਵਿਚੋਂ ਕਿਹਾ, ਤੇ ਉਠ ਬੈਠਾ।

ਤਦੇ ਭਿਣਭਿਣਾਉਂਦੇ ਰੋਲੇ ਉਤੇ ਤਰਦੀ ਜਿਹੀ ਕਿਸੇ ਘੜਿਆਲ ਦੇ ਵਜਣ ਦੀ ਆਵਾਜ਼ ਆਈ। ਦੋਹਾਂ ਲਈ ਨਵੀਂ ਜਿਹੀ ਆਵਾਜ਼ ਸੀ। ਉਂਜ ਹਰ ਰੋਜ਼ ਹੀ ਸ਼ੇਖਾਂ ਦੇ ਬਾਗ ਵਿਚ ਲੱਗੀ ਘੜੀ ਦੀ ਆਵਾਜ਼ ਆਇਆ ਕਰਦੀ ਸੀ। ਚੱਕ ਤੋਂ ਵਿਹਲੀ ਹੋਣ ਪਿਛੋਂ ਜਦੋਂ ਨੱਥੂ ਦੀ ਪਤਨੀ ਆਉਂਦੀ ਅਤੇ ਦੋਵੇਂ ਸੋਣ ਦੀ ਤਿਆਰੀ ਕਰ ਰਹੇ ਹੁੰਦੇ ਅਤੇ ਘੜਿਆਲ ਵਜਦਾ ਤਾਂ ਪਤਨੀ ਅਕਸਰ ਦਸ ਗਿਣਿਆ ਕਰਦੀ ਸੀ। ਕਦੇ ਕਦੇ ਗਿਆਰਾਂ ਵੀ ਸੁਣਾਈ ਦਿੰਦੇ। ਪਰ ਇਹ ਸ਼ੇਖਾਂ ਦੀ ਘੜੀ ਦੀ ਆਵਾਜ਼ ਨਹੀਂ ਸੀ, ਕਿਸੇ ਘੜਿਆਲ ਦੇ ਵੱਜਣ ਦੀ ਆਵਾਜ਼ ਸੀ ਜਿਸ ਨੂੰ ਨੱਥੂ ਨੇ ਵੀ ਪਹਿਲਾਂ ਕਦੇ ਸੁਣਿਆ ਨਹੀਂ ਸੀ। ਘੜਿਆਲ ਬਰਾਬਰ ਵੱਜ ਰਿਹਾ ਸੀ ਅਤੇ ਵਧਦੇ ਰੋਲੇ ਵਿਚ ਉਸ ਦੀ ਟੁਣਟਣਾਉਂਦੀ ਆਵਾਜ਼ ਕਦੇ ਸਾਫ ਸੁਣਾਈ ਦਿੰਦੀ ਅਤੇ ਕਦੇ ਥੋੜ੍ਹੀ ਦੇਰ ਲਈ ਡੁੱਬ ਜਾਂਦੀ ਸੀ, ਫਿਰ ਸ਼ੋਰ ਉਤੇ ਤਰਦੀ ਹੋਈ ਉਹ ਆਵਾਜ਼ ਉਸ ਦੇ ਕੰਨੀ ਪੈ ਜਾਂਦੀ ਸੀ।

ਦੂਰ ਦਾ ਰੌਲਾ ਵਧਦਾ ਜਾ ਰਿਹਾ ਸੀ। ਵਾੜੇ ਦੇ ਅੰਦਰੋਂ ਕੋਠੜੀਆਂ ਵਿਚੋਂ ਆਵਾਜ਼ਾਂ ਆਉਣ ਲੱਗੀਆ ਸਨ। ਲੋਕ ਜਾਗ ਜਾਗ ਕੇ ਕੋਠੜੀਆਂ ਵਿਚ ਬਾਹਰ ਆ ਰਹੇ ਸਨ।

"ਮੰਡੀ ਵਿਚ ਅੱਗ ਲੱਗੀ ਹੈ।" ਕੋਈ ਆਦਮੀ ਜ਼ੋਰ ਨਾਲ ਚਿਲਾਇਆ। ਤਦੇ ਅਚਾਨਕ ਕਿਤੋਂ ਦੂਰੋਂ ਆਵਾਜ਼ ਆਈ। ਆਵਾਜ਼ ਬਹੁਤ ਉੱਚੀ ਸੀ, ਬਹੁਤ ਸਾਫ ਸੀ :

"ਅੱਲਾ-ਹੋ—ਅਕਬਰ !"

ਨੱਥੂ ਦਾ ਸਰੀਰ ਸਿਰ ਤੋਂ ਪੈਰਾ ਤਕ ਝਨਝਨਾ ਉਠਿਆ। ਉਹ ਅੱਖਾਂ ਪਾੜੀ ਛੱਤ ਵੱਲ ਵੇਖੀ ਜਾ ਰਿਹਾ ਸੀ। ਲੱਗਦਾ ਸੀ ਜਿਵੇਂ ਉਸ ਨੂੰ ਲਕਵਾ ਮਾਰ ਗਿਆ ਹੋਵੇ। “ਚਲੋ ਬਾਹਰ ਚਲੀਏ" ਉਸ ਦੀ ਪਤਨੀ ਨੇ ਸਹਿਮੀ ਜਿਹੀ ਆਵਾਜ਼ ਵਿਚ ਕਿਹਾ, “ਵਾੜੇ ਵਾਲਿਆਂ ਨੂੰ ਪੱਛੀਏ, ਮੈਨੂੰ ਇਥੇ ਡਰ ਲੱਗਦਾ ਹੈ।"

ਪਰ ਨੱਥੂ ਨੇ ਉਸ ਨੂੰ ਫੜੀ ਰੱਖਿਆ ਅਤੇ ਪੱਥਰ ਬਣਿਆ ਮੰਜੀ ਤੇ ਪਿਆ ਰਿਹਾ।

ਥੋੜ੍ਹੀ ਦੇਰ ਪਿਛੋਂ ਵਧਦੇ ਰੌਲੇ ਵਿਚ ਇਕ ਹੋਰ ਆਵਾਜ਼ ਬਹੁਤ ਸਾਰੇ ਗਲਿਆਂ ਵਿਚੋਂ ਇਕੱਠੀ ਨਿਕਲ ਕੇ ਆਈ :

“ਹਰ-ਹਰ ਹਰ ਮਹਾਦੇਵ !"

ਅੰਤਿਮ ਸ਼ਬਦ ਬਹੁਤ ਲਮਕਾ ਕੇ ਬੋਲਿਆ ਗਿਆ ਸੀ।

ਇਸ ਵਧਦੇ ਰੌਲੇ ਅਤੇ ਬਰਾਬਰ ਵਜਦੇ ਘੜਿਆਲ ਵਿਚ ਵਾਰ ਵਾਰ ਉੱਚੀਆਂ ਆਵਾਜ਼ਾ ਸੁਣਾਈ ਦੇਣ ਲੱਗੀਆਂ ਸਨ। ਲੱਗਦਾ ਜਿਵੇਂ ਕੋਈ ਬਹੁਤ ਵੱਡਾ ਪੁਰਬ ਮਨਾਇਆ ਜਾਣ ਲੱਗਾ ਹੈ।

ਆਖਿਰ ਨੱਥੂ ਦੀ ਪਤਨੀ ਤੋਂ ਨਾ ਰਿਹਾ ਗਿਆ। ਉਹ ਨੱਥੂ ਤੋਂ ਬਾਂਹ ਛੁਡਾ ਕੇ ਉਠੀ ਅਤੇ ਦਰਵਾਜ਼ਾ ਖੋਲ੍ਹ ਕੇ ਬਾਹਰ ਚਲੀ ਗਈ। ਨੱਥੂ ਅਜੇ ਵੀ ਅੱਖਾਂ ਪਾੜ ਪਾੜ ਛੱਤ ਵੱਲ ਵੇਖੀ ਜਾ ਰਿਹਾ ਸੀ।

ਇਹੋ ਸ਼ੋਰ, ਦਬੀਆਂ ਹੋਈਆਂ ਆਵਾਜ਼ਾਂ ਦੇ ਰੂਪ ਵਿਚ ਸ਼ਹਿਰੋਂ ਬਾਹਰ ਰਿਚਰਡ ਦੇ ਬੰਗਲੇ ਦੀਆਂ ਕੰਧਾਂ ਨਾਲ ਵੀ ਟਕਰਾਉਣ ਲੱਗਾ ਸੀ। ਇਸ ਰੌਲੇ ਰੱਪੇ ਵਿਚ ਕੁਝ ਦੇਰ ਪਿਛੋਂ ਘੜਿਆਲ ਦੀ ਟੁਨ- ਟੁਨ ਵੀ ਤਰਦੀ ਹੋਈ ਆਉਣ ਲੱਗੀ ਸੀ। ਰਿਚਰਡ ਉਸ ਸਮੇਂ ਗੂੜ੍ਹੀ ਨੀਂਦ ਸੌਂ ਰਿਹਾ ਸੀ ਪਰ ਲੀਜ਼ਾ ਇਹ ਸ਼ੋਰ ਸੁਣ ਕੇ ਜਾਗ ਪਈ ਸੀ। ਆਵਾਜ਼ ਸੁਣ ਕੇ ਪਹਿਲਾਂ ਤਾਂ ਲੀਜ਼ਾ ਲੱਗਿਆ ਜਿਵੇਂ ਉਸਦੇ ਕਮਰੇ ਵਿਚ ਲੱਗੀ ਘੰਟੀ ਹੌਲੀ ਹੌਲੀ ਟੁਣਟਨਾਉਣ ਲੱਗੀ ਹੈ, ਜਿਵੇਂ ਦਿਨ ਵੇਲੇ ਹਵਾ ਦਾ

ਬੁੱਲਾ ਆਉਣ ਤੇ ਟੁਨਟਨਾਉਂਦੀ ਸੀ। ਪਰ ਜਦ ਉਸਦੀ ਨੀਂਦ ਪੂਰੀ ਤਰ੍ਹਾਂ ਖੁਲ੍ਹੀ ਤਾਂ ਉਸਨੂੰ ਲਗਿਆ ਜਿਵੇਂ ਆਵਾਜ਼ ਭਿੰਨ ਹੈ। ਕਿਸੇ ਕਿਸੇ ਵੇਲੇ ਇਹ ਆਵਾਜ਼ ਬਿਲਕੁਲ ਵਿਚ ਗਵਾਚ ਜਾਂਦੀ, ਲੱਗਦਾ ਜਿਵੇਂ ਉਸਨੂੰ ਹਵਾ ਉਡਾ ਕੇ ਲੈ ਗਈ ਹੈ, ਫਿਰ ਅਚਾਨਕ ਉਠਦੀ, ਅੰਧਕਾਰ ਦੀਆਂ ਗਹਿਰੀਆਂ ਦੂਰੀਆਂ ਵਿਚ ਤਰਦੀ ਹੋਈ ਜਿਹੀ ਆ ਜਾਂਦੀ। ਲੀਜ਼ਾ ਦੀਆਂ ਅੱਖਾਂ ਵਿਚ ਨੀਂਦ ਭਰੀ ਹੋਈ ਸੀ। ਉਸਨੂੰ ਕਿਸੇ ਕਿਸੇ ਵੇਲੇ ਲੱਗਦਾ ਜਿਵੇਂ ਤੂਫਾਨ ਸਮੁੰਦਰ ਦੀਆਂ ਲਹਿਰਾਂ ਨਾਲ ਜੂਝਦੇ ਆਪਣਾ ਰਾਹ ਲੱਭਦੇ ਕਿਸੇ ਜਹਾਜ਼ ਦੀ ਘੰਟੀ ਵਜ਼ ਰਹੀ ਹੋਵੇ।

ਉਸਨੇ ਕੂਹਣੀਆਂ ਦੇ ਭਾਰ ਉਠ ਕੇ ਰਿਚਰਡ ਵੱਲ ਵੇਖਿਆ। ਰਿਚਰਡ ਹਲਕੇ ਘਰਾੜੇ ਮਾਰ ਰਿਹਾ ਸੀ। ਇਹ ਰਿਚਰਡ ਦੇ ਚਰਿੱਤਰ ਦੀ ਹੀ ਖੂਬੀ ਸੀ ਕਿ ਉਹ ਸਿਰਹਾਣੇ ਤੇ ਸਿਰ ਰੱਖਦੇ ਹੀ ਸੌਂ ਜਾਂਦਾ ਸੀ। ਨਿਰਲੇਪ, ਨਿਰਵਿਕਾਰ, ਪਲੰਘ ਤੇ ਲੈਟਦੇ ਹੀ ਉਸਨੂੰ ਗੂੜ੍ਹੀ ਨੀਂਦ ਆ ਜਾਂਦੀ ਸੀ।

ਲੀਜ਼ਾ ਲਈ ਕਮਰੇ ਦਾ ਹਨੇਰਾ ਅਸਹਿ ਹੋ ਗਿਆ ਸੀ। ਗੇਟ ਉਤੇ ਪਹਿਰੇਦਾਰ ਦੇ ਬੂਟਾ ਦੀ ਠਕ ਠਕ ਸੁਣਾਈ ਦੇ ਰਹੀ ਸੀ।

''ਇਹ ਕੀ ਆਵਾਜ਼ ਹੈ, ਰਿਚਰਡ?'' ਅਤੇ ਲੀਜ਼ਾ ਉਸਦੇ ਨਾਲ ਲੱਗਾ ਕੇ ਲੇਟ ਗਈ।

''ਐ" ਕੀ ਹੈ ?" ਰਿਚਰਡ ਜਾਗ ਪਿਆ।

"ਇਹ ਕੀ ਅਵਾਜ ਹੈ ?'"

''ਕਝ ਨਹੀਂ ਸੀ ਜਾਹ" ਅਤੇ ਰਿਚਰਡ ਨੇ ਪਾਸਾ ਪਰਤ ਲਿਆ। ਪਰ ਲੀਜ਼ਾ ਨੇ ਆਪਣੀ ਬਾਂਹ ਉਸਦੇ ਗਲ ਵਿਚ ਪਾ ਦਿੱਤੀ, ''ਕਿਤੇ ਕੋਈ ਘੜਿਆਲ ਜਿਹਾ ਵਜ ਰਿਹਾ ਹੈ, ਰਿਚਰਡ।" ਲੀਜ਼ਾ ਨੇ ਕਿਹਾ, ''ਜਿਵੇਂ ਕਿਸੇ ਗਿਰਜੇ ਦੀ ਘੰਟੀ ਹੋਵੇ।"

ਰਿਚਰਡ ਜਾਗ ਪਿਆ। ਉਸਨੇ ਧਿਆਨ ਨਾਲ ਸੁਣਿਆ ਤੇ ਅਰਕਾਂ ਭਾਰ ਉਠ ਬੈਠਾ।

"ਗਿਰਜੇ ਦੀ ਘੰਟੀ ਦੀ ਅਵਾਜ਼ ਜਿਆਦਾ ਗਹਿਰੀ ਹੁੰਦੀ ਹੈ, ਇਹ ਮੰਦਰ ਦੀ ਘੰਟੀ ਵਰਗੀ ਅਵਾਜ਼ ਹੈ, ਹਿੰਦੂਆਂ ਦੇ ਮੰਦਰ ਦੀ ਘੰਟੀ ਵਰਗੀ।"

"ਇਹ ਇਸ ਵੇਲੇ ਕਿਉਂ ਵਜ ਰਹੀ ਹੈ, ਰਿਚਰਡ, ਕੀ ਹਿੰਦੂਆਂ ਦਾ ਕੋਈ ਵੱਡਾ ਦਿਨ ਹੈ ? ਇਸ ਘੜਿਆਲ ਨੂੰ ਸੁਣਦੇ ਹੋਏ ਲੱਗਦਾ ਹੈ ਜਿਵੇਂ ਸਮੁੰਦਰ ਵਿਚ ਤੂਫਾਨ ਉਠਿਆ ਹੋਵੇ ਅਤੇ ਕੋਈ ਜਹਾਜ਼ ਖਤਰੇ ਦੀ ਘੰਟੀ ਵਜਾ ਰਿਹਾ ਹੋਵੇ।" ਰਿਚਰਡ ਚੁੱਪ ਰਿਹਾ।

ਸ਼ਹਿਰ ਵਲੋਂ ਆਉਂਦਾ ਹੋਇਆ ਭਿਨ ਭਿਨਾਉਂਦਾ ਰੋਲਾ ਹੌਲੀ ਹੌਲੀ ਵੱਧ ਰਿਹਾ ਸੀ। ਕਦੇ ਕਦੇ ਕੋਈ ਆਵਾਜ਼ ਇਸ ਭਿਨ ਭਿਨਾਉਂਦੇ ਰੌਲੇ ਤੋਂ ਉਪਰ ਉਠ ਜਾਂਦੀ, ਜਿਵੇਂ ਕੋਈ ਕਿਸੇ ਨੂੰ ਬੁਲਾ ਰਿਹਾ ਹੋਵੇ, ਫਿਰ ਉਸੇ ਸ਼ੋਰ ਦੇ ਸਾਗਰ ਵਿਚ ਡੁੱਬ ਜਾਂਦੀ। ਤਦੇ ਹਨੇਰੇ ਦੀਆਂ ਲਹਿਰਾਂ ਤੋਂ ਤਰਦੀ ਹੋਈ ਇਕ ਆਵਾਜ਼ ਆਈ।

"ਅੱਲਾ-ਹੋ-ਅਕਬਰ !"

ਰਿਚਰਡ ਦਾ ਸਾਰਾ ਸਰੀਰ ਇਕ ਵਾਰ ਤਣ ਗਿਆ। ਫਿਰ ਥੋੜ੍ਹੀ ਦੇਰ ਵਿਚ ਢਿੱਲਾ ਵੀ ਪੈ ਗਿਆ।

"ਕੀ ਆਵਾਜ਼ ਹੈ ? ਇਹ ਕੀ ਅਵਾਜ਼ ਹੈ ? ਇਸਦਾ ਕੀ ਮਤਲਬ ਹੈ ?"

"ਇਸਦਾ ਮਤਲਬ ਹੈ, ਗਾਡ ਇਜ਼ ਗ੍ਰੇਟ"

"ਇਹ ਆਵਾਜ਼ ਇਸ ਵੇਲੇ ਕਿਉਂ ਉਠਾਈ ਜਾ ਰਹੀ ਹੈ ? ਜ਼ਰੂਰ ਕੋਈ ਧਾਰਮਕ ਪੁਰਬ ਹੋਵੇਗਾ।" ਰਿਚਰਡ ਅੰਦਰੋਂ ਅੰਦਰ ਹੱਸ ਪਿਆ।

ਇਹ ਧਾਰਮਿਕ ਪੁਰਬ ਨਹੀਂ ਹੈ ਲੀਜ਼ਾ, ਅਸਲ ਵਿਚ ਸ਼ਹਿਰ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫਸਾਦ ਹੋ ਗਿਆ ਹੈ।"

''ਤੇਰੇ ਹੁੰਦੇ ਹੋਏ ਫਸਾਦ ਹੋ ਗਿਆ ਰਿਚਰਡ "

ਰਿਚਰਡ ਨੂੰ ਲਗਿਆ ਜਿਵੇਂ ਸਭ ਕੁਝ ਜਾਣਦੇ ਬੁਝਦੇ ਹੋਏ ਲੀਜ਼ਾ ਇਹ ਅਟਪਟਾ ਸਵਾਲ ਕਰ ਰਹੀ ਹੋਵੇ।

"ਅਸੀਂ ਇਨ੍ਹਾਂ ਦੇ ਧਾਰਮਿਕ ਝਗੜਿਆਂ ਵਿਚ ਦਖਲ ਨਹੀਂ ਦਿੰਦੇ। ਲੀਜ਼ਾ, ਤੂੰ ਜਾਣਦੀ ਤਾਂ ਹੈ।"

ਖਿਣ ਭਰ ਲਈ ਲੀਜ਼ਾ ਨੂੰ ਲਗਿਆ ਜਿਵੇਂ ਉਹ ਕਿਸੇ ਭਿਆਨਕ ਜੰਗਲ ਵਿਚ ਚਾਰ ਚਫੇਰਿਓਂ ਘਿਰੀ ਹੋਈ ਹੈ, ਅਤੇ ਦੂਰੋਂ ਆਉਣ ਵਾਲੀਆਂ ਆਵਾਜ਼ਾਂ ਜਿਵੇਂ ਜੰਗਲ ਦੀਆ ਆਵਾਜ਼ਾਂ ਹਨ। ਸਿਆਰਾਂ, ਗਿਦੜਾਂ ਅਤੇ ਤਰ੍ਹਾਂ ਤਰ੍ਹਾਂ ਦੇ ਜੰਤੂਆਂ ਦੀਆਂ ਆਵਾਜ਼ਾਂ।

ਤੂੰ ਇਸਨੂੰ ਬੰਦ ਕਿਉਂ ਨਹੀ ਕਰਵਾ ਦਿੱਤਾ ਰਿਚਰਡ? ਇਥੇ ਮੈਨੂੰ ਡਰ ਲੱਗਦਾ ਹੈ।"

ਰਿਚਰਡ ਚੁੱਪ ਰਿਹਾ। ਕੂਹਣੀਆਂ ਭਾਰ ਬੈਠਾ ਰਿਹਾ, ਉਸਦਾ ਦਿਮਾਗ ਬੜੀ ਤੇਜ਼ੀ ਨਾਲ ਸੋਚਣ ਲੱਗਾ ਸੀ ਕਿ ਇਸ ਸਥਿਤੀ ਵਿਚ ਮੈਨੂੰ ਕੀ ਕਰਨਾ ਪਵੇਗਾ, ਸਰਕਾਰ ਦੀ ਨੀਤੀ ਨੂੰ ਕਿਵੇਂ ਲਾਗੂ ਕਰਨਾ ਹੋਵੇਗਾ।

ਲੀਜ਼ਾ ਨੇ ਆਪਣੀ ਬਾਂਹ ਉਸਦੇ ਗਲ ਵਿਚ ਪਾ ਦਿੱਤੀ। "ਇਹ ਲੋਕ ਲੜਨਗੇ ਤਾਂ ਤੇਰੀ ਜਾਨ ਨੂੰ ਵੀ ਤਾਂ ਖਤਰਾ ਹੈ, ਰਿਚਰਡ।" ਲੀਜ਼ਾ ਨੇ ਕਿਹਾ ਅਤੇ ਉਸਦਾ ਦਿਲ ਰਿਚਰਡ ਪ੍ਰਤੀ ਹਮਦਰਦੀ ਨਾਲ ਭਰ ਉਠਿਆ। ਪਤਲਾ ਪਤੰਗ ਰਿਚਰਡ, ਬਰਬਰ ਲੋਕਾਂ ਵਿਚ ਇਕੱਲਾ ਘੁੰਮ ਰਿਹਾ ਹੈ। ਅਜਿਹੇ ਲੋਕਾਂ ਤੇ ਸ਼ਾਸਨ ਕਰਨਾ ਕੋਈ ਸੌਖਾ ਕੰਮ ਹੈ।

ਵਿਚ ਵਿਚ, ਅਧਕਾਰ ਦੀਆਂ ਗੁਫਾਵਾਂ ਵਿਚੋਂ ਨਿਕਲਦੀ ਹੋਈ ਘੜਿਆਲ ਦੀ ਟਨ—ਟਨ ਸੁਣਾਈ ਦੇ ਜਾਂਦੀ ਸੀ।

"ਇਹ ਲੋਕ ਆਪਸ ਵਿਚ ਲੜਨ, ਕੀ ਇਹ ਚੰਗੀ ਗੱਲ ਹੈ ?"

ਰਿਚਰਡ ਹੱਸ ਪਿਆ।

"ਕੀ ਇਹ ਚੰਗੀ ਗੱਲ ਹੋਵੇਗੀ ਕਿ ਇਹ ਲੋਕ ਇਕੱਠੇ ਹੋ ਕੇ ਮੇਰੇ ਵਿਰੁੱਧ ਲੜਨ, ਮੇਰਾ ਖੂਨ ਕਰਨ ?" ਰਿਚਰਡ ਨੇ ਕਿਹਾ ਅਤੇ ਕਰਵਟ ਬਦਲ ਕੇ ਲੀਜ਼ਾ ਦੇ

ਵਾਲ ਸਹਿਲਾਉਣ ਲੱਗਾ। "ਕਿਵੇਂ ਰਹੇ ਜੇ ਇਸ ਵੇਲੇ ਇਹ ਆਵਾਜ਼ਾਂ ਮੇਰੇ ਘਰ ਦੇ ਬਾਹਰ ਉਠ ਰਹੀਆਂ ਹੋਣ ਅਤੇ ਇਹ ਲੋਕ ਮੇਰਾ ਖ਼ੂਨ ਬਹਾਉਣ ਲਈ ਸੰਗੀਨਾਂ ਚੁੱਕੀ ਬਾਹਰ ਖਲੋਤੇ ਹੋਣ ?"

ਲੀਜ਼ਾ ਸਿਰ ਤੋਂ ਪੈਰਾਂ ਤਕ ਕੰਬ ਉਠੀ। ਉਸ ਰਿਚਰਡ ਦੇ ਹੋਰ ਨਾਲ ਲੱਗ ਗਈ ਅਤੇ ਹਨੇਰੇ ਵਿਚ ਉਸਦੇ ਚਿਹਰੇ ਨੂੰ ਵੇਖਦੀ ਰਹਿ ਗਈ। ਉਸਨੂੰ ਲੱਗਾ ਜਿਵੇਂ ਮਨਵੀਂ ਮੁੱਲਾਂ ਦਾ ਕੋਈ ਮਹੱਤਵ ਨਹੀਂ ਹੁੰਦਾ, ਅਸਲ ਵਿਚ ਮਹੱਤਵ ਕੇਵਲ ਸ਼ਾਸਕੀ ਮੁੱਲਾਂ ਦਾ ਹੁੰਦਾ ਹੈ। ਇੰਨੇ ਵਿਚ ਰਿਚਰਡ ਵਿਚ ਉਠ ਕੇ ਬੈਠ ਗਿਆ ?

"ਸ਼ਹਿਰ ਵਿਚ ਗੜਬੜ ਹੈ ਲੀਜ਼ਾ, ਤੂੰ ਸੌਂ ਜਾਹ। ਮੈਨੂੰ ਪਤਾ ਕਰਨਾ ਪਵੇਗਾ।"

ਤਦੇ ਟੈਲੀਫ਼ੂਨ ਦੀ ਘੰਟੀ ਵਜ ਉੱਠੀ।

***

## ਨੌ

''ਅਜਿਹਾ ਬੇਤਰਤੀਬ ਘਰ ਹੈ, ਇਕ ਚੀਜ਼ ਇਕ ਵਾਰ ਕਿਤੇ ਰੱਖ ਦਿਓ, ਫਿਰ ਲਭਦੀ ਹੀ ਨਹੀਂ ਢੂੰਡ ਢੂੰਡ ਮਰੋ ਉਸ ਨੂੰ।" ਲਾਲਾ ਲਕਸ਼ਮੀ ਨਾਰਾਇਣ ਅਲਮਾਰੀ ਦੇ ਸਾਮ੍ਹਣੇ ਖਲੋਤੇ ਬੁੜਬੁੜਾ ਰਹੇ ਸਨ। ਅਲਮਾਰੀ ਦੇ ਹੇਠਲੇ ਖਾਨੇ ਵਿਚ ਉਨ੍ਹਾਂ ਕੱਪੜਿਆਂ ਹੇਠਾਂ ਇਕ ਛੋਟੀ ਜਿਹੀ ਕੁਹਾੜੀ ਰੱਖੀ ਹੋਈ ਸੀ ਜੋ ਇਸ ਵੇਲੇ ਨਹੀਂ ਮਿਲ ਰਹੀ ਸੀ। ਅਤੇ ਉਧਰ ਸ਼ਹਿਰ ਵਿਚ ਗੜਬੜ ਸ਼ੁਰੂ ਹੋ ਗਈ ਸੀ। ਦੋ ਵਾਰ ਉਹ ਕੋਠੜੀ 'ਚੋਂ ਬਾਹਰ ਘਰ ਵਾਲੀ ਨੂੰ ਪੁੱਛਣ ਜਾ ਚੁੱਕੇ ਸਨ ਕਿ ਤੂੰ ਤਾਂ ਕੁਹਾੜੀ ਨਹੀਂ ਵੇਖੀ, ਅਤੇ ਦੋਵੇਂ ਵਾਰ ਪਤਨੀ ਨੇ ਇਕ ਸਵਾਲ ਦੇ ਦੋ ਜਵਾਬ ਦਿੱਤੇ ਸਨ।

"ਵੇਖੋ ਜੀ, ਦਾਤਨ ਮੈਂ ਨਹੀਂ ਕਰਦੀ ਜੋ ਮੈਂ ਕੁਹਾੜੀ ਨਾਲ ਦਾਤਨ ਲਈ ਕਿਕਰ ਵਢਣੀ ਹੋਵੇ, ਲੱਕੜੀਆਂ ਮੈਂ ਨਹੀਂ ਪਾੜਦੀ ਜੋ ਮੈਨੂੰ ਕੁਹਾੜੀ ਦੀ ਲੋੜ ਹੋਵੇਗੀ, ਤੁਸੀਂ ਕਿਉਂ ਵਾਰ ਵਾਰ ਮੈਨੂੰ ਪੁੱਛਦੇ ਹੋ ?"

"ਹੁਣ ਪੁੱਛਣਾ ਵੀ ਗੁਨਾਹ ਹੈ, ਕੁਹਾੜੀ ਨਾ ਮਿਲੇ ਤਾਂ ਤੈਨੂੰ ਨਾ ਪੁੱਛਾਂ ਤਾਂ ਕਿਸ ਨੂੰ ਪੁੱਛਾਂ ?"

"ਵੇਖੋ ਜੀ ਕਿਉਂ ਪਰੇਸ਼ਾਨ ਹੁੰਦੇ ਹੋ, ਭਗਵਾਨ ਸਭ ਦਾ ਰਾਖਾ ਹੈ, ਉਸੇ ਦੇ ਸਹਾਰੇ ਬੈਠੇ ਰਹੋ। ਇਸ ਛੋਟੀ ਜਿਹੀ ਕੁਹਾੜੀ ਨਾਲ ਤੁਸੀਂ ਕਿਸ ਕਿਸ ਦਾ ਬਚਾਓ ਕਰੋਗੇ ?"

ਕੁਹਾੜੀ ਸਚਮੁਚ ਛੋਟੀ ਜਿਹੀ ਸੀ, ਪੀਲੇ ਰੰਗ ਦੇ ਦਸਤੇ ਤੇ ਲਾਲ ਤੇ ਹਰੇ ਰੰਗ ਦੇ ਵੇਲ ਬੂਟੇ ਬਣੇ ਹੋਏ ਸਨ। ਲਾਲਾ ਜੀ ਬੱਚਿਆਂ ਨੂੰ ਇਕ ਵਾਰ ਮੇਲੇ ਲੈ ਗਏ ਸਨ ਅਤੇ ਉਥੋਂ ਇਹ ਕੁਹਾੜੀ ਖਰੀਦ ਲਿਆਏ ਸਨ। ਫਿਰ ਕੁਝ ਦਿਨ ਸਵੇਰੇ ਸੈਰ ਕਰਨ ਸਮੇਂ ਉਹ ਸੋਟੀ ਦੀ ਥਾਂ ਇਸ ਨੂੰ ਆਪਣੇ ਨਾਲ ਲੈ ਜਾਂਦੇ ਸਨ ਅਤੇ ਉਨ੍ਹਾਂ ਵੇਖਿਆ ਕਿ ਇਸ ਨਾਲ ਕਿਕਰ ਤੋਂ ਦਾਤਨ ਦੀ ਟਾਹਣੀ ਤੋੜੀ ਜਾ ਸਕਦੀ ਹੈ। ਸੋ

ਇਸ ਨੂੰ ਉਹ ਰੋਜ਼ ਆਪਣੇ ਨਾਲ ਲੈ ਜਾਣ ਲੱਗੇ ਸਨ ਅਤੇ ਘਰ ਵਿਚ ਦਾਤਨਾਂ ਦਾ ਢੇਰ ਲੱਗਾ ਰਹਿੰਦਾ ਸੀ। ਆਪਣੇ ਲਈ ਤਾਂ ਉਨ੍ਹਾਂ ਨੂੰ ਇਕ ਦਾਤਨ ਦਾ ਲੋੜ ਹੁੰਦੀ ਸੀ, ਪਰ ਟਾਹਣੀ ਤੋੜੋ ਅਤੇ ਉਸ ਨੂੰ ਤਰਾਸ਼ਦੇ ਹੋਏ ਘਰ ਪਰਤੇ ਤਾਂ ਇਕ ਟਾਹਣੀ ਵਿਚੋਂ ਕਿੰਨੇ ਹੀ ਦਾਤਨ ਨਿਕਲ ਆਉਂਦੇ ਸਨ। ਪਤਨੀ ਬਚੇ ਹੋਏ ਦਾਤਨਾਂ ਨੂੰ ਕੂੜੇ ਦੀ ਟੋਕਰੀ ਵਿਚ ਸੁਟਣ ਜਾਂਦੀ ਤਾਂ ਇਨ੍ਹਾਂ ਨੂੰ ਬੁਰਾ ਲੱਗਦਾ :

''ਤਾਜ਼ੇ ਦਾਤਨ ਸੁਟਣ ਲਗੇ ਓ ਕੁਝ ਤਾਂ ਧਿਆਨ ਕਰਿਆ ਕਰੋ।"

''ਵੇਖੋ ਜੀ, ਤਾਜ਼ੇ ਹੋਣ ਜਾਂ ਬਹੇ, ਕਿਸੇ ਕੰਮ ਦੇ ਤਾਂ ਹਨ ਨਹੀਂ, ਹੁਣ ਇਨ੍ਹਾਂ ਨੂੰ ਰੱਖ ਕੇ ਕੀ ਕਰੋਗੇ ?"

"ਤੁਸੀਂ ਆਪ ਦਾਤਨ ਕਰਿਆ ਕਰੋ।"

"ਮੇਰੇ ਦੰਦ ਹਿਲਦੇ ਨੇ। ਤੁਹਾਡੀਆਂ ਦਾਤਨਾਂ ਦੀ ਮਿਹਰਬਾਨੀ ਨਾਲ ਹਿਲਣ ਲੱਗੇ ਹਨ, ਪਹਿਲਾਂ ਲੋਹੇ ਵਰਗੇ ਮਜ਼ਬੂਤ ਹੋਇਆ ਕਰਦੇ ਸਨ। ਉਹ ਕਹਿੰਦੀ ਅਤੇ ਪੌੜੀਆਂ ਤੇ ਰੱਖੀ ਕੂੜੇ ਦੀ ਬਾਲਟੀ ਵੱਲ ਜਾਣ ਲੱਗਦੀ।

''ਵੇਖ ਭਲੀਏ ਲੋਕੇ ਇਕ ਦਿਨ ਹੋਰ ਇਨ੍ਹਾਂ ਨੂੰ ਪਿਆ ਰਹਿਣ ਦੇ। ਜਦ ਸੁੱਕ ਜਾਣਗੇ ਤਾਂ ਮੈਂ ਕੁਝ ਨਹੀਂ ਕਹਾਂਗਾ, ਪਰ ਹਰੇ ਦਾਤਨਾਂ ਨੂੰ ਕੋਣ ਸੁੱਟਦਾ ਹੈ ?"

ਅੱਜ ਕੁਹਾੜੀ ਗਵਾਚ ਗਈ ਸੀ। ਕੁਹਾੜੀ ਹੁੰਦੇ ਹੋਏ ਉਹ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਸਨ। ਕੁਹਾੜੀ ਨਾ ਰਹਿਣ ਤੇ ਲੱਗਦਾ, ਉਹ ਨਿਹੱਥੇ ਹੋ ਗਏ ਹਨ। ਅਤੇ ਘਰ ਵਿਚ ਇਸ ਦੇ ਛੁਟ ਕੋਈ ਅਜਿਹੀ ਚੀਜ਼ ਨਹੀਂ ਸੀ ਜਿਸ ਨੂੰ ਹਥਿਆਰ ਦਾ ਨਾਮ ਦਿੱਤਾ ਜਾ ਸਕੇ। ਕੁਝ ਮੱਛਰਦਾਨੀ ਦੇ ਡੰਡੇ ਸਨ ਜਾਂ ਫਿਰ ਰਸੋਈ ਦੇ ਚਾਕੂ। ਤੇਲ ਦੇ ਨਾਂ ਤੇ ਕੇਵਲ ਇਕ ਸੀਸੀ ਸਰੋਂ ਦੇ ਤੇਲ ਦੀ ਸੀ ਅਤੇ ਕੋਲਾ ਨਾ ਹੋਣ ਦੇ ਬਰਾਬਰ। ਵਾਨਪ੍ਰਸਥੀ ਜੀ ਦੀ ਸਿਖਿਆ ਦੇ ਬਾਵਜੂਦ ਲਾਲਾ ਜੀ ਇਨ੍ਹਾਂ ਚੀਜ਼ਾਂ ਦਾ ਕੋਈ ਪ੍ਰਬੰਧ ਨਹੀਂ ਕਰ ਸਕੇ ਸਨ। ਉਨ੍ਹਾਂ ਨੂੰ ਦਿਲ ਵਿਚ ਵਿਸ਼ਵਾਸ ਸੀ ਕਿ

ਸਰਕਾਰ ਫ਼ਸਾਦ ਨਹੀਂ ਹੋਣ ਦੇਵੇਗੀ। ਅਤੇ ਜੇ ਹੋ ਵੀ ਗਿਆ ਤਾਂ ਉਸ ਦੀ ਆਂਚ ਬਹੁਤ ਜਲਦੀ ਉਨ੍ਹਾਂ ਤਕ ਨਹੀਂ ਪਹੁੰਚੇਗੀ।

ਕੁਹਾੜੀ ਇਸ ਸਮੇਂ ਯੁਵਕ ਸੰਘ ਦੇ 'ਹਥਿਆਰਖਾਨੇ' ਦੀ ਸ਼ੋਭਾ ਵਧਾ ਰਹੀ ਸੀ। ਉਹ ਖਿੜਕੀ ਦੇ ਦਾਸੇ ਤੇ ਰੱਖੀ ਹੋਈ ਸੀ ਜਿਥੇ ਰਣਵੀਰ ਨੇ ਤੀਰ ਕਮਾਨਾ ਦੇ 'ਫਲ' ਇਕ ਨਾਲ ਇਕ ਸਜਾ ਕੇ ਰੱਖੇ ਹੋਏ ਸਨ।

''ਅਜਿਹਾ 'ਲਾਪਰਵਾਹ' ਘਰ ਹੈ, ਹੁਣ ਮੈਂ ਜਾਵਾਂ ਤਾਂ ਕਿੱਥੇ ਜਾਵਾਂ ?" ਉਹ ਫਿਰ ਬੁੜਬੁੜਾਏ।

"ਤੂੰ ਕੁਹਾੜੀ ਵੇਖੀ ਹੈ, ਨਾਨਕੂ ?" ਉਨ੍ਹਾਂ ਨੇ ਨੌਕਰ ਨੂੰ ਬੁਲਾ ਕੇ ਪੁੱਛਿਆ।

“ਇਥੇ ਹੀ ਸੀ ਪਿਤਾ ਜੀ, ਪਰ ਮੈਂ ਨਹੀਂ ਵੇਖੀ।"

ਘਰ ਵਿਚ ਸੀ, ਤਾਂ ਹੁਣ ਖੰਭ ਲਾ ਕੇ ਉੱਡ ਗਈ ? ਤੂੰ ਮੈਨੂੰ ਚਰਾਉਂਦਾ ਹੈ? ਤੈਨੂੰ ਵੀ ਨਹੀਂ ਪਤਾ ਤਾਂ ਕਿੱਥੇ ਗਈ ਕੁਹਾੜੀ ?"

ਮੈਂ ਨਹੀਂ ਵੇਖੀ, ਪਿਤਾ ਜੀ" ਨਾਨਕੂ ਦਹਿਲੀਜ਼ ਤੇ ਖਲੋਤਾ ਸੀ।

ਅੰਤਰੰਗ ਸਭਾ ਦੀ ਮੀਟਿੰਗ ਵਿਚ ਉਸੇ ਦਿਨ ਸਵੇਰੇ, ਜਦੋਂ ਸ਼ਹਿਰ ਦੀ ਸਥਿਤੀ ਤੇ ਬਹਿਸ ਹੋ ਰਹੀ ਸੀ ਤਾਂ ਉਨ੍ਹਾਂ ਨੂੰ ਹਿੰਦੂ ਜਾਤੀ ਦੀ ਸਮੂਹਿਕ ਰੱਖਿਆਂ ਦਾ ਖਿਆਲ ਵਾਰ ਵਾਰ ਆਉਂਦਾ ਰਿਹਾ ਸੀ। ਲੜਕਿਆਂ ਨੂੰ ਲਾਠੀ ਚਲਾਉਣਾ ਸਿਖਾਓ, ਇਸ ਕੰਮ ਵਿਚ ਇਕ ਦਿਨ ਦੀ ਵੀ ਦੇਰੀ ਨਾ ਕਰੋ। ਮੈਂ ਇਸ ਕੰਮ ਲਈ ਪੰਜ ਸੌ ਰੁਪਏ ਦੇਵਾਂਗਾ।" ਲਾਲਾ ਜੀ ਨੇ ਕਿਹਾ ਸੀ ਅਤੇ ਵੇਖਦੇ ਵੇਖਦੇ ਉਨ੍ਹਾਂ ਦੀ ਪ੍ਰੇਰਨਾ ਨਾਲ ਢਾਈ ਹਜ਼ਾਰ ਰੁਪਏ ਇਕੱਠੇ ਹੋ ਗਏ ਸਨ। ਪਰ ਉਸ ਸਮੇਂ ਉਨ੍ਹਾਂ ਨੂੰ ਸ਼ੱਤਰੂ ਨਾਲ ਲੋਹਾ ਲੈਣ, ਉਸ ਨੂੰ ਨੀਵਾਂ ਵਿਖਾਉਣ ਦੀ ਧੁਨ ਸੀ। ਆਪਣੇ ਆਪ ਨੂੰ ਉਹ ਸੁਰੱਖਿਅਤ ਸਮਝਦੇ ਸਨ। ਅਤੇ ਅਸਲ ਵਿਚ ਉਹ ਸਨ ਵੀ ਸੁਰੱਖਿਅਤ। ਪੈਸੇ ਵਾਲੇ ਇੱਜ਼ਤਦਾਰ ਆਦਮੀ ਸਨ, ਉੱਚੇ ਮਕਾਨ ਵਿਚ ਰਹਿੰਦੇ ਸਨ, ਕਿਸ ਦਾ ਹੱਥ ਉਨ੍ਹਾਂ ਤੇ ਉਠ ਸਕਦਾ ਸੀ ਆਲੇ ਦੁਆਲ ਮੁਸਲਮਾਨ ਲੋਕ ਰਹਿੰਦੇ ਸਨ ਪਰ ਸਭ ਛੋਟੇ ਤਬਕੇ

ਦੇ ਸਨ। ਸ਼ਹਿਰ ਦੇ ਅਨੇਕ ਮੁਸਲਮਾਨ ਵਪਾਰੀਆਂ ਨਾਲ ਲਾਲਾ ਜੀ ਵਪਾਰ ਕਰਦੇ ਸਨ। ਉਨ੍ਹਾਂ ਨਾਲ ਵੀ ਚੰਗਾ ਮੇਲ ਮਿਲਾਪ ਤੇ ਰਸੂਖ ਸੀ। ਫਿਰ ਡਰ ਕਿਸ ਗੱਲ ਦਾ ਸੀ। ਪਰ ਅੱਗ ਲੱਗ ਜਾਣ ਤੋਂ ਸ਼ਹਿਰ ਦਾ ਮਹੌਲ ਬਦਲ ਗਿਆ ਸੀ, ਅਤੇ ਸਭ ਕੁਝ ਜਾਣਦੇ ਬੁਝਦੇ ਹੋਏ ਵੀ ਉਨ੍ਹਾਂ ਦਾ ਦਿਲ ਡੁੱਬਣ ਲੱਗਾ ਸੀ।

"ਸੁਣਦੀ ਏਂ ? ਮੈਨੂੰ ਲੱਗਦਾ ਹੈ, ਹੋਣਹਾਰ ਕੁਹਾੜੀ ਨੂੰ ਯੁਵਕ ਸਮਾਜ ਵਿਚ ਦੇ ਆਇਆ ਹੈ।"

"ਤੁਸੀਂ ਜਾਣੋ ਤੇ ਤੁਹਾਡਾ ਪੁੱਤਰ ਜਾਣੇ। ਮੈਨੂੰ ਤਾਂ ਤੁਸੀਂ ਲੋਕ ਬੇਵਕੂਫ ਸਮਝਦੇ ਹੋ। ਤੁਹਾਡੀਆਂ ਗੱਲਾਂ ਵਿਚ ਪਵਾਂ ਹੀ ਕਿਉਂ ?"

"ਤੈਨੂੰ ਕੁਝ ਦੱਸ ਕੇ ਗਿਆ ਹੈ ?"

"ਕੌਣ ਕੀ ? ਰਣਵੀਰ ਹੋਰ ਕੌਣ ?"

"ਮੈਨੂੰ ਕੁਝ ਨਹੀਂ ਦਸ ਕੇ ਗਿਆ। ਤੁਹਾਡੇ ਹੀ ਉਪਦੇਸ਼ ਦਿਨ ਭਰ ਸੁਣਦਾ ਰਹਿੰਦਾ ਹੈ, ਹੁਣ ਮੈਨੂੰ ਕੀ ਪਤਾ ਕਿ ਉਹ ਕਿੱਥੇ ਗਿਆ ਹੈ। ਇਸ ਪਰਲੋ ਦੀ ਰਾਤ ਵਿਚ ਪੁੱਤਰ ਘਰ ਵਿਚ ਨਹੀਂ ਹੈ।"

ਲਾਲਾ ਜੀ ਝਟਕ ਕੇ ਫਿਰ ਕੰਠੜੀ ਵੱਲ ਘੁੰਮ ਗਏ। ਪਰ ਹੁਣ ਕੋਠੜੀ ਵਿਚ ਜਾਣ ਦੀ ਕੀ ਤੁਕ ਸੀ। ਕੁਹਾੜੀ ਤਾਂ ਉਥੇ ਸੀ ਨਹੀਂ। ਉਨ੍ਹਾਂ ਨੇ ਕੋਠੜੀ ਦੀ ਨੁਕਰ ਵਿਚ ਰੱਖੀਆਂ ਮੱਛਰਦਾਨੀ ਦੀਆਂ ਸੋਟੀਆਂ ਚੁੱਕੀਆਂ ਅਤੇ ਬਾਹਰ ਆ ਗਏ। ਇਕ ਮੱਛਰਦਾਨੀ ਦੀ ਸੋਟੀ ਉਨ੍ਹਾਂ ਨੇ ਨਾਨਕੂ ਨੂੰ ਦਿੱਤੀ ਤੇ ਉਸ ਨੂੰ ਕਿਹਾ, ਕਿ ਹੱਥ ਵਿਚ ਫੜ ਕੇ ਹੇਠਲੇ ਦਰਵਾਜ਼ੇ ਕੋਲ ਬੈਠ ਜਾਵੇ। ਦੂਸਰੀ ਸੋਟੀ ਉਨ੍ਹਾਂ ਨੇ ਉਸ ਥਾਂ ਕੰਧ ਨਾਲ ਲਾ ਦਿੱਤੀ ਜਿਥੇ ਉਸ ਦੀ ਪਤਨੀ ਤੇ ਜਵਾਨ ਧੀ ਮੰਜੀ ਉੱਤੇ ਬੈਠੀਆਂ ਸਨ। ਇਕ ਸੋਟੀ ਉਨ੍ਹਾਂ ਨੇ ਆਪਣੇ ਹੱਥ ਵਿਚ ਲੈ ਲਈ। ਥੋੜ੍ਹੀ ਦੇਰ ਉਸ ਨੂੰ ਹੱਥ ਵਿਚ ਲਈ ਖਲੋਤੇ ਰਹੇ, ਫਿਰ ਅਟਪਟਾ ਜਿਹਾ ਮਹਿਸੂਸ ਕਰਨ ਲਗੇ ਅਤੇ ਉਸ ਨੂੰ ਵੀ

ਕੰਧ ਨਾਲ ਖੜ੍ਹਾ ਕਰ ਦਿੱਤਾ। ਫਿਰ ਪੌੜੀਆਂ ਚੜ ਕੇ ਛੱਤ ਤੇ ਚਲੇ ਗਏ ਜਿਥੇ ਘਰ ਦੀ ਟੱਟੀ ਬਣੀ ਹੋਈ ਸੀ।

ਪਿਛਲੀ ਵਾਰ ਫਸਾਦ ਭੜਕਿਆ ਸੀ ਤਾਂ ਕੇਵਲ ਮੰਡੀ ਵਿਚ ਹੀ ਅੱਗ ਲੱਗੀ ਸੀ, ਵੱਢ-ਟੁੱਕ ਨਹੀਂ ਹੋਈ ਸੀ। ਇਸ ਵਾਰ ਹਵਾ ਵਿਚ ਜ਼ਹਿਰ ਜਿਆਦਾ ਸੀ, ਲੋਕ ਭੜਕੇ ਹੋਏ ਸਨ। ਅੰਤਰੰਗ ਸਭਾ ਦੀ ਮੀਟਿੰਗ ਤਕ ਤਾਂ ਲਾਲਾ ਜੀ ਆਪ ਵੀ ਭੜਕੇ ਹੋਏ ਸਨ।

ਅੱਗ ਪਹਿਲਾਂ ਨਾਲੋਂ ਜ਼ਿਆਦਾ ਫੈਲ ਚੁੱਕੀ ਸੀ। ਉੱਤਰ ਪੱਛਮ ਵੱਲ ਆਕਾਸ ਲਾਲ ਹੈ ਰਿਹਾ ਸੀ। ਇਸੇ ਲਾਲੀ ਵਿਚੋਂ ਕੌਂਧਦੀਆਂ ਹੋਈਆਂ ਅੱਗ ਦੀਆਂ ਲਪਟਾਂ ਕਿਸੇ ਮਹਾਂਨਾਗ ਦੀ ਜੀਭ ਵਾਂਗ ਲਪਲਪਾ ਰਹੀਆਂ ਸਨ। ਅੱਗ ਇਸ ਵੇਲੇ ਉੱਤਰ ਦੀ ਦਿਸ਼ਾ ਵੱਲ ਹੌਲੀ ਹੌਲੀ ਫੈਲ ਰਹੀ ਸੀ। ਉਸ ਤਰ੍ਹਾਂ ਹੀ ਜਿਵੇਂ ਦੁਸਹਿਰੇ ਤੇ ਲੰਕਾ ਸੜਦੀ ਹੈ, ਅਤੇ ਬਰਾਬਰ ਤੇਜ਼ ਹੋ ਰਹੀ ਸੀ। ਹੇਠਲੇ ਬੰਨੇ ਅੱਗ ਦੇ ਭਵੰਡਰ ਉਮੜਦੇ ਹੋਏ ਦਿਖਾਈ ਦਿੰਦੇ, ਗਠੜੀਆਂ ਵਰਗੇ, ਫਿਰ ਅਚਾਨਕ ਉਨ੍ਹਾਂ ਵਿਚੋਂ ਨੱਚਦੇ ਹੋਏ ਅੱਗ ਦੇ ਸ਼ੋਲੇ ਸਿੱਧੇ ਆਸਮਾਨ ਵੱਲ ਲਪਕਦੇ। ਆਕਾਸ ਵਿਚ ਲਾਲੀ ਦੀ ਪੁੱਟ ਵੱਧਣ ਲੱਗੀ ਸੀ। ਕਿਸੇ ਕਿਸੇ ਵੇਲੇ ਲਾਲ ਧੂੜ ਦਾ ਇਕ ਬਦਲ ਜਿਹਾ ਉਪਰ ਨੂੰ ਉਠਦਾ ਅਤੇ ਫਿਰ ਛਿਤਰਾ ਜਾਂਦਾ, ਲਾਲ ਜਿਹੇ ਧੂੰਏਂ ਵਿਚ ਵੱਟ ਕੇ ਆਕਾਸ਼ ਵਿਚ ਫੈਲ ਜਾਂਦਾ। ਤਾਰੇ ਫਿੱਕੇ ਪੈ ਚੁੱਕੇ ਸਨ। ਖਿਤਿਜ ਦੇ ਉਪਰ ਤਕ ਦਾ ਭਾਗ ਗਹਿਰਾ ਲਾਲ ਸੀ ਪਰ ਉਸ ਦੇ ਉਪਰ ਲਾਲੀ ਵਿਚ ਪਿਲੱਤਣ ਘੁਲਦੀ ਜਾ ਰਹੀ ਸੀ। ਧੂੰਏਂ ਦਾ ਰੰਗ ਵੀ ਜਿਵੇਂ ਚਿੱਟਾ ਹੁੰਦਾ ਜਾ ਰਿਹਾ ਸੀ। ਕਿਸੇ ਕਿਸੇ ਵੇਲੇ ਅੱਗ ਦਾ ਕੋਈ ਭਵੰਡਰ ਸਿੱਧਾ ਉਪਰ ਨੂੰ ਉਠਦਾ ਹੋਇਆ ਦੂਰ ਤਕ ਆਕਾਸ਼ ਵਿਚ ਚਲਾ ਜਾਂਦਾ ਜਿਵੇਂ ਇਕ ਬੱਦਲ ਵਿਚੋਂ ਦੂਸਰਾ ਬੱਦਲ ਨਿਕਲ ਰਿਹਾ ਹੋਵੇ ਅਤੇ ਉਮੜ ਘੁਮੜ ਕੇ ਅੱਗੇ ਵੱਧ ਰਿਹਾ ਹੋਵੇ।

ਟੱਟੀ ਵਿਚੋਂ ਨਿਕਲ ਕੇ ਲਾਲਾ ਜੀ ਛੱਤ ਦੇ ਬਨੇਰੇ ਪਿੱਛੇ ਖਲੋ ਗਏ। ਦਹਿਕਦੇ ਆਕਾਸ਼ ਦੀ ਪਿੱਠ ਭੂਮੀ ਵਿਚ ਮਕਾਨਾਂ ਦੀਆਂ ਛਤਾਂ ਤੇ ਖਲੋਤੇ ਲੋਕਾਂ ਦੀਆਂ ਸ਼ਕਲਾਂ ਜ਼ਿਆਦਾ ਸਪੱਸ਼ਟ ਨਜ਼ਰ ਆਉਣ ਲੱਗੀਆਂ ਸਨ। ਦੂਰ ਤਕ ਫੈਲੇ ਸ਼ਹਿਰ ਦੇ ਘਰਾਂ ਦੇ ਬਨੇਰ, ਬਰਸਾਤੀਆਂ ਦੇ ਚਕੌਰ ਢਾਂਚੇ ਇਕ ਤਸਵੀਰ ਵਾਂਗ ਉਘੜ ਆਏ ਸਨ। ਲਾਲਾ ਜੀ ਦਾ ਗੁਦਾਮ ਵੱਡੇ ਬਾਜ਼ਾਰ ਦੀ ਗਲੀ ਵਿਚ ਸੀ ਜੋ ਮੰਡੀ ਤੋਂ ਥੋੜ੍ਹਾ ਹੱਟ ਕੇ ਉੱਤਰ ਦੱਖਣ ਵੱਲ ਪੈਂਦਾ ਸੀ। ਉਨ੍ਹਾਂ ਨੂੰ ਇਹ ਵੇਖ ਕੇ ਸੰਤੋਖ ਹੋਇਆ ਕਿ ਉਥੇ ਅਜੇ ਹਨੇਰਾ ਹੈ, ਅੱਗ ਉਸ ਬੰਨੇ ਨਹੀਂ ਫੈਲ ਰਹੀ ਸੀ।

ਬਨੇਰੇ ਤੋਂ ਲਾਲਾ ਜੀ ਨੇ ਹੇਠਾਂ ਝਾਕ ਕੇ ਵੇਖਿਆ ਤਾਂ ਗਵਾਂਢੀਆਂ ਦੀ ਛੱਤ ਤੇ ਤਿੰਨ ਆਦਮੀ ਖਲੋਤੇ ਸਨ। ਤਿੰਨਾਂ ਦਾ ਮੂੰਹ ਅੱਗ ਵੱਲ ਸੀ। ਫਤਹਿ ਦੀਨ ਦੀ ਨਜ਼ਰ ਆਸਮਾਨ ਦੀ ਲਾਲੀ ਨੂੰ ਵੇਖਦੀ ਹੋਈ ਪਿਛਵਾੜੇ ਵੱਲ ਮੁੜ ਗਈ, ਤਾਂ ਉਸਨੂੰ ਲਾਲਾ ਜੀ ਖਲੋਤੇ ਦਿਖਾਈ ਦਿੱਤੇ।

"ਕਿਹਾ ਕਹਿਰ ਟੁਟਿਆ ਹੈ ਬਾਊ ਜੀ ਉਫ-ਓ! ਕਿਹੀ ਭੈੜੀ ਅੱਗ ਲੱਗੀ ਹੈ।" ਉਸਨੇ ਕਿਹਾ।

ਲਾਲਾ ਜੀ ਨੇ ਕੋਈ ਜਵਾਬ ਨਹੀਂ ਦਿੱਤਾ। ਇਸ ਤੇ ਫਤਹਿ ਦੀਨ ਨੇ ਹੌਂਸਲਾ ਦੇਣ ਦੇ ਲਹਿਜੇ ਵਿਚ ਕਿਹਾ :

"ਫਿਕਰ ਨਾ ਕਰੋ ਲਾਲਾ ਜੀ, ਤੁਹਾਡੇ ਘਰ ਵੱਲ ਕੋਈ ਅੱਖ ਉਠਾ ਕੇ ਵੀ ਨਹੀਂ ਵੇਖ ਸਕਦਾ। ਪਹਿਲਾਂ ਸਾਡੇ ਤੇ ਕੋਈ ਹੱਥ ਚੁਕੇਗਾ, ਫਿਰ ਤੁਹਾਡੇ ਤੇ ਚੁੱਕਣ ਦਿਆਂਗੇ।"

"ਕਿਉਂ ਨਹੀਂ, ਕਿਉਂ ਨਹੀਂ, ਗਵਾਂਢੀ ਤਾਂ ਆਦਮੀ ਦੀਆਂ ਬਾਹਵਾਂ ਹੁੰਦੇ ਹਨ, ਅਤੇ ਫਿਰ ਤੁਹਾਡੇ ਵਰਗੇ ਗਵਾਂਢੀ!'

"ਤੁਸੀਂ ਬੇਫਿਕਰ ਰਹੋ, ਇਹ ਫ਼ਿਸਾਦੀ ਲੋਕ ਫ਼ਸਾਦ ਕਰਦੇ ਹਨ। ਸ਼ਰੀਫ਼ਾਂ ਨੂੰ ਪਰੇਸ਼ਾਨ ਕਰਦੇ ਹਨ। ਇਥੇ ਸਭ ਨੇ ਇਕੋ ਸ਼ਹਿਰ ਵਿਚ ਰਹਿਣਾ ਹੈ, ਫਿਰ ਲੜਾਈ ਝਗੜਾ ਕਿਸ ਗੱਲ ਦਾ ? ਕਿਉਂ ਬਾਊ ਜੀ ?"

"ਬੇਸ਼ਕ - ਬੇਸ਼ਕ !"

ਲਾਲਾ ਜੀ ਨੂੰ ਫਤਹਿ ਦੀਨ ਦੀ ਗੱਲ ਤੇ ਵਿਸ਼ਵਾਸ਼ ਸੀ ਵੀ ਤੇ ਨਹੀਂ ਵੀ ਸੀ। ਵੀਹ ਵਰ੍ਹੇ ਇਥੇ ਰਹਿੰਦਿਆਂ ਨੂੰ ਹੋ ਗਏ ਸਨ, ਇਨ੍ਹਾਂ ਲੋਕਾਂ ਤੋਂ ਉਸਨੂੰ ਕਦੇ ਕੋਈ ਸ਼ਿਕਾਇਤ ਨਹੀਂ ਹੋਈ ਸੀ, ਪਰ ਆਖਿਰ ਸਨ ਤਾਂ ਉਹ ਮੁਸਲਮਾਨ। ਉਂਜ ਡਰਨ ਦੀ ਅਜਿਹੀ ਕੋਈ ਗੱਲ ਨਹੀਂ ਸੀ। ਜੇ ਕਿਸੇ ਨੇ ਮੇਰੇ ਘਰ ਨੂੰ ਅੱਗ ਲਾਈ ਤਾਂ ਮੇਰਾ ਤਾਂ ਕੇਵਲ ਇਕ ਘਰ ਸੜੇਗਾ, ਮੁਸਲਮਾਨਾਂ ਦਾ ਸਾਰਾ ਮੁਹੱਲਾ ਸੜ ਜਾਵੇਗਾ। ਫਿਰ ਸਵੇਰੇ ਹਦਾਇਤ ਬਖ਼ਸ਼ ਨੇ ਜੋ ਲੀਗ ਦਾ ਪ੍ਰਧਾਨ ਸੀ, ਯਕੀਨ ਦਵਾਇਆ ਸੀ ਉਸਦੇ ਹੁੰਦੇ ਹੋਏ ਉਸਦਾ ਕੋਈ ਵਾਲ ਵਿੰ ਗਾ ਨਹੀਂ ਕਰ ਸਕਦਾ। ਗੁਦਾਮ ਦੇ ਬਾਰੇ ਵੀ ਉਨ੍ਹਾਂ ਨੂੰ ਕੋਈ ਵਿਸ਼ੇਸ਼ ਚਿੰਤਾ ਨਹੀਂ ਸੀ। ਗੁਦਾਮ ਦੇ ਸਾਰੇ ਮਾਲ ਦਾ ਬੀਮਾ ਹੋ ਚੁੱਕਾ ਸੀ। ਪਰ ਫਿਰ ਵੀ ਹਾਲਤ ਵਿਗੜਦਿਆਂ ਦੇਰ ਨਹੀਂ ਲੱਗਦੀ ਅਤੇ ਇਨ੍ਹਾਂ ਮੁਸਲਿਆਂ ਦਾ ਇਤਬਾਰ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਨੂੰ ਚਿੰਤਾ ਸੀ ਤਾਂ ਕੇਵਲ ਰਣਬੀਰ ਦੀ ਜੋ ਇਸ ਵੇਲੇ ਘਰ ਨਹੀਂ ਸੀ। ਜੋਸ਼ੀਲਾ ਲੜਕਾ ਹੈ ਕਿਤੇ ਕੋਈ ਗਲਤੀ ਨਾ ਕਰ ਬੈਠੇ। ਉਂਜ ਤਾਂ ਮਾਸਟਰ ਦੇਵਵ੍ਰਤ ਨੇ ਹੀ ਉਸਨੂੰ ਗੜਬੜ ਵੇਖ ਕੇ ਰੋਕ ਲਿਆ ਹੋਵੇਗਾ। ਸ਼ਾਮ ਦੇ ਵੇਲੇ ਰਣਵੀਰ ਦਾ ਇਕ ਮਿੱਤਰ ਕਹਿ ਵੀ ਗਿਆ ਸੀ ਕਿ ਸਭ ਲੜਕੇ ਮਾਸਟਰ ਜੀ ਕੋਲ ਹਨ। ਪਰ ਕੀ ਪਤਾ ਉਸਨੇ ਮੰਡੀ ਦਾ ਰੁੱਖ ਕਰ ਲਿਆ ਹੋਵੇ ?

ਤਦੇ ਉਨ੍ਹਾਂ ਦੇ ਕੰਨਾਂ ਵਿਚ ਘੜਿਆਲ ਵਜਣ ਦੀ ਆਵਾਜ਼ ਆਈ। ਸੁਣ ਸੰਤੋਖ ਹੋਇਆ। ਅੰਤਰੰਗ ਸਭਾ ਦੀ ਬੈਠਕ ਵਿਚ ਉਨ੍ਹਾਂ ਨੇ ਸੁਝਾਓ ਦਿੱਤਾ ਸੀ ਕਿ ਖਤਰੇ ਦੀ ਘੰਟੀ ਨੂੰ ਠੀਕ ਕਰਵਾ ਲਿਆ ਜਾਵੇ ਅਤੇ ਉਸ ਵਿਚ ਨਵੀਂ ਰੱਸੀ ਪਵਾ

ਲਈ ਜਾਵੇ। ਉਨ੍ਹਾਂ ਨੂੰ ਇਹ ਵੇਖਕੇ ਖੁਸੀ ਹੋਈ ਕਿ ਉਨ੍ਹਾਂ ਦੇ ਸੁਝਾਓ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਗਿਆ ਹੈ। ਦੂਸਰੇ ਹੀ ਖਿਣ ਅੱਗ ਦੇ ਇਨ੍ਹਾਂ ਭਵੰਡਰਾਂ ਵਿਚ ਘੜਿਆਲ ਦਾ ਵੱਜਣਾ ਉਨ੍ਹਾਂ ਨੂੰ ਨਿਰਾਰਥਕ ਤੇ ਫ਼ਜ਼ੂਲ ਜਿਹਾ ਲੱਗਿਆ।

"ਇਧਰ ਖਤਰੇ ਦੀ ਘੰਟੀ ਵਜ ਰਹੀ ਹੈ, ਉਧਰ ਮੰਡੀ ਸੜ ਰਹੀ ਹੈ, ਹਿੰਦੂਆਂ ਦਾ ਲੱਖਾਂ ਰੁਪਿਆਂ ਦਾ ਨੁਕਸਾਨ ਹੋ ਰਿਹਾ ਹੈ। ਸਾਨੂੰ ਹਿੰਦੂਆਂ ਨੂੰ ਇਸੇ ਚੀਜ਼ ਨੇ ਮਾਰਿਆ ਹੈ ਹੋਰ ਕਿ ਮਾਰਿਆ ਹੈ।..... ਉਹ ਬੁੜਬੜਾਏ।

ਉਹ ਪਿੱਠ ਪਿੱਛੇ ਦੋਵੇਂ ਹੱਥ ਬੰਨੀ ਟਹਿਲ ਰਹੇ ਸਨ ਤੇ ਬੁੜਬੜਾਈ ਜਾ ਰਹੇ ਸਨ। ਕਿਸੇ ਵੇਲੇ ਉਨ੍ਹਾਂ ਦਾ ਦਿਲ ਡੁੱਬਣ ਲੱਗਦਾ। ਘਰ ਵਿਚ ਜਵਾਨ ਲੜਕੀ ਸੀ, ਜੇ ਇਸ ਬੰਨੇ ਗੜਬੜ ਹੋ ਗਈ ਤਾਂ ਮੈਂ ਇਨ੍ਹਾਂ ਨੂੰ ਕਿਥੇ ਸੰਭਾਲਾਂਗਾ। ਅਤੇ ਪਤਾ ਨਹੀਂ ਰਣਵੀਰ ਕਿੱਥੇ ਘੁੰਮ ਰਿਹਾ ਹੈ।

"ਬੜਾ 'ਅਮੋੜ' ਮੁੰਡਾ ਹੈ, ਕਿਸੇ ਦੀ ਗੱਲ ਨਹੀਂ ਸੁਣਦਾ। ਸਮਾਜ ਸੇਵਾ, ਸਮਾਜ ਸੇਵਾ ਦੀ ਰਟ ਲਾਈ ਰੱਖਦਾ ਹੈ। ਜਿਸਨੂੰ ਆਪਣੇ ਮਾਂ-ਪਿਉ ਦੀ ਚਿੰਤਾ ਨਹੀਂ ਉਹ ਸਮਾਜ ਸੇਵਾ ਕੀ ਕਰੇਗਾ?"

ਕਦੇ ਕਦੇ ਉਨ੍ਹਾਂ ਨੂੰ ਲੱਗਦਾ ਜਿਵੇਂ ਰਣਵੀਰ ਨੇ ਅਨਾਜ ਮੰਡੀ ਦਾ ਰੁੱਖ ਕਰ ਲਿਆ ਜਿੱਥੇ ਅੱਗ ਲੱਗੀ ਹੈ। ਅਤੇ ਇਹ ਵਿਚਾਰ ਆਉਂਦੇ ਹੀ ਉਨ੍ਹਾਂ ਦੇ ਸਾਰੇ ਸਰੀਰ ਵਿਚ ਕੰਬਣੀ ਛਿੜ ਜਾਂਦੀ।

ਹੋਰ ਲੋਕਾਂ ਦੇ ਵੀ ਲੜਕੇ ਹਨ, ਉਹ ਵੀ ਮੰਡਲੀ ਵਿਚ ਜਾਂਦੇ ਹਨ, ਲਾਠੀ ਚਲਾਉ ਸਿਖਦੇ ਹਨ, ਪਰ ਇਹ ਨਹੀਂ ਕਿ ਖਤਰੇ ਵੇਲੇ ਘਰ ਬਾਹਰ ਘੁੰਮ ਰਹੇ ਹੋਣ। ਵੱਡਾ ਵੀਰ ਸੈਨਿਕ ਬਣਿਆ ਫਿਰਦਾ ਹੈ... ਉਨ੍ਹਾਂ ਨੂੰ ਆਪਣੇ ਆਪ ਤੇ ਗੁੱਸਾ ਆਇਆ। ਮੀਟਿੰਗ ਵਿਚ ਹੋਰ ਲੋਕ ਚੁੱਭ ਬੈਠੇ ਰਹਿੰਦੇ ਹਨ, ਜਦ ਕਿ ਮੈਂ ਬਲਦਾ ਰਹਿੰਦਾ ਹਾਂ। ਪੰਜ ਸੌ ਰੁਪਿਆ ਵੀ ਮੇਰੇ ਤੋਂ ਕਢਵਾ ਲਿਆ, ਹੋਰ ਕਿਸੇ ਨੇ ਇਕ ਸੌ ਤੋਂ ਵੱਧ ਨਹੀਂ ਦਿੱਤਾ। ਮੇਰੇ ਤੇ ਜੇ ਕੋਈ ਐਸੀ ਵੈਸੀ ਗੱਲ ਹੋਈ ਤਾਂ ਕੋਈ ਭੜੂਆ ਨੇੜੇ ਨਹੀਂ

ਆਵੇਗਾ। ਚੜੀਆ ਨੇੜੇ ਨਹੀਂ ਆਵੇਗਾ। ਇੱਥੇ ਮੁਸਲਮਾਨਾਂ ਦੇ ਮਹੱਲੇ ਵਿਚ ਮੇਰੀ ਸਹਾਇਤਾ ਕਰਨ ਕੌਣ ਆਵੇਗਾ?

ਬਨੇਰੇ ਤੇ ਖਲੋ ਕੇ ਲਾਲਾ ਜੀ ਨੇ ਘਰ ਦੇ ਅੰਦਰ ਝਾਕ ਕੇ ਵੇਖਿਆ। ਹੇਠਾਂ ਘੁੱਪ ਹਨੇਰਾ ਸੀ। ਜੰਗਲੇ ਦੇ ਕੋਲ ਉਨ੍ਹਾਂ ਦੀ ਲੜਕੀ ਚੁੱਪ ਚਾਪ ਮੰਜੀ ਦੀ ਪਵਾਂਦੀ ਮਾਂ ਨਾਲ ਲੱਗ ਕੇ ਬੈਠੀ ਸੀ।

"ਹਰ ਦਾ ਨਾਮ ਲਓ।" ਮਾਂ ਕਹਿ ਰਹੀ ਸੀ, 'ਹਰਿ ਦਾ ਨਾਂ ਲਓ, ਗਾਯਤਰੀ ਦਾ ਪਾਠ ਕਰੋ।" ਅਤੇ ਲੜਕੀ ਗੋਦ ਵਿਚ ਹੱਥ ਰੱਖੀ ਗਾਯਤਰੀ ਮੰਤਰ ਦਾ ਪਾਠ ਕਰਨ ਲੱਗੀ।

ਉਪਰੋਂ ਲਾਲਾ ਜੀ ਨੇ ਹੋਲੀ ਜਿਹੀ ਪੁਛਿਆ :

"ਰਣਵੀਰ ਆਇਆ ਹੈ? ਕਿਉਂ ਰਣਵੀਰ ਦੀ ਮਾਂ ਰਣਵੀਰ ਆ ਗਿਆ ਹੈ?"

"ਨਹੀਂ ਜੀ, ਅਜੇ ਕਿੱਥੇ ਆਇਆ ਹੈ, ਕੋਈ ਨਹੀਂ ਆਇਆ।"

"ਚੰਗਾ ਹੋਲੀ ਬੋਲ, ਤੂੰ ਹੋਲੀ ਨਹੀਂ ਬੋਲ ਸਕਦੀ ?"

ਲਾਲਾ ਜੀ ਫਿਰ ਛੱਤ ਤੇ ਟਹਿਲਣ ਲੱਗੇ। ਵਾਰ ਵਾਰ ਮਨ ਨੂੰ ਹੌਂਸਲਾ ਦਿੰਦੇ। ਮੇਰੇ ਘਰ ਨੂੰ ਅੱਗ ਲਾਉਣਗੇ ਤਾਂ ਇਨ੍ਹਾਂ ਦੀ ਸਾਰੀ ਗਲੀ ਸੜੇਗੀ। ਪਰ ਆਖਿਰ ਉਨ੍ਹਾਂ ਤੋਂ ਨਾ ਰਿਹਾ ਗਿਆ, ਬੁੜਬੜਾਉਂਦੇ ਹੋਏ ਉਹ ਪੌੜੀਆਂ ਉਤਰ ਆਏ।

ਪਰ ਪਰਿਵਾਰ ਦੇ ਸਾਹਮਣੇ ਪਹੁੰਚੇ ਤਾਂ ਉਨ੍ਹਾਂ ਦਾ ਰੁੱਖ ਬਦਲ ਗਿਆ।

"ਇਸ ਤਰ੍ਹਾਂ ਗੁੰਮਸੁੰਮ ਹੋ ਕੇ ਕਿਉਂ ਬੈਠੀ ਏਂ, ਰਣਵੀਰ ਦੀ ਮਾਂ ? ਘਬਰਾਉਣ ਦੀ ਕੀ ਗੱਲ ਏ, ਹਿੰਮਤ ਤੋਂ ਕੰਮ ਲੈ।"

"ਮਾਂ ਚੁੱਪ ਸੀ, ਉਸ ਦਾ ਦਿਲ ਵੀ ਰਣਵੀਰ ਬਾਰੇ ਧਕ ਧਕ ਕਰ ਰਿਹਾ ਸੀ, ਮਨ ਹੀ ਮਨ ਵਿਚ ਉਹ ਵੀ ਵਿਆਕੁਲ ਸੀ।"

"ਸਾਨੂੰ ਹਿੰਮਤ ਕਰਨ ਲਈ ਕਹਿ ਰਹੇ ਹਨ ਤੇ ਆਪ ਤਿੰਨ ਵਾਰ ਟੱਟੀ ਜਾ ਆਏ ਹਨ।" ਮਾਂ ਨੇ ਹੌਲੀ ਜਿਹੀ ਬੁੜਬੜਾ ਕੇ ਕਿਹਾ।

ਲਾਲਾ ਜੀ ਜੰਗਲੇ ਕੋਲੋਂ ਹੱਟ ਕੇ ਕਮਰੇ ਵੱਲ ਚਲੇ ਗਏ। ਥੋੜ੍ਹੀ ਦੇਰ ਪਿਛੋਂ ਮਾਂ ਨੂੰ ਖਟਕਾ ਜਿਹਾ ਹੋਇਆ।

"ਵਿਦਿਆ, ਜਾ ਵੇਖ ਖਾਂ, ਤੇਰੇ ਪਿਤਾ ਜੀ ਕੀ ਕਰਨ ਗਏ ਹਨ।"

ਵਿਦਿਆ ਉਹਨਾਂ ਪੈਰੀਂ ਉਠ ਕੇ ਆਪਣੇ ਪਿਤਾ ਦੇ ਕਮਰੇ ਵੱਲ ਗਈ। ਲਾਲਾ ਜੀ ਆਪਣੀ ਢਾਈ ਗਜੀ ਧੋਤੀ ਲਾਹ ਕੇ ਪਜਾਮਾ ਪਹਿਨ ਰਹੇ ਸਨ। ਵਿਦਿਆ ਉਹਨੀਂ ਪੈਰੀ ਮਾਂ ਕੋਲ ਪਰਤ ਆਈ।

"ਉਹ ਤਾਂ ਕਿਤੇ ਬਾਹਰ ਜਾ ਰਹੇ ਹਨ।" ਉਸ ਨੇ ਘਬਰਾਈ ਆਵਾਜ਼ ਵਿਚ ਕਿਹਾ।

"ਹੇ ਭਗਵਾਨ, ਇਨ੍ਹਾਂ ਦਾ ਕੁਝ ਪਤਾ ਨਹੀਂ ਲੱਗਦਾ ?" ਅਤੇ ਮਾਂ ਮੰਜੀ ਤੋਂ ਉਤਰ ਕੇ ਸਿੱਧੀ ਆਪਣੇ ਪਤੀ ਦੇ ਕਮਰੇ ਵਿਚ ਜਾ ਪਹੁੰਚੀ।

"ਵੇਖੋ ਜੀ ਮੇਰਾ ਮਰੀ ਹੋਈ ਦਾ ਮੂੰਹ ਵੇਖੋਗੇ ਜੇ ਘਰੋਂ ਬਾਹਰ ਪੈਰ ਰਖੋਗੇ।"

'ਤਾਂ ਕੀ ਕਰਾਂ ? ਉਸ ਦੀ ਵੀ ਸ਼ੁੱਧ ਲਵਾਂ ਜਾਂ ਘਰ ਹੀ ਬੈਠਾ ਰਹਾਂ ?"

"ਆਪਣੀ ਜਵਾਨ ਧੀ ਨੂੰ ਮੇਰੇ ਕੋਲ ਇਕੱਲੀ ਛੱਡ ਕੇ ਚਲੇ ਜਾਓਗੇ। ਵੇਖੋ ਖਾਂ ਕਿਹੋ ਜਿਹਾ ਕਹਿਰ ਦਾ ਵੇਲਾ ਆਇਆ ਹੈ।" ਮਾਂ ਨੇ ਉਤੇਜਿਤ ਆਵਾਜ਼ ਵਿਚ ਕਿਹਾ।

"ਪੁੱਤ ਬਾਹਰ ਗਿਆ ਹੋਵੇ ਅਤੇ ਮੈਂ ਚੂੜੀਆਂ ਪਾ ਕੇ ਘਰ ਬੈਠਾ ਰਹਾਂ ? ਕੁਝ ਹੋਸ਼ ਦੀ ਗੱਲ ਕਰ।"

"ਪੁੱਤ ਤੁਹਾਡਾ ਹੈ ਤਾਂ ਮੇਰਾ ਵੀ ਹੈ। ਇਸ ਵੇਲੇ ਉਸ ਨੂੰ ਲੱਭਣ ਜਾਓਗੇ ਤਾਂ ਕਿੱਥੇ ਜਾਉਗੇ ? ਸਕੂਲ ਬੰਦ ਪਿਆ ਹੋਵੇਗਾ, ਮੰਦਰ ਵਿਚੋਂ ਲੋਕ ਕਦੋਂ ਦੇ ਜਾ ਚੁੱਕੇ ਹੋਣਗੇ। ਉਸ ਨੂੰ ਕਿੱਥੇ ਲਭਦੇ ਫਿਰੋਗੇ ? ਸਮਝਦਾਰ ਲੜਕਾ ਹੈ। ਜ਼ਰੂਰ ਕਿਤੇ ਰੁਕ ਗਿਆ ਹੋਵੇਗਾ। ਸ਼ਾਮ ਨੂੰ ਉਸ ਦਾ ਦੋਸਤ ਵੀ ਕਹਿ ਗਿਆ ਸੀ ਕਿ ਸਭ ਲੜਕੇ ਮਾਸਟਰ ਜੀ ਦੇ ਘਰ ਵਿਚ ਹਨ।" ਮੈਂ ਕਿੰਨਾ ਕਹਿੰਦੀ ਸੀ ਕੋਈ ਲੋੜ ਨਹੀਂ ਬੱਚੇ ਨੂੰ

ਆਰੀਆ ਵੀਰ ਬਨਾਉਣ ਦੀ। ਇਹ ਪੜ੍ਹੇ ਲਿਖੇ, ਖੇਡੇ ਕੁੱਦੇ, ਖਾਵੇ ਪੀਵੇ। ਪਰ ਨਹੀਂ ਤੁਸੀਂ ਮੇਰੀ ਇਕ ਨਹੀਂ ਸੁਣੀ। ਇਸ ਤੋਂ ਪਰੇਡਾਂ ਕਰਾਉਂਦੇ ਰਹੇ, ਲਾਠੀ ਚਲਾਉਣਾ ਸਿਖਾਉਂਦੇ ਰਹੇ। ਮੁਸਲਮਾਨਾਂ ਦਾ ਸ਼ਹਿਰ ਹੈ, ਸਾਰੀ ਉਮਰ ਅਸੀਂ ਇਨ੍ਹਾਂ ਨਾਲ ਰਹਿਣਾ ਹੈ। ਸਮੁੰਦਰ ਵਿਚ ਰਹਿ ਕੇ ਮੱਗਰਮਛ ਨਾਲ ਵੈਰ ਕਿਥੋਂ ਦੀ ਸਿਆਣਪ ਹੈ ? ਹੁਣ ਵੇਖ ਲਓ ਕੀ ਹੋ ਰਿਹਾ ਹੈ ?"

"ਬਹੁਤ ਉਪਦੇਸ਼ ਨਾ ਦਿਆ ਕਰ। ਕੀ ਬੁਰਾ ਕੀਤਾ ਹੈ ਜੇ ਯੁਵਕ ਸਮਾਜ ਵਿਚ ਜਾਣ ਲੱਗਾ ਹੈ ਤਾਂ ? ਦੇਸ਼ ਤੇ ਸਮਾਜ ਦਾ ਕੰਮ ਕਰਨਾ ਹੀ ਚਾਹੀਦਾ ਹੈ।"

"ਕਰੋ ਫਿਰ ਦੇਸ਼ ਤੇ ਸਮਾਜ ਦਾ ਕੰਮ ਅਤੇ ਭੁਗਤੋ। ਪਰ ਮੈਂ ਤਾਂ ਇਸ ਵੇਲੇ ਬਾਹਰ ਨਹੀਂ ਜਾਣ ਦਿਆਂਗੀ। ਕੁਝ ਵੀ ਕਰ ਲਓ ਮੈਂ ਤੁਹਾਨੂੰ ਨਹੀਂ ਜਾਣ ਦਿਆਂਗੀ।"

ਲਾਲਾ ਜੀ ਨੇ ਬਾਹਰ ਜਾਣ ਦਾ ਇਰਾਦਾ ਛੱਡ ਦਿੱਤਾ। ਉਨ੍ਹਾਂ ਨੂੰ ਇਸ ਗੱਲ ਦੀ ਆਸ ਨਹੀਂ ਸੀ ਕਿ ਅੱਗ ਇੰਨੀ ਜ਼ਿਆਦਾ ਭੜਕ ਉਠੇਗੀ। ਉਨ੍ਹਾਂ ਨੂੰ ਮੁਸਲਮਾਨਾਂ ਦੇ ਵਿਰੁੱਧ ਗੁੱਸਾ ਤਾਂ ਅਕਸਰ ਆਇਆ ਕਰਦਾ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦਾ ਵੀ ਵਿਸ਼ਵਾਸ ਸੀ ਕਿ ਅੰਗਰੇਜ਼ ਨ੍ਹਾਂ ਨੂੰ ਦਬਾ ਕੇ ਰੱਖਣਗੇ।

"ਹੋਰ ਲੋਕ ਵੀ ਹਨ, ਅਫਸਰਾਂ ਦੇ ਨਾਲ, ਗਵਾਂਢੀਆਂ ਦੇ ਨਾਲ ਹਿੰਦੂ-ਮੁਸਲਮਾਨ ਸਭ ਨਾਲ ਮੇਲ-ਮਿਲਾਪ ਬਣਾਈ ਰੱਖਦੇ ਹਨ। ਆਪਣੇ ਕੁੜਮਾਂ ਨੂੰ ਹੀ ਵੇਖੋ, ਮੁਸਲਮਾਨਾਂ ਦਾ ਉਹਨਾਂ ਦੇ ਘਰ ਤਾਂਤਾ ਲੱਗਾ ਰਹਿੰਦਾ ਹੈ। ਤੁਸੀਂ ਨਾਂ ਅਫਸਰਾਂ ਦੇ ਨਾਲ ਬਣਾ ਰੱਖੀ, ਨਾ ਗਵਾਂਢੀਆਂ ਦੇ ਨਾਲ।"

ਅਸਲ ਵਿਚ ਇਹ ਗਲ ਜਿਵੇਂ ਉਹਨਾਂ ਦੀ ਪਤਨੀ ਨੇ ਉਨ੍ਹਾਂ ਦੇ ਮੂੰਹ 'ਚੋਂ ਖੋਹ ਲਈ ਹੋਵੇ। ਕਿਉਂਕਿ ਐਨ ਉਸ ਵੇਲੇ ਉਹ ਵੀ ਇਸੇ ਗੱਲ ਬਾਰੇ ਸੋਚ ਰਹੇ ਸਨ। ਉਨ੍ਹਾਂ ਦੇ ਕੁੜਮਾਂ ਦੀ ਗਹਿਰੀ ਦੋਸਤੀ ਸ਼ਾਹਨਵਾਜ਼ ਦੇ ਨਾਲ ਸੀ ਅਤੇ ਸ਼ਾਹਨਵਾਜ ਬੜਾ ਅਸਰ-ਰਸੂਖ ਵਾਲਾ ਮੁਸਲਮਾਨ ਸੀ। ਉਸ ਦੀਆਂ ਮੋਟਰਾਂ ਥਾਂ ਥਾਂ ਚਲਦੀਆਂ ਸਨ, ਉਸ ਦਾ ਪਟਰੌਲ ਦਾ ਠੇਕਾ ਸੀ ਅਤੇ ਲਾਲਾ ਜੀ ਦੇ ਕੁੜਮ ਨਾਲ ਤਾਂ

ਉਸਦੀਆਂ ਗਰਾਹੀਆਂ ਸਾਂਝੀਆਂ ਸਨ। ਸਭ ਤੋਂ ਚੰਗਾ ਹੋਵੇ ਜੇ ਉਸਦੀ ਸਹਾਇਤਾ ਨਾਲ ਅਸੀਂ ਜਿਵੇਂ ਵੀ ਹੋ ਸਕੇ ਇਥੋਂ ਕੁਝ ਦਿਨਾਂ ਲਈ ਨਿਕਲ ਜਾਈਏ। ਅੱਗ ਭੜਕ ਉਠੀ ਹੈ ਅਤੇ ਜਲਦੀ ਸ਼ਾਂਤ ਨਹੀਂ ਹੋਵੇਗੀ, ਅਤੇ ਕੀ ਪਤਾ ਕੀ ਕੀ ਗੁਲ ਖਿਲਾਵੇ। ਲੜਕੀ ਨੂੰ ਲੈ ਕੇ ਸਦਰ ਬਜ਼ਾਰ ਵਿਚ ਕੁਝ ਦਿਨਾਂ ਲਈ ਚਲੇ ਜਾਈਏ। ਪਰ ਇਹ ਕਿਵੇਂ ਹੋ ਸਕੇਗਾ।

ਤਦੋ ਦੂਰੋਂ ਨਾਰਿਆਂ ਦੀ ਗੂੰਜ ਸੁਣਾਈ ਦੇਣ ਲੱਗੀ। "ਅੱਲਾ ਹੋ ਅਕਬਰ !" ਦਾ ਨਾਰਾ ਉਠਿਆ ਪਰ ਉਹ ਤਾਂ ਦੂਰੋਂ ਕਿਤੋਂ ਸੀ, ਉਹੀ ਨਾਰਾ ਵਾਰ ਵਾਰ ਮਕਾਨਾਂ ਦੀਆਂ ਛੱਤਾਂ ਤੋਂ ਦੁਹਰਾਇਆ ਜਾਣ ਲੱਗਾ। ਮਕਾਨਾਂ ਦੀਆਂ ਛੱਤਾਂ ਤੇ ਚੜ੍ਹੇ ਹੋਏ, ਅੱਗ ਦਾ ਤਮਾਸ਼ਾ ਵੇਖਣ ਵਾਲੇ ਲੋਕ ਵੀ ਉਸ ਨੂੰ ਦੁਹਰਾਉਣ ਲੱਗੇ। ਇਕ ਰੋਲਾ ਜਿਹਾ ਪੈਣ ਲੱਗ ਪਿਆ ਦੂਰ ਸ਼ਿਵਾਲੇ ਵਲੋਂ ਹਿੰਦੂ ਨਾਰਿਆਂ ਦੀ ਆਵਾਜ਼ ਆਉਂਦੀ ਪਰ ਬਹੁਤ ਘੱਟ ਤੇ ਬਹੁਤ ਹੋਲੀ ਜਿਹੀ। ਆਸ-ਪਾਸ ਕਿਤੋਂ ਵੀ ਉਸਨੂੰ ਦੁਹਰਾਇਆ ਨਹੀਂ ਜਾ ਰਿਹਾ ਸੀ। ਇਸ ਨਾਲ ਲਾਲਾ ਜੀ ਹੋਰ ਵੀ ਜ਼ਿਆਦ ਡਰ ਗਏ।

“ਸੁਣ, ਰਣਵੀਰ ਦੀ ਮਾਂ ਨਾਨਕੂ ਨੂੰ ਉਪਰ ਬੁਲਾਓ।”

"ਕਿਉਂ ਕੀ ਗੱਲ ਹੈ ?”

'ਹਰ ਗੱਲ ਨਾਲ ਕਿਉਂ ਨਾ ਲਾਇਆ ਕਰ, ਤੂੰ ਉਸਨੂੰ ਬੁਲਾ ਮੈਂ ਉਸਦੇ ਹੱਥ ਚਿੱਠੀ ਲਿਖਕੇ ਭੇਜਣਾ ਚਾਹੁੰਦਾ ਹਾਂ।”

ਪਤਨੀ ਲਾਲਾ ਜੀ ਦੇ ਚਿਹਰੇ ਵੱਲ ਵੇਖਦੀ ਰਹਿ ਗਈ :

"ਇਸ ਵੇਲੇ ਇਸਨੂੰ ਭੇਜੋਗੇ ? ਕਿਥੇ ਭੇਜਣਾ ਚਾਹੁੰਦੇ ਹੋ ?”

ਪਤਨੀ ਦਾ ਮਨ ਰਣਵੀਰ ਦੀ ਦਿਸ਼ਾ ਵੱਲ ਦੌੜ ਰਿਹਾ ਸੀ।

"ਇਹ ਰਣਵੀਰ ਦਾ ਪਤਾ ਲੱਗਾਏਗਾ ? ਮਾਸਟਰ ਨੇ ਤੁਹਾਨੂੰ ਅਖਵਾ ਭੇਜਿਆ ਹੈ ਕਿ ਰਣਵੀਰ ਉਸਦੇ ਨਾਲ ਹੈ, ਹੁਣ ਕਿਉਂ ਪਰੇਸ਼ਾਨ ਹੁੰਦੇ ਹੋ ? ਭਗਵਾਨ ਤੇ ਵਿਸ਼ਵਾਸ਼ ਰਖੋ ਅਤੇ ਸਵੇਰ ਤਕ ਚੁੱਪ ਚਾਪ ਬੈਠੇ ਰਹੋ।”

"ਨਹੀਂ ਰਣਵੀਰ ਦੇ ਪਿਛੇ ਮੈਂ ਇਸਨੂੰ ਨਹੀਂ ਭੇਜਣਾ ਚਾਹੁੰਦਾ। ਮੇਰਾ ਇਕ ਹੋਰ ਕੰਮ...........।"

''ਵੇਖੋ ਜੀ, ਇਸ ਗਰੀਬ ਨੂੰ ਕਿਥੇ ਭੇਜੋਗੇ ? ਬਾਹਰ ਕਹਿਰ ਟੁੱਟ ਰਿਹਾ ਹੈ। ਇਸ ਨੂੰ ਕੋਈ ਜਾਣਦਾ ਨਹੀਂ, ਪਛਾਣਦਾ ਨਹੀਂ।"

"ਤੂੰ ਹਰ ਗੱਲ ਵਿਚ ਟੰਗ ਕਿਉਂ ਅੜਾਉਂਦੀ ਹੈ ? ਮੈਂ ਨਹੀਂ ਚਾਹੁੰਦਾ ਕਿ ਵਿਦਿਆ ਨੂੰ ਲੈ ਕੇ ਅਸੀਂ ਇੱਥੇ ਪਏ ਰਹੀਏ। ਕੁਝ ਵੀ ਹੋ ਸਕਦਾ ਹੈ। ਮੈਂ ਕੁੜਮਾਂ ਨੂੰ ਖੱਤ ਲਿਖ ਰਿਹਾ ਹਾਂ ਕਿ ਆਪਣੇ ਦੋਸਤ ਸ਼ਾਹਨਵਾਜ਼ ਨੂੰ ਕਹਿਕੇ ਸਾਨੂੰ ਇਥੋਂ ਕਢਵਾ ਲੈਣ। ਜਵਾਨ ਧੀ ਘਰ ਵਿਚ ਹੈ। ਮੈਂ ਇੱਥੇ ਨਹੀਂ ਰਹਿਣਾ ਚਾਹੁੰਦਾ।"

"ਇਹ ਕੰਮ ਤਾਂ ਕਲ੍ਹ ਸਵੇਰੇ ਹੀ ਹੋ ਸਕਦਾ ਹੈ ਨਾ, ਇਸ ਵੇਲੇ ਤਾਂ ਨਹੀਂ ਹੋ ਸਕਦਾ। ਕੀ ਕੁੜਮ ਤੁਹਾਡੀ ਚਿੱਠੀ ਲੈ ਕੇ ਸ਼ਾਹਨਵਾਜ਼ ਦੇ ਘਰ ਜਾਏਗਾ ? ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ ਜੀ।"

ਪਰ ਲਾਲਾ ਜੀ ਨਹੀਂ ਮੰਨੇ। "ਇਕ ਗੱਲ ਇਨ੍ਹਾਂ ਦੇ ਦਿਮਾਗ ਵਿਚ ਬਹਿ ਜਾਵੇ ਤਾਂ ਨਿਕਲਦੀ ਨਹੀਂ।" ਪਤਨੀ ਬੁੜ ਬੜਾਈ, ਫਿਰ ਉੱਚੀ ਆਵਾਜ਼ ਵਿਚ ਬੋਲੀ:

"ਇਹ ਕਿੱਥੇ ਤੁਹਾਡੀ ਚਿੱਠੀ ਪਹੁੰਚਾਏਗਾ ? ਇਹ ਕੁਝ ਨਹੀਂ ਜਾਣਦਾ।"

"ਕਿਉਂ ਨਹੀਂ ਪਹੁੰਚਾਏਗਾ? ਇਸਨੂੰ ਰੱਖਿਆ ਕਿਸ ਲਈ ਹੈ। ਗਲੀਆਂ ਦੇ ਰਸਤੇ ਦੋ ਮਿੰਟ ਵਿਚ ਉਨ੍ਹਾਂ ਦੇ ਘਰ ਪਹੁੰਚ ਜਾਵੇਗਾ। ਨਾਲ ਹੀ ਤਾਂ ਹੈ।"

''ਤੁਸੀਂ ਕਿਉਂ ਇੰਨੀ ਜ਼ਿੱਦ ਫੜ ਲੈਂਦੇ ਹੋ ਜੀ ? ਇਥੋਂ ਨਿਕਲੋਗੇ ਵੀ ਤਾਂ ਦਿਨ ਨੂੰ ਹੀ ਨਿਕਲੋਗੇ, ਇਸ ਵੇਲੇ ਕਿਸੇ ਨੂੰ ਚਿੱਠੀ ਲਿਖਣ ਦਾ ਕੀ ਲਾਭ ? ਕੁੜਮਾਂ ਨੂੰ ਵੀ ਪਰੇਸ਼ਾਨ ਕਰੋਗੇ।

ਲਾਲਾ ਜੀ ਖਿਣ ਭਰ ਲਈ ਠਿਠਕੇ ਰਹੇ, ਫਿਰ ਹੌਲੀ ਜਿਹੀ ਬੋਲੇ :

''ਜੇ ਹੋ ਸਕੇ ਤਾਂ ਅੱਜ ਰਾਤ ਹੀ ਨਿਕਲ ਜਾਣਾ ਚਾਹੁੰਦਾ ਹਾਂ।"

"ਅਜਿਹੀ ਵੀ ਕੀ ਗੱਲ ਹੈ ਜੀ ? ਤੁਹਾਨੂੰ ਗਵਾਂਢੀਆ ਤੋਂ ਡਰ ਲੱਗਦਾ ਹੈ, ਮੈਨੂੰ ਨਹੀਂ ਲੱਗਦਾ। ਰਬ ਦਾ ਨਾਮ ਲਓ ਤੇ ਚੁੱਪ ਚਾਪ ਬੈਠੇ ਰਹੋ।" ਪਤਨੀ ਨੇ ਕਿਹਾ ਤੇ ਇਸ ਤੋਂ ਪਿਛੋਂ ਚੁੱਪ ਹੋ ਗਈ।

ਕੋਈ ਕਾਰਣ ਜ਼ਰੂਰ ਹੋਵੇਗਾ ਜੋ ਇਹ ਇੰਨੇ ਉਤਾਵਲੇ ਹੋ ਰਹੇ ਹਨ। ਨਾਨਕੂ ਲਈ ਖ਼ਤਰਾ ਸੀ ਪਰ ਜਵਾਨ ਧੀ ਦਾ ਖਿਆਲ ਆਉਂਦੇ ਮਾਂ ਦੀ ਸਥਿਰਤਾ ਵੀ ਡੋਲ ਗਈ। ਕੀ ਪਤਾ ਇਸੇ ਵੇਲੇ ਇਥੋਂ ਨਿਕਲ ਜਾਣ ਵਿਚ ਭਲਾ ਹੋਵੇ। ਭਗਵਾਨ ਨਾ ਕਰੇ, ਜੇ ਕੁਝ ਹੋ ਗਿਆ ਤਾਂ ਮੈਂ ਇਸ ਨੂੰ ਕਿੱਥੇ ਲੁਕਾਉਂਦੀ ਫਿਰਾਂਗੀ?

“ਇਸਨੂੰ ਕਰੋ ਮੱਛਰਦਾਨੀ ਦਾ ਡੰਡਾ ਨਾਲ ਲੈਂਦਾ ਜਾਵੇ।"

ਲਾਲਾ ਜੀ ਨੇ ਨਾਨਕੂ ਪ੍ਰਤੀ ਸਦਭਾਵਨਾ ਪ੍ਰਗਟ ਕਰਦੇ ਹੋਏ ਕਿਹਾ।

ਚਿੱਠੀ ਦੇ ਕੇ ਲਾਲਾ ਜੀ ਦੇਰ ਤੱਕ ਨਾਨਕੂ ਨੂੰ ਸਮਝਾਉਂਦੇ ਰਹੇ।

''ਜੇ ਕਿਸੇ ਗਲੀ ਵਿਚ ਸ਼ੋਰ ਸ਼ਰਾਬਾ ਹੋਵੇ ਤਾਂ ਦੂਸਰੀ ਗਲੀ ਵਿਚ ਮੁੜ ਜਾਵੀਂ। ਹੋ ਸਕੇ ਤਾਂ ਮੰਦਰ ਵਿਚੋਂ ਚਪੜਾਸੀ ਨੂੰ ਨਾਲ ਲੈ ਲਵੀਂ। ਹੁਣ ਜਾਹ ਦੇਰ ਨਾ ਕਰ। ਜਿਵੇਂ ਵੀ ਹੋਵੇ ਖਤ ਪਹੁੰਚਾ ਕੇ, ਆਵੀਂ।"

ਪਰ ਉਸਦੇ ਜਾਣ ਤੋਂ ਪਹਿਲਾਂ ਪਤਨੀ ਫਿਰ ਇਕ ਵਾਰ ਬਿਫਰ ਕੇ ਬੋਲੀ :

"ਵੇਖੋ ਜੀ ਭਗਵਾਨ ਦੇ ਸਹਾਰੇ ਅੱਜ ਰਾਤ ਪਏ ਰਹੋ। ਕੱਲ੍ਹ ਜੋ ਹੋਵੇਗਾ ਵੇਖਿਆ ਜਾਵੇਗਾ। ਇਹ ਵੀ ਕਿਸੇ ਮਾਂ ਦਾ ਪੁੱਤ ਹੈ, ਕਿਉਂ ਇਸਨੂੰ ਬਲਦੀ ਅੱਗ ਵਿਚ ਧੱਕਦੇ ਹੋ?"

'ਕੁਝ ਨਹੀਂ ਹੋਵੇਗਾ, ਕੁਝ ਨਹੀਂ ਹੋਵੇਗਾ, ਮੈਂ ਜਾ ਸਕਦਾ ਹਾਂ ਤਾਂ ਇਹ ਨਹੀਂ ਜਾ ਸਕਦਾ ? ਇਹਦੇ ਹੱਥਾਂ ਵਿਚ ਮਹਿੰਦੀ ਲੱਗੀ ਹੈ ?"

ਪਰ ਤਦੇ ਪਿਛਲੀ ਗਲੀ ਵਿਚੋਂ ਕਿਸੇ ਦੇ ਭੱਜਦੇ ਹੋਏ ਕਦਮਾਂ ਦੀ ਅਵਾਜ਼ ਆਈ। ਆਵਾਜ਼ ਨੇੜੇ ਆ ਰਹੀ ਸੀ ਅਤੇ ਹਰ ਪਲ ਉੱਚੀ ਹੁੰਦੀ ਜਾ ਰਹੀ ਸੀ। ਉਸ

ਰਾਤ ਗਲੀ ਵਿਚ ਚਲਦੇ ਕਦਮਾਂ ਦੀ ਹਰ ਆਵਾਜ਼ ਉੱਚੀ ਹੋ ਗਈ ਸੀ ਅਤੇ ਕੰਨਾਂ ਦੇ ਨਾਲ ਨਾਲ ਸਿੱਧਾ ਦਿਲ ਤੇ ਵੱਜਦੀ ਸੀ।

ਲਾਲਾ ਜੀ ਚਲਦੇ ਚਲਦੇ ਰੁਕ ਗਏ। ਉਨ੍ਹਾਂ ਦੀਆਂ ਲੱਤਾਂ ਵਿਚ ਜਿਵੇਂ ਪਾਣੀ ਭਰ ਗਿਆ ॥ ਦਿਲ ਦੀ ਧੜਕਣ ਤੇਜ਼ ਹੋ ਗਈ। ਕੀ ਰਣਵੀਰ ਕਿਤੋਂ ਭੱਜ ਕੇ ਆ ਰਿਹਾ ਹੈ?

''ਭੱਜਦੇ ਕਦਮਾਂ ਦੀ ਆਹਟ ਤੋਂ ਕੌਣ ਕਿਸੇ ਨੂੰ ਪਛਾਣ ਸਕਦਾ ਹੈ।"

ਅਚਾਨਕ ਕਿਸੇ ਦੂਸਰੇ ਆਦਮੀ ਦੇ ਭੱਜਦੇ ਕਦਮਾਂ ਦੀ ਵੀ ਆਵਾਜ ਆਉਣ ਲੱਗੀ। ਲੱਗਦਾ ਜਿਵੇਂ ਕੋਈ ਆਦਮੀ ਗਲੀ ਦਾ ਮੋੜ ਕੱਟਕੇ ਗਲੀ ਦੇ ਅੰਦਰ ਆ ਗਿਆ ਹੈ ਅਤੇ ਭੇਜਦੇ ਵਿਅਕਤੀ ਦੇ ਪਿੱਛੇ ਪਿੱਛੇ ਭੱਜਣ ਲੱਗਾ ਹੈ।

ਫਿਰ ਅਚਾਨਕ ਹਨੇਰੇ ਨੂੰ ਚੀਰਦੀ ਹੋਈ ਆਵਾਜ਼ ਆਈ:

“ਬਚਾਓ.......ਬ..ਚਾ....ਓ!”

ਲਾਲਾ ਜੀ ਦਾ ਸਰੀਰ ਸਿਰ ਤੋਂ ਪੈਰਾ ਤਕ ਕੰਬ ਗਿਆ। ਗਲੀ ਦੇ ਪਿਛਲੇ ਹਿੱਸੇ ਵਿਚ ਹੁਣ ਇਕ ਨਹੀਂ, ਦੋ ਤਿੰਨ ਭੱਜਦੇ ਆਦਮੀਆਂ ਦੇ ਕਦਮਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਹ ਆਵਾਜ਼ਾ ਮੰਜੀ ਤੇ ਬੈਠੀ ਮਾਂ ਤੇ ਧੀ ਨੇ ਵੀ ਸੁਣੀਆਂ। ਆਂਢ-ਗਵਾਂਢ ਦੇ ਘਰਾਂ ਦੀਆਂ ਛੱਤਾਂ ਤੇ ਖਲੋਤੇ ਲੋਕਾਂ ਨੇ ਵੀ ਸੁਣੀਆਂ। ਉਹ ਸਾਰੇ ਵਾਤਾਵਰਣ ਵਿਚ ਜਿਵੇਂ ਗੂੰਜ ਰਹੀਆਂ ਸਨ।

“ਬ..............ਚਾ..........ਓ।"

ਫਿਰ ਆਵਾਜ਼ ਆਈ। ਚੀਕਦੀ ਹੋਈ ਆਵਾਜ਼ ਸੀ, ਕਿਸੇ ਬਦਹਵਾਸ ਡਰੇ ਹੋਏ ਆਦਮੀ ਦੀ ਆਵਾਜ਼। ਇਸ ਆਵਾਜ਼ ਤੋਂ ਵੀ ਆਪਣੇ ਪੁੱਤਰ ਦੀ ਆਵਾਜ਼ ਪਹਿਚਾਣ ਸਕਣਾ ਅਸੰਭਵ ਸੀ। ਡਰੇ ਹੋਏ, ਭੱਜਦੇ ਹੋਏ ਲੋਕ ਸਭ ਇਕ ਜਿਹੀ ਆਵਾਜ਼ ਵਿਚ ਬੁਲਾਉਂਦੇ ਹਨ।

ਗਲੀ ਵਿਚ ਕਿਸੇ ਚੀਜ਼ ਦੇ ਸੁਟਣ ਦੀ ਆਵਾਜ਼ ਆਈ। ਕੋਈ ਲਾਠੀ ਸੀ ਜਾਂ ਕੋਈ ਪੱਥਰ ਸੀ? ਕਿਸੇ ਨੇ ਸ਼ਾਇਦ ਭੱਜੇ ਜਾਂਦੇ ਆਦਮੀ ਪਿੱਛੇ ਲਾਠੀ ਮਾਰੀ ਸੀ ਜਾਂ ਕੁਹਾੜੀ ਸੁੱਟੀ ਸੀ, ਜੋ ਨੇੜੇ ਹੀ ਕੰਧ ਨਾਲ ਟਕਰਾਈ ਸੀ ਅਤੇ ਫਿਰ ਗਲੀ ਦੇ ਫਰਸ਼ ਨਾਲ ਵੱਜ ਕੇ ਘਸੀਟਦੀ ਹੋਈ ਅੱਗੇ ਚਲੀ ਗਈ ਸੀ।

"ਫੜੋ......ਮਾ.....ਰੋ.....ਏ.....ਮਾ....ਰੋ....ਏ।"

ਫਿਰ ਬਚਾਓ ਦੀ ਪੁਕਾਰ ਕਰਨ ਵਾਲਾ ਆਦਮੀ ਪੈਰ ਘਸੀਟਦਾ ਗਲੀ ਵਿਚੋਂ ਲੰਘ ਗਿਆ ਸੀ। ਅਤੇ ਗਲੀ ਲੰਘਦੇ ਹੀ ਉਸ ਦੇ ਕਦਮਾਂ ਦੀ ਆਵਾਜ਼ ਦੂਰ ਹੋ ਗਈ ਸੀ, ਧੀਮੀ ਪੈ ਗਈ ਸੀ ਜਦ ਕਿ ਉਸ ਦਾ ਪਿੱਛਾ ਕਰਨ ਵਾਲੇ ਕਦਮਾਂ ਦੀ ਆਵਾਜ਼ ਉੱਚੀ ਹੁੰਦੀ ਜਾ ਰਹੀ ਸੀ।

ਕੀ ਲਾਠੀ ਉਸ ਨੂੰ ਵੱਜੀ ਨਹੀਂ ਸੀ ? ਕੀ ਰਣਵੀਰ ਤੇ ਕਿਸੇ ਨੇ ਲਾਠੀ ਨਾਲ ਵਾਰ ਕੀਤਾ ਸੀ ? ਕੀ ਰਣਵੀਰ ਬਚ ਕੇ ਆ ਗਿਆ ਹੈ? ਕੀ ਉਹ ਹੁਣੇ ਦਰਵਾਜ਼ਾ ਖਟਖਟਾਏਗਾ?

ਪਿੱਛਾ ਕਰਨ ਵਾਲੇ ਕਦਮ ਗਲੀ ਵਿਚੋਂ ਬਾਹਰ ਚਲੇ ਗਏ ਗਏ ਸਨ। ਲਾਲਾ ਜੀ ਦਾ ਦਿਲ ਧੱਕ ਧੱਕ ਕਰੀ ਜਾ ਰਿਹਾ ਸੀ। ਉਨ੍ਹਾਂ ਦੇ ਕੰਨ ਦਰਵਾਜ਼ੇ ਤੇ ਲੱਗੇ ਹੋਏ ਸਨ ਕਿ ਹੁਣੇ ਕੋਈ ਦਰਵਾਜ਼ਾ ਖੜਕਾਏਗਾ। ਪਰ ਕਿਸੇ ਨੇ ਦਰਵਾਜ਼ਾ ਨਹੀਂ ਖੜਕਾਇਆ।

ਲਾਲਾ ਜੀ ਤੁਰ ਪਏ। ਉਹ ਤੁਰਦੇ ਹੋਏ ਛੱਜੇ ਉੱਤੇ ਗਏ ਤਾ ਕਿ ਸੜਕ ਉਤੋਂ ਇਨ੍ਹਾਂ ਭੱਜਦੇ ਹੋਏ ਲੋਕਾਂ ਨੂੰ ਵੇਖਣ। ਸੜਕ ਸੁੰਨਸਾਨ ਪਈ ਸੀ, ਸਾਹਮਣੇ ਕੱਚੇ ਘਰ ਦੀ ਛੱਤ ਉਤੇ ਔਰਤਾਂ, ਮਰਦ ਤੇ ਬੱਚੇ ਖਲੋਤੇ ਸਨ, ਉਨ੍ਹਾਂ ਨੇ ਵੀ ਇਹ ਆਵਾਜ਼ਾਂ ਸੁਣੀਆਂ ਹੋਣਗੀਆਂ। ਪਰ ਸਭ ਚੁੱਪ ਚਾਪ ਖਲੋਤੇ ਸਨ। ਤਦੇ ਲੱਗਭਗ ਛੱਜੇ ਹੇਠੋਂ ਤਿੰਨ ਆਦਮੀ ਸੜਕ ਉਤੇ ਗਲੀ ਵਿਚੋਂ ਮੁੜਦੇ ਨਜ਼ਰ ਆਏ। ਤਿੰਨਾਂ ਨੇ ਮੁਸ਼ਕਾਂ

ਬੰਨ੍ਹੀਆਂ ਹੋਈਆਂ ਸਨ, ਤਿੰਨੇ ਜ਼ੋਰ ਜ਼ੋਰ ਦੀ ਸਾਹ ਲੈ ਰਹੇ ਸਨ ਅਤੇ ਤਿੰਨਾਂ ਦੇ ਹੱਥਾਂ ਵਿਚ ਲਾਠੀਆਂ ਸਨ।

"ਨਿਕਲ ਗਿਆ ਸਿਖੜਾ ! ਜੇ ਭੱਜਦਾ ਨਾ ਤਾਂ ਅਸੀ ਉਸ ਦਾ ਪਿੱਛਾ ਵੀ ਨਾ ਕਰਦੇ।" ਉਨ੍ਹਾਂ ਵਿਚੋਂ ਇਕ ਕਹਿ ਰਿਹਾ ਸੀ।

ਅਤੇ ਉਨ੍ਹਾਂ ਦੇ ਕਦਮ ਗਲੀ ਅੰਦਰ ਮੁੜ ਗਏ ਅਤੇ ਹੌਲੀ ਹੌਲੀ ਦੂਰ ਹੋਣ ਲਗੇ।

ਲਾਲਾ ਜੀ ਨੇ ਸੁੱਖ ਦਾ ਸਾਹ ਲਿਆ ਅਤੇ ਫਿਰ ਪਿੱਛੇ ਪਿੱਛੇ ਹੱਥ ਬੰਨ੍ਹੀ ਕਮਰੇ ਵਿਚ ਟਹਿਲਣ ਲੱਗੇ। ਨਾਨਕੂ ਨੇ ਵੀ ਮਛਰਦਾਨੀ ਦਾ ਡੰਡਾ ਚੁੱਕਿਆ ਅਤੇ ਪੌੜੀਆਂ ਉਤਰ ਕੇ ਦਰਵਾਜ਼ੇ ਪਿੱਛੇ ਜਾ ਬੈਠਾ।

***

## ਦਸ

ਦਿਨ ਦੇ ਉਜਾਲੇ ਵਿਚ ਸ਼ਹਿਰ ਅੱਧ ਮਰਿਆ ਪਿਆ ਸੀ, ਜਿਵੇਂ ਸੱਪ ਸੁੰਘ ਗਿਆ ਹੋਵੇ ? ਮੰਡੀ ਅਜੇ ਵੀ ਸੜ ਰਹੀ ਸੀ, ਮਿਉਂਸਪੈਲਟੀ ਦੇ ਫਾਇਰ ਬ੍ਰਿਗੇਡ ਨੇ ਉਸਦੇ ਨਾਲ ਜੂਝਣਾ ਕਦ ਦਾ ਛੱਡ ਦਿੱਤਾ ਸੀ। ਉਸ ਤੋਂ ਉਠਣ ਵਾਲੇ ਧੂਏਂ ਨਾਲ ਆਸਮਾਨ ਕਾਲਾ ਹੋ ਰਿਹਾ ਸੀ, ਜਦ ਕਿ ਰਾਤ ਵੇਲੇ ਆਸਮਾਨ ਲਾਲ ਹੋ ਰਿਹਾ ਸੀ। ਸਤਾਰਾਂ ਦੁਕਾਨਾਂ ਸੜ ਕੇ ਸਵਾਹ ਹੋ ਗਈਆਂ ਸਨ।

ਦੁਕਾਨਾਂ ਬੰਦ ਸਨ। ਦੁਧ ਦਹੀਂ ਦੀਆਂ ਦੁਕਾਨਾਂ ਕਿਤੇ ਕਿਤੇ ਖੁਲ੍ਹੀਆਂ ਸਨ ਅਤੇ ਉਨ੍ਹਾਂ ਦੇ ਕੋਲ ਦੋ ਦੋ ਚਾਰ ਚਾਰ ਆਦਮੀ ਖਲੋਤੇ ਰਾਤ ਦੀਆਂ ਘਟਨਾਵਾਂ ਬਾਰੇ ਕਿਆਸ ਲਾ ਰਹੇ ਸਨ। ਮਾਰ-ਕੁਟ ਬਾਰੇ ਅਫਵਾਹਾਂ ਜ਼ਿਆਦਾ ਸਨ। ਗਵਾਲਮੰਡੀ ਵਾਲੇ ਕਹਿੰਦੇ ਰੱਤਾ ਵਿਚ ਦੰਗਾ ਹੋਇਆ ਹੈ ਅਤੇ ਰੱਤਾ ਵਾਲੇ ਕਹਿੰਦੇ ਕਮੇਟੀ ਮੁੱਹਲੇ ਵਿਚ ਦੰਗਾ ਹੋਇਆ ਹੈ।

ਨਵੇਂ ਮੁਹੱਲੇ ਦੇ ਚੌਂਕ ਵਿਚ ਇਕ ਘੋੜਾ ਮਰਿਆ ਪਿਆ ਸੀ। ਸ਼ਹਿਰ ਦੇ ਬਾਹਰ ਪਿੰਡ ਨੂੰ ਜਾਣ ਵਾਲੀ ਸੜਕ ਤੇ ਇਕ ਅੱਧਖੜ ਉਮਰ ਦੇ ਆਦਮੀ ਦੀ ਲਾਸ਼ ਮਿਲੀ ਸੀ। ਕਾਲਜ ਰੋਡ ਤੇ ਜੁੱਤੀਆਂ ਦੀ ਇਕ ਦੁਕਾਨ ਅਤੇ ਨਾਲ ਬੈਠਣ ਵਾਲੇ ਦਰਜੀ ਦੀ ਦੁਕਾਨ ਲੁੱਟ ਲਈ ਗਈ ਸੀ। ਇਕ ਹੋਰ ਲਾਸ਼ ਸ਼ਹਿਰ ਦੇ ਸਿਰੇ ਤੇ ਇਕ ਕਬਰਸਤਾਨ ਵਿਚ ਮਿਲੀ ਸੀ। ਲਾਸ਼ ਕਿਸੇ ਅੱਧਖੜ ਉਮਰ ਦੇ ਹਿੰਦੂ ਦੀ ਸੀ, ਉਸਦੇ ਜੇਬ ਵਿਚੋਂ ਕੁਝ ਭਾਨ ਅਤੇ ਦੇਹੇਜ ਦੇ ਕੱਪੜਿਆਂ ਦੀ ਸੂਚੀ ਮਿਲੀ ਸੀ।

ਮੁਹੱਲਿਆਂ ਵਿਚ ਲਕੀਰਾਂ ਖਿੱਚੀਆਂ ਗਈਆਂ ਸਨ, ਹਿੰਦੂਆਂ ਦੇ ਮੁਹੱਲੇ ਵਿਚ ਮੁਸਲਮਾਨਾਂ ਦੀ ਹੁਣ ਜਾਣ ਦੀ ਹਿੰਮਤ ਨਹੀਂ ਸੀ, ਅਤੇ ਮਸਲਸਾਨਾਂ ਦੇ ਮਹੱਲੇ ਵਿਚ

ਹਿੰਦੂ ਸਿੱਖ ਨਹੀਂ ਆ ਜਾ ਸਕਦੇ ਸਨ। ਅੱਖਾਂ ਵਿਚ ਸ਼ੰਕਾ ਅਤੇ ਡਰ ਉਤਰ ਆਏ ਸਨ। ਗਲੀਆਂ ਦੇ ਸਿਰਿਆਂ ਤੇ, ਅਤੇ ਸੜਕਾਂ ਦੇ ਨਾਕਿਆਂ ਤੇ ਥਾਂ ਥਾਂ ਕੁਝ ਲੋਕ ਹੱਥਾਂ ਵਿਚ ਲਾਠੀਆਂ ਅਤੇ ਭਾਲੇ ਲਈ ਮੁਸ਼ਕਾਂ ਬੰਨ੍ਹੀ, ਲੁਕੇ ਬੈਠੇ ਸਨ। ਜਿਥੇ ਕਿਤੇ ਹਿੰਦੂ ਅਤੇ ਮੁਸਲਮਾਨ ਗਵਾਂਢੀ ਇਕ ਦੂਸਰੇ ਕੋਲ ਖਲੋਤੇ ਸਨ, ਵਾਰ ਵਾਰ ਇਕੋ ਹੀ ਵਾਕ ਦੁਹਰਾ ਰਹੇ ਸਨ : 'ਬਹੁਤ ਬੁਰਾ ਹੋਇਆ ਹੈ, ਬਹੁਤ ਬੁਰਾ ਹੋਇਆ ਹੈ। ਇਸ ਤੋਂ ਅੱਗੇ ਵਾਰਤਾਲਾਪ ਵਧ ਹੀ ਨਹੀਂ ਰਹੀ ਸੀ। ਵਾਤਾਵਰਣ ਵਿਚ ਜੜਤਾ ਜਿਹੀ ਆ ਗਈ ਸੀ। ਸਭ ਲੋਕ ਦਿਲ ਹੀ ਦਿਲ ਵਿਚ ਜਾਣਦੇ ਸਨ ਕਿ ਇਹ ਕਾਂਡ ਇਥੇ ਹੀ ਖ਼ਤਮ ਹੋਣ ਵਾਲਾ ਨਹੀਂ ਹੈ, ਪਰ ਅੱਗੇ ਕੀ ਹੋਵੇਗਾ ਕਿਸੇ ਨੂੰ ਪਤਾ ਨਹੀਂ ਸੀ। ਘਰਾਂ ਦੇ ਦਰਵਾਜ਼ੇ ਬੰਦ ਸਨ, ਸ਼ਹਿਰ ਦਾ ਕਾਰੋਬਾਰ, ਸਕੂਲ, ਕਾਲਜ, ਦਫਤਰ ਸਭ ਠੱਪ ਹੋ ਗਏ ਸਨ। ਸੜਕ ਉੱਤੇ ਚਲਦੇ ਆਦਮੀ ਨੂੰ ਹਰ ਵੇਲੇ ਇਉਂ ਮਹਿਸੂਸ ਹੁੰਦਾ ਸੀ ਕਿ ਬਾਰੀਆਂ ਪਿੱਛੋਂ, ਮਕਾਨ ਦੀਆਂ ਹਨੇਰੀਆਂ ਡਿਉਢੀਆਂ, ਦਰਾੜਾਂ ਝੀਤਾਂ ਵਿਚੋਂ ਉਸਨੂੰ ਘੂਰਿਆ ਜਾ ਰਿਹਾ ਸੀ ਅਤੇ ਉਸਦਾ ਪਿੱਛਾ ਕੀਤਾ ਜਾ ਰਿਹਾ ਹੈ। ਲੋਕ ਆਪਣੇ ਆਪਣੇ ਮੁਹੱਲੇ ਵਿਚ ਬੰਦ ਹੋ ਗਏ ਸਨ। ਉਨ੍ਹਾਂ ਨਾਲ ਮੇਲ ਜੋਲ ਉਡਦੀਆਂ ਅਫਵਾਹਾਂ ਦੇ ਸਹਾਰੇ ਬਣਾਇਆ ਹੋਇਆ ਸੀ। ਖਾਂਦੇ ਪੀਂਦੇ ਘਰਾਂ ਦੇ ਲੋਕ ਆਪਣੇ ਆਪਣੇ ਬਚਾਓ ਵਿਚ ਉਲਝ ਗਏ ਸਨ। ਲੋਕ ਭਲਾਈ ਦੇ ਕੰਮ ਠੱਪ ਹੋ ਗਏ ਸਨ। ਕਾਂਗਰਸ ਦੀ ਪ੍ਰਭਾਤ ਫੇਰੀ ਅਤੇ ਉਸਾਰੂ ਕੰਮ, ਸਭ ਇਕੋ ਦਿਨ ਵਿਚ ਖਤਮ ਹੋ ਗਏ ਸਨ। ਫਿਰ ਵੀ ਸੁਬਹ-ਸਵੇਰੇ ਆਮ ਵਾਂਗ ਜਰਨੈਲ ਜਿਵੇਂ ਕਿਵੇਂ ਸੜਕ ਲੰਘਕੇ ਕਾਂਗਰਸ ਦੇ ਦਫ਼ਤਰ ਸਾਹਮਣੇ ਪਹੁੰਚ ਗਿਆ ਸੀ। ਉਥੇ ਜਿੰਦਰਾ ਲੱਗਾ ਵੇਖ ਪਹ-ਫੁਟਣ ਤਕ ਸਾਥੀਆਂ ਦੀ ਉਡੀਕ ਕਰਦਾ ਰਿਹਾ ਅਤੇ ਜਦੋਂ ਉਹ ਨਾ ਆਏ ਤਾਂ ਨਾਲੀ ਉਤੇ ਬਣੇ ਚਬੂਤਰੇ ਤੇ ਖਲੋ ਕੇ ਉਸਨੇ ਛੋਟਾ ਜਿਹਾ ਭਾਸ਼ਨ ਕੀਤਾ ਤੇ ਉਥੋਂ ਚਲਾ ਗਿਆ।

"ਸਾਹਿਬਾਨ, ਕਿਉਂਕਿ ਸਾਰੇ ਅੱਜ ਡਰਪੋਕ ਚੂਹਿਆਂ ਵਾਂਗ ਘਰਾਂ ਵਿਚ ਵੜੇ ਬੈਠੇ ਹਨ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਪ੍ਰਭਾਤ ਫੇਰੀ ਨਹੀਂ

ਹੋਵੇਗੀ, ਮੈਂ ਤੁਹਾਡੇ ਸਭ ਕੋਲੋਂ ਮੁਆਫ਼ੀ ਮੰਗਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਸਭ ਸ਼ਹਿਰ ਵਿਚ ਸ਼ਾਂਤੀ ਬਣਾਈ ਰੱਖੋ। ਇਹ ਸਾਰੀ ਸ਼ਰਾਰਤ ਅੰਗਰੇਜ਼ ਦੀ ਹੈ ਜੋ ਆਪਸ ਵਿਚ ਭਰਾ-ਭਰਾ ਨੂੰ ਲੜਾਉਂਦਾ ਹੈ। ਜੈ ਹਿੰਦ!" ਅਤੇ ਉਹ ਚਬੂਤਰੇ ਤੋਂ ਉਤਰ ਕੇ ਲੈਫਟ-ਰਾਈਟ ਕਰਦਾ ਹੋਇਆ ਹੋਇਆ ਹਨੇਰੇ ਵਿਚ ਗਵਾਚ ਗਿਆ ਸੀ।"

ਉਧਰ ਰਣਵੀਰ ਰਾਤ ਨੂੰ ਘਰ ਨਹੀਂ ਪਰਤਿਆ ਸੀ ਪਰ ਜਿਵੇਂ ਕਿਵੇਂ ਮਾਸਟਰ ਦੇਵਵ੍ਰਤ ਨੇ ਉਸਦੀ ਸੁਖ-ਸਾਂਦ ਦੀ ਖਬਰ ਲਾਲਾ ਲਕਸ਼ਮੀ ਨਾਰਾਇਣ ਨੂੰ ਭਿਜਵਾ ਦਿੱਤੀ ਜੋ ਅਜੇ ਸੋਚ ਹੀ ਰਹੇ ਸਨ ਕਿ ਕੀ ਕਰਨ, ਕਿਥੇ ਜਾਣ ਕਿ ਸ਼ਾਹ ਨਵਾਜ਼ ਆਪ  ਉਥੇ ਪਹੁੰਚ ਗਿਆ ਸੀ। ਉੱਚਾ ਲੰਮਾ ਰੋਬੀਲਾ ਸ਼ਾਹਨਵਾਜ਼, ਉਹ ਆਪਣੀ ਗਹਿਰੀ ਨੀਲੇ ਰੰਗ ਦੀ ਬਿਊਕ ਨੀਲੇ ਗੱਡੀ ਲੈ ਕੇ ਆਇਆ ਸੀ। ਸ਼ਾਹ ਨਵਾਜ਼ ਨਾਲ ਲਾਲਾ ਜੀ ਦੀ ਜਾਣ-ਪਹਿਚਾਨ ਤਾਂ ਸੀ, ਪਰ ਬੇਤਕਲਫੀ ਨਹੀਂ ਸੀ। ਵੇਖਦੇ ਹੀ ਲਾਲਾ ਜੀ, ਉਨ੍ਹਾਂ ਦੀ ਪਤਨੀ ਅਤੇ ਲੜਕੀ ਉਸੇ ਮੋਟਰ ਵਿਚ ਬੈਠ ਕੇ ਮੁਹੱਲੇ ਵਿੱਚੋਂ ਨਿਕਲ ਗਏ ਸਨ। ਨਾਨਕੂ ਇਕੱਲਾ ਮਕਾਨ ਦੀ ਰਾਖੀ ਲਈ ਪਿੱਛੇ ਛੱਡ ਦਿੱਤਾ ਗਿਆ ਸੀ।

"ਹੁਸ਼ਿਆਰੀ ਨਾਲ ਚੌਂਕਦਾਰੀ ਕਰੀਂ, ਸੱਤਾ ਨਾ ਰਹੀਂ ਨਾਨਕੂ, ਸਾਰਾ ਘਰ ਤੇਰੀ ਜ਼ਿੰਮੇਵਾਰੀ ਤੇ ਛੱਡ ਕੇ ਜਾ ਰਹੇ ਹਾਂ।"

ਅਤੇ ਮੋਟਰ ਚਲੀ ਗਈ ਸੀ। ਨੀਲੀ ਬਿਊਕ ਗੱਡੀ ਸੜਕਾਂ ਤੇ ਵੱਲ ਖਾਂਦੀ ਜਾ ਰਹੀ ਸੀ। ਥਾਂ ਥਾਂ ਰਸਤੇ ਤੇ ਖੜੇ ਲੋਕਾਂ ਦੀ ਨਜ਼ਰ ਉਨ੍ਹਾਂ ਤੇ ਜਾਂਦੀ ਸੀ। ਸਭ ਵੇਖਦੇ ਸਨ ਕਿ ਅਗਲੀ ਸੀਟ ਉੱਤੇ ਡਰਾਈਵਰ ਦੀ ਥਾਂ ਤੁਰੇ ਦਾਰ ਪੱਗ ਬੰਨ੍ਹੀ ਸ਼ਾਹਨਵਾਜ਼ ਬੈਠਾ ਹੈ, ਯਾਰਾਂ ਦਾ ਯਾਰ, ਚਿੱਟਾ ਚਮਕਦਾ ਚਿਹਰਾ ਅਤੇ ਉਸਦੇ ਨਾਲ ਲਾਲਾ ਲਕਸ਼ਮੀ ਨਾਰਾਇਣ ਬੈਠੇ ਹਨ, ਅਤੇ ਪਿਛੇ ਦੋ ਤੀਵੀਆਂ ਬੈਠੀਆਂ ਹਨ। ਇਉਂ ਨਿਕਲ ਜਾਣਾ ਬੜੀ ਹਿੰਮਤ ਦੀ ਗੱਲ ਸੀ। ਜਿਥੇ ਕਿਤੇ ਲੋਕਾਂ ਦਾ ਜਮਘਟਾ ਨਜ਼ਰ

ਆਉਂਦਾ ਲਾਲਾ ਜੀ ਦੂਸਰੇ ਬੰਨੇ ਵੇਖਣ ਲੱਗਦੇ ਸਨ, ਜਦ ਕਿ ਪਿਛਲੀ ਸੀਟ ’ਤੇ ਬੈਠੀ ਲਾਲਾ ਜੀ ਦੀ ਪਤਨੀ ਸ਼ਾਹ ਨਵਾਜ਼ ਨੂੰ ਅਸੀਸਾਂ ਦੇ ਰਹੀ ਸੀ। ਅਜਿਹੇ ਲੋਕਾਂ ਦੇ ਵਿਚ ਭਗਵਾਨ ਵਸਦਾ ਹੈ ਜੋ ਮੁਸੀਬਤ ਵਿਚ ਲੋਕਾਂ ਦੇ ਹੱਥ ਫੜਦੇ ਹਨ।

ਅਤੇ ਹੁਣ ਬਿਊਕ ਕਾਰ, ਲਾਲਾ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਦਰ ਬਜ਼ਾਰ ਉਨ੍ਹਾਂ ਦੇ ਕਿਸੇ ਸਬੰਧੀ ਦੇ ਘਰ ਵਿਚ ਛੱਡ ਆਉਣ ਪਿਛੋਂ ਫਿਰ ਸ਼ਹਿਰ ਦੀਆਂ ਸੜਕਾਂ ਵਲ ਜਾ ਰਹੀ ਸੀ। ਹੁਣ ਸ਼ਾਹਨਵਾਜ਼ ਸਿੱਧਾ ਆਪਣੇ ਜਿਗਰੀ ਦੋਸਤ ਰਘੁਨਾਥ ਦੇ ਡੇਰੇ ਤੇ ਜਾ ਰਿਹਾ ਪਰ ਸਾਹ ਨਵਾਜ ਨੂੰ ਆਪਣੇ ਬਚਾਓ ਦੀ ਕੋਈ ਚਿੰਤਾ ਨਹੀਂ ਸੀ। ਉਸ ਦੀ ਬਿਊਕ ਕਾਰ ਸਭ ਜਗ੍ਹਾ ਜਾਂਦੀ ਸੀ।

ਜਾਮਾ ਮਸਜਿਦ ਦੇ ਸਾਹਮਣਿਓਂ ਹੁੰਦੀ ਹੋਈ ਬਿਉਕ ਕਾਰ ਮਾਈ ਸੱਤੋ ਦੇ ਤਲਾ ਵੱਲ ਜਾ ਰਹੀ ਸੀ। ਸੜਕ ਦੇ ਦੋਵਾਂ ਪਾਸਿਆਂ ਦੇ ਮਕਾਨ ਬੜੇ ਛੋਟੇ ਛੋਟੇ ਸਨ। ਛੋਟੀਆਂ ਛੋਟੀਆਂ ਦੁਕਾਨਾਂ, ਜਿਨ੍ਹਾਂ ਅੱਗੇ ਲਾਠੀਆਂ ਦੇ ਸਹਾਰੇ ਸਾਇਬਾਨ ਖੜੇ ਕੀਤੇ ਗਏ ਸਨ, ਖੰਡਰ ਜਿਹੀਆਂ ਲੱਗ ਰਹੀਆਂ ਸਨ। ਇਹ ਇਲਾਕਾ ਮੁਸਲਮਾਨੀ ਸੀ। ਅੱਧਟੁਟਾ ਪੁਲ ਪਾਰ ਕਰਨ ਪਿਛੋਂ ਮੋਟਰ ਸੈਯਦਾਂ ਦੇ ਮੁਹੱਲੇ ਨੂੰ ਵਧ ਗਈ। ਸੱਜੇ ਖੱਬੇ ਦੇ ਘਰ ਉੱਚੇ ਉਠਣ ਲਗੇ। ਛੱਜਿਆਂ ਵਾਲੇ ਦੋ ਮੰਜ਼ਿਲਾ, ਤਿੰਨ ਮੰਜ਼ਿਲਾ ਘਰ, ਹੇਠਾਂ ਅਗਾਂਹ ਵਧੇ ਹੋਏ ਚਬੂਤਰੇ, ਦਰਵਾਜ਼ਿਆਂ, ਬਾਰੀਆਂ ਉਪਰ ਰੰਗੀਨ ਸ਼ੀਸ਼ੇ। ਇਥੇ ਹਿੰਦੂ ਵਕੀਲ ਅਤੇ ਠੇਕੇਦਾਰ ਰਹਿੰਦੇ ਸਨ। ਇਕ ਅੱਧੇ ਨੂੰ ਛੱਡ ਕੇ ਸਭ ਹਿੰਦੂ ਸਨ। ਸ਼ਾਹ ਨਵਾਜ਼ ਦਾ ਅਨੇਕਾਂ ਨਾਲ ਉਠਣਾ ਬੈਠਣਾ ਸੀ, ਬੇਤਕੁਲਫੀ ਸੀ, ਦੋਸਤੀ ਯਾਰੀ ਸੀ ਉਹ ਜਾਣਦਾ ਸੀ ਕਿ ਇਸ ਵੇਲੇਂ ਝਰੋਖਿਆਂ ਤੇ ਲੱਗੀਆਂ ਅੱਖਾਂ ਉਸ ਵੱਲ ਵੇਖ ਰਹੀਆਂ ਹਨ, ਪਰ ਉਸਨੂੰ ਇਸ ਗੱਲ ਦਾ ਵਿਸਵਾਸ਼ ਸੀ ਕਿ ਸਭ ਅੱਖਾਂ ਉਸਨੂੰ ਪਛਾਣਦੀਆਂ ਹਨ। ਫਿਰ ਵੀ ਉਸਨੇ ਮੋਟਰ ਦੀ ਰਫਤਾਰ ਥੋੜ੍ਹੀ ਤੇਜ਼ ਕਰ ਦਿੱਤੀ।

ਮਾਈ ਸੱਤੋ ਦੇ ਤਲਾ ਕੋਲ ਪਹੁੰਚ ਕੇ ਉਹ ਸੱਜੇ ਹੱਥ ਮੁੜ ਗਿਆ। ਇਹ ਇਲਾਕਾ ਮਿਲਿਆ ਜੁਲਿਆ ਸੀ। ਸਭ ਤਰ੍ਹਾਂ ਦੇ ਲੋਕ ਰਹਿੰਦੇ ਸਨ। ਦੁਕਾਨਾਂ ਦੀ ਇਕ

ਲੰਮੀ ਕਤਾਰ ਜੁੱਤੀਆਂ ਬਣਾਉਣ ਵਾਲਿਆਂ ਦੀ ਸੀ। ਇਹ ਲੋਕ ਹੁਸ਼ਿਆਰਪੁਰੋਂ ਆਏ ਸਨ। ਸਭ ਸਿੱਖ ਸਨ, ਸਭ ਦੁਕਾਨਾਂ ਬੰਦ ਸਨ। ਅੱਗੋਂ ਚਲ ਕੇ ਕੁਝ ਕੱਚੇ ਘਰ ਸਨ। ਜਿਨ੍ਹਾਂ ਦੀਆਂ ਕੰਧਾਂ ਤੇ ਗੋਹੇ ਦੀਆਂ ਥਾਪੀਆਂ ਲੱਗੀਆਂ ਸਨ। ਇਹ ਇਲਾਕਾ ਵੀ ਸੁੰਨਸਾਨ ਪਿਆ ਸੀ। ਇਹ ਭੰਗੀਆਂ ਦੀ ਬਸਤੀ ਸੀ। ਸ਼ਾਹਨਵਾਜ਼ ਦੀ ਮੋਟਰ ਫਿਰ ਹੌਲੀ ਹੋ ਗਈ। ਇਥੇ ਸੰਕਟ ਦੀ ਪਰਛਾਈ ਇੰਨੀ ਗਹਿਰੀ ਹੋਈ ਦਿਖਾਈ ਨਹੀਂ ਦਿੰਦੀ ਸੀ, ਬਿਜਲੀ ਦੇ ਖੰਭੇ ਦਵਾਲੇ ਦੋ ਬੱਚੇ ਇਕ ਦੂਸਰੇ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹੋਏ ਘੁੰਮ ਰਹੇ ਸਨ। ਉਨ੍ਹਾਂ ਦੇ ਨੇੜੇ ਬੱਚਿਆਂ ਦੀ ਇਕ ਹੋਰ ਟੋਲੀ ਖੇਡ ਰਹੀ ਸੀ। ਕੋਲੋਂ ਲੰਘਦੇ ਹੋਏ ਸ਼ਾਹਨਵਾਜ ਨੇ ਧਿਆਨ ਨਾਲ ਉਨ੍ਹਾਂ ਵੱਲ ਵੇਖਿਆ : ਬੱਚੇ ਘੇਰਾ ਬਣਾਈ ਖਲੋਤੇ ਸਨ ਅਤੇ ਘੇਰੇ ਅੰਦਰ ਇਕ ਛੋਟੀ ਜਿਹੀ ਕੁੜੀ ਕੁੜਤਾ ਉਤਾਂਹ ਖਿੱਚ ਕੇ ਜ਼ਮੀਨ ਤੇ ਲੇਟੀ ਸੀ ਅਤੇ ਉਸ ਦੇ ਪੱਟਾਂ ਉਤੇ ਇਕ ਨਨ੍ਹਾ ਜਿਹਾ ਲੜਕਾ ਬੈਠਾ ਸੀ - ਉਸ ਨੇ ਵੀ ਆਪਣਾ ਕੁੜਤਾ ਉਪਰ ਨੂੰ ਚੜ੍ਹਾਇਆ ਹੋਇਆ ਸੀ। ਲਾਗੇ-ਚਾਗੇ ਖਲੋਤੇ ਸਭ ਬੱਚੇ ਹੱਸ ਹੱਸ ਕੇ ਲੋਟ-ਪੋਟ ਹੋ ਰਹੇ ਸਨ। "ਕਮਜ਼ਾਤ ! ਇਨ੍ਹਾਂ ਨੂੰ ਹੋਰ ਕੋਈ ਖੇਡ ਨਹੀਂ ਸੁਝੀ !" ਸ਼ਾਹਨਵਾਜ਼ ਬੁੜਬੁੜਾਇਆ ਅਤੇ ਹੱਸ ਕੇ ਅੱਗੇ ਵਧ ਗਿਆ। ਇਸ ਇਲਾਕੇ ਵਿਚ ਅਜੇ ਤਨਾਓ ਨਹੀਂ ਆਇਆ ਸੀ, ਜੇ ਸੀ ਤਾਂ ਦਿਖਾਈ ਨਹੀਂ ਦਿੰਦਾ ਸੀ।

ਸ਼ਾਹਨਵਾਜ਼ ਦੇ ਚਿਹਰੇ ਵੱਲ ਵੇਖਦੇ ਹੋਏ ਇਹ ਨਹੀਂ ਲੱਗਦਾ ਸੀ ਕਿ ਕਦੇ ਉਸ ਦੇ ਮਨ ਵਿਚ ਵੀ ਹੋਛੇ ਅਤੇ ਬੁਰੇ ਵਿਚਾਰ ਉਠ ਸਕਦੇ ਹੋਣਗੇ। ਰੋਬੀਲਾ ਜਵਾਨ, ਛਾਤੀ ਆਕੜੀ ਰਹਿੰਦੀ, ਤੁੱਰਾ ਲਹਿਰਾਉਂਦਾ ਰਹਿੰਦਾ, ਬੂਟ ਚਮਚਮਾਉਂਦੇ ਰਹਿੰਦੇ, ਸਦਾ ਸਰਸਰਾਉਂਦੇ ਧੋਬੀ ਦੇ ਧੋਤੇ ਕੱਪੜੇ ਪਾਉਂਦਾ ਸੀ। "ਧਰਮ ਨਾਲ, ਜੇ ਇਹ ਕਿਸੇ ਕੁੜੀ ਵੱਲ ਵੇਖ ਕੇ ਮੁਸਕਰਾ ਪਵੇ, ਤਾਂ ਉਹ ਮੁਸਕਰਾਏ ਬਿਨਾਂ ਨਹੀਂ ਰਹਿ ਸਕਦੀ।" ਉਸ ਦੇ ਬਾਰੇ ਕਿਹਾ ਜਾਂਦਾ ਸੀ। ਪਰ ਇਹ ਕਈ ਵਰ੍ਹੇ ਪਹਿਲਾਂ ਦੀ ਗੱਲ ਸੀ। ਹੁਣੇ ਉਹ ਇਹ ਧੀਰ-ਗੰਭੀਰ ਦੁਨੀਆਂਦਾਰ ਆਦਮੀ ਸੀ, ਦੋ ਪਟਰੋਲ ਪੰਪਾਂ ਦਾ

ਮਾਲਕ, ਇਸ ਦੀਆਂ ਮੋਟਰ-ਲਾਰੀਆਂ ਚਲਦੀਆਂ ਸਨ, ਪਰ ਫਿਰ ਵੀ ਯਾਰਾਂ ਦਾ ਯਾਰ, ਮਿਲਣਸਾਰ, ਹੱਸਮੁਖ ਅਤੇ ਜਜ਼ਬਾਤੀ, ਜਿਵੇਂ ਪਹਿਲਾਂ ਹੋਇਆ ਕਰਦਾ ਸੀ, ਹੁਣ ਵੀ ਸੀ।

ਦੋਸਤ ਪਰਵਰੀ ਉਸ ਦਾ ਈਮਾਨ ਸੀ। ਜਦ ਸ਼ਹਿਰ ਵਿਚ ਗੜਬੜ ਸ਼ੁਰੂ ਹੋਈ ਸੀ ਤਾਂ ਉਹ ਰਘੂਨਾਥ ਦੀ ਸੁਖ ਸਾਂਦ ਪੁੱਛਣ ਗਿਆ ਸੀ ਅਤੇ ਉਸ ਨੇ ਰਘੂਨਾਥ ਦੇ ਘਰ ਦੇ ਨਾਲ ਬੈਠਣ ਵਾਲ ਨਾਨਬਾਦੀ ਨੂੰ ਕਿਹਾ ਸੀ :

"ਵੇਖ ਫਕੀਰੇ, ਦੋਵੇ ਕੰਨ ਖੋਲ੍ਹ ਕੇ ਸੁਣ ਲੈ। ਜੇ ਮੇਰੇ ਯਾਰ ਦੇ ਘਰ ਨੂੰ ਕਿਸੇ ਨੇ ਬੁਰੀ ਨਜ਼ਰ ਨਾਲ ਵੇਖਿਆ ਤਾਂ ਮੈਂ ਤੈਨੂੰ ਫੜਾਂਗਾ। ਕੋਈ ਇਸ ਘਰ ਦੇ ਨੇੜੇ ਨਾ ਆਵੇ।"

ਮੋਟਰ ਹੁਣ ਵੱਡੀ ਸੜਕ ਤੇ ਆ ਗਈ ਸੀ। ਇਲਾਕਾ ਖੁਲ੍ਹ ਗਿਆ ਸੀ ਅਤੇ ਸੜਕ ਚੌੜੀ ਸੀ ਅਤੇ ਲਾਗੇ ਚਾਗੇ ਤੇ ਘਰ ਸੜਕੋਂ ਕਾਫ਼ੀ ਦੂਰ ਸਨ। ਇਲਾਕਾ ਮੁਸਲਮਾਨੀ ਸੀ ਅਤੇ ਮੋਟਰ ਹੌਲੀ ਰਫ਼ਤਾਰ ਨਾਲ ਚਲੀ ਜਾ ਰਹੀ ਸੀ। ਭਾਭੜਖਾਨ ਵਲ ਜਾਣ ਵਾਲੀ ਸੜਕ ਦੇ ਸਿਰੇ ਤੇ ਮੌਲਦਾਦ ਖਲੋਤਾ ਸੀ। ਪਿੱਛੇ ਇਕ ਦੁਕਾਨ ਤੇ ਚਬੂਤਰੇ ਤੇ ਪੰਜ ਸੱਤ ਆਦਮੀ ਮੁਸ਼ਕਾਂ ਬੰਨ੍ਹੀ ਤੇ ਲਾਠੀਆਂ ਭਾਲੇ ਹੱਥ ਵਿਚ ਲਈ ਬੈਠੇ ਸਨ। ਮੌਲਾ ਦਾਦ ਅੱਜ ਵੀ ਆਪਣੀ ਨਿਰਾਲੀ ਪੁਸ਼ਾਕ ਵਿਚ ਸੀ, ਖਾਕੀ ਰੰਗ ਦੀ ਬਿਰਜਿਸ, ਗਲ ਵਿਚ ਹਰੇ ਰੰਗ ਦਾ ਰੇਸ਼ਮੀ ਰੁਮਾਲ। ਸ਼ਾਹਨਵਾਜ਼ ਦੀ ਮੋਟਰ ਨੂੰ ਆਉਦਾ ਵੇਖ ਕੇ ਅੱਗੇ ਵਧ ਆਇਆ ਸੀ।

''ਕੀ ਖਬਰ ਹੈ ?" ਸ਼ਾਹਨਵਾਜ਼ ਨੇ ਮੋਟਰ ਖੜੀ ਕਰਦੇ ਹੋਏ ਪੁੱਛਿਆ।

''ਖਬਰ ਕੀ ਹੈ ਖਾਨ ਜੀ, ਉਧਰ ਪਿਛਲੇ ਮਹੱਲੇ ਵਿਚ ਕਾਫ਼ਰਾ ਨੇ ਇਕ ਗਰੀਬ ਮੁਸਲਮਾਨ ਨੂੰ ਮਾਰ ਸੁੱਟਿਆ ਹੈ।" ਕਹਿੰਦੇ ਹੋਏ ਮੌਲਾ ਦਾਦ ਦੇ ਹੋਠਾਂ 'ਤੇ ਗੁੱਸੇ ਦੀ ਝੱਗ ਆ ਗਈ।

ਮੌਲਦਾਦ ਦੀ ਨਜ਼ਰ ਵਿਚ ਗੁੱਸਾ ਸੀ ਜਿਵੇਂ ਉਹ ਕਹਿ ਰਿਹਾ ਹੋਵੇ : ਤੁਸੀ ਤਾਂ ਖਾਨ ਜੀ ਕਾਫਰਾਂ ਨਾਲ ਗਲਵਕੜੀਆਂ ਪਾਉਂਦੇ ਹੋ ਉਨ੍ਹਾਂ ਨਾਲ ਉਠਦੇ ਬੈਠਦੇ ਹੋ, ਜਦ ਕਿ ਮੁਸਲਮਾਨ ਮਰ ਰਹੇ ਹਨ।" ਪਰ ਉਹ ਕੁਝ ਵੀ ਬੋਲਿਆ ਨਹੀਂ। ਮੌਲਾ ਦਾਦ ਜਾਣਦਾ ਸੀ ਕਿ ਉਸ ਦੀ ਪਹੁੰਚ ਉਸ ਥਾਂ ਤਕ ਨਹੀਂ ਜਾ ਸਕਦੀ ਜਿਸ ਥਾਂ ਤਕ ਸ਼ਾਹਨਵਾਜ਼ ਦੀ ਪਹੁੰਚ ਜਾ ਸਕਦੀ ਹੈ। ਸ਼ਾਹਨਵਾਜ਼ ਦਾ ਉਠਣਾ ਬੈਠਣਾ ਡਿਪਟੀ ਕਮਿਸ਼ਨਰ ਨਾਲ ਸੀ, ਸ਼ਹਿਰ ਦੇ ਰਈਸਾਂ ਨਾਲ ਸੀ, ਜਦ ਕਿ ਮੌਲਾ ਦਾਦ ਕਮੇਟੀ ਦੇ ਲਾਗੇ ਚਾਗੇ ਹੀ ਵਰ੍ਹਿਆਂ ਤੋਂ ਚੱਕਰ ਕੱਟ ਰਿਹਾ ਸੀ।

'ਪੰਜ ਕਾਫ਼ਿਰ ਅਸੀਂ ਵੀ ਵੱਢੇ ਹਨ। ਇਨ੍ਹਾਂ ਦੀ ਮਾਂ ਦੀ ... ਸ਼ਾਹਨਵਾਜ਼ ਨੇ ਅਣ-ਸੁਣਿਆ ਕਰ ਦਿੱਤਾ ਅਤੇ ਮੋਟਰ ਚਲਾ ਦਿੱਤੀ।

ਉਹ ਥੋੜ੍ਹੀ ਦੂਰ ਹੀ ਅੱਗੇ ਗਿਆ ਸੀ ਕਿ ਸੱਜੇ ਬੰਨਿਓ ਇਕ ਗਲੀ ਵਿਚੋਂ ਅਚਾਨਕ ਬਹੁਤ ਸਾਰੇ ਲੋਕ ਨਿਕਲੇ। ਚੁੱਪ ਚਾਪ ਚਲਦੇ ਹੋਏ ਲੋਕ ਸੜਕ ਪਾਰ ਕਰਨ ਲੱਗੇ ਸਨ। ਜਨਾਜ਼ਾ ਸੀ। ਅੱਗੇ ਅੱਗੇ ਹਯਾਤ ਬਖਸ਼ ਚੱਲੀ ਜਾ ਰਿਹਾ ਸੀ। ਸਿਰ ਤੇ ਕੁੱਲਾ, ਸਫੈਦ ਕਮੀਜ਼ ਅਤੇ ਸਤਵਰ ਲੋਕਾਂ ਦੇ ਪੈਰਾਂ ਦੀ ਹਲਕੀ ਹਲਕੀ ਆਹਟ ਹਵਾ ਨੂੰ ਜਿਵੇਂ ਥਪਕੀਆਂ ਦਿੰਦੀ ਜਾ ਰਹੀ ਸੀ। ਸ਼ਾਹਨਵਾਜ਼ ਸਮਝ ਗਿਆ ਕਿ ਇਹ ਉਸੇ ਮੁਸਲਮਾਨ ਦੀ ਮੱਈਅਤ ਹੋਵੇਗੀ। ਜਨਾਜ਼ੇ ਪਿਛੇ ਦੋ ਛੋਟੇ ਛੋਟੇ ਲੜਕੇ ਵੀ ਜਾ ਰਹੇ ਸਨ ਜੋ ਜ਼ਰੂਰ ਉਸ ਦੇ ਪੁੱਤਰ ਹੋਣਗੇ।

ਥੋੜ੍ਹੀ ਦੇਰ ਪਿਛੋਂ ਸੜਕ ਸਾਫ ਹੋ ਗਈ ਸੀ, ਸ਼ਾਹਨਵਾਜ਼ ਨੇ ਕਾਰ ਫਿਰ ਚਲਾ ਦਿੱਤੀ। ਫਾਟਕ ਲੰਘ ਕੇ ਸਾਹ ਨਵਾਜ਼ ਨੇ ਮੋਟਰ ਰੁੱਖ ਹੇਠਾਂ ਖੜੀ ਕਰ ਦਿੱਤੀ ਅਤੇ ਚਾਬੀ ਝੁਲਾਉਂਦਾ ਬੰਗਲੇ ਵਲ ਵਧਣ ਲਗਾ। ਪੜਦੇ ਪਿੱਛੇ ਖਲੋਤੀ ਰਘੂਨਾਥ ਦੀ ਪਤਨੀ ਨੇ ਉਸ ਨੂੰ ਸਭ ਤੋਂ ਪਹਿਲਾਂ ਵੇਖਿਆ ਅਤੇ ਉਸ ਨੂੰ ਪਛਾਣਦੇ ਹੀ ਉਸ ਨੂੰ ਹਾਰਦਿਕ ਖੁਸ਼ੀ ਹੋਈ।

"ਓ ਕਰਾੜ, ਖੋਲ੍ਹ ਦਰਵਾਜਾ।" ਬਾਹਰੋਂ ਆਵਾਜ਼ ਆਈ। ਰਘੂਨਾਥ ਦੀ ਪਤਨੀ ਦੌੜ ਕੇ ਬਾਥਰੂਮ ਵਲ ਗਈ।

"ਸ਼ਾਹਨਵਾਜ਼ ਤੁਹਾਨੂੰ ਮਿਲਣ ਆਇਆ ਹੈ, "ਉਸ ਨੇ ਦਰਵਾਜ਼ੇ ਬਾਹਰੋਂ ਪਤੀ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਮੈਂ ਉਸ ਨੂੰ ਬਿਠਾਉਂਦੀ ਹਾਂ, ਤੁਸੀਂ ਆਓ।"

ਓ ਬਾਬੂ, ਬੰਗਲੇ ਵਿਚ ਰਹਿਣ ਲੱਗਾ ਹੈ ਤੇ ਦਰਵਾਜਾ ਹੀ ਨਹੀਂ ਖੋਲ੍ਹਦਾ।" ਫਿਰ ਭਾਬੀ ਨੂੰ ਸਾਹਮਣੇ ਘੜਾ ਵੇਖ ਝੁਕ ਗਿਆ।

"ਭਾਬੀ ਸਲਾਮ! ਕਿਧਰ ਏ ਮੇਰਾ ਯਾਰ?" ਉਸ ਨੇ ਕਿਹਾ ਅਤੇ ਬੈਠਣ ਵਾਲੇ ਕਮਰੇ ਵਿਚ ਦਾਖਲ ਹੋ ਗਿਆ।

ਰਘੂਨਾਥ ਦੀ ਪਤਨੀ ਨੇ ਦਸਿਆ ਕਿ ਰਘੂਨਾਥ ਬਾਥਰੂਮ ਵਿਚ ਸੀ ਅਤੇ ਉਹ ਸ਼ਾਹਨਵਾਜ਼ ਦੇ ਨੇੜੇ ਕੁਰਸੀ ਤੇ ਬਹਿ ਗਈ।

"ਇਥੇ ਕਿਦਾਂ ਏ ਭਾਬੀ ? ਕੋਈ ਤਕਲੀਫ ਤਾਂ ਨਹੀਂ ? ਚੰਗਾ ਕੀਤਾ ਉਥੋਂ ਨਿਕਲ ਆਏ।"

''ਠੀਕ ਏ, ਪਰ ਆਪਣਾ ਘਰ ਤਾਂ ਆਪਣਾ ਘਰ ਹੀ ਹੁੰਦਾ ਏ। ਹੁਣ ਪਤਾ ਨਹੀਂ ਕਦੋਂ ਉਸ ਵਿਚ ਜਾਵਾਂਗੇ ਜਾਂ ਨਹੀਂ।" ਕਹਿੰਦੇ ਕਹਿੰਦੇ ਉਸ ਦੀਆਂ ਅੱਖਾਂ ਭਰ ਆਈਆਂ।

ਸਾਹਨਵਾਜ਼ ਵੀ ਭਾਵਕ ਹੋ ਉਠਿਆ। ਰੋ ਨਾ ਵਾਪਸ ਜਾਵੋਗੇ। ਤੂੰ ਬੇਫਿਕਰ ਰਹਿ।"

ਰਘੂਨਾਥ ਦੀ ਪਤਨੀ ਸ਼ਾਹ ਨਵਾਜ਼ ਤੋਂ ਘੁੰਡ ਨਹੀਂ ਕਰਦੀ ਸੀ। ਉਸ ਦੇ ਦੋਸਤਾਂ ਵਿਚੋਂ ਇਹੋ ਇਕ ਮੁਸਲਮਾਨ ਦੋਸਤ ਸੀ ਜਿਸ ਦੇ ਸਾਹਮਣੇ ਉਹ ਬਿਨਾਂ ਝਿਜਕ ਆ ਜਾਂਦੀ ਸੀ। ਰਘੂਨਾਥ ਨੂੰ ਵੀ ਇਸ ਗੱਲ ਦਾ ਮਾਣ ਸੀ ਕਿ ਉਸ ਦਾ ਸਭ ਤੋਂ ਨਜ਼ਦੀਕੀ ਦੋਸਤ ਇਕ ਮੁਸਲਮਾਨ ਹੈ।

''ਫਾਤਮਾ ਨੂੰ ਨਹੀਂ ਲਿਆਏ ? ਜਦੋਂ ਆਉਂਦੇ ਹੋ ਇਕੱਲੇ ਹੀ ਤੁਰੇ ਆਉਂਦੇ ਹੋ?"

"ਸ਼ਹਿਰ ਵਿਚ ਗੜਬੜ ਏ ਭਾਬੀ, ਤੂੰ ਕੀ ਸਮਝਦੀ ਏਂ,

"ਮੈਂ ਸੈਰ ਕਰਨ ਨਿਕਲਿਆ ਵਾਂ।"

''ਤੂੰ ਆ ਸਕਦਾ ਏਂ ਤਾਂ ਉਹ ਨਹੀਂ ਆ ਸਕਦੀ ? ਮੋਟਰ ਵਿਚ ਉਹ ਵੀ ਬੈਠ ਸਕਦੀ ਹੈ।"

ਤਦੇ ਰਘੁਨਾਥ ਆ ਗਿਆ।

"ਓ ਬਾਬੂ, ਤੈਨੂੰ ਇਥੇ ਵੀ ਟੁੱਟੀਆਂ ਲੱਗੀਆ ਨੇ। ਉਧਰੋਂ ਭੱਜ ਆਇਆ ਏਂ ਕਾਫ਼ਿਰ ਅਤੇ ਇੱਥੇ ਵੀ ਟੱਟੀਆਂ ਫਿਰਨ ਲਗਾ ਏਂ।"

ਅਤੇ ਦੋਹਾਂ ਨੇ ਗਲਵਕੜੀ ਪਾ ਲਈ। ਸ਼ਾਹਨਵਾਜ਼ ਫਿਰ ਭਾਵਕ ਹੋ ਗਿਆ ਇਸ ਮੇਰੇ ਯਾਰ ਤੇ ਤਾਂ ਮੇਰੀ ਜਾਨ ਕੁਰਬਾਨ ਹੈ। ਇਸ ਨੂੰ ਕੋਈ ਹੱਥ ਤਾਂ ਲਾ ਕੇ ਵੇਖੋ, ਮੈਂ ਉਸ ਦੀ ਚਮੜੀ ਉਧੇੜ ਦਿਆਂ ?"

ਭਾਬੀ ਬਾਹਰ ਜਾਣ ਲੱਗੀ ਤਾਂ ਸਾਹਨਵਾਜ਼ ਨੇ ਉਸ ਨੂੰ ਰੋਕ ਲਿਆ :

''ਕਿੱਥੇ ਜਾ ਰਹੀ ਹੈ ਭਾਬੀ, ਮੈਂ ਖਾਣ-ਵਾਣਾ ਨਹੀਂ ਖਾਵਾਂਗਾ"

''ਕਿਉਂ ? ਖਾਣਾ ਕਿਉਂ ਨਹੀਂ ਖਾਣਾ ?"

"ਇਹ ਤਾਂ ਬੋਲਦਾ ਹੀ ਰਹੇਗਾ, ਤੂੰ ਖਾਣਾ ਤਿਆਰ ਕਰ।" ਰਘੂਨਾਥ ਬੋਲਿਆ।

''ਜਾ ਜਾਂ, ਭਿੰਡੀਆਂ ਖਵਾਏਂਗਾ, ਮੈਂ ਭਿੰਡੀਆਂ ਨਹੀਂ ਖਾਂਦਾ, ਭਾਬੀ ਮੇਰੇ ਲਈ ਕੁੱਝ ਨਾ ਬਣਾਈ।

ਪਰ ਜਾਨਕੀ ਜਾ ਚੁੱਕੀ ਸੀ, ਅਤੇ ਉਸ ਨੇ ਪਿਛੋਂ ਫਿਰ ਆਵਾਜ਼ ਦਿੱਤੀ :

"ਖੁਦਾ ਕਸਮ, ਭਾਬੀ ਮੈਂ ਕੁਝ ਨਹੀਂ ਖਾਵਾਂਗਾ। ਮੈਂ ਛੇਤੀ ਜਾਣਾ ਹੈ, ਮੈਂ ਦੋ ਮਿੰਟ ਲਈ ਆਇਆ ਹਾਂ।"

“ਖਾਣਾ ਨਹੀਂ ਖਾਓਗੇ ਤਾਂ ਚਾਹ ਤਾਂ ਪੀਓਗੇ?" ਭਾਬੀ ਕਮਰੇ ਦੀ ਦਹਿਲੀਜ਼ ਤੋਂ ਪਰਤ ਆਈ ਸੀ।

"ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਤੁਸੀਂ ਖਾਣਾ ਨਹੀਂ ਖਵਾਉਗੇ, ਪਰ ਲਿਆਓ ਤੁਸੀਂ ਚਾਹ ਹੀ ਪਿਆ ਦਿਓ।"

ਦੋਵੇਂ ਦੋਸਤ ਬੈਠ ਗਏ। ਰਘੂਨਾਥ ਨੇ ਗੰਭੀਰ ਆਵਾਜ਼ ਵਿਚ ਕਿਹਾ :

"ਬਹੁਤ ਗੜਬੜ ਹੈ, ਦਿਲ ਨੂੰ ਬੜਾ ਦੁੱਖ ਹੁੰਦਾ ਹੈ, ਭਰਾ ਭਰਾ ਦਾ ਗੱਲ ਵੱਢ ਰਿਹਾ ਹੈ।"

ਪਰ ਅਚਾਨਕ ਇਸ ਵਾਕ ਨਾਲ ਦੋਹਾਂ ਵਿਚ ਇਕ ਤਰ੍ਹਾਂ ਦੀ ਦੂਰੀ ਜਿਹੀ ਪੈਦਾ ਹੋ ਗਈ। ਉਨ੍ਹਾਂ ਦੇ ਆਪਸੀ ਰਿਸ਼ਤੇ ਦੀ ਗੱਲ ਸੀ। ਹਿੰਦੂ ਮੁਸਲਮਾਨ ਦੇ ਰਿਸ਼ਤੇ ਦੀ ਗੱਲ ਦੂਸਰੀ ਸੀ, ਇਸ ਵਾਕ ਨਾਲ ਰਘੂਨਾਥ ਨੇ ਜਿਵੇਂ ਨਿਜੀ ਰਿਸ਼ਤੇ ਨਾਲ ਜਾਤੀਆਂ ਦੇ ਰਿਸ਼ਤਿਆਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਸੀ ਜਿਸ ਦੇ ਬਾਰੇ ਦੋਹਾਂ ਦੇ ਆਪਣੇ ਅਲੱਗ ਅਲੱਗ ਵਿਚਾਰ ਸਨ।

"ਸੁਣਿਆ ਹੈ ਪਿੰਡਾਂ ਵਿਚ ਵੀ ਫ਼ਸਾਦ ਸ਼ੁਰੂ ਹੋ ਗਏ ਹਨ। ਰਘੂਨਾਥ ਨੇ ਕਿਹਾ। ਪਰ ਇਸ ਵਿਸ਼ੇ ਤੇ ਜਿਆਦਾ ਵਾਰਤਾਲਾਪ ਦੀ ਗੁੰਜਾਇਸ਼ ਨਹੀਂ ਸੀ। ਦੋਵੇਂ ਅਟਪਟਾ ਮਹਿਸੂਸ ਕਰਨ ਲੱਗੇ। ਇਹ ਵਿਸ਼ਾ ਉਨ੍ਹਾਂ ਦੇ ਪਿਆਰ ਭਰੇ ਵਾਰਤਾਲਾਪ ਤੇ ਕੋਹਰੇ ਦੀ ਚਾਦਰ ਵਾਂਗ ਵਿਛ ਗਿਆ ਸੀ।

“ਛੱਡ ਬੱਬੂ, ਤੂੰ ਆਪਣੀ ਗੱਲ ਕਰ।" ਸ਼ਾਹ ਨਵਾਂਜ਼ ਨੇ ਵਿਸ਼ਾ ਬਦਲਦੇ ਹੋਏ ਕਿਹਾ, ਪਤਾ ਈ ਕੱਲ ਮੇਰੀ ਕਿਸ ਨਾਲ ਮੁਲਾਕਾਤ ਹੋ ਗਈ ? ਭੀਮ ਨਾਲ " ਸ਼ਾਹ ਨਵਾਜ਼ ਨੇ ਚਹਿਕ ਕੇ ਕਿਹਾ।

ਕਿਹੜਾ ਭੀਮ ?" ਰਘੂਨਾਥ ਨੇ ਪੁੱਛਿਆ ਅਤੇ ਫਿਰ ਦੋਵੇਂ ਠਹਾਕਾ ਮਾਰ ਕੇ ਹੱਸ ਪਏ। ਭੀਮ ਉਨ੍ਹਾਂ ਦਾ ਲੜਕਪਣ ਦਾ ਸਹਿਪਾਠੀ ਸੀ ਅਤੇ ਕਿਸੇ ‘ਛੋਟੇ ਜਿਹੇ ਡਿਪਟੀ ਅਸਿਸਟੈਂਟ ਸਿਟੀ ਪੋਸਟਮਾਸਟਰ’ ਦਾ ਲੜਕਾ ਸੀ ਅਤੇ ਇਸੇ ਨਾਂ ਨਾਲ

ਆਪਣੀ ਜਾਣ-ਪਛਾਣ ਕਰਵਾਉਂਦਾ ਹੋਈ ਸੀ। ਇਸੇ ਕਾਰਣ ਸਭ ਦੋਸਤ ਉਸਦਾ ਮਜ਼ਾਕ ਉਡਾਇਆ ਕਰਦੇ ਸਨ।

"ਇਥੇ ਹੀ ਰਹਿੰਦਾ ਏ ਕਾਫਿਰ, ਦੋ ਸਾਲਾਂ ਤੋਂ, ਪਰ ਕਦੇ ਮਿਲਿਆ ਹੀ ਨਹੀਂ।" ਸਾਹ ਨਵਾਜ਼ ਨੇ ਕਿਹਾ ਤੇ ਫਿਰ ਤਾੜੀ ਵਜਾ ਕੇ ਹੱਸ ਪਿਆ। "ਮੈਂ ਦੂਰੋਂ ਹੀ ਉਹਨੂੰ ਪਛਾਣ ਲਿਆ। ਮੈਂ ਉੱਚੀ ਸਾਰੀ ਕਿਹਾ, 'ਡਿਪਟੀ ਅਸਿਸਟੈਂਟ ਸਿਟੀ ਪੋਸਟ ਮਾਸਟਰ ਸਾਹਿਬ।" ਕੰਬਖਤ ਖਲੋ ਗਿਆ। ਪਰ ਮਿਲਿਆ ਬੜੇ ਪਿਆਰ ਨਾਲ।"

ਭਾਬੀ ਚਾਹ ਲੈ ਆਈ ਸੀ। ਮੇਜ਼ ਤੇ ਰੱਖਦੇ ਹੋਏ ਬੋਲੀ :

"ਮੈਨੂੰ ਵੀ ਤੁਹਾਡੇ ਨਾਲ ਇਕ ਕੰਮ ਹੈ ਖਾਨ ਜੀ।"

ਭਾਬੀ ਦੇ ਆ ਜਾਣ ਨਾਲ ਦੋਹਾਂ ਨੂੰ ਰਾਹਤ ਮਹਿਸੂਸ ਹੋਈ ਸੀ। ਫਸਾਦਾਂ ਬਾਰੇ ਗੱਲਾਂ ਕਰਦੇ ਦੋਵੇਂ ਘਬਰਾਹਟ ਮਹਿਸੂਸ ਕਰਦੇ ਸਨ, ਅਤੇ ਇਕੱਠੇ ਬੈਠਣ ਤੇ ਇਸ ਭਿਆਨਕ ਸਥਿਤੀ ਵੀ ਚਰਚਾ ਨਾ ਕਰਨ ਇਹ ਵੀ ਅਟਪਟਾ ਲੱਗਦਾ ਸੀ। ਬਚਪਨ ਦੇ ਹਾਸੇ-ਠੱਠੇ ਅਤੇ ਮਖੌਲ ਵੀ ਇਸ ਪਿਛੋਕੜ ਵਿਚ ਕੁਝ ਕੁਝ ਖੋਖਲੇ ਲੱਗਣ ਲਗੇ ਸਨ।

"ਕਹੋ ਨਾ, ਭਾਬੀ"

"ਜੇ ਤਕਲੀਫ ਨਾ ਹੋਵੇ, ਤਾਂ ਹੀ"

"ਤੁਸੀਂ ਦਸੋ ਵੀ"

"ਮੇਰਾ ਅਤੇ ਮੇਰੀ ਜੇਠਾਣੀ ਦੇ ਗਹਿਣਿਆਂ ਦਾ ਡੱਬਾ ਘਰ ਵਿਚ ਪਿਆ ਹੈ, ਉਹ ਕਢਵਾਉਣਾ ਹੈ। ਜਦੋਂ ਆਏ ਸਾਂ ਥੋੜ੍ਹਾ ਜਿਹਾ ਸਾਮਾਨ ਲੈ ਕੇ ਤੁਰ ਆਏ, ਮੈਂ ਕੁਝ ਵੀ ਨਾਲ ਨਹੀਂ ਲਿਆਈ।''

"ਇਸ ਵਿਚ ਕੀ ਮੁਸ਼ਕਿਲ ਹੈ ਭਾਬੀ, ਛੋਟਾ ਜਿਹਾ ਤਾਂ ਕੰਮ ਹੈ। ਕਿੱਥੇ ਰੱਖੇ ਨੇ?"

''ਅੱਧ ਛੱਤੀ ਵਾਲੀ ਕੋਠੜੀ ਵਿਚ"

ਸ਼ਾਹ ਨਵਾਜ਼ ਉਨ੍ਹਾਂ ਦੇ ਘਰ ਦੇ ਕੋਨੇ ਕੋਨੇ ਤੋਂ ਵਾਕਿਫ ਸੀ। ਦੋਸਤਾਂ ਵਿਚੋਂ ਇਹੋ ਇਕ ਦੋਸਤ ਘਰ ਦੇ ਅੰਦਰ ਆ ਸਕਦਾ ਸੀ।

"ਉਸ ਉਤੇ ਤਾਂ ਤਾਲਾ ਵਜਿਆ ਹੋਵੇਗਾ ? ਇੰਨਾ ਵੱਡਾ ਸਿੱਕੇ ਦਾ ਤਾਲਾ ?"

"ਮੈਂ ਚਾਬੀਆਂ ਦਿੰਦੀ ਹਾਂ। ਮੈਂ ਥਾਂ ਵੀ ਸਮਝਾ ਦਿਆਂਗੀ

''ਕੱਢ ਲਿਆਵਾਂਗਾ, ਅੱਜ ਹੀ ਕੱਢ ਲਿਆਵਾਂਗਾ।"

"ਮਿਲਖੀ ਉਥੇ ਹੀ ਹੋਵੇਗਾ, ਉਹ ਤਾਲਾ ਖੋਲ੍ਹ ਦੇਵੇਗਾ।"

"ਮਿਲਖੀ ਉਥੇ ਹੀ ਹੈ। ਮੈਂ ਸਵੇਰੇ ਉਸ ਬੰਨੇ ਚੱਕਰ ਲਾ ਕੇ ਆਇਆ ਹਾਂ। ਉਸਨੂੰ ਖਬਰਦਾਰ ਕਰਦਾ ਰਹਿੰਦਾ ਹਾਂ।"

"ਖਾਣਾ ਵਗੈਰਾ ਕਿੱਥੇ ਖਾਂਦਾ ਹੈ ?"

"ਸਾਰਾ ਘਰ ਉਸਦੇ ਹਵਾਲੇ ਹੈ। ਉਥੇ ਹੀ ਰਸੋਈ ਵਿਚ ਬਣਾ ਲੈਂਦਾ ਹੋਵੇਗਾ, ਹੋਰ ਕੀ।" ਰਘੂਨਾਥ ਬੋਲਿਆ।

"ਰਸਦ ਤਾਂ ਇੰਨੀ ਹੈ ਕਿ ਛੇ ਮਹੀਨੇ ਖਾਈ ਜਾਏ ਤਾਂ ਵੀ ਨਹੀਂ ਮਕੇਗੀ।" ਰਘੂਨਾਥ ਦੀ ਪਤਨੀ ਨੇ ਕਿਹਾ, ਫਿਰ ਸਾਹ ਨਵਾਜ਼ ਵੱਲ ਵੇਖਕੇ ਬੋਲੀ :

"ਫਿਰ ਲਿਆਵਾਂ ਚਾਬੀਆਂ।"

ਸ਼ਾਹ ਨਵਾਜ਼ ਫਿਰ ਭਾਵੁਕ ਹੋ ਗਿਆ। ਉਸਨੂੰ ਮਾਣ ਦਾ ਅਹਿਸਾਸ ਹੋਇਆ। ਹਜ਼ਾਰਾਂ ਦੇ ਗਹਿਣਿਆਂ ਦੀਆਂ ਚਾਬੀਆਂ ਮੇਰੇ ਹੱਥਾਂ ਵਿਚ ਦੇ ਰਹੀ ਹੈ, ਮੈਨੂੰ ਆਪਣਾ ਸਮਝਦੀ ਹੈ। ਤਦੇ ਨਾ।"

ਭਾਬੀ ਚਾਬੀਆਂ ਖਣਕਾਉਂਦੀ ਲੈ ਆਈ।

''ਅਤੇ ਜੇ ਮੈਂ ਤੇਰਾ ਗਹਿਣਾ ਹਜ਼ਮ ਕਰ ਜਾਵਾਂ ਭਾਬੀ?" "ਤੁਹਾਥੋਂ ਗਹਿਣਾ ਚੰਗਾ ਹੈ, ਖਾਨ ਜੀ? ਤੁਸੀਂ ਇਸ ਨੂੰ ਸੁਟ ਆਓ ਤਾਂ ਵੀ ਮੈਂ ਸੀ ਨਹੀਂ ਕਰਾਂਗੀ। ਤੁਹਾਡੇ ਤੋਂ ਵਾਰ ਸੁਟਿਆ।

ਅਤੇ ਫਿਰ ਗੁਛੇ ਵਿਚੋਂ ਚਾਬੀਆਂ ਵਿਖਾਉਣ ਤੇ ਸਮਝਾਉਣ ਲੱਗੀ।

ਥੋੜ੍ਹੀ ਦੇਰ ਪਿਛੋਂ ਸ਼ਾਹ ਨਵਾਜ਼ ਜਾਣ ਲਈ ਉਠ ਖਲੋਤਾ। ਦੋਵੇਂ ਦੋਸਤ ਬਾਹਰ ਆਏ ਤੇ ਚੁੱਪ ਚਾਪ ਤੁਰਦੇ ਹੋਏ ਮੋਟਰ ਤਕ ਆ ਗਏ।

"ਕਿਸ ਮੂੰਹ ਨਾਲ ਤੇਰਾ ਧੰਨਵਾਦ ਕਰਾਂ, ਸ਼ਾਹ ਨਵਾਜ਼, ਤੂੰ ਮੇਰੇ ਤੋ ਬਹੁਤ ਵੱਡਾ ਅਹਿਸਾਨ ਕੀਤਾ ਹੈ।" ਰਘੂਨਾਥ ਦੇ ਦਿਲੋਂ ਆਪਣੇ ਆਪ ਹੀ ਜਿਵੇਂ ਇਹ ਸ਼ਬਦ ਨਿਕਲ ਆਏ ਸਨ।

"ਓ, ਚੁੱਪ ਉਏ ਕਰਾੜ।" ਸ਼ਾਹ ਨਵਾਜ਼ ਨੇ ਕਿਹਾ। "ਜਾਹ ਘਰ ਜਾ ਕੇ ਬੈਠ, ਟੱਟੀ ਕਰ।" ਉਸਨੇ ਕਿਹਾ ਅਤੇ ਮੋਟਰ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਬੈਠ ਗਿਆ। ਰਘੂਨਾਥ ਠਿਠਕਿਆ ਖਲੋਤਾ ਰਿਹਾ।

"ਜਾਹ ਨਾ, ਜਾਹ, ਏਧਰ ਮੇਰਾ ਮਗਜ਼ ਕਿਉਂ ਚੱਟ ਰਿਹਾ ਏਂ?" ਰਘੂਨਾਥ ਫਿਰ ਵੀ ਖਲੋਤਾਂ ਰਿਹਾ।

"ਜਾਹ ਨਾ, ਹੁਣ ਹਲਾ ਵੀ ਜਾਹ, ਮੇਰਾ ਹੱਥ ਗੰਦਾ ਨਾ ਕਰ। ਜਾਹ ਕਿਸੇ ਵਾਕਿਫ ਨਾਲ ਗੱਲ ਕਰ। ਜਾ ਜਾ, ਕਿਉਂ ਖਲੋਤਾ ਮਗਜ਼ ਚੱਟ ਰਿਹਾ ਏਂ। ਤੇਰੇ ਵਰਗੇ ਬੜੇ ਵੇਖੇ ਨੇ।"

ਅਤੇ ਸ਼ਾਹ ਨਵਾਜ਼ ਨੇ ਮੋਟਰ ਚਲਾ ਦਿੱਤੀ।

ਦੁਪਹਿਰ ਢਲ ਚੁਕੀ ਸੀ ਜਦ ਜੇਵਰਾਂ ਦਾ ਡੱਬਾ ਲੈਣ ਸਾਹ ਨਵਾਜ਼, ਰਘੂਨਾਥ ਦੇ ਜੱਦੀ ਘਰ ਪਹੁੰਚਿਆ।

ਮਿਲਖੀ ਨੇ ਦਰਵਾਜ਼ਾ ਦੇਰ ਨਾਲ ਖੋਲ੍ਹਿਆ :

"ਕੌਣ ਹੈ ਜੀ ?"

"ਖੋਲ੍ਹ ਦਰਵਾਜ਼ਾ, ਮੈਂ ਹਾਂ ਸ਼ਾਹ ਨਵਾਜ਼"

"ਕੌਣ ਜੀ?"

"ਖੋਲ੍ਹ, ਖੋਲ੍ਹ, ਮੈਂ ਸ਼ਾਹ ਨਵਾਜ਼ ਹਾਂ।"

“ਜੀ ਆਇਆ ਜੀ, ਅੰਦਰੋਂ ਜੰਦਰਾ ਵੱਜਾ ਹੋਇਆ ਹੈ ਜੀ, ਹੁਣੇ ਲਿਆਉਂਦਾ ਹਾਂ ਜੀ, ਚਾਬੀ ਅੰਗੀਠੀ ਤੇ ਰੱਖੀ ਹੈ।”

ਸੜਕ ਦੇ ਪਾਰ ਫਿਰੋਜ਼ ਖੱਲਾਂ ਵਾਲੇ ਦਾ ਗੋਦਾਮ ਸੀ। ਫਿਰੋਜ਼ ਆਪਣੇ ਗੁਦਾਮ ਦੇ ਚਬੂਤਰੇ ਤੇ ਖਲੋਤਾ ਖਾਲ੍ਹੀ ਦੋ ਗੰਢਾਂ ਨੂੰ ਟਿਕਾਣੇ ਲਾ ਰਿਹਾ ਸੀ। ਸ਼ਾਹਨਵਾਜ਼ ਨੇ ਉਸ ਨੂੰ ਵੇਖਿਆ ਤਾਂ ਉਹ ਬੁਤ ਵਾਂਗ ਖਲੋਤਾ ਸ਼ਾਹ ਨਵਾਜ਼ ਵੱਲ ਵੇਖੀ ਜਾ ਰਿਹਾ ਸੀ। ਸ਼ਾਹ ਨਵਾਜ ਨੇ ਮੂੰਹ ਮੋੜ ਲਿਆ, ਪਰ ਉਸਨੂੰ ਲੱਗਿਆ ਜਿਵੇਂ ਹੁਣ ਵੀ ਫਿਰੋਜ਼ ਉਸ ਵੱਲ ਨਫ਼ਰਤ ਨਾਲ ਵੇਖੀ ਜਾ ਰਿਹਾ ਹੈ।

"ਅੱਜ ਵੀ ਹਿੰਦੂਆਂ ਦੇ ਘਰ ਦਾ ਦਰਵਾਜ਼ਾ ਖੜਕਾ ਰਿਹਾ ਹੈਂ ?" ਜਿਵੇਂ ਉਹ ਦਿਲ ਹੀ ਦਿਲ ਵਿਚ ਕਹਿ ਰਿਹਾ ਸੀ।

ਇਕ ਟਾਂਗੇ ਵਾਲਾ ਕੋਲੋਂ ਲੰਘਿਆ। ਸ਼ਾਹ ਨਵਾਜ਼ ਨੇ ਘੁੰਮ ਕੇ ਵੇਖਿਆ। ਚੌਧਰੀ ਮੌਲਾਦਾਦ ਆਪਣੀ ਅਨੋਖੀ ਪੁਸ਼ਾਕ ਪਹਿਨੀ—ਬਿਰਜਸ ਤੇ ਗਲ ਵਿਚ ਹਰੇ ਰੰਗ ਦਾ ਰੇਸ਼ਮੀ ਰੁਮਾਲ-ਖੁਲ੍ਹੇ ਟਾਂਗੇ ਵਿਚ ਮੁਸਲਮਾਨੀ ਇਲਾਕੇ ਦੀ ਗਸ਼ਤ ਲਾ ਰਿਹਾ ਸੀ। ਸ਼ਾਹ ਨਵਾਜ਼ ਵੱਲ ਵੇਖ ਕੇ ਹੱਸ ਪਿਆ ਅਤੇ ਹੱਥ ਜ਼ਰੂਰਤ ਨਾਲੋਂ ਜ਼ਿਆਦਾ ਉੱਚਾ ਚੁੱਕ ਕੇ "ਸਲਾਮਾ ਅਲੈਕਮ !" ਕਿਹਾ।

ਸ਼ਾਹਨਵਾਜ਼ ਨੂੰ ਝੇਂਪ ਹੋਈ ਅਤੇ ਨੌਕਰ ਤੇ ਗੁੱਸਾ ਆਇਆ ਕਿ ਉਹ ਕਿਉਂ ਦਰਵਾਜ਼ਾ ਖੋਲ੍ਹਣ ਵਿਰ ਦੇਰੀ ਕਰ ਰਿਹਾ ਹੈ।

ਅੰਦਰੋਂ ਜੰਦਰਾ ਖੁਲ੍ਹਣ ਦੀ ਆਵਾਜ਼ ਆਈ, ਫਿਰ ਮਿਲਖੀ ਨੇ ਹੌਲੀ ਜਿਹੀ ਦਰਵਾਜ਼ੇ ਦਾ ਪੱਲਾ ਥੋੜ੍ਹਾ ਜਿਹਾ ਸਰਕਾਦਿਆਂ ਅਤੇ ਸ਼ਾਹ ਨਵਾਜ਼ ਨੂੰ ਵੇਖ ਕੇ ਦੰਦ ਕੱਢਣ ਲੱਗਾ। ਸ਼ਾਹਨਵਾਜ਼ ਨੇ ਪੈਰ ਦੀ ਠੋਕਰ ਨਾਲ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਅੰਦਰ ਚਲਾ ਗਿਆ।

''ਬੰਦ ਕਰ ਦੇ ਦਰਵਾਜ਼ਾ।"

''ਜੀ, ਖਾਨ ਜੀ।

ਘਰ ਦਾ ਹਨੇਰਾ ਬਰਾਮਦਾ ਲੰਘਦੇ ਹੋਏ ਉਸ ਨੂੰ ਚੰਗਾ ਲੱਗਾ। ਇਸ ਹਨੇਰੇ ਬਰਾਮਦੇ ਵਿਚ ਉਹ ਬਹੁਤ ਦਿਨਾਂ ਪਿਛੋਂ ਆਇਆ ਸੀ। ਘਰ ਦੀ ਪਿਆਰੀ ਮਹਿਕ ਉਸ ਨੂੰ ਬਹੁਤ ਚੰਗੀ ਲੱਗੀ। ਕਈ ਵਰ੍ਹੇ ਪਹਿਲਾਂ ਜਦ ਉਹ ਰਘੂਨਾਥ ਨਾਲ ਬਰਾਮਦਾ ਲੰਘ ਕੇ ਅੰਦਰ ਆਇਆ ਕਰਦਾ ਸੀ ਤਾਂ ਉਸ ਦੀ ਛੋਟੀ ਲੜਕੀ ਮੂੰਹ ਵਿਚ ਉਂਗਲੀ ਦਬਾਏ ਦੇਰ ਤਕ ਉਸ ਵੱਲ ਤੱਕਦੀ ਰਹਿੰਦੀ ਸੀ ਅਤੇ ਫਿਰ ਦੋਵੇਂ ਬਾਹਾਂ ਉਲਾਰ ਲੈਂਦੀ ਸੀ ਕਿ ਮੈਨੂੰ ਚੁੱਕ ਲਓ, ਹਰ ਵਾਰ ਉਹ ਆਉਂਦਾ ਤਾਂ ਉਹ ਭੱਜਦੀ ਹੋਈ ਬਰਾਮਦੇ ਦੇ ਸਿਰੇ ਤੇ ਆ ਜਾਂਦੀ ਸੀ ਅਤੇ ਦੋਵੇਂ ਬਾਹਵਾਂ ਉਲਾਰ ਕੇ ਹੱਸਣ ਲੱਗਦੀ ਸੀ। ਇਸ ਬਰਾਮਦੇ ਨੂੰ ਲੰਘਦੇ ਸਮੇਂ ਘਰ ਦੀਆਂ ਜਵਾਨ ਔਰਤਾਂ ਦਰਵਾਜ਼ੇ ਪਿੱਛੇ ਭੱਜ ਜਾਇਆ ਕਰਦੀਆਂ ਸਨ। ਇਹ ਵਰ੍ਹਿਆਂ ਪਹਿਲਾਂ ਦੀ ਗੱਲ ਸੀ ਜਦ ਰਘੂਨਾਥ ਸ਼ੁਰੂ ਸ਼ੁਰੂ ਵਿਚ ਉਸ ਨੂੰ ਆਪਣੇ ਘਰ ਲਿਆਉਣ ਲੱਗਾ ਸੀ। ਉਨ੍ਹਾਂ ਹੱਸਦੀਆਂ ਔਰਤਾਂ ਵਿਚੋਂ ਕਿਸੇ ਦੀ ਨਜ਼ਰ ਸ਼ਾਹਨਵਾਜ਼ ਤੇ ਪੈ ਜਾਂਦੀ ਤਾਂ ਉਹ ਭੱਜਣਾ ਛੱਡ ਕੇ ਰੁਕ ਜਾਂਦੀਆਂ।

"ਹਾਏ ਤੁਸੀਂ ਹੋ, ਮੈਂ ਸੋਚਿਆ, ਨਾ ਜਾਨੇ ਕੌਣ ਹੈ।"

ਸ਼ਾਹਨਵਾਜ਼ ਦਾ ਦਿਲ ਭਰ ਆਇਆ। ਇਸ ਘਰ ਵਿਚ ਉਸ ਨੇ ਰਘੂਨਾਥ ਅਤੇ ਉਸ ਦੇ ਪਰਿਵਾਰ ਨਾਲ ਬੜੀਆਂ ਚੰਗੀਆ ਸ਼ਾਮਾਂ ਬਿਤਾਈਆਂ ਸਨ। ਉਸ ਦੇ ਆਉਂਦੇ ਹੀ ਰਘੂਨਾਥ ਦੇ ਛੋਟੇ ਭਰਾ ਦੀ ਵਹੁਟੀ ਉਸ ਲਈ ਆਮਲੇਟ ਬਣਾਉਣ ਚਲੀ ਜਾਂਦੀ। ਘਰ ਦੇ ਸਭ ਲੋਕ ਜਾਣਦੇ ਸਨ ਕਿ ਸ਼ਾਹਨਵਾਜ਼ ਨੂੰ ਆਂਡਿਆਂ ਦਾ ਆਮਲੇਟ ਖਾਣਾ ਪਸੰਦ ਹੈ। ਅਤੇ ਹੌਲੀ ਹੌਲੀ ਘਰ ਦੇ ਸਭ ਲੋਕ ਵਿਹੜੇ ਵਿਚ ਆ ਕੇ ਬੈਠਣ ਲੱਗਦੇ ਸਨ।

"ਖਾਨ ਜੀ ਘਰ ਦੇ ਸਭ ਲੋਕ ਠੀਕ ਠਾਕ ਹਨ ਨਾ ਜੀ ?"

ਮਿਲਖੀ ਨੇ ਹੱਥ ਜੋੜ ਕੇ ਪੁਛਿਆ।

ਤਦੇ ਸ਼ਾਹਨਵਾਜ਼ ਦਾ ਧਿਆਨ ਮਿਲਖੀ ਵੱਲ ਗਿਆ। ਮਿਲਖੀ ਹੱਥ ਜੋੜੀ ਘਬਰਾਇਆ ਹੋਇਆ ਸਾਹਮਣੇ ਖਲੋਤਾ ਸੀ। ਮਿਲਖੀ ਦੀਆਂ ਚੁਚੀਆਂ ਅੱਖਾਂ ਅਤੇ ਉਸ ਦਾ ਗਿੜਗਿੜਾਹਟ ਭਰਿਆ ਢੰਗ ਉਸ ਨੂੰ ਕਦੇ ਵੀ ਪਸੰਦ ਨਹੀਂ ਆਇਆ ਸੀ। ਕਦੇ-ਕਦੇ ਘਰ ਦੇ ਲੋਕ ਸਭ ਮਿਲ ਕੇ ਮਿਲਖੀ ਨਾਲ ਮਜ਼ਾਕ ਕਰਦੇ ਤਾਂ ਉਹ ਸ਼ਰਮਾ ਕੇ ਆਪਣੀਆਂ ਬਾਹਵਾਂ ਨਾਲ ਆਪਣਾ ਮੂੰਹ ਢਕ ਲੈਂਦਾ, ਬਿਲਕੁਲ ਤੀਵੀਆਂ ਵਾਂਗ, ਅਤੇ ਸਭ ਖਿੜਖਿੜਾ ਕੇ ਹੱਸਣ ਲੱਗਦੇ। ਤਦ ਉਹ ਸ਼ਾਹਨਵਾਜ਼ ਨੂੰ ਬੁਰਾ ਨਹੀਂ ਲੱਗਦਾ ਸੀ, ਪਰ ਆਮ ਤੌਰ ਤੇ ਉਹ ਉਸ ਨੂੰ ਲਸਲਸੀ ਕੋਹੜ ਕਿਰਲੀ ਵਰਗਾ ਲੱਗਿਆ ਸੀ। ਨਾ ਜਾਣੇ ਮਿਲਖੀ ਕਿੱਥੋਂ ਆਇਆ ਸੀ, ਨਾ ਪੰਜਾਬੀ ਸੀ, ਨਾ ਗੜਵਾਲੀ। ਆਪਣੇ ਘਿਸੇ ਪਿਟੇ ਛੋਟੇ ਛੋਟੇ ਦੰਦਾਂ ਵਿੱਚੋਂ ਕਿਸੇ ਖਿਚੜੀ ਭਾਸ਼ਾ ਦੇ ਸ਼ਬਦ ਪੀਸ ਪੀਸ ਕੇ ਕਢਦਾ ਰਹਿੰਦਾ ਸੀ।

ਵਿਹੜੇ ਦੇ ਐਨ ਵਿਚਕਾਰ ਤਿੰਨ ਇੱਟਾਂ ਰੱਖ ਕੇ ਮਿਲਖੀ ਨੇ ਆਪਣਾ ਚੁਲ੍ਹਾ ਬਣਾਇਆ ਹੋਇਆ ਸੀ। ਉਸ ਦੀ ਸਵਾਹ ਵਿਹੜੇ ਵਿਚ ਥਾਂ ਪਰ ਥਾਂ ਫੈਲੀ ਹੋਈ ਸੀ, ਪਰ ਇਸ ਤੋਂ ਵੀ ਜ਼ਿਆਦਾ ਬੀੜੀਆਂ ਦੇ ਟੁਕੜੇ ਥਾਂ ਪਰ ਥਾਂ ਪਏ ਹੋਏ ਸਨ।

'ਤੂੰ ਰਸੋਈ ਅੰਦਰ ਆਪਣੀ ਹਾਂਡੀ ਕਿਉਂ ਨਹੀਂ ਪਕਾਉਂਦਾ?" ਸ਼ਾਹਨਵਾਜ਼ ਨੇ ਪੁੱਛਿਆ। ਮਿਲਖੀ ਸਿਰ ਟੇਢਾ ਕਰ ਕੇ ਮੁਸਕਰਾ ਪਿਆ।

"ਇਕੱਲਾ ਹਾਂ ਸਾਹਿਬ ਜੀ, ਇਥੇ ਹੀ ਆਪਣੀ ਦਾਲ ਬਣਾ ਲੈਂਦਾ ਹਾਂ।"

"ਰਸਦ ਕਾਫੀ ਹੈ ਨਾ। ਕਿਸੇ ਚੀਜ਼ ਦੀ ਲੋੜ ਤਾਂ ਨਹੀਂ ?"

"ਬਹੁਤ ਹੈ ਖ਼ਾਨ ਜੀ, ਨਾਲ ਵਾਲਾ ਨਾਨਬਾਈ ਹੈ ਨਾ ਉਹ ਵੀ ਰੋਜ਼ ਪੁੱਛ ਲੈਂਦਾ ਹੈ। ਤੁਸੀਂ ਹੀ ਉਸ ਨੂੰ ਕਹਿ ਕੇ ਗਏ ਸੀ।"

"ਕਿਹੜਾ ਨਾਨਬਾਈ ? ?

"ਸਾਹਿਬ, ਜੋ ਨਾਲੇ ਕੋਲ ਬੈਠਦਾ ਹੈ। ਉਹ ਮੈਨੂੰ ਬੀੜੀ ਦਾ ਪੈਕਟ ਵੀ ਦਿੰਦਾ ਹੈ। ਬਹੁਤ ਭਲਾ ਲੋਕ ਹੈ।" ਅਤੇ ਮਿਲਖੀ ਖੀ ਖੀ ਕਰ ਕੇ ਹੱਸ ਪਿਆ।

ਵਿਹੜੇ ਵਿਚੋਂ, ਐਨ ਰਸੋਈ ਦੇ ਨਾਲੋਂ ਪੌੜੀਆਂ ਉਪਰ ਚੜ੍ਹੀਆਂ ਹੋਈਆਂ ਸਨ। ਸ਼ਾਹਨਵਾਜ਼ ਨੇ ਪੌੜੀਆਂ ਤੇ ਪੈਰ ਰੱਖਦੇ ਹੋਏ ਵਿਹੜੇ ਵਿਚ ਵੇਖਿਆ। ਵੱਡੇ ਕਮਰੇ ਦਾ ਦਰਵਾਜ਼ਾ ਜੋ ਵਿਹੜੇ ਵਿਚ ਖੁਲਦਾ ਸੀ, ਬੰਦ ਪਿਆ ਸੀ। ਕਮਰੇ ਦੇ ਅੰਦਰ ਕੀ ਏ, ਉਹ ਇਕ ਇਕ ਚੀਜ਼ ਨੂੰ ਜਾਣਦਾ ਸੀ, ਅੰਗੀਠੀ ਤੇ ਰਘੂਨਾਥ ਦੀ ਮਾਂ ਦੀ ਤਸਵੀਰ ਪਈ ਹੈ। ਕਮਰੇ ਵਿਚ ਦੋ ਮੰਜੀਆਂ ਤੇ ਇਕ ਉੱਚਾ ਪਲੰਘ ਵਿਛੇ ਹਨ। ਬੰਦ ਦਰਵਾਜ਼ੇ ਨੂੰ ਵੇਖ ਕੇ ਉਸ ਨੂੰ ਬੜਾ ਸੁੰਨਾ ਸੁੰਨਾ ਲੱਗਾ। ਬੰਦ ਦਰਵਾਜ਼ੇ ਦੇ ਬਾਹਰ ਮਿਲਖੀ ਦੀ ਚਿਲਮ ਉਲਟੀ ਪਈ ਸੀ, ਨਾਲ ਹੀ ਮੈਲੇ ਜਿਹੇ ਕੱਪੜੇ ਦਾ ਚੀਥੜਾ ਪਿਆ ਹੋਇਆ ਸੀ।

"ਤੂੰ ਇਥੇ ਬੈਠਾ ਕੀ ਕਰਦਾ ਰਹਿੰਦਾ ਹੈਂ। ਫਰਸ਼ ਵੀ ਨਹੀਂ ਬੁਹਾਰਦਾ।"

"ਹੁਣ ਕੀ ਬੁਹਾਰਣਾ ਸਾਹਿਬ ਜੀ, ਹੁਣ ਤਾਂ ਉਹ ਚਲੇ ਗਏ।" ਮਿਲਖੀ ਨੇ ਦੰਦ ਕਢਦਿਆਂ ਹੋਇਆਂ ਕਿਹਾ। ਸ਼ਾਹਨਵਾਜ਼ ਨੂੰ ਲੱਗਦਾ ਕਿ ਜਦ ਉਹ ਗੱਲਾਂ ਕਰਦੇ ਹਨ ਤਾਂ ਜਿਵੇਂ ਗੁੰਬਦ ਵਿਚੋਂ ਆਵਾਜ਼ ਆਉਂਦੀ ਹੈ ਅਤੇ ਜਦ ਉਹ ਬੋਲ ਹਟਦੇ ਹਨ ਤਾਂ ਫਿਰ ਚਾਰ ਚੁਫੇਰੇ ਸੰਨਾਟਾ ਛਾ ਜਾਂਦਾ ਹੈ।

"ਸਾਮਾਨ ਵਾਲੀ ਕੋਠੜੀ ਵਿਚਲੀ ਛੱਤ ਤੇ ਹੈ ਨਾ ?"

"ਜੀ ਏਧਰ ਪੌੜੀਆਂ ਦੇ ਸਾਹਮਣੇ, ਜਿਥੇ ਵੱਡੇ ਟਰੰਕ ਰੱਖੇ ਹਨ।"

ਅਤੇ ਮਿਲਖੀ ਸ਼ਾਹਨਵਾਜ਼ ਦੇ ਪਿਛੇ ਪਿਛੇ ਪੌੜੀਆਂ ਚੜ੍ਹਨ ਲੱਗਾ।

ਚਾਬੀਆਂ ਦੇ ਗੁੱਛੇ ਵਿਚ ਕੁਝ ਨਹੀਂ ਤਾਂ ਪੰਦਰਾਂ ਚਾਬੀਆਂ ਹੋਣਗੀਆਂ। ਕੁਝ ਛੋਟੀਆਂ ਛੋਟੀਆਂ ਪਿੱਤਲ ਦੀਆਂ ਚਾਬੀਆਂ ਸਨ। ਭਾਬੀ ਨੇ ਪਹਿਲਾਂ ਵੱਡੇ ਤਾਲੇ ਦੀ ਚਾਬੀ ਅਲੱਗ ਕਰ ਕੇ ਵਿਖਾਈ ਸੀ, ਫਿਰ ਅਲਮਾਰੀ ਦੇ ਤਾਲੇ ਦੀ ਛੋਟੀ ਜਿਹੀ ਚਾਬੀ ਅਲੱਗ ਕਰਕੇ ਵਿਖਾਈ ਸੀ :

"ਇਹ ਚਾਬੀ ਹੈ ਖਾਨ ਜੀ, ਭੁਲਣਾ ਨਹੀਂ।"

ਪਰ ਸ਼ਾਹਨਵਾਜ਼ ਨੂੰ ਚਾਬੀ ਲੱਭਣ ਵਿਚ ਮੁਸ਼ਕਿਲ ਪੇਸ਼ ਹੋ ਰਹੀ ਸੀ।

"ਇਸ ਵੱਡੇ ਤਾਲੇ ਦੀ ਕਿਹੜੀ ਚਾਬੀ ਹੈ, ਤੈਨੂੰ ਕੁਝ ਪਤਾ ਹੋ ?"

"ਹਾਂ ਸਾਹਿਬ ਜੀ, ਮੈਂ ਦਸਾਂਗਾ।"

ਅਤੇ ਮਿਲਖੀ ਚਾਬੀਆਂ ਦੇ ਗੁਛੇ ਉਤੇ ਝੁਕ ਕੇ ਇਉਂ ਲੱਭਣ ਲੱਗਾ ਜਿਵੇਂ ਕੋਈ ਮੁਨੀਮ ਵਹੀ ਤੇ ਝੁਕ ਕੇ ਅੰਕੜੇ ਪੜ੍ਹਦਾ ਹੈ। ਲੈ ਦੇ ਕੇ ਮਿਲਖੀ ਸ਼ਾਹਨਵਾਜ਼ ਦੀ ਕੂਹਣੀ ਤੋਂ ਕੁਝ ਉਪਰ ਤਕ ਆਉਂਦਾ ਸੀ। ਸ਼ਾਹਨਵਾਜ਼ ਨੂੰ ਪਗੜੀ ਹੇਠਾਂ ਮਿਲਖੀ ਦੀ ਬੋਦੀ ਝਾਕਦੀ ਨਜ਼ਰ ਆਈ, ਖੱਬੇ ਕੰਨ ਦੇ ਐਨ ਉਪਰ ਕੰਨ ਖਜੂਰੇ ਵਾਂਗ ਨਿਕਲੀ ਹੋਈ ਸੀ। ਸ਼ਾਹਨਵਾਜ਼ ਨੂੰ ਝੁਰਝੁਰੀ ਜਿਹੀ ਹੋਈ।

ਮਿਲਖੀ ਨੇ ਤਾਲਾ ਖੋਲ੍ਹ ਦਿੱਤਾ। ਕੋਠੜੀ ਅੰਦਰ ਘੁਟਨ ਸੀ ਅਤੇ ਹਨੇਰਾ ਵੀ ਸੀ। ਮਿਲਖੀ ਨੇ ਅੱਗੇ ਵੱਧ ਕੇ ਕੋਠੜੀ ਦੀ ਇਕ ਖਿੜਕੀ ਖੋਲ੍ਹ ਦਿੱਤੀ ਜੋ ਘਰ ਦੇ ਪਿਛਵਾੜੇ ਵੱਲ ਖੁਲ੍ਹਦੀ ਸੀ ਅਤੇ ਜਿਥੋਂ ਇਕ ਮਸਜਿਦ ਦਾ ਪੂਰੇ ਦਾ ਪੂਰਾ ਵਿਹੜਾ ਨਜ਼ਰ ਆਉਂਦਾ ਸੀ। ਖਿੜਕੀ ਖੁਲ੍ਹ ਜਾਣ ਨਾਲ ਕੋਠੜੀ ਦੇ ਅੰਦਰ ਰੱਖੀਆਂ ਸਭ ਚੀਜ਼ਾਂ ਸਾਫ਼ ਨਜ਼ਰ ਆਉਣ ਲੱਗੀਆਂ।

ਕੋਠੜੀ ਵਿਚ ਘੁਟਨ ਸੀ ਪਰ ਉਸ ਨਾਲੋਂ ਜ਼ਿਆਦਾ ਔਰਤਾਂ ਦੇ ਕੱਪੜਿਆਂ ਦੀ ਮਹਿਕ ਸੀ। ਤਿੰਨਾਂ ਭਰਾਵਾਂ ਦੀਆਂ ਵਹੁਟੀਆਂ, ਲੱਗਦਾ ਸੀ ਘਰ ਛੱਡਣ ਤੋਂ ਪਹਿਲਾਂ ਜਿਵੇਂ ਕਿਵੇਂ ਆਪਣੇ ਕੱਪੜੇ ਲਪੇਟ ਕੇ ਟਰੰਕਾਂ ਤੇ ਸੁੱਟ ਗਈਆਂ ਸਨ। ਕੋਠੜੀ ਸੰਦੂਕਾਂ ਅਤੇ ਟਰੰਕਾਂ ਨਾਲ ਠਸਾ-ਠਸ ਭਰੀ ਸੀ।

ਟਰੰਕਾਂ ਦੇ ਵਿਚੋਂ ਆਪਣਾ ਰਸਤਾ ਬਣਾਉਂਦੇ ਹੋਏ ਉਹ ਉਸ ਅਲਮਾਰੀ ਤਕ ਜਾ ਪਹੁੰਚਿਆ ਜਿਸ ਵਿਚ ਗਹਿਣਿਆਂ ਦਾ ਡੱਬਾ ਰੱਖਿਆ ਹੋਇਆ ਸੀ।

ਤਦੇ ਉਸ ਦੀ ਨਜ਼ਰ ਖੁਲ੍ਹੀ ਖਿੜਕੀ ਵਿਚੋਂ ਮਸਜਿਦ ਦੇ ਵਿਹੜੇ ਵਿਚ ਪਈ। ਵਜ਼ੂ ਕਰਨ ਵਾਲੇ ਤਲਾ ਕੋਲ ਬਹੁਤ ਸਾਰੇ ਆਦਮੀ ਬੈਠੇ ਸਨ। ਲਗਦਾ ਸੀ ਉਨ੍ਹਾਂ ਵਿਚ ਕਿਸੇ ਆਦਮੀ ਦੀ ਲਾਸ਼ ਰਖੀ ਸੀ। ਉਸ ਦੀਆਂ ਅੱਖਾਂ ਸਾਹਮਣੇ ਉਸ ਜਨਾਜ਼ੇ

ਦਾ ਦ੍ਰਿਸ਼ ਵੀ ਘੁੰਮ ਗਿਆ ਜਦ ਮੋਟਰ ਵਿਚ ਉਹ ਰਘੂਨਾਥ ਦੇ ਘਰ ਨੂੰ ਜਾ ਰਿਹਾ ਸੀ। ਕਾਫੀ ਦੇਰ ਜਾਹਨਵਾਜ਼ ਖਿੜਕੀ ਵਿਚੋਂ ਮਸਜਿਦ ਵੱਲ ਝਾਕਦਾ ਰਿਹਾ।

ਡੱਬਾ ਕੱਢਣ ਵਿਚ ਦੇਰ ਨਹੀਂ ਲੱਗੀ। ਨੀਲੀ ਮਖਮਲ ਨਾਲ ਢਕਿਆ ਡੱਬਾ। ਜੋ ਘਰ ਦੀ ਕਿਸੇ ਇਸਤਰੀ ਦਾ ਸ਼ਿੰਗਾਰ ਬਕਸ ਸੀ। ਉਸ ਨੇ ਬੜੀ ਸਾਵਧਾਨੀ ਨਾਲ ਕੱਢ ਆ ਅਲਮਾਰੀ ਨੂੰ ਤਾਲਾ ਲਾ ਦਿੱਤਾ।

ਬਾਹਰ ਆਉਣ ਤੇ ਦੋਵੇਂ ਪੌੜੀਆਂ ਉਤਰਨ ਲੱਗੇ। ਮਿਲਖੀ ਦੇ ਹੱਥ ਵਿਚ ਚਾਬੀਆਂ ਦਾ ਗੁੱਛਾ ਸੀ ਅਤੇ ਉਹ ਅਗੋਂ ਅੱਗੇ ਉਤਰ ਰਿਹਾ ਸੀ। ਡੱਬੇ ਨੂੰ ਦੋਹਾਂ ਹੱਥਾਂ ਵਿਚ ਚੁੱਕੀ ਸਾਹਨਵਾਜ ਪਿੱਛੇ ਪਿੱਛੇ ਆ ਰਿਹਾ ਸੀ, ਜਦ ਅਚਾਨਕ ਉਸ ਦੇ ਅੰਦਰ ਭਭੂਕਾ ਜਿਹਾ ਉਠਿਆ। ਪਤਾ ਨਹੀਂ ਅਜਿਹਾ ਕਿਉਂ ਹੋਇਆ : ਮਿਲਖੀ ਦੀ ਬੋਦੀ ਤੇ ਨਜ਼ਰ ਜਾਣ ਕਾਰਣ, ਮਸਜਿਦ ਦੇ ਵਿਹੜੇ ਵਿਚ ਲੋਕਾਂ ਦੀ ਭੀੜ ਨੂੰ ਵੇਖ ਕੇ, ਜਾਂ ਇਸ ਕਾਰਣ ਕਿ ਜੋ ਕੁਝ ਉਹ ਪਿਛਲੇ ਤਿੰਨ ਦਿਨ ਤੋਂ ਵੇਖਦਾ ਸੁਣਦਾ ਆਇਆ ਸੀ, ਉਹ ਜ਼ਹਿਰ ਵਾਂਗ ਉਸ ਦੇ ਅੰਦਰ ਘੁਲਦਾ ਰਿਹਾ ਸੀ, ਸ਼ਾਹਨਵਾਜ਼ ਨੇ ਅਚਾਨਕ ਹੀ ਵਧ ਕੇ ਜ਼ੋਰ ਨਾਲ ਮਿਲਖੀ ਦੀ ਪਿੱਠ ਤੇ ਲੱਤ ਮਾਰੀ। ਮਿਲਖੀ ਲੁੜਕਦਾ ਹੋਇਆ ਡਿਗਿਆ ਅਤੇ ਪੌੜੀਆਂ ਦੇ ਮੋੜ ਤੇ ਸਿੱਧਾ ਕੰਧ ਨਾਲ ਜਾ ਵੱਜਾ। ਜਦ ਉਹ ਹੇਠਾਂ ਡਿਗਾ ਤਾਂ ਉਸ ਦਾ ਮੱਥਾ ਪਾਟਾ ਹੋਇਆ ਸੀ ਅਤੇ ਪਿੱਠ ਟੁੱਟ ਚੁਕੀ ਸੀ, ਕਿਉਂਕਿ ਜਿਥੇ ਡਿਗਿਆ ਉਥੋਂ ਉਹ ਉੱਠ ਨਹੀਂ ਸਕਿਆ। ਸ਼ਾਹਨਵਾਜ਼ ਉਸ ਦੇ ਕੋਲੋਂ ਨਿਕਲ ਆਇਆ ਤਾਂ ਮਿਲਖੀ ਦਾ ਸਿਰ ਹੇਠਾਂ ਵੱਲ ਲਟਕ ਰਿਹਾ ਸੀ ਅਤੇ ਲੱਤਾਂ ਅਖੀਰਲੀਆਂ ਦੋ ਪੌੜੀਆਂ ਤੋਂ ਲਟਕ ਰਹੀਆਂ ਸਨ। ਸ਼ਾਹਨਵਾਜ਼ ਦਾ ਗੁੱਸਾ, ਜਿਸ ਦਾ ਕਾਰਣ ਉਹ ਆਪ ਵੀ ਨਹੀਂ ਜਾਣਦਾ ਸੀ। ਬਰਾਬਰ ਵਧਦਾ ਜਾ ਰਿਹਾ ਸੀ, ਕੋਲੋਂ ਲੰਘਦੇ ਹੋਏ ਉਸ ਦਾ ਜੀਅ ਕੀਤਾ ਕਿ ਪੈਰ ਚੁੱਕ ਕੇ ਉਸ ਦੇ ਮੂੰਹ ਤੇ ਮਾਰੇ ਅਤੇ ਉਸ ਕੀੜੇ ਨੂੰ ਕੁਚਲ ਦੇਵੇ, ਪਰ ਪੌੜੀਆਂ ਦੇ ਮੋੜ ਤੇ ਉਸ ਨੂੰ ਆਪਣਾ ਸੰਤੁਲਨ ਗਵਾਚਣ ਦਾ ਡਰ ਸੀ।

ਹੇਠਾਂ ਵਿਹੜੇ ਵਿਚ ਪਹੁੰਚ ਕੇ ਉਸ ਨੇ ਇਕ ਵਾਰ ਮਿਲਖੀ ਵੱਲ ਵੇਖਿਆ। ਮਿਲਖੀ ਦੀਆਂ ਅੱਖਾਂ ਖੁਲ੍ਹੀਆਂ ਸਨ, ਅਤੇ ਸ਼ਾਹਨਵਾਜ਼ ਦੇ ਚਿਹਰੇ ਵੱਲ ਲੱਗੀਆਂ ਹੋਈਆਂ ਸਨ, ਜਿਵੇਂ ਇਹ ਗੱਲ ਉਸ ਦੀ ਸਮਝ ਵਿਚ ਨਹੀਂ ਆ ਰਹੀ ਸੀ ਕਿ ਕਿਸ ਭੁਲ ਤੋਂ ਖਫਾ ਹੋ ਕੇ ਉਨ੍ਹਾਂ ਨੇ ਉਸ ਨੂੰ ਮਾਰਿਆ ਸੀ। ਮਿਲਖੀ ਦੇ ਮੂੰਹ ਤੋਂ ਡਿਗਦੇ ਸਮੇਂ ਘੁਟਦਾ ਜਿਹਾ ਸ਼ਬਦ ਨਿਕਲਿਆ ਸੀ, ਪਰ ਹੁਣ ਮਿਲਖੀ ਚੁੱਪ ਸੀ, ਜਾਂ ਤਾਂ ਡਰ ਨਾਲ ਹੀ ਦਮ ਤੋੜ ਗਿਆ ਸੀ, ਜਾਂ ਬੇਹੋਸ਼ ਪਿਆ ਸੀ, ਜਾਂ ਫਿਰ ਧੌਣ ਦਾ ਮਣਕਾ ਟੁੱਟ ਗਿਆ ਸੀ।

ਸ਼ਾਹਨਵਾਜ਼ ਨੇ ਉਸ ਨੂੰ ਉਥੇ ਹੀ ਛਡਿਆ, ਗਹਿਣਿਆਂ ਦਾ ਡੱਬਾ ਕੱਛ ਵਿਚ ਦਬਾ ਕੇ ਬਾਹਰ ਨਿਕਲ ਆਇਆ ਅਤੇ ਵੱਡਾ ਤਾਲਾ ਜੋ ਪਹਿਲਾਂ ਮਿਲਖੀ ਨੇ ਘਰ ਦੇ ਅੰਦਰ ਲਾਇਆ ਹੋਇਆ ਸੀ ਉਸ ਨੂੰ ਘਰ ਦੇ ਬਾਹਰ ਲਾ ਦਿੱਤਾ।

ਉਸੇ ਰਾਤ ਭਾਬੀ ਦੇ ਹੱਥ ਗਹਿਣਿਆਂ ਦਾ ਡੱਬਾ ਦਿੰਦੇ ਹੋਏ ਸ਼ਾਹਨਵਾਜ਼ ਦਾ ਮਨ ਨਹੀਂ ਡੋਲਿਆ। ਡੱਬਾ ਹੱਥ ਵਿਚ ਲੈਂਦੇ ਸਮੇਂ ਭਾਬੀ ਦੀਆਂ ਅੱਖਾਂ ਡਬਡਬਾ ਆਈਆਂ। ਭਾਬੀ ਦਾ ਰੋਮ ਰੋਮ ਕ੍ਰਿਤੱਗਤਾ ਨਾਲ ਭਰ ਉਠਿਆ ਸੀ। ਰਘੂਨਾਥ ਅੰਦਰ ਹੀ ਅੰਦਰ ਉਸ ਦੇ ਚਰਿੱਤਰ, ਉਸ ਦੇ ਉਹ ਵਿਚਾਰਾਂ ਦੀ ਪ੍ਰਸੰਸਾ ਕਰ ਰਿਹਾ ਸੀ ਜਿਸ ਦੇ ਕਾਰਨ ਅੱਜ ਦੇ ਜ਼ਮਾਨੇ ਵਿਚ ਜਦ ਚਾਰ ਚੁਫੇਰੇ ਅੱਗ ਦੀਆਂ ਲਪਟਾਂ ਉੱਠ ਰਹੀਆਂ ਸਨ, ਇਕ ਮੁਸਲਮਾਨ ਦੋਸਤ ਉਸ ਦੇ ਪ੍ਰਤੀ ਇੰਨਾ ਨਿਸ਼ਠਾਵਾਨ ਸੀ।

“ਪਰ ਇਕ ਬੁਰੀ ਖਬਰ ਵੀ ਲਿਆਇਆ ਹਾਂ ਭਾਬੀ।”

"ਕਿਉਂ, ਕੀ ਚੋਰੀ ਹੋ ਗਈ ਹੈ ?”

"ਮਿਲਖੀ ਪੌੜੀਆਂ ਵਿਚੋਂ ਬੁਰੀ ਤਰ੍ਹਾਂ ਡਿਗਿਆ ਹੈ, ਸ਼ਾਇਦ ਉਸ ਦੀ ਕੋਈ ਹੱਡੀ ਟੁੱਟ ਗਈ ਹੈ। ਪਹਿਲਾਂ ਸੋਚਿਆ ਕਿਸੇ ਡਾਕਟਰ -ਵਾਕਟਰ ਨੂੰ ਬੁਲਾਵਾਂ, ਪਰ ਅੱਜ ਕੱਲ੍ਹ ਡਾਕਟਰ ਮਿਲਦੇ ਕਿੱਥੇ ਨੇ। ਕੱਲ੍ਹ ਉਸ ਦਾ ਕੋਈ ਇੰਤਜ਼ਾਮ ਕਰਾਂਗਾ।"

"ਵਿਚਾਰਾ।”

"ਕਹੋ ਤਾਂ ਉਸ ਨੂੰ ਇਥੇ ਛੱਡ ਜਾਵਾਂ, ਉਥੇ ਇਕੱਲਾ ਕਿਥੇ ਪਿਆ ਰਹੇਗਾ ?" ਮੈਂ ਆਪਣਾ ਕੋਈ ਆਦਮੀ ਰੱਖਵਾਲੀ ਲਈ ਛੱਡ ਆਵਾਂਗਾ।

ਪਰ ਭਾਬੀ ਤੇ ਰਘੂਨਾਥ ਦੋਵੇਂ ਹੀ ਇਸ ਸੁਝਾਓ ਤੇ ਹਿਚਕਿਚਾਏ। ਉਹ ਆਪ ਨਵੇਂ ਇਲਾਕੇ ਵਿਚ ਅਜੇ ਅਜਨਬੀ ਸਨ। ਉਨ੍ਹਾਂ ਕੋਲੋਂ ਇਕ ਮਰੀਜ਼ ਦੀ ਦੇਖ ਭਾਲ ਕਿਥੇ ਹੋਵੇਗੀ, ਜੇ ਸ਼ਾਹਨਵਾਜ਼ ਲਈ ਡਾਕਟਰ ਲੱਭਣਾ ਕਠਿਨ ਹੋ ਰਿਹਾ ਹੈ ਤਾਂ ਉਨ੍ਹਾਂ ਲਈ ਕਿਥੇ ਸੰਭਵ ਹੋਵੇਗਾ।

"ਮੈਂ ਇੰਤਜ਼ਾਮ ਕਰ ਦਿਆਂਗਾ' ਸ਼ਾਹਨਵਾਜ਼ ਨੇ ਸਿਰ ਹਿਲਾ ਕੇ ਕਿਹਾ, "ਕੋਈ ਨਾ ਕੋਈ ਇੰਤਜ਼ਾਮ ਹੋ ਜਾਵੇਗਾ, ਅਜਿਹੀ ਮੁਸ਼ਕਿਲ ਵੀ ਕੀ ਹੈ ?"

ਭਾਬੀ ਇਸ ਗੱਲ ਲਈ ਵੀ ਸ਼ਾਹਨਵਾਜ਼ ਦੀ ਧੰਨਵਾਦੀ ਸੀ। ਉਸ ਦੇ ਉਜਲੇ ਮੱਥੇ ਅਤੇ ਸੁੰਦਰ ਚਿਹਰੇ ਨੂੰ ਵੇਖ ਕੇ ਉਸ ਨੂੰ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਪੁੰਨ ਆਤਮਾ ਦੇ ਦਰਸ਼ਨ ਕਰ ਰਹੀ ਹੋਵੇ।

***

## ਗਿਯਾਰਾਂ

ਦੇਵਦੱਤ ਨਹਾ ਧੋ ਕੇ, ਹੱਥ ਮਲਦਾ ਹੋਇਆ ਆਪਣੇ ਘਰ ਦੇ ਸਾਹਮਣੇ ਆ ਖਲੋਤਾ। ਜਦ ਕਦੇ ਵੀ ਉਹ ਹੱਥ ਮਲਦਾ ਹੋਵੇ, ਜਾਂ ਸੱਜੇ ਹੱਥ ਨਾਲ ਮੂੰਹ ਤੇ ਨੱਕ ਸਹਿਲਾਉਂਦਾ ਹੋਵੇ ਤਾਂ ਸਮਝ ਲਓ ਦੇਵਦੱਤ ਆਪਣੀ ਕਾਰਜ ਸੂਚੀ ਤਿਆਰ ਕਰ ਰਿਹਾ ਹੈ। ਦੇਵਦੱਤ ਦੇ ਦਿਮਾਗ਼ ਵਿਚ ਡਾਇਰੀ ਸੀ। ਉਹ ਹੱਥ ਮਲਦਾ, ਨੱਕ ਸਹਿਲਾਉਂਦਾ ਡਾਇਰੀ ਵਿਚ ਇਕ ਦੇ ਬਾਦ ਇਕ ਕੰਮ ਟਾਂਕ ਰਿਹਾ ਸੀ। 'ਰੱਤੇ ਵਾਲੇ ਸਾਥੀ ਦੀ ਰਿਪੋਰਟ ਨਹੀਂ ਆ ਸਕੇਗੀ, ਰੱਤੇ ਵਿਚ ਗੜਬੜ ਹੈ। ਕਿਸੇ ਸਾਥੀ ਨੂੰ ਉਥੇ ਭੇਜਣਾ ਪਵੇਗਾ।'

"ਸ਼ਹਿਰ ਵਿਚ ਦੰਗਾ ਰੋਕਣ ਲਈ ਇਕ ਵਾਰ ਫਿਰ ਕਾਂਗਰਸ ਅਤੇ ਮੁਸਲਿਮ ਲੀਗ ਦੇ ਲੀਡਰਾਂ ਨੂੰ ਇਕੱਠਾ ਕਰਨਾ ਪਵੇਗਾ। ਹਯਾਤ ਬਖਸ਼ ਤੇ ਬਖਸ਼ੀ ਨੂੰ ਆਪਸ ਵਿਚ ਮਿਲਾਉਣਾ ਪਵੇਗਾ। ਕੱਲ੍ਹ ਵੀ ਦੇਵ ਦੱਤ ਜਿਵੇਂ ਕਿਵੇਂ ਬਹੁਤ ਸਾਰੇ ਲੋਕਾਂ ਦੇ ਘਰ ਵਾਰੀ ਵਾਰੀ ਗਿਆ ਸੀ। ਰਾਜਾ ਰਾਮ ਨੇ ਉਸ ਨੂੰ ਵੇਖਦੇ ਹੀ ਦਰਵਾਜ਼ਾ ਬੰਦ ਕਰ ਦਿੱਤਾ ਸੀ, ਰਾਮ ਨਾਥ ਤਣਕ ਕੇ ਬੋਲਿਆ ਸੀ ਅਤੇ ਕੌਮਨਿਸਟਾਂ ਨੂੰ ਬੁਰਾ ਭਲਾ ਕਹਿੰਦਾ ਰਿਹਾ ਸੀ। ਪਰ ਹਯਾਤ ਬਖਸ਼ ਮਿਲਣ ਲਈ ਤਿਆਰ ਹੋ ਗਿਆ ਸੀ; ਹਯਾਤ ਬਖਸ਼ ਦੀਆਂ ਅੱਖਾਂ ਲਾਲ ਹੋ ਰਹੀਆਂ ਸਨ, ਉਹ ਨਾਹਰੇ ਲਾਉਣ ਲੱਗਾ ਸੀ : ''ਲੈ ਕੇ ਰਹਾਂਗੇ ਪਾਕਿਸਤਾਨ !" "ਬਣ ਕੇ ਰਹੇਗਾ ਪਾਕਿਸਤਾਨ।" ਉਸ ਨੇ ਦੇਵ ਦੱਤ ਨੂੰ ਗੱਲ ਕਰਨ ਦਾ ਮੌਕਾ ਹੀ ਨਹੀਂ ਦਿੱਤਾ ਸੀ। ਅੱਜ ਉਨ੍ਹਾਂ ਕੋਲ ਫਿਰ ਜਾਣਾ ਪਵੇਗਾ। ਦੇਵ ਦੱਤ ਨੇ ਫਿਰ ਹੱਥ ਮਲੇ, ਨੱਕ ਸਹਿਲਾਇਆ। ਬਖਸ਼ੀ ਜੀ ਨੂੰ ਹਯਾਤ ਬਖਸ਼ ਕੋਲ ਭੇਜੋ, ਅਟਲ ਨੂੰ ਨਾਲ ਲੈ ਕੇ ਬਖਸ਼ੀ ਜੀ ਕੋਲ ਜਾਓ ਅਤੇ ਅਮੀਨ ਨੂੰ ਲੈਕੇ ਹਯਾਤ ਬਖ਼ਸ਼ ਕੋਲ। ਫਿਰ ਤਜਵੀਜ਼ ਰੱਦ ਕਰ ਦਿੱਤੀ। ਲੀਡਰਾਂ ਨੂੰ ਛਡੋ, ਦਸ ਦਸ

ਆਦਮੀ ਕਾਂਗਰਸ, ਮੁਸਲਮ ਲੀਗ ਅਤੇ ਸਿੰਘ ਸਭਾ ਦੇ ਮਿਲ ਬੈਠਣ। ਉਸ ਨੇ ਸਿਰ ਹਿਲਾਇਆ। ਪਾਰਟੀ ਦੇ ਦਫਤਰ ਵਿਚ ਜਾ ਕੇ ਸਾਥੀਆਂ ਨਾਲ ਇਸ ਨੂੰ ਅਮਲੀ ਰੂਪ ਦੇਣਾ ਪਵੇਗਾ। ਇਕ ਹੋਰ ਮਸਲਾ ਸਾਹਮਣੇ ਉਤਰਿਆ ਮਜਦੂਰਾਂ ਦੇ ਇਲਾਕੇ ਵਿਚ ਗੜਬੜ ਰੋਕਣ ਲਈ ਇਕ ਇਕ ਸਾਥੀ ਕਾਫ਼ੀ ਨਹੀਂ ਹੈ। ਰੱਤਾ ਮੁਸਲਮਾਨੀ ਇਲਾਕਾ ਹੈ। ਉਥੇ ਸਾਥੀ ਜਗਦੀਜ਼ ਨੂੰ ਭੇਜਿਆ ਗਿਆ ਹੈ, ਇਕੱਲਾ ਜਗਦੀਸ ਕਾਫੀ ਨਹੀਂ ਹੈ; ਪਿੰਡਾਂ ਵਿਚ ਫੋਰਨ ਦੋ ਤਿੰਨ ਸਾਥੀ ਭੇਜਣੇ ਚਾਹੀਦੇ ਹਨ ਜੋ ਇਕ ਪਿੰਡ ਤੋਂ ਦੂਸਰੇ ਪਿੰਡ ਦਾ ਦੌਰਾ ਕਰਨ। ਸਾਥੀਆਂ ਦੀ ਕਮੀ ਹੈ, ਪਰ ਜਿਥੋਂ ਤਕ ਹੋ ਸਕੇ ਦੰਗਿਆਂ ਨੂੰ ਰੋਕਣ ਦਾ ਕੰਮ ਤਾਂ ਕਰਨਾ ਹੀ ਪਵੇਗਾ। ਉਸ ਨੇ ਫਿਰ ਨੱਕ ਤੇ ਹੱਥ ਫੇਰਿਆ। ਫਿਰ ਗੁੱਟ ਤੋਂ ਬੱਝੀ ਘੜੀ ਵੱਲ ਵੇਖਿਆ। ਕਮਯੂਨ ਵਿਚ ਦਸ ਵਜੇ ਮੀਟਿੰਗ ਹੈ, ਜਿਸ ਵਿਚ ਸਾਥੀ ਆਪਣੇ ਆਪਣੇ ਇਲਾਕੇ ਦੀ ਰਿਪੋਰਟ ਦੇਣਗੇ। ਹੁਣ ਚਲਾਂ। ਦੇਵ ਦੱਤ ਚੁੱਪ ਚਾਪ ਅੰਦਰ ਜਾ ਕੇ ਬਰਾਮਦੇ ਵਿਚੋਂ ਸਾਈਕਲ ਕੱਢਣ ਲੱਗਾ।

''ਕੌਣ ਹੈ ? ਦੇਵਦੱਤ ?"

ਦੇਵਦੱਤ ਨੇ ਸਾਈਕਲ ਨੂੰ ਛੱਡ ਦਿੱਤਾ ਅਤੇ ਕਮਰੇ ਅੰਦਰ ਚਲਾ ਗਿਆ।

"ਫਿਰ ਕਿਤੇ ਜਾ ਰਿਹੈ ?" ਮੰਜੀ ਤੇ ਬੈਠਾ ਅਧੇੜ ਉਮਰ ਦਾ ਕੰਮਜ਼ੋਰ ਪਿਤਾ ਬੋਲਿਆ, "ਮਰਨਾ ਚਾਹੁੰਦਾ ਏਂ ਤਾਂ ਪਹਿਲਾਂ ਆਪਣੇ ਘਰ ਵਾਲਿਆਂ ਨੂੰ ਮਾਰ ਕੇ ਜਾਹ। ਵੇਖਦਾ ਨਹੀਂ, ਸ਼ਹਿਰ ਵਿਚ ਕੀ ਹਾਲਤ ਹੋ ਰਹੀ ਹੈ।"

ਦੇਵਦੱਤ ਦਹਿਲੀਜ਼ ਤੇ ਚੁੱਪ ਚਾਪ ਖਲੋਤਾ ਹੱਥ ਮਲਦਾ ਤੇ ਨੱਕ ਸਹਿਲਾਉ ਦਾ ਰਿਹਾ। ਮਾਂ ਰਸੋਈ ਵਿਚੋਂ ਦੁਪੱਟੇ ਨਾਲ ਹੱਥ ਪੂੰਝਦੀ ਹੋਈ ਅੰਦਰ ਆਈ, 'ਤੈਨੂੰ ਕੀ ਮਿਲਦਾ ਏ ਸਾਨੂੰ ਤੜਪਾ ਕੇ ? ਵੇਖਦਾ ਨਹੀਂ ਕਿਵੇਂ ਅਸੀਂ ਰਾਤ ਕੱਟੀ ਏ, ਓਧਰ ਅੱਗ ਅਤੇ ਤੂੰ ਰਾਤ ਭਰ ਗਾਇਬ ਰਿਹਾ।"

ਦੇਵਦੱਤ ਹੱਥ ਮਲ ਕੇ ਬੋਲਿਆ :

"ਪਿਛੋਂ ਮਰੀ ਰੋਡ ਤਕ ਤੇ ਅਗੋਂ ਕੰਪਨੀ ਬਾਗ ਤਕ ਸਾਰਾ ਇਲਾਕਾ ਹਿੰਦੂਆਂ ਦਾ ਹੈ। ਚਾਰ ਚੁਫੇਰੇ ਖਾਂਦੇ ਪੀਂਦੇ ਹਿੰਦੂ ਲੋਕ ਰਹਿੰਦੇ ਹਨ। ਤੁਹਾਨੂੰ ਕੋਈ ਖਤਰਾ ਨਹੀਂ।"

"ਤੈਨੂੰ ਇਲਹਾਮ ਹੋ ਗਿਆ ਏ ਕਿ ਸਾਨੂੰ ਕੋਈ ਖਤਰਾ ਨਹੀਂ ?" ਪਿਤਾ ਗੁੱਸੇ ਵਿਚ ਬੋਲਿਆ।

''ਇਸ ਲਾਈਨ ਵਿਚ ਦਸ ਘਰਾਂ ਕੋਲ ਬੰਦੂਕਾਂ ਹਨ। ਇਸੇ ਮੁਹੱਲੇ ਦੇ ਯੁਵਕ ਸਭਾ ਵਾਲੇ ਤਿੰਨ ਕਤਲ ਕਰ ਚੁੱਕੇ ਹਨ.........."

"ਓਏ ਉਲੂ ਦੇ ਪੱਠੇ, ਆਪਣੇ ਖਤਰੇ ਬਾਰੇ ਕੌਣ ਸੋਚ ਰਿਹਾ ਹੈ ? ਅਸੀਂ ਤਾਂ ਤੇਰੇ ਖਤਰੇ ਬਾਰੇ ਸੋਚ ਰਹੇ ਹਾਂ।"

"ਅਜਿਹੀ ਖਤਰੇ ਵਾਲੀ ਕੋਈ ਗੱਲ ਨਹੀਂ।" ਅਤੇ ਦੇਵਦੱਤ ਫਿਰ ਵਾਪਸ ਬਰਾਮਦੇ ਵਿਚ ਆ ਗਿਆ ਅਤੇ ਸਾਟੀਕਲ ਕੱਢਣ ਲੱਗਾ।

ਮਾਂ ਨੇ ਦੁੱਪਟਾ ਗਲ ਵਿਚ ਪਾ ਲਿਆ ਤੇ ਉਸ ਦਾ ਰਾਹ ਰੋਕਣ ਲੱਗੀ :

"ਸਾਰੀ ਰਾਤ ਮੈਂ ਤੜਫ ਕੇ ਬਿਤਾਈ ਹੈ। ਵੇਖਦਾ ਨਹੀਂ ਕਿਹੋ ਜਿਹਾ ਵਕਤ ਉਪਰ ਆਇਆ ਹੈ।" ਮਸਲਾ ਟੇਢਾ ਹੋ ਰਿਹਾ ਸੀ, ਦੇਵਦੱਤ ਨੇ ਫਿਰ ਨੱਕ ਸਹਿਲਾਇਆ, ਹੱਥ ਮਲੇ ਅਤੇ ਮਾਂ ਦੇ ਕੰਨ ਕੋਲ ਮੂੰਹ ਲੈ ਜਾ ਕੇ ਬੋਲਿਆ :

"ਐ ਜਲਦੀ ਪਰਤ ਆਵਾਂਗਾ, ਤੂੰ ਚਿੰਤਾ ਨਾ ਕਰ।"

''ਮੈਨੂੰ ਧੋਖਾ ਦਿੰਦਾ ਹੈ ? ਕੱਲ ਵੀ ਕਹਿ ਕੇ ਗਿਆ ਸੀ ਮੈਂ ਪਰਤ ਆਵਾਂਗਾ। ਮੇਰੀ ਸਹੁੰ ਖਾ ਕੇ ਕਹਿ ਦਿਨ ਢਲਣ ਤੋਂ ਪਹਿਲਾਂ ਆ ਜਾਵੇਂਗਾ।"

"ਪਰਤ ਆਵਾਂਗਾ, ਪਰਤ ਆਵਾਂਗਾ, ਸਹੁੰਆਂ ਮੈਂ ਨਹੀਂ ਖਾਂਦਾ।" ਅਤੇ ਉਹ ਸਾਈਕਲ ਲੈ ਕੇ ਅੱਗੇ ਵਧਣ ਲੱਗਾ। ਅੰਦਰੋਂ ਪਿਓ ਦੀ ਆਵਾਜ਼ ਆਈ :

"ਇਹ ਹਰਾਮੀ ਨਹੀਂ ਮੰਨੇਗਾ, ਕਿਉਂ ਸਿਰ ਖਪਾ ਰਹੀ ਏ। ਇਹ ਸਾਨੂੰ ਜ਼ਲੀਲ ਕਰ ਕੇ ਰਹੇਗਾ। ਸੂਰ ਦਾ ਬੱਚਾ, ਮਾਂ ਬਾਪ ਦਾ ਖਿਆਲ ਨਹੀਂ, ਫਸਾਦ ਬੰਦ ਕਰਾਉਣ ਜਾ ਰਿਹਾ ਹੈ, ਹਰਾਮੀ ਕਿਤੋਂ ਦਾ.......।"

ਅੰਦਰੋਂ ਆਵਾਜ਼ ਬਰਾਬਰ ਉੱਚੀ ਹੁੰਦੀ ਜਾ ਰਹੀ ਸੀ: "ਸਭ ਗਾਲਾਂ ਕੱਢਦੇ ਹਨ, ਨਾ ਕੰਮ, ਨਾ ਕਾਰ। ਟਕੇ ਟਕੇ ਦੇ ਪਾਂਡੀਆਂ, ਮਜ਼ਦੂਰਾਂ ਅਤੇ ਕੁਲੀਆਂ ਨੂੰ ਇਕੱਠਾ ਕਰਦਾ ਫਿਰਦਾ ਹੈ, ਉਨ੍ਹਾਂ ਨੂੰ ਲੈਕਚਰ ਝਾੜਦਾ ਫਿਰਦਾ ਹੈ, ਹਰਾਮੀ ਮੂੰਹ ਤੇ ਦਾੜ੍ਹੀ ਨਹੀਂ ਉਤਰੀ, ਲੀਡਰ ਬਣ ਗਿਆ ਹੈ, ਸੂਰ ਦਾ ਬੱਚਾ..........।"

ਦੇਵ ਦੱਤ ਚੌਂਕ ਤਕ ਪਹੁੰਚ ਚੁੱਕਾ ਸੀ।

ਸਥਿਤੀ ਪਹਿਲਾਂ ਨਾਲੋਂ ਵੀ ਵਧੇਰੇ ਗੰਭੀਰ ਹੋ ਗਈ ਸੀ। ਸੜਕਾਂ ਖਾਲਮ ਖਾਲੀ ਸਨ, ਨਾ ਕੋਈ ਦੁਕਾਨ ਖੁਲ੍ਹੀ ਸੀ, ਨਾ ਕੋਈ ਟਾਂਗਾ ਜਾਂ ਮੋਟਰ ਚਲ ਰਹੀ ਸੀ। ਜੇ ਕਿਸੇ ਦੁਕਾਨ ਦੇ ਦਰਵਾਜ਼ੇ ਖੁਲ੍ਹੇ ਹੋਣ ਤਾਂ ਸਮਝ ਲੱਭੋ ਲੁੱਟ ਲਈ ਗਈ ਹੈ। ਜੇ ਲਾਠੀਆਂ ਲਈ ਕੁਝ ਲੋਕ ਖਲੋਤੇ ਹੋਣ ਤਾਂ ਸਮਝ ਲਓ ਕਿ ਉਨ੍ਹਾਂ ਦੇ ਸੰਪਰਦਾਏ ਦੇ ਲੋਕਾਂ ਦਾ ਉਹ ਮੁਹੱਲਾ ਹੈ। ਅਤੇ ਜਿਥੇ ਉਹ ਲੋਕ ਖੜੇ ਹਨ, ਉਥੋਂ ਦੂਸਰੇ ਧਰਮ ਦੇ ਲੋਕਾਂ ਦਾ ਮੁਹੱਲਾ ਸ਼ੁਰੂ ਹੋ ਜਾਂਦਾ ਹੈ। ਪਰ ਸਾਰੇ ਮੁਹੱਲੇ ਇਸ ਤਰ੍ਹਾਂ ਵੰਡੇ ਹੋਏ ਨਹੀਂ ਸਨ। ਸੜਕ ਦੇ ਨਾਲ ਨਾਲ ਦੇ ਪੱਕੇ ਦੋ ਮੰਜ਼ਿਲਾ ਮਕਾਨ ਹਿੰਦੂਆਂ ਦੇ ਸਨ, ਪਿੱਛੇ ਗਲੀਆ ਵਿਚ ਕੱਚੇ ਮਕਾਨ ਮੁਸਲਮਾਨਾਂ ਦੇ, ਜਾਂ ਦੇਵ ਦੱਤ ਦੀ ਸ਼ਬਦਾਵਲੀ ਵਿਚ ਸੜਕਾਂ ਵੱਲ ਮੂੰਹ ਵਾਲੇ ਮਕਾਨ ਮੱਧ-ਸ਼ਰੇਣੀ ਦੇ ਸਨ ਅਤੇ ਗਲੀਆਂ ਵਾਲੇ ਮਕਾਨ ਨੀਵੀਂ ਸ਼ਰੇਣੀ ਦੇ।

"ਦੇਵ ਦੱਤ" ਚੌਂਕ ਦੇ ਖੱਬੇ ਪਾਸਿਓਂ ਕਿਸੇ ਨੇ ਆਵਾਜ਼ ਮਾਰੀ। ਸਾਈਕਲ ਤੇ ਬੈਠੇ ਬੈਠੇ ਜ਼ਮੀਨ ਤੇ ਪੈਰ ਰੱਖ ਕੇ ਦੇਵ ਦੱਤ ਰੁੱਕ ਗਿਆ।

"ਅੱਗੇ ਨਾ ਜਾਈਂ, ਇਕ ਆਦਮੀ ਮਰਿਆ ਪਿਆ ਏ।" ਹੱਥ ਵਿਚ ਲਾਠੀ ਚੁੱਕੀ। ਮਧਰਾ ਜਿਹਾ ਇਕ ਆਦਮੀ ਸੜਕ ਤੇ ਆ ਗਿਆ।

“ਕਿੱਥੇ?”

''ਚੌਂਕ ਦੇ ਪਾਰ ਢਲਾਣ ਤੇ।"

"ਕੌਣ ਹੈ ?"

"ਮੁਸਲਮਾਨ ਹੈ, ਹੋਰ ਕੌਣ ਹੈ। ਤੂੰ ਇਸ ਵੇਲੇ ਕਿਥੇ ਜਾ ਰਿਹਾ ਹੈ ?"

"ਮੈਂ ਆਪਣੇ ਕੰਮ ਪਾਰਟੀ ਦੇ ਦਫ਼ਤਰ ਜਾ ਰਿਹਾ ਹਾਂ।"

"ਇਕ ਹਿੰਦੂ ਉਸ ਬੰਨੇ ਕਬਰਸਤਾਨ ਵਿਚ ਮਰਿਆ ਪਿਆ ਹੈ।"

ਕਹਿੰਦੇ ਹੋਏ ਮਧਰੇ ਆਦਮੀ ਨੇ ਛੁੰਜਲਾ ਕੇ ਕਿਹਾ :

''ਤੂੰ ਬੜਾ ਮੁਸਲਮਾਨਾਂ ਦੇ ਹੱਕ ਵਿਚ ਬੋਲਦਾ ਸੀ। ਹੁਣ ਉਨ੍ਹਾਂ ਨੂੰ ਜਾ ਕੇ ਕਹਿ ਕੇ ਸਾਡੀ ਲਾਸ਼ ਦੇ ਜਾਣ ਤੇ ਆਪਣੀ ਚੁੱਕ ਕੇ ਲੈ ਜਾਣ।"

ਸੱਜੇ ਹੱਥ ਉਪਰੋਂ ਛੱਜੇ ਤੋਂ ਆਵਾਜ਼ ਆਈ, 'ਨਾ ਜਾਵੀਂ, ਉਹ ਲੋਕ ਮਾਰ ਸੁਟਣਗੇ।"

"ਇਹ ਮੁਸਲਮਾਨਾਂ ਦੀ ਕਛ ਵਿਚ ਵੜਿਆ ਰਹਿੰਦਾ ਹੈ, ਇਸ ਨੂੰ ਕੋਈ ਨਹੀਂ ਮਾਰੇਗਾ।”

''ਹੈ ਤਾਂ ਹਿੰਦੂ।” ਛੱਜੇ ਉਤੋਂ ਆਵਾਜ਼ ਆਈ।

ਜੋ ਲੋਕ ਪਹਿਲਾਂ ਲੁਕ ਛਿਪ ਕੇ ਕੰਮ ਕਰਦੇ ਸਨ, ਹੁਣ ਬੰਧੜਕ ਬਾਹਰ ਆ ਗਏ ਸਨ।

“ਉਨ੍ਹਾਂ ਨੂੰ ਜਾ ਕੇ ਕਹਿ ਦੇ ਸਾਡਾ ਇਕ ਮਰੇਗਾ, ਅਸੀਂ ਉਨ੍ਹਾਂ ਦੇ ਤਿੰਨ ਮਾਰਾਂਗੇ।" ਆਦਮੀ ਸ਼ਾਇਦ ਮਰਿਆ ਨਹੀਂ ਸੀ, ਸਿਸਕ ਰਿਹਾ ਸੀ।

ਢਲਾਣ ਤੋਂ ਉਸ ਦਾ ਸਰੀਰ ਥੋੜ੍ਹਾ ਹੇਠਾਂ ਖਿਸਕ ਆਇਆ ਸੀ। ਉਸ ਦੀ ਦਾੜ੍ਹੀ ਸੀ ਜੋ ਪਹਿਲਾਂ ਖਿਚੜੀ ਹੋਵੇਗੀ, ਹੁਣ ਖ਼ੂਨ ਦੇ ਰੰਗ ਦੀ ਸੀ। ਖਾਕੀ ਕੋਟ ਤੇ ਜ਼ੀਨ ਦੇ ਬਟਨ ਸਨ, ਸਭ ਤੋਂ ਸਸਤੇ ਜੋ ਇਕ ਪੈਸੇ ਦੇ ਅੱਠ ਆਉਂਦੇ ਹਨ, ਬੂਟਾਂ ਦੇ ਤਸਮੇਂ ਖੁਲ੍ਹੇ ਸਨ, ਜਿਵੇਂ ਅਗਲੇ ਜਹਾਨ ਵਿਚ ਜਾਣ ਤੋਂ ਪਹਿਲਾਂ ਆਪ ਹੀ ਖੋਲ੍ਹ ਦਿਤੇ

ਹੋਣ। ਕੋਈ ਕਸ਼ਮੀਰੀ ਲੱਗਦਾ ਸੀ। ਦੇਵਦੱਤ ਨੇ ਮੁੜ ਕੇ ਸੜਕ ਵੱਲ ਵੇਖਿਆ, ਸੜਕ ਦੇ ਨਾਕੇ ਤੇ ਇਕ ਟੋਲੀ ਖਲੋਤੀ ਸੀ ਅਤੇ ਉਸ ਨੂੰ ਘੂਰੀ ਜਾ ਰਹੀ ਸੀ। ਦੂਸਰੀ ਵਾਰ ਲਾਸ਼ ਨੂੰ ਵੇਖਣ ਤੇ ਉਸ ਨੇ ਪਛਾਣ ਲਿਆ, ਇਹ ਕਸ਼ਮੀਰੀ ਹਾਤੇ ਹੈ ਜੋ ਫਤਹਿ ਚੰਦ ਦੇ ਟਾਲ ਤੇ ਕੰਮ ਕਰਦਾ ਸੀ। ਕੋਲਾ ਅਤੇ ਲਕੜੀਆਂ ਘਰ ਘਰ ਪਹੁੰਚਾਣ ਵਾਲਾ। ਫਤਹਿ ਚੰਦ ਦਾ ਟਾਲ ਕੁਝ ਹੀ ਦੂਰੀ ਤੇ ਸੀ।

ਦੇਵ ਦੱਤ ਨੇ ਨੱਕ ਸਹਿਲਾਇਆ ਅਤੇ ਸਿਰ ਹਿਲਾ ਦਿੱਤਾ। ਇਹ ਸਮਾਂ ਇਸ ਆਦਮੀ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਜਾਂ ਟਿਕਾਣੇ ਲਾਉਣ ਦਾ ਨਹੀਂ ਸੀ। ਨਾ ਹੀ ਹਿੰਦੂ ਦੀ ਲਾਸ਼ ਦੇ ਦਰਸ਼ਨ ਕਰਨ ਦਾ ਸੀ। ਸਮਾਂ ਪਾਰਟੀ ਦੇ ਦਫ਼ਤਰ ਵਿਚ ਪਹੁੰਚਣ ਦਾ ਸੀ।

ਪਾਰਟੀ ਆਫਿਸ ਵਿਚ ਝੰਡੇ ਹੀ ਚੰਡੇ ਸਨ। ਆਦਮੀ ਲੈ ਦੇ ਕੇ ਤਿੰਨ ਬੈਠੇ ਸਨ। ਕਮਯੂਨ ਵਿਚ ਕੁੱਲ ਅੱਠ ਆਦਮੀ ਸਨ। ਇਸ ਵੇਲੇ ਪੰਜ ਡਿਊਟੀ ਤੇ ਸਨ। ਪਰ ਇਕ ਬੁਰ੍ਹੀ ਖ਼ਬਰ ਵੀ ਹੈ। ਇਕ ਮੁਸਲਮਾਨ ਕਾਮਰੇਡ ਦਾ ਵਿਸ਼ਵਾਸ ਟੁੱਟ ਚੁੱਕਾ ਸੀ ਤੇ ਉਹ ਕਮਯੂਨ ਛੱਡ ਕੇ ਜਾ ਰਿਹਾ ਸੀ। ਆਪਣੀ ਗੱਲ ਕਹਿੰਦੇ ਕਹਿੰਦੇ ਉਸ ਦੇ ਹੋਠ ਕੰਬ ਜਾਂਦੇ ਸਨ ਅਤੇ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਰਿਹਾ ਸੀ :

ਅੰਗਰੇਜ਼ ਦੀ ਸਰਾਰਤ, ਅੰਗਰੇਜ਼ ਦੀ ਸ਼ਰਾਰਤ, ਇਸ ਵਿਚ ਅੰਗਰੇਜ਼ ਕਿਥੋਂ ਆ ਗਿਆ। ਮਸਜਿਦ ਦੇ ਸਾਹਮਣੇ ਸੂਰ ਸੁਟਦੇ ਹਨ, ਮੇਰੀਆਂ ਅੱਖਾਂ ਸਾਹਮਣੇ ਤਿੰਨ ਗਰੀਬ ਮੁਸਲਮਾਨਾਂ ਨੂੰ ਵੱਢਿਆ ਹੈ। ਹਟਾਓ ਜੀ, ਸਭ ਬਕਵਾਸ ਹੈ।"

ਦੇਵ ਦੱਤ ਬੌਖ਼ਲਾਏ ਹੋਏ ਕਾਮਰੇਡ ਨੂੰ ਇੰਨਾ ਹੀ ਕਹਿ ਸਕਿਆ :

''ਜਲਦਬਾਜ਼ੀ ਵਿਚ ਕੋਈ ਕੰਮ ਨਾ ਕਰੋ ਸਾਥੀ, ਅਸੀਂ ਮੱਧ ਵਰਗ ਦੇ ਲੋਕ ਹਾਂ, ਪੁਰਾਣੇ ਸੰਸਕਾਰਾਂ ਦਾ ਸਾਡੇ ਉਤੇ ਗਹਿਰਾ ਪ੍ਰਭਾਵ ਹੈ। ਮਜ਼ਦੂਰ ਵਰਗ ਦੇ ਹੁੰਦੇ ਤਾਂ ਹਿੰਦੂ ਮੁਸਲਮਾਨ ਦਾ ਸਵਾਲ ਤੁਹਾਨੂੰ ਪਰੇਸ਼ਾਨ ਨਾ ਕਰਦਾ।" ਪਰ ਸਾਥੀ ਨੇ ਬੁਝਕਾ ਚੁੱਕਿਆ ਅਤੇ ਕਮਯੂਨ ਛੱਡ ਕੇ ਚਲਾ ਗਿਆ।

''ਸਾਥੀ ਦਾ ਸਿਧਾਂਤਕ ਆਧਾਰ ਕੱਚਾ ਹੈ। ਜਜ਼ਬਾਤ ਦੀ ਰੌ ਵਿਚ ਬਹਿ ਕੇ ਕੋਈ ਕੌਮਨਿਸਟ ਨਹੀਂ ਬਣਦਾ, ਇਸ ਲਈ ਸਮਾਜ ਵਿਕਾਸ ਨੂੰ ਸਮਝਣਾ ਜ਼ਰੂਰੀ ਹੈ।"

ਮੀਟਿੰਗ ਸ਼ੁਰੂ ਹੋਈ। 'ਸ਼ਹਿਰ ਦੀ ਸਥਿਤੀ ਸਭ ਤੋਂ ਪਹਿਲੀ ਆਈਟਮ ਸੀ। ਇਸ ਵਿਚ ਵੀ ਮਜ਼ਦੂਰ ਬਸਤੀਆਂ ਤੇ ਵਿਚਾਰ ਕਰਨਾ ਸਭ ਤੋਂ ਪਹਿਲਾਂ ਜ਼ਰੂਰੀ ਸੀ।

"ਰੰਤੇ ਵਿਚ ਗੜਬੜ ਦੀ ਗੱਲ ਗਲਤ ਹੈ। ਕਿਸੇ ਮਜ਼ਦੂਰ ਬਸਤੀ ਵਿਚ ਅਜੇ ਤਕ ਕੋਈ ਗੜਬੜ ਨਹੀਂ ਹੋਈ, ਹਾਂ ਤਣਾਓ ਪਾਇਆ ਜਾਂਦਾ ਹੈ। ਸਾਥੀ ਜਗਦੀਸ਼ ਮੁਸਲਮਾਨ ਮਜਦੂਰਾਂ ਦੀ ਬਸਤੀ ਵਿਚ ਬੈਠਾ ਹੈ। ਲੋਕ ਅਜੇ ਵੀ ਉਸ ਦੀ ਗੱਲ ਸੁਣਦੇ ਹਨ। ਸਿੱਖ ਮਜ਼ਦੂਰਾਂ ਦੇ ਉਥੇ ਵੀਹ ਘਰ ਹਨ, ਇਕ ਵੀ ਵਾਰਦਾਤ ਉਥੇ ਅਜੇ ਤਕ ਨਹੀਂ ਹੋਈ। ਪਰ ਸਾਥੀ ਜਗਦੀਸ਼ ਨੇ ਸੂਚਨਾ ਦਿੱਤੀ ਹੈ ਕਿ ਹਾਲਾਤ ਵਿਗੜ ਰਹੇ ਹਨ। ਦੋ ਮਜ਼ਦੂਰ ਕੱਲ ਗਾਲੋ ਗਾਲੀ ਹੋ ਗਏ ਸਨ। ਬਾਹਰੋਂ ਆਉਣ ਵਾਲੀਆਂ ਅਫਵਾਹਾਂ ਬਹੁਤ ਬੁਰਾ ਅਸਰ ਕਰ ਰਹੀਆਂ ਹਨ।

ਫੈਸਲਾ ਹੋਇਆ ਕਿ ਕੁਰਬਾਨ ਅਲੀ ਨੂੰ ਵੀ ਰੱਤੇ ਭੇਜ ਦਿੱਤਾ ਜਾਵੇ ਤਾਕਿ ਸਾਥੀ ਜਗਦੀਸ਼ ਇਕੱਲਾ ਨਾ ਰਹੇ। ਅਤੇ ਦੇਵ ਦੱਤ ਨੇ ਕਾਗਜ਼ ਤੇ ਫੈਸਲਾ ਲਿਖ ਲਿਆ।

'ਬਾਰਾਂ' ਪਿੰਡਾਂ ਵਿਚ ਜਾ ਚੁੱਕੇ ਹਨ। ਕੋਈ ਖਬਰ ਨਹੀਂ। ਆਵਾਜਾਈ ਬੰਦ ਹੋ ਚੁੱਕੀ ਹੈ। ਕੇਵਲ ਇਕ ਮੋਟਰ, ਗਹਿਰੇ ਨੀਲੇ ਰੰਗ ਦੀ ਪਿੰਡ ਪਿੰਡ ਜਾਂਦੀ ਵੇਖੀ ਗਈ ਹੈ। ਕਿਸ ਦੀ ਮੋਟਰ ਸੀ, ਕਿਉਂ ਗਈ, ਕੁਝ ਪਤਾ ਨਹੀਂ ! ਕੁਝ ਲੋਕਾਂ ਦਾ ਕਹਿਣਾ ਹੈ ਕਿ ਸ਼ਾਹਨਵਾਜ਼ ਦੀ ਮੋਟਰ ਸੀ।

ਮੀਟਿੰਗ ਦੇਰ ਤਕ ਚਲਦੀ ਰਹੀ। ਤਿੰਨੇ ਕਾਮਰੇਡ ਦੇਰ ਤਕ ਦੇਵਦੱਤ ਨਾਲ ਬੈਠੇ ਵਿਚਾਰ ਕਰਦੇ ਰਹੇ। ਕਾਪੀ ਉਤੇ ਇਕ ਇਕ ਆਈਟਮ ਪੈਨਸਿਲ ਨਾਲ ਟਿਕ ਹੁੰਦੀ ਗਈ। ਫਿਰ ਅੰਤਿਮ ਆਈਟਮ ਸਾਹਮਣੇ ਆਈ :

''ਸਭ ਪਾਰਟੀਆਂ ਦੇ ਪ੍ਰਤੀਨਿਧਾਂ ਦੀ ਮੀਟਿੰਗ ਬੁਲਾਉਣਾ !''

"ਇਹ ਮੀਟਿੰਗ ਨਹੀਂ ਹੋ ਸਕੇਗੀ" ਇਕ ਸਾਥੀ ਬੋਲਿਆ, "ਕਾਂਗਰਸ ਦਫ਼ਤਰ ਤੇ ਜੰਦਰਾ ਲੱਗਾ ਹੋਇਆ ਹੈ। ਲੀਗ ਵਾਲਿਆ ਨਾਲ ਗੱਲ ਕਰੋ ਤਾਂ ਪਾਕਿਸਤਾਨ ਦੇ ਨਾਹਰੇ ਲਾਉਣ ਲੱਗਦੇ ਹਨ। ਹਰ ਗੱਲ ਵਿਚ ਕਹਿੰਦੇ ਹਨ ਕਿ ਪਹਿਲਾਂ ਕਾਂਗਰਸ ਵਾਲੇ ਮੰਨਣ ਕਿ ਕਾਂਗਰਸ ਹਿੰਦੂਆਂ ਦੀ ਜਮਾਤ ਹੈ, ਫਿਰ ਅਸੀਂ ਉਨ੍ਹਾਂ ਨਾਲ ਬੈਠਣ ਲਈ ਤਿਆਰ ਹਾਂ। ਅਤੇ ਇਸ ਵੇਲੇ ਤਾਂ ਆਪਣੇ-ਆਪਣੇ ਮੁਹੱਲਿਆਂ ਵਿਚੋਂ ਕੋਈ ਬਾਹਰ ਹੀ ਨਹੀਂ ਨਿਕਲ ਰਿਹਾ। ਮੀਟਿੰਗ ਕਿਸ ਦੇ ਨਾਲ ਕਰੋਗੇ ?"

ਨੱਕ ਫੈਲਾਉਂਦੇ ਹੋਏ ਦੇਵਦੱਤ ਨੇ ਫਿਰ ਮਤ ਬਦਲ ਲਿਆ : "ਦਸ ਦਸ ਪ੍ਰਤੀਨਿਧਾਂ ਵਾਲੀ ਗੱਲ ਨਹੀਂ ਚਲੇਗੀ, ਖਾਸ ਖਾਸ ਲੀਡਰਾਂ ਨੂੰ ਜਿਵੇਂ ਕਿਵੇਂ ਇਕੱਠਾ ਕਰੋ। ਉਨ੍ਹਾਂ ਦੇ ਨਾਲ ਕੁਝ ਲੋਕ ਆ ਜਾਣਗੇ।"

''ਕੋਈ ਨਹੀਂ ਆਏਗਾ, ਕਾਮਰੇਡ", ਦੂਸਰੇ ਸਾਥੀ ਨੇ ਕਿਹਾ, ''ਜੇ ਆਉਣਗੇ ਵੀ ਤਾਂ ਤੂੰ ਤੂੰ ਮੈਂ ਮੈਂ ਹੋਵੇਗੀ, ਨਤੀਜਾ ਕੁਝ ਨਹੀਂ ਨਿਕਲੇਗਾ।"

"ਕਾਮਰੇਡ ਉਨ੍ਹਾਂ ਦੇ ਮਿਲ ਬੈਠਣ ਨਾਲ ਹੀ ਲੋਕਾਂ ਤੇ ਚੰਗਾ ਪ੍ਰਭਾਵ ਪਵੇਗਾ। ਫਿਰ ਅਸੀਂ ਉਨ੍ਹਾਂ ਦੇ ਨਾਂ ਤੇ ਸ਼ਹਿਰ ਵਿਚ ਅਮਨ ਕਾਇਮ ਕਰਨ ਦੀ ਅਪੀਲ ਕਰ ਸਕਦੇ ਹਾਂ। ਮੁਹੱਲੇ ਮੁਹੱਲੇ ਵਿਚ ਮੁਨਾਦੀ ਕਰਵਾ ਸਕਦੇ ਹਾਂ। ਇਸ ਵੇਲੇ ਕੀ ਹੈ ? ਇਸ ਵੇਲੇ ਫਸਾਦ ਅਤੇ ਖੁਲ੍ਹੀ ਕਟ-ਵਢ ਨਹੀਂ ਹੋ ਰਹੀ, ਪਰ ਜਿਥੇ ਇਕਾ-ਦੁਕਾ ਆਦਮੀ ਮਿਲਦਾ ਹੈ ਉਸ ਨੂੰ ਵੱਢ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਆਪਸ ਵਿਚ ਮਿਲਾਉਣਾ ਅਤਿਅੰਤ ਜ਼ਰੂਰੀ ਹੈ।

ਕੁਝ ਹੋਰ ਪਹਿਲੂਆਂ ਤੋਂ ਵੀ ਵਿਚਾਰ ਕੀਤਾ ਗਿਆ। ਕਿਥੇ ਮੀਟਿੰਗ ਬੁਲਾਈ ਜਾਵੇ? ਫੈਸਲਾ ਹੋਇਆ ਹਯਾਤ ਬਖਸ਼ ਦੇ ਘਰ। ਮੈਂ ਬਖਸ਼ੀ ਜੀ ਨੂੰ ਲਿਆਵਾਂਗਾ। ਮੁਸਲਮਾਨਾ ਦੇ ਮੁਹੱਲੇ ਵਿਚ ਪਹੁੰਚਣ ਤੇ ਸਾਥੀ ਅਜ਼ੀਜ਼ ਮੁਹੱਲੇ ਦੇ ਦੋ ਤਿੰਨ

ਸ਼ਹਿਰੀਆਂ ਨੂੰ ਲੈ ਕੇ ਮਿਲੇਗਾ ਅਤੇ ਅਸੀਂ ਸਭ ਹਯਾਤ ਬਖਸ਼ ਦੇ ਘਰ ਜਾ ਕੇ ਬੈਠਾਂਗੇ।"

"ਹਯਾਤ ਬਖਸ਼ ਨਾਲ ਗੱਲ ਕਰ ਲਈ ਹੈ ?"

"ਹੁਣੇ ਜਾ ਕੇ ਗੱਲ ਕਰਾਂਗਾ।"

"ਕਾਮਰੇਡ, ਤੁਸੀਂ ਕਿਸ ਦੁਨੀਆਂ ਵਿਚ ਰਹਿ ਰਹੇ ਹੋ। ਹਯਾਤ ਬਖਸ ਦੇ ਘਰ ਤੁਸੀਂ ਜਾਉਗੇ ? ਉਥੋਂ ਤਕ ਤੁਹਾਨੂੰ ਪਹੁੰਚਣ ਕੌਣ ਦੇਵੇਗਾ ?"

" ਤੂੰ ਮੇਰੇ ਨਾਲ ਚਲੇਂਗਾ।" ਦੇਵਦੱਤ ਨੇ ਮੁਸਕਰਾ ਕੇ ਅਜ਼ੀਜ਼ ਨੂੰ ਕਿਹਾ।

"ਇਹ ਪਾਣੀ ਦੇ ਛਿੱਟੇ ਨੇ ਕਾਮਰੇਡ, ਇਨ੍ਹਾਂ ਨਾਲ ਅੱਗ ਨਹੀਂ ਬੁਝੇਗੀ।"

ਪਰ ਮੀਟਿੰਗ ਦੇ ਪਿਛੋਂ ਸਚਮੁੱਚ ਦੇਵਦੱਤ ਤੇ ਅਜੀਜ਼, ਗਲੀਆਂ ਲੰਘਦੇ, ਲੁਕਦੇ ਛਿਪਦੇ, ਕਿਤੋਂ ਗਾਲ੍ਹਾਂ ਖਾਂਦੇ, ਕਿਤੋਂ ਧਮਕੀਆਂ ਸੁਣਦੇ, ਹਯਾਤ ਬਖਸ਼ ਦੇ ਘਰ ਜਾ ਪੁੱਜੇ।

ਅਤੇ ਸਚਮੁੱਚ ਉਸ ਦੁਪਹਿਰ ਨੂੰ ਹਯਾਤ ਬਖਸ਼ ਦੇ ਘਰ ਮੀਟਿੰਗ ਵੀ ਹੋਈ। ਬਖਸ਼ੀ ਜੀ ਨੂੰ ਦੇਵਦੱਤ ਲਿਆਇਆ, ਕਿਸੇ ਹੋਰ ਕਾਂਗਰਸੀ ਨੂੰ ਦੇਵਦੱਤ ਕਹਿੰਦਾ ਤਾਂ ਉਹ ਸ਼ਾਇਦ ਨਾ ਆਉਂਦਾ, ਦੇਵਦੱਤ ਨੂੰ ਵਿਸ਼ਵਾਸ ਸੀ ਕਿ ਬਖਸ਼ੀ ਆਏਗਾ ਕਿਉਂਕਿ ਉਹ ਕੁਲ ਮਿਲਾ ਕੇ ਸੋਲਾਂ ਸਾਲ ਜੇਲ੍ਹ ਵਿਚ ਰਹਿ ਚੁੱਕਾ ਸੀ। ਭਾਵੇਂ ਉਸਦਾ ਜ਼ਿਹਨ ਸਾਫ ਨਾ ਹੋਵੇ, ਰਾਜਨੀਤਕ ਗੁੱਥੀਆਂ ਸੁਲਝਾਉਣ ਵਿਚ ਉਹ ਅਸਮਰੱਥ ਹੋਵੇ, ਪਰ ਉਹ ਖ਼ੂਨ ਖਰਾਬਾਂ ਨਹੀਂ ਚਾਹੁੰਦਾ। ਉਹ ਪਿਛਲੇ ਦਿਨਾਂ ਤੋਂ ਸਭ ਨਾਲ ਔਖਾ ਹੋ ਰਿਹਾ ਹੈ, ਕਿਉਂਕਿ ਉਹ ਬੋਖਲਾਇਆ ਹੋਇਆ ਹੈ, ਅੰਦਰੋਂ ਪਰੇਸ਼ਾਨ ਹੈ, ਸਥਿਤੀ ਉਸਦੇ ਕਾਬੂ ਵਿਚ ਨਹੀਂ ਹੈ। ਦੇਵਦੱਤ ਨਾਲ ਆਉਂਦਾ ਹੋਇਆ ਉਹ ਸਾਰਾ ਰਾਹ ਕੋਮਨਿਸਟਾਂ ਨੂੰ ਗਾਲ੍ਹਾਂ ਕੱਢਦਾ ਰਿਹਾ, ਪਰ ਉਹ ਆਇਆ ਸੀ ਉਸਦੇ ਨਾਲ ਦੋ ਜਵਾਨ ਕਾਂਗਰਸੀ ਵੀ ਆਏ ਸਨ ਅਤੇ ਮੀਟਿੰਗ ਹੋਈ। ਅਤੇ ਤੂੰ ਤੂੰ, ਮੈਂ ਮੈਂ ਵੀ ਹੋਈ, ਅਤੇ ਅੱਧਾ ਘੰਟਾ ਹਯਾਤ ਬਖਸ਼ ਇਸ ਗਲ ਤੇ ਅੜਿਆ ਰਿਹਾ ਕਿ ਬਖਸ਼ੀ ਕਬੂਲ ਕਰੇ ਕਿ ਉਹ

ਹਿੰਦੂਆਂ ਦੀ ਪ੍ਰਤੀਨਿਧਤਾ ਕਰਨ ਆਇਆ ਹੈ ਤੇ ਕਾਂਗਰਸ ਹਿੰਦੂਆਂ ਦੀ ਜਮਾਤ ਹੈ। ਫਿਰ ਦੇਵਦਤ ਨੇ ਕਿਹਾ :

"ਸਾਹਿਬਾਨ, ਇਹ ਮੌਕਾ ਇਨ੍ਹਾਂ ਬਹਿਸਾਂ ਵਿਚ ਪੈਣ ਦਾ ਨਹੀਂ ਹੈ। ਬਾਹਰ ਲੋਕ ਮਰ ਰਹੇ ਹਨ, ਘਰ ਸੜ ਰਹੇ ਹਨ, ਸੁਣਿਆ ਹੈ ਕਿ ਇਹ ਅੱਗ ਪਿੰਡਾਂ ਵਿਚ ਵੀ ਫੈਲਣ ਵਾਲੀ ਹੈ। ਇਸ ਵੇਲੇ ਸਾਡਾ ਕੀ ਫਰਜ਼ ਹੈ ? ਮੈਂ ਬੇਨਤੀ ਕਰਾਂਗਾ ਕਿ ਅਸੀਂ ਵੇਲੇ ਦੀ ਨਜ਼ਾਕਤ ਨੂੰ ਸਮਝਦੇ ਹੋਏ ਇਸ ਅੱਗ ਨੂੰ ਫੈਲਣ ਤੋਂ ਰੋਕੀਏ।" ਫਿਰ ਦੇਵਦੱਤ ਨੇ ਅਮਨ ਦੀ ਅਪੀਲ ਪੜ੍ਹ ਕੇ ਸੁਣਾਈ। ਬਹਿਸ ਫਿਰ ਛਿੜ ਗਈ। ਇਹ ਕਾਂਗਰਸ ਅਤੇ ਲੀਗ ਵਲੋਂ ਨਹੀਂ ਹੋ ਸਕਦੀ। ਇਹ ਹਯਾਤ ਬਖਸ਼ ਅਤੇ ਬਖਸ਼ੀ ਵਲੋਂ ਹੋ ਸਕਦੀ ਹੈ। ਨਹੀਂ ਇਸ ਵਿਚ ਹੋਰ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ.........।"

ਫ਼ਿਰ ਲੋਕ ਥੱਕ ਗਏ, ਅਤੇ ਹਯਾਤ ਬਖਸ਼ ਦੇ ਕੰਨ ਵਿਚ ਉਸਦੇ ਪੁੱਤਰ ਨੇ ਕਿਹਾ ਕਿ ਅਪੀਲ ਤੇ ਦਸਤਖ਼ਤ ਕਰਨ ਨਾਲ ਕੋਈ ਫਰਕ ਨਹੀਂ ਪਵੇਗਾ, ਅਮਨ ਦੀ ਅਪੀਲ ਹੀ ਤਾਂ ਹੈ, ਤਾਂ ਉਸਨੇ ਦਸਤਖ਼ਤ ਕਰ ਦਿੱਤੇ। ਬਖਸ਼ੀ ਨੇ ਵੀ ਦਸਤਖ਼ਤ ਕਰ ਦਿੱਤੇ। ਫਿਰ ਪਾਕਿਸਤਾਨ ਜ਼ਿੰਦਾਬਾਦ ਦੇ ਨਾਹਰੇ ਲੱਗੇ ਅਤੇ ਇਨ੍ਹਾਂ ਨਾਰਿਆਂ ਵਿਚ ਬਖਸ਼ੀ ਜੀ ਅਜੇ ਜੁੱਤੀ ਪਾ ਰਹੇ ਸਨ ਕਿ ਖ਼ਬਰ ਆਈ ਰੱਤੇ ਵਿਚ, ਮਜ਼ਦੂਰਾਂ ਦੀ ਬਸਤੀ ਵਿਚ ਵੀ ਵਸਾਦ ਹੋ ਗਿਆ ਹੈ, ਅਤੇ ਦੋ ਸਿੱਖ ਮਜ਼ਦੂਰ ਮਾਰ ਦਿੱਤੇ ਗਏ ਹਨ।

ਪਹਿਲਾਂ ਤਾਂ ਦੇਵਦੱਤ ਨੇ ਖਬਰ ਨੂੰ ਝੂਠਾ ਕਿਹਾ ਤੇ ਉਸਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ''ਉੱਥੇ ਦੰਗਾ ਤੁਸੀਂ ਵੇਖਿਆ ? ਆਪਣੀਆਂ ਅੱਖਾਂ ਨਾਲ ? ਕੌਣ ਖਬਰ ਲਿਆਇਆ ਹੈ ?" ਇਹ ਬਾਰ ਤਾਂ ਉਹ ਅੰਤ ਤਕ ਦੁਹਰਾਉਂਦਾ ਰਿਹਾ, ਪਰ ਉਸਦਾ ਸਿਰ ਝੁਕ ਗਿਆ, ਅਤੇ ਉਸਨੂੰ ਲੱਗਿਆ ਕਿ ਜੇ ਮਜ਼ਦੂਰ ਆਪਸ ਵਿਚ ਲੜ ਸਕਦੇ

ਹਨ ਤਾਂ ਇਹ ਜ਼ਹਿਰ ਬਹੁਤ ਗਹਿਰਾ ਅਸਰ ਕਰ ਚੁੱਕਾ ਹੈ। ਤਾਂ ਫਿਲਹਾਲ ਇਸ ਮੀਟਿੰਗ ਨੂੰ ਪਾਣੀ ਤੇ ਖਿੱਚੀ ਹੋਈ ਲਕੀਰ ਹੀ ਸਮਝਣਾ ਚਾਹੀਦਾ ਹੈ।

ਅਤੇ ਤਦੇ ਦੇਵਦੱਤ ਨੇ ਦਿਲ ਫੈਸਲਾ ਕਰ ਲਿਆ ਕਿ ਦਫ਼ਤਰ ਵਿਚੋਂ ਸਾਈਕਲ ਚੁਕੋ ਅਤੇ ਰੱਤਾ ਪਹੁੰਚੋ, ਜਿਵੇਂ ਵੀ ਹੋਵੇ ਸਿੱਧੇ 'ਰੱਤਾ' ਪਹੁੰਚੋ। ਇਕੱਲੇ ਸਾਥੀ ਜਗਦੀਸ ਦੇ ਵੱਸ ਦੀ ਗੱਲ ਨਹੀਂ ਰਹਿ ਗਈ ਹੈ। ਮੇਰੇ ਪਹੁੰਚਣ ਨਾਲ ਸ਼ਾਇਦ ਸਥਿਤੀ ਸੁਧਰ ਜਾਵੇ, ਮਜ਼ਦੂਰ ਆਸ ਵਿਚ ਨਾ ਲੜਨ।

ਪਰ ਜਦ ਦੇਵਦੱਤ ਜਿਵੇਂ ਕਿਵੇਂ ਦਫਤਰ ਪਹੁੰਚਿਆ ਤਾਂ ਉਸਦਾ ਪਿਤਾ ਉਥੇ ਪਹਿਲਾਂ ਹੀ ਮੌਜੂਦ ਸੀ। ਹੱਥ ਵਿਚ ਸੋਟੀ ਫੜੀ ਹੋਈ। ਅਤੇ ਜਦ ਦੇਵਦੱਤ ਨੇ ਸਥਿਤੀ ਦਾ ਮਾਰਕਗੀ ਵਿਸ਼ਲੇਸ਼ਣ ਕੀਤਾ ਅਤੇ ਦੱਸਿਆ ਕਿ ਦੰਗਾ ਰੋਕਣ ਦੀ ਕੋਸ਼ਿਸ਼ ਜਾਰੀ ਹੈ ਅਤੇ ਫਿਰ ਸਾਇਕਲ ਕਢਣ ਲੱਗਾ, ਤਾਂ ਉਸਦਾ ਪਿਤਾ ਫਿਰ ਗੁੱਸੇ ਵਿਚ ਬਿਫ਼ਰ ਪਿਆ :

"ਉੱਲੂ ਦੇ ਪੱਠੇ, ਹਰਾਮੀ, ਕੋਈ ਮਾਰ ਸੁਟੇਗਾ ਤਾਂ ਲਾਸ਼ ਚੁੱਕਣ ਵਾਲਾ ਵੀ ਕੋਈ ਨਹੀਂ ਮਿਲੇਗਾ। ਤੂੰ ਵੇਖਦਾ ਨਹੀਂ, ਉਤੋਂ ਵਕਤ ਕਿਹੋ ਜਿਹਾ ਜਾ ਰਿਹਾ ਹੈ। ਹਰਾਮੀ, ਤੂੰ ਇਕੱਲਾ ਦੰਗਾ ਰੋਕਣ ਜਾ ਰਿਹੈ ?"......... ਅਤੇ ਪਿਤਾ ਨੇ ਗਲੀ ਵਿਚ ਖੁਲ੍ਹਣ ਵਾਲਾ ਦਰਵਾਜਾ ਬੰਦ ਕਰ ਦਿੱਤਾ ਉਸਦਾ ਜੀਅ ਕਰਦਾ ਸੀ ਕਿ ਪੁੱਤ ਨੂੰ ਕੁੱਟ ਸੁੱਟੇ। ਉਸਨੇ ਸੋਟੀ ਚੁੱਕੀ ਵੀ ਸੀ ਪਰ ਫਿਰ ਢਾਹ ਮਾਰ ਕੇ ਰੋ ਪਿਆ, "ਕਿਉਂ ਸਾਨੂੰ ਰੁਆ ਰਿਹਾ ਹੈਂ। ਸਾਡਾ ਤੂੰ ਇਕ ਹੀ ਪੁੱਤਰ ਹੈ। ਕੁਝ ਸਮਝ ਤੋਂ ਕੰਮ ਲੈ। ਕੁਝ ਅਕਲ ਕਰ। ਵੇਖ ਤੇਰੀ ਮਾਂ ਕਿੰਨੀ ਪਰੇਸ਼ਾਨ ਹੈ। ਤੂੰ ਕਹਿੰਦਾ ਹੈ ਤਾਂ ਪੱਗ ਤੇਰੇ ਪੈਰਾਂ ਤੇ ਰੱਖ ਦਿੰਦਾ ਹਾਂ। ਘਰ ਚਲ।"

ਦੇਵਦੱਤ ਨੇ ਨੱਕ ਸਹਿਲਾਇਆ, ਹੱਥ ਮਲੇ, ਸਥਿਤੀ ਟੇਢੀ ਹੋ ਰਹੀ ਸੀ। ਕਿਸੇ ਨੂੰ ਵਿਚ ਪਾਉਣਾ ਪਵੇਗਾ। ਇਨ੍ਹਾਂ ਨੂੰ ਘਰ ਤਕ ਪਹੁੰਚਾਣਾ ਹੋਵੇਗਾ।

"ਮੈਂ ਰੱਤਾ ਜਾਣਾ ਹੈ", ਉਹ ਬੋਲਿਆ, "ਮੈਂ ਰੁਕ ਨਹੀਂ ਸਕਦਾ। ਪਰ ਮੈਂ ਤੁਹਾਨੂੰ ਘਰ ਤਕ ਪਹੁੰਚਾਣ ਦਾ ਇੰਤਜ਼ਾਮ ਕਰ ਦਿੰਦਾ ਹਾਂ, ਸਾਥੀ ਰਾਮ ਨਾਥ ਤੁਹਾਡੇ ਨਾਲ ਜਾਵੇਗਾ।"

ਉਸੇ ਦੁਪਹਿਰ ਇਕ ਹੋਰ ਮੌਤ ਹੋਈ। ਜਰਨੈਲ ਮਾਰਿਆ ਗਿਆ। ਸਨਕੀ ਤਾਂ ਉਹ ਪਹਿਲਾਂ ਹੀ ਸੀ, ਕੱਛ ਵਿਚ ਸੋਟੀ ਦਬਾਏ, ਲੈਫਟ ਰਾਈਟ ਕਰਦਾ ਹੋਇਆ ਉਹ ਦੰਗਾ ਰੋਕਣ ਨਿਕਲ ਪਿਆ। ਕੋਈ ਨਹੀਂ ਜਾਣਦਾ ਸੀ ਕਿ ਉਸਦੇ ਮਨ ਵਿਚ ਕੋਈ ਵਿਚਾਰ ਉਠਦੇ ਸਨ ਜਾਂ ਨਹੀਂ: ਪਰ ਦਿਲ ਵਿਚ ਵੱਲਵਲੇ ਜ਼ਰੂਰ ਉਠਦੇ ਸਨ ਅਤੇ ਕਦਮ ਜ਼ਰੂਰ ਉਠਦੇ ਸਨ, ਅਤੇ ਦਿਮਾਗ ਵਿਚ ਸ਼ਾਇਦ ਸਨਕ ਉਠਦੀ ਸੀ। ਸ਼ਹਿਰ ਵਿਚ ਦੰਗਾ ਹੋ ਰਿਹਾ ਹੈ, ਇਹ ਕੋਈ ਚੰਗੀ ਗੱਲ ਹੈ ਅਤੇ ਉਹ ਸਭ ਕਾਂਗਰਸੀ ਗੱਦਾਰ ਹਨ ਜੋ ਘਰ ਬੈਠੇ ਹੋਏ ਹਨ।

ਉਹ ਨਿਕਲਿਆ ਅਤੇ ਥਾਂ ਪਰ ਥਾਂ ਸੜਕ ਦੇ ਕਿਨਾਰੇ ਕਦੇ ਇਕ ਚਬੂਤਰੇ ਤੋਂ ਕਦੇ ਦੂਸਰੇ ਚਬੂਤਰੇ ਤੇ ਖਲੋ ਕੇ ਲੈਕਚਰ ਦੇਣ ਲੱਗਾ।

"ਸਾਹਿਬਾਨ, ਮੈਂ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਸ੍ਰੀ ਜਵਾਹਰ ਲਾਲ ਨਹਿਰੂ ਜੀ ਨੇ ਰਾਵੀ ਦੇ ਕੰਢੇ ਪੂਰਣ ਸਵਰਾਜ ਦੀ ਸਹੁੰ ਖਾਧੀ ਸੀ ਅਤੇ ਉਥੋਂ ਰਾਵੀ ਦੇ ਕੰਢੇ ਨੱਚੇ ਸਨ। ਅਤੇ ਮੈਂ ਵੀ ਨੱਚਿਆ ਸੀ ਅਤੇ ਅਸੀਂ ਸਭ ਨੇ ਸਹੁੰ ਖਾਧੀ ਸੀ, ਅੱਜ ਜੋ ਲੋਕ ਘਰਾਂ ਵਿਚ ਬੈਠੇ ਹੋਏ ਹਨ, ਉਹ ਸਭ ਗੱਦਾਰ ਹਨ, ਮੈਂ ਇਕ ਇਕ ਨੂੰ ਜਾਣਦਾ ਹਾਂ। ਮੈਂ ਪੁਛਦਾ ਹਾਂ ਇਹ ਲੋਕ ਘਰਾਂ ਵਿਚ ਬੈਠੇ ਕੀ ਕਰ ਰਹੇ ਹਨ ? ਇਨ੍ਹਾਂ ਨੂੰ ਬੁਰਕਾ ਪਾ ਕੇ ਬਹਿਣਾ ਚਾਹੀਦਾ ਹੈ, ਇਨ੍ਹਾਂ ਨੂੰ ਚੂੜੀਆਂ ਪਾ ਲੈਣੀਆਂ ਚਾਹੀਦੀਆਂ ਹਨ ਅਤੇ ਹੱਥਾਂ ਤੇ ਮਹਿੰਦੀ ਲਾਉਣੀ ਚਾਹੀਦੀ ਹੈ। ਸਾਹਿਬਾਨ ਗਾਂਧੀ ਜੀ ਨੇ ਕਿਹਾ ਕਿ ਹਿੰਦੂ ਮੁਸਲਿਮ ਭਾਈ ਭਾਈ ਹਨ। ਇਨ੍ਹਾਂ ਨੂੰ ਆਪਸ ਵਿਚ ਨਹੀਂ ਲੜਨਾ ਚਾਹੀਦਾ। ਮੈਂ ਤੁਹਾਨੂੰ, ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਤੀਵੀਆਂ ਸਭ ਨੂੰ ਅਪੀਲ ਕਰਦਾ ਹਾਂ ਕਿ ਆਪਸ ਵਿਚ ਲੜਨਾ ਬੰਦ ਕਰ ਦਿਓ। ਇਸ ਨਾਲ ਦੇਸ਼

ਨੂੰ ਨੁਕਸਾਨ ਪਹੁੰਚਦਾ ਹੈ। ਦੇਸ਼ ਦੀ ਦੌਲਤ ਇੰਗਲਿਸਤਾਨ ਵਿਚ ਜਾਂਦੀ ਹੈ, ਅੰਗਰੇਜ਼—ਇਹ ਗੋਰਾ ਬਾਂਦਰ, ਸਾਡੇ ਸਭ ਤੇ ਹੁਕਮ ਚਲਾਉਂਦਾ ਹੈ......।"

ਇਕ ਚਬੂਤਰੇ ਤੋਂ ਦੂਸਰੇ ਚਬੂਤਰੇ ਤੇ। ਗਲੀਆਂ ਸੜਕਾਂ ਲੰਘਦਾ ਹੋਇਆ ਉਹ ਕਮੇਟੀ ਮੁਹੱਲੇ ਵਿਚ ਜਾ ਪਹੁੰਚਿਆ। ਓਧਰ ਦਿਨ ਢਲ ਰਿਹਾ ਸੀ। ਇਹ ਲੈਕਚਰ ਕਰ ਰਿਹਾ ਸੀ ਜਦ ਕੁਝ ਮਨਚਲੇ ਆ ਕੇ ਖਲੋ ਗਏ ਸਨ। ਜਰਨੈਲ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਕਿਸ ਮੁਹੱਲੇ ਵਿਚ ਹੈ, ਕਿੱਥੇ ਹੈ।

"ਸਾਹਿਬਾਨ, ਮੈਂ ਤੁਹਾਨੂੰ ਕਹਿੰਦਾ ਹਾਂ ਕਿ ਹਿੰਦੂ ਮੁਸਲਮਾਨ ਭਰਾ ਭਰਾ ਹਨ, ਸ਼ਹਿਰ ਵਿਚ ਫਸਾਦ ਹੋ ਰਿਹਾ ਹੈ, ਅੱਗਾਂ ਲੱਗ ਰਹੀਆਂ ਹਨ ਅਤੇ ਉਸਨੂੰ ਕੋਈ ਰੋਕਦਾ ਨਹੀਂ। ਡਿਪਟੀ ਕਮਿਸ਼ਨਰ ਆਪਣੀ ਮੇਮ ਨੂੰ ਬਾਹਵਾਂ ਵਿਚ ਲਈ ਬੈਠਾ ਹੈ। ਅਤੇ ਮੈਂ ਕਹਿੰਦਾ ਹਾਂ ਕਿ ਸਾਡਾ ਦੁਸ਼ਮਣ ਅੰਗਰੇਜ਼ ਹੈ। ਗਾਂਧੀ ਜੀ ਕਹਿੰਦੇ ਹਨ ਕਿ ਉਹ ਸਾਨੂੰ ਲੜਾਉਂਦਾ ਹੈ, ਅਸੀਂ ਭਰਾ ਭਰਾ ਹਾਂ। ਸਾਨੂੰ ਅੰਗਰੇਜ਼ ਦੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੀਦਾ। ਗਾਂਧੀ ਜੀ ਦਾ ਫ਼ਰਮਾਨ ਹੈ ਕਿ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ। ਮੈਂ ਵੀ ਕਹਿੰਦਾ ਹਾਂ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ, ਅਸੀਂ ਇਕ ਹਾਂ, ਅਸੀਂ ਭਰਾ ਭਰਾ ਹਾਂ, ਅਸੀਂ ਮਿਲਕੇ ਰਹਾਂਗੇ ... ...।"

''ਤੇਰੀ ਮਾਂ ਦੀ......" ਲਾਗੇ ਚਾਗੇ ਖਲੋਤੇ ਲੋਕਾਂ ਵਿਚੋਂ ਇਕ ਨੇ ਕਿਹਾ ਅਤੇ ਲਾਠੀ ਦੇ ਇਕ ਭਰਪੂਰ ਵਾਰ ਨਾਲ ਜਰਨੈਲ ਦੀ ਖੋਪੜੀ ਤੋੜ ਦਿੱਤੀ। ਸੋਟੀ ਕਿੱਥੇ ਗਈ, ਅਤੇ ਪਾਈ ਹੋਈ ਮੂੰਗੀਆ ਪੱਗ ਕਿਥੇ ਗਈ ਅਤੇ ਟੁੱਟੀ ਹੋਈ ਚਪਲੀ ਕਿਥੇ ਗਈ, ਅਤੇ ਵਾਕ ਖਤਮ ਕੀਤੇ ਬਿਨਾ ਹੀ ਜਰਨੈਲ ਜਿੱਥੇ ਖਲੋਤਾ ਸੀ, ਉਥੇ ਹੀ ਢੇਰ ਹੋ ਗਿਆ।

***

## ਬਾਰਾਂ

"ਇਕ ਆਦਮੀ ਛੱਜ ਤੇ ਪਹਿਰਾ ਦੇਵੇ।" ਰਣਵੀਰ ਨੇ ਘੁੰਮ ਕੇ ਕਿਹਾ। ਕੁਕੜੀ ਵੱਢ ਕੇ ਦੀਖਿਆ ਪ੍ਰਾਪਤ ਕਰਨ ਨਾਲ ਉਸ ਵਿਚ ਭਰਪੂਰ ਆਤਮ-ਵਿਸ਼ਵਾਸ ਪੈਦਾ ਹੋ ਗਿਆ ਸੀ। ਓਹ ਪਾਰਟੀ ਦਾ ਸਭ ਤੋਂ ਚਤੁਰ, ਸਭ ਤੋਂ ਚੁਸਤ ਅਤੇ ਸਭ ਤੋਂ ਜ਼ਿਆਦਾ ਕਾਰਜ ਕੁਸ਼ਲ ਮੈਂਬਰ ਸੀ। ਉਸ ਦੀ ਆਵਾਜ਼ ਵਿਚ ਕੜਕ ਆ ਗਈ ਸੀ।

ਡਾਂਗਾਂ, ਕੁਹਾੜੀਆਂ, ਛੁਰੇ, ਤੀਰ ਕਮਾਨ ਅਤੇ ਗੁਲੇਲਾ— ਇਨ੍ਹਾਂ ਹਥਿਆਰਾਂ ਦੇ ਬਾਵਜੂਦ ਹਥਿਆਰ ਘਰ ਖਾਲੀ ਖਾਲੀ ਲੱਗ ਰਿਹਾ ਸੀ। ਕਮਰੇ ਦੇ ਬਾਹਰ, ਪੌੜੀਆਂ ਤੋਂ ਥੋੜ੍ਹਾ ਜਿਹਾ ਪਰੇ ਚੁਲ੍ਹੇ ਤੇ ਤੇਲ ਦਾ ਕੜਾਇਆ ਰਖਿਆ ਹੋਇਆ ਸੀ, ਪਰ ਲੱਕੜੀਆਂ ਘੱਟ ਜਾਣ ਕਾਰਣ ਤੇਲ ਨੂੰ ਉਬਾਲਣ ਦਾ ਵਿਚਾਰ ਕਲ੍ਹ ਹੀ ਛੱਡ ਦਿੱਤਾ ਗਿਆ ਸੀ।

'ਜੋ ਆਗਿਆ, ਸਰਦਾਰ !" ਸ਼ੰਭੂ ਨੇ ਕਿਹਾ ਅਤੇ ਛੱਜੇ ਉਤੇ ਚਲਾ ਗਿਆ।

ਚਾਰ ਯੋਧੇ ਉਤਾਵਲੇ ਹੋ ਰਹੇ ਸਨ। ਰਣਭੂਮੀ ਵਿਚ ਉਤਰਨ ਅਤੇ ਆਪਣੇ ਜੌਹਰ ਵਿਖਾਉਣ ਦਾ ਸਮਾਂ ਆ ਗਿਆ ਸੀ। ਛੱਜੇ ਦੇ ਪਿੱਛੇ ਖਲੋਤੇ ਉਹ ਉਂਜ ਹੀ ਮਹਿਸੂਸ ਕਰ ਰਹੇ ਸਨ ਜਿਵੇਂ ਚਟਾਨਾਂ ਦੀ ਓਟ ਵਿਚ ਖਲੋਤੇ ਰਾਜਪੂਤ ਹੇਠਾਂ ਹਲਦੀ ਘਾਟੀ ਵਿਚ ਆਉਣ ਵਾਲੇ ਮਲੇਛਾਂ ਦਾ ਇੰਤਜ਼ਾਰ ਕਰਦੇ ਹੋਏ ਮਹਿਸੂਸ ਕਰਦੇ ਰਹੇ ਹੋਣਗੇ। ਮਲੇਛਾਂ ਤੇ ਟੁਟ ਪੈਣ ਦਾ ਸਮਾਂ ਆ ਗਿਆ ਹੈ।

ਰਣਵੀਰ ਦਾ ਕੱਦ ਛੋਟਾ ਸੀ ਇਸ ਲਈ ਉਹ ਮਨ ਹੀ ਮਨ ਵਿਚ ਸ਼ਿਵਾ ਜੀ ਦੀ ਭੂਮਿਕਾ ਵਿਚ ਆਪਣੇ ਆਪ ਨੂੰ ਵੇਖਿਆ ਕਰਦਾ ਸੀ। ਛਾਤੀ ਤੇ ਦੋਵੇਂ ਬਾਹਵਾਂ ਰੱਖੀ, ਤਿਰਛੀਆਂ ਅੱਖਾਂ ਨਾਲ ਉਹ ਸੜਕ ਅਤੇ ਸੜਕ ਦੇ ਆਸ ਪਾਸ ਦੇ ਇਲਾਕੇ

ਦਾ ਜਾਇਜਾ ਲਿਆ ਕਰਦਾ ਸੀ। ਕਿਸੇ ਕਿਸੇ ਵੇਲੇ ਉਸ ਦੇ ਮਨ ਵਿਚ ਲਲਕ ਉਠਦੀ ਕਿ ਕਮਰ ਵਿਚ ਤਲਵਾਰ ਲਟਕਦੀ ਹੋਵੇ ਚੌੜਾ ਕਮਰਬੰਦ ਹੋਵੇ, ਅੰਗਰਖਾ ਹੋਵੇ ਅਤੇ ਸਿਰ ਤੇ ਪੀਲੇ ਰੰਗ ਦੀ ਪਗੜੀ ਹੋਵੇ ਅਤੇ ਉਸ ਉਤੇ ਲੋਹੇ ਦਾ ਟੋਪਾ। ਢਿੱਲਾ ਜਿਹਾ ਪਜਾਮਾ ਪਾ ਕੇ ਇੰਨੇ ਵੱਡੇ ਸੰਗਾਮ ਵਿਚ ਭਾਗ ਲੈਣਾ ਬੜਾ ਅਟਪਟਾ ਲੱਗਦਾ ਸੀ। ਪਜਾਮਾ ਅਤੇ ਸਿੱਧੀ ਸਾਦੀ ਕਮੀਜ਼ ਅਤੇ ਹੇਠਾਂ ਟੁੱਟੀ ਹੋਈ ਚੱਪਲ ਵੀਰ ਸੈਨਕ ਦਾ ਬਾਣਾ ਨਹੀਂ ਸੀ। ਪਰ ਜੋ ਅਧਿਕਾਰ ਭਾਵ ਉਸ ਦੇ ਪਹਿਰਾਵੇ ਵਿਚ ਨਹੀਂ ਸੀ, ਉਸ ਨੂੰ ਰਣਵੀਰ ਨੇ ਕੜਕ ਕੇ ਹੁਕਮ ਦੇਣ ਵਾਲੀ ਆਪਣੀ ਆਵਾਜ਼ ਨਾਲ ਪੂਰਾ ਕਰ ਲਿਆ ਸੀ। ਫੌਜ ਦੇ ਕਮਾਂਡਰਾਂ ਵਾਂਗ ਉਹ ਹੁਕਮ ਦਿੰਦਾ ਸੀ ਅਤੇ ਪਾਰਟੀ ਦੇ ਸਭ ਮੈਂਬਰਾਂ ਨੂੰ ਕੜੇ ਅਨੁਸਾਸ਼ਨ ਵਿਚ ਰੱਖਦਾ ਸੀ। ਪਿੱਛੇ ਪਿੱਛੇ ਹੱਥ ਬੰਨ੍ਹੀ, ਥੋੜਾ ਜਿਹਾ ਝੁਕ ਕੇ, ਗਹਿਰੀ ਚਿੰਤਾ ਵਿਚ ਗਵਾਚਾ ਹੋਇਆ ਉਹ ਹਥਿਆਰ ਘਰ ਦੇ ਹੇਠਾਂ ਉਪਰ ਟਹਿਲਦਾ, ਉਂਜ ਹੀ ਜਿਵੇਂ ਔਰੰਗਜ਼ੇਬ ਨਾਲ ਲੋਹਾ ਲੈਣ ਤੋਂ ਪਹਿਲਾਂ ਸ਼ਿਵਾ ਜੀ ਟਹਿਲਦੇ ਰਹੇ ਹੋਣਗੇ।

"ਸਰਦਾਰ !"

ਰਣਵੀਰ ਨੇ ਘੁੰਮ ਕੇ ਵੇਖਿਆ। ਮਨੋਹਰ ਖਲੋਤਾ ਸੀ ਜੋ ਕੁਝ ਦੇਰ ਪਹਿਲਾਂ ਇਕ ਇਕ ਗੁਲੇਲ ਤੇ ਕੋਲ ਇਕ ਇਕ ਢੇਰ ਕੰਕਰਾਂ ਦਾ ਲੱਗਾ ਰਿਹਾ ਸੀ।

"ਲਕੜੀਆਂ ਘੱਟ ਗਈਆਂ ਹਨ। ਤੇਲ ਨਹੀਂ ਉਬਲ ਸਕਦਾ।"

"ਕੀ ਕੋਲਾ ਵੀ ਨਹੀਂ ਹੈ ?"

"ਨਹੀਂ ਹੈ, ਸਰਦਾਰ।"

ਰਣਵੀਰ ਕਮਰੇ ਵਿਚ ਪਿੱਠ ਪਿਛੇ ਹੱਥ ਬੰਨ੍ਹੀ ਕੁਝ ਦੇਰ ਟਹਿਲਦਾ ਰਿਹਾ। ਰਣਨੀਤੀ ਇਹੋ ਕਹਿੰਦੀ ਹੈ ਕਿ ਫੈਸਲਾ ਝਟ ਪਟ ਕਰਨਾ ਚਾਹੀਦਾ ਹੈ। ਸਥਿਤੀ ਨੂੰ ਪਛਾਣ ਲੈਣਾ, ਉਸ ਦੀ ਤਹਿ ਤਕ ਜਾ ਪਹੁੰਚਣਾ ਅਤੇ ਛੇਤੀ ਫੈਸਲਾ ਲੈਣਾ ਨੇਤਾ ਲਈ ਜ਼ਰੂਰੀ ਹੈ।

"ਆਪਣੇ ਘਰੋਂ ਚੁੱਕ ਲਿਆ। ਜੋ ਵੀ ਮਿਲੇ ਲਕੜੀ ਜਾਂ ਕੋਲਾ, ਅਤੇ ਜਿੰਨਾ ਵੀ ਮਿਲੇ, ਚੁੱਕ ਲਿਆ। ਇਸ ਵਿਚ ਦੇਰੀ ਨਹੀਂ ਹੋਣੀ ਚਾਹੀਦੀ।"

ਮਨੋਹਰ ਠਿਠਕਿਆ ਖਲੋਤਾ ਰਿਹਾ।

“ਕੀ ਹੈ?”

''ਜੇ ਮਾਂ ਨਾ ਲਿਆਉਣ ਦੇਵੇ, ਤਾਂ?”

ਇਸ ਤੇ ਸਰਦਾਰ ਹਥਿਆਰ ਘਰ ਵਿਚ ਖਲੋਤਾ ਮਨੋਹਰ ਦੇ ਚਿਹਰੇ ਵੱਲ ਵੇਖਣ ਲੱਗਾ, ਫਿਰ ਕੜਕ ਕੇ ਬੋਲਿਆ :

"ਮੇਰੇ ਮੂੰਹ ਵੱਲ ਕੀ ਵੇਖ ਰਿਹਾ ਹੈਂ। ਜਿਥੋਂ ਮਰਜ਼ੀ ਲਕੜੀ ਲਿਆ।"

'ਜੋ ਹੁਕਮ, ਸਰਦਾਰ।" ਮਨੋਹਰ ਨੇ ਕਿਹਾ, ਅਤੇ ਪਿਛੇ ਹੱਟ ਗਿਆ।

"ਪਰ ਅਜੇ ਰੁਕ ਜਾਓ। ਇਸ ਵੇਲੇ ਜਾਣ ਦੀ ਲੋੜ ਨਹੀਂ ਹੈ।"

ਅਤੇ ਤਦੇ ਤੇਲ ਉਬਾਲਣ ਦਾ ਵਿਚਾਰ ਅੱਗੇ ਪਾ ਦਿੱਤਾ ਗਿਆ।

“ਹਥਿਆਰ ਘਰ' ਇਕ ਦੋ ਮੰਜਿਲੇ ਘਰ ਦੀ ਉਪਰ ਵਾਲੀ ਮੰਜਿਲ ਵਿਚ ਬਣਾਇਆ ਗਿਆ ਸੀ ਜੋ ਖਾਲੀ ਪਈ ਸੀ। ਹੇਠਲੀ ਮੰਜਿਲ ਵਿਚ ਸੰਭੂ ਦੇ ਬੁੱਢੇ ਦਾਦਾ ਦਾਦੀ ਰਹਿੰਦੇ ਸਨ। ਉਪਰ ਵਾਲੀ ਮੰਜ਼ਲ ਦੇ ਛੱਜੇ ਦਾ ਮੂੰਹ ਸੜਕ ਵੱਲ ਸੀ ਅਤੇ ਸੜਕ ਦੇ ਕਿਨਾਰੇ ਪਿੱਪਲ ਦਾ ਸੁੰਦਰ ਰੁੱਖ ਸੀ ਜਿਸਦੀ ਓਟ ਵਿਚ ਛੱਜਾ ਢੱਕਿਆ ਰਹਿੰਦਾ ਸੀ। ਪਰ ਘਰ ਦੇ ਅੰਦਰ ਜਾਣ ਦਾ ਰਸਤਾ ਗਲੀ ਵਿਚੋਂ ਸੀ ਜੋ ਪਿੱਪਲ ਦੇ ਰੁੱਖ ਦੇ ਸਾਹਮਣਿਓ ਅੰਦਰ ਚਲੀ ਗਈ ਸੀ। ਇਹ ਗਲੀ ਟੇਢੀ ਮੇਢੀ ਸੀ। ਹਨੇਰੀ ਅਤੇ ਭੀੜੀ ਸੀ। ਸੜਕ ਤੋਂ ਆਉਣ ਵਾਲਾ ਆਦਮੀ ਗਲੀ ਵਿਚ ਗਵਾਚ ਜਿਹਾ ਜਾਂਦਾ ਸੀ। ਰਣਵੀਰ ਨੂੰ ਇਸਦੀ ਸਥਿਤੀ ਸਮਝਾਉਂਦੇ ਹੋਏ ਸ਼ੰਭੂ ਨੇ ਇਸਨੂੰ 'ਚੱਕਰ ਵਿਊਂ ਵਿਚ ਵੜਨ ਦਾ ਨਾਂ ਦਿੱਤਾ ਸੀ ਅਤੇ ਦਲ ਦੀਆਂ ਸਰਗਰਮੀਆਂ ਲਈ ਇਸਨੂੰ ਸਭ ਤੋਂ ਠੀਕ ਦਸਿਆ ਸੀ। ਗਲੀ ਥੋੜ੍ਹੀ ਦੂਰ ਜਾ ਕੇ ਖੱਬੇ ਹੱਥ ਮੁੜ ਗਈ ਸੀ। ਮੋੜ ਉਤੇ

ਕਿਸੇ ਪੀਰ ਦਾ ਟੁਟਾ ਹੋਇਆ ਮਜ਼ਾਰ ਸੀ। ਅਤੇ ਮਜ਼ਾਰ ਦੇ ਸਾਹਮਣੇ ਇਕ ਬੁੱਢਾ ਮੁਸਲਮਾਨ ਰਹਿੰਦਾ ਸੀ ਜਿਸ ਦੀਆਂ ਦੋ ਪਤਨੀਆਂ ਸਨ। ਅੱਗੇ ਚਲੇ ਜਾਓ ਤਾਂ ਪਾਣੀ ਦਾ ਨਲਕਾ ਆਉਂਦਾ ਸੀ ਜੋ ਦੁਪਹਿਰ ਵੇਲੇ ਬੰਦ ਰਹਿੰਦਾ ਸੀ। ਚਾਰ ਵਜੇ ਦੁਪਹਿਰ ਤਕ ਨਲਕੇ ਤੋਂ ਕੋਈ ਜੀਅ ਨਜ਼ਰ ਨਹੀਂ ਆਉਂਦਾ ਸੀ। ਨਲਕੇ ਦੇ ਅਗੋਂ ਸਭ ਮਕਾਨ ਹਿੰਦੂਆਂ ਦੇ ਸਨ, ਕੇਵਲ ਗਲੀ ਦੇ ਅੰਤ ਵਿਚ ਦੋ ਤਿੰਨ ਕੱਚੇ ਮਕਾਨ ਸਨ ਜਿਨ੍ਹਾਂ ਵਿਚ ਮੁਸਲਮਾਨ ਰਹਿੰਦੇ ਸਨ। ਇਕ ਵਿਚ ਮਹਿਮਦ ਧੋਬੀ ਰਹਿੰਦਾ ਸੀ, ਦੂਸਰੇ ਵਿਚ ਰਹਿਮਾਨ ਹਮਾਮ ਵਾਲਾ। ਇਨ੍ਹਾਂ ਤੋਂ ਛੁਟ, ਥਾਂ ਥਾਂ ਸੱਜੇ ਖੱਬੇ ਹੋਰ ਗਲੀਆਂ ਨਿਕਲ ਗਈਆਂ ਸਨ। ਜੇ ਮਲੇਛ ਤੇ ਹਮਲਾ ਇਸ ਗਲੀ ਵਿਚ ਕੀਤਾ ਜਾਵੇਗਾ ਤਾਂ ਉਹ ਪਾਣੀ ਦੇ ਨਲਕੇ ਅਤੇ ਗਲੀ ਦੀ ਨੁਕਰ-ਵਿਚਲੇ ਹਿੱਸੇ ਵਿਚ ਕੀਤਾ ਜਾ ਸਕਦਾ ਹੈ। ਖਤਰਾ ਹੋਵੇ ਤਾਂ ਕਿਸੇ ਨਾ ਕਿਸੇ ਹਿੰਦੂ ਦੇ ਘਰ ਦੀ ਡਿਉਢੀ ਵਿਚ ਘੁਸਿਆ ਜਾ ਸਕਦਾ ਹੈ।

"ਤੂੰ ਗਲੀ ਵਿਚ ਰਹਿਣ ਵਾਲੇ ਮਲੇਛਾਂ ਨੂੰ ਜਾਣਦਾ ਹੈ ?"

ਰਣਵੀਰ ਨੇ ਸ਼ੰਭੂ ਨੂੰ ਪੁਛਿਆ ਸੀ।

"ਹਾਂ ਸਰਦਾਰ, ਮੈਂ ਇਨ੍ਹਾਂ ਨੂੰ ਜਾਣਦਾ ਹਾਂ। ਮਹਿਮੂਦ ਧੋਬੀ ਸਾਡੇ ਘਰ ਦੇ ਕੱਪੜੇ ਧੋਂਦਾ ਹੈ, ਅਤੇ ਪੀਰ ਦੀ ਕਬਰ ਦੇ ਸਾਹਮਣੇ ਜੋ ਮੀਆਂ ਜੀ ਰਹਿੰਦੇ ਹਨ ਉਹ ਮੇਰੇ ਦਾਦਾ ਜੀ ਨਾਲ ਬਹੁਤ ਉਠਦੇ-ਬੈਠਦੇ ਹਨ।"

"ਤੂੰ ਇਸ ਗਲੀ ਵਿਚ ਕੰਮ ਨਹੀਂ ਕਰੇਂਗਾ।" ਰਣਵੀਰ ਨੇ ਹੁਕਮ ਦਿੰਦਿਆਂ ਕਿਹਾ। ਸ਼ੰਭੂ ਨਿੰਮੋਝੂਣਾ ਹੋ ਗਿਆ।

ਅੱਜ ਇਹ ਲੋਕ ਆਪਣੇ ਪਹਿਲੇ ਸ਼ਿਕਾਰ ਤੇ ਧਾਵਾ ਬੋਲਣ ਵਾਲੇ ਸਨ। ਚਾਰੇ ਯੋਧੇ ਉਤਾਵਲੇ ਸਨ। ਅਜੇ ਤਕ ਕੇਵਲ ਤਿਆਰੀ ਚਲਦੀ ਰਹੀ ਸੀ, ਅੱਜ ਰਣਭੂਮੀ ਵਿਚ ਜੋਹਰ ਵਿਖਾਉਣ ਦਾ ਸਮਾਂ ਆ ਗਿਆ ਸੀ। "ਅੱਜ ਰਣ ਵਿਚ ਜਾ ਕੇ ਧੂਮ ਮਚਾ ਦੇ ਬੇਟਾ। ਧਰਮ ਦੇਵ ਦੇ ਕੰਨਾ ਵਿਚ ਵੀਰ ਰਸ ਭਰੇ ਇਸ ਗੀਤ ਦੀ ਸਤਰ ਵਾਰ

ਵਾਰ ਗੂੰਜ ਰਹੀ ਸੀ। ਮਨੋਹਰ ਥੋੜਾ ਜਿਹਾ ਪਰੇਸ਼ਾਨ ਸੀ। ਉਹ ਆਪਣੀ ਮਾਂ ਨੂੰ ਬਿਨਾਂ ਦੱਸੇ ਆ ਗਿਆ ਸੀ, ਅਤੇ ਹੁਣ ਦਿਨ ਦੇ ਦੋ ਵਜਣ ਵਾਲੇ ਸਨ ਅਤੇ ਮਨੋਹਰ ਨੂੰ ਡਰ ਸੀ ਕਿ ਚੌਂਕਾ ਭਾਂਡਾ ਸਾਂਭ ਕੇ ਉਸ ਦੀ ਮਾਂ ਉਸ ਨੂੰ ਲੱਭਣ ਨਿਕਲ ਪਵੇਗੀ ਅਤੇ ਕੀ ਪਤਾ ਲਭਦੀ ਲਭਦੀ ਇਧਰ ਹੀ ਆ ਜਾਵੇ ?

ਰਣਵੀਰ ਨੇ ਹੋਰ ਤਿੰਨ ਯੋਧਿਆਂ ਨੂੰ 'ਹਥਿਆਰ ਘਰ' ਵਿਚ ਇਕੱਠਾ ਕੀਤਾ ਅਤੇ ਰਣਨੀਤੀ' ਤੇ ਵਿਚਾਰ ਕਰਦਾ ਹੋਇਆ ਬੋਲਿਆ :

"ਦੁਸ਼ਮਣ ਤੇ ਉਬਲਦਾ ਤੇਲ ਪਾਉਣ ਦਾ ਸਮਾਂ ਅਜੇ ਨਹੀਂ ਆਇਆ ਹੈ। ਉਬਲਦਾ ਤੇਲ ਉਸ ਸਮੇਂ ਪਾਇਆ ਜਾਂਦਾ ਹੈ ਜਦੋਂ ਦੁਸ਼ਮਣ ਤੁਹਾਡੇ ਕਿਲ੍ਹੇ ਤੇ ਹਮਲਾ ਕਰ ਦੇਵੇ ਅਤੇ ਤੁਸੀਂ ਹਥਿਆਰਾਂ ਨਾਲ ਉਸ ਦਾ ਮੁਕਾਬਲਾ ਨਾ ਕਰ ਸਕਦੇ ਹੋਵੇ।" ਫਿਰ ਉਸ ਨੇ ਥੋੜ੍ਹਾ ਜਿਹਾ ਸੋਚ ਕੇ ਕਿਹਾ, ''ਇਥੇ ਕੇਵਲ ਛੁਰਾ ਚਲੇਗਾ, ਕਮਾਨੀਦਾਰ ਛੁਰਾ।"

ਫਿਰ ਉਸ ਨੇ ਇੰਦਰ ਨੂੰ ਸੰਬੋਧਿਤ ਕਰਕੇ ਕਿਹਾ :

"ਇਕ ਵਾਰ ਫਿਰ ਪੈਂਤੜਾ ਕਰ ਕੇ ਵਿਖਾ, ਚੁੱਕ ਲੈ ਛੁਰਾ ਵਾਧਰੇ ਤੋਂ।"

ਇੰਦਰ ਫੁਰਤੀ ਨਾਲ ਛੁਰਾ ਚੁੱਕ ਲਿਆਇਆ। ਕਮਰੇ ਦੇ ਵਿਚਕਾਰ ਉਹ ਦੋਵੇਂ ਲੱਤਾਂ ਫੈਲਾਈ ਖਿਣ ਭਰ ਲਈ ਖਲੋਤਾ ਰਿਹਾ। ਛੁਰੇ ਦੀ ਮੁੱਠ ਉਸ ਦੇ ਸੱਜੇ ਹੱਥ ਵਿਚ ਸੀ ਅਤੇ ਉਸ ਦਾ ਫਲ ਪਿਛੇ ਵੱਲ ਸੀ। ਫਿਰ ਖੱਬਾ ਕਦਮ ਉਠਾ ਕੇ ਉਹ ਉਛਲਿਆ, ਅਤੇ ਹਵਾ ਵਿਚ ਅੱਧਾ ਚਕਰ ਕਟ ਕੇ ਫਿਰ ਦੋਵੇਂ ਲਤਾਂ ਫੈਲਾਈ ਰਣਵੀਰ ਦੀ ਪਿੱਠ ਵੱਲ ਮੂੰਹ ਕਰਕੇ ਫ਼ਰਸ਼ ਤੋਂ ਉਤਰਿਆ। ਇਸ ਦੌਰਾਨ ਉਸਨੇ ਰਣਵੀਰ ਦੀ ਕਮਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਲਟੇ ਹੱਥ ਨਾਲ ਛੁਰੇ ਦੇ ਵਾਰ ਦਾ ਸੰਕੇਤ ਵੀ ਕੀਤਾ ਸੀ।

ਰਣਵੀਰ ਨੇ ਸਿਰ ਹਿਲਾਇਆ, "ਦੁਸਮਣ ਦੀ ਛਾਤੀ ਜਾਂ ਪਿੱਠ ਨੂੰ ਕਦੇ ਵੀ ਨਿਸ਼ਾਨਾ ਨਾ ਬਣਾਓ। ਵਾਰ ਹਮੇਸ਼ਾ ਲੱਕ ਵਿਚ ਕਰੋ ਜਾਂ ਢਿੱਡ ਵਿਚ ਅਤੇ ਛੁਰਾ

ਮਾਰਨ ਪਿਛੋਂ ਉਸ ਨੂੰ ਅੰਦਰ ਹੀ ਅੰਦਰ ਥੋੜਾ ਜਿਹਾ ਮੋੜ ਦਿਓ, ਇਸ ਨਾਲ ਅੰਤੜੀਆਂ ਬਾਹਰ ਆ ਜਾਣਗੀਆਂ। ਜੇ ਤੁਸੀਂ ਭੀੜ ਵਿਚ ਦੁਸ਼ਮਣ ਤੇ ਵਾਰ ਕਰੋ ਤਾਂ ਛੁਰਾ ਬਾਹਰ ਖਿੱਚਣ ਦੀ ਕੋਸ਼ਿਸ਼ ਨਾ ਕਰੋ, ਉਸਨੂੰ ਵਿਚੋਂ ਰਹਿਣ ਦਿਓ ਅਤੇ ਭੀੜ ਵਿਚ ਗਵਾਚ ਜਾਓ।"

ਰਣਵੀਰ ਉਹੋ ਕੁਝ ਬੋਲੀ ਜਾ ਰਿਹਾ ਸੀ ਜੋ ਉਸਨੇ ਮਾਸਟਰ ਦੇਵਦੱਤ ਦੇ ਮੂੰਹੋਂ ਸੁਣਿਆ ਸੀ। ਥੋੜ੍ਹੀ ਦੇਰ ਪਿਛੋਂ ਉਹ ਦੋ ਹਿਸਿਆਂ ਵਿਚ ਵੰਡੇ ਗਏ ਸਨ। ਪਹਿਲਾ ਹਮਲਾ ਇੰਦਰ ਦੇ ਹੱਥੋਂ ਕੀਤਾ ਜਾਵੇਗਾ। ਇਸ ਲਈ ਇੰਦਰ ਸ਼ੰਕੂ ਤੇ ਸਰਦਾਰ ਹਥਿਆਰ ਘਰ ਨੂੰ ਛਡ ਕੇ ਹੇਠਾਂ ਡਿਉੜੀ ਵਿਚ ਆ ਗਏ ਸਨ ਜਦ ਕਿ ਮਨੋਹਰ ਉਪਰ ਪਰ ਖਲੋਤਾ ਰਿਹਾ। ਫੈਸਲਾ ਕੀਤਾ ਗਿਆ ਕਿ ਸੜਕ ਵੱਲ ਛੱਜੇ ਤੇ ਖਲੋਤਾ ਸੈਨਿਕ ਨਜ਼ਰ ਰਖੇਗਾ ਅਤੇ ਗਲੀ ਵਿਚ ਆਉਣ ਜਾਣ ਵਾਲੇ ਲੋਕ ਤੇ ਰਣਵੀਰ ਅਤੇ ਇੰਦਰ ਤੇ ਸ਼ੰਭੂ। ਅਤੇ ਰਣਵੀਰ ਦੇ ਹੁਕਮ ਨਾਲ ਇੰਦਰ ਡਿਊੜੀ ਵਿਚੋਂ ਨਿਕਲ ਕੇ ਦੁਸ਼ਮਣ ਤੇ ਹਮਲਾ ਕਰੇਗਾ। ਗਲੀ ਵਿਚ ਖੁਲ੍ਹਣ ਵਾਲੇ ਦਰਵਾਜ਼ੇ ਨੂੰ ਥੋੜ੍ਹਾ ਜਿਹਾ ਖੋਲ੍ਹ ਦੇਣ ਤੋਂ ਸੜਕ ਦਾ ਕੁਝ ਹਿੱਸਾ ਅਤੇ ਗਲੀ ਦੇ ਸ਼ੁਰੂ ਦਾ ਹਿੱਸਾ ਨਜ਼ਰ ਆਉਂਦੇ ਸਨ। ਪਿਪਲ ਦੇ ਤਨੇ ਦੇ ਘਰ ਸੜਕ ਦਾ ਹਿੱਸਾ ਸੀ ਜੋ ਦੁਪਹਿਰ ਦੀ ਧੁੱਪ ਵਿਚ ਚਮਕ ਰਿਹਾ ਸੀ।

ਗਲੀ ਦੇ ਸਾਹਮਣੇ ਇਕ ਟਾਂਗਾ ਰੁਕਿਆ। ਰਣਵੀਰ ਨੇ ਦਰਵਾਜ਼ੇ ਨੂੰ ਲੱਗਭਗ ਪੂਰਾ ਢੋ ਦਿੱਤਾ ਅਤੇ ਇਕ ਪਤਲੀ ਜਿਹੀ ਝੀਤ ਵਿਚੋਂ ਬਾਹਰ ਵੇਖਣ ਲੱਗਾ।

"ਕੌਣ ਹੈ?" ਇੰਦਰ ਨੇ ਫੁਸਫੁਸਾ ਕੇ ਪੁੱਛਿਆ। ਰਣਵੀਰ ਚੁੱਪ ਰਿਹਾ। ਹੋਰ ਦੋ ਸੈਨਿਕਾਂ ਨੇ ਵੀ ਅੱਗੇ ਵਧ ਕੇ ਬੀਤ ਤੇ ਅੱਖਾਂ ਮੜ ਦਿੱਤੀਆਂ।

"ਜਲਾਲ ਖਾਨ ਹੈ। ਨਵਾਬਜ਼ਾਦਾ ਜਲਾਲਖਾਲ।" ਸੰਭੂ ਬੋਲਿਆ। "ਇਹ ਸੜਕ ਦੀ ਨੁਕਰੇ ਸਾਹਮਣੇ ਵਾਲੇ ਮਕਾਨ ਵਿਚ ਰਹਿੰਦਾ ਹੈ। ਸਾਡੇ ਮੁਹੱਲੇ ਦਾ ਬਹੁਤ

ਵੱਡਾ ਰਾਈਸ ਹੈ। ਡਿਪਟੀ ਕਮਿਸ਼ਨਰ ਨੂੰ ਮਿਲਣ ਜਾਂਦਾ ਹੈ।" ਸੰਭੂ ਇਕ ਸਾਹ ਵਿਚ ਕਹਿ ਗਿਆ।

ਝੀਤ ਵਿਚੋਂ ਖਿਣ ਭਰ ਲਈ ਉਸਦਾ ਚਿੱਟਾ ਤੁਰਾ, ਤਾਅ ਦਿੱਤੀਆਂ ਹੋਈਆਂ ਮੁੱਛਾਂ ਅਤੇ ਲਾਲ ਚਮਕਦਾ ਚਿਹਰਾ ਨਜ਼ਰ ਆਏ। ਪਰ ਜਿਵੇਂ ਉਹ ਸਾਹਮਣੇ ਆਇਆ ਉਸੇ ਤਰ੍ਹਾਂ ਹੀ ਨਜ਼ਰੋਂ ਪਰੋਖੇ ਹੋ ਗਿਆ। ਗਲੀ ਵਿਚੋਂ ਲੰਘਦਿਆਂ ਹੋਇਆ ਉਸਦੀ ਸਲਵਾਰ ਦੀ ਸਰਸਰਾਹਣਟ ਅਤੇ ਬੂਟ ਦੀ ਚਰਮਰਾਹਟ ਸੁਣਾਈ ਦਿੱਤੀ। ਕੁਝ ਫੈਸਲਾ ਕਰ ਸਕਣ ਤੋਂ ਪਹਿਲਾਂ ਹੀ ਉਹ ਆਪਣੇ ਘਰ ਜਾ ਚੁੱਕਾ ਸੀ। ਤਿੰਨੇ ਬਹਾਦਰ ਸੈਨਿਕ ਠੱਗੇ ਜਿਹੇ ਖਲੋਤੇ ਰਹਿ ਗਏ। ਉਹ ਉਂਜ ਵੀ ਕੱਦ-ਬੁਤ ਵਿਚ ਬਹੁਤ ਉੱਚਾ ਲੱਗਾ ਸੀ। ਉਸਨੂੰ ਸਾਹਮਣਿਓਂ ਲੰਘਦਾ ਵੇਖਕੇ ਤਿੰਨੋਂ ਸਹਿਮ ਜਿਹੇ ਗਏ ਸਨ। ਅਤੇ ਉਹਨਾਂ ਨੂੰ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ ਸੀ।

ਮਾਸਟਰ ਜੀ ਨੇ ਕਿਹਾ ਸੀ ਕਿ ਦੁਸ਼ਮਣ ਵੱਲ ਧਿਆਨ ਨਾਲ ਕਦੇ ਨਾ ਵੇਖੋ, ਇਸ ਨਾਲ ਨਿਸਚਾ ਡੋਲ ਜਾਂਦਾ ਹੈ। ਕਿਸੇ ਵੀ ਜੀਵ ਵੱਲ ਧਿਆਨ ਨਾਲ ਵੇਖੋ ਤਾਂ ਉਸ ਪ੍ਰਤੀ ਹਮਦਰਦੀ ਪੈਦਾ ਹੋ ਜਾਂਦੀ ਹੈ। ਅਜਿਹਾ ਕਦੇ ਨਹੀਂ ਹੋਣ ਦੇਣਾ ਚਾਹੀਦਾ।

ਪਿੱਛੇ ਗਲੀ ਵਿਚ ਕੋਈ ਦਰਵਾਜ਼ਾ ਖੁਲਿਆ ਅਤੇ ਫਿਰ ਖੜਾਕ ਨਾਲ ਬੰਦ ਹੋ ਗਿਆ। ਤਿੰਨਾਂ ਯੁਵਕਾਂ ਦੇ ਕੰਨ ਖੜੇ ਹੋ ਗਏ। ਰਣਵੀਰ ਨੇ ਦਰਵਾਜ਼ੇ ਦੇ ਪਰਦਿਆਂ ਨੂੰ ਇਸ ਤਰ੍ਹਾਂ ਖੋਲ੍ਹਿਆ ਕਿ ਪਰਦਿਆਂ ਵਿਚੋਂ ਝੀਤ ਗਲੀ ਵੱਲ ਖੁਲ੍ਹ ਗਈ।

"ਕੌਣ ਹੈ ?" ਇੰਦਰ ਨੇ ਫੁਸਫਸਾ ਕੇ ਪੁੱਛਿਆ :

'ਮਲੇਛ ਹੈ" ਰਣਵੀਰ ਬੋਲਿਆ।

ਦੋਵੇ ਮਿੱਤਰ ਹੇਠਾਂ ਉਤੇ ਝੀਤ ਤੇ ਨਜ਼ਰ ਟਿਕਾਈ ਖਲੋ ਗਏ। ਇਕ ਦਾੜ੍ਹੀ ਵਾਲਾ ਵੱਡੀ ਉਮਰ ਦਾ ਆਦਮੀ ਗਲੀ ਵਿਚੋਂ ਚਲਦਾ ਹੋਇਆ ਸੜਕ ਵੱਲ ਆ ਰਿਹਾ ਸੀ।

"ਮੀਆਂ ਜੀ ਹਨ।" ਸੰਭੂ ਪਛਾਣਦੇ ਹੀ ਬੋਲਿਆ। 'ਪੀਰ ਦੀ ਕਬਰ ਦੇ ਸਾਹਮਣੇ ਵਾਲੇ ਘਰ ਵਿਚ ਰਹਿੰਦੇ ਹਨ। ਇਸ ਵੇਲੇ ਮਸਜਿਦ ਵਿਚ ਨਮਾਜ਼ ਪੜ੍ਹਨ ਜਾ ਰਹੇ ਹਨ। ਰੋਜ਼ ਇਸੇ ਵੇਲੇ ਨਮਾਜ਼ ਪੜ੍ਹਨ ਜਾਂਦੇ ਹਨ।

“ਚੁਪ ਰਹੋ।”

ਮੀਆਂ ਗਲੀ ਵਿਚੋਂ ਥੋੜ੍ਹਾ ਜਿਹਾ ਹਿੱਸਾ ਲੰਘ ਕੇ ਪਿੱਪਲ ਦੇ ਰੁੱਖ ਕੋਲ ਆਇਆ ਅਤੇ ਉਥੋਂ ਖੱਬੇ ਹੱਥ ਘੁੰਮ ਗਿਆ। ਉਸਨੇ ਕਾਲੇ ਰੰਗ ਦੀ ਵਾਸਕਟ ਪਹਿਨੀ ਹੋਈ ਸੀ ਅਤੇ ਤੇੜ ਸਲਵਾਰ ਅਤੇ ਢਿਲੀ ਜਿਹੀ ਚਪਲ। ਉਸਦੇ ਸੱਜੇ ਹੱਥ ਵਿਚ ਛੋਟੀ ਜਿਹੀ ਤਸਬੀ ਲਟਕ ਰਹੀ ਸੀ। ਬੁੱਢਾ ਹੋਣ ਕਰਕੇ ਉਸਦੀ ਪਿੱਠ ਝੁਕੀ ਹੋਈ ਸੀ ਅਤੇ ਉਹ ਹੌਲੀ ਹੌਲਾ ਚਲਦਾ ਜਾ ਰਿਹਾ ਸੀ।

"ਜਾਵਾਂ?” ਇੰਦਰ ਨੇ ਝਟ ਪਟ ਸਰਦਾਰ ਨੂੰ ਪੁਛਿਆ।

"ਨਹੀਂ ਹੁਣ ਉਹ ਸੜਕ ਤੇ ਪਹੁੰਚ ਚੁੱਕਾ ਹੈ।"

"ਤਾਂ ਕੀ ਹੋਇਆ ?”

"ਨਹੀਂ ਸੜਕ ਤੇ ਹਮਲਾ ਕਰਨ ਦੀ ਮਨਾਹੀ ਹੈ।”

ਸੰਭੂ ਨੂੰ ਇੰਦਰ ਦੀ ਆਵਾਜ਼ ਵਿਚ ਉਤਾਵਲਾਪਣ ਲੱਗਾ। ਜਦ ਕਿ ਆਪ ਸ਼ੰਭੂ ਦਾ ਮਨ 'ਢਿੱਲਾ ਪੈ ਰਿਹਾ ਸੀ। ਇੰਦਰ ਦੇ ਪੁੱਛਣ ਤੇ ਸ਼ੰਭੂ ਨੂੰ ਅਜੀਬ ਧੱਕਾ ਜਿਹਾ ਲੱਗਾ ਸੀ। ਸਰਦਾਰ ਦੀ ਮਨਾਹੀ ਤੇ ਉਸਨੂੰ ਰਾਹਤ ਜਿਹੀ ਮਿਲੀ।

ਕੁਝ ਦੇਰ ਤਕ ਉਹ ਫਿਰ ਦਰਵਾਜ਼ੇ ਪਿਛੇ ਖਲੋਤੇ ਰਹੇ। ਸਮਾਂ ਬੀਤਦਾ ਜਾ ਰਿਹਾ ਸੀ। ਚਾਰ ਵਜੇ ਨਲਕੇ ਵਿਚ ਪਾਣੀ ਆ ਜਾਵੇਗਾ ਅਤੇ ਗਲੀ ਦੀਆਂ ਤੀਵੀਆਂ ਘੜੇ ਚੁੱਕ ਕੇ ਨਲਕੇ ਤੇ ਪਹੁੰਚ ਜਾਣਗੀਆਂ। ਦੁਪਹਿਰ ਬੀਤਦੇ ਹੀ ਇਕਾ ਦੁਕਾ ਲੋਕ ਵੀ ਬਾਹਰ ਨਿਕਲਣ ਲੱਗਣਗੇ।

ਇਸੇ ਸਮੇਂ ਇਕ ਇਕ ਕਰਕੇ ਦੋ ਆਦਮੀ ਗਲੀ ਵਿਚ ਵੜੇ। ਇਕ ਦੇ ਹੱਥ ਵਿਚ ਸਾਈਕਲ ਸੀ ਅਤੇ ਅੱਖਾਂ ਤੇ ਐਨਕ ਲੱਗੀ ਹੋਈ ਸੀ।

''ਇਹ ਬਾਬੂ ਚੂਨੀ ਲਾਲ ਹੈ। ਇਹ ਇਕ ਦਫਤਰ ਵਿਚ ਕੰਮ ਕਰਦਾ ਹੈ। ਇਸ ਦੇ ਕੋਲ ਇਕ ਕੁੱਤਾ ਹੈ।"

ਅਤੇ ਦੂਸਰਾ ਇਕ ਸਿਖ ਸਰਦਾਰ ਗਲੀ ਵਿਚ ਆਇਆ ਜਿਸ ਨੇ ਮੋਢੇ ਤੇ ਗਠੜੀ ਚੁੱਕੀ ਹੋਈ ਸੀ।

ਦੋਵੇਂ ਵਾਰੀ ਵਾਰੀ ਆਏ ਅਤੇ ਪੈਰ ਘਸੀਟਦੇ ਗਲੀ ਵਿਚੋਂ ਲੰਘ ਗਏ।

ਤਦੇ ਉਨ੍ਹਾਂ ਨੂੰ ਫਿਰ ਕਿਸੇ ਦੇ ਕਦਮਾਂ ਦੀ ਆਹਟ ਸੁਣਾਈ ਦਿੱਤੀ। ਇੰਦਰ ਨੇ ਝੀਤ ਵਿਚੋਂ ਝਾਕ ਕੇ ਵੇਖਿਆ ਅਤੇ ਰਣਵੀਰ ਨੂੰ ਕੂਹਣੀ ਮਾਰੀ।

"ਕੌਣ ਹੈ ?"

ਇੰਦਰ ਕੁਝ ਨਹੀਂ ਬੋਲਿਆ ਅਤੇ ਬਾਹਰ ਵੇਖਦਾ ਰਿਹਾ।

ਠਿਪਠਿਪਾਉਂਦੀਆਂ ਜੁੱਤੀਆਂ ਦੀ ਆਵਾਜ਼ ਆਈ। ਰਣਵੀਰ ਝਟ ਪਟ ਝੀਤ ਵਿਚੋਂ ਝਾਕਣ ਲੱਗਾ। ਸੰਭੂ ਵੀ ਝੀਤ ਨਾਲ ਚਿਪਕ ਗਿਆ ਸੀ।

“ਕੌਣ ਹੈ ?"

"ਕੋਈ ਛਾਬੜੀ ਵਾਲਾ ਹੈ।” ਇੰਦਰ ਨੇ ਹੋਲੀ ਜਿਹੇ ਕਿਹਾ।

"ਨਹੀਂ, ਅਤਰ ਫੁਲੇਲ ਵੇਚਦਾ ਹੈ। ਦੂਰ ਕਿਤੇ ਰਹਿੰਦਾ ਹੈ, ਇਸ ਵੇਲੇ ਰੋਜ਼ ਇਧਰੋਂ ਲੰਘਦਾ ਹੈ। ਮਲੇਛ ਹੈ।”

ਇਕ ਮੋਟਾ ਤਾਜ਼ਾ ਆਦਮੀ, ਮਹਿੰਦੀ ਰੰਗੀਆਂ ਲਾਲ ਮੁੱਛਾਂ ਅਤੇ ਕੂਚੀ ਦਾੜੀ ਵਾਲਾ ਆਪਣੇ ਅਗੋਂ ਪਿਛੇ ਬਹੁਤ ਸਾਰੇ ਥੈਲੇ ਲਟਕਾਈ ਪਿੱਪਲ ਦੇ ਰੁੱਖ ਹੇਠੋਂ ਹੋ ਕੇ ਗਲੀ ਦੇ ਅੰਦਰ ਆ ਗਿਆ ਸੀ। ਭਾਰ ਦੇ ਕਾਰਣ ਉਸ ਦੇ ਮੱਥੇ ਤੇ ਪਸੀਨਾ ਆ ਗਿਆ ਸੀ। ਉਸ ਦੇ ਸੱਜੇ ਕੰਨ ਵਿਚ ਰੂੰ ਦੇ ਫਹੇ ਸਨ ਅਤੇ ਉਪਰ ਦੋ ਤਿੰਨ ਸਿਲਾਈਆਂ ਪਗ ਵਿਚ ਟੰਗੀਆਂ ਹੋਈਆਂ ਸਨ।

ਰਣਵੀਰ ਨੂੰ ਲੱਗਾ ਜਿਵੇਂ ਪਿੱਠ ਪਿਛੇ ਕੋਈ ਹਿਲਜੁਲ ਹੋਈ ਹੋਵੇ। ਉਸ ਨੇ ਮੁੜ ਕੇ ਵੇਖਿਆ, ਇੰਦਰ ਦਾ ਹੱਥ ਆਪਣੀ ਜੇਬ ਵਿਚ ਰੱਖੇ ਕਮਾਨੀਦਾਰ ਛੁਰੇ ਤੇ ਚਲਾ ਗਿਆ ਸੀ।

ਖਿਣ ਬੀਤ ਰਹੇ ਸਨ ਅਤੇ ਫੈਸਲੇ ਦਾ ਸਮਾਂ ਆ ਗਿਆ ਸੀ। ਇਹ ਆਦਮੀ ਮਲੇਛ ਸੀ, ਅਜਨਬੀ ਸੀ, ਥੈਲਿਆਂ ਨਾਲ ਲੱਦਿਆ ਸੀ, ਨਾ ਭੱਜ ਸਕਦਾ ਸੀ, ਨਾ ਆਪਣੇ ਆਪ ਨੂੰ ਬਚਾ ਸਕਦਾ ਸੀ। ਸਭ ਸ਼ਰਤਾਂ ਪੂਰੀਆਂ ਹੁੰਦੀਆਂ ਸਨ। ਕੁਝ ਸਵਾਲਾਂ ਦਾ ਜਵਾਬ ਦਿਮਾਗ ਨਹੀਂ ਦਿੰਦਾ, ਆਂਤਰਿਕ ਪ੍ਰੇਰਨਾ ਦਿੰਦੀ ਹੈ। ਸਮਾਂ ਬੀਤ ਰਿਹਾ ਸੀ ਅਤੇ ਫੇਰੀ ਵਾਲਾ ਗਲੀ ਵਿਚ ਅੱਗੇ ਵਧਦਾ ਜਾ ਰਿਹਾ ਸੀ। ਰਣਵੀਰ ਨੇ ਅੱਖ ਦਾ ਇਸ਼ਾਰਾ ਕੀਤਾ ਅਤੇ ਇੰਦਰ ਕੁੱਦ ਕੇ ਬਾਹਰ ਨਿਕਲ ਗਿਆ। ਉਸ ਦੇ ਬਾਹਰ ਨਿਕਲਣ ਤੇ ਖਿਣ ਭਰ ਲਈ ਬਾਹਰ ਦੀ ਰੋਸ਼ਨੀ ਇਕ ਦਮ ਅੰਦਰ ਆ ਗਈ। ਪਰ ਰਣਵੀਰ ਨੇ ਫਿਰ ਦਰਵਾਜ਼ਾ ਬੰਦ ਕਰ ਦਿੱਤਾ।

ਕੋਈ ਆਹਟ ਜਾਂ ਆਵਾਜ਼ ਨਹੀਂ ਸੀ। ਰਣਵੀਰ ਅਤੇ ਸੰਭੂ ਸਾਹ ਰੋਕੀ ਦਰਵਾਜ਼ੇ ਪਿਛੇ ਖਲੋਤੇ ਸਨ। ਰਣਵੀਰ ਹਦੋਂ ਵੱਧ ਉਤੇਜਿਤ ਹੋ ਗਿਆ। ਉਸ ਕੋਲੋਂ ਨਾ ਰਿਹਾ ਗਿਆ। ਉਸ ਨੇ ਹੌਲੀ ਜਿਹੀ ਦਰਵਾਜ਼ਾ ਖੋਲ੍ਹਿਆ ਅਤੇ ਸਿਰ ਬਾਹਰ ਕੱਢ ਕੇ ਵੇਖਿਆ। ਗਲੀ ਵਿਚ ਕੁਝ ਦੂਰੀ ਤੇ ਅਤਰ ਵੇਚਣ ਵਾਲਾ ਝੂਲਦਾ ਹੋਇਆ ਤੁਰਿਆ ਜਾ ਰਿਹਾ ਸੀ। ਥੱਲੇ ਦੇ ਭਾਰ ਕਾਰਣ ਉਸ ਦੀ ਪਿੱਠ ਝੁਕੀ ਹੋਈ ਸੀ। ਅਤੇ ਇੰਦਰ ਗਿੱਠਾ ਜਿਹਾ ਇੰਦਰ ਉਸ ਤੋਂ ਕੁਝ ਦੂਰ ਪਿਛੇ ਭੁੜਕ ਕੁੜਕ ਕੇ ਚਲ ਰਿਹਾ ਸੀ ਅਤੇ ਉਸ ਦਾ ਹੱਥ ਕੁੜਤੇ ਦੀ ਜੇਬ ਵਿਚ ਸੀ

ਰਣਵੀਰ ਲਈ ਦਰਵਾਜ਼ੇ ਵਿਚੋਂ ਸਿਰ ਕੱਢ ਕੇ ਗਲੀ ਵਿਚ ਡਾਕਣਾ ਓਨਾ ਹੀ ਅਸੰਭਵ ਸੀ। ਜਿੰਨਾ ਦਰਵਾਜਾ ਬੰਦ ਕਰ ਕੇ ਉਸ ਦੇ ਪਿਛੇ ਖਲੋਤੇ ਰਹਿਣਾ। ਉਸ ਦਾ ਸਭ ਗੱਲਾਂ ਤੇ ਅਧਿਕਾਰ ਸੀ ਪਰ ਉਹ ਆਪਣੇ ਬਚਪਨ ਵਾਲੀ ਉਤਸੁਕਤਾ ਤੇ ਕਾਬੂ

ਨਹੀਂ ਪਾ ਸਕਿਆ ਸੀ। ਤਦੇ ਸੰਭੂ ਨੇ ਉਸ ਨੂੰ ਪਿਛਾਂਹ ਖਿੱਚ ਲਿਆ। ਸੰਭੂ ਡਰਿਆ ਹੋਇਆ ਸੀ ਅਤੇ ਉਸ ਦੀਆਂ ਲੱਤਾਂ ਵਿਚ ਜਿਵੇਂ ਪਾਣੀ ਭਰ ਗਿਆ ਸੀ। ਆਖਰੀ ਝਲਕ ਵਿਚ ਰਣਵੀਰ ਕੇਵਲ ਇੰਨਾ ਹੀ ਦੇਖ ਸਕਿਆ ਸੀ ਕਿ ਇੰਦਰ ਉਸ ਮੋਟੇ ਤਾਜ਼ੇ ਮਲੇਛ ਦੇ ਨਾਲ ਨਾਲ ਜਾ ਰਿਹਾ ਸੀ ਅਤੇ ਦੋਵੇਂ ਗਲੀ ਦਾ ਮੋੜ ਕਟ ਰਹੇ ਹਨ।

ਸੰਭੂ ਨੇ ਕੁੰਡੀ ਲਾ ਦਿੱਤੀ ਅਤੇ ਦੋਵੇਂ ਹਨੇਰੇ ਵਿਚ ਇਕ ਦੂਸਰੇ ਨੂੰ ਵੇਖਦੇ ਖੜੇ ਰਹਿ ਗਏ। ਦੋਹਾਂ ਨੂੰ ਬੁਰੀ ਤਰ੍ਹਾਂ ਸਾਹ ਚੜ੍ਹਿਆ ਹੋਇਆ ਸੀ। ਸ਼ੰਭੂ ਲਈ ਖਲੋਤੇ ਰਹਿ ਸਕਣਾ ਅਸੰਭਵ ਹੋ ਗਿਆ ਸੀ ਜਦ ਕਿ ਰਣਵੀਰ ਬਾਹਰ ਜਾਣ ਲਈ ਉਤਾਵਲਾ ਸੀ।

ਗਲੀ ਦਾ ਮੋੜ ਮੁੜਨ ਤੇ ਅਚਾਨਕ ਅਤਰ ਵੇਚਣ ਵਾਲੇ ਦੀ ਨਜ਼ਰ ਬਾਲਕ ਤੇ ਪਈ। ਆਪਣੀਆਂ ਨਿਪ ਠਿਪ ਕਰਦੀਆਂ ਜੁੱਤੀਆਂ ਕਾਰਣ ਸ਼ਾਇਦ ਉਹ ਉਸ ਦੇ ਪੈਰਾਂ ਦੀ ਆਹਟ ਨਹੀਂ ਸੁਣ ਸਕਿਆ ਸੀ।

ਅਤਰ ਵੇਚਣ ਵਾਲਾ ਮੁਸਕਰਾ ਪਿਆ।

"ਕਿਧਰ ਜਾ ਰਿਹੈ ਬੇਟਾ ਇਸ ਵੇਲੇ ?" ਉਸਨੇ ਕਿਹਾ ਅਤੇ ਮੁਸਕ੍ਰਾਉਂਦੇ ਹੋਏ ਆਪਣਾ ਹੱਥ ਵਧਾ ਕੇ ਇੰਦਰ ਦੇ ਸਿਰ ਤੇ ਰੱਖ ਦਿੱਤਾ।

ਇੰਦਰ ਠਿਠਕ ਗਿਆ ਤੇ ਟਿਕਟਿਕੀ ਲਾ ਕੇ ਉਸਦੇ ਚਿਹਰੇ ਵੱਲ ਵੇਖਣ ਲੱਗਾ। ਉਸਦਾ ਹੱਥ ਆਪਣੀ ਜੇਬ ਵਿਚ ਸੀ। ਇੰਦਰ ਦੇ ਅਵਚੇਤਨ ਵਿਚ ਇਹ ਗੱਲ ਉਠੀ ਕਿ ਇਸ ਆਦਮੀ ਦੀਆਂ ਗੱਲਾਂ ਫੂਲੀਆਂ ਹੋਈਆਂ ਹਨ ਅਤੇ ਮਾਸਟਰ ਜੀ ਨੇ ਇਕ ਵਾਰ ਕਿਹਾ ਸੀ ਕਿ ਫੂਲੀਆਂ ਹੋਈਆਂ ਗੱਲਾਂ ਵਾਲੇ ਲੋਕ ਬੁਜਦਿਲ ਹੁੰਦੇ ਹਨ ਅਤੇ ਉਹਨਾਂ ਦਾ ਮਿਹਦਾ ਖਰਾਬ ਹੁੰਦਾ ਹੈ ਅਤੇ ਉਹ ਭੱਜ ਨਹੀਂ ਸਕਦੇ, ਉਹਨਾਂ ਨੂੰ ਜਲਦੀ ਸਾਹ ਚੜ੍ਹ ਜਾਂਦਾ ਹੈ। ਅਤੇ ਇਸ ਆਦਮੀ ਨੂੰ ਸੱਚਮੁੱਚ ਸਾਹ ਚੜ੍ਹਿਆ ਹੋਇਆ ਸੀ।

ਇੰਦਰ ਆਪਣੇ ਸ਼ਿਕਾਰ ਤੇ ਝਪਟਣ ਲਈ ਪੈਂਤੜਾ ਮਾਪ ਰਿਹਾ ਸੀ। ਉਸ ਦੀਆਂ ਅੱਖਾਂ ਅਜੇ ਵੀ ਮਲੇਛ ਦੇ ਚਿਹਰੇ ਤੇ ਲੱਗੀਆਂ ਹੋਈਆਂ ਸਨ।

ਅਤਰ ਵਾਲੇ ਨੂੰ ਲੜਕਾ ਮਸੂਮ ਜਿਹਾ ਲੱਗਾ। ਛੋਟੀ ਉਮਰ ਦਾ ਕੋਮਲ ਜਿਹਾ ਜੋ ਸ਼ਾਇਦ ਆਸਰਾ ਲਭਦਾ ਹੋਇਆ ਉਸਦੇ ਪਿਛੇ ਪਿਛੇ ਆ ਰਿਹਾ ਸੀ। ਸ਼ਾਇਦ ਉਹ ਡਰਿਆ ਹੋਇਆ ਸੀ, ਸ਼ਹਿਰ ਵਿਚ ਅੱਜ ਸਭ ਲੋਕ ਡਰੇ ਹੋਏ ਸਨ।

"ਕਿੱਥੇ ਰਹਿੰਦਾ ਏਂ? ਚੱਲ, ਮੇਰੇ ਨਾਲ ਤੁਰਿਆ ਆ। ਅੱਜ ਦੇ ਦਿਨ ਬਾਹਰ ਇਕੱਲਾ ਨਹੀਂ ਘੁੰਮਣਾ ਚਾਹੀਦਾ।"

ਪਰੰਤੂ ਇੰਦਰ ਟੱਸ ਤੋਂ ਮੱਸ ਨਹੀਂ ਹੋ ਰਿਹਾ ਸੀ। ਅਜੇ ਵੀ ਉਹ ਅਤਰ ਵਾਲੇ ਦੇ ਚਿਹਰੇ ਕਲ ਘਰੀ ਜਾ ਰਿਹਾ ਸੀ।

ਤੇਲੀ ਮੁਹੱਲੇ ਤਕ ਮੈਂ ਤੈਨੂੰ ਪਹੁੰਚਾ ਦਿਆਂਗਾ। ਅੱਗੋਂ ਕਿਤੇ ਜਾਣਾ ਹੋਇਆ ਤਾਂ ਮੈਂ ਤੈਨੂੰ ਕਿਸੇ ਦੇ ਸਪੁਰਦ ਕਰ ਦਿਆਂਗਾ। ਅਜ ਸ਼ਹਿਰ ਵਿਚ ਗੜਬੜ ਹੈ।"

ਅਤੇ ਬਿਨਾਂ ਮੁੰਡੇ ਦੇ ਉੱਤਰ ਦੀ ਉਡੀਕ ਕੀਤੇ ਉਹ ਘੁੰਮ ਕੇ ਅੱਗੇ ਵਧਣ ਲੱਗਾ।

ਖਿਣ ਭਰ ਲਈ ਇੰਦਰ ਉਥੇ ਠਿਠਕਿਆ ਖਲੋਤਾ ਰਿਹਾ, ਫਿਰ ਨਾਲ ਮਿਲ ਗਿਆ।

ਲਾਗੇ ਚਾਗੇ ਦੇ ਘਰਾਂ ਵਿਚ ਚੁੱਪ ਚਾਪ ਸੀ। ਉਹਨਾਂ ਦੀਆਂ ਡਿਉੜੀਆਂ ਵਿਚ ਇੰਨਾ ਹਨੇਰਾ ਸੀ ਕਿ ਅੱਖਾਂ ਪਾੜ ਪਾੜ ਕੇ ਵੇਖੋ ਤਾਂ ਵੀ ਕੁਝ ਦਿਖਾਈ ਨਹੀ ਦਿੰਦਾ ਸੀ।

"ਮੈਨੂੰ ਵੀ ਅੱਜ ਫੇਰੀ ਲਈ ਨਹੀਂ ਸੀ ਨਿਕਲਣਾ ਚਾਹੀਦਾ। ਉਸਨੇ ਇੰਦਰ ਨੂੰ ਕਿਹਾ, 'ਅੱਜ ਵੀ ਕੋਈ ਦਿਨ ਹੈ ਫੇਰੀ ਲਾਉਣ ਦਾ ? ਸਾਰਾ ਸ਼ਹਿਰ ਸੁੰਨਾ ਪਿਆ ਹੈ। ਪਰ ਮੈਂ ਸੋਚਿਆ ਘਰ ਬੈਠ ਕੇ ਕੀ ਕਰਾਂਗਾ'। ਦੋ ਚਾਰ ਆਨੇ ਦਾ ਜੁਗਾੜ ਹੋ ਜਾਵੇ ਤਾਂ ਕੀ ਬੁਰਾ ਹੈ, ਦੁਕਾਨਦਾਰ ਘਰ ਬੈਠਾ ਰਹੇ ਤਾਂ ਖਾਵੇਗਾ ਕਿਥੋਂ ?" ਅਤੇ ਅਤਰ ਵੇਚਣ ਵਾਲਾ ਹੱਸ ਪਿਆ।

ਪਾਣੀ ਦਾ ਨਲਕਾ ਨੇੜੇ ਆ ਰਿਹਾ ਸੀ। ਨਲਕੇ ਵਿਚ ਪਾਣੀ ਅਜੇ ਨਹੀਂ ਆ ਰਿਹਾ ਸੀ ਅਤੇ ਉਸਦੇ ਹੇਠਲੀ ਪੱਥਰ ਦੀ ਸਿੱਲ ਜੋ ਘਸ ਘਸ ਕੇ ਡੂੰਘੀ ਹੋ ਗਈ ਸੀ। ਸੁੱਕੀ ਪਈ ਸੀ। ਅਤੇ ਉਸਦੇ ਆਲੇ ਦੁਆਲੇ ਦੋ ਤਿੰਨ ਭੂੰਡ ਉੱਡ ਰਹੇ ਸਨ। ਕੁਝ ਹੀ ਦਿਨ ਪਹਿਲਾਂ ਇੰਦਰ ਭੂੰਡ ਫੜਿਆ ਕਰਦਾ ਸੀ।

"ਅਤਰ ਦੇ ਚਾਰ ਫਹੇ ਵੀ ਕੋਈ ਸਾਥੋਂ ਲੈ ਲਵੇਂ ਤਾਂ ਸਾਡੀ ਚਵਾਨੀ ਖਰੀ ਹੋ ਜਾਂਦੀ ਹੈ।" ਅਤਰ ਵਾਲੇ ਨੇ ਜਿਵੇਂ ਆਪਣੇ ਆਪ ਨਾਲ ਗੱਲ ਕਰਦੇ ਹੋਏ ਕਿਹਾ। ਸਮਾਂ ਬਿਤਾਉਣ ਲਈ ਉਹ ਗੱਲਾ ਕਰਨਾ ਚਾਹੁੰਦਾ ਸੀ ਜਾਂ ਸ਼ਾਇਦ ਸ਼ਹਿਰ ਦੀਆਂ ਸੁੰਨੀਆਂ ਗਲੀਆਂ ਲੰਘਣ ਪਿਛੋਂ ਉਹ ਆਪ ਡਰਿਆ ਹੋਇਆ ਸੀ

"ਸਾਨੂੰ ਇਕ ਇਕ ਗਲੀ ਦਾ ਪਤਾ ਹੈ ਕਿ ਉਥੇ ਕੌਣ ਅਤਰ ਖਰੀਦਦਾ ਹੈ। ਜਿਸ ਆਦਮੀ ਦੀਆਂ ਦੋ ਵਹੁਟੀਆਂ ਹੋਣ ਉਹ ਅਤਰ ਜ਼ਰੂਰ ਖਰੀਦਦਾ ਹੈ। ਉਹ ਵਸਮਾਂ ਵੀ ਲਵੇਗਾ ਅਤੇ ਸੁਰਮਾ ਵੀ ਲਵੇਗਾ। ਉਹ ਆਦਮੀ ਵੀ ਅਤਰ ਖਰੀਦਦਾ ਹੈ ਜੋ ਉਮਰ ਵਿਚ ਵੱਡਾ ਹੋਵੇ ਅਤੇ ਜਿਸ ਦੀ ਵਹਟੀ ਜਵਾਨ ਹੋਵੇ। ਚੰਗਾ, ਹੋਰ ਦੱਸਾਂ ?" ਉਹ ਬੱਚੇ ਦਾ ਮਨ ਬਹਿਲਾਉਣ ਲਈ ਬੋਲੀ ਜਾ ਰਿਹਾ ਸੀ।

ਅਤਰ ਵਾਲੇ ਦੀਆਂ ਗੱਲਾਂ ਦੇ ਕਾਰਣ ਇੰਦਰ ਸੰਭਲ ਗਿਆ ਸੀ ਅਤੇ ਉਸਦੇ ਪੈਰ ਮਜ਼ਬੂਰੀ ਨਾਲ ਚੱਲ ਰਹੇ ਸਨ ਅਤੇ ਕਮਾਨੀਦਾਰ ਚਾਕੂ ਦੀ ਮੁੱਠ ਨੂੰ ਵੀ ਉਸ ਨੇ ਘੁੱਟ ਕੇ ਫੜਿਆ ਹੋਇਆ ਸੀ। ਉਸਦੇ ਮਨ ਵਿਚ ਇਕਾਗਰਤਾ ਆਉਣ ਲੱਗੀ ਸੀ, ਉਸ ਦੀਆਂ ਅੱਖਾਂ ਅਤਰ ਵਾਲੇ ਦੇ ਲੱਕ ਤੇ ਟਿਕਣ ਲੱਗੀਆਂ ਸਨ। ਉਹੀ ਇਕਾਗਰ ਦ੍ਰਿਸ਼ਟੀ ਜਿਸ ਨਾਲ ਅਰਜਨ ਨੇ ਰੁੱਖ ਤੇ ਬੈਠੇ ਪੰਛੀ ਦੀ ਅੱਖ ਵਿਚ ਨਿਸ਼ਾਨਾ ਮਾਰਿਆ ਸੀ। ਅਤਰ ਵਾਲੇ ਦੇ ਖੱਬੇ ਮੋਢੇ ਤੇ ਝੂਲਦਾ ਹੋਇਆ ਥੈਲਾ ਵਾਰ ਵਾਰ ਘੜੀ ਦੇ ਪੇਂਡੂਲਮ ਵਾਂਗ ਲੱਕ ਦਵਾਲੇ ਝੂਲ ਰਿਹਾ ਸੀ। ਉਸ ਦਾ ਖੱਦਰ ਦਾ ਕੁੜਤਾ ਬੋਤਲਾਂ ਦੇ ਝੋਲੇ ਹੇਠ ਕੁਝ ਕੁਝ ਉਭਿਰਆ ਹੋਇਆ ਸੀ।

ਨਲਕਾ ਪਾਰ ਕਰਦੇ ਹੀ ਇੰਦਰ ਦੀ ਸਾਰੀ ਚੇਤਨਾ ਉਸ ਦੇ ਸੱਜੇ ਹੱਥ ਵਿਚ ਆ ਗਈ। ਨਲਕੇ ਦੇ ਅੱਗੇ ਦੀ ਵਿੱਥ ਇਕ ਇਕ ਕਦਮ ਜਿਵੇਂ ਉਸ ਦੇ ਮਸਤਕ ਵਿਚ ਗਿਣਿਆ ਜਾਣ ਲੱਗਾ ਸੀ। ਬੋਤਲਾਂ ਦਾ ਥੈਲਾ ਝੂਲ ਰਿਹਾ ਸੀ, ਲੱਕ ਵਾਰ ਵਾਰ ਸਾਹਮਣੇ ਆ ਰਿਹਾ ਸੀ ਅਤੇ ਅਤਰ ਵਾਲੇ ਦੀਆਂ ਪਟਪਟਾਉਂ ਦੀਆਂ ਜੁੱਤੀਆਂ ਉਸਦੇ ਨਾਲ ਨਾਲ ਵੱਜ ਰਹੀਆਂ ਸਨ।

"ਬਜ਼ਾਰ ਵਿਚ ਫਹੇ ਜ਼ਿਆਦਾ ਵਿਕਦੇ ਹਨ, ਘਰਾਂ ਵਿਚ ਅਤਰ ਤੇ ਤੇਲ ਜਿਆਦਾ ਵਿਕਦਾ ਹੈ।" ਅਤਰ ਵਾਲਾ ਕਹਿ ਰਿਹਾ ਸੀ। ਅਚਾਨਕ ਇੰਦਰ ਲਪਕਿਆ ਅਤੇ ਉਸਨੇ ਪੈਂਤੜਾ ਮਾਰਿਆ। ਅਤਰ ਵੇਚਣ ਵਾਲੇ ਨੂੰ ਲਗਿਆ ਜਿਵੇਂ ਉਸਦੇ ਖੱਬੇ ਹੱਥ ਕੋਈ ਚੀਜ਼ ਜ਼ੋਰ ਨਾਲ ਹਿੱਲੀ ਹੈ। ਉਸਨੂੰ ਲਗਿਆ ਜਿਵੇਂ ਕੋਈ ਚੀਜ਼ ਚਮਕੀ ਵੀ ਹੈ। ਪਰ ਉਹ ਖਲੋ ਕੇ ਘੁੰਮ ਕੇ ਵੇਖੇ ਕਿ ਕੀ ਗੱਲ ਹੈ, ਉਸਨੂੰ ਥੱਲੇ ਹੇਠਾਂ ਤਿੱਖੀ ਜਿਹੀ ਚੋਭ ਮਹਿਸੂਸ ਹੋਈ। ਇੰਦਰ ਦਾ ਨਿਸ਼ਾਨਾ ਠੀਕ ਬੈਠਾ ਸੀ। ਵਾਰ ਕਰਨ ਪਿਛੋਂ ਸਰਦਾਰ ਦੇ ਆਦੇਸ਼ ਅਨੁਸਾਰ ਉਸ ਨੇ ਚਾਕੂ ਨੂੰ ਥੋੜ੍ਹਾ ਜਿਹਾ ਮੋੜ ਵੀ ਦਿੱਤਾ ਸੀ ਅਤੇ ਆਤੜੀਆਂ ਦੇ ਜਾਲ ਵਿਚ ਫਸਾ ਵੀ ਦਿੱਤਾ ਸੀ।

ਅਤਰ ਵੇਚਣ ਵਾਲਾ ਅਜੇ ਪੂਰੀ ਤਰ੍ਹਾਂ ਮੁੜਿਆ ਨਹੀਂ ਸੀ ਕਿ ਉਸ ਨੇ ਵੇਖਿਆ, ਲੜਕਾ ਪਿਛਾਂਹ ਨੂੰ ਭੱਜਿਆ ਜਾ ਰਿਹਾ ਸੀ। ਉਸ ਨੂੰ ਫਿਰ ਵੀ ਸਮਝ ਨਹੀਂ ਆਈ ਕਿ ਕੀ ਹੋਇਆ ਹੈ। ਉਸ ਦੀ ਇੱਛਾ ਹੋਈ ਲੜਕੇ ਨੂੰ ਆਵਾਜ਼ ਮਾਰ ਕੇ ਬੁਲਾ ਲਵੇ ਪਰ ਤਦੇ ਉਸ ਨੂੰ ਆਪਣੇ ਪੈਰਾਂ ਤੇ ਵਗਦਾ ਹੋਇਆ ਲਹੂ ਦਿਖਾਈ ਦਿੱਤਾ ਅਤੇ ਕਮਰ ਵਿਚੋਂ ਕੁਝ ਕਰਾਹੁੰਦਾ ਕੁਝ ਡੁਬਦਾ ਜਿਹਾ ਮਹਿਸੂਸ ਹੋਇਆ। ਮਿੱਠਾ ਜਿਹਾ ਦਰਦ ਉਠਿਆ, ਫਿਰ ਤੇਜ਼ ਨਸਤਰ ਵਰਗਾ ਦਰਦ ਅਤੇ ਉਹ ਡਰ ਦੇ ਮਾਰੇ ਬਦਹਵਾਸ ਹੋ ਗਿਆ।

"ਓ ਲੋਕੋ ਮਾਰ ਸੁਟਿਆ। ਮੈਨੂੰ ਮਾਰ ਸੁਟਿਆ। ਓ ਲੋਕੋ.........।"

ਅਤਰ ਵਾਲਾ ਇੰਨਾ ਘਬਰਾ ਗਿਆ ਸੀ ਕਿ ਉਸਦੇ ਮੂੰਹੋਂ ਬੋਲ ਨਹੀਂ ਸੀ ਨਿਕਲ ਰਿਹਾ। ਉਹ ਕਮਰ ਵਿਚ ਲੱਗੇ ਜ਼ਖਮ ਨਾਲ ਇੰਨਾ ਨਹੀਂ ਮਰ ਰਿਹਾ ਸੀ ਜਿੰਨਾ ਡਰ ਅਤੇ ਖੌਫ ਨਾਲ ਅਤੇ ਭੋਲੇ ਜਿਹੇ ਬਾਲਕ ਦੇ ਕੀਤੇ ਗਏ ਹਮਲੇ ਨਾਲ। ਉਸ ਲਈ ਆਪਣੇ ਥੈਲਿਆਂ ਦਾ ਭਾਰ ਚੁੱਕਣਾ ਅਸੰਭਵ ਹੋ ਰਿਹਾ ਸੀ ਅਤੇ ਭਾਰ ਹੇਠ ਉਹ ਮੂੰਹ ਪਰਨੇ ਧੜੱਮ ਕਰਕੇ ਡਿਗ ਪਿਆ।

ਇੰਦਰ ਦੇ ਭੱਜਦੇ ਪੈਰ ਉਸ ਨੂੰ ਦੋ ਖਿਣ ਪਹਿਲਾਂ ਸਾਫ ਨਜ਼ਰ ਆ ਰਹੇ ਸਨ ਪਰ ਹੁਣ ਗਲੀ ਵਿਚ ਉਸ ਲੜਕੇ ਦਾ ਨਾਂ ਨਿਸ਼ਾਨ ਨਹੀਂ ਸੀ।

"ਓ ਲੋਕੋ.........।" ਉਹ ਫੁਸਫਸਾਇਆ।

ਇਕ ਹਲਕੀ ਜਿਹੀ ਚੀਕ ਉਸਦੇ ਹੋਠਾਂ 'ਚੋਂ ਨਿਕਲੀ ਅਤੇ ਉਸ ਦੀਆਂ ਅੱਖਾਂ ਗਲੀ ਉਪਰ ਫੈਲੇ ਗਹਿਰੇ ਨੀਲੇ ਆਸਮਾਨ ਦੇ ਛੋਟੇ ਜਿਹੇ ਟੁਕੜੇ ਤੇ ਤਾੜੇ ਲੱਗ ਗਈਆਂ। ਉਥੋਂ ਦੋ ਤਿੰਨ ਇੱਲਾਂ ਉਡ ਰਹੀਆਂ ਸਨ। ਇੱਲਾਂ ਹੁਣ ਦੋ ਦੀ ਥਾਂ ਚਾਰ ਹੋ ਗਈਆਂ ਸਨ ਅਤੇ ਅਕਾਸ਼ ਦਾ ਨੀਲਾਪਣ ਹੋਲੀ ਹੋਲੀ ਹਿਲਣ ਅਤੇ ਧੁੰਦਲਾ ਪੈਣ ਲੱਗਾ ਸੀ।

***

## ਤੇਰਾਂ

ਨੱਥੂ ਪਰੇਸ਼ਾਨ ਸੀ। ਆਪਣੀ ਕੋਠੜੀ ਦੇ ਬਾਹਰ ਬੈਠਾ ਉਹ ਚਿਲਮ ਤੇ ਚਿਲਮ ਫੂਕੀ ਜਾ ਰਿਹਾ ਸੀ। ਜਿੰਨੀਆਂ ਵੱਧ ਉਹ ਵੱਢ ਕੱਟ ਦੀਆਂ ਅਫ਼ਵਾਹਾਂ ਨੂੰ ਸੁਣਦਾ, ਓਨਾ ਹੀ ਜ਼ਿਆਦਾ ਉਸ ਦਾ ਦਿਲ ਬੈਠ ਜਾਂਦਾ। ਵਾਰ ਵਾਰ ਉਹ ਆਪਣੇ ਮਨ ਨੂੰ ਸਮਝਾਉਂਦਾ, ਮੈਂ ਅੰਤਰਜਾਮੀ ਤਾਂ ਨਹੀਂ ਹਾਂ, ਮੈਨੂੰ ਕੀ ਪਤਾ ਕਿਸ ਕੰਮ ਲਈ ਮੈਥੋਂ ਸੂਰ ਮਰਵਾਇਆ ਜਾ ਰਿਹਾ ਹੈ। ਕੁਝ ਦੇਰ ਲਈ ਉਸ ਦਾ ਮਨ ਟਿਕਾਣੇ ਵੀ ਆ ਜਾਂਦਾ ਪਰ ਫਿਰ ਜਦ ਕਿਸੇ ਘਟਨਾ ਦੀ ਗੱਲ ਸੁਣਦਾ ਤਾਂ ਫਿਰ ਬੇਚੈਨ ਹੋਣ ਲੱਗਦਾ। ਇਹ ਸਾਰਾ ਮੇਰੇ ਕੀਤੇ ਦਾ ਹੀ ਫਲ ਹੈ। ਸਾਰੇ ਚਮਾਰ ਸਵੇਰ ਤੋਂ ਇਕ ਦੂਸਰੇ ਦੀਆਂ ਕੋਠੜੀਆਂ ਦੇ ਬਾਹਰ ਬੀੜੀਆਂ ਫੂਕਦੇ ਗੱਲਾਂ ਮਾਰ ਰਹੇ ਸਨ। ਨੱਥੂ ਵਾਰ ਵਾਰ ਉਨ੍ਹਾਂ ਦੇ ਵਿਚ ਜਾ ਖਲੋਂਦਾ। ਉਹ ਆਪ ਵੀ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ ਪਰ ਵਾਰ ਵਾਰ ਉਸ ਦਾ ਹਲਕ ਸੁੱਕਣ ਲੱਗਦਾ ਅਤੇ ਟੰਗਾਂ ਕੰਬਣ ਲੱਗਦੀਆਂ ਅਤੇ ਉਹ ਆਪਣੀ ਕੋਠੜੀ ਵਿਚ ਪਰਤ ਆਉਂਦਾ। ਕੀ ਮੈਂ ਆਪਣੀ ਪਤਨੀ ਨੂੰ ਸਾਰੀ ਗੱਲ ਦੱਸ ਦਿਆਂ ? ਉਹ ਸਮਝਦਾਰ ਔਰਤ ਹੈ, ਮੇਰੀ ਗੱਲ ਸਮਝ ਜਾਏਗੀ, ਮੇਰਾ ਦਿਲ ਹੌਲਾ ਹੋਵੇਗਾ। ਕਦੇ ਉਸ ਦਾ ਦਿਲ ਕਰਦਾ ਸ਼ਰਾਬ ਦਾ ਪਊਆ ਕਿਤੋਂ ਮਿਲ ਜਾਂਦਾ ਅਤੇ ਉਹ ਕੁਝ ਦੇਰ ਲਈ ਬੇਸੁੱਧ ਪਿਆ ਰਹਿੰਦਾ। ਪਰ ਇਸ ਵੇਲੇ ਸ਼ਰਾਬ ਕਿਥੋਂ ਮਿਲਦੀ ? ਤੀਵੀਂ ਨੂੰ ਦਸਣਾ ਵੀ ਮੁਸੀਬਤ ਮੁੱਲ ਲੈਣਾ ਸੀ। ਗੱਲਾਂ ਹੀ ਗੱਲਾਂ ਵਿਚ ਜੇ ਉਸ ਨੇ ਕਿਸੇ ਨੂੰ ਦਸ ਦਿੱਤਾ ਤਾਂ ? ਫਿਰ ਕੀ ਹੋਵੇਗਾ? ਮੈਨੂੰ ਕੋਈ ਨਹੀਂ ਛਡੇਗਾ। ਕੀ ਪਤਾ ਪੁਲਸ ਹੀ ਮੈਨੂੰ ਫੜ ਕੇ ਲੈ ਜਾਵੇ? ਫਿਰ ਕੀ ਹੋਵੇਗਾ? ਮੇਰੀ ਗੱਲ ਕੌਣ ਮੰਨੇਗਾ ਕਿ ਮੁਰਾਦ ਅਲੀ ਦੇ ਕਹਿਣ ਤੇ ਮੈਂ ਅਜਿਹਾ ਕੀਤਾ ਹੈ? ਮੁਰਾਦ

ਅਲੀ ਮੁਸਲਮਾਨ ਹੈ, ਕੀ ਉਹ ਮਸਜਿਦ ਦੇ ਸਾਹਮਣੇ ਸੂਰ ਸੁਟਵਾਉਣ ਦਾ ਕੰਮ ਕਰੇਗਾ?........ ਨੱਥੂ ਬੇਚੈਨ ਹੀ ਉਠਦਾ ਤਾਂ ਜਰੂਰ ਕੋਈ ਹੋਰ ਹੋਵੇਗਾ। ਇਹ ਉਹ ਸੂਰ ਸੀ ਹੀ ਨਹੀਂ, ਜਿਸ ਨੂੰ ਮਸਜਿਦ ਸਾਹਮਣੇ ਸੁੱਟਿਆ ਗਿਆ ਸੀ। ਮੈਂ ਇਸ ਨੂੰ ਵੇਖਿਆ ਹੀ ਨਹੀਂ। ਇਹ ਕਾਲਾ ਸੂਰ ਸੀ ਤਾਂ ਦੂਸਰਾ ਵੀ ਕਾਲੇ ਰੰਗ ਦਾ ਸੂਰ ਹੋ ਸਕਦਾ ਹੈ। ਕੀ ਦੋ ਸੁਰ ਕਾਲੇ ਰੰਗ ਦੇ ਨਹੀਂ ਹੋ ਸਕਦੇ? ਇਹ ਮੇਰੇ ਵਹਿਮ ਹੈ, ਮੈਂ ਖਾਹਮਖਾਹ ਇਸ ਤਰ੍ਹਾਂ ਸੋਚੀ ਜਾ ਰਿਹਾ ਹਾਂ। ਇਹ ਸੱਚਮੁੱਚ ਕੋਈ ਦੂਸਰਾ ਸੂਰ ਸੀ। ਅਜਿਹਾ ਸੋਚਣ ਪਿਛੋਂ ਉਹ ਆਪਣੀ ਪਤਨੀ ਨਾਲ ਹੱਸਣ ਅਤੇ ਗੱਲਾਂ ਮਾਰਨ ਲੱਗਦਾ। ਆਪ ਉੱਠ ਕੇ ਕਿਸੇ ਗਵਾਂਢੀ ਦੀ ਕੋਠੜੀ ਵਿਚ ਜਾ ਬੈਠਦਾ ਅਤੇ ਮੰਡੀ ਦੀ ਅੱਗ ਦੀ ਚਰਚਾ ਕਰਨ ਲੱਗਦਾ। ਪਰ ਇਹ ਮਨ ਸਥਿਤੀ ਵੀ ਜਿਆਦਾ ਦੇਰ ਬਣੀ ਨਾ ਰਹਿੰਦੀ। ਰਾਤ ਦੇ ਕੰਮ ਨੂੰ ਯਾਦ ਕਰਕੇ ਉਸ ਦੇ ਰੋਂਗਟੇ ਖੜ੍ਹੇ ਹੋ ਜਾਂਦੇ। ਸੰਨਸਾਨ ਇਲਾਕਾ, ਬਦਬੋ ਅਤੇ ਸਿਲ੍ਹੀ ਕੋਠੜੀ, ਚੁਰਾਇਆ ਹੋਇਆ ਸੂਰ ਅਤੇ ਹਨੇਰੇ ਦੇ ਪਰਦੇ ਵਿਚ ਆਉਂਦਾ ਹੋਇਆ ਕਾਲੂ ਦਾ ਛਕੜਾ। ਸਾਰੀ ਦੀ ਸਾਰੀ ਘਟਨਾ ਹੀ ਕਿਸੇ ਬੁਰੇ ਸੁਪਨੇ ਵਾਂਗ ਉਸ ਦੀਆਂ ਅੱਖਾਂ ਅੱਗੇ ਘੁੰਮ ਜਾਂਦੀ। ਕਦੇ ਇੰਜ ਵੀ ਸਲੋਤਰੀ ਸਾਹਿਬ ਸੂਰ ਕਟਵਾਉਂਦੇ ਨੇ? ਪਿਗਰੀ ਦੇ ਸੂਰ ਓਧਰ ਘੁੰਮਦੇ ਰਹਿੰਦੇ ਨੇ, ਕਿਸੇ ਇਕ ਨੂੰ ਫੜ ਲਈ...... ਰਾਤ ਨੂੰ ਛਕੜਾ ਆਵੇਗਾ ਉਸ ਵਿਚ ਪਾ ਦੇਵੀਂ ......ਜਦ ਤਕ ਮੈਂ ਨਾ ਆਵਾਂ ਮੇਰੀ ਰਾਹ ਵੇਖੀਂ।" ਕਦੇ ਇਉਂ ਵੀ ਕੰਮ ਹੋਏ ਹਨ ? ਕੀ ਇਹ ਵੀ ਕੋਈ ਢੰਗ ਹੈ ਕੰਮ ਕਰਨ ਦਾ? ਉਸ ਦਾ ਜੀ ਕੀਤਾ ਕਿ ਸਿੱਧਾ ਉਠ ਕੇ ਕਾਲੂ ਭੰਗੀ ਕੋਲ ਜਾਵੇ ਅਤੇ ਉਸ ਨੂੰ ਪੁਛੇ ਕਿ ਉਹ ਉਸ ਸੂਰ ਕਿਥੇ ਲੈ ਗਿਆ ਸੀ। ਮੁਰਾਦ ਅਲੀ ਕੋਲ ਸਿੱਧਾ ਜਾਵੇ ਅਤੇ ਉਸਨੂੰ ਕਹੇ ...... ਪਰ ਮੁਰਾਦ ਅਲੀ ਕੀ ਕਹੇਗਾ ? ਜੇ ਉਸ ਦੇ ਦਿਲ ਵਿਚ ਚੋਰ ਹੈ ਤਾਂ ਉਹ ਧੱਕੇ ਦੇ ਕੇ ਮੈਨੂੰ ਘਰੋਂ ਕੱਢ ਦੇਵੇਗਾ, ਸਗੋਂ ਉਲਟਾ ਇਲਜ਼ਾਮ ਮੇਰੇ ਤੇ ਲਾਏਗਾ, ਉਹ ਉਲਟਾ ਮੈਨੂੰ ਫੜਾ ਵੀ ਸਕਦਾ।

ਉਸ ਨੇ ਫਿਰ ਚਿਲਮ ਚੁੱਕ ਲਈ। 'ਖਸਮਾਂ ਨੂੰ ਖਾਣ ਮੁਰਾਦ ਅਲੀ ਤੇ ਉਸ ਦਾ ਸੂਰ। ਜੋ ਹੋ ਗਿਆ, ਸੋ ਹੋ ਗਿਆ। ਮੈਂ ਜਾਣ ਬੁਝ ਕੇ ਕੁਝ ਨਹੀਂ ਕੀਤਾ। ਮੈਂ ਤਾਂ ਜੋ ਕੁਝ ਕੀਤਾ ਅਣ-ਜਾਣੇ ਵਿਚ ਕੀਤਾ, ਇਹ ਲੋਕ ਜੋ ਅੱਗਾਂ ਲਾ ਰਹੇ ਹਨ, ਰਾਹ ਜਾਂਦੇ ਲੋਕਾਂ ਨੂੰ ਮਾਰ ਰਹੇ ਹਨ, ਇਹ ਤਾਂ ਅੱਖਾਂ ਖੋਲ੍ਹ ਕੇ ਸਾਰਾ ਕੰਮ ਕਰ ਰਹੇ ਹਨ, ਇਹ ਕਿਉਂ ਬੁਰਾ ਕੰਮ ਕਰ ਰਹੇ ਹਨ ? ਮੇਰੇ ਇਕ ਸੂਰ ਨੂੰ ਮਾਰ ਦੇਣ ਨਾਲ ਕੀ ਹੁੰਦਾ ਹੈ? ਇਕ ਸੂਰ ਨੂੰ ਮਾਰਨ ਵਿਚ ਪਿਆ ਹੀ ਕੀ ਹੈ? ਮੈਂ ਮੁਜਰਿਮ ਹਾਂ ਤਾਂ ਕੀ ਇਹ ਲੋਕ ਮੁਜਰਿਮ ਨਹੀਂ ? ਉਹ ਲੋਕ ਜਿਨ੍ਹਾਂ ਮੰਡੀ ਵਿਚ ਅੱਗ ਲਾਈ ਹੈ ? ਮੈਂ ਜਾਣ ਬੁਝ ਕੇ ਕੁਝ ਨਹੀਂ ਕੀਤਾ। ਹੋ ਗਿਆ, ਜੋ ਹੋਣਾ ਸੀ। ਮੇਰਾ ਇਸ ਨਾਲ ਕੋਈ ਵਾਸਤਾ ਨਹੀਂ......।

ਨੱਥੂ ਨੂੰ ਆਪਣੇ ਪਿਤਾ ਦੀ ਯਾਦ ਆਈ। ਰੱਬ ਤੋਂ ਡਰਨ ਵਾਲਾ ਆਦਮੀ ਸੀ ਉਹ ਸਦਾ ਇਹੋ ਸਿੱਖਿਆ ਦਿੰਦਾ ਹੁੰਦਾ ਸੀ:

''ਪੁੱਤਰ ਹੱਥ ਸਾਫ਼ ਰੱਖੀ ਜਿਸ ਦਾ ਹੱਥ ਸਾਫ਼ ਹੈ ਉਹ ਦੀ ਬਰਾ ਕੰਮ ਨਹੀਂ ਕਰਦਾ.......ਨੱਥੂ ਨੂੰ ਯਾਦ ਕਰਕੇ ਰੋਣਾ ਆ ਗਿਆ। ਉਸ ਦੇ ਮਨ ਤੇ ਫਿਰ ਬੋਝ ਵਧਣ ਲੱਗਾ, ਅਸਹਿ ਹੋਣ ਲੱਗਾ।

ਮੈਦਾਨੋਂ ਪਾਰ ਕੋਈ ਆਦਮੀ ਚਲਦਾ ਚਲਦਾ ਰੁਕ ਗਿਆ ਸੀ। ਅਤੇ ਮੁੜਕੇ ਚਮਾਰਾ ਦੇ ਡੇਰੇ ਵੱਲ ਵੇਖੀ ਜਾ ਰਿਹਾ ਸੀ। ਉਸ ਨੂੰ ਵੇਖਕੇ ਨੱਥੂ ਦਾ ਦਿਲ ਧਕ ਧਕ ਕਰਨ ਲੱਗਾ। ਉਸਨੂੰ ਲਗਿਆ ਜਿਵੇਂ ਉਹ ਉਸ ਨੂੰ ਲੱਭਣ ਆਇਆ ਹੈ, ਜਿਵੇਂ ਉਸਨੂੰ ਪਤਾ ਲੱਗ ਗਿਆ ਹੈ ਕਿ ਉਸ ਨੇ ਸੂਰ ਮਾਰਿਆ ਹੈ।

ਨੱਥੂ ਦੀ ਵਹੁਟੀ ਧੋਤੀ ਦੇ ਪੱਲੇ ਨਾਲ ਹੱਥ ਪੂੰਝਦੀ ਹੋਈ ਬਾਹਰ ਨਿਕਲੀ। ਉਸਨੂੰ ਵੇਖਕੇ ਉਸਦੇ ਮਨ ਵਿਚ ਫਿਰ ਬੇਚੈਨੀ ਹੋਈ। ਨੱਥੂ ਦਾ ਜੀਅ ਕੀਤਾ ਕਿ ਉਸਨੂੰ ਸਾਰੀ ਗੱਲ ਦਸ ਦੇਵੇ। ਕੋਈ ਤਾਂ ਹੋਵੇ ਜਿਸਨੂੰ ਉਹ ਆਪਣੇ ਦਿਲ ਦੀ ਗੱਲ ਕਹਿ ਸਕੇ।

ਨੱਕ ਦੀਆਂ ਅੱਖਾਂ ਫਿਰ ਮੈਦਾਨ ਤੋਂ ਪਾਰ ਪਲੋਤੇ ਆਦਮੀ ਵੱਲ ਘੁੰਮ ਗਈਆਂ।

''ਤੂੰ ਕੀ ਵੇਖ ਰਿਹਾ ਹੈ?" ਉਸਦੀ ਪਤਨੀ ਨੇ ਪੁਛਿਆ। ਫਿਰ ਮੈਦਾਨੋਂ ਪਾਰ ਉਸ ਆਦਮੀ ਵਲ ਵੇਖ ਕੇ ਬੋਲੀ:

"ਕੌਣ ਹੈ ਉਹ? ਕੀ ਤੂੰ ਉਸਨੂੰ ਜਾਣਦਾ ਹੈ।"

"ਨਹੀਂ, ਮੈਨੂੰ ਕੀ ਪਤਾ ਕੌਣ ਹੈ। ਮੈਂ ਨਹੀਂ ਜਾਣਦਾ। "ਨੱਥੂ ਨੇ ਕਿਹਾ ਅਤੇ ਫਿਰ ਹੈਰਾਨ ਪਰੇਸ਼ਾਨ ਆਪਣੀ ਪਤਨੀ ਵੱਲ ਵੇਖਣ ਲੱਗਾ।

''ਤੂੰ ਇਥੇ ਕਿਉਂ, ਖਲੋਤੀ ਏਂ, ਜਾ ਆਪਣਾ ਕੰਮ ਕਰ। "ਨੱਥੂ ਨੇ ਖਿੱਝ ਕੇ ਕਿਹਾ। ਉਸਦੀ ਪਤਨੀ ਉਹਨੀਂ ਪੈਰੀ ਕੋਠੜੀ ਵਿਚ ਪਰਤ ਗਈ।

ਨੱਥੂ ਨੇ ਫਿਰ ਚੋਰੀ ਚੋਰੀ ਸੜਕ ਵੱਲ ਵੇਖਿਆ। ਉਹ ਆਦਮੀ ਜਾ ਰਿਹਾ ਸੀ। ਮੈਦਾਨ ਦੇ ਕੋਨੇ ਉੱਤੇ ਉਸਨੇ ਸਿਗਰਟ ਸੁਲਗਾ ਲਈ ਸੀ ਅਤੇ ਹੁਣ ਸਿਗਰਟ ਦੇ ਕਸ ਛਡਦਾ ਹੋਇਆ ਅੱਗੇ ਵਧ ਰਿਹਾ ਸੀ।

"ਮੇਰਾ ਵਹਿਮ ਸੀ" ਨੱਥੂ ਨੇ ਦਿਲ ਵਿਚ ਕਿਹਾ, "ਕੰਮ ਕਾਰ ਲਈ ਇਧਰ ਦਰਜਨਾਂ ਆਦਮੀ ਆਉਂਦੇ ਹਨ, ਜਿਨ੍ਹਾਂ ਨੂੰ ਸਾਡੇ ਨਾਲ ਕੰਮ ਹੁੰਦਾ ਹੈ।" ਨੱਥੂ ਬੇਫਿਕਰ ਹੋ ਗਿਆ। ਐਵੇਂ ਹੀ ਉਹ ਪਤਨੀ ਨਾਲ ਖਿੱਝ ਕੇ ਬੋਲਿਆ, ਉਸਨੇ ਸੋਚਿਆ।

"ਗਲ ਸੁਣ" ਉਸਨੇ ਪਤਨੀ ਨੂੰ ਬੁਲਾ ਕੇ ਕਿਹਾ "ਥੋੜੀ ਜਿਹੀ ਚਾਹ ਬਣਾ ਦੇ।" ਉਸਦੀ ਪਤਨੀ ਦਹਿਲੀਜ ਤੋਂ ਹੀ ਪਰਤ ਆਈ। ਉਸਦੇ ਸਰੀਰ ਜਾਂ ਉਸਦੇ ਵਿਅਕਤਿਤਵ ਵਿਚ ਕੁਝ ਅਜਿਹਾ ਸੀ ਕਿ ਨੱਥੂ ਉਸ ਨੂੰ ਆਪਣੇ ਕੋਲ ਵੇਖ ਕੇ ਜਿਆਦਾ ਸੁਰੱਖਿਅਤ ਮਹਿਸੂਸ ਕਰਦਾ ਸੀ। ਉਹ ਘਰ ਵਿਚ ਰਹਿੰਦੀ ਤਾਂ ਲੱਗਦਾ ਘਰ ਵਿਚ ਸਥਿਰਤਾ ਹੈ, ਉਹ ਅੱਖੋਂ ਪਰੋਖੇ ਹੋ ਜਾਂਦੀ ਤਾਂ ਨੱਥੂ ਨੂੰ ਲੱਗਦਾ ਜਿਵੇਂ ਸਾਰੀ ਸ੍ਰਿਸ਼ਟੀ ਡੋਲਣ ਲੱਗੀ ਹੈ। ਦਿਲ ਹੀ ਦਿਲ ਵਿੱਚ ਅੱਜ ਉਹ ਚਾਹੁੰਦਾ ਸੀ ਕਿ ਉਸਦੀ ਪਤਨੀ ਉਸਦੇ ਕੋਲ ਹੀ ਬੈਠੀ ਰਹੇ। ਉਹ ਕਦੇ ਪਰੇਸ਼ਾਨ ਅਤੇ ਉਤੇਜਿਤ

ਨਹੀਂ ਹੁੰਦੀ ਸੀ, ਘਬਰਾਉਂਦੀ ਨਹੀਂ ਸੀ, ਉਸਦਾ ਦਿਲ ਕਦੇ ਵੀ ਧਕ ਧਕ ਨਹੀਂ ਕਰਦਾ ਸੀ, ਕੋਈ ਗੱਲ ਉਸਦੇ ਕਲੇਜੇ ਨੂੰ ਚੱਟਦੀ ਨਹੀਂ ਸੀ। ਇਸ ਲਈ ਕਿ ਇਹ ਗਦਰਾਏ ਸਰੀਰ ਦੀ ਹੈ, ਮੇਰੇ ਵਾਂਗ ਸਕੀ ਸੜੀ ਨਹੀਂ ਹੈ, ਜੋ ਹਰ ਵੇਲੇ ਦਿਲ ਦਾ ਗ਼ਮ ਖਾਂਦਾ ਰਹਿੰਦਾ ਹਾਂ। ਉਸ ਦੇ ਅਲਸਾਏ ਸਰੀਰ ਵਿਚ ਨੱਥੂ ਨੂੰ ਪਿਆਰ ਹੀ ਪਿਆਰ ਮਿਲਦਾ ਸੀ, ਉਸਦੀ ਚਾਲ ਢਾਲ ਵਿਚ, ਹਰੇਕ ਗਤੀ ਵਿਚ ਸਥਿਰਤਾ ਸੀ, ਸੰਤੁਲਨ ਸੀ।

ਉਹ ਦਹਿਲੀਜ਼ ਤੇ ਆ ਕੇ ਖਲੋ ਗਈ ਸੀ। ਇਕ ਹੱਥ ਚੁੱਕ ਕੇ ਚੌਖਟ ਤੇ ਰੱਖਿਆ ਹੋਇਆ ਸੀ ਅਤੇ ਹੌਲੀ ਹੌਲੀ ਮੁਸਕਰਾਈ। ਜਾ ਰਹੀ ਸੀ !

"ਪਹਿਲਾਂ ਤਾਂ ਤੁਸੀਂ ਇਸ ਵੇਲੇ ਕਦੇ ਚਾਹ ਨਹੀਂ ਮੰਗਦੇ ਸੀ। ਅੱਜ ਛੁੱਟੀ ਮਨਾ ਰਹੇ ਹੋ, ਇਸ ਲਈ ?"

ਇਸ ਤੇ ਉਹ ਗੁੱਸੇ ਵਿਚ ਬੋਲਿਆ, 'ਛੁੱਟੀ ਮਨਾ ਰਿਹਾ ਹਾਂ ? ਇਹ ਤੈਨੂੰ ਛੁੱਟੀ ਨਜ਼ਰ ਆ ਰਹੀ ਏ ? ਤੂੰ ਨਹੀਂ ਬਣਾ ਸਕਦੀ ਤਾਂ ਮੈਂ ਆਪ ਬਣਾ ਲਵਾਂਗਾ, ਫਾਲਤੂ ਗਲਾਂ ਕਿਉਂ ਕਰਦੀ ਏਂ।”

ਅਤੇ ਨੱਥੂ ਉਠ ਕੇ ਕੋਠੜੀ ਦੇ ਅੰਦਰ ਚਲਾ ਗਿਆ।

“ਹੁਣੇ ਬਣਾ ਦਿੰਦੀ ਹਾਂ, ਚਾਹ ਬਣਾਉਣ ਵਿਚ ਕਿਹੜੀ ਦੇਰ ਲੱਗਦੀ ਏ। ਤੂੰ ਗੁੱਸੇ ਕਿਉਂ ਹੁੰਦਾ ਏਂ ?”

"ਨਹੀਂ ਤੂੰ ਹਟ ਜਾ, ਮੈਂ ਆਪੇ ਚਾਹ ਬਣਾ ਲਵਾਂਗਾ।" ਨੱਥੂ ਨੇ ਗੁੱਸੇ ਵਿਚ ਕਿਹਾ।

“ਮੇਰੇ ਹੁੰਦਿਆਂ ਤੂੰ ਚੁੱਲ੍ਹਾ ਬਾਲੇ, ਮੈਂ ਮਰ ਨਾ ਜਾਵਾਂ ?" ਉਹ ਬੋਲੀ ਅਤੇ ਅੱਗੇ ਹੋ ਕੇ ਉਸ ਦੀ ਬਾਂਹ ਫੜ ਕੇ ਉਸ ਨੂੰ ਉਠਾਉਣ ਲੱਗੀ। "ਉਠ ਜਾਹ, ਤੈਨੂੰ ਮੇਰੀ ਸਹੁੰ।"

ਨੱਥੂ ਉਠ ਖਲੋਤਾ, ਗਹਿਰੀ ਟੀਸ ਉਸਦੇ ਮਨ ਵਿਚ ਉਠੀ। ਖਿਣ ਭਰ ਲਈ ਉਹ ਨਿਠਕਿਆ ਜਿਹਾ ਖਲੋਤਾ ਰਿਹਾ। ਫਿਰ ਅੱਗੇ ਵਧ ਕੇ ਉਹ ਆਪਣੀ ਪਤਨੀ ਨਾਲ ਲਿਪਟ ਗਿਆ।

"ਅੱਜ ਤੈਨੂੰ ਹੋ ਕੀ ਗਿਆ ਹੈ ?" ਉਸਦੀ ਤੀਵੀਂ ਨੇ ਕਿਹਾ ਤੇ ਹੱਸ ਪਈ। ਪਰ ਪਤੀ ਦੀਆਂ ਜੱਫੀਆਂ ਵਿਚ ਉਸਨੂੰ ਉਸਦੇ ਦਿਲ ਦੀ ਛਟਪਟਾਹਟ ਦਾ ਗਿਆਨ ਹੋਣ ਲੱਗਾ। ਕੋਈ ਗੱਲ ਹੈ ਜੋ ਉਸਦੇ ਦਿਲ ਵਿਚ ਕੰਡੇ ਵਾਂਗ ਚੁਭ ਰਹੀ ਹੈ, ਜਿਸ ਕਾਰਣ ਉਹ ਕਲ੍ਹ ਰਾਤ ਦਾ ਅਜੀਬ ਜਿਹਾ ਵਿਵਹਾਰ ਕਰ ਰਿਹਾ ਹੈ।

"ਕਲ੍ਹ ਰਾਤ ਤੋਂ ਤੁਸੀਂ ਹਰ ਗੱਲ ਬਹਿਕੀ ਬਹਿਕੀ ਕਰ ਰਹੇ ਹੋ !" ਉਸ ਨੇ ਕਿਹਾ, "ਇਉਂ

ਨਾ ਕਰੋ ਜੀ, ਮੈਨੂੰ ਡਰ ਲੱਗਦਾ ਏ।

"ਸਾਨੂੰ ਡਰ ਕਿਉਂ ਲੱਗੇ। ਅਸੀਂ ਕਿਸੇ ਦਾ ਘਰ ਤਾਂ ਨਹੀਂ ਸਾੜਿਆ।" ਨੱਥੂ ਨੇ ਬੇਥਵਾ ਜਿਹਾ ਉੱਤਰ ਦਿੱਤਾ।

ਉਸ ਦੀ ਪਿੱਠ ਤੇ ਪਤਨੀ ਦਾ ਹੱਥ ਰੁਕ ਗਿਆ, ਪਰ ਉਸ ਨੇ ਨੱਥੂ ਨੂੰ ਆਪਣੀਆਂ ਬਾਹਵਾਂ ਵਿਚ ਲਈ ਰਖਿਆ R

ਨੱਥੂ ਦਾ ਗਮ ਅਤੇ ਉਤੇਜਨਾ ਹੌਲੀ ਹੌਲੀ ਵਧਦੇ ਜਾ ਰਹੇ ਸਨ ਅਤੇ ਉਹ ਪਾਗਲਾਂ ਵਾਂਗ ਉਂਜ ਹੀ ਵਿਵਹਾਰ ਕਰਨ ਲੱਗਾ ਜਿਵੇਂ ਉਹ ਕੱਲ੍ਹ ਰਾਤ ਕਰਨ ਲੱਗਾ ਸੀ।

ਉਸ ਦੀਆਂ ਅੱਖਾਂ ਸਾਹਮਣੇ ਅਚਾਨਕ ਸੂਰ ਦੀ ਲਾਸ਼ ਘੁੰਮ ਗਈ। ਫਰਸ਼ ਦੇ ਵਿਚਕਾਰ ਚਾਰੇ ਟੰਗਾਂ ਉੱਪਰ ਨੂੰ ਚੁੱਕੀਆਂ ਹੋਈਆਂ ਅਤੇ ਹੇਠਾਂ ਲਹੂ ਦਾ ਛੱਪੜ ਜਿਹਾ ਅਤੇ ਉਹ ਕੰਬ ਗਿਆ। ਪਤਨੀ ਦੀਆਂ ਬਾਹਵਾਂ ਵਿਚ ਨੱਥੂ ਦਾ ਸਰੀਰ ਜਿਵੇਂ ਠੰਢਾ ਹੋਣ ਲੱਗਾ। ਉਸਦੇ ਮੋਢਿਆਂ ਮੱਥੇ ਤੇ ਤਰੇਲੀ ਆ ਗਈ ਅਤੇ ਉਸਦੀ ਪਤਨੀ ਨੂੰ ਲੱਗਾ ਜਿਵੇਂ ਉਸਦਾ ਮਨ ਭਟਕ ਕੇ ਕਿਤੇ ਦੂਰ ਚਲਾ ਗਿਆ ਹੈ। ਖਲੋਤੇ ਖਲੋਤੇ ਨੱਥੂ ਦੇ

ਮੂੰਹ 'ਚੋਂ ਸਿਸਕੀ ਜਿਹੀ ਨਿਕਲ ਗਈ ਅਤੇ ਉਹ ਆਪਣੀ ਪਤਨੀ ਤੋਂ ਅਲੱਗ ਹੋ ਗਿਆ।

"ਹਾਏ ਨਹੀਂ, ਅੱਜ ਨਹੀਂ, ਮੇਰਾ ਜੀਅ ਨਹੀਂ ਕਰਦਾ। ਵੇਖੋ ਤਾਂ ਬਾਹਰ ਕੀ ਹੋ ਰਿਹਾ ਹੈ ? ਲੋਕਾਂ ਦੇ ਘਰ ਸੜ ਰਹੇ ਹਨ।"

ਨੱਥੂ ਬੇਚੈਨ ਜਿਹਾ ਖਲੋ ਗਿਆ ਅਤੇ ਦੇਰ ਤਕ ਠਿਠਕਿਆ ਖਲੋਤਾ ਰਿਹਾ।

''ਕੀ ਹੈ ?'' ਉਸਦੀ ਪਤਨੀ ਘਬਰਾ ਕੇ ਬੋਲੀ, ਤੁਸੀਂ ਇੰਨੇ ਗੁੰਮ ਸੁੰਮ ਕਿਉਂ ਹੋ ਗਏ ਹੋ ? ਸੱਚ ਸੱਚ ਦਸੋ, ਤੁਹਾਨੂੰ ਮੇਰੀ ਸਹੁੰ।"

ਪਰ ਨੱਥੂ ਚੁੱਪ ਚਾਪ ਹਟ ਕੇ ਮੰਜੀ ਤੇ ਜਾ ਬੈਠਾ।

"ਕੀ ਹੋਇਆ ਹੈ ?"

"ਕੁਝ ਨਹੀਂ।"

"ਕੁਝ ਤਾਂ ਹੋਇਆ ਏ। ਤੂੰ ਮੈਥੋਂ ਲੁਕਾ ਰਿਹੈਂ।"

"ਕੁਝ ਨਹੀਂ" ਉਸ ਨੇ ਫਿਰ ਕਿਹਾ।

ਪਤਨੀ ਨੱਥੂ ਕੋਲ ਆ ਗਈ, ਅਤੇ ਉਸ ਦੇ ਸਿਰ ਤੇ ਹੱਥ ਫੇਰਦੀ ਹੋਈ ਬੋਲੀ:

''ਤੂੰ ਬੋਲਦਾ ਕਿਉਂ ਨਹੀਂ ?"

"ਕੋਈ ਗੱਲ ਹੋਵੇ ਤਾਂ ਬੋਲਾਂ।" ਉਸ ਨੇ ਹੌਲੀ ਜਿਹੀ ਕਿਹਾ।

"ਚਾਹ ਬਣਾ ਦਿਆਂ ? ਠਹਿਰ, ਮੈਂ ਚਾਹ ਬਣਾ ਦਿੰਦੀ ਹਾਂ।" ਕੀ ਸ

"ਮੈਨੂੰ ਚਾਹ ਦੀ ਲੋੜ ਨਹੀਂ।"

ਹੁਣੇ, ਤਾਂ ਤੂੰ ਆਪ ਚਾਹ ਬਣਾਉਣ ਲੱਗਾ ਸੀ, ਹੁਣ ਚਾਹ ਦੀ ਲੋੜ ਨਹੀਂ।"

"ਨਹੀਂ ਮੈਂ ਚਾਹ ਨਹੀਂ ਪੀਣੀ।"

'ਚੰਗਾ ਫਿਰ ਚਲ, ਮੰਜੀ ਤੇ ਚਲ।" ਉਸ ਦੀ ਪਤਨੀ ਨੇ ਹੱਸ ਕੇ ਕਿਹਾ।

"ਨਹੀਂ ਮੰਜੀ ਤੇ ਵੀ ਮੈਂ ਨਹੀ ਜਾਣਾ।"

“ਨਰਾਜ਼ ਹੋ ਗਿਆ ? ਤੂੰ ਮੇਰੇ ਨਾਲ ਗੱਲ ਗੱਲ ਤੇ ਨਰਾਜ਼ ਹੁਣ ਲੱਗਾ ਏਂ।" ਉਸ ਦੀ ਪਤਨੀ ਨੇ ਉਲਾਮੇ ਦੇ ਅੰਦਾਜ਼ ਵਿਚ ਕਿਹਾ।

ਨੱਥੂ ਚੁੱਪ ਰਿਹਾ। ਉਹ ਸਚਮੁੱਚ ਰੁੱਸੇ ਹੋਏ ਬੱਚੇ ਵਾਲਾ ਵਿਵਹਾਰ ਕਰ ਰਿਹਾ ਸੀ।

ਤੂੰ ਕਲ ਰਾਤ ਕਿੱਥੇ ਗਿਆ ਸੀ ? ਤੂੰ ਮੈਨੂੰ ਕੁਝ ਨਹੀਂ ਦਸਿਆ।" ਨੱਥੂ ਦੀ ਪਤਨੀ ਨੇ ਕਿਹਾ ਅਤੇ ਉਸ ਦੇ ਕੋਲ ਫ਼ਰਸ਼ ਤੇ ਬਹਿ ਗਈ।

ਨੱਥੂ ਨੇ ਠਿਠਕ ਕੇ ਪਤਨੀ ਵੱਲ ਵੇਖਿਆ। ਇਸ ਨੂੰ ਜ਼ਰੂਰ ਪਤਾ ਲੱਗ ਗਿਆ ਏ। ਸਭ ਨੂੰ ਹੋਲੀ ਹੋਲੀ ਪਤਾ ਲੱਗ ਜਾਵੇਗਾ। ਨੱਥੂ ਨੂੰ ਲੱਗਾ ਜਿਵੇਂ ਉਸ ਦੀ ਲੱਤਾਂ ਕੰਬਣ ਲੱਗੀਆਂ ਹਨ।

ਦਸੇਂਗਾ ਨਹੀਂ ਤਾਂ ਮੈਂ ਆਪਣਾ ਸਿਰ ਪਾੜ ਲਵਾਂਗੀ। ਤੂੰ ਕਦੇ ਵੀ ਮੈਥੋਂ ਦਿਲ ਦੀ ਗੱਲ ਨਹੀਂ ਛੁਪਾਉਂਦਾ ਸੀ, ਅੱਜ ਕਿਉਂ ਛਿਪਾਉਣ ਲੱਗਾ ਹੈਂ ?”

ਨੱਥੂ ਦੀਆਂ ਅੱਖਾਂ ਦੇਰ ਤਕ ਪਤਨੀ ਦੇ ਚਿਹਰੇ ਤੇ ਟਿਕੀਆਂ ਰਹੀਆ। ਜੇ ਇਸ ਨੂੰ ਸ਼ੱਕ ਹੋ ਗਿਆ ਹੈ ਤਾਂ ਪਤਾ ਨਹੀਂ ਕੀ ਸੋਚ ਰਹੀ ਹੋਵੇਗੀ, ਮੇਰੇ ਬਾਰੇ ਕੀ ਸੋਚਣ ਲੱਗੀ ਹੋਵੇਗੀ। ਪਰ ਪਤਨੀ ਦੀਆਂ ਵਿਸ਼ਵਾਸ਼ ਭਰੀਆਂ ਅਤੇ ਤਰਲੇ ਲੈਂਦੀਆਂ ਅੱਖਾਂ ਅਜੇ ਵੀ ਉਸ ਵੱਲ ਵੇਖ ਰਹੀਆਂ ਸਨ। ਫਿਰ ਅਚਾਨਕ ਉਹ ਆਪਣੇ ਆਪ ਹੀ ਬੋਲਣ ਲੱਗਾ :

''ਤੈਨੂੰ ਪਤਾ ਹੈ ਮੰਡੀ ਵਿਚ ਅੱਗ ਕਿਉਂ ਲੱਗੀ ਹੈ ?”

“ਪਤਾ ਹੈ, ਮਸੀਤ ਦੇ ਸਾਹਮਣੇ ਕਿਸੇ ਨੇ ਸੂਰ ਮਾਰ ਕੇ ਸੁਟਿਆ ਸੀ। ਇਸ ਕਰਕੇ ਮੁਸਲਮਾਨਾਂ ਨੇ ਮੰਡੀ ਨੂੰ ਅੱਗ ਲਾ ਦਿੱਤੀ।”

"ਉਹ ਸੂਰ ਮੈਂ ਮਾਰਿਆ ਸੀ।" ਤਾਂ

ਨੱਥੂ ਦੀ ਪਤਨੀ ਹੈਰਾਨ ਪਰੇਸ਼ਾਨ ਹੋ ਗਈ।

"ਤੂੰ ? ਤੂੰ ਇਹ ਬੁਰਾ ਕੰਮ ਕਿਉਂ ਕੀਤਾ ?”

ਅਤੇ ਉਸ ਦਾ ਚਿਹਰਾ ਪੀਲਾ ਪੈ ਗਿਆ ਅਤੇ ਉਹ ਨੱਥੂ ਵੱਲ ਫਟੀਆਂ ਅੱਖਾਂ ਨਾਲ ਵੇਖਦੀ ਰਹਿ ਗਈ।

ਨੱਥੂ ਨੇ ਹੌਲੀ ਹੌਲੀ ਸਾਰੀ ਕਹਾਣੀ ਸੁਣਾ ਦਿੱਤੀ।

"ਸੂਰ ਨੂੰ ਸੁਟਣ ਵੀ ਤੂੰ ਗਿਆ ਸੀ ?" ਪਤਨੀ ਨੇ ਪੁੱਛਿਆ

‘‘ਨਹੀਂ`, ਕਾਲੂ ਉਸ ਨੂੰ ਛਕੜੇ ਤੇ ਲੱਦ ਕੇ ਲੈ ਗਿਆ ਸੀ।"

“ਕਾਲੂ ਤਾਂ ਮੁਸਲਮਾਨ ਹੈ, ਉਹ ਕਿਵੇਂ ਲੈ ਗਿਆ?”

"ਕਾਲੂ ਮੁਸਲਮਾਨ ਨਹੀਂ ਈਸਾਈ ਗਿਰਜੇ ਵਿਚ ਜਾਂਦਾ ਹੈ।"

ਉਸ ਦੀ ਪਤਨੀ ਬੜੀ ਦੇਰ ਉਸ ਦੇ ਚਿਹਰੇ ਵੱਲ ਵੇਖਦੀ ਰਹੀ।

''ਤੂੰ ਬੜਾ ਬੁਰਾ ਕੰਮ ਕੀਤਾ ਹੈ, ਪਰ ਇਸ ਵਿਚ ਤੇਰਾ ਕੀ ਕਸੂਰ? ਤੈਥੋਂ ਲੋਕਾਂ ਨੇ ਧੋਖੇ ਨਾਲ ਇਹ ਕੰਮ ਕਰਵਾਇਆ ਹੈ। ਤੂੰ ਧੋਖੇ ਵਿਚ ਆ ਕੇ ਇਹ ਕੰਮ ਕੀਤਾ ਹੈ।" ਉਹ ਜਿਵੇਂ ਆਪਣੇ ਆਪ ਨਾਲ ਗੱਲ ਕਰਦੀ ਹੋਈ ਬੁੜਬੜਾਈ। ਪਰ ਨੱਥੂ ਦੀ ਗੱਲ ਸੁਣ ਕੇ ਉਹ ਸਿਰ ਤੋਂ ਪੈਰਾ ਤਕ ਕੰਬ ਗਈ ਸੀ। ਉਸ ਦੀ ਪਤਨੀ ਨੂੰ ਲਗਿਆ ਜਿਵੇਂ ਕਿਸੇ ਭਿਆਨਕ ਗ੍ਰਹਿ ਦੀ ਛਾਇਆ ਉਸ ਦੇ ਘਰ ਤੇ ਪੈ ਗਈ ਹੈ, ਜੋ ਵਰਤ ਰੱਖਣ ਨਾਲ ਵੀ ਨਹੀਂ ਟਲੇਗੀ। ਪ੍ਰਸ਼ਚਿਤ ਕਰਨ ਨਾਲ ਵੀ ਨਹੀਂ ਟਲੇਗੀ।

ਪਰ ਫਿਰ ਵੀ ਉਸ ਦੇ ਮਨ ਤੇ ਭਾਰ ਜਿਹਾ ਪਿਆ ਰਿਹਾ।

ਨੱਥੂ ਦੇ ਦਿਲ ਵਿਚੋਂ ਗਹਿਰੀ ਹੂਕ ਜਿਹੀ ਉਠੀ। ਪਤਨੀ ਨੇ ਅੱਖਾਂ ਪੁੱਟ ਕੇ ਨੱਥੂ ਵੱਲ ਵੇਖਿਆ। ਪਰ ਨੱਥੂ ਦੀ ਬੁਰੀ ਹਾਲਤ ਵੇਖ ਕੇ ਉਸ ਦੇ ਮਨ ਵਿਚ ਮਮਤਾ ਦਾ ਸੋਮਾ ਫੁੱਟਿਆ। ਉਹ ਉਠ ਕੇ ਨੱਥੂ ਕੋਲ ਜਾ ਬੈਠੀ ਤੇ ਉਸ ਦਾ ਹੱਥ ਫੜ ਕੇ ਬੋਲੀ:

"ਤਦੇ ਤਾਂ ਮੈਂ ਕਹਾਂ, ਇਹ ਇੰਨਾ ਪਰੇਸ਼ਾਨ ਕਿਉਂ ਹੈ। ਮੈਨੂੰ ਕੀ ਪਤਾ ਤੂੰ ਮੈਨੂੰ ਦੱਸਿਆ ਕਿਉਂ ਨਾ। ਆਪਣਾ ਦੁਖ ਦਿਲ ਵਿਚ ਨਹੀਂ ਰਖੀਦਾ।"

"ਮੈਨੂੰ ਪਤਾ ਹੁੰਦਾ ਤਾਂ ਮੈਂ ਇਹ ਕੰਮ ਕਿਉਂ ਕਰਦਾ ?"

ਨੱਥੂ ਬੁੜਬੜਾਇਆ, "ਮੈਨੂੰ ਤਾਂ ਕਿਹਾ ਸਲੋਤਰੀ ਸਾਹਿਬ ਨੇ ਸੂਰ ਮੰਗਿਆ ਹੈ।" ਫਿਰ ਨੱਥੂ ਆਪਣੀ ਉਧੇੜ ਬੁਨ ਵਿਚ ਹੋਰ ਵੀ ਗਹਿਰਾ ਡੁੱਬਦਾ ਹੋਇਆ ਬੋਲਿਆ, "ਕਲ੍ਹ ਰਾਤ ਮੁਰਾਦ ਅਲੀ ਨੂੰ ਮੈਂ ਵੇਖਿਆ ਸੀ, ਪਰ ਉਹ ਮੇਰੇ ਨਾਲ ਬੋਲਿਆ ਹੀ ਨਹੀਂ। ਮੈਂ ਉਸ ਦੇ ਪਿੱਛੇ ਪਿੱਛੇ ਭੱਜਦਾ ਸੀ ਅਜੇ ਉਹ ਅੱਗੇ ਹੀ ਅੱਗੇ ਵਧਦਾ ਗਿਆ। ਉਸ ਨੇ ਮੇਰੇ ਨਾਲ ਗੱਲ ਤਕ ਨਹੀਂ ਕੀਤੀ... ....." ਨੱਥੂ ਦੀ ਆਵਾਜ਼ ਜਿਵੇਂ ਅਨਿਸ਼ਚੇ ਵਿਚ ਗਵਾਚ ਗਈ, ਜਿਥੋਂ ਉਸ ਦੇ ਮਨ ਵਿਚ ਸ਼ੱਕ ਹੋਣ ਲੱਗਾ ਹੋਵੇ ਕਿ ਸਚਮੁੱਚ ਉਸ ਨੇ ਮੁਰਾਦ ਅਲੀ ਨੂੰ ਵੇਖਿਆ ਵੀ ਸੀ ਜਾਂ ਨਹੀਂ।

"ਕਿੰਨੇ ਪੈਸੇ ਮਿਲੇ ਸਨ ਸੂਰ ਮਾਰਨ ਦੇ ?"

''ਪੰਜ ਰੁਪਏ। ਉਹ ਮੈਨੂੰ ਪੇਸ਼ਗੀ ਦੇ ਗਿਆ ਸੀ।"

''ਪੰਜ ਰੁਪਏ ਇੰਨੇ ਜ਼ਿਆਦਾ ? ਤੂੰ ਕੀ ਕੀਤਾ ਉਨ੍ਹਾਂ ਰੁਪਿਆਂ ਦਾ ?"

'ਕੁਝ ਨਹੀਂ ਕੀਤਾ। ਚਾਰ ਰੁਪਏ ਬਚੇ ਹਨ, ਉਧਰ ਤਾਕੀ ਤੇ ਰਖੇ ਹੋਏ ਹਨ।

"ਮੈਨੂੰ ਕਿਉਂ ਨਹੀਂ ਦੱਸਿਆ ?"

"ਮੈਂ ਸੋਚਿਆ ਤੇਰੇ ਲਈ ਧੋਤੀਆਂ ਦਾ ਜੋੜਾ ਲਿਵਾਂਗਾ......।"

"ਮੈਂ ਇਨ੍ਹਾਂ ਪੈਸਿਆਂ ਦੀਆਂ ਧੋਤੀਆਂ ਲਵਾਂਗੀ? ਮੈਂ ਉਨ੍ਹਾਂ ਪੈਸਿਆਂ ਨੂੰ ਅੱਗ ਨਾ ਲਾਵਾਂਗੀ ?" ਨੱਥੂ ਦੀ ਪਤਨੀ ਨੇ ਗੁੱਸੇ ਵਿਚ ਕਿਹਾ। ''ਤੇਰੇ ਕੋਲੋਂ ਅਜਿਹਾ ਕੁਕਰਮ ਕਰਵਾਇਆ।" ਪਰ ਫਿਰ ਉਹ ਸੰਭਲ ਗਈ। ਮੁਸਕਰਾਉਣ ਦੀ ਫਜ਼ੂਲ ਕੋਸ਼ਿਸ਼ ਕਰਦੀ ਹੋਈ ਬੋਲੀ, 'ਇਹ ਤਾਂ ਤੇਰੀ ਕਮਾਈ ਦੇ ਪੈਸੇ ਹਨ, ਮੈਂ ਕਿਉਂ ਨਹੀਂ ਲਵਾਂਗੀ। ਇਨ੍ਹਾਂ ਦਾ ਜੋ ਕਹੇਂਗਾ ਲਵਾਂਗੀ।"

ਉਹ ਉਠ ਖਲੋਤੀ ਅਤੇ ਤਾਕੀ ਕੋਲ ਗਈ, ਅੱਡੀਆਂ ਚੁੱਕ ਕੇ ਤਾਕੀ ਉਤੇ ਰਖੇ ਪੈਸਿਆਂ ਨੂੰ ਵੇਖਿਆ, ਫਿਰ ਪਤੀ ਵੱਲ ਪਰਤ ਆਈ। ਨੱਥੂ ਦੀ ਧੌਣ ਹੋਰ ਵੀ ਜ਼ਿਆਦਾ ਝੁਕ ਗਈ ਸੀ ਅਤੇ ਉਹ ਫਿਰ ਡੂੰਘੀਆਂ ਸੋਚਾਂ ਵਿਚ ਗਵਾਚ ਗਿਆ ਸੀ।

"ਤੂੰ ਉਸ ਆਦਮੀ ਨੂੰ ਵੇਖਿਆ ਸੀ ਜੋ ਮੈਦਾਨ ਦੇ ਪਾਰ ਖਲੋਤਾ ਸੀ ?" ਨੱਥੂ ਨੇ ਸਿਰ ਉਤੇ ਚੁੱਕ ਕੇ ਪੁੱਛਿਆ।

"ਹਾਂ ! ਪਰ ਇਸ ਨਾਲ ਕੀ ਵਾਸਤਾ ਹੈ।"

"ਮੈਂ ਸੋਚਦਾ ਹਾਂ, ਉਹ ਬਾਗੜੀ ਸੀ, ਜਿਸ ਦਾ ਸੂਰ ਮੈਂ ਅੰਦਰ ਖਿੱਚ ਲਿਆ ਸੀ। ਉਸ ਨੂੰ ਜ਼ਰੂਰ ਪਤਾ ਲੱਗ ਗਿਆ ਹੋਵੇਗਾ।"

"ਤੈਨੂੰ ਕੀ ਹੋ ਗਿਆ ਹੈ। ਪਤਾ ਲੱਗ ਗਿਆ ਹੈ ਤਾਂ ਆ ਕੇ ਤੈਥੋਂ ਲੈ ਲਵੇ। ਤੁਸੀਂ ਕਿਹੋ ਜਿਹੀਆਂ ਊਟ ਪਟਾਂਗ ਗੱਲਾਂ ਕਰ ਰਹੇ ਹੋ ਜੀ।" ਨੱਥੂ ਦੀ ਪਤਨੀ ਨੇ ਉੱਚੀ ਆਵਾਜ਼ ਵਿਚ ਕਿਹਾ। ਫਿਰ ਸਿਰ ਝਟਕ ਕੇ ਬੋਲੀ, "ਵੇਖੋ ਜੀ, ਅਸੀਂ ਲੋਕ ਚਮੜੇ ਦਾ ਕੰਮ ਕਰਦੇ ਹਾਂ। ਜਾਨਵਰਾਂ ਦੀਆਂ ਖੱਲਾਂ ਲਾਹੁਣਾ, ਉਨ੍ਹਾਂ ਨੂੰ ਮਾਰਨਾ ਸਾਡਾ ਕੰਮ ਹੈ, ਤੂੰ ਸੂਰ ਨੂੰ ਮਾਰ ਦਿੱਤਾ। ਹੁਣ ਉਸ ਨੂੰ ਕੋਈ ਮਸਜਿਦ ਦੇ ਸਾਹਮਣੇ ਸੁਟੇ ਜਾਂ ਬਾਜ਼ਰ ਵਿਚ ਵੇਚੇ, ਇਸ ਨਾਲ ਸਾਨੂੰ ਕੀ ? ਅਤੇ ਤੈਨੂੰ ਕੀ ਪਤਾ ਉਹ ਸੂਰ ਸੀ ਜਾਂ ਨਹੀਂ ਸੀ ਜੋ ਮਸੀਤ ਦੇ ਸਾਹਮਣੇ ਸੁਟਿਆ ਗਿਆ ਸੀ? ਤੈਨੂੰ ਇਸ ਨਾਲ ਕੀ?" ਫਿਰ ਉਹ ਬੜੀ ਲਾਪਰਵਾਹੀ ਦੇ ਅੰਦਾਜ਼ ਵਿਚ ਬੋਲੀ :

''ਮੈਂ ਤਾਂ ਇਨ੍ਹਾਂ ਪੈਸਿਆਂ ਦੀਆਂ ਧੋਤੀਆਂ ਲਵਾਂਗੀ, ਜ਼ਰੂਰ ਲਵਾਂਗੀ। ਤੇਰੀ ਕਮਾਈ ਦੇ ਪੈਸੇ ਹਨ, ਮਿਹਨਤ ਦੀ ਮਜ਼ਦੂਰੀ ਹੈ।" ਅਤੇ ਉਹ ਫਿਰ ਤਾਕੀ ਵੱਲ ਪਰਤ ਗਈ ਅਤੇ ਹੱਸਦੇ ਟਹਿਕਦੇ ਉਸ ਨੇ ਤਾਕੀ ਤੋਂ ਪੈਸੇ ਚੁੱਕ ਲਏ। ਫਿਰ ਉਸੇ ਪਲ ਉਨ੍ਹਾਂ ਨੂੰ ਉਥੇ ਹੀ ਰੱਖ ਦਿੱਤਾ।

"ਹਾਂ ਮੈਨੂੰ ਕੀ। ਤੂੰ ਠੀਕ ਹੀ ਤਾਂ ਕਹਿੰਦੀ ਹੈ, ਮੈਨੂੰ ਕੀ। ਖਸਮਾਂ ਨੂੰ ਖਾਵੇ ਮੁਰਾਦ ਅਲੀ ਤੇ ਉਸ ਦਾ ਸੂਰ। ਮੈਂ ਕਲ ਵੀ ਇਹੋ ਕਹਿੰਦਾ ਸੀ......।"

ਨੱਥੂ ਨੇ ਕਿਹਾ ਅਤੇ ਉਸ ਨੂੰ ਹੌਂ ਸਲਾ ਜਿਹਾ ਹੋ ਗਿਆ।

ਹੁਣ ਪੂਰੇ ਪੰਦਰਾਂ ਰੁਪਏ ਮੇਰੇ ਕੋਲ ਹੋ ਗਏ—ਹੁਣ ਤੂੰ ਵੀ ਆਪਣੇ ਲਈ ਕੁਝ ਲੈ ਲਈ।"

"ਮੈਨੂੰ ਕੁਝ ਨਹੀਂ ਚਾਹੀਦਾ।" ਨੱਥੂ ਭਾਵਨਾਵਾਂ ਵਿਚ ਵਹਿ ਤੁਰਿਆ, ''ਜਦ ਤੂੰ ਮੇਰੇ ਕੋਲ ਹੁੰਦੀ ਏਂ ਤਾਂ ਮੈਨੂੰ ਇਉਂ ਲੱਗਦਾ ਏ ਜਿਵੇਂ ਮੇਰੇ ਕੋਲ ਸਭ ਕੁਝ ਏ।"

ਨੱਥੂ ਦੀ ਪਤਨੀ ਝਟ ਪਟ ਕੋਠੜੀ ਦੇ ਕੋਨੇ ਵਿਚ ਚੁੱਲ੍ਹੇ ਕੋਲ ਜਾ ਬੈਠੀ ਅਤੇ ਚਾਹ ਬਣਾਉਣ ਲੱਗੀ।

"ਜਿਸ ਦਾ ਦਿਲ ਸਾਫ਼ ਹੁੰਦਾ ਹੈ, ਉਸ ਨੂੰ ਭਗਵਾਨ ਕੁਝ ਨਹੀਂ ਕਹਿੰਦੇ।" ਨੱਥੂ ਦੀ ਪਤਨੀ ਬੋਲੀ, ''ਸਾਡਾ ਦਿਲ ਸਾਫ਼ ਹੈ। ਅਸੀਂ ਕਿਸੇ ਕੋਲੋਂ ਕਿਉਂ ਡਰੀਏ ?" ਫਿਰ ਉਥੇ ਬੈਠੀ ਬੈਠੀ ਬੋਲੀ, ''ਮੈਨੂੰ ਤਾਂ ਇਹ ਦਸ ਦਿੱਤਾ, ਹੁਣ ਡੇਰੇ ਵਿਚ ਕਿਸੇ ਨੂੰ ਨਾ ਕਹੀਂ।"

"ਨਹੀਂ ਮੈਂ ਕਿਉਂ ਕਿਸੇ ਨੂੰ ਦਸਾਂਗਾ ! ਤੂੰ ਵੀ ਕਿਸੇ ਨੂੰ ਨਾ ਦੱਸੀ।"

ਨੱਥੂ ਦੀ ਪਤਨੀ ਗਲਾਸਾਂ ਵਿਚ ਚਾਹ ਪਾ ਰਹੀ ਸੀ, ਜਦ ਮੈਦਾਨੋਂ ਪਾਰ ਭੱਜਦੇ ਹੋਏ ਕਦਮਾਂ ਦੀ ਆਵਾਜ਼ ਆਈ। ਨੱਥੂ ਦੀ ਪਤਨੀ ਦਾ ਹੱਥ ਠਿਠਕ ਗਿਆ। ਉਸ ਨੇ ਅੱਖਾਂ ਚੁੱਕ ਕੇ ਨੱਥੂ ਵੱਲ ਵੇਖਿਆ, ਪਰ ਬੋਲੀ ਕੁਝ ਨਾਂ, ਸਗੋਂ ਮੁਸਕਰਾ ਪਈ।

ਥੋੜ੍ਹੀ ਦੇਰ ਪਿਛੋਂ ਵਾੜੇ ਵਿਚੋਂ ਕਿਸੇ ਚਮਾਰ ਦੀ ਆਵਾਜ਼ ਆਈ। ਇਕ ਚਮਾਰ ਦੂਜੇ ਨੂੰ ਪੁੱਛ ਰਿਹਾ ਸੀ :

"ਕੀ ਹੋਇਆ ਹੈ ਚਾਚਾ ?"

''ਦੰਗਾ ਹੋ ਗਿਆ ਏ, ਰਾਹ ਵਿਚ।"

"ਕਿੱਥੇ"

"ਰਾਹ ਵਿਚ। ਹਿੰਦੂ-ਮੁਸਲਮਾਨ ਦਾ ਫਸਾਦ ਹੋ ਗਿਆ ਏ। ਕਹਿੰਦੇ ਨੇ ਦੋ ਆਦਮੀ ਮਾਰੇ ਗਏ ਹਨ।"

''ਇਹ ਆਦਮੀ ਕੌਣ ਸੀ ਜੋ ਭੱਜਿਆ ਜਾ ਰਿਹਾ ਸੀ ?"

''ਪਤਾ ਨਹੀਂ ਕੌਣ ਸੀ......ਕੋਈ ਬਾਹਰ ਦਾ ਆਦਮੀ ਹੋਵੇਗਾ।"

ਕੋਠੜੀ ਦੇ ਅੰਦਰ ਅਤੇ ਬਾਹਰ ਫਿਰ ਚੁੱਪ ਛਾ ਗਈ। ਚਮਾਰ ਆਪਣੀ ਕੋਠੜੀ ਅੰਦਰ ਚਲਾ ਗਿਆ ਸੀ ਜਾਂ ਪਿਛਵਾੜੇ ਚਲਾ ਗਿਆ ਸੀ।

ਨੱਥੂ ਦੇ ਹੱਥ ਵਿਚ ਚਾਹ ਦਾ ਗਿਲਾਸ ਦਿੰਦੇ ਹੋਏ ਉਸ ਦੀ ਪਤਨੀ ਨੇ ਕਿਹਾ, "ਤੁਸੀਂ ਵੀ ਜਾਓ, ਡੇਰੇ ਵਾਲਿਆਂ ਨੂੰ ਮਿਲ ਲਓ। ਚਲੋ ਮੈਂ ਵੀ ਚਲਦੀ ਹਾਂ। ਇਥੇ ਬੈਠੇ ਬੈਠੇ ਕੀ ਕਰਾਂਗੇ।"

ਨੱਥੂ ਦੀ ਪਤਨੀ ਉਠੀ ਤੇ ਅਚਾਨਕ ਝਾੜੂ ਲੈ ਕੇ ਕੋਠੜੀ ਬੁਹਾਰਨ ਲੱਗੀ। ਇਕ ਇਕ ਕੋਨਾ, ਇਕ ਇਕ ਚੀਜ਼ ਚੁੱਕ ਕੇ ਹੇਠਾਂ ਝਾੜੂ ਦੇਣ ਲੱਗੀ। ਉਸ ਨੂੰ ਆਪ ਪਤਾ ਨਹੀਂ ਸੀ ਕਿ ਉਹ ਅਜਿਹਾ ਕਿਉਂ ਕਰ ਰਹੀ ਹੈ। ਜਿਵੇਂ ਝਾੜੂ ਨਾਲ ਕਿਸੇ ਛਾਇਆ ਨੂੰ ਕੋਠੜੀ ਤੋਂ ਬਾਹਰ ਕਰ ਦੇਣਾ ਚਾਹੁੰਦੀ ਹੋਵੇ। ਦੇਰ ਤਕ ਉਹ ਕੋਠੜੀ ਨੂੰ ਬੁਹਾਰਦੀ ਰਹੀ, ਫਿਰ ਉਸ ਨੇ ਕੋਠੜੀ ਦੇ ਫਰਸ਼ ਨੂੰ ਧੋਤਾ। ਖੂਬ ਪਾਣੀ ਪਾ ਪਾ ਕੇ ਫਰਸ਼ ਨੂੰ ਧੋਂਦੀ ਰਹੀ। ਅਤੇ ਅੰਤ ਵਿਚ ਜਦ ਥੱਕ ਕੇ ਮੰਜੀ 'ਤੇ ਬੈਠੀ ਤਾਂ ਉਸ ਨੂੰ ਲੱਗਾ ਜਿਵੇਂ ਬੰਦ ਦਰਵਾਜ਼ੇ ਦੀਆਂ ਝੀਤਾਂ ਵਿਚੋਂ ਵੱਡੀ ਛਾਇਆ ਫਿਰ ਕੋਠੜੀ ਪਰਤ ਆਈ ਹੈ। ਕੋਠੜੀ ਹਨੇਰੀ ਹੋ ਗਈ ਹੈ, ਅਤੇ ਛਾਇਆ ਕੋਠੜੀ ਅੰਦਰ ਚਾਰ ਚੁਫੇਰੇ ਮੁਸਕਰਾਉਣ ਲੱਗੀ ਹੈ।

***

## ਭਾਗ ਦੂਜਾ

## ਚੌਦਾਂ

ਪਹਿਲੀ ਬੱਸ ਖਾਨਪੁਰ ਚਲ ਕੇ ਸਵੇਰੇ ਅੱਠ ਵਜੇ ਪਿੰਡ ਪਹੁੰਚਦੀ ਸੀ। ਉਹ ਨਹੀਂ ਅਈ। ਉਸ ਦੇ ਪਿਛੋਂ ਹਰ ਘੰਟੇ ਦੇ ਘੰਟੇ ਪਿਛੋਂ ਸ਼ਹਿਰ ਵਲੋਂ ਵੀ ਤੇ ਖਨਪੁਰ ਵਲੋਂ ਵੀ ਬੱਸਾਂ ਆਉਂਦੀਆਂ ਸਨ। ਅੱਜ ਦੁਪਹਿਰ ਹੋ ਗਈ, ਇਕ ਵੀ ਬੱਸ ਨਹੀਂ ਆਈ। ਚਾਹ ਦੀ ਦੁਕਾਨ ਵਿਚ ਕੇਤਲੀ ਵਿਚ ਚੜ੍ਹਾਇਆ ਪਾਣੀ ਸਵੇਰ ਤੋਂ ਖੋਲਦਾ ਰਿਹਾ। ਦੁਕਾਨ ਦੇ ਸਾਹਮਣੇ ਪਏ ਬੈਂਚ ਖਾਲੀ ਪਏ ਸਨ। ਪਹਿਲਾਂ ਬੈਂਚਾਂ ਤੇ ਭੀੜ ਲੱਗੀ ਰਹਿੰਦੀ ਸੀ, ਪਿੰਡ ਦਾ ਕੋਈ ਆਦਮੀ ਨਹੀਂ ਸੀ ਜੋ ਆਉਂਦਾ ਜਾਂਦਾ ਹਰਨਾਮ ਸਿੰਘ ਦੀ ਦੁਕਾਨ ਤੇ ਨਾ ਬੈਠਦਾ ਹੋਵੇ। ਬੱਸ ਸਟਾਪ ਤੇ ਦੋ ਤਿੰਨ ਅਵਾਰਾ ਕੁੱਤੇ ਘੁੰਮ ਰਹੇ ਸਨ। ਚਾਰ ਚੁਫੇਰੇ ਜਿਵੇਂ ਸਕਤਾ ਛਾ ਗਿਆ ਸੀ।

ਇਸਤ੍ਰੀ ਦੀ ਸੂਝ ਬੜੀ ਤੀਖਣ ਹੁੰਦੀ ਹੈ। ਬੰਤ ਨੇ ਕਲ੍ਹ ਸ਼ਾਮ ਤੋਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਇਸ ਪਿੰਡ ਵਿਚੋਂ ਨਿਕਲ ਚਲੋ, ਖਾਨਪੁਰ ਚਲੋ ਜਿਥੇ ਹੋਰ ਸਾਡੇ ਸਾਕ-ਸੰਬੰਧੀ ਰਹਿੰਦੇ ਹਨ। ਇਸ ਪਿੰਡ ਵਿਚ ਇਕੱਲੇ ਦੋ ਜੀਅ ਸਿਖ ਪਰਿਵਾਰ ਦੇ ਸਨ, ਬਾਕੀ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਪਰ ਹਰਨਾਮ ਸਿੰਘ ਨਹੀਂ ਮੰਨਿਆ। ਚਲਦੀ ਦੁਕਾਨ ਛੱਡ ਕੇ ਕਿਵੇਂ ਭੱਜ ਜਾਵੇ? ਝਗੜੇ ਫਸਾਦ ਤਾਂ ਹੁੰਦੇ ਹੀ ਰਹਿੰਦੇ ਹਨ ਪਰ ਕੰਮ ਧੰਦਾ ਤਾਂ ਬੰਦ ਨਹੀਂ ਕੀਤਾ ਜਾ ਸਕਦਾ। ਫਿਰ ਜਾਣ ਤਾਂ ਕਿੱਥੇ ਜਾਣ? ਸ਼ਹਿਰ ਵਿਚ ਜਾਣ ਜਿਥੇ ਪਹਿਲਾਂ ਹੀ ਅੱਗਾਂ ਲੱਗ ਰਹੀਆਂ ਨੇ ? ਖਾਨਪੁਰ ਜਾਣ ਤਾਂ ਉਥੇ ਸਾਡਾ ਕੌਣ ਖਵਾਉਣ ਵਾਲਾ ਬੈਠਾ ਹੈ ? ਪਿਛੋਂ ਕਿਸੇ ਨੇ

ਦੁਕਾਨ ਲੁੱਟ ਲਈ ਤਾਂ ਫਿਰ ਖਾਣਗੇ ਕਿਥੋਂ ? ਪੁੱਤਰ ਕੋਲ ਜਾਣ ? ਪੁਤ ਵੀਹ ਮੀਲ ਦੂਰ ਮੀਰਪੁਰ ਪਿੰਡ ਵਿਚ ਬੈਠਾ ਹੈ। ਜਿਵੇਂ ਅਸੀਂ ਇਸ ਪਿੰਡ ਵਿਚ ਇਕੱਲੇ ਹਾਂ ਉਸੇ ਤਰ੍ਹਾਂ ਉਹ ਵੀ ਉਸ ਪਿੰਡ ਵਿਚ ਇਕੱਲਾ ਹੈ। ਜਿਥੇ ਬੈਠੇ ਹੋ, ਉਥੇ ਹੀ ਗੁਰੂ ਮਹਾਰਾਜ ਦੇ ਆਸਰੇ ਬੈਠੇ ਰਹੋ। ਉਸ ਕੋਲ ਪਹੁੰਚ ਵੀ ਗਏ ਤਾਂ ਉਹ ਸਾਡੀ ਬੁੱਢਿਆਂ ਦੀ ਜਾਨ ਬਚਾਵੇਗਾ ਕਿ ਆਪਣੀ ਜਾਨ ਬਚਾਵੇਗਾ? ਆਪਣੀ ਜੇਬ ਵਿਚੋਂ ਖਾਵਾਂਗੇ ਤਾਂ ਕਿੰਨੇ ਦਿਨ, ਕੋਈ ਹੋਰ ਖਵਾਵੇਗਾ ਤਾਂ ਕਿੰਨੇ ਦਿਨ ? ਅਤੇ ਚੌਂਕੀ ਤੇ ਬੈਠਾ ਹਰਨਾਮ ਸਿੰਘ ਝੋਲੀ ਵਿਚ ਰੁੱਖੇ ਹੱਥ ਜੋੜ ਦਿੰਦਾ ਤੇ ਕਹਿੰਦਾ :

''ਜਿਸ ਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੇ !"

ਬੰਤ ਸੁਣਦੀ ਅਤੇ ਚੁੱਪ ਹੋ ਜਾਂਦੀ। ਫਿਰ ਅੰਦਰੋਂ ਅੰਦਰ ਜਦ ਉਸ ਦਾ ਦਿਲ ਡੁੱਬਣ ਲੱਗਦਾ ਤਾਂ ਕਹਿੰਦੀ : ''ਚਲੋ ਮੇਰੀ ਭੈਣ ਦੇ ਪਿੰਡ ਚਲੇ ਚਲੋ, ਉਹ ਤਾਂ ਨੇੜੇ ਹੀ ਹੈ, ਉਥੇ ਗੁਰਦਵਾਰੇ ਵਿਚ ਪਏ ਰਹਾਂਗੇ। ਉਥੇ ਬਹੁਤ ਸਿੱਖ ਸੰਗਤ ਹੈ, ਆਪਣੇ ਲੋਕਾਂ ਦਾ ਬੜਾ ਆਸਰਾ ਹੁੰਦਾ ਹੈ। ਪਰ ਹਰਨਾਮ ਸਿੰਘ ਉਹ ਵੀ ਨਾ ਮੰਨਿਆ। ਉਸਨੂੰ ਅੰਦਰੋਂ ਅੰਦਰ ਵਿਸ਼ਵਾਸ਼ ਸੀ ਕਿ ਹੋਰ ਲੋਕਾਂ ਨਾਲ ਭਾਵੇਂ ਮਾੜਾ ਚੰਗਾ ਹੋ ਜਾਵੇ, ਪਰ ਉਸ ਨਾਲ ਨਹੀਂ ਹੋ ਸਕਦਾ।

''ਸੁਣ ਭਾਗਾਂ ਭਰੀਏ ਅਸਾਂ ਕਦੇ ਕਿਸੇ ਦਾ ਬੁਰਾ ਨਹੀਂ ਚੇਤਿਆ, ਬੁਰਾ ਨਹੀਂ ਕੀਤਾ। ਇਥੋਂ ਦੇ ਲੋਕ ਭੀ ਸਾਡੇ ਨਾਲ ਭਰਾਵਾਂ ਵਾਂਗ ਰਹੇ ਹਨ। ਤੇਰੀਆਂ ਅੱਖਾਂ ਸਾਹਮਣੇ ਕਰੀਮ ਖਾਨ ਦਸ ਵਾਰਾਂ ਕਹਿ ਗਿਆ ਹੈ : ਚੁੱਪ ਚਾਪ ਬੈਠੇ ਰਹੋ। ਤੁਹਾਡੇ ਵੱਲ ਕੋਈ ਅੱਖ ਚੁੱਕ ਕੇ ਵੀ ਨਹੀਂ ਵੇਖੇਗਾ। ਕਰੀਮ ਖਾਨ ਤੋਂ ਵੱਡਾ ਮੁਹਤਬਰ ਇੱਥੇ ਕੌਣ ਹੈ? ਇਕੋ ਇਕ ਇਥੇ ਸਿੱਖ ਘਰ ਹੈ ? ਕੀ ਗਿਰਾ ਵਾਲਿਆਂ ਨੂੰ ਸਾਡੇ ਤੇ ਹੱਥ ਚੁੱਕਦਿਆਂ ਗੈਰਤ ਨਹੀਂ ਆਏਗੀ ?"

ਬੰਤੋ ਫਿਰ ਚੁੱ ਹੋ ਗਈ। ਤਰਕ ਦਾ ਜਵਾਬ ਤਾਂ ਤਰਕ ਨਾਲ ਦਿੱਤਾ ਜਾ ਸਕਦਾ ਹੈ, ਪਰ ਵਿਸ਼ਵਾਸ ਦਾ ਜਵਾਬ ਤਰਕ ਕੋਲ ਨਹੀਂ ਹੈ। ਜਿਥੇ ਬੰਤੋ ਦਾ ਦਿਲ

ਕਿਸੇ ਕਿਸੇ ਵੇਲੇ ਡੁਕਣ ਲੱਗਦਾ ਸੀ, ਉਥੇ ਹਰਨਾਮ ਸਿੰਘ ਇਕ ਵਾਰ ਵੀ ਨਹੀਂ ਡੋਲਿਆ। ਉਸਦਾ ਚਿਹਰਾ ਬਰਾਬਰ ਖਿੜਿਆ ਰਹਿੰਦਾ। ਹਰ ਵੇਲੇ ਉਹ ਗੁਰੂ ਮਹਾਰਾਜ ਦਾ ਨਾਮ ਲੈਂਦਾ ਰਹਿੰਦਾ ਅਤੇ ਉਸਨੂੰ ਵੇਖਕੇ ਬੰਤੋ ਨੂੰ ਵੀ ਸਹਾਰਾ ਮਿਲਦਾ ਸੀ।

ਪਰ ਅੱਜ ਕੋਈ ਬੱਸ ਨਹੀਂ ਆਈ ਸੀ। ਇਕ ਵੀ ਗਾਹਕ ਦੁਕਾਨ ਤੇ ਨਹੀਂ ਚੜਿਆ ਸੀ, ਅਤੇ ਸੜਕ ਸੁੰਨੀ ਪਈ ਸੀ। ਸਗੋਂ ਦੋ ਤਿੰਨ ਵਾਰ ਇੱਕ-ਦੁਕੇ ਆਦਮੀ ਜਿਨ੍ਹਾਂ ਨੂੰ ਉਸਨੇ ਪਹਿਲਾਂ ਕਦੇ ਨਹੀਂ ਵੇਖਿਆ ਸੀ, ਪਿੰਡ ਵੱਲ ਜਾਂਦੇ ਹੋਏ ਉਸਦੇ ਘਰ ਵੱਲ ਘੂਰ ਘੂਰ ਕੇ ਵੇਖਦੇ ਰਹੇ ਸਨ।

ਅਤੇ ਜਦ ਦੁਪਹਿਰ ਢਲਣ ਨੂੰ ਆਈ ਤਾਂ ਢੱਕੀ ਤੋਂ ਉਸਨੂੰ ਕਿਸੇ ਦੇ ਕਦਮਾਂ ਦੀ ਜਾਣੀ- ਪਛਾਣੀ ਜਿਹੀ ਆਰਟ ਆਈ, ਕਰੀਮ ਖਾਨ ਲਾਠੀ ਖੜਕਾਉਂਦਾ ਤੁਰਿਆ ਆਉਂਦਾ ਸੀ। ਹਰਨਾਮ ਸਿੰਘ ਨੂੰ ਹੌਂਸਲਾ ਹੋਇਆ। ਕਰੀਮ ਖਾਨ ਕੁਝ ਦਸੇਗਾ, ਕੋਈ ਸੁਝਾਓ ਦੇਵੇਗਾ, ਕੋਈ ਤਰਕੀਬ ਕਰੇਗਾ। ਇਥੇ ਖਤਰਾ ਹੋਇਆ ਤਾਂ ਅਸੀਂ ਕਰੀਮ ਖਾਨ ਦੇ ਡੇਰੇ ਤੇ ਚਲੇ ਜਾਵਾਂਗੇ। ਕਰੀਮ ਖਾਨ  ਦੁਕਾਨ ਦੇ ਸਾਹਮਣੇ ਆਇਆ ਪਰ ਰੁਕਿਆ ਨਹੀਂ, ਨਾ ਹਰਨਾਮ ਸਿੰਘ ਵੱਲ ਮੂੰਹ ਕੀਤਾ, ਕੇਵਲ ਚਾਲ ਹੌਲੀ ਕਰ ਦਿੱਤੀ ਅਤੇ ਗਲਾ ਸਾਫ ਕਰਨ ਦੇ ਬਹਾਨੇ ਹੌਲੀ ਜਿਹੀ ਬੋਲਿਆ :

“ਹਾਲਤ ਚੰਗੀ ਨਹੀਂ ਹਰਨਾਮ ਸਿੰਘ, ਤੇ ਚਲਾ ਜਾਹ।" ਦੋ ਇਕ ਕਦਮ ਜਾ ਕੇ ਫਿਰ ਬੋਲਿਆ, ''ਪਿੰਡ ਵਾਲੇ ਤਾਂ ਡੇਰੇ ਵੱਲ ਅੱਖ ਵੀ ਨਹੀਂ ਚੁੱਕਣਗੇ, ਪਰ ਬਾਹਰੋਂ ਲੋਕਾਂ ਦੇ ਆਣ ਦਾ ਡਰ ਹੈ। ਉਨ੍ਹਾਂ ਨੂੰ ਰੋਕਣਾ ਸਾਡੇ ਵੱਸ ਦਾ ਨਹੀਂ।”

ਅਤੇ ਉਹ ਖੰਘਦਾ ਹੋਇਆ, ਲਾਠੀ ਖੜਕਾਉਂਦਾ ਅੱਗੇ ਚਲਾ ਗਿਆ।

ਤਦ ਪਹਿਲੀ ਵਾਰ ਹਰਨਾਮ ਸਿੰਘ ਦੇ ਵਿਸ਼ਵਾਸ ਦੀ ਟੇਕ ਬੁਰੀ ਤਰ੍ਹਾਂ ਹਿਲ ਗਈ। ਕਰੀਮ ਖਾਨ ਰੁਕਿਆ ਨਹੀਂ ਤਾਂ ਇਸਦਾ ਮਤਲਬ ਹੈ ਸਚਮੁੱਚ ਖਤਰਾ ਹੈ ਅਤੇ ਜੇ ਕਰੀਮ ਖਾਨ ਆਇਆ ਹੈ ਤਾਂ ਮੁਸੀਬਤ ਮੁੱਲ ਲੈ ਕੇ ਆਇਆ ਹੋਵੇਗਾ। ਫਿਰ

ਵੀ ਹਰਨਾਮ ਸਿੰਘ ਇੰਨਾ ਘਬਰਾਇਆ। ਨਹੀਂ, ਜਿੰਨਾ ਉਦਾਸ ਹੋ ਗਿਆ। ਵੈਰਾਗ ਦਾ ਭਾਵ ਉਸਦੇ ਦਿਲ ਵਿਚ ਜ਼ਿਆਦਾ ਉਠਿਆ, ਗਮ ਗੁੱਸੇ ਅਤੇ ਡਰ ਆਦਿ ਦਾ ਘੱਟ।

ਪੰਜ ਕੁ ਮਿੰਟ ਪਿਛੋਂ ਕਰੀਮ ਖਾਨ ਵਿਚ ਪਰਤ ਆਇਆ। ਫਿਰ ਉਂਜ ਹੀ ਢੱਕੀ ਉਤੇ ਚੜ੍ਹਦੇ ਹਫਦੇ, ਹੋਏ ਉਸਨੇ ਕਦਮ ਹੌਲੀ ਕਰ ਦਿੱਤੇ ਅਤੇ ਬੋਲਿਆ :

"ਦੇਰ ਨਾ ਕਰ, ਹਰਨਾਮ ਸਿੰਘ, ਹਾਲਤ ਚੰਗੀ ਨਹੀਂ, ਬਾਹਰ ਬਲਵਾਈਆਂ ਦੇ ਆਣ ਦਾ ਡਰ ਹੈ।"

ਅਤੇ ਉਸੇ ਤਰ੍ਹਾਂ ਕਮਰ ਤੇ ਹੱਥ ਰਖੀ ਹਟਦਾ ਹੁੰਦਿਆ ਉਹ ਢੱਕੀ ਚੜ੍ਹਨ ਲੱਗਾ

ਹਰਨਾਮ ਸਿੰਘ ਕਿੱਥੇ ਜਾਵੇ ? ਮੀਲਾਂ ਦੂਰ ਰਾਹ ਵਿਚ ਮੈਦਾਨ ਅਤੇ ਘਾਟੀਆਂ ਫੈਲੀਆਂ ਸਨ। ਕਰੀਮ ਖਾਨ ਨੇ ਤਾਂ ਕਹਿ ਦਿੱਤਾ ਕਿ ਚਲੇ ਜਾਓ ਪਰ ਕਿੱਥੇ ਜਾਰੀਏ ? ਉਨ੍ਹਾਂ ਨੂੰ ਕਿੱਥੇ ਆਸਰਾ ਮਿਲ ਸਕਦਾ ਸੀ ? ਸਠਾਂ ਸਾਲਾਂ ਦੀ ਉਮਰ ਅਤੇ ਨਾਲ ਔਰਤ ਜ਼ਾਤ, ਉਹ ਕਿੰਨੀ ਦੂਰ ਭੱਜ ਕੇ ਜਾ ਸਕਦਾ ਹੈ ? ਫਿਰ ਭੱਜ ਕੇ ਜਾਵੇਗਾ ਵੀ ਤਾਂ ਕਿੱਥੇ ਜਾਵੇਗਾ ?

ਮਨ ਦੇ ਅੰਦਰ ਫਿਰ ਇਕ ਵਾਰ ਆਵਾਜ ਆਈ : ਕਿਤੇ ਨਾ ਜਾਓ, ਇਥੇ ਹੀ ਟਿਕੇ ਰਹੋ, ਬਲਵਾਈ ਆਉਣ ਤਾਂ ਦੁਕਾਨ ਵੀ ਹਾਜ਼ਰ ਕਰ ਦੇਵੀਂ, ਅਤੇ ਜਾਣ ਵੀ ਹਾਜ਼ਰ ਕਰ ਦੇਵੀਂ। ਇਥੇ ਮਰ ਜਾਣਾ ਚੰਗਾ ਹੈ, ਪਰਦੇਸਾਂ ਦੀ ਖਾਕ ਛਾਨਣ ਨਾਲੋਂ। ਕੌਣ ਆਏਗਾ ਹਮਲਾ ਕਰਨ ਤੇ ਵਾਰ ਵਾਰ ਉਹ ਸੋਚਦਾ ਪਰ ਯਕੀਨ ਨਹੀਂ ਹੁੰਦਾ ਸੀ ਕਿ ਪਿੰਡ ਦਾ ਕੋਈ ਆਦਮੀ ਉਸ ਤੇ ਹਮਲਾ ਕਰਨ ਆਵੇਗਾ। ਜਾਂ ਪਿੰਡ ਵਾਲੇ ਬਾਹਰ ਵਾਲਿਆਂ ਨੂੰ ਹਮਲਾ ਕਰਨ ਦੇਣਗੇ।

ਹਰਨਾਮ ਸਿੰਘ ਉਠ ਕੇ ਪਿਛੇ ਕੋਠੜੀ ਵਿਚ ਗਿਆ, ਜਿਥੇ ਬੰਤੋ ਬੈਠੀ ਸੀ।

"ਕਰੀਮ ਖਾਨ ਆ ਕੇ ਕਹਿ ਗਿਆ ਹੈ ਕਿ ਇਥੋਂ ਨਿਕਲ ਜਾਓ। ਬਾਹਰੋਂ ਬਲਵਾਈ ਆ ਰਹੇ ਹਨ।"

ਖਿਨ ਭਰ ਵਿਚ ਬੰਤੋ ਦੇ ਸਾਰੇ ਸਰੀਰ ਵਿਚ ਖ਼ੂਨ ਦੀ ਥਾਂ ਪਾਣੀ ਭਰ ਗਿਆ। ਬੈਠੀ ਦੀ ਬੈਠੀ ਰਹਿ ਗਈ। ਰਾਤ ਸਿਰ ਤੇ ਆਉਣ ਵਾਲੀ ਸੀ। ਅਤੇ ਕਿਤੇ ਥਾਂ ਟਿਕਾਣਾ ਨਹੀਂ ਸੀ। ਉਧਰ ਹਨੇਰੀ ਕੋਠੜੀ ਵਿਚ ਖਲੋਤਾ ਉਸਦਾ ਪਤੀ ਸੋਚਾਂ ਵਿਚ ਗਵਾਚਾ ਹੋਇਆ ਸੀ।

ਪਰ ਹੁਣ ਨਾ ਸੋਚਣ ਦਾ ਵੇਲਾ ਸੀ, ਨਾ ਜ਼ਿਆਦਾ ਦੇਰ ਠਹਿਰਣ ਦਾ ਵੇਲਾ ਸੀ, ਜਿਤਨੀ ਛੇਤੀ ਹੋ ਸਕੇ, ਹਨੇਰਾ ਪੈਂਦੇ ਹੀ ਇਥੋਂ ਨਿਕਲ ਚਲੋ।

ਮੈਂ ਤਾਂ ਹੁਣ ਵੀ ਕਹਿੰਦਾ ਹਾਂ ਇਥੇ ਬੈਠੇ ਰਹੋ। ਕਿਤੇ ਨਾ ਜਾਓ।" ਫਿਰ ਉਸਨੇ ਇਕ ਬੰਨੇ ਕੰਧ ਨਾਲ ਟੰਗ ਆਪਣੀ ਦੋਨਾਲੀ ਬੰਦੂਕ ਵੱਲ ਇਸ਼ਾਰਾ ਕਰਦੇ ਹੋਏ ਕਿਹਾ: ''ਮਰਨ ਮਾਰਨ ਤੇ ਨੰਬਰ ਆ ਗਈ ਤਾਂ ਮੈਂ ਪਹਿਲਾਂ ਤੈਨੂੰ ਮਾਰ ਦਿਆਂਗਾ, ਫਿਰ ਆਪਣੇ ਆਪ ਨੂੰ ਮਾਰ ਸੁਵਾਂਗਾ।"

ਬੰਤੋ ਚੁੱਪ ਸੁਣਦੀ ਰਹੀ। ਕੀ ਕਹੇ, ਕੀ ਸਲਾਹ ਦੇਵੇ ? ਸਾਹਮਣੇ ਚਾਰਾ ਹੀ ਕੀ ਸੀ?

ਹਰਨਾਮ ਸਿੰਘ ਦੁਕਾਨ ਦੇ ਚਬੂਤਰੇ ਤੇ ਪਰਤ ਗਿਆ, ਟਾਟ ਹੇਠੋਂ ਕਮਾਈ ਦੇ ਪੈਸੇ ਕੱਢੇ, ਫਿਰ ਅੰਦਰ ਆਇਆ ਬਕਸੇ ਵਿਚ ਪੂੰਜੀ ਦੇ ਪੈਸੇ ਕੱਢੇ, ਫਿਰ ਨੋਟਾਂ ਨੂੰ ਅਲੱਗ ਛਾਂਟ ਲਿਆ ਅਤੇ ਭਾਨ ਉਥੇ ਹੀ ਛੱਡ ਦਿੱਤਾ ਨੋਟਾਂ ਦੀ ਥਹੀ ਅੰਦਰ ਦੀ ਵਾਸਕਟ ਦੀ ਜੇਬ ਵਿਚ ਰੱਖ ਲਈ। ਫਿਰ ਕੋਠੜੀ ਅੰਦਰ ਕੰਧ ਨਾਲ ਟੰਗੀ ਬੰਦੂਕ ਲਾਹ ਲਈ ਅਤੇ ਉਸਨੂੰ ਮੋਢੇ ਤੇ ਲਟਕਾ ਲਿਆ। ਉਸਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਕੀ ਲੈ ਜਾਵੇ ਤੇ ਕੀ ਨਾ ਲੈ ਜਾਵੇ। ਦੁਕਾਨ ਦੀ ਰਜਿਸਟਰੀ ਦੇ ਕਾਗਜ਼ ਲੈ ਲਵਾਂ, ਪਰ ਉਨ੍ਹਾਂ ਨੂੰ ਲੱਭਣ ਦਾ ਵਕਤ ਨਹੀਂ ਸੀ। ਬੰਤੋ ਦੀ ਵੀ ਇਹੋ ਹਾਲਤ ਸੀ। ਆਪਣਾ ਗਹਿਣਾ ਗਵਾ ਲੈ ਜਾਵਾਂ। ਖਾਣ ਲਈ ਕੁਝ ਥੋੜਾ ਬਹੁਤ ਬਣਾ ਲਵਾਂ। ਦੋ ਰੋਟੀਆਂ ਸੇਕ ਲਵਾਂ ? ਰਾਹ ਵਿਚ ਕਿਥੇ ਕੁਝ ਖਾਣ ਨੂੰ ਮਿਲੇਗਾ? ਆਪਣੇ ਕੱਪੜੇ

ਬਦਲ ਲਵਾਂ ? ਬਾਹਰ ਨਿਕਲੇ ਤਾਂ ਕੱਪੜੇ ਸਾਫ ਪਾ ਕੇ ਜਾਣਾ ਚਾਹੀਦਾ ਹੈ। ਪਰ ਬੰਤੋ ਦੀ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ ਕਿ ਕੀ ਚੁਕੇ ਤੇ ਕੀ ਛੱਡੇ।

"ਗਹਿਣਿਆਂ ਦੀ ਪੋਟਲੀ ਦਾ ਕੀ ਕਰਾਂ ?" ਉਸਨੇ ਪੁਛਿਆ, "ਗਹਿਣਿਆਂ ਨੂੰ ਪਾ ਲਵਾ ?"

"ਪਾ ਲੈ" ਹਰਨਾਮ ਸਿੰਘ ਨੇ ਕਿਹਾ, ਫਿਰ ਥੋੜਾ ਜਿਹਾ ਸੋਚ ਕੇ ਬੋਲਿਆ, '‘ਤੇਰੇ ਗਹਿਣੇ ਵੇਖ ਕੇ ਹੀ ਤੈਨੂੰ ਕੋਈ ਮਾਰ ਸੁਟੇਗਾ। ਉਨ੍ਹਾਂ ਨੂੰ ਦੁਕਾਨ ਪਿਛੇ ਗਡ ਦੇਉ।"

ਬੰਤੋ ਨੇ ਕਮੀਜ਼ ਹੇਠਾਂ ਗਹਿਣਾ ਪਹਿਨ ਲਿਆ। ਕੁਝ ਰੁਮਾਲ ਵਿਚ ਲਪੇਟ ਕੇ ਟਰੰਕ ਵਿਚ ਰੱਖ ਦਿੱਤਾ, ਬਾਕੀ ਗਹਿਣਾ ਪਿਛਵਾੜੇ ਜ਼ਮੀਨ ਵਿਚ ਗਡ ਆਈ ਜਿਥੇ ਉਨ੍ਹਾਂ ਸਬਜ਼ੀ ਦੀਆਂ ਕਿਆਰੀਆਂ ਲਾਈਆਂ ਹੋਈਆਂ ਸਨ। ਕੋਠੜੀ ਵਿਚ ਸੰਦੂਕ ਰੱਖੇ ਹੋਏ ਸਨ, ਖੇਸ, ਦਰੀਆਂ, ਪੂਰੇ ਦੇ ਪੂਰੇ ਬਿਸਤਰੇ ਸਨ ਜੋ ਲੜਕੀ ਦੇ ਵਿਆਹ ਵੇਲੇ ਬਣਵਾਏ ਸਨ, ਕਿਨਾ ਕੁਝ ਸੀ ਅਤੇ ਕੁਝ ਵੀ  ਨਹੀਂ ਸੀ ਚੱਕਿਆ ਜਾ ਸਕਦਾ।

ਦੋ ਰੋਟੀਆਂ ਸੇਕ ਲਵਾਂ ? ਪਤਾ ਨਹੀਂ ਕਿੱਥੇ ਕਿੱਥੇ ਭਟਕਣਾ ਪਵੇਗਾ ?”

"ਰੋਟੀਆਂ ਪਕਾਉਣ ਦਾ ਕਿੱਥੇ ਸਮਾਂ ਰਹਿ ਗਿਆ ਏ, ਭਲੀਏ ਲੋਕੇ। ਪਹਿਲਾਂ ਜਾਣ ਦਾ ਸੋਚਿਆ ਹੁੰਦਾ ਤਾਂ ਇਹ ਵੀ ਕਰ ਲੈਂਦੇ।"

ਤਦੇ ਕਿਤੋਂ ਢੋਲ ਵਜਣ ਦੀ ਆਵਾਜ਼ ਆਈ। ਦੋਵੇਂ ਇਕ ਦੂਸਰੇ ਵੱਲ ਵੇਖਦੇ ਰਹਿ ਗਏ।

'ਬਲਵਾਈ ਆ ਗਏ ਹਨ, ਖਾਨਪੁਰ ਵਲੋਂ ਆਏ ਲੱਗਦੇ ਹਨ।” ਉਧਰ ਢੋਲ ਵਜਣ ਦੀ ਆਵਾਜ਼ ਆਈ, ਇਧਰ ਪਿੰਡ ਵਿਚ ਢੱਕੀ ਤੋਂ ਪਾਰ ਨਾਹਰੇ ਲੱਗਣੇ ਸ਼ੁਰੂ ਹੋ ਗਏ।

“ਯਾ ਅਲੀ!”

"ਅੱਲਾਹ-ਓ-ਅਕਬਰ।”

ਇਹ ਅਸ਼ਰਫ ਤੇ ਲਤੀਫ ਹੋਣਗੇ। ਇਹੋ ਪਿੰਡ ਦੇ ਲੀਗੀ ਹਨ। ਉਹ ਪਾਕਿਸਤਾਨ ਦੇ ਨਾਹਰੇ ਲਾਉਂਦੇ ਰਹਿੰਦੇ ਹਨ। ਹਰਨਾਮ ਸਿੰਘ ਨੇ ਦਿਲ ਵਿਚ ਕਿਹਾ।

ਵਾਤਾਵਰਣ ਜਿਵੇਂ ਕੰਬ ਉਠਿਆ।

ਸ਼ਾਮ ਪੈ ਚੁੱਕੀ ਸੀ ਪਰ ਝੁਟ ਪੁਟਾ ਅਜੇ ਹਨੇਰੇ ਵਿਚ ਨਹੀਂ ਬਦਲਿਆ ਸੀ। ਬਲਵਾਈਆਂ ਦੀ ਆਵਾਜ਼ ਖੱਬੇ ਹੱਥ ਕੱਸੀ ਪਾਰੋਂ ਆਈ ਦਿਖਾਈ ਦਿੰਦੀ ਸੀ।

ਤਦੇ ਹਰਨਾਮ ਸਿੰਘ ਦੀ ਨਜ਼ਰ ਕੋਠੜੀ ਦੀ ਛੱਤ ਤੇ ਲਟਕਦੇ ਮੈਂਨਾ ਦੇ ਪਿੰਜਰੇ ਤੇ ਪਈ। ਬੰਤੋ, ਪਿੰਜਰਾ ਕੋਠੜੀ ਦੇ ਪਿਛੇ ਲੈ ਜਾ ਅਤੇ ਉਸਨੂੰ ਖੋਲ੍ਹ ਕੇ ਮੈਨਾ ਨੂੰ ਉਡਾ ਦੇ।”

ਕੁਛ ਹੀ ਦੇਰ ਪਹਿਲਾਂ ਬੰਤੋ ਨੇ ਮੈਨਾ ਦੇ ਪਿੰਜਰੇ ਵਿਚ ਰਖੀਆਂ ਕਟੋਰੀਆਂ ਵਿਚ ਪਾਣੀ ਅਤੇ ਦਾਣਾ ਪਾ ਦਿੱਤਾ ਸੀ। ਹੁਣ ਜਦ ਉਹ ਪਿੰਜਰੇ ਨੂੰ ਲਾਹ ਕੇ ਬਾਹਰ ਲੈ ਚਲੀ ਤਾਂ ਮੈਨਾ ਨੇ ਰੋਜ਼ ਦੀ ਰਟੀ ਹੋਈ ਮੁਹਾਰਨੀ ਬੋਲ ਦਿੱਤੀ :

“ਬੰਤ, ਰਬ ਰਾਖਾ, ਸਰਬਤ ਦਾ ਰਬ ਰਾਖਾ।" ਸੁਣਦਿਆਂ ਹੀ ਬੰਤੋ ਦਾ ਗਲਾ ਭਰ ਆਇਆ ਅਤੇ ਜਵਾਬ ਵਿਚੋਂ ਬੰਤੋ ਵੀ ਬੋਲ ਪਈ :

“ਹਾਂ ਮੈਨਾ, ਰਬ ਰਾਖਾ, ਸਰਬੱਤ ਦਾ ਰਬ ਰਾਖਾ।”

ਇਹ ਸ਼ਬਦ ਮੈਨਾ ਨੇ ਹਰਨਾਮ ਸਿੰਘ ਤੋਂ ਸਿੱਖ ਲਏ ਸਨ। ਅਕਸਰ ਹਰਨਾਮ ਸਿੰਘ ਦੁਕਾਨ ਦੇ ਫਟੇ ਤੇ ਬੈਠਾ ਹੁੰਦਾ ਅਤੇ ਉਸਦੀ ਪਤਨੀ ਪਿਛੇ ਕੋਠੜੀ ਵਿਚ ਬੈਠੀ ਹੁੰਦੀ ਅਤੇ ਜਦ ਦੁਕਾਨ ਤੇ ਕੋਈ ਗਾਹਕ ਨਾ ਹੁੰਦਾ ਤਾਂ ਹਰਨਾਮ ਸਿੰਘ ਅੰਦਰ ਬੈਠਾ ਬੰਤੋ ਨਾਲ ਗੁਰਬਾਣੀ ਅਤੇ ਧਰਮ ਦੀਆਂ ਗੱਲਾਂ ਕਰਦਾ ਹੁੰਦਾ ਸੀ, ਤਦ ਉਠਦਾ ਬੈਠਦਾ ਉਹ ਕਿਹਾ ਕਰਦਾ ਸੀ :

‘‘ਰਬ ਰਾਖਾ, ਸਰਬੱਤ ਦਾ ਰਬ ਰਾਖਾ।" ਅਤੇ ਮੈਨਾ ਇਨ੍ਹਾਂ ਸ਼ਬਦਾਂ ਨੂੰ ਘਰ ਵਿਚ ਦੁਹਰਾਉਣ ਲੱਗੀ ਸੀ।

ਮੈਨਾ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਬੰਤੋ ਨੂੰ ਬੜੀ ਤਾਕਤ ਮਿਲੀ। ਉਸ ਵਿਚ ਸਾਰਸ ਸਥਿਰਤਾ ਆ ਗਈ। ਇਹੋ ਲੱਗਦਾ ਸੀ ਜਿਵੇਂ ਛੋਟਾ ਜਿਹਾ ਪੰਛੀ ਉਸਨੂੰ ਸਿੱਖਿਆ ਦੇ ਰਿਹਾ ਸੀ।

ਪਿਛਵਾੜੇ ਥੋੜ੍ਹੀ ਜਿਹੀ ਜ਼ਮੀਨ ਵਿਚ ਹਰਨਾਮ ਸਿੰਘ ਨੇ ਸਬਜ਼ੀ ਬੀਜੀ ਹੋਈ ਸੀ। ਇਕ ਅੰਬ ਦਾ ਬੂਟਾ ਉਗਾਇਆ ਹੋਇਆ ਸੀ। ਵਿਹੜੇ ਵਿਚ ਪਹੁੰਚ ਕੇ ਬੰਤੋਂ ਨੇ ਪਿੰਜਰੇ ਦਾ ਦਰਵਾਜਾ ਖੋਲ੍ਹ ਦਿੱਤਾ ਅਤੇ ਹੌਲੀ ਜਿਹੀ ਬੋਲੀ :

“ਜਾ ਮੰਨਾ, ਤੇਰਾ ਰਬ ਰਾਖਾ, ਸਰਬੱਤ ਦਾ ਰਬ ਰਾਖਾ।" ਪਰ ਮੈਨਾ ਜਿਉ ਤਿਉਂ ਪਿੰਜਰੇ ਵਿਚ ਬੈਠੀ ਰਹੀ।

"ਉਡ ਜਾਹ, ਉਡ ਜਾ ਮੰਨਾ, ਉਡ ਜਾ ਮਾਂ ਸਦਕੇ।"

ਅਤੇ ਬੰਤੋ ਦਾ ਕਹਿੰਦੇ ਕਹਿੰਦੇ ਫਿਰ ਗਲਾ ਭਰ ਆਇਆ ਅਤੇ ਉਹ ਪਿੰਜਰੇ ਨੂੰ ਉਥੇ ਜ਼ਮੀਨ ਤੇ ਛੱਡ ਕੇ ਪਰਤ ਆਈ।

ਤਦੇ ਫਿਰ ਢੋਲ ਵਜਣ ਦੀ ਆਵਾਜ਼ ਆਈ। ਹੁਣ ਆਵਾਜ਼ ਜ਼ਿਆਦਾ ਨੇੜੇ ਸੀ। ਪਿੰਡ ਵਿਚੋਂ ਵੀ ਅਵਾਜ਼ਾਂ ਦੀ ਭਿੰਨ ਭਿਨਾਹਟ ਵਧਣ ਲੱਗੀ ਸੀ। ਲੱਗਦਾ ਬਹੁਤ ਸਾਰੇ ਲੋਕ ਕਿਸੇ ਇਕੱਠੇ ਹੋ ਕੇ ਵਧੇ ਆ ਰਹੇ ਹਨ। ਪਿੰਡ ਦੇ ਅੰਦਰੋਂ ਨਾਰਿਆਂ ਦੀ ਆਵਾਜ਼ ਬਰਾਬਰ ਕਿਸੇ ਕਿਸੇ ਵੱਲੋਂ ਆ ਰਹੀ ਸੀ।

ਬੰਤ ਤੇ ਹਰਨਾਮ ਸਿੰਘ ਆਪਣੇ ਤਿੰਨ ਕਪੜਿਆਂ ਵਿਚ, ਅਤੇ ਥੋੜੀ ਜਿਹੀ ਪੂੰਜੀ ਅਤੇ ਬੰਦੂਕ ਸੰਭਾਲੀ ਦੁਕਾਨ ਨੂੰ ਜੰਦਰਾ ਲਾ ਕੇ ਬਾਹਰ ਨਿਕਲ ਆਏ। ਘਰੋਂ ਬਾਹਰ ਪੈਰ ਰੱਖਦੇ ਹੀ ਸਾਰਾ ਦੇਸ਼ ਪਰਾਇਆ ਹੋ ਗਿਆ। ਕਿੱਥੇ ਜਾਣ ? ਕਿਧਰ ਨੂੰ ਮੁੜਨ ? ਖੱਬੇ ਹੱਥ ਪਿੰਡ ਫੈਲਿਆ ਹੋਇਆ ਸੀ, ਉਸੇ ਬੰਨੇ ਕੱਸੀ ਸੀ ਅਤੇ ਕੱਸੀਓਂ ਪਾਰ ਬਲਵਾਈਆਂ ਦੇ ਢੋਲ ਸੁਣਾਈ ਦੇ ਰਹੇ ਸਨ। ਸੱਜੇ ਬੰਨੇ ਪੱਕੀ ਸੜਕ ਖਾਨਪੁਰ

ਵੱਲ ਚਲੀ ਗਈ ਸੀ, ਉਸ ਬੰਨੇ ਜਾਣਾ ਵੀ ਖਤਰੇ ਤੋਂ ਖਾਲ੍ਹੀ ਨਹੀਂ ਸੀ। ਸੜਕੋਂ ਪਾਰ ਥੋੜ੍ਹੀ ਦੂਰ ਇਕ ਨਾਲਾ ਵਗਦਾ ਸੀ, ਨਾਲੇ ਦਾ ਪਾਟ ਚੌੜਾ ਸੀ, ਅਤੇ ਇਸ ਬੰਨੇ ਕਿਨਾਰਾ ਉੱਚਾ ਸੀ। ਜੇ ਕਿਤੇ ਜਾਇਆ ਜਾ ਸਕਦਾ ਸੀ ਤਾਂ ਉਸੇ ਰਾਹ ਲੁਕ ਛੁਪ ਕੇ ਜਾਇਆ ਜਾ ਸਕਦਾ ਸੀ। ਸੜਕ ਤੇ ਤੁਰਨਾ ਖਤਰੇ ਤੋਂ ਖਾਲੀ ਨਹੀਂ ਸੀ। ਨਾਲੇ ਵਿਚ ਪਾਣੀ ਨਾ ਹੋਣ ਦੇ ਬਰਾਬਰ ਸੀ। ਚੌੜਾ ਪਾਟ ਸੁੱਕਾ ਅਤੇ ਰੇਤੀਲਾ ਸੀ ਅਤੇ ਕੰਕਰਾਂ ਪਧਰਾਂ ਨਾਲ ਭਰਪੂਰ ਸੀ।

ਦੋਵਾਂ ਨੇ ਸੜਕ ਪਾਰ ਕੀਤੀ ਅਤੇ ਥੋੜੀ ਦੂਰੀ ਤੇ ਆਕੇ ਨਾਲੇ ਵੱਲ ਉਤਰਨ ਲਗੇ। ਤਦ ਤਕ ਬਲਵਾਈ ਪਿੰਡ ਕੋਲ ਪਹੁੰਚ ਚੁੱਕੇ ਸਨ ਅਤੇ ਇਸੇ ਬੰਨੇ ਵਧੇ ਆ ਰਹੇ ਸਨ। ਵਾਤਾਵਰਣ ਉਨ੍ਹਾਂ ਦੇ ਨਾਹਰਿਆ ਅਤੇ ਢੋਲ ਦੀ ਆਵਾਜ਼ ਨਾਲ ਗੂੰਜ ਰਿਹਾ ਸੀ।

ਹਰਨਾਮ ਸਿੰਘ ਤੇ ਉਸਦੀ ਪਤਨੀ ਨਾਲੇ ਵੱਲ ਉਤਰ ਰਹੇ ਸਨ ਜਦ ਉਪਰੋਂ ਕਿਤੋਂ ਹੌਲੀ ਜਿਹੀ ਆਵਾਜ਼ ਆਈ :

"ਬੰਤੋ ਤੇਰਾ ਰਬ ਰਾਖਾ..............

ਸਰਬਤ ਦਾ ਰਬ ਰਾਖਾ।"

ਮੈਨਾ ਉਨ੍ਹਾਂ ਦੇ ਪਿਛੇ ਉਡ ਕੇ ਆ ਗਈ ਸੀ, ਤੇ ਰੁੱਖ ਤੇ ਬੈਠ ਗਈ ਸੀ।

ਤਦੇ ਬਲਵਾਈ ਉਸ ਟਿਲੇ ਤੇ ਪਹੁੰਚ ਗਏ ਜਿਸਦੀ ਢਲਾਣ ਉਤਰਣ ਤੇ ਹੇਠਾਂ ਸੱਜੇ ਹੱਥ ਹਰਨਾਮ ਸਿੰਘ ਦੀ ਦੁਕਾਨ ਸੀ। ਬਲਵਾਈ ਚਿੰਘਾੜ ਰਹੇ ਸਨ, ਉੱਚੇ ਉੱਚੇ ਨਾਹਰੇ ਲਾਉਂਦੇ ਢੋਲ ਵਜਾਉਂਦੇ ਹੇਠਾਂ ਉਤਰ ਰਹੇ ਸਨ।

ਚੰਨ ਨਿਕਲ ਆਇਆ ਸੀ ਅਤੇ ਚਾਰ-ਚੁਫੇਰੇ ਛਿਟਕੀ ਚਾਨਣੀ ਵਿਚ ਹਰ ਰੁੱਖ ਅਤੇ ਹਰ ਚਟਾਨ ਪਿਛੇ ਕਿਸੇ ਅਗਿਆਤ ਦੁਸ਼ਮਣ ਦਾ ਭ਼ਾਉਲਾ ਪੈਂਦਾ ਸੀ। ਨਦੀ ਸੁੱਕੀ ਪਈ ਸੀ ਅਤੇ ਚਾਂਦਨੀ ਵਿਚ ਨਦੀ ਦਾ ਪਾਟ ਸਫੈਦ ਚਾਦਰ ਵਾਂਗ

ਵਿਛਿਆ ਸੀ। ਪਤੀ ਪਤਨੀ ਉੱਚੇ ਕਿਨਾਰੇ ਤੋਂ ਉਤਰ ਆਏ ਸਨ ਅਤੇ ਹੁਣ ਉਸੇ ਦੀ ਓਟ ਵਿਚ ਹੌਲੀ ਹੌਲੀ ਸੱਜੇ ਹੱਥ ਵੱਲ ਵਧਣ ਲਗੇ ਸਨ। ਨਦੀ ਦਾ ਕਿਨਾਰਾ ਜਿਸ ਤੇ ਉਹ ਤੁਰੇ ਜਾ ਰਹੇ ਸਨ, ਵੱਡੇ ਵੱਡੇ ਪੱਥਰਾਂ ਨਾਲ ਭਰਿਆ ਪਿਆ ਸੀ ਅਤੇ ਦੋਹਾਂ ਨੂੰ ਸਾਹ ਚੜ੍ਹ ਗਿਆ ਸੀ। ਦੋਹਾਂ ਦੇ ਕੰਨ ਬਲਵਾਈਆਂ ਵੱਲ ਲੱਗੇ ਹੋਏ ਸਨ।

ਰੌਲਾ ਪਹਿਲਾਂ ਨਾਲੋਂ ਨੇੜੇ ਆਉਂਦਾ ਗਿਆ, ਫਿਰ ਰੁਕ ਗਿਆ। ਹਰਨਾਮ ਸਿੰਘ ਨੂੰ ਲੱਗਿਆ ਕਿ ਬਲਵਾਈ ਉਸ ਦੀ ਦੁਕਾਨ ਸਾਹਮਣੇ ਰੁਕ ਗਏ ਹਨ ਅਤੇ ਨਿਸ਼ਚਾ ਨਹੀਂ ਕਰ ਪਾ ਰਹੇ ਕਿ ਹੁਣ ਕੀ ਕਰਨ। ਹਰਨਾਮ ਸਿੰਘ ਨੇ ਦਿਲ ਹੀ ਦਿਲ ਵਿਚ ਕਰੀਮ ਖਾਨ ਦਾ ਧੰਨਵਾਦ ਕੀਤਾ। ਉਹ ਵੇਲੇ ਸਿਰ ਨਾ ਦੱਸਦਾ ਤਾਂ ਭੱਜਣਾ ਵੀ ਅਸੰਭਵ ਹੋ ਗਿਆ ਸੀ। ਤਦੇ ਕਿਸੇ ਚੀਜ਼ ਤੇ ਜ਼ੋਰ ਜ਼ੋਰ ਦੀ ਸੱਟਾਂ ਮਾਰਨ ਦੀ ਆਵਾਜ਼ ਆਈ। ਹਰਨਾਮ ਸਿੰਘ ਸਮਝ ਗਿਆ ਕਿ ਬਲਵਾਈ ਉਸ ਦੀ ਦੁਕਾਨ ਦਾ ਦਰਵਾਜ਼ਾ ਤੋੜ ਰਹੇ ਸਨ। ਅੱਗੇ ਤੁਰਦੇ ਹੋਏ ਦੋਵਾਂ ਦੇ ਪੈਰ ਕੰਬ ਰਹੇ ਸਨ। ਦੋਵੇਂ ਇਕ ਦੂਸਰੇ ਦਾ ਹੱਥ ਫੜੀ ਹੋਲੀ ਹੋਲੀ ਅੱਗੇ ਸਰਕਣ ਲੱਗੇ।

"ਵਾਹਿਗੁਰੂ ਦਾ ਨਾਮ ਲੈ ਕੇ ਤੁਰੀ ਆ।" ਹਰਨਾਮ ਸਿੰਘ ਪਤਨੀ ਨੂੰ ਆਪਣੇ ਨਾਲ ਖਿੱਚਦੇ ਹੋਏ ਬੋਲਿਆ।

ਤਦੇ ਇਕ ਕੁੱਤੇ ਦੇ ਭੌਂਕਣ ਦੀ ਆਵਾਜ਼ ਆਈ। ਦੋਹਾਂ ਨੇ ਨਜ਼ਰ ਚੁੱਕ ਕੇ ਉਤਾਂਹ ਵੇਖਿਆ। ਉਤਾਂਹ ਕਿਨਾਰੇ ਤੇ ਚੰਨ ਚਾਨਣੀ ਵਿਚ ਇਕ ਭਿਆਨਕ ਕਾਲੇ ਰੰਗ ਦਾ ਕੁੱਤਾ ਖਲੋਤਾ ਉਨ੍ਹਾਂ ਨੂੰ ਭੌਂਕ ਰਿਹਾ ਸੀ। ਹਰਨਾਮ ਸਿੰਘ ਬਹੁਤ ਘਬਰਾ ਗਿਆ। ਹੁਣ ਕੀ ਹੋਵੇਗਾ ? ਗੁਰੂ ਮਾਹਰਾਜ ਕਿਸ ਪਾਪ ਦੀ ਇੰਨੀ ਭਿਆਨਕ ਸਜ਼ਾ ਦੇ ਰਹੇ ਹਨ ? ਕੁੱਤੇ ਨੂੰ ਭੋਕਦਾ ਸੁਣ ਕੇ ਉਹ ਭੱਜਦੇ ਹੋਏ ਇਧਰ ਆ ਜਾਣਗੇ, ਉਨ੍ਹਾਂ ਨੂੰ ਪਤਾ ਲੱਗਦਿਆਂ ਦੇਰ ਨਹੀਂ ਲਗੇਗੀ ਕਿ ਅਸੀਂ ਕਿਸ ਰਾਹੇ ਭੱਜ ਕੇ ਆਏ ਹਾਂ।

"ਤੁਸੀਂ ਤੁਰੇ ਚਲੋ ਜੀ, ਰੁਕੋ ਨਾ," ਬੰਤੋ ਬੋਲੀ।

ਕੁੱਤਾ ਲਗਾਤਾਰ ਭੌਂਕੀ ਜਾ ਰਿਹਾ। ਝਬਰੈਲਾ ਕੁੱਤਾ, ਜੋ ਅਕਸਰ ਉਸ ਦੀ ਦੁਕਾਨ ਸਾਹਮਣੇ ਟਹਿਲਦਾ, ਥਾਂ ਥਾਂ ਮੂੰਹ ਮਾਰਦਾ ਦਿਖਾਈ ਦਿੰਦਾ ਹੁੰਦਾ ਸੀ। ਕੁਝ ਦੂਰ ਤਕ ਚਲਦੇ ਰਹਿ ਪਿਛੋਂ ਬੰਤੋ ਨੇ ਮੁੜ ਕੇ ਵੇਖਿਆ। ਕੁੱਤਾ ਅਜੇ ਵੀ ਟਿੱਲੇ ਤੇ ਖਲੋਤਾ ਭੌਂਕੀ ਜਾ ਰਿਹਾ ਸੀ ਪਰ ਅੱਗੇ ਵੱਧ ਕੇ ਨਹੀਂ ਆਇਆ ਸੀ, ਨਾ ਤਾਂ ਟਿਲੇ ਦੇ ਉਪਰੋਂ ਕਿਨਾਰੇ ਕਿਨਾਰੇ ਤੋਂ ਅਤੇ ਨਾ ਹੀ ਹੇਠਾਂ ਉਤਰਿਆ ਸੀ।

ਉਹ ਅੱਗੇ ਸਰਕਦੇ ਗਏ।

"ਜਿਵੇਂ-ਕਿਵੇਂ ਪਿੰਡ ਪਿਛੇ ਰਹਿ ਜਾਏ, ਅੱਗੇ ਰੱਬ ਰਾਖਾ ਹੈ।"

"ਕੁੱਤਾ ਰੁਕ ਗਿਆ ਹੈ, ਅੱਗੇ ਨਹੀਂ ਆ ਰਿਹਾ।"

"ਭੌਂਕ ਤਾਂ ਰਿਹਾ ਹੈ।"

ਇਕ ਚੱਟਾਨ ਦੇ ਪਿੱਛੇ ਦੋਵੇਂ ਲੁਕ ਕੇ ਖਲੋ ਗਏ ਅਤੇ ਸਾਹ ਰੋਕੀ ਕੁੱਤੇ ਦਾ ਭੌਂਕਣਾ ਸੁਣਦੇ ਰਹੇ। ਉਧਰ ਦੁਕਾਨ ਦਾ ਦਰਵਾਜ਼ਾ ਟੁਟ ਕੇ ਡਿੱਗ ਪਿਆ ਸੀ ਅਤੇ ''ਯਾ ਅਲੀ !" ਚਿਲਾਉਦੇ ਹੋਏ ਬਲਵਾਈ ਉਸ ਦੇ ਅੰਦਰ ਪਹੁੰਚ ਗਏ ਸਨ।

"ਲੁੱਟ ਰਹੇ ਹਨ, ਸਾਡਾ ਘਰ ਬਾਹਰ ਲੁੱਟ ਰਹੇ ਹਨ।"

ਪਰ ਕੁੱਤੇ ਦੇ ਭੌਂਕਣ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਸੀ। ਦੋਵੇਂ ਪਹਿਲਾਂ ਨਾਲੋਂ ਜ਼ਿਆਦਾ ਹੌਂਸਲੇ ਵਿਚ ਸਨ। ਧਿਆਨ ਚਲਾ ਵੀ ਜਾਂਦਾ ਤਾਂ ਸ਼ਾਇਦ ਉਹ ਇਨ੍ਹਾਂ ਦਾ ਪਿੱਛਾ ਨਾ ਕਰਦੇ, ਇਨ੍ਹਾਂ ਨੂੰ ਮਾਰ ਕੇ ਉਨ੍ਹਾਂ ਨੂੰ ਕੀ ਮਿਲਦਾ। ਦੁਕਾਨ ਵਿਚੋਂ ਤਾਂ ਇਨ੍ਹਾਂ ਨੂੰ ਕਿੰਨਾ ਮਾਲ ਹੱਥ ਲੱਗਣਾ ਸੀ।

"ਹੁਣ ਕਿਸਦੀ ਦੁਕਾਨ ਤੇ ਕਿਸਦਾ ਘਰ! ਛੱਡ ਆਏ ਤਾਂ ਸਾਡਾ ਕੀ ਰਹਿ ਗਿਆ।" ਬੰਤ ਨੇ ਕਿਹਾ।

ਚਾਨਣੀ ਵਿਚ ਝਿਲਮਿਲਾਉਂਦਾ ਨਦੀ ਦੇ ਪਾਟ ਦਾ ਪਸਾਰ, ਕਿੱਤੇ ਕਿੱਤੇ ਰੁੱਖਾਂ ਦਾ ਝੁਟਮੁਟ, ਟਿਲੇ ਉਤੇ ਖਲੋਤਾ ਝਬਰੈਲਾ ਕੁੱਤਾ ਜੋ ਲੱਗਾਤਾਰ ਭੋਂਕੀ ਜਾ

ਰਿਹਾ ਸੀ, ਸਭ ਮਿਲ ਕੇ ਇਕ ਸੁਪਨਾ ਜਿਹਾ ਲੱਗ ਰਿਹਾ ਸੀ। ਕਿੰਨੀ ਜਲਦੀ ਸਭ ਕੁਝ ਬਦਲ ਗਿਆ। ਵੀਹ ਸਾਲ ਤਕ ਇਕ ਥਾਂ ਤੇ ਰਹਿਣ ਪਿਛੋਂ ਅੱਖ ਝਮਕਦੇ ਹੀ ਉਹ ਬੇਘਰ ਤੇ ਪਰਦੇਸੀ ਹੋ ਗਏ ਸਨ। ਹਰਨਾਮ ਸਿੰਘ ਦਾ ਹੱਥ ਠੰਡਾ ਅਤੇ ਪਸੀਨੇ ਨਾਲ ਤਰ ਸੀ। ਪਰ ਉਹ ਵਾਰ ਵਾਰ ਇਕ ਹੀ ਵਾਕ ਦੁਹਰਾਈ ਜਾ ਰਿਹਾ ਸੀ

"ਨਿਕਲ ਚਲੋ, ਹੁਣ ਜਿਵੇਂ ਵੀ ਹੋਵੇ ਨਿਕਲ ਚਲੋ।"

ਪਿੰਡ ਪਿਛੇ ਰਹਿ ਗਿਆ ਸੀ। ਕੁੱਤਾ ਅਜੇ ਵੀ ਕਿਨਾਰੇ ਤੇ ਖਲੋਤਾ ਸੀ, ਉਹ ਅੱਗੇ ਨਹੀਂ ਆਇਆ ਸੀ। ਕੁਝ ਦੇਰ ਪਿਛੋਂ ਸ਼ਾਇਦ ਆਪਣੇ ਆਪ ਪਰਤ ਜਾਵੇ। ਦੁਕਾਨ ਲੁਟੀ ਜਾ ਚੁੱਕੀ ਸੀ, ਬਲਵਾਈਆਂ ਦਾ ਰੌਲਾ ਘੱਟ ਗਿਆ ਸੀ, ਲੁੱਟ ਦੇ ਮਾਲ ਨਾਲ ਉਹ ਸੰਤੁਸਟ ਹੋ ਗਏ ਦਿਖਾਈ ਦਿੰਦੇ ਸਨ, ਜਾ ਕੀ ਉਹ ਉਨ੍ਹਾਂ ਨੂੰ ਲੱਭਣ ਨਿਕਲਣਗੇ। ਹੁਣ ਕੇਵਲ ਹੋ ਗਏ ਦਿਖਾਈ ਤੇ ਚਲਦੇ ਲੜਖੜਾਉਂਦੇ ਕਦਮਾਂ ਦੀ ਆਵਾਜ਼ ਆ ਰਹੀ ਸੀ ਅਤੇ ਚਾਰ-ਚੁਫੇਰੇ ਚੁੱਪ-ਚਾਣ ਛਾਈ ਹੋਈ ਸੀ।

ਥੋੜ੍ਹੀ ਦੂਰ ਚੱਲਣ ਪਿਛੋਂ ਬੰਤੋ ਨੂੰ ਲੱਗਾ ਜਿਵੇਂ ਆਕਾਸ਼ ਵਿਚ ਰੋਸ਼ਨੀ ਫੈਲ ਗਈ ਹੈ। ਉਸਨੇ ਮੁੜ ਕੇ ਵੇਖਿਆ ਤਾਂ ਨਾਲੇ ਦੇ ਉੱਚੇ ਕਿਨਾਰੇ ਪਿਛੇ ਪਿੰਡ ਵਲੋਂ ਅਸਮਾਨ ਲਾਲ ਹੋਣ ਲੱਗਾ ਸੀ। ਬੰਤੋਂ ਵੇਖਦੀ ਰਹਿ ਗਈ।

"ਵੱਖੋ ਜੀ ਕੀ ਹੈ?"

ਕੀ ਹੈ ਬੰਤੋ, ਦੁਕਾਨ ਸੜ ਰਹੀ ਹੈ, ਹੋਰ ਕੀ ਹੈ ?" ਹਰਨਾਮ ਸਿੰਘ ਨੇ ਕਿਹਾ। ਉਹ ਵੀ ਖਲੋਤਾ ਉਸੇ ਬੰਨੇ ਵੇਖ ਰਿਹਾ ਸੀ। ਥੋੜ੍ਹੀ ਦੇਰ ਤਕ ਉਹ ਬੁੱਤ ਬਣੇ ਅੱਗ ਦੇ ਭਾਂਬੜਾਂ ਵੱਲ ਵੇਖਦੇ ਰਹੇ। ਆਪਣੇ ਘਰ ਵਿਚੋਂ ਉਠਣ ਵਾਲੇ ਭਾਂਬੜ ਜ਼ਰੂਰ ਕਿਸੇ ਦੂਸਰੇ ਦੇ ਘਰ ਵਿਚ ਉਠਣ ਵਾਲੇ ਭਾਂਬੜਾਂ ਤੋਂ ਭਿੰਨ ਹੋਣਗੇ, ਨਹੀਂ ਤਾਂ ਉਹ ਕਿਉਂ ਬੁਤ ਬਣੇ ਖੜ੍ਹੇ ਰਹਿ ਜਾਂਦੇ ਅਤੇ ਉਨ੍ਹਾਂ ਨੂੰ ਵੇਖਦੇ ਰਹਿੰਦੇ।

"ਸਭ ਸਵਾਹ ਹੋ ਗਿਆ।" ਹਰਨਾਮ ਸਿੰਘ ਮਰੀ ਜਿਹੀ ਆਵਾਜ਼ ਵਿਚ ਬੋਲਿਆ।

"ਅੱਖਾਂ ਸਾਹਵੇਂ ਸਭ ਮਿੱਟੀ ਵਿਚ ਮਿਲ ਗਿਆ।"

"ਵਾਹਿਗੁਰੂ ਨੂੰ ਇਹੋ ਮਨਜ਼ੂਰ ਸੀ" ਉਸਨੇ ਠੰਢਾ ਸਾਹ ਭਰਿਆ ਅਤੇ ਫਿਰ ਤੁਰ ਪਏ।

ਕੰਧਾਂ ਮਨੁੱਖ ਨੂੰ ਲੁਕਾਈ ਰੱਖਦੀਆਂ ਹਨ, ਪਰ ਇਥੇ ਕੋਈ ਕੰਧ ਨਹੀਂ ਸੀ, ਕੇਵਲ ਟਿੱਲੇ ਸਨ, ਕਿਤੇ ਕਿਤੇ ਚਟਾਨਾਂ ਸਨ ਜਿਨ੍ਹਾਂ ਪਿਛੇ ਆਦਮੀ ਲੁਕ ਸਕਦਾ ਸੀ ਪਰ ਕਿੰਨੀ ਦੇਰ ਲਈ ? ਕੁਝ ਹੀ ਘੰਟਿਆਂ ਵਿਚ ਰਾਤ ਦਾ ਹਨੇਰਾ ਦੂਰ ਹੋ ਜਾਵੇਗਾ ਅਤੇ ਉਹ ਫਿਰ ਜਿਵੇਂ ਨੰਗੇ ਹੋ ਜਾਣਗੇ, ਸਿਰ ਲੁਕਾਉਣ ਲਈ ਥਾਂ ਨਹੀਂ ਮਿਲੇਗੀ।

ਬੰਤੋ ਦਾ ਮੂੰਹ ਸੁੱਕ ਰਿਹਾ ਸੀ ਅਤੇ ਹਰਨਾਮ ਸਿੰਘ ਦੀਆਂ ਲੱਤਾਂ ਵਾਰ ਵਾਰ ਲੜਖੜਾ ਜਾਂਦੀਆਂ ਸਨ। ਪਰ ਇਸ ਵੇਲੇ ਕੇਵਲ ਉਹ ਦੋ ਹੀ ਨਹੀਂ, ਅਣਗਿਣਤ ਲੋਕ ਦਰਜਨਾਂ ਪਿੰਡਾਂ ਵਿਚੋਂ ਇਸੇ ਤਰ੍ਹਾਂ ਜਾਨ ਬਚਾਉਂਦੇ ਘੁੰਮ ਰਹੇ ਸਨ। ਅਨੇਕ ਲੋਕਾਂ ਦੇ ਕੰਨਾਂ ਵਿਚ ਟੁਟਦੇ ਬੂਹਿਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਪਰ ਉਨ੍ਹਾਂ ਕੋਲ ਨਾ ਸੋਚਣ ਲਈ ਸਮਾਂ ਸੀ, ਨਾ ਭਵਿਖ ਦੇ ਮਨਸੂਬੇ ਬਣਾਉਣ ਲਈ। ਸਮਾਂ ਸੀ ਜਿਵੇਂ ਕਿਵੇਂ ਜਾਨ ਬਚਾਉਣ ਲਈ। ਉਸ ਵੇਲੇ ਤਕ ਚਲਦੇ ਜਾਓ,

ਜਦ ਤਕ ਰਾਤ ਦੇ ਸਾਏ ਤੁਹਾਨੂੰ ਆਪਣਾ ਓਹਲਾ ਦਿੰਦੇ ਹਨ। ਛੇਤੀ ਹੀ ਦਿਨ ਚੜ੍ਹ ਜਾਵੇਗਾ ਅਤੇ ਜ਼ਿੰਦਗੀ ਦੇ ਖਤਰੇ ਚਾਰ-ਚੁਫੇਰਿਓ ਭੁੱਖੇ ਭਾਲੂਆਂ ਵਾਂਗ ਹਮਲਾ ਕਰ ਦੇਣਗੇ।

ਕੁਝ ਹੀ ਦੇਰ ਵਿਚ ਉਹ ਥੱਕ ਕੇ ਚੂਰ ਹੋ ਗਏ ਸਨ।

ਪਰ ਜਦ ਉਨ੍ਹਾਂ ਨੂੰ ਇਹ ਗੱਲ ਮਹਿਸੂਸ ਹੋਣ ਲੱਗੀ ਸੀ ਕਿ ਉਹ ਬਚ ਕੇ ਨਿਕਲ ਆਏ ਹਨ ਤਦ ਤੋਂ ਦੋਹਾਂ ਪਤੀ ਪਤਨੀ ਦੀਆਂ ਅੱਖਾਂ ਸਾਹਮਣੇ ਆਪਣੇ ਲੜਕੇ ਲੜਕੀ ਦੇ ਚਿੱਤਰ ਘੁੰਮਣ ਲੱਗੇ ਸਨ। ਇਕਬਾਲ ਸਿੰਘ ਇਸ ਵੇਲੇ ਕਿੱਥੇ ਹੋਵੇਗਾ, ਉਸ ਤੇ ਕੀ ਬੀਤ ਰਹੀ ਹੋਵੇਗੀ, ਅਤੇ ਜਸਬੀਰ ਕਿਥੇ ਹੋਵੇਗੀ ? ਜਸਬੀਰ ਦੀ ਉਨ੍ਹਾਂ ਨੂੰ ਜ਼ਿਆਦਾ ਚਿੰਤਾ ਨਹੀਂ ਸੀ ਕਿਉਂਕਿ ਜਸਬੀਰ ਵੱਡੇ ਕਸਬੇ ਵਿਚ ਸੀ ਜਿਥੇ ਉਨ੍ਹਾਂ

ਦੀ ਜ਼ਾਤ ਦੇ ਲੋਕ ਜਿਆਦਾ ਸੰਖਿਆ ਵਿਚ ਸਨ, ਸੰਭਵ ਹੈ ਸਾਰੀ ਸਿੱਖ ਸੰਗਤ ਗੁਰਦਵਾਰੇ ਵਿਚ ਇਕੱਠੀ ਹੋ ਗਈ ਹੋਵੇ, ਸੰਭਵ ਹੈ ਉਨ੍ਹਾਂ ਨੇ ਆਪਣੇ ਬਚਾਓ ਦਾ ਸਾਧਨ ਲੱਭ ਲਿਆ ਹੋਵੇ। ਪਰ ਇਕਬਾਲ ਸਿੰਘ ਇਕੱਲਾ ਸੀ ਅਤੇ ਆਪਣੇ ਪਿੰਡ ਵਿਚ ਛੋਟੀ ਜਿਹੀ ਬਜਾਜੀ ਦੀ ਦੁਕਾਨ ਕਰਦਾ ਸੀ। ਕੀ ਪਤਾ ਵੇਲੇ ਸਿਰ ਨਿਕਲ ਗਿਆ ਹੋਵੇ, ਕੀ ਪਤਾ ਇਸ ਵੇਲੇ ਸਾਡੇ ਵਾਂਗ ਮਾਰਿਆ ਮਾਰਿਆ ਘੁੰਮ ਰਿਹਾ ਹੋਵੇ। ਸਭ ਵਿਚਾਰ ਵਿਆਕੁਲ ਕਰਨ ਵਾਲੇ ਸਨ। ਹਰਨਾਮ ਸਿੰਘ ਨੇ ਅੱਖਾਂ ਬੰਦ ਕਰਕੇ ਅਤੇ ਹੱਥ ਜੋੜ ਕੇ ਗੁਰੂ ਮਹਾਰਾਜ ਦਾ ਨਾਮ ਲਿਆ ਅਤੇ ਫਿਰ ਉਸਦੀ ਬਾਣੀ ਵਿਚੋਂ ਉਹੋ ਸ਼ਬਦ ਦੁਹਰਾ ਦਿਤੇ :

''ਜਿਸਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।"

ਜਦੋਂ ਪਹੁ-ਫੁੱਟਣ ਦਾ ਸਮਾਂ ਹੋਇਆ ਤਾਂ ਉਹ ਇਕ ਛੋਟੇ ਜਿਹੇ ਝਰਨੇ ਦੇ ਕਿਨਾਰੇ ਪੱਥਰਾਂ ਤੇ ਬੈਠੇ ਸਨ। ਹਰਨਾਮ ਸਿੰਘ ਇਸ ਇਲਾਕੇ ਤੋਂ ਪਰਿਚਿਤ ਸੀ। ਉਹ ਢੱਕ ਮੁਰੀਦਪੁਰ-ਇਕ ਛੋਟੇ ਜਿਹੇ ਪਿੰਡ ਦੇ ਨੇੜੇ ਪਹੁੰਚ ਚੁੱਕੇ ਸਨ। ਰਾਤ ਸਾਰੀ ਚਿੰਤਾ, ਸੋਚ ਵਿਚਾਰ ਅਤੇ ਪੈਰ ਘਸੀਟਣ ਵਿਚ ਬੀਤ ਗਈ ਸੀ। ਪਰ ਪਹੁ-ਫੁਟਣ ਤੋਂ ਪਹਿਲਾਂ ਅਚਾਨਕ ਹੀ ਜਿਵੇਂ ਮਨ ਨੂੰ ਸ਼ਾਂਤੀ ਮਿਲ ਗਈ ਸੀ। ਹਵਾ ਵਿਚ ਦੂਰ ਤਰਦੀ ਹੋਈ ਲੁਕਾਠਾਂ ਦੇ ਬੂਰ ਦੀ ਸੁਗੰਧ ਆਈ। ਢੱਕ ਮੁਰੀਦਪੁਰ ਵਿਚ ਲੁਕਾਠਾਂ ਦੇ ਬਾਗ ਸਨ ਅਤੇ ਉਨ੍ਹਾਂ ਦੇ ਵਿਚਕਾਰ ਝਰਨੇ ਵਗਦੇ ਸਨ। ਚੰਨ ਦਾ ਰੰਗ ਪਹਿਲਾ ਨਾਰੰਗੀ-ਲਾਲ ਪੈ ਗਿਆ, ਅਤੇ ਫਿਰ ਪੀਲਾ ਪੈਣ ਲੱਗਾ। ਆਕਾਸ਼ ਦੇ ਘੁਸਮੁਸੇ ਵਿਚ ਪਹਿਲਾਂ ਪਿਲੱਤਣ ਮਿਲ ਗਈ, ਫਿਰ ਉਸ ਵਿਚ ਚਾਂਦੀ ਜਿਹੀ ਘੁਲਣ ਲੱਗੀ। ਸਾਫ਼ ਨੀਲਾਪਣ ਆਕਾਸ਼ ਵਿਚ ਫੈਲਣ ਲੱਗਾ। ਲਾਗੇ ਚਾਗੇ ਪੰਛੀ ਚਹਿਚਹਾਉਣ ਲਗੇ।

“ਮੂੰਹ ਧੋ ਲੈ ਬੰਤੋ, ਫਿਰ ਜਪੁ ਜੀ ਮਹਾਰਾਜ ਦਾ ਪਾਠ ਕਰਕੇ ਚਲਾਂਗੇ।"

ਸਵੇਰ ਦੀ ਸੁਹਾਵਣੀ ਘੜੀ ਵਿਚ ਹਰਨਾਮ ਸਿੰਘ ਦਾ ਵਿਸ਼ਵਾਸ ਫਿਰ ਜਿਵੇਂ ਪਰਤ ਆਇਆ ਸੀ।

“ਹੁਣ ਜਾਵਾਂਗੇ ਕਿੱਥੇ?” ਬੰਤੋ ਨੇ ਫਿਕਰਮੰਦ ਆਵਾਜ਼ ਵਿਚ ਪੁੱਛਿਆ ''ਦਿਨ ਭਰ ਮਾਰੇ ਮਾਰੇ ਕਿੱਥੇ ਫਿਰਾਂਗੇ। ਦੋ ਰੋਟੀਆਂ ਪਕਾ ਲਈਆਂ ਹੁੰਦੀਆਂ ਤਾਂ ਕੋਈ ਗੱਲ ਨਹੀਂ ਸੀ, ਦਿਨ ਭਰ ਐਜਕ ਇਥੇ ਕਿਸੇ ਪੱਥਰ ਦੀ ਓਟ ਵਿਚ ਪਏ ਰਹਿੰਦੇ।"

“ਇਸੇ ਢੋਕ ਵਿਚ ਚੱਲ ਕੇ ਕਿਸੇ ਦਾ ਦਰਵਾਜ਼ਾ ਖੜਕਾਉਂਦੇ ਹਾਂ। ਉਸਦੇ ਦਿਲ ਵਿਚ ਰਹਿਮ ਹੋਇਆ ਤਾਂ ਆਸਰਾ ਦੇ ਦੇਵੇਗਾ, ਨਾ ਹੋਇਆ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ।"

'ਤੁਸੀਂ ਇਸ ਚੌਂਕ ਵਿਚ ਜਾਣਦੇ ਕਿਸੇ ਨੂੰ ਨਹੀਂ?" ਹਰਨਾਮ ਸਿੰਘ ਮੁਸਕਰਾ ਪਿਆ :

"ਜਿਥੇ ਸਭ ਨੂੰ ਜਾਣ ਦਾ ਸਾਂ ਉਥੇ ਕਿਸੇ ਨੇ ਆਸਰਾ ਨਹੀਂ ਦਿੱਤਾ। ਸਮਾਨ ਲੁੱਟ ਲਿਆ ਅਤੇ ਘਰ ਨੂੰ ਅੱਗ ਲਾ ਦਿੱਤੀ। ਇਥੇ ਜਾਣਨ ਵਾਲਿਆਂ ਤੋਂ ਕੀ ਉਮੀਦ ਹੋ ਸਕਦੀ ਹੈ? ਉਨ੍ਹਾਂ ਲੋਕਾਂ ਨਾਲ ਤਾਂ ਮੈਂ ਖੇਡ ਕੇ ਵੱਡਾ ਹੋਇਆ ਸੀ.........।”

ਸਵੇਰ ਦਾ ਘੁਸਮੁਸਾ ਸਾਫ ਹੋਣ ਤੇ ਦੋਵੇਂ ਉਠ ਕੇ ਪਿੰਡ ਵੱਲ ਜਾਣ ਲਗੇ। ਪਹਿਲਾਂ ਰੁੱਖਾਂ ਦਾ ਝੁਰਮੁਟ ਆਇਆ। ਸ਼ਹਿਰਤ ਅਤੇ ਸ਼ੀਸ਼ਮ ਦੇ ਰੁੱਖ ਸਨ, ਰਮਟ ਦੇ ਬਾਹਰ ਛੋਟਾ ਜਿਹਾ ਕਬਰਸਤਾਨ ਸੀ, ਟੁੱਟੀਆਂ ਛੁੱਟੀਆਂ ਕਬਰਾਂ, ਛੋਟੀਆਂ ਵੱਡੀਆਂ। ਉਨ੍ਹਾਂ ਦੇ ਇਕ ਬੰਨੇ ਕਿਸੇ ਪੀਰ ਦੀ ਕਬਰ ਲੱਗਦੀ ਸੀ, ਕਿਉਂਕਿ ਉਸ ਉਤੇ ਦੀਵਾ ਟਿਮਟਿਮਾ ਰਿਹਾ ਸੀ ਅਤੇ ਹਰੀਆਂ ਝੰਡੀਆਂ ਲਟਕ ਰਹੀਆਂ ਸਨ। ਫਿਰ ਖੇਤ ਆਏ, ਕਣਕ ਪੱਕ ਗਈ ਸੀ, ਵਾਢੀ ਦੇ ਦਿਨ ਨਜ਼ਦੀਕ ਸਨ। ਫਿਰ ਸਪਾਟ ਛੱਤਾਂ ਵਾਲੇ ਮਿੱਟੀ ਦੇ ਕੋਠੇ ਸਾਹਮਣੇ ਆ ਗਏ ਜਿਨ੍ਹਾਂ ਦੇ ਬਾਹਰ ਗਊਆਂ-ਮੱਝਾਂ ਬੱਝੀਆਂ ਹੋਈਆਂ ਸਨ। ਕਿਤੇ ਕਿਤੇ ਕੁਕੜੀਆਂ ਹੁਣੇ ਹੀ ਆਪਣੇ ਚੂਚਿਆਂ ਨਾਲ ਚੋਗੇ ਦੀ ਤਲਾਸ਼ ਵਿਚ ਘੁੰਮਣ ਲੱਗੀਆਂ ਸਨ।

"ਬੰਤੋ ਜੇ ਉਹ ਲੋਕ ਮਾਰਨ ਤੇ ਉਤਾਰੂ ਹੋਏ ਤਾਂ ਮੈਂ ਪਹਿਲਾਂ ਤੈਨੂੰ ਖ਼ਤਮ ਕਰ ਦਿਆਂਗਾ ਫਿਰ ਆਪਣੇ ਆਪ ਨੂੰ ਖ਼ਤਮ ਕਰ ਲਵਾਂਗਾ। ਜੀਉਂਦੇ ਜੀ ਮੈਂ ਤੈਨੂੰ ਦੂਸਰਿਆਂ ਦੇ ਹੱਥਾਂ ਵਿਚ ਪੈਣ ਨਹੀਂ ਦਿਆਂਗਾ।"

ਤੱਦ ਉਹ, ਪਿੰਡ ਦੇ ਬਾਹਰ ਹੀ, ਪਹਿਲੇ ਘਰ ਦੇ ਸਾਹਮਣੇ ਰੁਕ ਗਏ। ਦਰਵਾਜ਼ਾ ਬੰਦ ਸੀ। ਬਦਰੰਗ ਜਿਹਾ ਮੋਟੀ ਲਕੜੀ ਦਾ ਦਰਵਾਜ਼ਾ। ਕੀ ਪਤਾ ਕਿਸਦਾ ਘਰ ਸੀ, ਕੌਣ ਲੋਕ ਦਰਵਾਜ਼ੇ ਪਿਛੇ ਰਹਿੰਦੇ ਸਨ। ਦਰਵਾਜ਼ਾ ਖੁਲ੍ਹੇਗਾ ਤਾਂ ਕਿਸਮਤ ਪਤਾ ਨਹੀਂ ਕੀ ਗੁਲ ਖਿਲਾਏਗੀ। ਹਰਨਾਮ ਸਿੰਘ ਨੇ ਹੱਥ ਉਪਰ ਚੁਕਿਆ, ਖਿਣ ਭਰ ਲਈ ਉਸਦਾ ਹੱਥ ਠਿਠਕਿਆ ਰਿਹਾ, ਫਿਰ ਉਸਨੇ ਦਸਤਕ ਦਿੱਤੀ।

***

## ਪੰਦਰਾਂ

ਗੁਰਦਵਾਰਾ ਖਚਾ ਖੱਚ ਭਰਿਆ ਹੋਇਆ ਸੀ ਅਤੇ ਸੰਗਤ ਮਸਤੀ ਵਿਚ ਝੂਮ ਰਹੀ ਸੀ ? ਅਨਮੋਲ ਸਮਾਂ ਸੀ। ਰਾਗੀ ਪੂਰੀ ਮਸਤੀ ਨਾਲ ਅੱਖਾਂ ਬੰਦ ਕਰਕੇ ਗਾ ਰਹੇ ਸਨ।

"ਤੁਮ ਬਿਨ ਕੌਨ ਮੇਰੇ ਗੋਸਾਈਂ.. "

ਸੰਗਤ ਵਿਚ ਸਭ ਦੇ ਹੱਥ ਜੁੜੇ ਹੋਏ, ਅੱਖਾਂ ਬੰਦ, ਅਤੇ ਸਿਰ ਵਜਦ ਵਿਚ ਹਿਲਦੇ ਹੋਏ। ਕੋਈ ਕੋਈ ਵਿਅਕਤੀ ਹੱਥ ਤੇ ਤਾਲ ਦਿੱਤੀ ਜਾ ਰਿਹਾ ਸੀ। ਇਹ ਕੁਰਬਾਨੀ ਦੀ ਅਵਾਜ਼ ਸਦੀਆਂ ਦੇ ਫਾਸਲੇ ਲੰਘ ਕੇ ਫਿਰ ਗੂੰਜ ਰਹੀ ਸੀ। ਤਿੰਨ ਸੋ ਸਾਲ ਪਹਿਲਾਂ ਵੀ ਅਜਿਹਾ ਹੀ ਗੀਤ ਦੁਸ਼ਮਣ ਨਾਲ ਲੋਹਾ ਲੈਣ ਤੋਂ ਪਹਿਲਾਂ ਗਾਇਆ ਜਾਂਦਾ ਸੀ। ਆਤਮ ਬਲਿਦਾਨ ਦੀ ਭਾਵਨਾ ਨਾਲ ਓਤ ਪ੍ਰੋਤ ਉਹ ਸਭ ਕੁਝ ਭੁਲੇ ਹੋਏ ਸਨ। ਇਸ ਵਿਲੱਖਣ ਖਿਣ ਵਿਚ ਉਨ੍ਹਾਂ ਦੀ ਆਤਮਾ ਆਪਣੇ ਪੁਰਖਿਆਂ ਦੀ ਆਤਮਾ ਨਾਲ ਜਾ ਮਿਲੀ ਸੀ। ਉਹ ਫਿਰ ਜਿਵੇਂ ਅਤੀਤ ਵਿਚ ਜਾ ਪਹੁੰਚੇ ਸਨ। ਤੁਰਕਾਂ ਨਾਲ ਲੋਹਾ ਲੈਣ ਦਾ ਫਿਰ ਸਮਾਂ ਆ ਗਿਆ ਸੀ। ਸਿੱਖ ਜਾਤੀ ਤੇ ਫਿਰ ਸੰਕਟ ਆਇਆ ਹੈ ਅਤੇ ਫਿਰ ਤੁਰਕਾਂ ਵਲੋਂ ਹੀ ਆਇਆ ਹੈ। ਉਨ੍ਹਾਂ ਦੀ ਚੇਤਨਾ ਫਿਰ ਸਦੀਆਂ ਪਹਿਲਾਂ ਦੇ ਵਾਯੂ ਮੰਡਲ ਵਿਚ ਸਾਹ ਲੈਣ ਲੱਗੀ। ਲਸ਼ਕਰ ਕਿਸ ਬੰਨਿਓ ਆਏਗਾ, ਅਜੇ ਤਕ ਪਤਾ ਨਹੀਂ ਸੀ। ਬਾਹਰੋਂ ਆਵੇਗਾ ਜਾਂ ਪਿੰਡ ਦੇ ਅੰਦਰੋਂ ਹੀ ਦੁਸ਼ਮਣ ਚਿੰਘਾੜਦਾ ਹੋਇਆ ਨਿਕਲੇਗਾ, ਅਜੇ ਤਕ ਸਪੱਸ਼ਟ ਨਹੀਂ ਸੀ। ਦੁਸ਼ਮਣ ਦਾ ਕੋਈ ਇਤਬਾਰ ਨਹੀਂ ਸੀ, ਪਰ ਸੰਗਤ ਦਾ ਹਰੇਕ ਸਿੰਘ ਸਿਰ ਤਲੀ ਤੇ ਧਰੀ ਬੈਠਾ ਸੀ।

ਗੁਰਦਵਾਰੇ ਦੇ ਅੰਦਰ ਰੋਸ਼ਨੀ ਪਿਛਲੀਆਂ ਦੋ ਖਿੜਕੀਆਂ ਵਿਚੋਂ ਆ ਰਹੀ ਸੀ ਜਿਨ੍ਹਾਂ ਦੇ ਉਪਰ ਹਰੇ ਅਤੇ ਪੀਲੇ ਰੰਗ ਦੇ ਸ਼ੀਸ਼ੇ ਲਗੇ ਸਨ। ਲੱਕੜੀ ਦੇ ਚਾਰ ਖੰਭਿਆ ਵਿਚ ਗੁਰੂ ਗ੍ਰੰਥ ਸਾਹਿਬ ਦੀ ਚੌਂਕੀ ਸੀ ਅਤੇ ਚੌਂਕੀ ਦੇ ਆਲੇ ਦੁਆਲੇ ਪਿੱਤਲ

ਦਾ ਕਟਹਿਰਾ ਬਣਿਆ ਹੋਇਆ ਸੀ। ਚੌਂਕੀ ਨੂੰ ਲਾਲ ਰੰਗ ਦੇ ਰੇਸ਼ਮੀ ਕੱਪੜੇ ਨਾਲ ਜਿਸ ਤੋਂ ਸੁਨਹਿਰੇ ਰੰਗ ਦੀ ਕਿਨਾਰੀ ਲੱਗੀ ਹੋਈ ਸੀ, ਢੱਕ ਦਿੱਤਾ ਸੀ, ਜਿਸਦਾ ਇਕ ਸਿਰਾ ਹੇਠਾਂ ਫਰਸ਼ ਤਕ ਫੈਲਿਆ ਸੀ ਜਿਥੇ ਚਿੱਟੀਆਂ ਚਾਦਰਾਂ ਵਿਛੀਆਂ ਹੋਈਆਂ ਸਨ। ਥਾਂ-ਥਾਂ ਚੌਂਕੀ ਦੇ ਸਾਹਮਣੇ ਫਰਸ਼ ਉਤੇ ਸਿਕੇ-ਆਨੇ, ਦੁਆਨੀਆ-ਖਿਲਰੇ ਪਏ ਸਨ, ਇਕ ਹੋਰ ਬੰਨੇ ਆਟੇ ਦਾ ਢੇਰ ਲੱਗਾ ਹੋਇਆ ਸੀ।

ਅੰਦਰ ਵੜ ਕੇ ਗੁਰਦੁਆਰੇ ਦੇ ਖੱਬੇ ਪਾਸੇ ਤੀਵੀਂਆਂ ਬੈਠੀਆਂ ਸਨ, ਸਭ ਨੇ ਦੁਪੱਟਿਆਂ ਵਿਚ ਮੂੰਹ ਸਿਰ ਲਪੇਟੇ ਹੋਏ ਸਨ, ਸਭ ਦੇ ਚਿਹਰੇ ਚਮਕ ਰਹੇ ਸਨ, ਸਭ ਦੀਆਂ ਅੱਖਾਂ ਵਿਚ ਕੁਰਬਾਨੀ ਦਾ ਨੂਰ ਚਮਕ ਰਿਹਾ ਸੀ। ਕਿਸੇ ਕਿਸੇ ਤੀਵੀਂ ਦੇ ਲੱਕ ਵਿਚ ਕਟਾਰ ਲਟਕ ਰਹੀ ਸੀ। ਹਰੇਕ ਨਰ ਨਾਰੀ ਦਾ ਰੋਮ ਰੋਮ ਇਸ ਗੱਲ ਨੂੰ ਮਹਿਸੂਸ ਕਰ ਰਿਹਾ ਸੀ ਕਿ ਸਿਖ ਇਤਿਹਾਸ ਦੀ ਲੰਮੀ ਪਰੰਪਰਾ ਵਿਚ ਉਹ ਵੀ ਇਕ ਕੜੀ ਹੈ ਜੋ ਇਸ ਸੰਕਟ ਦੇ ਸਮੇਂ ਆਪਣੇ ਪੁਰਖਿਆ ਵਾਂਗ ਆਤਮ ਬਲੀਦਾਨ ਲਈ ਮੈਦਾਨ ਵਿਚ ਕੁੱਦ ਰਹੀ ਹੈ !

ਅਸਲਾ ਪਿਛਲੇ ਲੰਮੇ ਬਰਾਮਦੇ ਵਿਚ ਅਤੇ ਗ੍ਰੰਥੀ ਦੀ ਕੋਠੜੀ ਵਿਚ ਇਕੱਠਾ ਕੀਤਾ ਜਾ ਰਿਹਾ ਸੀ। ਪਿੰਡ ਵਿਚ ਸੱਤ ਗੁਰਸਿਖਾਂ ਕੋਲ ਦੁਨਾਲੀਆਂ ਬੰਦੂਕਾਂ ਸਨ। ਅਤੇ ਪੰਜ ਬਕਸੇ ਕਾਰਤੂਸਾਂ ਦੇ ਸਨ। ਜਥੇਦਾਰ ਕਿਸ਼ਨ ਸਿੰਘ ਸੁਰੱਖਿਆ ਦਾ ਪ੍ਰਬੰਧ ਕਰ ਰਿਹਾ ਸੀ। ਕਿਸ਼ਨ ਸਿੰਘ ਪਿਛਲੀ ਜੰਗ ਵਿਚ ਬਰਮਾ ਦੀ ਲੜਾਈ ਵਿਚ ਭਾਗ ਲੈ ਚੁੱਕਾ ਸੀ ਅਤੇ ਬਰਮਾ ਦੀ ਲੜਾਈ ਦੇ ਦਾਅ ਪੇਚ ਉਹ ਆਪਣੇ ਕਸਬੇ ਦੇ ਮੁਸਲਮਾਨਾਂ ਤੇ ਚਲਾਉਣਾ ਚਾਹੁੰਦਾ ਸੀ। ਸੁਰੱਖਿਆ ਦੀ ਕਮਾਨ ਸੰਭਾਲਦੇ ਹੀ ਉਹ ਘਰ ਜਾ ਕੇ ਆਪਣੀ ਖਾਕੀ ਕਮੀਜ਼ ਪਾ ਆਇਆ ਸੀ ਜਿਸ ਤੇ ਸਰਕਾਰ ਇੰਗਲੀਸ਼ੀਆਂ ਦੇ ਤਿੰਨ ਤਗਮੇ ਅਤੇ ਅਣਗਿਣਤ ਰੰਗੀਨ ਫੀਤੇ ਲੱਗੇ ਹੋਏ ਸਨ। ਕਮੀਜ਼ ਨੂੰ ਵਟ ਪਏ ਹੋਏ ਸਨ ਪਰ ਇਸ ਵੇਲੇ ਇਸਤਰੀ ਕਰਾਉਣ ਦਾ ਵੇਲਾ ਨਹੀਂ ਸੀ। ਦੋ ਬੰਦੂਕਾਂ ਦਾ ਇਕ ਮੋਰਚਾ ਗਲੀ ਦੇ ਖੱਬੇ ਸਿਰੇ ਤੇ ਇਕ ਮਕਾਨ ਵਿਚ

ਬਣਾਇਆ ਗਿਆ ਸੀ ਅਤੇ ਦੋ ਹੀ ਬੰਦੂਕਾਂ ਦਾ ਮੋਰਚਾ ਗਲੀ ਦੇ ਸੱਜੇ ਸਿਰੇ ਤੇ। ਪਿਛੋਂ ਸੱਜੇ ਹੱਥ ਵਾਲਾ ਮੋਰਚਾ ਨਕਾਰਾ ਸਾਬਤ ਹੋਇਆ ਸੀ ਕਿਉਂਕਿ ਉਸੇ ਘਰ ਵਿਚ ਰਹਿਣ ਵਾਲਾ ਸਰਦਾਰ ਹਰੀ ਸਿੰਘ ਆਪਣੇ ਗਵਾਂਢੀਆਂ ਤੇ ਗੋਲੀ ਚਲਾਉਣੇ ਅੰਤ ਤਕ ਕਤਰਾਉਂਦਾ ਰਿਹਾ ਸੀ। ਬਾਕੀ ਤਿੰਨ ਬੰਦੂਕਾਂ ਦਾ ਮੋਰਚਾ ਗੁਰਦਵਾਰੇ ਦੀ ਛੱਤ ਤੇ ਬਣਿਆ ਸੀ। ਅਤੇ ਕਿਸ਼ਨ ਸਿੰਘ ਆਪ ਹਰ ਵੇਲੇ ਛੱਤ ਤੇ ਕੁਰਸੀ ਡਾਹ ਕੇ ਬੈਠਾ ਰਿਹਾ। ਬੰਦੂਕਾਂ ਦਾ ਪ੍ਰਯੋਗ ਬਸ ਇਥੋਂ ਤਕ ਹੀ ਸੀ, ਬਾਕੀ ਹਥਿਆਰ ਭਾਲੇ, ਬਰਛੇ, ਤਲਵਾਰਾਂ, ਲਾਠੀਆਂ ਆਦਿ ਸਨ। ਗੁਰਦਵਾਰੇ ਦੀ ਪਿਛਲੀ ਕੰਧ ਨਾਲ ਇਹ ਅਸਲਾ ਸਜਾਇਆ ਹੋਇਆ ਸੀ। ਰੰਗ-ਬਰੰਗੀਆਂ ਮਖਮਲੀ ਮਿਆਨਾਂ ਵਿਚ ਬੰਦ ਤਲਵਾਰਾਂ ਇਕ ਇਕ ਕਰਕੇ ਕੰਧ ਨਾਲ ਲਾਈਆਂ ਹੋਈਆਂ ਸਨ। ਬਾਰੀ ਵਿਚੋਂ ਧੁੱਪ ਦੀ ਕਿਰਨ ਸਿੱਧੀ ਉਨ੍ਹਾਂ ਤੇ ਪੈ ਰਹੀ ਸੀ ਜਿਸ ਨਾਲ ਉਹ ਅਤਿਅੰਤ ਪ੍ਰਭਾਵਸ਼ਾਲੀ ਲੱਗ ਰਹੀਆਂ ਸਨ। ਰੋਸ਼ਨੀ ਦੀ ਕਿਰਨ ਭਾਲਿਆਂ ਅਤੇ ਬਰਛਿਆਂ ਦੀਆਂ ਨੋਕਾਂ ਤੇ ਵੀ ਪੈ ਰਹੀ ਸੀ ਜਿਸ ਨਾਲ ਉਹ ਝਿਲਮਿਲਾ ਰਹੇ ਸਨ। ਕੁਝ ਕੁ ਢਾਲਾਂ ਵੀ ਸਨ ਜੋ ਨਿਹੰਗਾਂ ਕੋਲੋਂ ਮਿਲ ਗਈਆਂ ਸਨ। ਦੋ ਨਿਹੰਗ ਛੱਤ ਤੇ ਪਹਿਰਾ ਦੇ ਰਹੇ ਸਨ। ਦੋਹਾਂ ਕੋਲ ਆਪਣੇ ਬਰਛੇ ਸਨ। ਦੋਹਾਂ ਨੇ ਨਿਹੰਗੀ ਬਾਣਾ ਪਾਇਆ ਹੋਇਆ ਸੀ। –ਨੀਲਾ ਬਾਣਾ, ਨੀਲੀ ਪਗੜੀ ਅਤੇ ਪਗੜੀ ਉਪਰ ਲੋਹੇ ਦਾ ਚੱਕਰ ਅਤੇ ਪੀਲਾ ਕਮਰਬੰਦ। ਦੋਵੇਂ ਛਾਤੀ ਅਕੜਾਏ, ਭਾਲੇ ਹੱਥਾਂ ਵਿਚ ਸੰਭਾਲੀ, ਇਕ ਛੱਤ ਦੇ ਸਿਰੇ ਤੇ ਅਤੇ ਦੂਸਰਾ ਦੂਸਰੇ ਸਿਰੇ ਤੋਂ ਦੂਰ ਤਕ ਨਿਗਾਹਾਂ ਲਾਈ ਖਲੋਤੇ ਸਨ। ਕੀ ਪਤਾ ਲਸ਼ਕਰ ਕਿਸ ਬੰਨਿਉਂ ਧੂੜ ਉਡਾਉਂਦੇ ਤੁਰੇ ਆਉਣ।

''ਨਿਹੰਗ ਸਿੰਘ ਜੀ ਭਾਲਾ ਨੀਵਾਂ ਕਰ ਦਿਓ, ਧੁੱਪ ਵਿਚ ਉਸਦੀ ਨੋਕ ਚਮਕਦੀ ਹੈ, ਦੁਸ਼ਮਣ ਉਸਨੂੰ ਦੂਰੋਂ ਵੇਖ ਸਕਦਾ ਹੈ।" ਇਕ ਵਾਰ ਕਿਸ਼ਨ ਸਿੰਘ ਨੇ ਸਮਝਾਉਂਦੇ ਹੋਏ ਕਿਹਾ ਤਾਂ ਨਿਹਰਾ ਸਿੰਘ ਨੂੰ ਗੁੱਸਾ ਚੜ੍ਹ ਗਿਆ :

''ਨਿਹੰਗ ਸਿੰਘ ਦਾ ਬਰਛਾ ਨੀਵਾਂ ਨਹੀਂ ਹੋ ਸਕਦਾ।" ਨਿਹੰਗ ਸਿੰਘ ਨੇ ਜਵਾਬ ਦਿੱਤਾ ਅਤੇ ਜਿਉਂ ਦਾ ਤਿਉਂ ਭਾਲਾ ਚੁੱਕੀ ਖਿਤਿਜ ਤੇ ਅੱਖਾਂ ਗਡੀ ਖਲੋਤਾ ਰਿਹਾ। ਨਿਹੰਗ ਸਿੰਘ ਦੀਆ ਅੱਖਾਂ ਸਾਹਮਣੇ ਉਹੀ ਪੁਰਾਣੀਆਂ ਚੜ੍ਹਾਈਆਂ ਦੇ ਚਿੱਤਰ ਘੁੰਮ ਰਹੇ ਸਨ ਜਦ ਲਸ਼ਕਰ ਕੂਚ ਕਰਦੇ ਹੁੰਦੇ ਸਨ, ਤਲਵਾਰਾਂ ਚਮਕਦੀਆਂ ਸਨ, ਘੋੜੇ ਹਿਣਹਿਣਾਉਂਦੇ ਸਨ, ਨਗਾਰੇ ਅਤੇ ਸੰਖ ਗੂੰਜਦੇ ਸਨ। ਇਸ ਦੀ ਕਲਪਨਾ ਕਰਦੇ ਹੋਏ ਉਹਨਾਂ ਦੇ ਦਿਲ ਵਿਚ ਸਿੱਖੀ ਜੋਸ਼ ਠਾਠਾਂ ਮਾਰ ਰਿਹਾ ਸੀ।

ਦੋ ਨਿਹੰਗ ਗੁਰਦਵਾਰੇ ਦੇ ਪ੍ਰਵੇਸ਼ ਦਵਾਰ ਤੇ ਡਿਊਟੀ ਦੇ ਰਹੇ ਸਨ। ਦੋਹਾਂ ਦੇ ਹੱਥਾਂ ਵਿਚ ਬਰਛੇ ਸਨ ਅਤੇ ਦੋਵੇਂ ਬੜੀ ਹੁਸ਼ਿਆਰੀ ਨਾਲ ਖਲੋਤੇ ਹੋਏ ਸਨ। ਦੋਹਾਂ ਨੇ ਮੁੱਛਾਂ ਨੂੰ ਤਾਅ ਦਿੱਤਾ ਹੋਇਆ ਸੀ ਅਤੇ ਨੀਲੇ ਬਾਣੇ ਤੇ ਪੀਲਾ ਕਮਰ ਬੰਦ ਬੰਨਿਆ ਹੋਇਆ ਸੀ। ਪੁਰਾਤਨ ਕਾਲ ਵਿਚ ਖਾਲਸਾ ਪੀਲਾ ਬਾਣਾ ਪਹਿਨ ਕੇ ਰਣਭੂਮੀ ਵਿਚ ਜੂਝਣ ਜਾਂਦਾ ਸੀ। ਇਸ ਵਾਤਾਵਰਣ ਵਿਚ ਹਰ ਕਿਸੇ ਦੀ ਕੋਸ਼ਿਸ਼ ਸੀ ਕਿ ਜਿਥੋਂ ਤਕ ਹੋ ਸਕੇ ਆਪਣੀ ਪੋਸ਼ਾਕ ਵਿਚ ਵੀ ਉਸ ਅਖੰਡ ਪਰੰਪਰਾ ਦਾ ਕੋਈ ਨਾ ਕੋਈ ਚਿੰਨ੍ਹ ਆ ਜਾਵੇ ਜਿਸ ਨਾਲ ਉਹ ਆਪਣੇ ਅਤੀਤ ਨਾਲ ਚੰਗੀ ਤਰ੍ਹਾਂ ਨਾਤਾ ਜੋੜ ਸਕਣ।

ਬਿਸ਼ਨ ਸਿੰਘ ਮੁਨਿਆਰੀ ਵਾਲੇ ਨੇ ਜਿਸਦੀ ਡਿਊਟੀ ਖਾਲਸਾ ਲੰਗਰ ਵਿਚ ਲਾਈ ਗਈ ਸੀ, ਪੀਲੇ ਰੰਗ ਦਾ ਰੇਸ਼ਮੀ ਰੁਮਾਲ ਆਪਣੀ ਪਗੜੀ ਵਿਚ ਟੰਗਿਆ ਹੋਇਆ ਸੀ। ਬਸੰਤ ਪੰਚਮੀ ਦੇ ਮੇਲੇ ਪਿਛੋਂ ਉਸਨੇ ਪੀਲੇ ਰੰਗ ਦਾ ਰੁਮਾਲ ਆਪਣੇ ਪੁੱਤਰ ਦੇ ਸਿਰੋਂ ਲਾਹ ਕੇ ਜੇਬ ਵਿਚ ਪਾ ਲਿਆ ਸੀ। ਅੱਜ ਅਚਾਨਕ ਜੇਬ ਵਿਚ ਹੱਥ ਪਾਉਣ ਤੇ ਉਸਨੂੰ ਰੁਮਾਲ ਮਿਲ ਗਿਆ ਸੀ ਅਤੇ ਉਸਨੇ ਆਪਣੀ ਪਗੜੀ ਵਿਚ ਟੰਗ ਲਿਆ ਸੀ। ਸੰਗਤ ਵਿਚੋਂ ਕਿਸੇ ਕਿਸੇ ਨੇ ਕਮਰਬੰਦ ਵੀ ਬੰਨ੍ਹਿਆ ਹੋਇਆ ਸੀ, ਪਰ ਜ਼ਿਆਦਾ ਲੋਕ ਸਲਵਾਰ ਕਮੀਜ਼ ਵਿਚ ਹੀ ਸਨ। ਹੋਰ ਤਾਂ ਹੋਰ ਸਰਦਾਰ ਕਿਸ਼ਨ ਸਿੰਘ ਨੇ ਵੀ ਤਗਮਿਆਂ ਵਾਲੀ ਖਾਕੀ ਕਮੀਜ ਹੇਠਾਂ ਪਜਾਮਾ ਪਾਇਆ ਹੋਇਆ ਸੀ।

ਪਰ ਇਹ ਵਕਤ ਪੋਸ਼ਾਕ ਵੱਲ ਧਿਆਨ ਦੇਣ ਦੀ ਨਹੀਂ ਸੀ, ਦਿਲਾਂ ਵਿਚ ਬਲੀਦਾਨ ਦੀ ਭਾਵਨਾ ਲਹਿਰਾ ਮਾਰ ਰਹੀ ਸੀ ਅਤੇ ਉਸ ਵਕਤ ਪੰਜਾਬ ਅਤੇ ਵਰਦੀ ਦਾ ਧਿਆਨ ਆਉਂਦਾ ਸੀ ਤਾਂ ਉਸ ਭਾਵਨਾ ਦੇ ਕਾਰਣ ਹੀ ਜੋ ਹਰ ਪਹਿਲੂ ਤੋਂ ਪਰੰਪਰਾ ਨਾਲ ਜੁੜ ਜਾਣਾ ਚਾਹੁੰਦੀ ਸੀ।

ਗੁਰਦਵਾਰੇ ਦਾ ਮਹੌਲ ਭਰੇ ਬਦਲਾਂ ਵਰਗਾ ਗੰਭੀਰ ਹੋ ਰਿਹਾ ਸੀ। ਕੀਰਤਨ ਵਿਚ ਸਭ ਦੇ ਸਿਰ ਝੂਮ ਰਹੇ ਸਨ, ਸਭ ਦੀ ਚੇਤਨਾ ਵਿਚ ਉਹ ਸਭ ਗੱਲਾਂ ਸਨ ਜੋ ਅਤੀਤ ਵਿਚ ਵਾਪਰਿਆ ਕਰਦੀਆਂ ਸਨ, ਬਲੀਦਾਨ ਦੀ ਭਾਵਨਾ, ਮੁਸਲਮਾਨ ਦੁਸ਼ਮਨ ਦਾਲ, ਤਲਵਾਰ, ਗੁਰੂ ਦਾ ਪ੍ਰਸਾਦਿ, ਅਖੰਡ ਏਕਤਾਂ - ਜੇ ਨਹੀਂ ਸੀ ਤਾਂ ਉਹਨਾਂ ਦੀ ਚੇਤਨਾ ਵਿਚ ਅੰਗਰੇਜ਼ ਨਹੀਂ ਸੀ। ਕਸਬੇ ਤੋਂ ਪੰਜਾਹ ਮੀਲ ਦੀ ਦੂਰੀ ਤੇ ਅੰਗਰੇਜ਼ਾਂ ਦੀ ਦੇਸ਼ ਭਰ ਦੀ ਸਭ ਤੋਂ ਵਡੀ ਛਾਉਣੀ ਸੀ, ਉਸ ਛਾਉਣੀ ਵੱਲ ਉਹਨਾਂ ਦਾ ਧਿਆਨ ਨਹੀਂ ਜਾ ਰਿਹਾ ਸੀ। ਸ਼ਹਿਰ ਅਤੇ ਪ੍ਰਾਂਤ ਵਿਚ ਬੈਠੇ ਅੰਗਰੇਜ਼ ਅਧਿਕਾਰੀਆਂ ਵੱਲ ਵੀ ਨਹੀਂ, ਜਿਵੇਂ ਦੇਸ ਵਿਚ ਉਹਨਾਂ ਦੀ ਕੋਈ ਹੋਂਦ ਹੀ ਨਾ ਹੋਵੇ। ਅਸਤਿਤਵ ਸੀ ਤਾਂ ਤੁਰਕ ਦਾ ਜਾਂ ਖਾਲਸੇ ਦਾ, ਉਸਦੇ ਵਧਦੇ ਆ ਰਹੇ ਲਸ਼ਕਰਾਂ ਦਾ ਆਤਮ ਬਲੀਦਾਨ ਦੇ ਉਸ ਸਮੇਂ ਦਾ ਜਿਸ ਵਿਚ ਸਭ ਸ਼ਹੀਦੀ ਬਾਟਾ ਛੱਕਣ ਲਈ ਤਿਆਰ ਸਨ।

ਗੋਲਾਬਾਰੀ ਦਾ ਡਰ ਸਭ ਤੋਂ ਜਿਆਦਾ ਗੁਰਦਵਾਰੇ ਦੇ ਪਿਛਵਾੜੇ ਵਲੋਂ ਹੀ ਸੀ ਜਿਥੇ ਹਰੇ ਛਜੇ ਵਾਲੇ ਸ਼ੇਖਾਂ ਦੇ ਮਕਾਨ ਵਿਚ ਕਸਬੇ ਦੇ ਮੁਸਲਮਾਨ ਅਸਲਾ ਇਕੱਠਾ ਕਰ ਰਹੇ ਸਨ। ਸ਼ੇਖਾਂ ਦੇ ਮਕਾਨ ਵਿਚ ਵੀ ਕੁਝ ਉਸੇ ਤਰ੍ਹਾਂ ਦੀ ਭਾਵਨਾ ਸੀ। ਇਥੇ ਪਿੰਡ ਦੇ ਸਭ ਮੁਸਲਮਾਨ—ਕਿਸਾਨ, ਤੇਲੀ, ਨਾਨਬਾਈ ਹੁਣ ਮੁਜਾਹਿਦ ਬਣ ਗਏ ਸਨ, ਕਾਫ਼ਿਰਾਂ ਦੇ ਖਿਲਾਫ਼ ਜਹਾਦ ਦੀਆਂ ਤਿਆਰੀਆਂ ਚਲ ਰਹੀਆਂ ਸਨ,

ਅੱਖਾਂ ਵਿਚ ਇਥੇ ਵੀ ਲਹੂ ਉਤਰ ਆਇਆ ਸੀ ਅਤੇ ਕੁਰਬਾਨੀ ਦਾ ਜਜਬਾ ਇਥੇ ਵੀ ਲਹਿਰਾਂ ਮਾਰ ਰਿਹਾ ਸੀ।

ਗੁਰਦਵਾਰੇ ਦੇ ਐਨ ਸਾਹਮਣੇ ਦੀ ਗਲੀ ਦੇ ਪਾਰ ਸਿਖਾਂ ਦੀਆਂ ਦੁਕਾਨਾਂ ਦਾ ਸਿਲਸਿਲਾ ਸੀ ਅਤੇ ਦੁਕਾਨਾਂ ਦੇ ਪਿਛੇ ਤਿੱਖੀ ਢਲਾਨ ਸੀ ਜੋ ਸਿੱਧੀ ਛੋਟੀ ਜਿਹੀ ਨਹਿਰ ਤਕ ਚਲੀ ਗਈ ਸੀ ਅਤੇ ਨਹਿਰੋਂ ਪਾਰ ਲੁਕਾਠਾਂ ਦਾ ਲੰਮਾ ਚੌੜਾ ਬਾਗ ਸੀ। ਇਸ ਲਈ ਸਾਹਮਣੇ ਵਲੋਂ ਤਾਂ ਕੋਈ ਮਾਈ ਦਾ ਲਾਲ ਹਮਲਾ ਨਹੀਂ ਕਰ ਸਕਦਾ ਸੀ, ਜੇ ਆਉਂਦਾ ਤਾਂ ਛੱਤ ਤੇ ਮੋਰਚਾ ਬੰਨੀ ਕਿਸ਼ਨ ਸਿੰਘ ਦੀਆਂ ਬੰਦੂਕਾਂ ਉਸਨੂੰ ਭੁੰਨ ਸੁਟਦੀਆਂ।

ਖੱਬੇ ਹੱਥ ਗਲੀ ਦੇ ਸਿਰੇ ਤੇ ਮੁਸਲਮਾਨਾਂ ਦੇ ਕੁਝ ਘਰ ਸਨ ਅਤੇ ਉਹਨਾਂ ਦੇ ਪਿਛੇ ਖਾਲਸਾ ਸਕੂਲ ਸੀ ਅਤੇ ਫਿਰ ਖੇਤ ਸ਼ੁਰੂ ਹੋ ਜਾਂਦੇ ਸਨ, ਸੱਜੇ ਹੱਥ ਵੀ ਮੁਸਲਮਾਨਾਂ ਦਾ ਪੂਰੇ ਦਾ ਪੂਰਾ ਮੁਹੱਲਾ ਸ਼ੁਰੂ ਹੋ ਜਾਂਦਾ ਸੀ। ਪਰ ਮੋਰਚਾ ਇਥੇ ਵੀ ਬੰਨ੍ਹ ਦਿੱਤਾ ਗਿਆ ਸੀ।

ਗੁਰਦਵਾਰੇ ਦੇ ਪਿਛਵਾੜੇ ਦੋ ਗਲੀਆਂ ਛੱਡ ਕੇ ਸਿੱਖ ਗੁਲਾਮ ਰਸੂਲ ਦਾ ਉੱਚਾ ਦੋ ਮੰਜਿਲਾ ਮਕਾਨ ਸੀ। ਮੁਖਬਰਾਂ ਦੀ ਸੂਚਨਾ ਅਨੁਸਾਰ ਮੁਸਲਮਾਨਾਂ ਨੇ ਉਸੇ ਨੂੰ ਆਪਣਾ ਕਿਲਾ ਬਣਾਇਆ ਹੋਇਆ ਸੀ। ਉਸੇ ਵਿਚ ਅਸਲਾ ਇਕੱਠਾ ਕਰੀ ਜਾ ਰਹੇ ਸਨ। ਛੱਜੇ ਦੇ ਪਿੱਛੇ ਸਭ ਦਰਵਾਜ਼ੇ ਬੰਦ ਸਨ ਅਤੇ ਉਪਰਲੀ ਹਰੀਆਂ ਖਿੜਕੀਆਂ ਵਾਲੀ ਬਰਸਾਤੀ ਵੀ ਬੰਦ ਸੀ ਅਤੇ ਕੋਈ ਵੀ ਆਦਮੀ ਛੱਜੇ ਤੇ ਖਲੋਤਾ ਨਜ਼ਰ ਨਹੀਂ ਆ ਰਿਹਾ ਸੀ। ਪਰ ਇਸੇ ਘਰ ਤੇ ਸਭ ਦੀਆਂ ਨਜ਼ਰਾਂ ਸਨ ਕਿ ਪਹਿਲੀ ਗੋਲੀ ਇਥੋਂ ਹੀ ਚਲੇਗੀ।

ਉਂਜ ਵੇਖਿਆ ਜਾਵੇ ਤਾਂ ਪਿੰਡ ਬੜਾ ਸੁੰਦਰ ਸੀ। ਅਮਨ ਚੈਨ ਦੇ ਦਿਨ ਕੋਈ ਇਥੇ ਆਵੇ ਤਾਂ ਇਸਦੀ ਸੁੰਦਰਤਾ ਤੇ ਮਸਤ ਹੋਏ ਬਿਨਾ ਨਹੀਂ ਰਹਿ ਸਕਦਾ ਸੀ। ਲੱਗਦਾ ਭਗਵਾਨ ਨੇ ਆਪਣੇ ਹੱਥਾਂ ਨਾਲ ਬਣਾਇਆ ਹੈ। ਛੋਟੀ ਜਿਹੀ ਨਦੀ ਦੇ

ਉਪਰ ਇਕ ਛੋਟੀ ਜਿਹੀ ਪਹਾੜੀ ਤੇ ਘੋੜੇ ਦੀ ਨਾਲ ਦੀ ਸ਼ਕਲ ਵਿਚ ਇਹ ਪਿੰਡ ਖਲੋਤਾ ਸੀ। ਨਦੀ ਦੇ ਨੀਲੇ ਜਲ ਪ੍ਰਵਾਹ ਦੇ ਪਾਰ ਲੁਕਾਠਾਂ ਦੇ ਘਣੇ ਬਾਗ ਸਨ, ਜਿਥੇ ਅਨੇਕ ਝਰਨੇ ਵਗਦੇ ਸਨ, ਇਹਨੀਂ ਦਿਨੀਂ ਲੁਕਾਠ ਪੱਕ ਰਹੇ ਸਨ ਅਤੇ ਤੋਤਿਆਂ ਦੇ ਝੁੰਡ ਰੁੱਖਾਂ ਤੇ ਵਸੇ ਹੋਏ ਸਨ। ਇਹਨੀਂ ਦਿਨੀਂ ਨਦੀ ਦਾ ਰੰਗ ਵੀ ਅਸਮਾਨ ਦੇ ਰੰਗ ਵਾਂਗ ਗਹਿਰਾ ਨੀਲਾ ਲੱਗ ਰਿਹਾ ਸੀ। ਜ਼ਮੀਨ ਦੀ ਮਿੱਟੀ ਲਾਲ ਸੀ, ਪਿੰਡ ਦੇ ਬਾਹਰ ਖੇਤਾਂ ਦਾ ਪਸਾਰ ਉਸ ਪਹਾੜੀ ਤਕ ਚਲਾ ਗਿਆ ਸੀ ਜੋ ਇਸ ਪ੍ਰਦੇਸ਼ ਦੀ ਪਿੱਠ ਤੇ ਖੜੀ ਸੀ।ਹਰ ਘੜੀ ਪਹਾੜੀ ਦਾ ਰੰਗ ਬਦਲਦਾ ਰਹਿੰਦਾ ਸੀ। ਕਦੇ ਉਹ ਪਤਲੀ ਜਿਹੀ ਨੀਲੀ ਚਾਦਰ ਪਹਿਨ ਲੈਂਦੀ, ਕਦੇ ਉਸਦਾ ਚਿਹਰਾ ਤਪੇ ਤਾਂਬੇ ਵਾਂਗ ਚਮਕਣ ਲੱਗਦਾ, ਕਦੇ ਉਸਦੇ ਮੋਢਿਆਂ ਤੇ ਸੁਰਮਈ ਘਟਾਵਾਂ ਖੇਡਣ ਲੱਗਦੀਆਂ ਕਦੇ ਉਸ ਤੇ ਹਰਿਆਵਲ ਵਿਛ ਜਾਂਦੀ। ਇਸ ਪਹਾੜੀ ਦੇ ਦਾਮਨ ਵਿਚ ਵੀ ਝਰਨੇ ਹੀ ਝਰਨੇ ਸਨ, ਅਤੇ ਘਣੇ ਵੱਡੇ ਅੰਜੀਰ ਦੇ ਰੁੱਖ ਸਨ। ਇਸ ਕੁਦਰਤ ਦੀ ਗੋਦੀ ਵਿਚ ਇਸ ਪਿੰਡ ਦੇ ਸਭ ਲੋਕ ਪੀੜੀ ਦਰ ਪੀੜੀ ਰਹਿੰਦੇ ਆਏ ਸਨ।

ਅਚਾਨਕ ਗੁਰਦਵਾਰੇ ਅੰਦਰ ਬਿਜਲੀ ਵਰਗੀ ਲਹਿਰ ਦੌੜ ਗਈ। ਸਭ ਦੀਆਂ ਅੱਖਾਂ ਗੁਰਦਵਾਰੇ ਦੇ ਦਰਵਾਜ਼ੇ ਵੱਲ ਚਲੀਆਂ ਗਈਆਂ ਜਿਥੇ ਪਿੰਡ ਦਾ ਮੁੱਖੀਆ ਸਰਦਾਰ ਤੇਜਾ ਸਿੰਘ ਆਇਆ ਸੀ। ਗੁਰਦਵਾਰੇ ਦੇ ਚਬੂਤਰੇ ਤੇ ਚੜ੍ਹ ਕੇ ਤੇਜਾ ਸਿੰਘ ਜੀ ਗੋਡੇ ਟੇਕ ਕੇ ਬੈਠ ਗਏ ਅਤੇ ਫਿਰ ਅੱਗੇ ਝੁਕ ਕੇ ਉਨ੍ਹਾਂ ਗੁਰਦਵਾਰੇ ਦੀ ਦਹਿਲੀਜ਼ ਨੂੰ ਅੱਖਾਂ ਨਾਲ ਚੁੰਮ ਲਿਆ। ਚਬੂਤਰੇ ਤੇ ਰੱਖੇ ਉਨ੍ਹਾਂ ਦੇ ਦੋਹਾਂ ਹੱਥਾਂ ਦੀਆਂ ਉਂਗਲਾਂ ਕੰਬ ਗਈਆਂ।

ਦੇਰ ਤਕ ਤੇਜਾ ਸਿੰਘ ਜੀ ਨੇ ਆਪਣਾ ਮੱਥਾ ਦਹਿਲੀਜ਼ ਤੇ ਨਿਵਾਈ ਰਖਿਆ। ਇਥੋਂ ਤਕ ਉਨ੍ਹਾਂ ਦੀ ਅੱਖਾ ਵਿਚੋਂ ਟਪ ਟਪ ਅਥਰੂ ਵਗਣ ਲੱਗੇ। ਤੇਜਾ ਸਿੰਘ ਜੀ ਵਜਦ ਵਿਚ ਸਨ। ਉਨ੍ਹਾਂ ਦਾ ਰੋਮ ਰੋਮ ਪੰਥ ਦੀ ਰਖਿਆ ਲਈ ਨਿਛਾਵਰ ਸੀ।

ਫਿਰ ਉਹ ਉਠੇ ਅਤੇ ਦੋਵੇਂ ਹੱਥ ਜੋੜੀ, ਧੌਣ ਨਿਵਾਈ—ਉਨ੍ਹਾਂ ਦੀ ਸਫੇਦ ਦਾੜ੍ਹੀ ਨੇ ਉਨ੍ਹਾਂ ਦੀ ਛਾਤੀ ਨੂੰ ਢਕਿਆ ਹੋਇਆ ਸੀ—ਆ ਕੇ ਗੁਰੂ ਗ੍ਰੰਥ ਸਾਹਿਬ ਸਾਹਮਣੇ ਮੱਥਾ ਟੇਕਣ ਲਈ ਝੁਕ ਗਏ। ਇਥੇ ਵੀ ਉਹ ਦੇਰ ਤਕ ਝੁਕੇ ਰਹੇ ! ਉਨ੍ਹਾਂ ਦਾ ਚਿਹਰਾ ਲਾਲ ਹੋ ਗਿਆ ਅਤੇ ਟਪ ਟਪ ਅਥਰੂ ਫਰਸ਼ ਤੇ ਵਿਛੀ ਚਿੱਟੀ ਚਾਦਰ ਤੇ ਬਰਾਬਰ ਡਿਗਦੇ ਰਹੇ।

ਸਾਰੀ ਸੰਗਤ ਸਾਹ ਰੋਕੀ ਵੇਖੀ ਜਾ ਰਹੀ ਸੀ, ਸਭ ਦੇ ਕਲੇਜੇ ਦਿਲ ਨੂੰ ਆ ਰਹੇ ਸਨ। ਜਦ ਤੇਜਾ ਸਿੰਘ ਜੀ ਉਠੇ ਤਾਂ ਇਕ ਲਹਿਰ ਜਿਹੀ ਹਾਲ ਵਿਚ ਦੌੜ ਗਈ।

ਉਹ ਉਠੇ ਤੋਂ ਹੌਲੀ ਹੌਲੀ ਤੁਰਦੇ ਹੋਏ ਖੰਭੇ ਕੋਲ ਆ ਕੇ ਖਲੋ ਗਏ ਜਿਥੇ ਇਕ ਪੁਰਾਣੀ ਤਲਵਾਰ ਖੰਭੇ ਨਾਲ ਰੱਖੀ ਹੋਈ ਸੀ। ਉਨ੍ਹਾਂ ਨੇ ਕੰਬਦੇ ਹੱਥਾਂ ਨਾਲ ਤਲਵਾਰ ਦੀ ਮੁੱਠ ਨੂੰ ਫੜਿਆ ਅਤੇ ਹਾਲ ਦੇ ਵਿਚਕਾਰ ਆ ਕੇ ਖਲੋ ਗਏ। ਇਹ ਉਨ੍ਹਾਂ ਦੇ ਨਾਨਾ ਜੀ ਦੀ ਤਲਵਾਰ ਸੀ ਜਿਨ੍ਹਾਂ ਦੇ ਪਿਤਾ ਜੀ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਹੋਇਆ ਕਰਦੇ ਸਨ।

ਹੱਥ ਵਿਚ ਤਲਵਾਰ ਚੁੱਕਣ ਦੀ ਦੇਰ ਸੀ ਕਿ ਸੰਗਤ ਵਿਚ ਬਲੀਦਾਨ ਭਾਵਨਾ ਦਾ ਜਿਵੇਂ ਜਵਾਰ ਭਾਟਾ ਉਮੜ ਆਇਆ ਹੋਵੇ। ਸਿਰ ਝੂਮ ਉਠੇ। ਦਰਵਾਜੇ ਦੇ ਕੋਲ ਖਲੋਤੇ ਜਵਾਨ ਪ੍ਰੀਤਮ ਸਿੰਘ ਦੇ ਮੂੰਹੋਂ ਆਪ ਮੁਹਾਰੇ ਨਾਹਰਾ ਨਿਕਲਿਆ :

''ਜੋ ਬੋਲੇ ਸੋ ਨਿਹਾਲ !" ਸਾਰੀ ਸੰਗਤ ਨੇ ਇਕ ਜ਼ਬਾਨ ਹੋ ਕੇ ਉੱਤਰ ਦਿੱਤਾ : “ਸਤਿ ਸਿਰੀ ਅਕਾ....ਲ!"

ਨਾਹਰੇ ਦੀ ਗੂੰਜ ਨਾਲ ਗੁਰਦਵਾਰੇ ਦੀਆਂ ਕੰਧਾਂ ਹਿੱਲ ਗਈਆਂ। ਉਂਜ ਨਾਹਰਾ ਲਾਉਣ ਦੀ ਮਨਾਹੀ ਸੀ। ਕਿਉਂਕਿ ਸੰਗਤ ਨਹੀਂ ਚਾਹੁੰਦੀ ਸੀ ਕਿ ਦੁਸ਼ਮਣ ਨੂੰ ਪਤਾ ਲੱਗ ਜਾਵੇ ਕਿ ਪਿੰਡ ਦੀ ਸਾਰੀ ਸਿੱਖ ਜਨਤਾ ਗੁਰਦਵਾਰੇ ਵਿਚ ਜਮ੍ਹਾਂ ਹੈ। ਪਰ

ਕੁਝ ਗੱਲਾਂ ਤੇ ਮਨੁੱਖ ਦਾ ਕੋਈ ਵੱਸ ਨਹੀਂ ਚਲਦਾ। ਇਸ ਤਿੱਖੀ ਅਸਹਿ ਭਾਵਨਾ ਦਾ ਪ੍ਰਗਟਾ ਨਾਹਰੇ ਰਾਹੀਂ ਹੀ ਕੀਤਾ ਜਾ ਸਕਦਾ ਸੀ।

ਬੁੱਢੇ ਹੱਥਾਂ ਨੇ ਤਲਵਾਰ ਦੀ ਮੁੱਠ ਨੂੰ ਫੜਿਆ, ਉਸਨੂੰ ਚੁੱਕ ਕੇ ਦੋਹਾਂ ਅੱਖਾਂ ਨਾਲ ਚੁੰਮਿਆਂ ਤਾਂ ਸਾਰੀ ਸੰਗਤ ਨੇ ਸਿਸਕਾਰੀ ਭਰੀ। ਦਰਵਾਜ਼ੇ ਤੇ ਖਲੋਤੇ ਨਿਹੰਗ ਦਾ ਸਿਰ ਸੱਜੇ-ਖੱਬੇ ਝੂਲਣ ਲੱਗਾ। ਸੈਂਕੜੇ ਸਿਰ ਹਿਲਣ ਲੱਗੇ :

"ਅੱਜ ਫਿਰ ਖਾਲਸਾ ਪੰਥ ਨੂੰ ਗੁਰੂ ਦੇ ਸਿੰਘਾਂ ਦੇ ਖ਼ੂਨ ਦੀ ਲੋੜ ਹੈ।" ਉਸਨੇ ਕੰਬਦੀ ਹੋਈ ਭਾਵਕ ਅਵਾਜ਼ ਵਿਚ ਕਹਿਣਾ ਸ਼ੁਰੂ ਕੀਤਾ :

"ਸਾਡੇ ਇਮਤਿਹਾਨ ਦਾ ਵੇਲਾ ਆ ਗਿਆ ਹੈ, ਸਾਡੀ ਅਜ਼ਮਾਇਸ਼ ਦਾ ਸਮਾਂ ਆ ਗਿਆ ਹੈ। ਮਹਾਰਾਜ ਦਾ ਇਸ ਵੇਲੇ ਇਕੋ ਹੀ ਹੁਕਮ ਹੈ—ਕੁਰਬਾਨੀ! ਕੁਰਬਾਨੀ! ਕੁਰਬਾਨੀ !''

ਤੇਜਾ ਸਿੰਘ ਮਸਤੀ ਅਤੇ ਵਜਦ ਦੀ ਅਵਸਥਾ ਵਿਚ ਸੀ। ਸਭ ਭਾਵਨਾਵਾਂ ਇਕ 'ਸ਼ਬਦ 'ਕੁਰਬਾਨੀ' ਤੇ ਆ ਕੇ ਕੇਂਦਰਿਤ ਹੋ ਗਈਆਂ ਸਨ।

''ਅਰਦਾਸ ਕਰੋ ਗੁਰੂ ਦੇ ਸਿੰਘ, ਅਰਦਾਸ ਪੜ੍ਹੋ।"

ਸਾਰੀ ਸੰਗਤ ਉਠ ਖਲੋਤੀ। ਹੱਥ ਜੁੜ ਗਏ ਮੱਥੇ ਝੁਕ ਗਏ, ਸਭ ਗਲਿਆਂ ਵਿਚੋਂ ਬੋਲ ਨਿਕਲੇ। ਗੁਰਦਵਾਰਾ ਗੁਰਬਾਣੀ ਨਾਲ ਗੂੰਜ ਉਠਿਆ। ਕਾਫ਼ੀ ਦੇਰ ਤਕ ਅਰਦਾਸ ਪੜੀ ਜਾਂਦੀ ਰਹੀ। ਅੰਤਿਮ ਸ਼ਬਦਾਂ ਤੇ ਅਵਾਜ਼ ਆਪਣੇ ਆਪ ਹੋਰ ਉੱਚੀ ਹੋ ਗਈ :

"ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ.......! " ਆਵਾਜ਼ ਦੀਆਂ ਲਹਿਰ ਸਾਰੇ ਗੁਰਦਵਾਰੇ ਦੇ ਵਾਯੂ ਮੰਡਲ ਦੀਆਂ ਲਹਿਰਾਂ ਵਾਂਗ ਉਠ ਰਹੀਆਂ ਸਨ।

ਅਰਦਾਸ ਖਤਮ ਹੋਣ ਦੀ ਦੇਰ ਸੀ ਕਿ ਦਰਵਾਜ਼ੇ ਤੇ ਖੜੇ ਨਿਹੰਗ ਸਿੰਘ ਨੇ ਹੱਥ ਉਪਰ ਚੁੱਕਿਆ ਅਤੇ ਤਿੱਖੀ ਉੱਚੀ ਅਵਾਜ਼ ਵਿਚ, ਇਥੋਂ ਤਕ ਕਿ ਉਸਦੇ ਗਲੇ

ਦੀਆਂ ਨਾੜਾਂ ਉੱਭਰ ਆਈਆਂ ਅਤੇ ਅੱਖਾਂ ਬੰਦ ਹੋ ਗਈਆਂ, ਫਿਰ ਉਸਨੇ ਨਾਹਰਾ ਲਾਇਆ :

"ਜੋ ਬੋਲੇ ਸੋ ਨਿਹਾਲ !"

ਜਵਾਬ ਵਿਚ ਸੰਗਤਾਂ ਨੇ ਹੱਥ ਉੱਪਰ ਚੁੱਕ ਕੇ ਪੂਰੇ ਜੋਸ਼ ਨਾਲ ਨਾਹਰੇ ਦਾ ਉੱਤਰ ਦਿੱਤਾ:

"ਸਤਿ ਸਿਰੀ ਅਕਾ.........ਲ!"

ਨਵੇਂ ਵਲਵਲੇ ਉਠਣ ਲੱਗੇ ਸਨ। ਨਾਹਰਿਆਂ ਦੀ ਗੂੰਜ ਵਿਚ ਏਕਤਾ ਅਤੇ ਕੁਰਬਾਨੀ ਦੀ ਭਾਵਨਾ ਹੋਰ ਵੀ ਜ਼ਿਆਦਾ ਤੀਖਣ ਹੋ ਜਾਂਦੀ ਹੈ।

ਤਦੇ ਬਾਹਰੋਂ ਕੁਝ ਦੂਰੀ ਤੇ ਅਕਾਸ਼ ਵਿਚ ਗੂੰਜਦੀ ਅਵਾਜ਼ ਸੁਣਾਈ ਦਿੱਤੀ

"ਨਾਰਾ.. ਏ...ਤਕਬੀਰ !" ਜਵਾਬ ਆਇਆ।

"ਅੱਲਾ...ਹੋ ਅਕਬਰ !"

"ਨਾਰਾ.. ਏ ਤਕਬੀਰ।"

"ਅੱਲਾ...ਹੋ.. ਅਕਬਰ !"

ਦਰਵਾਜ਼ੇ ਤੇ ਖਲੋਤੇ ਨਿਹੰਗ ਸਿੰਘ ਜੀ ਨੇ ਫਿਰ ਹੱਥ ਦੀ ਮੁੱਠ ਮੀਟੀ ਅਤੇ ਉਸਨੂੰ ਮੋਢਿਆਂ ਉਪਰ ਉਲਾਰ ਕੇ ਨਾਹਰਾ ਮਾਰਨ ਹੀ ਲੱਗਾ ਸੀ ਕਿ ਤੇਜਾ ਸਿੰਘ ਜੀ ਨੇ ਰੋਕ ਦਿੱਤਾ।

"ਬਸ ਕਾਫ਼ੀ ਹੈ ! ਦੁਸ਼ਮਣ ਨੂੰ ਪਤਾ ਲੱਗ ਗਿਆ ਹੈ......।"

ਪਰ ਮੁਸਲਮਾਨਾਂ ਦੇ ਜਵਾਬੀ ਨਾਹਰੇ ਤੋਂ ਸੰਗਤਾਂ ਨੂੰ ਕੁਝ ਕੁਝ ਅਸਲੀ ਹਾਲਤ ਦਾ ਵੀ ਪਤਾ ਲੱਗ ਗਿਆ ਸੀ।

"ਅਸੀਂ ਨਹੀਂ ਚਾਹੁੰਦੇ ਕਿ ਦੁਸ਼ਮਣ ਨੂੰ ਸਾਡੀ ਤਾਕਤ ਦਾ ਪਤਾ ਲੱਗੇ। ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਪਤਾ ਲੱਗੇ ਕਿ ਸਿਖ ਸੰਗਤ ਗੁਰਦਵਾਰੇ ਵਿਚ ਇਕੱਠੀ ਹੋ ਚੁੱਕੀ ਹੈ। ਇਹ ਨੀਤੀ ਦੀ ਗੱਲ ਹੈ।"

ਇਸ ਉਤੇ ਸੰਗਤਾਂ ਨੂੰ ਸਥਿਤੀ ਤਾ ਵੇਰਵਾ ਦਿੰਦੇ ਹੋਏ ਬੋਲੇ :

"ਅਸੀਂ ਕੋਸ਼ਿਸ਼ ਕੀਤੀ ਹੈ ਕਿ ਜ਼ਿਲ੍ਹੇ ਦੇ ਸਭ ਤੋਂ ਵੱਡੇ ਹਾਕਮ ਡਿਪਟੀ ਕਮਿਸ਼ਨਰ ਸਾਹਿਬ ਬਹਾਦਰ ਨੂੰ ਸੂਚਨਾ ਦੇ ਦਿੱਤੀ ਜਾਵੇ ਕਿ ਮੁਸਲਮਾਨਾਂ ਨੇ ਇੱਥੇ ਕਿਹੜੀਆਂ ਕਿਹੜੀਆ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਰਿਚਰਡ ਸਾਹਿਬ ਨੂੰ ਮੈਂ ਜਾਣਦਾ ਹਾਂ। ਉਹ ਬੜੇ ਇਨਸਾਫ਼ ਪਸੰਦ ਅਤੇ ਸੂਝ-ਬੂਝ ਵਾਲੇ ਸੱਜਣ ਹਨ। ਅਸੀਂ ਹਾਕਿਮ ਦੇ ਆਲਾ ਤਕ ਆਪਣੇ ਦਿਲ ਪਹੁੰਚਾਣ ਤੋਂ ਸਿਵਾ ਹੋਰ ਕਰ ਵੀ ਕੀ ਸਕਦੇ ਹਾਂ। ਕਈ ਤਰ੍ਹਾਂ ਦੀਆਂ ਖਬਰਾਂ ਸਾਡੇ ਕੋਲ ਪਹੁੰਚ ਰਹੀਆਂ ਹਨ। ਸਾਨੂੰ ਪਤਾ ਲੱਗਾ ਹੈ ਕਿ ਰਹੀਮ ਤੇਲੀ ਦੇ ਘਰ ਅਸਲਾ ਇਕੱਠਾ ਕੀਤਾ ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਗੂੜ੍ਹੇ ਨੀਲੇ ਰੰਗ ਦੀ ਇਕ ਮੋਟਰ ਦੁਪਹਿਰ ਵੇਲੇ ਸ਼ਹਿਰ ਵਲੋਂ ਆਈ ਸੀ ਅਤੇ ਕਸਬੇ ਦੇ ਬਾਹਰ ਫਜ਼ਲ ਦੀਨ ਸਕੂਲ ਮਾਸਟਰ ਦੇ ਘਰ ਦੇ ਸਾਹਮਣੇ ਰੁਕੀ ਸੀ ਅਤੇ ਉਸ ਵਿਚੋਂ ਕੁਝ ਸਮਾਨ ਮਾਸਟਰ ਫਜ਼ਲਦੀਨ ਨੂੰ ਦਿੱਤਾ ਗਿਆ ਸੀ। ਇਸ ਪਿਛੋਂ ਮੋਟਰ ਸਿੱਧੀ ਅੱਗੇ ਨਿਕਲ ਗਈ। ਇਹ ਮੋਟਰ ਥਾਂ ਥਾਂ ਜਾਂਦੀ ਅਤੇ ਰੁਕਦੀ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਥੋਂ ਦੇ ਮੁਸਲਮਾਨਾਂ ਨੇ ਮੁਰੀਦ ਪੁਰ ਦੇ ਮੁਸਲਮਾਨਾਂ ਨੂੰ ਖ਼ਬਰ ਭੇਜੀ ਹੈ ਕਿ ਅਸਲਾ ਲੈ ਕੇ ਇਥੇ ਪਹੁੰਚ, ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਸੇਖ ਗ਼ੁਲਾਮ ਰਸੂਲ ਅਤੇ ਪਿੰਡ ਦੇ ਹੋਰ ਮੁਸਲਮਾਨ ਨਾਲ ਗੱਲਾਂ ਕਰੀਏ ਪਰ ਉਹਨਾਂ ਦਾ ਕੋਈ ਇਤਬਾਰ ਨਹੀਂ ਹੈ ... ...।"

''ਤੁਸੀਂ ਕੋਈ ਕੋਸ਼ਿਸ਼ ਨਹੀਂ ਕੀਤੀ। ਇਹ ਕੋਰਾ ਝੂਠ ਹੈ !'

ਅਚਾਨਕ ਸੰਗਤ ਵਿਚੋਂ ਆਵਾਜ਼ ਆਈ ਅਤੇ ਗੁਰਦਵਾਰੇ ਵਿਚ ਸਕਤਾ ਛਾ ਗਿਆ। ਇਹ ਕੌਣ ਹੋਇਆ ਵਿਚ ਬੋਲਣ ਵਾਲਾ ? ਗੁਰਦਵਾਰੇ ਵਿਚ ਬੈਠੇ ਲੋਕਾਂ ਨੂੰ ਗੁੱਸਾ ਚੜ੍ਹ ਗਿਆ।

ਇਕ ਪਤਲਾ ਪਤੰਗ ਯੁਵਕ ਉਠ ਖਲੋਤਾ :

"ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਅਸਾਂ ਲੋਕਾਂ ਨੂੰ ਮੁਸਲਮਾਨਾਂ ਦੇ ਵਿਰੁੱਧ ਭੜਕਾਇਆ ਜਾ ਰਿਹਾ ਹੈ। ਅਸੀਂ ਝੂਠੀਆਂ ਅਫ਼ਵਾਹਾਂ ਸੁਣ ਸੁਣ ਕੇ ਇਕ ਦੂਸਰੇ ਦੇ ਖਿਲਾਫ਼ ਤੈਸ਼ ਵਿਚ ਆ ਰਹੇ ਹਾਂ। ਸਾਨੂੰ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪਿੰਡ ਦੇ ਮੁਸਲਮਾਨਾਂ ਨਾਲ ਮੇਲ ਜੋਲ ਬਣਾਈ ਰਖੀਏ ਅਤੇ ਜਿਥੋਂ ਤਕ ਹੋ ਸਕੇ ਕੋਸ਼ਿਸ਼ ਕਰੀਏ ਕਿ ਪਿੰਡ ਵਿਚ ਫ਼ਸਾਦ ਨਾ ਹੋਵੇ।"

"ਬਹਿ ਜਾ ! ਬਹਿ ਜਾ !"

"ਕੌਮ ਦਾ ਗੱਦਾਰ ! ਕੌਣ ਹੈ ਇਹ ?"

"ਮੈਂ ਨਹੀਂ ਬੈਠਾਂਗਾ ! ਭਰਾਓ, ਮੈਂ ਹੁਣ ਵੀ ਕਹਾਂਗਾ ਕਿ ਸਾਨੂੰ ਵੀ ਸ਼ੇਖ ਗ਼ੁਲਾਮ ਰਸੂਲ ਅਤੇ ਪਿੰਡ ਦੇ ਹੋਰ ਸੰਜੀਦਾ ਮੁਸਲਮਾਨਾਂ ਨੂੰ ਮਿਲਣਾ ਚਾਹੀਦਾ ਹੈ। ਜੇ ਸ਼ੇਖ ਗ਼ੁਲਾਮ ਰਸੂਲ ਨਹੀਂ ਮੰਨਦਾ ਤਾਂ ਨਾ ਸਹੀ, ਪਿੰਡ ਵਿਚ ਹੋਰ ਬਹੁਤ ਸਾਰੇ ਸੰਜੀਦਾ ਮੁਸਲਮਾਨ ਹਨ, ਜਿਨ੍ਹਾਂ ਨਾਲ ਮਿਲ ਕੇ ਸਾਨੂੰ ਸ਼ਹਿਰ ਵਿਚ ਅਮਨ ਕਾਇਮ ਕਰਨਾ ਚਾਹੀਦਾ ਹੈ। ਜੇ ਉਨ੍ਹਾਂ ਨੂੰ ਮੁਰੀਦਪੁਰ ਅਸਲਾ ਆ ਰਿਹਾ ਹੈ ਤਾਂ ਕੀ ਅਸੀਂ ਲੋਕ ਕਹੂਟਾ ਤੋਂ ਅਸਲਾ ਮੰਗਵਾਉਣ ਦੀ ਕੋਸਿਸ਼ ਨਹੀਂ ਕਰ ਰਹੇ। ਕਤਲੋ-ਗਾਰਤ ਕੋਈ ਨਹੀਂ ਚਾਹੁੰਦਾ, ਕਸਬੇ ਦੇ ਸਿੱਖ ਅਤੇ ਮੁਸਲਮਾਨ ਆਪਸ ਵਿਚ ਮਿਲਣ ਅਤੇ ਪਿੰਡ ਵਿਚ ਅਮਨ ਕਾਇਮ ਰੱਖਣ। ਮੈਂ ਅੱਜ ਹੀ ਸਵੇਰੇ ਗ਼ੁਲਾਮ ਰਸੂਲ ਤੇ ਕੁਝ ਹੋਰ ਮੁਸਲਮਾਨਾਂ ਨੂੰ ਮਿਲਿਆ ਹਾਂ।"

"ਤੂੰ ਉਥੇ ਕੀ ਕਰਨ ਗਿਆ ਸੀ ? ਕੀ ਲੱਗਦੇ ਨੇ ਉਹ ਤੇਰੇ ?"

"ਤੇਰਾ ਪਿਉ ਲੱਗਦਾ ਏ ਗ਼ੁਲਾਮ ਰਸੂਲ ?"

'ਮੈਨੂੰ ਬੋਲਣ ਦਿਓ, ਸ਼ਰਾਰਤ ਬਾਹਰ ਦੇ ਪਿੰਡਾਂ ਵਾਲੇ ਕਰਨਗੇ। ਸਾਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਪਿੰਡ ਵਿਚ ਬਾਹਰ ਦੇ ਲੋਕ ਨਾ ਆਉਣ। ਇਸ ਦਾ ਇਕ ਤਰੀਕਾ ਹੈ ਕਿ ਇਥੋਂ ਦੇ ਅਮਨ ਪਸੰਦ ਸਿੱਖ ਅਤੇ ਮੁਸਲਮਾਨ ਮਿਲ ਕੇ

ਉਨ੍ਹਾਂ ਨੂੰ ਰੋਕਣ। ਉਹ ਸਾਡੇ ਕੋਲੋਂ ਡਰ ਕੇ ਅਸਲਾ ਇਕੱਠਾ ਕਰ ਰਹੇ ਹਨ, ਅਤੇ ਅਸੀਂ ਉਨ੍ਹਾਂ ਕੋਲੋਂ ਡਰ ਕੇ ਅਸਲਾ ਇਕੱਠਾ ਕਰ ਰਹੇ ਹਾਂ ......."

"ਮੁਸਲਮਾਨਾਂ ਦਾ ਕੋਈ ਇਤਬਾਰ ਨਹੀਂ ! ਬਹਿ ਜਾ।"

"ਉਹ ਲੋਕ ਕਹਿੰਦੇ ਨੇ ਕਿ ਸਿੱਖਾਂ ਦਾ ਕੋਈ ਇਤਬਾਰ ਨਹੀਂ।"

"ਬਹਿ ਜਾ" ਇਕ ਵੱਡੀ ਉਮਰ ਦਾ ਆਦਮੀ ਉਠ ਕੇ ਖਲੋ ਗਿਆ। ਅਤੇ ਸੋਹਨ ਸਿੰਘ ਨੂੰ ਸੰਬੋਧਨ ਕਰਕੇ ਗੁੱਸੇ ਨਾਲ ਕੰਬਦੇ ਹੋਠਾਂ ਨਾਲ ਬੋਲਿਆ :

"ਤੂੰ ਕੌਣ ਏਂ ਵਿਚ ਬੋਲਣ ਵਾਲਾ ! ਤੇਰੇ ਬੁਲ੍ਹਾਂ ਤੋਂ ਤਾਂ ਤੇਰੀ ਮਾਂ ਦਾ ਦੁੱਧ ਵੀ ਅਜੇ ਤਕ ਨਹੀਂ ਸੁਕਿਆ, ਵੱਡਿਆਂ ਦੀਆਂ ਗੱਲਾਂ ਵਿਚ ਬੋਲ ਰਿਹਾ ਏਂ।"

ਤਿੰਨ ਚਾਰ ਸਰਦਾਰ ਹੋਰ ਵਿਚੋਂ ਉਠ ਖਲੋਤੇ :

"ਤੈਨੂੰ ਪਤਾ ਏ ਸ਼ਹਿਰ ਵਿਚ ਉਨ੍ਹਾਂ ਮੰਡੀ ਨੂੰ ਸਾੜ ਸੁੱਟਿਐ...।"

"ਇਹ ਸਭ ਅੰਗਰੇਜ਼ਾਂ ਦੀ ਸ਼ਰਾਰਤ ਹੈ। ਸੋਹਨ ਸਿੰਘ ਦੀ ਆਵਾਜ਼ ਹੋਰ ਉੱਚੀ ਹੋ ਗਈ ਸੀ : "ਸਾਡਾ ਲਾਭ ਇਸੇ ਵਿਚ ਹੈ ਕਿ ਫ਼ਸਾਦ ਨਾ ਹੋਵੇ। ਸੁਣੋ ਭਰਾਓ, ਸ਼ਹਿਰੋਂ ਅੱਜ ਕੋਈ ਬੱਸ ਨਹੀਂ ਆਈ। ਰਸਤੇ ਵੱਢੇ ਜਾ ਰਹੇ ਹਨ। ਇਹ ਸਾਰਾ ਇਲਾਕਾ ਮੁਸਲਮਾਨੀ ਹੈ। ਜੇ ਪਿੰਡਾਂ ਬਾਹਰਲੇ ਲੋਕਾਂ ਨੇ ਹਮਲਾ ਕਰ ਦਿੱਤਾ ਤਾਂ ਤੁਸੀਂ ਕਿਥੋਂ ਤਕ ਮੁਕਾਬਲਾ ਕਰ ਸਕੋਗੇ ? ਕੁਝ ਇਹ ਵੀ ਸੋਚੋ ਕਹੂਟਾ ਤੋਂ ਤੁਹਾਨੂੰ ਕਿੰਨੀ ਕੁ ਮੱਦਦ ਮਿਲ ਜਾਵੇਗੀ ? ਤੁਸੀਂ ਆਕੜ ਕਿਸ ਗੱਲ ਤੇ ਰਹੇ ਹੋ ?" ਥੋੜ੍ਹੀ ਦੇਰ ਲਈ ਗੁਰਦਵਾਰੇ ਵਿਚ ਚੁੱਪ ਛਾ ਗਈ।

ਤਦ ਤੇਜਾ ਸਿੰਘ ਜੀ ਗੁਰਦਵਾਰੇ ਦੇ ਵਿਚਕਾਰ ਆ ਕੇ ਖਲੋ ਗਏ ਅਤੇ ਆਪਣੀ ਕੰਬਦੀ ਆਵਾਜ਼ ਵਿਚ ਬੋਲੇ :

''ਮੇਰਾ ਦਿਲ ਇਹ ਵੇਖ ਕੇ ਟੁਕੜੇ ਟੁਕੜੇ ਹੋ ਜਾਂਦਾ ਹੈ ਕਿ ਸਾਡੇ ਹੀ ਬੱਚੇ ਗੁਮਰਾਹ ਹੋ ਕੇ ਅਜਿਹੀਆਂ ਗੱਲਾਂ ਕਰਦੇ ਹਨ। ਆਪਣੇ ਹੀ ਪੰਥ ਵਿਰੁੱਧ ਆਵਾਜ਼ ਉਠਾਉਂਦੇ ਹਨ। ਕੀ ਅਸੀਂ ਫਸਾਦ ਚਾਹੁੰਦੇ ਹਾਂ ? ਮੈਂ ਆਪ ਸ਼ੇਖ ਗ਼ੁਲਾਮ ਰਸੂਲ ਨੂੰ

ਕਿਹਾ ਹੈ, ਉਸ ਨੇ ਦਿਲ ਤੇ ਹੱਥ ਰੱਖ ਕੇ ਕਿਹਾ ਕਿ ਪਿੰਡ ਵਿਚ ਕੁਝ ਨਹੀਂ ਹੋਵੇਗਾ। ਅਤੇ ਮੇਰੇ ਪਿੱਠ ਮੋੜਨ ਦੀ ਦੇਰ ਸੀ ਕਿ ਖਾਲਸਾ ਸਕੂਲ ਤੇ ਕੁਝ ਲੋਕਾਂ ਨੇ ਹਮਲਾ ਕੀਤਾ, ਉਥੇ ਦੇ ਪੰਡਿਤ ਚਪੜਾਸੀ ਨੂੰ ਮਾਰ ਸੁੱਟਿਆ ਅਤੇ ਮੁਸਲਮਾਨ ਉਸਦੀ ਵਹੁਟੀ ਨੂੰ ਚੁੱਕ ਕੇ ਲੈ ਗਏ। ਇਹ ਖਬਰ ਮੈਂ ਅਜੇ ਤਕ ਤੁਹਾਨੂੰ ਨਹੀਂ ਦਸੀ ਕਿਉਂਕਿ ਮੈਂ ਨਹੀਂ ਚਾਹੁੰਦਾ ਸਾਂ ਕਿ ਤੁਹਾਨੂੰ ਭੜਕਾਇਆ ਜਾਵੇ।" ਗ਼ਮ ਅਤੇ ਗੁੱਸੇ ਦੀ ਲਹਿਰ ਫਿਰ ਗੁਰਦਵਾਰੇ ਵਿਚ ਦੌੜ ਗਈ।

"ਤੁਹਾਨੂੰ ਕਿਸੇ ਨੇ ਗਲਤ ਖਬਰ ਦਿੱਤੀ ਹੈ।" ਸੋਹਨ ਸਿੰਘ ਫਿਰ ਬੋਲ ਪਿਆ। ਖਾਲਸਾ ਸਕੂਲ ਤੇ ਹਮਲਾ ਜ਼ਰੂਰ ਹੋਇਆ ਸੀ, ਪਰ ਪਿੰਡ ਦੇ ਮੁਸਲਮਾਨਾਂ ਨੇ ਹਮਲਾ ਨਹੀਂ ਕੀਤਾ। ਢੋਕ ਇਲਾਹੀ ਬਖ਼ਸ਼ ਤੋਂ ਕੁਝ ਗੁੰਡੇ ਆਏ ਸਨ, ਪਰ ਮੀਰਦਾਦ, ਸਾਡਾ ਸਾਥੀ ਜੋ ਸ਼ਹਿਰੋਂ ਆਇਆ ਹੈ, ਉਹ ਸਮੇਂ ਸਿਰ ਪਹੁੰਚ ਗਿਆ। ਉਸ ਨੇ ਤੇ ਪਿੰਡ ਦੇ ਦੋ ਹੋਰ ਮੁੰਡਿਆਂ ਨੇ ਵਿਚ ਪੈ ਕੇ ਬਚ-ਬਚਾਓ ਕਰਾ ਦਿੱਤਾ ਅਤੇ ਹਾਲਾਤ ਨੂੰ ਵਿਗੜਨ ਤੋਂ ਬਚਾ ਲਿਆ। ਚਪੜਾਸੀ ਨੂੰ ਕੇਵਲ ਸੱਟਾਂ ਲੱਗੀਆਂ ਹਨ, ਉਹ ਮਰਿਆ ਨਹੀਂ ਹੈ ਅਤੇ ਉਸਦੀ ਵਹੁਟੀ ਨੂੰ ਵੀ ਕੋਈ ਚੁੱਕ ਕੇ ਨਹੀਂ ਲੈ ਗਿਆ। ਉਹ ਅਜੇ ਵੀ ਸਕੂਲ ਵਿਚ ਹੈ।"

"ਇਹ ਮੀਰਦਾਦ ਕੌਣ ਏ" ? ਇਕ ਸਰਦਾਰ ਬੋਲਿਆ।

"ਮੈਂ ਇਸਨੂੰ ਮੀਰਦਾਦ ਨਾਲ ਕਾਹਵਾਖਾਨੇ ਵਿਚ ਬੈਠਿਆਂ ਵੇਖਿਆ ਹੈ। ਪਤਾ ਨਹੀਂ ਆਪਸ ਵਿਚ ਇਹ ਕੀ ਕੀ ਗੱਲਾਂ ਕਰਦੇ ਰਹਿੰਦੇ ਹਨ। ਜਦ ਮੁਸਲੇ ਸਾਡੀਆਂ ਔਰਤਾਂ ਦੀ ਇੱਜ਼ਤ ਲੂਟ ਰਹੇ ਹਨ, ਇਧਰ ਸਾਡੇ ਹੀ ਲੜਕੇ ਮੁਸਲਿਆਂ ਨਾਲ ਗਠਜੋੜ ਕਰ ਰਹੇ ਹਨ।" ਫਿਰ ਉਸੇ ਪਤਲੇ ਪਤੰਗ ਸਰਦਾਰ ਨੂੰ ਸੰਬੋਧਨ ਕਰਕੇ ਬੋਲਿਆ : "ਸਾਨੂੰ ਕੀ ਸਮਝਾਉਂਦਾ ਏਂ ? ਮੁਸਲਿਆਂ ਨੂੰ ਜਾ ਕੇ ਸਮਝਾ। ਕੀ ਸਿਖਾਂ ਨੇ ਕਿਸੇ ਨੂੰ ਅਜੇ ਤਕ ਮਾਰਿਆ ਏ, ਕਿਸੇ ਦਾ ਘਰ ਲੁੱਟਿਆ ਏ। ਵੱਡਾ ਆਇਆ ਸਾਨੂੰ ਉਪਦੇਸ਼ ਦੇਣ ਵਾਲਾ।"

ਹਵਾ ਫਿਰ ਬਦਲ ਗਈ ਸੀ। ਦਰਵਾਜ਼ੇ ਤੇ ਖਲੋਤਾ ਨਿਹੰਗ ਸਿੰਘ ਤੁਰਦਾ ਹੋਇਆ, ਕਦਮ ਵਧਾਉਂਦਾ ਮਾੜੇ ਜਿਹੇ ਇਸ ਸਰਦਾਰ ਕੋਲ ਆਇਆ ਅਤੇ ਸਿੱਧੀ ਧੌਲ ਉਸਦੀ ਧੌਣ ਤੇ ਮਾਰੀ।

"ਬਸ ..ਬਸ ਨਾ ਮਾਰੋ, ਨਾ...ਮਾਰੋ।"

ਕੋਲ ਬੈਠੇ ਕੁਝ ਲੋਕ ਉਠ ਖਲੋਤੇ ਅਤੇ ਨਿਹੰਗ ਸਿੰਘ ਦਾ ਹੱਥ ਰੋਕ ਦਿੱਤਾ।

ਐਨ ਉਸ ਵੇਲੇ ਜਦ ਇਹ ਹੰਗਾਮਾ ਗੁਰਦਵਾਰੇ ਵਿਚ ਚਲ ਰਿਹਾ ਸੀ, ਮੁਸਲਮਾਨਾਂ ਦੇ ਮੁਹੱਲੇ ਮੀਰਦਾਦ ਦੀ ਜਾਨ ਮੁਸੀਬਤ ਵਿਚ ਫਸੀ ਹੋਈ ਸੀ।

ਤਿੰਨ ਕਸਾਈਆਂ ਦੀਆਂ ਦੁਕਾਨਾਂ ਨਾਲ ਨਾਲ ਸਨ, ਪਰ ਇਸ ਵੇਲੇ ਬੰਦ ਸਨ ਅਤੇ ਲੋਕ ਚਬੂਤਰਿਆਂ ਤੇ ਬੈਠੇ ਮੀਰਦਾਦ ਨਾਲ ਉਲਝ ਰਹੇ ਸਨ।

"ਓਏ ਚੁੱਪ ਓਏ, ਅੰਗਰੇਜ਼ ਨੂੰ ਕਿਸ ਨੇ ਵੇਖਿਆ ਹੈ। ਸ਼ਹਿਰ ਵਿਚ ਕਿੰਨੇ ਹੀ ਮੁਸਲਮਾਨ ਮਾਰੇ ਗਏ ਹਨ ਅਤੇ ਉਹਨਾਂ ਦੀਆਂ ਲਾਸ਼ਾਂ ਅਜੇ ਵੀ ਗਲੀਆਂ ਵਿਚ ਪਈਆਂ ਹਨ। ਓਏ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਮਾਰਿਆ ਹੈ। ਮਸਜਿਦ ਦੇ ਸਾਹਮਣੇ ਸੂਰ ਸੁਣਿਆ ਗਿਆ ਏ, ਉਹ ਵੀ ਅੰਗਰੇਜ ਸੂਟ ਗਿਆ ਹੈ ਉਏ ?"

'ਓ ਕੁਝ ਸਮਝੋ' ਮੀਰ ਦਾਦ ਨੇ ਹੱਥ ਝਟਕ ਕੇ ਕਿਹਾ।

''ਜੇ ਹਿੰਦੂ, ਮੁਸਲਮਾਨ ਅਤੇ ਸਿੱਖ ਮਿਲ ਜਾਂਦੇ ਹਨ, ਉਨ੍ਹਾਂ ਵਿਚ ਏਕਤਾ ਹੋ ਜਾਂਦੀ ਹੈ, ਤਾਂ ਅੰਗਰੇਜ਼ ਦੀ ਹਾਲਤ ਕਮਜ਼ੋਰ ਪੈ ਜਾਂਦੀ ਹੈ। ਜੇ ਅਸੀਂ ਆਪਸ ਵਿਚ ਲੜਦੇ ਰਹੀਏ ਤਾਂ ਉਨ੍ਹਾਂ ਦੀ ਹਾਲਤ ਮਜ਼ਬੂਤ ਹੋ ਜਾਂਦੀ ਹੈ।"

ਉਹੋ ਘਿਸਿਆ ਪਿਟਿਆ ਤਰਕ ਸੀ ਜਿਸਨੂੰ ਲੋਕ ਰੋਜ਼ ਸੁਣਦੇ ਰਹਿੰਦੇ ਸਨ, ਪਰ ਹੁਣ ਪਾਣੀ ਸਿਰ ਉਪਰੋਂ ਲੰਘ ਚੁੱਕਾ ਸੀ, ਇਸ ਤਰਕ ਦਾ ਕਿਤੇ ਅਸਰ ਨਹੀਂ ਹੁੰਦਾ ਸੀ।

"ਜਾ, ਜਾ, ਸਿਰ ਤੇ ਬਦਾਮ ਰੋਗਨ ਦੀ ਮਾਲਿਸ਼ ਕਰ ?" ਮੋਟੇ ਕਸਾਈ ਨੇ ਕਿਹਾ।" "ਸਾਡਾ ਅੰਗਰੇਜ਼ ਨੇਂ ਕੀ ਵਿਗਾੜਿਆ ਹੈ ਓਏ, ਹਿੰਦੂ ਮੁਸਲਮਾਨ ਦੀ

ਦੁਸ਼ਮਣੀ ਪੁਰਾਣੇ ਜਮਾਨੇ ਤੋਂ ਤੁਰੀ ਆ ਰਹੀ ਹੈ। ਕਾਫ਼ਰ ਕਾਫ਼ਰ ਹੈ, ਜਦ ਤਕ ਉਹ ਦੀਨ ਕਬੂਲ ਨਹੀਂ ਕਰੇਗਾ ਉਹ ਦੁਸ਼ਮਣ ਹੈ। ਕਾਫ਼ਰ ਨੂੰ ਮਾਰਨਾ ਪੁੰਨ ਹੈ।"

"ਓ ਸੁਣ ਚਾਚਾ", ਮੀਰਦਾਦ ਬੋਲਿਆ, "ਰਾਜ ਕਿਸ ਦਾ ਹੈ ?"

''ਕਿਸ ਦਾ ਹੈ, ਅੰਗਰੇਜ਼ ਦਾ ਹੈ, ਹੋਰ ਕਿਸ ਦਾ ਹੈ।"

"ਫੌਜ ਕਿਸ ਦੀ ਹੈ ?"

"ਅੰਗਰੇਜ਼ ਦੀ ਹੈ।" ਕਸਾਈ ਬੋਲਿਆ।

"ਤਾਂ ਜੋ ਉਹ ਲੜਾਈ ਰੋਕਣਾ ਚਾਹੇ ਤਾਂ ਰੋਕ ਨਹੀਂ ਸਕਦਾ ?"

"ਰੋਕ ਸਕਦਾ ਹੈ ਪਰ ਉਹ ਸਾਡੇ ਧਾਰਮਿਕ ਮਸਲਿਆਂ ਵਿਚ ਦਖਲ ਨਹੀਂ ਦਿੰਦਾ। ਅੰਗਰੇਜ਼ ਇਨਸਾਫ਼ ਪਸੰਦ ਹੈ।"

'ਭਾਵ, ਕਿ ਅਸੀਂ ਇਕ ਦੂਸਰੇ ਦਾ ਸਿਰ ਵੱਢੀਏ ਅਤੇ ਉਹ ਧਾਰਮਿਕ ਮਾਮਲਾ ਕਹਿ ਕੇ ਤਮਾਸ਼ਾ ਵੇਖਦਾ ਰਹੇ, ਫਿਰ ਉਹ ਹਾਕਮ ਕਿਹੋ ਜਿਹਾ ਹੋਇਆ ?"

ਇਸ ਤੇ ਮੋਟਾ ਕਸਾਈ ਗੁੱਸੇ ਵਿਚ ਬੋਲਿਆ :

"ਸੁਣ ਓਏ ਮੀਰਦਾਦ, ਲੜਾਈ ਹਿੰਦੂ ਮੁਸਲਮਾਨ ਦੀ ਹੈ, ਇਸ ਵਿਚ ਅੰਗਰੇਜ਼ ਦਾ ਦਖ਼ਲ ਨਹੀਂ ਹੈ। ਤੂੰ ਏਧਰ ਬਕ ਬਕ ਨਾ ਕਰ। ਜੇ ਪਿਉ ਦਾ ਪੁਤ ਏਂ, ਤਾਂ ਜਾ ਇਸ ਵੇਲੇ ਗੁਰਦਵਾਰੇ ਵਿਚ, ਤੂੰ ਉਨ੍ਹਾਂ ਨੂੰ ਸਮਝਾ ਕਿ ਅਸਲਾ ਇਕੱਠਾ ਨਾ ਕਰਨ। ਉਨ੍ਹਾਂ ਨੂੰ ਜਾ ਕੇ ਮਨਾਂ ਲੈ। ਉਹ ਮੰਨ ਜਾਣ, ਆਪਣਾ ਅਸਲਾ ਬਾਰੂਦ ਗੁਰਦਵਾਰੇ ਵਿਚ ਛੱਡ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਜਾਣ। ਅਸੀਂ ਵੀ ਲੜਾਈ ਨਹੀਂ ਚਾਹੁੰਦੇ। ਅਸੀਂ ਵੀ ਆਪਣੇ ਆਪਣੇ ਘਰਾਂ ਵਿਚ ਜਾ ਬੈਠਾਂਗੇ। ਬਸ 'ਜੋ ਪਿਉ ਦਾ ਪੁੱਤ ਏ ਤਾਂ ਜਾ ਉਨ੍ਹਾਂ ਨਾਲ ਗੱਲ ਕਰ, ਸਾਡਾ ਸਿਰ ਨਾ ਖਾਹ।"

ਜਦੋਂ ਦਾ ਫਸਾਦਾਂ ਦਾ ਤਣਾਓ ਸ਼ੁਰੂ ਹੋਇਆ ਸੀ, ਮੀਰਦਾਦ, ਕਸਬੇ ਵਿਚ ਥਾਂ ਥਾਂ, ਨਾਨਬਾਈ ਦੀ ਦੁਕਾਨ ਤੇ, ਗੰਡਾ ਸਿੰਘ ਚਾਹ ਵਾਲੇ ਦੀ ਦੁਕਾਨ ਤੇ, ਸ਼ੇਖ ਦੀ ਬੈਠਕ ਵਿਚ ਜਾਂ ਖੂਹ ਉਤੇ ਜਿਥੇ ਚਾਰ ਆਦਮੀ ਬੈਠੇ ਹੋਣ ਇਹੋ ਚਰਚਾ ਲੈ ਬੈਠਦਾ

ਸੀ। ਲੋਕ ਉਸ ਦੀ ਗੱਲ ਨੂੰ ਸੁਣਦੇ ਕਿਉਂਕਿ ਉਹ ਦੋ ਅੱਖਰ ਪੜ੍ਹਿਆ ਹੋਇਆ ਸੀ, ਲਾਹੌਰ, ਬੰਬਈ, ਮਦਰਾਸ ਘੁੰਮ ਆਇਆ ਸੀ ਅਤੇ ਹੁਣ ਆਪਣੇ ਛੋਟੇ ਭਰਾ ਅਲਾਹਦਾਦ ਕੋਲ ਸ਼ਹਿਰੋਂ ਆਇਆ ਸੀ। ਪਰ ਕਸਬੇ ਵਿਚ ਤਨਾਓ ਵਧਣ ਤੇ ਅਤੇ ਬਾਹਰੋਂ ਕਈ ਤਰ੍ਹਾਂ ਦੀਆਂ ਖਬਰਾਂ ਆਉਣ ਤੇ ਉਹ ਹੌਲੀ ਹੌਲੀ ਇਕੱਲਾ ਹੁੰਦਾ ਗਿਆ ਸੀ। ਉਸਦੀ ਗੱਲ ਵਿਚ ਵਜ਼ਨ ਇਸ ਲਈ ਨਹੀਂ ਸੀ ਕਿ ਉਸ ਕੋਲ ਆਪਣੀ ਜ਼ਮੀਨ ਨਹੀਂ ਸੀ, ਨਾ ਜ਼ਮੀਨ, ਨਾ ਮਕਾਨ। ਨਾਨਬਾਈ ਦੀ ਦੁਕਾਨ ਦੇ ਬਾਹਰ ਮੰਜੀ ਵਿਛਾ ਕੇ ਸੌਂਦਾ ਸੀ। ਸ਼ਹਿਰੋਂ ਇਸ ਲਈ ਆਇਆ ਸੀ ਕਿ ਇਥੇ ਸਕੂਲ ਖੋਲ੍ਹੇਗਾ। ਪਿੰਡ ਦੇ ਲੋਕ ਸਮਝਦੇ ਸਨ ਕਿ ਸਕੂਲ ਬਣ ਜਾਣ ਨਾਲ ਉਸਨੂੰ ਕਮਾਈ ਦਾ ਛੋਟਾ ਮੋਟਾ ਸਾਧਨ ਮਿਲ ਜਾਵੇਗਾ, ਜਦ ਕਿ ਇਹ ਵਿਚਾਰ ਮੀਰਦਾਦ ਦੇ ਮਨ ਵਿਚ ਨਹੀਂ ਸੀ। ਉਹ ਸਕੂਲ ਦੇ ਬਹਾਨੇ ਕਸਬੇ ਦੇ ਲੋਕਾਂ ਨੂੰ ਮਿਲਣ ਜੁਲਣ ਦਾ ਸਾਧਨ ਬਣਾਉਣਾ ਚਾਹੁੰਦਾ ਸੀ ਤਾਕਿ ਹਰ ਕੋਈ ਉਸ ਵਿਚ ਆ ਜਾ ਸਕੇ, ਲੋਕ ਬੈਠਣ, ਕੋਈ ਉਨ੍ਹਾਂ ਨੂੰ ਅਖਬਾਰ ਪੜ੍ਹ ਕੇ ਸੁਣਾਏ, ਉਹ ਮਸਲਿਆਂ ਮਾਮਲਿਆਂ ਦੀ ਚਰਚਾ ਕਰਨ ਜਿਸ ਨਾਲ ਉਨ੍ਹਾਂ ਦੀ ਸੂਝ ਬੂਝ ਵਧੇ। ਇਸ ਵੇਲੇ ਉਸਨੂੰ ਦੇਵਦੱਤ ਨੇ ਕਸਬੇ ਵਿਚ ਡਟੇ ਰਹਿਣ ਅਤੇ ਫਸਾਦ ਰੋਕਣ ਲਈ ਭੇਜਿਆ ਸੀ। ਸੋਹਨ ਸਿੰਘ ਨੂੰ ਵੀ ਇਸੇ ਕੰਮ ਲਈ ਭੇਜਿਆ ਗਿਆ ਸੀ। ਦੋਵੇਂ ਇਕੋ ਪਾਰਟੀ ਦੇ ਕਾਰਜ ਕਰਤਾ ਸਨ, ਦੋਹਾਂ ਦੇ ਰਿਸ਼ਤੇਦਾਰ ਇਸ ਕਸਬੇ ਵਿਚ ਰਹਿੰਦੇ ਸਨ, ਪਰ ਦੋਹਾਂ ਵਿਚੋਂ ਕਿਸੇ ਦੀ ਵੀ ਦਾਲ ਨਹੀਂ ਗਲ ਰਹੀ ਸੀ।

ਤਦੇ ਕਸਾਈਆਂ ਦੀ ਦੁਕਾਨ ਦੇ ਕੋਲ ਹੀ ਇਕ ਛੋਟੀ ਜਿਹੀ ਘਟਨਾ ਘਟੀ। ਗਲੀ ਦੀਆਂ ਦੁਕਾਨਾਂ ਤੋਂ ਹਟ ਕੇ, ਗਲੀ ਦੇ ਹਨੇਰੇ ਹਿੱਸੇ ਵਿਚ, ਟਾਟ ਦੇ ਪਰਦੇ ਪਿਛੇ ਬੈਠਾ ਇਕ ਆਦਮੀ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਗੁਰਦਵਾਰੇ ਵਿਚੋਂ ਭੇਜਿਆ ਗਿਆ ਮੁਖਬਰ ਸੀ। ਆਸ ਪਾਸ ਮੁਸਲਮਾਨਾਂ ਦੇ ਘਰ ਸਨ, ਪਰ ਇਸ ਵਿਚਕਾਰਲੇ ਘਰ ਵਿਚ ਜਿਸਦੇ ਟਾਟ ਦੇ ਪਰਦੇ ਪਿਛੇ ਗੁਪਾਲ ਸਿੰਘ ਬੈਠਾ ਸੀ, ਬੁੱਢੀ

ਵਿਧਵਾ ਚੰਨਣ ਦੇਈ ਰਹਿੰਦੀ ਸੀ। ਪਿਛਲੇ ਘਰ ਦੀ ਕੰਧ ਟੱਪ ਕੇ ਗੁਪਾਲ ਸਿੰਘ ਇੱਥੇ ਆ ਕੇ ਬੈਠ ਗਿਆ ਸੀ ਤਾਂ ਕਿ ਮੁਸਲਮਾਨਾਂ ਦੀਆਂ ਯੋਜਨਾਵਾਂ ਦਾ ਪਤਾ ਲੱਗ ਸਕੇ। ਮੀਰਦਾਦ ਅਤੇ ਕਸਾਈਆਂ ਦੀਆਂ ਗੱਲਾਂ ਸੁਣਦੇ ਹੋਏ ਇਕ ਵਾਰ ਉਸਨੇ ਟਾਟ ਦਾ ਪਰਦਾ ਚੁੱਕਿਆ ਅਤੇ ਚੁਪਚਾਪ ਗਲੀ ਵਿਚ ਸਰਕ ਕੇ ਨਾਲ ਵਾਲੇ ਮਕਾਨ ਦੇ ਚਬੂਤਰੇ ਪਿਛੇ ਛਿਪ ਕੇ ਬੈਠ ਗਿਆ। ਇਥੋਂ ਗੱਲਬਾਤ ਜ਼ਿਆਦਾ ਸਾਫ਼ ਸੁਣਾਈ ਦਿੰਦੀ ਸੀ। ਘਰਾਂ ਦੇ ਦਰਵਾਜ਼ੇ ਬੰਦ ਸਨ ਅਤੇ ਕਈ ਵਿਚ ਹਨੇਰਾ ਸੀ, ਅਤੇ ਉਸਨੇ ਸੋਚਿਆ ਸੀ ਕਿ ਜੋ ਕਿਤੋਂ ਆਹਟ ਸੁਣਾਈ ਦਿੱਤੀ ਤਾਂ ਉਹ ਝਟ ਪਟ ਉਠ ਕੇ ਟਾਟ ਦੇ ਪਰਦੇ ਪਿਛੇ ਲੁਕ ਜਾਵੇਗਾ। ਲੇਕਨ ਇਸਦਾ ਉਸਨੂੰ ਮੌਕਾ ਹੀ ਨਹੀਂ ਮਿਲਿਆ। ਉਸਦੇ ਕੰਨ ਵਾਰਤਾਲਾਪ ਤੇ ਲੱਗੇ ਸਨ ਜਦ ਅਚਾਨਕ ਪਿਛੋਂ ਆਹਟ ਹੋਈ। ਉਸਨੇ ਘੁੰਮ ਕੇ ਵੇਖਿਆ ਤਾਂ ਗਲੀ ਦੇ ਝਟਪੁਟੇ ਵਿਚ ਨਾਲ ਵਾਲੇ ਮਕਾਨੋਂ ਇਕ ਆਦਮੀ ਚਬੂਤਰ ਦੀਆਂ ਦੇ ਪੌੜੀਆਂ ਉਤਰ ਕੇ ਸਿੱਧਾ ਗੁਪਾਲ ਸਿੰਘ ਵੱਲ ਵਧਿਆ ਆ ਰਿਹਾ ਸੀ। ਸਰਦਾਰ ਜੀ ਬਹੁਤ ਬੁਰੀ ਤਰ੍ਹਾਂ ਘਬਰਾ ਗਏ। ਹਨੇਰੇ ਵਿਚ ਇਹ ਦ੍ਰਿਸ਼ ਉਸਨੂੰ ਬੇਹੱਦ ਭਿਆਨਕ ਲੱਗਿਆ। ਉਹ ਆਦਮੀ ਚਬੂਤਰੇ ਤੋਂ ਉਤਰ ਆਇਆ ਸੀ ਅਤੇ ਉਸਨੇ ਆਪਣੇ ਦੋਵੇਂ ਹੱਥ ਕਮੀਜ਼ ਦੇ ਹੇਠਾ ਕੀਤਾ ਹੋਏ ਸਨ ਜਿਵੇਂ ਆਪਣਾ ਖੰਜਰ ਕੱਢ ਰਿਹਾ ਹੋਵੇ। ਗੁਪਾਲ ਸਿੰਘ ਮੁਖਬਰ ਹੜਬੜਾ ਕੇ ਉਠ ਖਲੋਤਾ ਅਤੇ ਉਸਦੇ ਮੂੰਹੋਂ ਚੀਕ ਨਿਕਲ ਗਈ। ਟਾਟ ਦੇ ਪਰਦੇ ਵੱਲ ਤਾਂ ਉਸਨੇ ਕੀ ਜਾਣਾ ਸੀ, ਉਹ ਸਿੱਧਾ ਸਿਰ ਤੇ ਪੈਰ ਰੱਖ ਕੇ ਭੱਜਿਆ। ਇਸ ਘਬਰਾਹਟ ਵਿਚ ਉਹ ਉਸ ਆਦਮੀ ਨਾਲ ਬੁਰੀ ਤਰ੍ਹਾਂ ਟਕਰਾ ਗਿਆ ਜੋ ਕਮੀਜ਼ ਹੇਠੋਂ ਛੁਰਾ ਕੱਢਣ ਲੱਗਾ ਸੀ। ਅਸਲ ਵਿਚ ਟੱਕਰ ਹੋਣ ਤੋਂ ਪਹਿਲਾਂ ਹੀ ਉਹ ਆਦਮੀ ਆਪਣਾ ਨਾਲਾ ਖੋਲ੍ਹ ਕੇ ਨਾਲੀ ਉੱਤੇ ਲੱਗਪਗ ਬੈਠ ਚੁੱਕਾ ਸੀ। ਗੁਪਾਲ ਸਿੰਘ ਮੁਖਬਰ ਦੀ ਨਜ਼ਰ ਉਸਦੇ ਪੋਪਲੇ ਮੂੰਹ, ਘੁਟੇ ਹੋਏ ਸਿਰ ਅਤੇ ਲੱਗਭਗ ਅੰਨ੍ਹੀਆਂ ਅੱਖਾਂ ਵੱਲ ਨਹੀਂ ਗਈ। ਟੱਕਰ ਖਾ ਕੇ ਬੁੱਢਾ ਨੂਰ ਖਾਨ ਗਲੀ ਵਿਚ ਡਿੱਗ ਪਿਆ ਅਤੇ ਫਿਰ ਉਸਦੇ ਮੂੰਹੋਂ ਚੀਕ ਵੀ ਨਿਕਲੀ :

"ਮਾਰ ਸੁਟਿਆ, ਓ ਮਾਰ ਸੁਟਿਆ।"

ਇਹ ਸਭ ਅੱਖ ਦੇ ਝਲਕਾਰੇ ਵਿਚ ਹੋ ਗਿਆ ਸੀ ਅਤੇ ਬੁੱਢੇ ਨੂਰੂ ਦੀ ਆਵਾਜ਼ ਅਤੇ ਭੱਜਦੇ ਕਦਮਾਂ ਦੀ ਆਵਾਜ਼ ਸੁਣ ਕੇ ਕਸਾਈਆਂ ਦੀਆਂ ਦੁਕਾਨਾਂ ਤੋਂ ਦੋ ਆਦਮੀ ਬਰਛੇ ਚੁੱਕੀ ਇਕੱਠੇ ਦੌੜ ਪਏ। ਅਸ਼ਰਫ ਕਸਾਈ ਤਾਂ ਸਿੱਧਾ ਭੱਜਦੇ ਆਦਮੀ ਦੇ ਪਿੱਛੇ ਦੌੜਿਆ ਅਤੇ ਜ਼ੋਰ ਨਾਲ ਆਪਣੀ ਡਾਂਗ ਸੁਟੀ। ਡਾਂਗ ਮੁਖਬਰ ਨੂੰ ਨਹੀਂ ਵੱਜੀ ਅਤੇ ਡਾਂਗ ਲਾਗੇ ਡਿਗਣ ਤੇ ਉਸਦਾ ਹੌਸਲਾ ਟੁੱਟ ਗਿਆ ਅਤੇ ਉਹ ਵੀ ਚਿੱਲਾ ਉਠਿਆ।

“ਬਚਾਓ, ਬਚਾਓ, ਮਾਰ ਸੁਟਿਆ।"

ਤਦੇ ਹੋਰ ਲੋਕ ਵੀ ਗਲੀ ਵਿਚ ਆ ਗਏ। ਬੁੱਢਾ ਨੂਰੂ ਅਜੇ ਵੀ ਨਾਲੀ ਦੇ ਕਿਨਾਰੇ ਉਕੜੂੰ ਪਿਆ ਸੀ ਅਤੇ ਨਾਲਾ ਉਸਦੇ ਹੱਥ ਵਿਚ ਸੀ ਅਤੇ ਚੀਕਦੀ ਹੋਈ ਅਵਾਜ਼ ਵਿਚ ਅਜੇ ਵੀ ਬੋਲੀ ਜਾ ਰਿਹਾ ਸੀ।

"ਮਾਰੀ ਦਿੱਤਾ, ਓ ਮਿਛੀ ਮਾਰੀ ਦਿੱਤਾ।”

ਗਲੀ ਵਿਚੋਂ ਅਸ਼ਰਫ਼ ਨੂੰ ਅਵਾਜਾਂ ਮਾਰੀਆਂ ਜਾਣ ਲੱਗੀਆਂ :

"ਪਰਤ ਆ, ਅੱਗੇ ਨਾ ਜਾਓ, ਵਾਪਸ ਆ ਜਾਓ"

ਉਸ ਵੇਲੇ ਗਲੀ ਵਿਚ ਖਲੋਤੇ ਲੋਕਾਂ ਵਿੱਚੋਂ ਮੀਰ ਦਾਦ ਅੱਗੇ ਵਧਿਆ ਅਤੇ ਬੁੱਢੇ ਨੁਰੂ ਨੂੰ ਖੜਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਇਸ ਤੇ ਮੋਟਾ ਕਸਾਈ ਅੱਗ ਭਭੂਕਾ ਹੋ ਗਿਆ:

ਵੇਖ ਲਿਆ ਓ ਮੀਰ ਦਾਦ ਦੇ ਬੱਚੇ! ਨੂਰੇ ਨੂੰ ਅੰਗਰੇਜ਼ਾਂ ਨੇ ਮਾਰਿਆ ਏ? ਚਲਾ ਜਾ ਇੱਥੋਂ ਨਹੀਂ ਤਾਂ ਕਸਮ ਖੁਦਾ ਦੀ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ। ਦਫਾ ਹੋ ਜਾ ਏਥੋਂ ਦੂਰ ਹੋ ਜਾ ਸਾਡੀਆਂ ਅੱਖਾਂ ਸਾਹਮਣਿਓ" ਅਤੇ ਮੀਰ ਦਾਦ ਨੂੰ ਲੱਗਭਗ ਧੱਕੇ ਮਾਰ ਕੇ ਉਥੋਂ ਕੱਢ ਦਿੱਤਾ।

"ਨਾ ਘਰ, ਨਾ ਘਾਟ, ਨਾ ਅੱਗਾ ਨਾ ਪਿੱਛਾ, ਅਮਨ ਕਰਵਾਉਣ ਆਇਆ ਹੈ, ਓਏ ਤੂੰ ਹੈ ਕੌਣ ? ਜਿਸਨੂੰ ਮਾਂ ਨਹੀਂ ਪੁੱਛਦੀ ਸਾਡੇ ਕੋਲ ਕਰੇ ਆਉਂਦੇ ਹਨ। ਮੁਫਤਖੋਰ ਕਿਤੋਂ ਦਾ।"

ਗਲੀ ਦੇ ਸਿਰੇ ਤੋਂ ਮੀਰ ਦਾਦ ਨੇ ਫਿਰ ਕੁਝ ਕਹਿਣ ਦੀ ਕੋਸ਼ਿਸ਼ ਕੀਤੀ, ਪਰ ਕਸਾਈ ਬਿਫਰਿਆ ਹੋਇਆ ਸੀ ਕੜਕ ਕੇ ਬੋਲਿਆ :

'ਜਾ ਜਾ ਨਿਕਲ ਜਾ ਇਥੋਂ ਮਰਦੂਦ ਕਿਤੇ ਦਾ ਇਕ ਥੱਪੜ ਮਾਰਾਂਗਾ ਮੂੰਹ ਤੇ ਅਤੇ ਦੰਦ ਬਾਹਰ ਆ ਜਾਣਗੇ। ਜਾਂ, ਆਪਣੇ ਪਿਉ ਨੂੰ ਲੈਕਚਰ ਦੇ"

ਨੀਵੀਂ ਪਾਈ, ਮਾੜਚੂ ਜਿਹਾ ਮੀਰ ਦਾਦ ਉਥੋਂ ਜਾਣ ਲੱਗਾ। ਸ਼ੁਰੂ ਸ਼ੁਰੂ ਵਿਚ ਕੁਝ ਲੋਕ ਉਸਦੀ ਗੱਲ ਸੁਣਦੇ ਸਨ ਅਤੇ ਹਾਂ ਵਿਚ ਹਾਂ ਮਿਲਾਉਂਦੇ ਸਨ। ਉਹ ਲੋਕ ਹੁਣ ਕਿਤੇ ਦਿਖਾਈ ਨਹੀਂ ਦੇ ਰਹੇ ਸਨ। ਇਹੋ ਮੋਟਾ ਕਸਾਈ ਇਸ ਨਾਲ ਪਹਿਲਾ ਹੱਸ ਹੱਸ ਕੇ ਗੱਲਾ ਕਰਦਾ ਸੀ। ਹੁਣ ਉਸਦੀਆਂ ਅੱਖਾਂ ਵਿਚ ਵੀ ਲਹੂ ਉਤਰ ਆਇਆ ਸੀ।

ਗੋਪਾਲ ਸਿੰਘ ਮੁਖਬਰ ਭੱਜਦਾ ਗਿਆ, ਚਿਲਾਉਂਦਾ ਗਿਆ ਅਤੇ ਗੁਰਦਵਾਰੇ ਦੇ ਨੇੜੇ ਪਹੁੰਚਣ ਤਕ ਚਿਲਾਉਂਦਾ ਰਿਹਾ। ਸੰਗਤਾਂ ਦੇ ਵਿਚ ਫਿਰ ਉਤੇਜਨਾ ਦੀ ਲਹਿਰ ਦੌੜ ਗਈ। ਲੋਕ ਫਟਾ ਫਟ ਬਾਹਰ ਆਉਣ ਲੱਗੇ। ਕੁਝ ਦੇਰ ਲਈ ਸਾਰਾ ਅਨੁਸ਼ਾਸਨ ਭੰਗ ਹੋ ਗਿਆ। ਦੋਵੇਂ ਨਿਹੰਗ ਸਿੰਘ ਬਾਹਰ ਆ ਗਏ। ਛੱਤ ਤੇ ਖਲੋਤੇ ਨਿਹੰਗ ਸਿੰਘ ਪੌੜੀਆਂ ਉਤਰ ਕੇ ਹੇਠਾਂ ਆ ਗਏ। ਕੀ ਹੋਇਆ, ਕੀ ਹੋਇਆ ?" ਗੁਰਦਵਾਰੇ ਦੇ ਅੰਦਰ ਜਿਆਦਾ ਲੋਕ ਖਲੋ ਗਏ।

ਦਸ ਆਦਮੀਆਂ ਨੇ ਅੰਗ ਅੰਗ ਟੋਹ ਕੇ ਵੇਖਿਆ, ਗੋਪਾਲ ਸਿੰਘ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਸੀ। ਉਸਨੂੰ ਸਾਹ ਚੜ੍ਹਿਆ ਹੋਇਆ ਸੀ ਤੇ ਉਸਦਾ ਸੰਘ ਸੁੱਕਿਆ ਹੋਇਆ ਸੀ। ਬਹੁਤ ਕੋਸ਼ਿਸ਼ ਕਰਨ ਤੇ ਵੀ ਉਸਨੂੰ ਚੰਗੀ ਤਰ੍ਹਾਂ ਸਮਝ ਨਾ ਲੱਗੀ ਕਿ ਹੋਇਆ ਕੀ ਹੈ।

"ਉਹ ਸਿੱਧਾ ਮੇਰੇ ਤੇ ਵਾਰ ਕਰਨ ਆ ਰਿਹਾ ਸੀ....।'

"ਕੌਣ ਸੀ ਉਹ !" ਤੇਜਾ ਸਿੰਘ ਜੀ ਨੇ ਪੁੱਛਿਆ।

"ਬਾਬਾ ਨੂਰਾ?" ਗੁਪਾਲ ਸਿੰਘ ਦੇ ਮੂੰਹੋਂ ਨਿਕਲ ਗਿਆ। ਭੱਜਣ ਤੋਂ ਖਿਣ ਭਰ ਪਹਿਲਾਂ ਉਸਨੇ ਬਾਬੇ ਨੂਰੇ ਨੂੰ ਪਛਾਣ ਲਿਆ ਸੀ।

''ਅੰਨ੍ਹਾ ਬਾਬਾ ਨੂਰਾ ?

''ਮੈਨੂੰ ਕੀ ਪਤਾ ਕੌਣ ਸੀ। ਉਸ ਦੇ ਘਰੋਂ ਨਿਕਲ ਕੇ ਆਇਆ ਸੀ।

"ਫਿਰ ਕੀ ਹੋਇਆ ?"

''ਫਿਰ ਕਸਾਈ ਗਲੀ ਵਿਚੋਂ ਵੀ ਲੋਕ ਆ ਗਏ, ਮੈਂ ਭੱਜਿਆ ਤਾਂ ਮੇਰੇ ਦੇ ਡਾਗਾਂ ਸੁਟਦੇ ਰਹੇ।"

ਲੋਕਾਂ ਦੀ ਭੀੜ ਗਲੀ ਵਿਚ ਇਕੱਠੀ ਹੋਣ ਲੱਗੀ ਸੀ। ਇਕ ਸਰਦਾਰ ਜੀ ਲੋਕਾਂ ਨੂੰ ਹਟਾਉਣ ਲਗੇ :

"ਚਿੰਤਾ ਦੀ ਕੋਈ ਗੱਲ ਨਹੀਂ। ਸਿੰਘ ਖਾਲਸਾ ਸਹੀ ਸਲਾਮਤ ਪਰਤ ਆਇਆ ਹੈ। ਵਾਲ ਵਾਲ ਬਚ ਗਿਆ ਹੈ। ਅੰਦਰ ਚਲੋ ਸੰਗਤ ਅੰਦਰ ਚਲੋ।"

ਜਦ ਗੁਪਾਲ ਸਿੰਘ ਦਾ ਸਾਹ ਕੁਝ ਟਿਕਾਣੇ ਆਇਆ ਤਾਂ ਤੇਜਾ ਸਿੰਘ ਜੀ ਨੇ ਉਸਨੂੰ ਹੋਲੀ ਜਿਹੀ ਪੁੱਛਿਆ :

"ਕੀ ਕੁਝ ਸੁਣਿਆ, ਉਨ੍ਹਾਂ ਦੀ ਕੀ ਸਕੀਮ ਹੈ ?"

"ਉਥੇ ਮੀਰਦਾਦ ਆਪਣੀ ਬਕਵਾਸ ਕਰ ਰਿਹਾ ਸੀ, ਕੁਝ ਸੁਣਨ ਹੀ ਨਹੀਂ ਦਿੰਦਾ ਸੀ। ਮੋਟਾ ਕਸਾਈ ਉਸਨੂੰ ਕਹਿ ਰਿਹਾ ਸੀ : ''ਜਾ ਗੁਰਦਵਾਰੇ ਵਾਲਿਆਂ ਨੂੰ ਸਮਝਾ, ਸਾਨੂੰ ਕੀ ਸਮਝਾਉਂਦਾ ਹੈ, ਉਹ ਆਪਣੇ ਆਪਣੇ ਘਰਾਂ ਨੂੰ ਚਲੇ ਜਾਣ ਤਾਂ ਅਸੀਂ ਵੀ ਆਪਣੇ ਆਪਣੇ ਘਰਾਂ ਨੂੰ ਚਲੇ ਜਾਵਾਂਗੇ..........।" ਅਜਿਹਾ ਹੀ ਕੁਝ ਕਹਿ ਰਿਹਾ ਸੀ।

ਸੰਗਤ ਗੁਰਦਵਾਰੇ ਵਿਚ ਪਰਤ ਆਈ। ਪਰ ਗੁਪਾਲ ਸਿੰਘ ਦੇ ਇਸ ਚੀਕ ਚਿਹਾੜੇ ਨਾਲ ਜੋਸ਼ ਹੋਰ ਜਿਆਦਾ ਫੈਲਣ ਲੱਗਾ ਸੀ। ਕੀਰਤਨ ਫਿਰ ਸ਼ੁਰੂ ਹੋ ਗਿਆ ਸੀ, ਛੈਣੇ, ਤਬਲੇ ਅਤੇ ਵਾਜੇ ਦੀ ਆਵਾਜ਼ ਹੋਰ ਉੱਚੀ ਹੋਣ ਲੱਗੀ ਸੀ।

"ਵੇਖ ਲਿਆ ? ਵੇਖ ਲਿਆ ਸਰਦਾਰਾ ?" ਇਕ ਆਦਮੀ ਗੁਰਦਵਾਰੇ ਵਿਚ ਸੋਹਣ ਸਿੰਘ ਨੂੰ ਪੈ ਰਿਹਾ ਸੀ, 'ਬਚ ਕੇ ਨਿਕਲ ਆਇਆ। ਮੁਸਲਿਆਂ ਨੇ ਉਸਨੂੰ ਮਾਰਨ ਦੀ ਤਾਂ ਪੂਰੀ ਕੋਸ਼ਿਸ਼ ਕੀਤੀ ਸੀ। ਹੁਣ ਵੇਖ ਲਿਆ ? ਵੱਡਾ ਆਇਆ ਸਾਨੂੰ ਉਪਦੇਸ਼ ਦੇਣ ਵਾਲਾ......।"

ਇਸ ਤੇ ਇਕ ਹੋਰ ਸਰਦਾਰ ਜੀ ਨੇ ਉਠ ਕੇ ਕਿਹਾ :

“ਮੇਰਾ ਸੁਝਾਓ ਹੈ ਕਿ ਇਸ ਆਦਮੀ ਨੂੰ ਨਜ਼ਰਬੰਦ ਕਰ ਦਿੱਤਾ ਜਾਵੇ। ਕਾਲ ਕੋਠੜੀ ਵਿਚ ਸੁੱਟ ਦਿੱਤਾ ਜਾਵੇ। ਇਸ ਤੋਂ ਸਾਨੂੰ ਵਿਸ਼ਵਾਸ ਨਹੀਂ ਹੈ। ਕੀ ਪਤਾ ਇਹ ਉਨ੍ਹਾਂ ਦੀ ਮੁਖਬਰੀ ਕਰਦਾ ਹੋਵੇ।"

ਇਸਤੇ ਨਿਹੰਗ ਨੇ ਅੱਗੇ ਵਧ ਕੇ ਸੋਹਨ ਸਿੰਘ ਨੂੰ ਇਕ ਧੌਲ ਮਾਰੀ।

"ਬਸ-ਬਸ, ਮਾਰੋ ਨਾ, ਮਾਰੋ ਨਾ।”

“ਸਮਝਾਉਣਾ ਏਂ ਤਾਂ ਆਪਣੇ ਚਾਚਿਆਂ ਨੂੰ ਉਨ੍ਹਾਂ ਸ਼ੇਖਾਂ ਨੂੰ ਸਮਝਾ ਜਿਨ੍ਹਾਂ ਦੀ ਕਛ ਵਿਚ ਹਰ ਵੇਲੇ ਬੈਠਾ ਰਹਿੰਦਾ ਏਂ। "ਚਲਾ ਜਾਹ ਇਥੋਂ" ਅਤੇ ਕੀਰਤਨ ਫਿਰ ਸ਼ੁਰੂ ਹੋ ਗਿਆ।

ਸ਼ਾਮ ਪੈਣ ਲੱਗੀ ਸੀ। ਗੁਰੂ ਗ੍ਰੰਥ ਸਾਹਿਬ ਦੀ ਵੇਦੀ ਦੇ ਖੱਬੇ ਸੱਜੇ ਫਾਨੂਸ ਨੁਮਾ ਲੈਂਪ ਜਗਾ ਦਿੱਤੇ ਗਏ। ਲੈਂਪ ਦੇ ਹੇਠਾਂ ਬੈਠੇ ਤੇਜਾ ਸਿੰਘ ਦੀ ਨੀਲੀ ਪਗੜੀ ਹੇਠਾਂ ਉਨ੍ਹਾਂ ਦਾ ਚਿੱਟਾ ਸਾਫ਼ਾ ਅਤੇ ਚਿੱਟੀ ਦਾੜ੍ਹੀ ਰੋਸ਼ਨੀ ਵਿਚ ਚਮਕ ਉਠੇ। ਰੋਸ਼ਨੀ ਇਸਤੀਆਂ ਦੇ ਦਮਕਦਿਆਂ ਚਿਹਰਿਆਂ ਤੇ ਪੈ ਰਹੀ ਸੀ। ਭਾਵਨਾਵਾਂ ਨਾਲ ਭਰਪੂਰ ਚਿਹਰੇ। ਉਤਸਕਤਾ, ਡਰ, ਅਥਾਹ ਸ਼ਰਧਾ ਤੇ ਵਿਸ਼ਵਾਸ ਸਭ ਉਨ੍ਹਾਂ ਦੀਆਂ ਅੱਖਾਂ ਵਿਚ ਛਾਏ ਹੋਏ ਸਨ। ਕਿਤੇ ਕਿਤੇ ਕਿਸੇ ਤੀਵੀਂ ਦੀਆ ਹੈਰਾਨ ਅੱਖਾਂ ਗੁਰਦਵਾਰੇ ਦਾ

ਅਨੂਠਾ ਦ੍ਰਿਸ਼ ਵੇਖੀ ਜਾ ਰਹੀਆਂ ਸਨ। ਇਨ੍ਹਾਂ ਤੀਵੀਆਂ ਵਿਚ ਜਸਬੀਰ ਵੀ ਬੈਠੀ ਸੀ....- ਹਰਨਾਮ ਸਿੰਘ ਚਾਹ ਵਾਲੇ ਦੀ ਲੜਕੀ ......ਜੋ ਇਸੇ ਪਿੰਡ ਵਿਚ ਵਿਆਹੀ ਹੋਈ ਸੀ ਅਤੇ ਜਿਸ ਨੇ ਆਪਣੇ ਪਿਤਾ ਤੋਂ ਅਟੁਟ ਧਾਰਮਿਕ ਪਰੇਰਨਾ ਗੜ੍ਹਤੀ ਵਿਚ ਹੀ ਪ੍ਰਾਪਤ ਕੀਤੀ ਸੀ। ਜਿਸ ਸਮੇਂ ਅਰਦਾਸ ਹੋ ਰਹੀ ਸੀ ਉਸ ਸਮੇਂ ਸੰਗਤ ਵਿਚ ਬੈਠੇ ਲੋਕਾਂ ਦੀ ਆਵਾਜ਼ ਨਾਲ ਇਕ ਅਵਾਜ਼ ਮੇਲ ਨਹੀਂ ਖਾ ਰਹੀ ਸੀ, ਉਹ ਜਸਬੀਰ ਦੀ ਆਵਾਜ਼ ਸੀ। ਪਤਲੀ, ਉੱਚੀ, ਤਿੱਖੀ ਆਵਾਜ਼ ਵਿਚ ਉਹ ਨਿਰਸੰਕੋਚ ਬੋਲੀ ਜਾ ਰਹੀ ਸੀ। ਇਕ ਛੋਟੀ ਜਿਹੀ ਕਿਰਪਾਨ ਕਾਲੇ ਗਾਤਰੇ ਨਾਲ ਬੱਝੀ ਹਰ ਵੇਲੇ ਉਸ ਦੇ ਲੱਕ ਦਵਾਲੇ ਝੂਲਦੀ ਰਹਿੰਦੀ ਸੀ। ਸੰਗਤ ਵਿਚ ਸਭ ਲੋਕ ਇਸ ਆਵਾਜ਼ ਨੂੰ ਪਛਾਣਦੇ ਸਨ ਅਤੇ ਸਭ ਉਸ ਨੂੰ ਗੁਰੂ ਬੇਟੀ ਕਹਿ ਕੇ ਬੁਲਾਉਂਦੇ ਸਨ। ਜਸਬੀਰ ਦਾ ਖਿੜਿਆ ਹੋਇਆ ਚੋੜਾ ਚਿਹਰਾ ਸਭ ਤੋਂ ਜ਼ਿਆਦਾ ਚਮਕ ਰਿਹਾ ਸੀ। ਆਪਣੇ ਹੱਥ ਨਾਲ ਜਸਬੀਰ ਗੁਰਦਵਾਰੇ ਦੀਆਂ ਪੌੜੀਆਂ ਧੋਂਦੀ ਹੁੰਦੀ ਸੀ, ਜਿਸ ਰੇਸ਼ਮੀ ਰੁਮਾਲੇ ਨਾਲ ਗੁਰੂ ਗਰੰਥ ਸਾਹਿਬ ਜੀ ਨੂੰ ਢੱਕਿਆ ਹੋਇਆ ਸੀ ਉਸ ਉਤੇ ਜਸਬੀਰ ਕੌਰ ਨੇ ਹੀ ਬਰੀਕ ਕਢਾਈ ਦਾ ਕੰਮ ਕੀਤਾ ਸੀ, ਉਸ ਦੇ ਦਿਲ ਵਿਚੋਂ ਹੀ ਤਰ੍ਹਾਂ ਤਰ੍ਹਾਂ ਦੇ 'ਉਲੇਲ' ਉਠਦੇ ਰਹਿੰਦੇ ਸਨ। ਆਪਣੇ ਆਪ ਹੀ ਉਠ ਕੇ ਸੰਗਤ ਨੂੰ ਪੱਖਾ ਝਲਣ ਲੱਗਦੀ, ਠੰਢਾ ਪਾਣੀ ਪਿਲਾਉਣ ਲੱਗਦੀ, ਸੰਗਤ ਦੀਆਂ ਜੁੱਤੀਆਂ ਦੀ ਰਾਖੀ ਕਰਨ ਲੱਗਦੀ ਅਤੇ ਮੌਜ ਆਉਂਦੀ ਤਾਂ ਆਪਣੇ ਦੁਪੱਟੇ ਦੀ ਕੰਨੀ ਨਾਲ ਸੰਗਤ ਦੀਆਂ ਜੁੱਤੀਆਂ ਨੂੰ ਸਾਫ਼ ਕਰ ਕਰਕੇ ਉਨ੍ਹਾਂ ਦੇ ਸਾਹਮਣੇ ਰੱਖਣ ਲੱਗਦੀ। ਉਸ ਦਾ ਵੱਸ ਚਲਦਾ ਤਾਂ ਸੰਗਤ ਦੇ ਪੈਰ ਛੂਹ ਛੂਹ ਕੇ ਆਪਣੇ ਹੱਥਾਂ ਨਾਲ ਉਨ੍ਹਾਂ ਨੂੰ ਜੁੱਤੀਆਂ ਪਹਿਨਾਉਂਦੀ। ਜਦ ਤੋਂ ਸੰਕਟ ਸ਼ੁਰੂ ਹੋਇਆ ਸੀ ਉਸ ਦੀਆਂ ਅੱਖਾਂ ਤੇਜਾ ਸਿੰਘ ਦੇ ਮੁਖਾਰਬਿੰਦ ਤੇ ਲੱਗੀਆਂ ਹੋਈਆਂ ਸਨ, ਜਿਵੇਂ ਉਨ੍ਹਾਂ ਦੇ ਮੁਖੜੇ ਤੋਂ ਉਸ ਨੂੰ ਦੈਵੀ ਸੰਦੇਸ਼ ਦੀ ਆਸ ਹੋਵੇ, ਪਲ ਪਲ ਛਿਣ ਛਿਣ ਉਹ ਇਸ ਸੰਦੇਸ਼ ਨੂੰ ਸੁਣਨ ਲਈ ਕੰਨ

ਲੱਗਾਈ ਬੈਠੀ ਸੀ। ਕੁਝ ਕੁਝ ਅਜਿਹੀ ਹੀ ਭਾਵਨਾ ਗੁਰਦਵਾਰੇ ਵਿਚ ਬੈਠੇ ਸਭ ਨਰ ਨਾਰੀਆਂ ਦੇ ਦਿਲਾਂ ਵਿਚ ਉਠ ਰਹੀ ਸੀ।

ਤਦੇ ਛੱਤ ਤੇ ਤੈਨਾਤ ਨਿਹੰਗ ਸਿੰਘ ਨੂੰ ਪਿੰਡ ਦੇ ਪਾਰ ਦੂਰ ਖਿਤਿਜ ਕੋਲ ਧੂੜ ਉਡਦੀ ਨਜ਼ਰ ਆਈ। ਧੂੜ ਦਾ ਵਰੋਲਾ ਸੀ। ਉਸ ਨੇ ਨੀਝ ਲਾ ਕੇ ਵੇਖਿਆ, ਇਹ ਵਰੋਲਾ ਅੱਗੇ ਵਧਦਾ ਆ ਰਿਹਾ ਸੀ। ਉਸਨੇ ਕਿਸ਼ਨ ਸਿੰਘ ਨੂੰ ਕਿਹਾ, ਕਿਸ਼ਨ ਸਿੰਘ ਨੇ ਉਠ ਕੇ ਝਰੋਖੇ ਵਿਚੋਂ ਵੇਖਿਆ ਅਤੇ ਦੇਰ ਤਕ ਵੇਖਦਾ ਰਿਹਾ। ਧੂੜ ਵਰੋਲਾ ਹੀ ਸੀ, ਪਰ ਇਹ ਇਸ ਬੰਨੇ ਸਚਮੁੱਚ ਵਧਦਾ ਆ ਰਿਹਾ। ਉਸ ਨੂੰ ਪਹਿਲਾਂ ਤਾਂ ਆਪਣੀਆਂ ਅੱਖਾਂ ਤੇ ਵਿਸ਼ਵਾਸ ਹੀ ਨਹੀਂ ਹੋਇਆ, ਪਰ ਉਸ ਨੂੰ ਵੇਖਦੇ ਵੇਖਦੇ ਹੀ ਗਹਿਰੀ ਭਿਨਭਿਨਾਉਂ ਦੀ ਜਿਹੀ ਆਵਾਜ਼ ਉਸ ਦੇ ਕੰਨਾਂ ਵਿਚ ਪੈਣ ਲੱਗੀ। ਉਸ ਦਾ ਮੱਥਾ ਠਣਕਿਆ। ਸਭ ਨੂੰ ਵਿਸ਼ਵਾਸ ਸੀ, ਸ਼ਰਾਰਤ ਪਿੰਡ ਦੇ ਅੰਦਰੋਂ ਹੋਵੇਗੀ ਕਾਲੂ ਮਲੰਗ ਅਸ਼ਰਫ ਕਸਾਈ ਅਤੇ ਨਬੀ ਤੇਲੀ ਵਰਗੇ ਲੋਕ ਫਸਾਦ ਤੇ ਤੁਲੇ ਹੋਏ ਲੱਗਦੇ ਸਨ, ਪਰ ਬਲਵਾਈ ਸਚਮੁੱਚ ਬਾਹਰੋਂ ਆ ਰਹੇ ਸਨ। ਉਹ ਅਜੇ ਖਲੋਤਾ ਸੁਣ ਹੀ ਰਿਹਾ ਸੀ ਕਿ ਢੋਲ ਵੱਜਣ ਦੀ ਗਹਿਰੀ ਦਬੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। ਵੇਖਦੇ ਹੀ ਵੇਖਦੇ ਸਥਿਤੀ ਨੇ ਗੰਭੀਰ ਅਤੇ ਭਿਅੰਕਰ ਰੂਪ ਧਾਰਨ ਕਰ ਲਿਆ ਸੀ। ਉਸ ਨੇ ਨਿਸ਼ਚਾ ਕੀਤਾ ਕਿ ਹੇਠਾਂ ਜਾ ਕੇ ਤੇਜਾ ਸਿੰਘ ਨੂੰ ਸੂਚਿਤ ਕਰ ਦੇਵੇ, ਪਰ ਇਥੇ ਮੋਰਚੇ ਤੇ ਖਲੋ ਕੇ ਦੁਸ਼ਮਣ ਦੀ ਚਾਲ ਢਾਲ ਨੂੰ ਵੇਖਣਾ ਵੀ ਜ਼ਰੂਰੀ ਸੀ, ਸੋ ਸੂਚਨਾ ਦੇਣ ਦਾ ਕੰਮ ਉਸ ਨੇ ਨਿਹੰਗ ਸਿੰਘ ਦੇ ਸਪੁਰਦ ਕਰ ਦਿੱਤਾ !

ਨਿਹੰਗ ਭੱਜਦਾ ਹੋਇਆ ਪੌੜੀਆਂ ਉਤਰਿਆ ਅਤੇ ਅਖੀਰਲੀ ਪੌੜੀ ਤਕ ਪਹੁੰਚਦੇ ਪਹੁੰਚਦੇ ਚਿਲਾ ਕੇ ਬੋਲਿਆ-

"ਤੁਰਕ ਆ ਗਏ ! ਤੁਰਕ ਆ ਗਏ !"

ਬਿਜਲੀ ਵਰਗੀ ਲਹਿਰ ਗੁਰਦਵਾਰੇ ਅੰਦਰ ਦੌੜ ਗਈ ਅਤੇ ਦੂਰੋਂ ਢੋਲ ਵਜਣ ਦੀ ਆਵਾਜ਼ ਸਾਫ਼ ਸੁਣਾਈ ਦੇਣ ਲੱਗੀ।

ਤੇਜਾ ਸਿੰਘ ਜੀ ਕੁਝ ਦੇਰ ਲਈ ਸੱਚਮੁੱਚ ਹੈਰਾਨ ਰਹਿ ਗਏ। ਉਨ੍ਹਾਂ ਨੂੰ ਆਸ ਨਹੀਂ ਸੀ ਕਿ ਸੱਚ ਮੁੱਚ ਹਮਲਾ ਹੋ ਜਾਵੇਗਾ। ਉਨ੍ਹਾਂ ਨੂੰ ਖਿਆਲ ਸੀ ਕਿ ਤੇਲੀਆਂ ਦੇ ਮੁਹੱਲੇ ਜਾਂ ਪਿੰਡ ਦੇ ਸਿਰੇ ਤੇ ਇਕਾ-ਦੁਕਾ ਵਾਰਦਾਤ ਹੋ ਜਾਵੇਗੀ ਅਤੇ ਜੇ ਕਸਬੇ ਦੇ ਸਿੰਘ ਡਟੇ ਰਹੇ ਤਾਂ ਪਿੰਡ ਦੇ ਮੁਸਲਮਾਨਾਂ ਦੀ ਹਿੰਮਤ ਨਹੀਂ ਹੋਵੇਗੀ ਕਿ ਹੱਥ ਚੁੱਕਣ, ਸਿੱਖ ਭਾਰੀ ਗਿਣਤੀ ਵਿਚ ਸਨ ਅਤੇ ਮੁਸਲਮਾਨਾਂ ਦਾ ਕਾਰੋਬਾਰ ਜ਼ਿਆਦਾ ਸਿੱਖਾਂ ਨਾਲ ਸੀ। ਸਿੱਖ ਅਮੀਰ ਵੀ ਸਨ ਅਤੇ ਉਨ੍ਹਾਂ ਕੋਲ ਬੰਦੂਕਾਂ ਅਤੇ ਅਸਲਾ ਵੀ ਸੀ। ਪਰ ਇਥੇ ਗੱਲ ਉਲਟੀ ਪੈ ਗਈ ਦਿਖਾਈ ਦਿੰਦੀ ਸੀ।

ਢੋਲ ਵਜਣ ਦੀਆਂ ਆਵਾਜ਼ਾਂ ਨੇੜੇ ਆਉਣ ਲੱਗੀਆਂ। " ਯਾ ਅਲੀ !" ਦਾ ਸ਼ੋਰ ਵੀ ਨੇੜੇ ਆਉਂਦਾ ਸੁਣਾਈ ਦਿੱਤਾ। ਤਦੇ ਪਿਛਵੜਿਓਂ ਜ਼ੋਰ ਦਾ ਨਾਰਾ ਉਠਿਆ :-

ਖਿਣ ਭਰ ਲਈ ਹਾਲ ਦੇ ਅੰਦਰ ਸਕਤਾ ਜਿਹਾ ਛਾ ਗਿਆ। ਫਿਰ ਗੁਰਦਵਾਰੇ ਅੰਦਰ ਉਤੇਜਨਾ ਦੀ ਲਹਿਰ ਦੌੜ ਗਈ।

''ਜੋ ਬੋਲੇ..... ਸੋ ਨਿਹਾਲ, ਸਤ ਸਿਰੀ ਅਕਾਲ।" ਦਾ ਜਵਾਬੀ ਨਾਰ੍ਹਾ ਹਵਾ ਵਿਚ ਗੂੰਜ ਗਿਆ।

"ਗੁਰੂ ਦਾ ਪਿਆਰਾ ਸਿੱਖ ਕੋਈ ਇਥੋਂ ਬਾਹਰ ਨਾ ਜਾਵੇ। ਸਭ ਆਪਣੇ ਆਪਣੇ ਮੋਰਚੇ ਤੇ ਪਹੁੰਚ ਜਾਓ।"

ਜਸਬੀਰ ਕੌਰ ਦਾ ਹੱਥ ਆਪਣੀ ਕਿਰਪਾਨ ਦੀ ਮੁੱਠ ਤੌਂ ਪਹੁੰਚ ਗਿਆ। ਸਿੰਘਾਂ ਨੇ ਲਮਕ ਲਮਕ ਕੇ ਕੰਧ ਦੇ ਨਾਲ ਰੱਖੀਆਂ ਆਪਣੀਆਂ ਆਪਣੀਆਂ ਤਲਵਾਰਾਂ ਚੁੱਕ ਲਈਆਂ। ਸਾਰੀ ਸੰਗਤ ਉਠ ਕੇ ਖਲੋ ਗਈ ਸੀ।

'ਤੁਰਕ ! ਤੁਰਕ ਆ ਗਏ ਤੁਰਕ ਆ ਗਏ !" ਸਭ ਦੀ ਜ਼ਬਾਨ ਤੇ ਸੀ। ਤੁਰਕਾਂ ਦਾ ਲਸ਼ਕਰ ਆ ਗਿਆ।"

"ਤੁਰਕ ਆ ਗਏ।" ਜਸਬੀਰ ਕੌਰ ਨੇ ਭਾਵੁਕ ਹੋਕੇ ਕਿਹਾ ਅਤੇ ਆਪਣੇ ਸਿਰ ਚੁੰਨੀ ਲਾਹ ਕੇ ਗਲ ਵਿਚ ਪਾ ਲਈ ਅਤੇ ਨਾਲ ਖਲੋਤੀ ਇਸਤਰੀ ਨੂੰ ਗਲਵਕੜੀ ਪਾ ਲਈ।

"ਤੁਰਕ ਆ ਗਏ !" ਉਸਨੇ ਭਾਵਾਂ ਵਿਚ ਡੁੱਬ ਕੇ ਕਿਹਾ। ਇਸਤ੍ਰੀਆਂ ਨੇ ਆਪਣੇ ਦੁਪੱਟੇ ਲਾਹ ਕੇ ਗਲਾਂ ਵਿਚ ਪਾ ਲਏ ਸਨ ਅਤੇ "ਤੁਰਕ ਆ ਗਏ, ਤੁਰਕ ਆ ਗਏ।" ਕਹਿੰਦੀਆਂ ਹੋਈਆਂ ਇਕ ਦੂਸਰੇ ਦੇ ਗਲੇ ਲੱਗ ਰਹੀਆਂ ਸਨ। ਗੁਰੂ ਦੇ ਸਿੰਘ ਵੀ ਇਕ ਦੂਸਰੇ ਨਾਲ ਗਲਵਕੜੀ ਪਾ ਕੇ ਇਹੋ ਸ਼ਬਦ ਦੁਹਰਾਉਣ ਲੱਗੇ ਸਨ।

"ਸਭ ਆਪਣੀ ਆਪਣੀ ਜਗ੍ਹਾ ਤੇ ਪਹੁੰਚ ਜਾਓ।" ਕੁਝ ਕੁ ਸਿੰਘਾਂ ਨੇ ਵਾਲ ਖੋਲ੍ਹ ਲਏ ਸਨ ਅਤੇ ਤਲਵਾਰਾਂ ਮਿਆਨਾਂ ਵਿਚੋਂ ਕੱਢ ਲਈਆਂ ਸਨ।

"ਤੁਰਕ ਆ ਗਏ ! ਤੁਰਕ ਆ ਗਏ।"

ਫਿਰ ਇਕੱਠੀ ਤਿੰਨਾਂ ਦੀ ਆਵਾਜ਼ ਨਿਕਲੀ :

''ਜੋ ਬੋਲੇ ਸੋ...... ਨਿਹਾਲ।"

ਫਿਰ ਸਾਰਾ ਗੁਰਦਵਾਰਾ ਗੂੰਜ ਉਠਿਆ :

"ਸਤ ਸਿਰੀ ਅਕਾਲ।"

ਯੁੱਧ ਕਮੇਟੀ ਦੇ ਮੈਂਬਰ, ਸਰਦਾਰ ਮੰਗਲ ਸਿੰਘ ਸੁਨਿਆਰਾ, ਪ੍ਰੀਤਮ ਸਿੰਘ ਬਜਾਜ ਅਤੇ ਭਗਤ ਸਿੰਘ ਪਨਸਾਰੀ ਤਿੰਨੇ ਪੌੜੀਆਂ ਚੜ੍ਹ ਕੇ ਛੱਤ ਤੇ ਚਲੇ ਗਏ ਜਿਥੇ ਤੇਜਾ ਸਿੰਘ ਅਤੇ ਕਿਸ਼ਨ ਸਿੰਘ ਦੇ ਨਾਲ ਮਿਲ ਕੇ ਯੁੱਧ ਨੀਤੀ ਤੇ ਵਿਚਾਰ ਕਰਨ ਦੀ ਲੋੜ ਸੀ।

ਢੋਲ-ਢਮੱਕੇ ਵਜਾਉਂਦੇ-ਤੁਰਕ ਪਿੰਡ ਵਿਚ ਪਹੁੰਚ ਗਏ ਸਨ। ਸ਼ਾਇਦ ਆਪਣੀ ਪਹੁੰਚਦੀ ਸੂਚਨਾ ਦੇਣ ਲਈ ਹੀ ਹਵਾ ਵਿਚ ਗੋਲੀ ਚਲਾਈ ਗਈ ਸੀ। ਨਾਰਿਆਂ ਨਾਲ ਆਕਾਸ਼ ਗੂੰਜਣ ਲੱਗਾ :

"ਯਾ ਅਲੀ!"

“ਅੱਲਾਹ—ਓ—ਅਕਬਰ”

"ਸਤਿ ਸਿਰੀ ਅਕਾਲ!"

ਫਿਰ ਕਿਸੇ ਨੇ ਕਿਹਾ ਕਿ ਤੁਰਕ ਨਦੀ ਵਲੋਂ ਪਿੰਡ ਵੱਲ ਵੱਧ ਰਹੇ ਹਨ। ਇਸਦਾ ਮਤਲਬ ਸੀ ਕਿ ਉਹ ਪਿਛੇ ਵਲੋਂ ਢਲਾਣ ਚੜ੍ਹ ਕੇ ਸਿੱਖਾਂ ਦੇ ਘਰਾਂ ਦੀ ਲੁੱਟ ਮਾਰ ਕਰਨਗੇ, ਅੱਗਾਂ ਲਾਉਣਗੇ, ਕਿਉਂਕਿ ਘਰਾਂ ਵਿਚ ਇਸ ਵੇਲੇ ਕੁਝ ਬੁੱਢੇ ਲੋਕਾਂ ਦੇ ਸਿਵਾਏ ਜਿਨ੍ਹਾਂ ਨੂੰ ਧਰਮ ਰੱਖਿਆ ਦੀ ਉਤੇਜਨਾ ਵਿਚ ਉਨ੍ਹਾਂ ਦੇ ਪੁੱਤਰ ਘਰਾਂ ਵਿਚ ਛੱਡ ਗਏ ਸਨ, ਘਰਾਂ ਵਿਚ ਕਦੀ ਨਹੀਂ ਸੀ, ਅਤੇ ਸਾਮਾਨ ਤੇ ਹੱਥ ਸਾਫ ਕਰਨਾ ਬੜਾ ਸੌਖਾ ਸੀ।

ਸ਼ਾਮ ਦੇ ਸਾਏ ਅਜੇ ਪੂਰੀ ਤਰ੍ਹਾਂ ਨਹੀਂ ਉਤਰੇ ਸਨ ਅਤੇ ਨਦੀ ਦਾ ਰੰਗ ਡੁੱਬਦੇ ਸੂਰਜ ਦੀ ਲਾਲੀ ਕਾਰਣ ਲਾਲ ਹੋਣ ਲੱਗਾ ਸੀ। ਖੱਬੇ ਹੱਥ ਸਿਰੇ ਦਾ ਮੋਰਚਾ ਉਨ੍ਹਾਂ ਘਰਾਂ ਤੋਂ ਦੂਰ ਸੀ ਜਿਨ੍ਹਾਂ ਨੂੰ ਇਸ ਸਮੇਂ ਤੁਰਕਾਂ ਤੋਂ ਖਤਰਾ ਸੀ।

ਤਦੇ ਬਲਦੇਵ ਸਿੰਘ ਨੂੰ ਆਪਣੀ ਮਾਂ ਦੀ ਯਾਦ ਆਈ। ਉਸਨੂੰ ਉਹ ਘਰ ਵਿਚ ਇਕੱਲਾ ਛੱਡ ਆਇਆ ਸੀ ਅਤੇ ਦਿਨ ਭਰ ਉਸਦੀ ਸ਼ੁੱਧ ਨਹੀਂ ਲਈ ਸੀ। ਉਧਰ ਹੁਣ ਮਾਂ ਦੀ ਜਾਨ ਤੇ ਆ ਬਣੀ ਹੋਵੇਗੀ। ਸੰਗਤ ਵਿਚ ਕੁਝ ਵਿਅਕਤੀ ਅਜਿਹੇ ਸਨ ਜਿਨ੍ਹਾਂ ਦਾ ਦਿਲ ਧਕ ਧਕ ਕਰ ਰਿਹਾ ਸੀ ਕਿ ਹੁਣ ਉਨ੍ਹਾਂ ਦੇ ਬੁੱਢੇ ਮਾਂ ਪਿਉ ਤੇ ਕੀ ਬੀਤੇਗੀ।

ਬਲਦੇਵ ਸਿੰਘ ਤੋਂ ਨਾ ਰਿਹਾ ਗਿਆ। ਵੇਖਦਿਆਂ ਵੇਖਦਿਆਂ ਉਸਨੇ ਕੇਸ ਖੋਲ ਦਿੱਤੇ, ਪਜਾਮਾ ਲਾਹ ਦਿੱਤਾ, ਤਲਵਾਰ ਨੰਗੀ ਕਰ ਦਿੱਤੀ, ਅਤੇ ਇਕ ਕਛਾ ਅਤੇ ਬਨੈਣ ਪਹਿਨੀ ਨੰਗੀ ਤਲਵਾਰ ਸਿਰ ਉਤੇ ਝੁਲਾਉਂਦਾ ਹੋਇਆ ਆਪਣੇ ਘਰ ਵੱਲ ਨੂੰ ਭੱਜ ਖਲੋਤਾ।

"ਖੂਨ ਦਾ ਬਦਲਾ ਖੂਨ ਲਵਾਂਗੇ।" ਉਹ ਚਿੱਲਾਇਆ।

ਕੁਝ ਲੋਕਾਂ ਨੇ ਉਸਨੂੰ ਵਾਪਸ ਪਰਤ ਆਉਣ ਲਈ ਬੁਲਾਇਆ ਪਰ ਉਹ ਵਧਦਾ ਗਿਆ "ਖ਼ੂਨ ਦਾ ਬਦਲਾ ਖ਼ੂਨ ਨਾਲ ਲਵਾਂਗੇ !" ਚਿਲਾਉਂਦਾ ਹੋਇਆ ਉਹ ਗਲੀ ਵਿਚ ਭੱਜਣ ਲੱਗਾ।

ਕਾਂਗੜੀ ਭਲਵਾਨ, ਮਾੜਚੂ ਜਿਹਾ ਬਲਦੇਵ ਸਿੰਘ, ਭੱਜਦੇ ਸਮੇਂ ਉਸਦੀਆਂ ਪਤਲੀਆਂ ਜਿਹੀਆਂ ਲੱਤਾਂ ਬੱਕਰੀ ਦੀਆਂ ਲੱਤਾਂ ਵਰਗੀਆਂ ਲੱਗਦੀਆਂ ਸਨ। ਲੋਕਾਂ ਦੀ ਸਮਝ ਵਿਚ ਨਹੀਂ ਆਇਆ ਕਿ ਉਹ ਖੱਬੇ ਹੱਥ ਦੀ ਗਲੀ ਵੱਲ ਕਿਉਂ ਭੱਜ ਗਿਆ ਹੈ। ਮੁਹਰਲੀ ਢਲਾਣ ਉਤਰਦਾ ਤਾਂ ਸਮਝਿਆ ਜਾ ਸਕਦਾ ਸੀ ਕਿ ਉਹ ਜੋਸ਼ ਵਿਚ ਬਲਵਾਈਆਂ ਨਾਲ ਜੂਝਣ ਜਾ ਰਿਹਾ ਹੈ, ਸੱਜੇ ਹੱਥ ਜਾਂਦਾ ਤਾਂ ਰਸਤਾ ਕਸਾਈਆਂ ਦੀ ਗਲੀ ਨੂੰ ਜਾਂਦਾ ਸੀ। ਖੱਬੇ ਪਾਸੇ ਜਾਣ ਵਿਚ ਕੀ ਤੁਕ ਸੀ ?

ਪਰ ਥੋੜ੍ਹੀ ਦੇਰ ਪਿਛੋਂ ਉਹ ਗਲੀ ਵਿਚੋਂ ਗੁਰਦਵਾਰੇ ਵੱਲ ਪਰਤ ਰਿਹਾ ਸੀ। ਉਸਨੇ ਅਜੇ ਵੀ ਹੱਥ ਵਿਚ ਤਲਵਾਰ ਫੜੀ ਹੋਈ ਸੀ ਪਰ ਹੁਣ ਉਹ ਉਸਨੂੰ ਘੁੰਮਾ ਨਹੀਂ ਰਿਹਾ ਸੀ। ਤਲਵਾਰ ਦੀ ਧਾਰ ਵੀ ਸ਼ਾਮ ਦੀਆਂ ਪਰਛਾਈਆਂ ਵਾਂਗ ਕਾਲੀ ਜਿਹੀ ਦਿਖਾਈ ਦੇ ਰਹੀ ਸੀ। ਨੇੜੇ ਆਉਣ ਤੇ ਲੋਕਾਂ ਨੇ ਵੇਖਿਆ ਕਿ ਤਲਵਾਰ ਲਹੂ ਲੁਹਾਨ ਹੋ ਰਹੀ ਸੀ। ਉਸਦੀ ਬਨੈਣ ਅਤੇ ਕੱਛੇ ਉਤੇ ਲਹੂ ਦੇ ਛਿੱਟੇ ਸਨ। ਹੁਣ ਉਹ ਚਿਲਾ ਨਹੀਂ ਰਿਹਾ ਸੀ, ਨਾ ਭੱਜ ਰਿਹਾ ਸੀ, ਸਗੋਂ ਉਸ ਦੇ ਚਿਹਰੇ ਤੇ ਅਜੀਬ ਦਹਿਸ਼ਤ ਜਿਹੀ ਛਾ ਗਈ ਸੀ।

ਕੁਝ ਲੋਕ ਸਮਝ ਗਏ ਸਨ ਕਿ ਉਹ ਕਿਸੇ ਦਾ ਖ਼ੂਨ ਕਰਕੇ ਆਇਆ ਹੈ। ਉਹ ਗਲੀ ਦੀ ਨੁਕਰ ਤੋਂ ਰਹਿਣ ਵਾਲੇ ਬੁੱਢੇ ਲੁਹਾਰ ਕਰੀਮ ਬਖਸ਼ ਨੂੰ ਮੌਤ ਦੇ ਘਾਟ ਉਤਾਰ ਕੇ ਆਇਆ ਸੀ। ਇਹ ਸੋਚ ਕੇ ਕਿ ਮਾਂ ਤਾਂ ਹੁਣ ਬਚ ਨਹੀਂ ਸਕਦੀ, ਮਾਂ ਨੂੰ ਤਾਂ ਤੁਰਕਾਂ ਨੇ ਮਾਰ ਹੀ ਸੁੱਟਿਆ ਹੋਵੇਗਾ, ਉਸਨੇ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਦਾ ਫੈਸਲਾ ਕਰ ਲਿਆ ਸੀ ਅਤੇ ਬੁੱਢੇ ਕਰੀਮ ਬਖਸ਼ ਨੂੰ ਮਾਰ ਦਿੱਤਾ ਸੀ।

ਪਿੰਡ ਤੇ ਪਰਛਾਈਆਂ ਉਤਰ ਆਈਆਂ ਸਨ। ਨਾਰਿਆਂ ਦੀ ਗੂੰਜ ਜ਼ਿਆਦਾ ਤੇਜ਼ ਹੋਣ ਲੱਗੀ। ਖੱਬੇ ਬੰਨੇ ਢਲਾਣ ਉਪਰ ਸਚਮੁੱਚ ਦਰਵਾਜ਼ੇ ਟੁੱਟਣ ਅਤੇ ਚਿੰਗਾੜਨ ਦੀਆਂ ਅਵਾਜ਼ਾਂ ਆ ਰਹੀਆਂ ਸਨ। ਗੁਰਦਵਾਰੇ ਵਿਚ ਉਤੇਜਨਾ ਸਿਖਰ ਤੇ ਜਾ ਪਹੁੰਚੀ ਸੀ।

***

## ਸੋਲਾਂ

ਹਰਨਾਮ ਸਿੰਘ ਨੇ ਦੂਸਰੀ ਵਾਰ ਕੁੰਡਾ ਖੜਕਾਇਆ ਤਾਂ ਅੰਦਰੋਂ ਕਿਸੇ ਤੀਵੀਂ ਦੀ ਅਵਾਜ ਆਈ:

“ਘਰ ਨਹੀਂ ਹਨ, ਮਰਦ ਬਾਹਰ ਗਏ ਹਨ।”

ਹਰਨਾਮ ਸਿੰਘ ਠਿਠਕਿਆ ਖਲੋਤਾ ਰਿਹਾ। ਬੰਤੋ ਦੀਆਂ ਅੱਖਾਂ ਸੱਜੇ ਖੱਬੇ ਵੇਖ ਰਹੀਆਂ ਸਨ ਕਿ ਲਾਗੇ ਚਾਗੇ ਉਨ੍ਹਾਂ ਨੂੰ ਕਿਸੇ ਨੇ ਵੇਖਿਆ ਤਾਂ ਨਹੀਂ।

“ਤੂੰ ਦਰਵਾਜ਼ਾ ਖੋਲ੍ਹਣ ਨੂੰ ਕਹਿ, ਬੰਤੋ, ਅੰਦਰ ਔਰਤਾਂ ਹਨ।" ਅਤੇ ਹਰਨਾਮ ਸਿੰਘ ਇਕ ਬੰਨੇ ਹਟ ਗਿਆ।

ਬੰਤੋ ਨੇ ਦਰਵਾਜ਼ਾ ਖੜਕਾਇਆ ਅਤੇ ਨਾਲ ਹੀ ਉੱਚੀ ਅਵਾਜ਼ ਵਿਚ ਬੋਲੀ :

''ਕਰਮਾਂ ਵਾਲਿਓ ਦਰਵਾਜ਼ਾ ਖੋਲ੍ਹੋ, ਅਸੀਂ ਮੁਸੀਬਤ ਦੇ ਮਾਰੇ ਆਏ ਹਾਂ।"

ਆਪਣੀ ਪਤਨੀ ਦੀ ਆਵਾਜ਼ ਸੁਣ ਕੇ ਖਿਣ ਭਰ ਲਈ ਹਰਨਾਮ ਸਿੰਘ ਦੀਆਂ ਅੱਖਾਂ ਝੁਕ ਗਈਆਂ। ਇਹ ਵਕਤ ਵੀ ਕਿਸਮਤ ਵਿਚ ਵੇਖਣਾ ਲਿਖਿਆ ਸੀ ਕਿ ਉਸਦੀ ਪਤਨੀ ਆਸਰਾ ਮੰਗਣ ਲਈ ਗਿੜਗਿੜਾਏਗੀ।

ਦਰਵਾਜ਼ੇ ਦੇ ਪਿੱਛੇ ਕਦਮਾਂ ਦੀ ਆਹਟ ਸੁਣਾਈ ਦਿੱਤੀ ਫਿਰ ਅੰਦਰੋਂ ਕਿਸੇ ਨੇ ਕੁੰਡਾ ਖੋਲ੍ਹਿਆ। ਦਰਵਾਜ਼ਾ ਖੁੱਲਿਆ। ਉਨ੍ਹਾਂ ਦੇ ਸਾਹਮਣੇ ਉੱਚੀ ਲੰਮੀ ਵੱਡੀ ਉਮਰ ਦੀ ਇਕ ਪੇਂਡੂ ਤੀਵੀਂ ਖਲੋਤੀ ਸੀ। ਉਸਦੇ ਦੋਵੇਂ ਹੱਥ ਗੋਹੇ ਨਾਲ ਭਰੇ ਹੋਏ ਸਨ ਅਤੇ ਉਸਦੇ ਦੁਪੱਟ ਪੰਜਾ ਹੋਇਆ ਸੀ। ਉਸਦੇ ਪਿਛੇ ਉਲਝੇ ਵਾਲਾਂ ਵਾਲੀ ਇਕ ਛੋਟੀ ਉਮਰ ਦੀ ਤੀਵੀਂ ਖਲੋਤੀ ਸੀ, ਉਸ ਨੇ ਵੀ ਬਾਹਵਾਂ ਟੁੰਗੀਆਂ ਹੋਈਆਂ ਸਨ ਜਿਥੋਂ ਲੱਗਦਾ ਸੀ ਕਿ ਮਾਂ ਮੱਝ ਲਈ ਗੁਤਾਵਾ ਕਰ ਰਹੀ ਹੈ।

"ਕੌਣ ਹੋ ? ਕੀ ਕੰਮ ਹੈ ?”

ਵੱਡੀ ਉਮਰ ਦੀ ਔਰਤ ਨੇ ਪੁੱਛਿਆ ਜਦ ਕਿ ਇਕ ਨਜ਼ਰ ਵਿਚ ਹੀ ਉਹ ਉਨ੍ਹਾਂ ਦੀ ਸਥਿਤੀ ਨੂੰ ਸਮਝ ਗਈ ਸੀ।

"ਬਦਨਸੀਬ ਹਾਂ, ਢੋਕ ਇਲਾਹੀ ਬਖਸ਼ੋਂ ਆਏ ਹਾਂ। ਉਥੇ ਬਲਵਾਈ ਆ ਗਏ ਸਨ। ਸਾਡਾ ਘਰ ਬਾਹਰ ਲੁੱਟ ਲਿਆ ਹੈ। ਸਾਰੀ ਰਾਤ ਤੁਰਦੇ ਰਹੇ ਹਾਂ।"

ਖਿਣ ਭਰ ਲਈ ਉਹ ਔਰਤ ਠਿਠਕੀ ਖਲੋਤੀ ਰਹੀ। ਇਹ ਨਿਰਣੇ ਦਾ ਸਮਾਂ ਸੀ ਜਦ ਮਨੁੱਖ ਆਪਣੇ ਸਾਰੇ ਸੰਸਕਾਰਾਂ ਵਿਚਾਰਾਂ, ਮਾਨਤਾਵਾਂ ਅਤੇ ਪ੍ਰਭਾਵਾਂ ਦੇ ਅਧਾਰ ਤੇ ਕੋਈ ਨਿਰਣਾ ਕਰਦਾ ਹੈ। ਔਰਤ ਕੁਝ ਦੇਰ ਉਨ੍ਹਾਂ ਵੱਲ ਵੇਖਦੀ ਰਹੀ। ਫਿਰ ਉਸਨੇ ਦਰਵਾਜਾ ਖੋਲ ਦਿੱਤਾ। "ਆ ਜਾਓ, ਅੰਦਰ ਆ ਜਾਓ।"

ਹਰਨਾਮ ਸਿੰਘ ਅਤੇ ਬੰਤ ਦੀਆਂ ਪਲਕਾਂ ਉਠੀਆਂ ਅਤੇ ਦੋਵੇਂ ਦਹਿਲੀਜ਼ ਲੰਘ ਕੇ ਵਿਹੜੇ ਵਿਚ ਆ ਗਏ। ਉਨ੍ਹਾਂ ਦੇ ਅੰਦਰ ਆ ਜਾਣ ਤੇ ਔਰਤਾਂ ਨੇ ਬਾਹਰ ਝਾਕ ਕੇ ਸੱਜੇ-ਖੱਬੇ ਵੇਖਿਆ,ਫਿਰ ਝਟ ਪਟ ਕੁੰਡਾ ਮਾਰ ਦਿੱਤਾ।

ਛੋਟੀ ਉਮਰ ਦੀ ਲੜਕੀ ਇਕ ਟਕ ਇਨ੍ਹਾਂ ਦੋਹਾਂ ਵੱਲ ਵੇਖ ਰਹੀ ਸੀ। ਉਸ ਦੀਆਂ ਅੱਖਾਂ ਵਿਚ ਵਹਿਮ ਅਤੇ ਅਵਿਸ਼ਵਾਸ਼ ਸੀ।

"ਮੰਜੀ ਡਾਹ ਦੇ, ਅਕਰਾਂ।" ਔਰਤ ਨੇ ਕਿਹਾ ਅਤੇ ਆਪ ਜ਼ਮੀਨ ਤੇ ਬੈਠਕੇ ਪਹਿਲਾਂ ਵਾਂਗ ਗੋਹੇ ਦੀਆਂ ਥਾਪੀਆਂ ਬਣਾਉਣ ਲੱਗੀ।

ਅਕਰਾਂ ਕੋਠੜੀ ਵਿਚੋਂ ਮੋਢਿਆਂ ਤੇ ਪਲਾ ਲੈਂਦੀ ਹੋਈ ਤੁਰੀ ਆਈ ਅਤੇ ਕੰਧ ਨਾਲ ਲੱਗੀ ਮੰਜੀ ਨੂੰ ਉਥੇ ਹੀ ਡਾਹ ਦਿੱਤਾ।

"ਭਲਾ ਹੋਵੇ ਤੇਰਾ ਭੈਣ, ਅਸੀਂ ਇਕ ਦਿਨ ਵਿਚ ਹੀ ਘਰੋਂ ਬੇਘਰ ਹੋ ਗਏ ਹਾਂ।" ਅਤੇ ਬੰਤੋ ਦੀਆਂ ਅੱਖਾਂ ਵਿਚ ਅਬਰੂ ਆ ਗਏ।

'ਢੱਕ ਇਲਾਹੀ ਬਖਸ਼ ਵਿਚ ਸਾਰੀ ਉਮਰ ਕੱਟੀ ਹੈ। ਉਥੇ ਹੀ ਦੁਕਾਨ ਤੇ ਸਾਡਾ ਘਰ ਸੀ। ਪਹਿਲਾਂ ਤਾਂ ਸਭ ਨੇ ਕਿਹਾ, ਇਥੇ ਬੈਠੇ ਰਹੋ, ਕੁਝ ਨਹੀਂ ਹੋਵੇਗਾ।

ਫਿਰ ਕਲ ਕਰੀਮ ਖਾਨ ਨੇ ਸਲਾਹ ਦਿੱਤੀ, ਇਥੇ ਰਹਿਣ ਵਿਚ ਖਤਰਾ ਹੈ, ਇਸ ਲਈ ਤੁਸੀਂ ਚਲੇ ਜਾਓ। ਉਸਨੇ ਠੀਕ ਹੀ ਕਿਹਾ।

ਸਾਡੀ ਪਿੱਠ ਮੋੜਨ ਦੀ ਦੇਰ ਸੀ, ਕਿ ਬਲਵਾਈ ਆ ਗਏ। ਦੁਕਾਨ ਵੀ ਲੁੱਟ ਲਈ ਅਤੇ ਉਸ ਨੂੰ ਅੱਗ ਵੀ ਲਾ ਦਿੱਤੀ।" ਹਰਨਾਮ ਸਿੰਘ ਨੇ ਕਿਹਾ। ਔਰਤ ਚੁੱਪ ਰਹੀ। ਇਸੇ ਦੌਰਾਨ ਬੰਤ ਮੰਜੀ ਤੋਂ ਉਠ ਕੇ ਹੇਠਾਂ ਆ ਗਈ ਅਤੇ ਉਸ ਔਰਤ ਕੋਲ ਆ ਕੇ ਬਹਿ ਗਈ।

ਅਕਰਾਂ ਆਈ ਅਤੇ ਵੱਡੇ ਤਸਲੇ ਵਿਚ ਰੱਖੀਆਂ ਪਾਥੀਆਂ ਚੁੱਕ ਕੇ ਲੈ ਗਈ ਅਤੇ ਇਕ ਇਕ ਕਰਕੇ ਅਕੜੇ ਦੀ ਕੰਧ ਤੇ ਲਾਉਣ ਲੱਗੀ। ਔਰਤ ਚੁਪ ਚਾਪ ਗੋਹੇ ਦੇ ਢੇਰ ਵਿਚ ਹੱਥ ਪਾ ਪਾ ਕੇ ਥਾਪੀਆਂ ਪਥਦੀ ਰਹੀ। ਮੂੰਹੋਂ ਕੁਝ ਨਾ ਬੋਲੀ।

“ਮਰਦ ਕਿੱਥੇ ਗਏ ਹਨ ?" ਹਰਨਾਮ ਸਿੰਘ ਨੇ ਪੁੱਛਿਆ।

ਔਰਤ ਨੇ ਇਕ ਵਾਰ ਘੁੰਮਕੇ ਹਰਨਾਮ ਸਿੰਘ ਵੱਲ ਵੇਖਿਆ, ਪਰ ਉਸ ਦੇ ਸਵਾਲ ਦਾ ਜਵਾਬ ਨਾ ਦਿੱਤਾ। ਹਰਨਾਮ ਸਿੰਘ ਨੂੰ ਅਚਾਨਕ ਸਮਝ ਆ ਗਈ ਕਿ ਮਰਦ ਕਿਥੇ ਗਏ ਹੋਣਗੇ ਅਤੇ ਉਸ ਦਾ ਸਾਰਾ ਸਰੀਰ ਝੁਣਝੁਣਾ ਉਠਿਆ। ‘‘ਅਸੀਂ ਇਨ੍ਹਾਂ ਦੋ ਕਪੜਿਆਂ ਵਿਚ ਨਿਕਲ ਆਏ ਹਾਂ। ਭਲਾ ਹੋਵੇ ਕਰੀਮ ਬਖਸ਼ ਦਾ ਉਸ ਨੇ ਸਾਡੀ ਜਾਨ ਬਚਾ ਦਿੱਤੀ। ਅਤੇ ਸਲਾਮਤ ਰਹੇ ਤੂੰ ਭੈਣ ਜਿਸਨੇ ਸਾਨੂੰ ਆਸਰਾ ਦਿੱਤਾ ਹੈ।"

ਘਰ ਵਿਚ ਅਜੀਬ ਤਰ੍ਹਾਂ ਦੀ ਚੁੱਪ ਛਾਈ ਹੋਈ ਸੀ ਜਿਸ ਕਰਕੇ ਹਰਨਾਮ ਸਿੰਘ ਕੁਝ ਕਹਿੰਦਾ ਕਹਿੰਦਾ ਚੁਪ ਹੋ ਜਾਂਦਾ ਸੀ। ਛੋਟੀ ਇਸਤਰੀ ਅੰਦਰ ਚਲੀ ਗਈ ਸੀ ਅਤੇ ਹਰਨਾਮ ਸਿੰਘ ਨੂੰ ਵਾਰ ਵਾਰ ਲੱਗਦਾ ਜਿਵੇਂ ਉਹ ਕੋਠੜੀ ਦੇ ਹਨੇਰੇ ਵਿਚ ਖਲੋਤੀ ਉਨ੍ਹਾਂ ਵੱਲ ਘਰ ਘਰ ਕੇ ਵੇਖ ਰਹੀ ਹੈ।

ਔਰਤ ਉਠ ਖਲੋਤੀ ਅਤੇ ਤਸਲੇ ਵਿਚ ਰਖੇ ਪਾਣੀ ਨਾਲ ਹੱਥ ਧੋ ਕੇ ਇਕ ਬੰਨੇ ਚਲੀ ਗਈ, ਜਿਥੇ ਰਸੋਈ ਦੇ ਭਾਂਡੇ ਰਖੇ ਸਨ। ਫਿਰ ਉਸਨੇ ਮਿੱਟੀ ਦਾ ਕਟੋਰਾ

ਚੁੱਕਿਆ ਅਤੇ ਉਸ ਵਿਚ ਲੱਸੀ ਪਾ ਕੇ ਲੈ ਆਈ। ਹਰਨਾਮ ਸਿੰਘ ਨੇ ਅਜੇ ਵੀ ਬੰਦੂਕ ਨੂੰ ਮੋਢੇ ਨਾਲ ਲਟਕਾਇਆ ਹੋਇਆ ਸੀ। ਕਾਰਤੂਸਾਂ ਦੀ ਪੇਟੀ ਪਸੀਨੇ ਨਾਲ ਭਰੀ ਹੋਈ ਉਸਦੀ ਕਮੀਜ਼ ਨਾਲ ਜਿਵੇਂ ਚਿਪਕੀ ਹੋਈ ਸੀ।

'ਲਓ ਲਸੀ ਪੀ ਲਓ, ਰਾਤ ਭਰ ਦੇ ਥੱਕੇ ਹੋਏ ਹੋ।"

ਕਟੋਰਾ ਹੱਥ ਵਿਚ ਲੈ ਕੇ ਹਰਨਾਮ ਸਿੰਘ ਫੁੱਟ ਫੁੱਟ ਕੇ ਰੋ ਪਿਆ। ਰਾਤ ਭਰ ਦੀ ਥਕਾਵਟ ਉਤੇਜਨਾ ਅਤੇ ਦਬੀਆਂ ਭਾਵਨਾਵਾਂ ਇਕ ਦਮ ਫੁੱਟ ਕੇ ਨਿਕਲ ਆਈਆਂ ਅਤੇ ਉਹ ਬੱਚਿਆਂ ਵਾਂਗ ਵਿਲਕ ਪਿਆ, ਆਖਿਰ ਤਾਂ ਖਾਂਦਾ ਪੀਂਦਾ ਦੁਕਾਨਦਾਰ ਸੀ, ਲੱਕ ਨਾਲ ਦੋ ਸੌ ਰੁਪਿਆ ਵੀ ਬੰਨ੍ਹ ਕੇ ਲਿਆਇਆ ਸੀ। ਸਾਰੀ ਉਮਰ ਕਿਸੇ ਅੱਗੇ ਹੱਥ ਨਹੀਂ ਅੱਡਿਆ ਸੀ ਅਤੇ ਹੁਣ ਇਕ ਦਿਨ ਵਿਚ ਦਰ ਦਰ ਦੀਆਂ ਠੋਕਰਾਂ ਖਾਣ ਲੱਗਾ ਸੀ।

"ਇਥੇ ਉੱਚਾ ਉੱਚਾ ਰੋਵੋ ਨਾ ਸਰਦਾਰ ਜੀ, ਗਲੀ ਮੁਹਲੇ ਵਾਲੇ ਸੁਣਨਗੇ ਤਾਂ ਭੱਜੇ ਆਉਣਗੇ। ਚੁੱਪ ਚਾਪ ਬੈਠੇ ਰਹੋ।"

ਹਰਨਾਮ ਸਿੰਘ ਆਪਣੀਆਂ ਸਿਸਕੀਆਂ ਦਬਾ ਕੇ ਚੁੱਪ ਹੋ ਗਿਆ, ਅਤੇ ਪਗੜੀ ਵਿਚੋਂ ਬਮਲਾ ਕੱਢ ਕੇ ਅਥਰੂ ਪੂੰਝਣ ਲੱਗਾ।

"ਭਲਾ ਹੋਵੇ ਤੁਹਾਡਾ ਭੈਣ, ਤੁਹਾਡਾ ਕੀਤਾ ਅਸੀ ਕਦੇ ਨਹੀਂ ਉਤਾਰ ਸਕਾਂਗੇ।"

"ਰਬ ਘਰੋਂ ਬੇਘਰ ਕਿਸੀ ਆ ਨਾ ਕਰੇ। ਰੱਬ ਦੀ ਮੇਹਰ ਹੋਈ ਤਾਂ ਸਭ ਠੀਕ ਹੋ ਜਾਵੇਗਾ।"

ਔਰਤ ਅਜੇ ਵੀ ਲੱਸੀ ਦਾ ਕਟੋਰਾ ਹੱਥ ਵਿਚ ਲਈ ਬੰਤੋ ਦੇ ਸਾਹਮਣੇ ਖਲੋਤੀ ਸੀ। ਲੱਸੀ ਕੇ ਕਟੋਰੇ ਨੂੰ ਵੇਖ ਕੇ ਬੰਤੋ ਦੁਬਿਧਾ ਵਿਚ ਪੈ ਗਈ। ਬੰਤੋ ਨੇ ਅੱਖਾਂ ਚੁੱਕ ਕੇ ਪਤੀ ਵੱਲ ਵੇਖਿਆ, ਉਸਦਾ ਪਤੀ ਉਸੇ ਵੱਲ ਵੇਖ ਰਿਹਾ ਸੀ। ਮੁਸਲਮਾਨ ਦੇ ਹੱਥੋਂ ਕਟੋਰਾ ਕਿਵੇਂ ਲੈ ਲਵੇ ? ਉਧਰ ਰਾਤ ਭਰ ਦੀ ਥਕਾਵਟ, ਹਲਕ ਸੁਕ ਰਿਹਾ ਸੀ। ਉਸਦੀ ਝਿਜਕ ਨੂੰ ਘਰ ਦੀ ਮਾਲਕਣ ਸਮਝ ਗਈ।

"ਤੁਹਾਡੇ ਕੋਲ ਆਪਣਾ ਕੋਈ ਭਾਂਡਾ ਹੋਵੇ ਤਾਂ ਉਸ ਵਿਚ ਪਾ ਲਏ। ਇਧਰ ਪਿੰਡ ਵਿਚ ਇਕ ਪੰਡਤ ਦੀ ਦੁਕਾਨ ਹੈ। ਜੇ ਉਹ ਘਰ ਹੋਇਆ ਤਾਂ ਉਸ ਕੋਲੋਂ ਮੈਂ ਤੁਹਾਡੇ ਲਈ ਦੋ ਭਾਂਡੇ ਲੈ ਆਵਾਂਗੀ। ਪਰ ਕੀ ਪਤਾ ਮਿਲਦਾ ਹੈ ਜਾਂ ਨਹੀਂ। ਸਾਡੇ ਹੱਥ ਦਾ ਨਾ ਲਓ, ਪਰ ਦਿਨ ਭਰ ਭੁੱਖੇ ਕਿੱਥੇ ਪਏ ਰਹੋਗੇ ?"

ਇਸ ਤੇ ਹਰਨਾਮ ਸਿੰਘ ਨੇ ਹੱਥ ਅੱਗੇ ਕਰਕੇ ਕਟੋਰਾ ਲੈ ਲਿਆ। "ਤੇਰੇ ਹੱਥ ਦਾ ਦਿੱਤਾ ਅੰਮ੍ਰਿਤ ਬਰਾਬਰ ਹੈ ਭੈਣ, ਅਸੀਂ ਤੇਰਾ ਕੀਤਾ ਕਦੇ ਨਹੀਂ ਉਤਾਰ ਸਕਦੇ।"

ਧੁੱਪ ਨਿਕਲ ਆਈ ਸੀ ਤੇ ਲਾਗੇ ਚਾਗੇ ਦੇ ਘਰਾਂ ਵਿਚੋਂ ਅਵਾਜਾਂ ਆਉਣ ਲੱਗੀਆਂ ਸਨ। ਹਰਨਾਮ ਸਿੰਘ ਨੇ ਅੱਧੀ ਲੱਸੀ ਪੀ ਕੇ ਕਟੋਰਾ ਬੰਤੋ ਵੱਲ ਵਧਾ ਦਿੱਤਾ।

"ਸੁਣੋ ਜੀ ਸਰਦਾਰ ਜੀ, ਮੈਂ ਤੁਹਾਡੇ ਕੋਲੋਂ ਕੁਝ ਛਿਪਾਵਾਂਗੀ ਨਹੀਂ।" ਘਰ ਦੀ ਮਾਲਕਣ ਬੋਲੀ, ''ਮੇਰਾ ਘਰ ਵਾਲਾ ਅਤੇ ਪੁੱਤਰ ਦੋਵੇਂ ਪਿੰਡ ਵਾਲਿਆਂ ਨਾਲ ਬਾਹਰ ਗਏ ਹੋਏ ਹਨ। ਉਹ ਹੁਣੇ ਮੁੜਨ ਵਾਲੇ ਹੀ ਹੋਣਗੇ। ਮੇਰਾ ਘਰ ਵਾਲਾ ਤਾਂ ਰੱਬ ਤੋਂ ਡਰਨ ਵਾਲਾ ਆਦਮੀ ਹੈ। ਤੁਹਾਨੂੰ ਕੁਝ ਨਹੀਂ ਕਹੇਗਾ, ਪਰ ਮੇਰਾ ਪੁੱਤਰ ਲੀਗੀ ਹੈ ਅਤੇ ਉਸਦੇ ਨਾਲ ਦੇ ਵੀ ਲੀਗੀ ਹਨ। ਤੁਹਾਡੇ ਨਾਲ ਉਹ ਕਿਹੋ ਜਿਹਾ ਸਲੂਕ ਕਰਨਗੇ ਮੈਨੂੰ ਨਹੀਂ ਪਤਾ। ਤੁਸੀਂ ਆਪਣਾ ਨਫ਼ਾ ਨੁਕਸਾਨ ਸੋਚ ਲਓ।"

ਹਰਨਾਮ ਸਿੰਘ ਦਾ ਦਿਲ ਬੈਠ ਗਿਆ ਹੁਣੇ ਹੁਣੇ ਤਾਂ ਇਹ ਔਰਤ ਅਲੱਗ ਭਾਂਡੇ ਦੇਣ ਦੀ ਗੱਲ ਕਰ ਰਹੀ ਸੀ ਅਤੇ ਹੁਣ ਕੁਝ ਹੋਰ ਹੀ ਸੁਣਾਉਣ ਲੱਗੀ ਹੈ। ਉਸ ਨੇ ਹੱਥ ਜੋੜ ਦਿੱਤੇ।

"ਇਸ ਵੇਲੇ ਦਿਨ ਦਿਹਾੜੇ ਅਸੀਂ ਕਿਥੇ ਜਾਈਏ ?" "ਮੈਨੂੰ ਕੀ ਪਤਾ ?" ਭਲੇ ਦਿਨ ਹੁੰਦੇ ਤਾਂ ਕੋਈ ਗੱਲ ਨਹੀਂ ਸੀ, ਹੁਣ ਕੋਈ ਕਿਸੇ ਦੀ ਨਹੀਂ ਸੁਣਦਾ। ਮੈਂ ਤੁਹਾਨੂੰ ਦਸ ਦਿੱਤਾ ਹੈ ਕਿ ਮਰਦ ਬਾਹਰ ਗਏ ਹੋਏ ਹਨ ਅਤੇ ਹੁਣ ਆਉਣ ਵਾਲੇ ਹੋਣਗੇ। ਉਹ

ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕਰਨਗੇ, ਮੈਨੂੰ ਨਹੀਂ ਪਤਾ। ਜੇ ਕੋਈ ਚੰਗੀ ਮੰਦੀ ਹੋ ਗਈ ਤਾਂ ਮੈਨੂੰ ਨਾ ਕਹਿਣਾ।"

ਹਰਨਾਮ ਸਿੰਘ ਬੜੀ ਦੇਰ ਗਹਿਰੀ ਸੋਚ ਵਿਚ ਥਾ ਬੈਠਾ ਰਿਹਾ, ਫਿਰ ਮਾੜੀ ਜਿਹੀ ਆਵਾਜ਼ ਵਿਚ ਬੋਲਿਆ।

"ਸਤ ਬਚਨ, ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ, ਉਹ ਹੋਵੇਗਾ। ਤੇਰੇ ਦਿਲ ਵਿਚ ਰਹਿਮ ਜਾਗਿਆ, ਤੂੰ ਦਰਵਾਜਾ ਖੋਲ੍ਹ ਦਿੱਤਾ। ਹੁਣ ਤੂੰ ਕਹੇਂਗੀ ਬਾਹਰ ਚਲੇ ਜਾਓ ਤਾਂ ਅਸੀਂ ਬਾਹਰ ਚਲੇ ਜਾਵਾਂਗੇ। ਚਲ ਬੰਤੋ, ਉਠ .....।"

ਹਰਨਾਮ ਸਿੰਘ ਨੇ ਬੰਦੂਕ ਸੰਭਾਲੀ ਅਤੇ ਦੋਵੇਂ ਪਤੀ ਪਤਨੀ ਦਰਵਾਜ਼ੇ ਵੱਲ ਵਧੇ। ਉਸਨੂੰ ਪਤਾ ਸੀ ਕਿ ਦਰਵਾਜਿਉਂ ਬਾਹਰ ਪਰਲੋ ਮੂੰਹ ਅੱਡੀ ਖਲੋਤੀ ਹੈ। ਪਰ ਕੋਈ ਚਾਰਾ ਨਹੀਂ ਸੀ। ਔਰਤ ਜਿਉਂ ਦੀ ਤਿਉਂ ਵਿਹੜੇ ਵਿਚ ਖਲੋਤੀ ਰਹੀ ਅਤੇ ਉਨ੍ਹਾਂ ਵੱਲ ਵੇਖਦੀ ਰਹੀ।

ਜਦ ਹਰਨਾਮ ਸਿੰਘ ਨੇ ਕੁੰਡੀ ਖੋਲ੍ਹਣ ਲਈ ਹੱਥ ਚੁੱਕਿਆ ਤਾਂ ਔਰਤ ਫਿਰ ਬੋਲ ਉਠੀ :

"ਨਾ ਜਾਓ ਜੀ, ਰੁਕ ਜਾਓ, ਕੁੰਡੀ ਮਾਰ ਦਿਓ।" ਉਹ ਬੋਲੀ, "ਤੁਸੀਂ ਮੇਰੇ ਘਰ ਦਾ ਦਰਵਾਜਾ ਖੜਕਾਇਆ ਹੈ, ਦਿਲ ਵਿਚ ਕੋਈ ਆਸ ਲੈ ਕੇ ਆਏ ਹੋ। ਜੋ ਹੋਵੇਗਾ, ਵੇਖਿਆ ਜਾਵੇਗਾ। ਤੁਸੀਂ ਪਰਤ ਆਓ।"

ਪਿੱਛੇ ਹਨੇਰੀ ਕੋਠੜੀ ਦੀ ਦਹਿਲੀਜ਼ ਤੇ ਖਲੋਤੀ ਅਕਰਾਂ ਆਪਣੀ ਸੱਸ ਵੱਲ ਵੇਖੀ ਜਾ ਰਹੀ ਸੀ, ਉਸਨੂੰ ਬੋਲਦੇ ਵੇਖ ਕੇ ਅੱਗੇ ਵਧ ਆਈ:

'ਜਾਣ ਦੇ ਮਾਂ, ਅਸੀਂ ਮਰਦਾਂ ਨੂੰ ਪੁੱਛਿਆ ਵੀ ਤਾਂ ਨਹੀਂ ਹੈ। ਉਨ੍ਹਾਂ ਨੂੰ ਬਹੁਤ ਬੁਰਾ ਲਗੇਗਾ "

"ਮੈਂ ਜਵਾਬ ਦੇ ਲਵਾਂਗੀ। ਤੂੰ ਜਾ ਅੰਦਰੋਂ ਪੌੜੀ ਚੁੱਕ ਲਿਆ, ਜਲਦੀ ਕਰ। ਘਰ ਆਇਆ ਨੂੰ ਕੱਢ ਦਿਆਂ ? ਅੱਲਾਹ ਦੀ ਦਰਗਾਹ ਵਿਚ ਸਭ ਨੇ ਜਾਣਾ ਹੈ। ਜਾ ਖਲੋਤੀ ਮੇਰਾ ਮੂੰਹ ਕੀ ਵੇਖ ਰਹੀ ਹੈ, ਅੰਦਰ ਪੌੜੀ ਚੁੱਕ ਲਿਆ।"

ਹਰਨਾਮ ਸਿੰਘ ਤੇ ਉਸਦੀ ਪਤਨੀ ਦਰਵਾਜ਼ੇ ਤੋਂ ਮੁੜ ਆਏ। ਹਰਨਾਮ ਸਿੰਘ ਨੇ ਫਿਰ ਹੱਥ ਜੋੜ ਦਿੱਤੇ।

"ਵਾਹਿਗੁਰੂ ਤੈਨੂੰ ਸਲਾਮਤ ਰਖੇ ਭੈਣ, ਤੂੰ ਸਾਨੂੰ ਜਿਵੇਂ ਕਹੇਂਗੀ ਅਸੀਂ ਉਸ ਤਰ੍ਹਾਂ ਹੀ ਕਰਾਂਗੇ।"

ਦਿਨ ਨਿਕਲ ਆਇਆ ਸੀ। ਆਂਢ-ਗੁਆਂਢ ਦੀਆਂ ਤੀਵੀਆਂ, ਇਕ ਦੂਸਰੇ ਦੇ ਘਰ ਆਉਣ ਜਾਣ ਲੱਗੀਆਂ ਸਨ। ਥਾਂ ਥਾਂ ਫਸਾਦਾਂ ਦੀ ਚਰਚਾ ਹੋ ਰਹੀ ਸੀ। ਇਸ ਪਿੰਡ ਵਿਚੋਂ ਵੀ ਪਿਛਲੀ ਸ਼ਾਮ ਬਹੁਤ ਸਾਰੇ ਮਰਦ ਨਾਹਰੇ ਲਾਉਂਦੇ ਬਰਛੇ ਭਾਲੇ ਹਵਾ ਵਿਚ ਝੁਲਾਉ ਦੇ ਅਤੇ ਢੋਲ ਵਜਾਉਂਦੇ ਪਿੰਡ ਵਿਚ ਘੁੰਮਦੇ ਰਹੇ ਸਨ ਅਤੇ ਬਾਦ ਵਿਚ ਪੂਰਬ ਦੀ ਦਿਸ਼ਾ ਨੂੰ ਨਿਕਲ ਗਏ ਸਨ। ਪਤਾ ਨਹੀਂ ਕਿੱਥੇ ਘੁੰਮਦੇ ਰਹੇ ਸਨ, ਸਾਰੀ ਰਾਤ ਕੀ ਕਰਦੇ ਰਹੇ ਸਨ, ਪਰ ਹੁਣ ਦਿਨ ਚੜ੍ਹ ਆਇਆ ਸੀ ਤੋਂ ਘਰ ਘਰ ਵਿਚ ਉਨ੍ਹਾਂ ਦੀ ਉਡੀਕ ਸੀ।

ਅਕਰਾਂ ਪੌੜੀ ਲੈ ਆਈ। ਉਸਦੀ ਸੱਸ ਨੇ ਪੌੜੀ ਉਹਦੇ ਹੱਥੋਂ ਲੈ ਲਈ ਅਤੇ ਕੰਧ ਨਾਲ ਲਾ ਦਿੱਤੀ ਜਿੱਥੇ ਕੋਠੜੀ ਉਪਰ ਛੋਟੀ ਜਿਹੀ ਮਿਆਨੀ ਬਣੀ ਹੋਈ ਸੀ।

ਏਧਰ ਆਓ ਜੀ, ਤੁਸੀਂ ਦੋਵੇਂ ਉਪਰ ਚੜ੍ਹ ਕੇ ਮਿਆਨੀ ਵਿਚ ਬੈਠ ਜਾਓ। ਬੋਲਣਾ ਨਹੀਂ, ਕਿਸੇ ਨੂੰ ਪਤਾ ਨਾ ਲੱਗੇ ਕਿ ਤੁਸੀਂ ਇਥੇ ਹੋ, ਅੱਗੇ ਅੱਲਾਹ ਮਾਲਿਕ ਹੈ।"

ਹਰਨਾਮ ਸਿੰਘ ਨੂੰ ਚੜ੍ਹਨ ਵਿਚ ਮੁਸ਼ਕਿਲ ਪੇਸ਼ ਆਈ। ਇਕ ਤਾਂ ਭਾਰੀ ਦੇਹ, ਦੂਸਰੀ ਮੋਢੇ ਤੇ ਲਟਕਦੀ ਬੰਦੂਕ ਵਾਰ ਵਾਰ ਲੱਤਾਂ ਵਿਚ ਉਲਝ ਰਹੀ ਸੀ। ਜਿਵੇਂ ਕਿਵੇਂ ਹਫ਼ਦਾ ਹੋਇਆ ਉਹ ਉਪਰ ਪਹੁੰਚ ਗਿਆ, ਪਿੱਛੇ ਪਿੱਛੇ ਬੰਤੋ ਵੀ ਚੜ੍ਹ

ਗਈ। ਮਿਆਨੀ ਛੋਟੀ ਜਿਹੀ ਸੀ, ਮੁਸ਼ਕਿਲ ਨਾਲ ਉਕੜੇ ਹੋ ਕੇ ਬੈਠ ਸਕਣ ਦੀ ਜਗ੍ਹਾ ਸੀ। ਪਿਛੇ ਠਸਾਠਸ ਸਾਮਾਨ ਭਰਿਆ ਹੋਇਆ ਸੀ। ਜਦ ਹਰਨਾਮ ਸਿੰਘ ਨੇ ਖਿੜਕੀ ਬੰਦ ਕਰ ਦਿੱਤੀ ਤਾਂ ਕੁਝ ਹਨੇਰਾ ਹੋ ਗਿਆ। ਦੋਵੇਂ ਚੁਪਚਾਪ ਬੈਠੇ ਹਨੇਰੇ ਵਿਚ ਅੱਖਾਂ ਪਾੜ ਪਾੜ ਕੇ ਵੇਖ ਰਹੇ ਸਨ। ਨਾ ਕੁਝ ਸੋਚਣ ਨੂੰ ਸੀ, ਨਾ ਕਹਿਣ ਨੂੰ, ਇਕ ਪਤਲੀ ਜਿਹੀ ਡੋਰੀ ਦੇ ਸਹਾਰੇ ਕਿਸਮਤ ਲਟਕ ਰਹੀ ਸੀ।

ਦੇਰ ਤਕ ਹਰਨਾਮ ਸਿੰਘ ਹਫਦਾ ਰਿਹਾ। ਮਿਆਨੀ ਅੰਦਰ ਘੁਟਨ ਸੀ, ਕੁਝ ਹਨੇਰਾ ਸੀ। ਕੁਝ ਦੇਰ ਤਕ ਬੈਠੇ ਰਹਿਣ ਪਿਛੋਂ ਲਾਚਾਰ ਹੋ ਕੇ ਹਰਨਾਮ ਸਿੰਘ ਨੇ ਤਾਕੀ ਨੂੰ ਥੋੜ੍ਹਾ ਜਿਹਾ ਖੋਲ੍ਹ ਦਿੱਤਾ ਤਾਂ ਕਿ ਥੋੜ੍ਹੀ ਜਿਹੀ ਹਵਾ ਤੇ ਰੋਸ਼ਨੀ ਅੰਦਰ ਆ ਸਕੇ। ਉਸ ਪਤਲੀ ਜਿਹੀ ਝੀਤ ਵਿਚੋਂ ਵਿਹੜੇ ਦਾ ਦਰਵਾਜ਼ਾ ਅਤੇ ਥੋੜ੍ਹਾ ਜਿਹਾ ਵਿਹੜੇ ਦਾ ਹਿੱਸਾ ਦਿਖਾਈ ਦੇ ਰਿਹਾ ਸੀ। ਹੇਠਾਂ ਚੁੱਪ-ਚਾਪ ਸੀ।

ਉਸਨੂੰ ਲਗਿਆ ਜਿਵੇਂ ਸੱਸ ਤੇ ਨੂੰਹ ਵਿਹੜੇ ਵਿਚ ਚਲੀਆਂ ਗਈਆਂ ਹਨ।

“ਜੇ ਕੋਈ ਬੁਰੀ ਗੱਲ ਹੋ ਗਈ ਬੰਤ, ਸਾਡੀ ਜਾਨ ਖਤਰੇ ਵਿਚ ਪੈ ਗਈ ਤਾਂ ਮੈਂ ਪਹਿਲਾਂ ਤੈਨੂੰ ਗੋਲੀ ਮਾਰਾਂਗਾ, ਤੈਨੂੰ ਆਪਣੇ ਹੱਥਾਂ ਨਾਲ ਖਤਮ ਕਰ ਦਿਆਂਗਾ...... ਹਰਨਾਮ ਸਿੰਘ ਨੇ ਫਸ-ਫੁਸਾਕੇ ਤੀਸਰੀ ਵਾਰ ਕਿਹਾ। ''ਜੇ ਅਸੀਂ ਫੜੇ ਗਏ ਤਾਂ ਹੋਰ ਕੋਈ ਚਾਰਾ ਨਹੀਂ।"

ਬੰਤੋ ਚੁੱਪ ਰਹੀ। ਉਹ ਇਕ-ਇਕ ਛਿਨ ਗਿਣ ਰਹੀ ਸੀ ਕਿ ਹੁਣ ਕੀ ਹੋਵੇਗਾ, ਉਸਦੀ ਸੂਝ ਇਸ ਤੋਂ ਅੱਗੇਰੇ ਜਾਂ ਹੀ ਨਹੀਂ ਰਹੀ ਸੀ।

ਹੇਠਾਂ, ਪਿਛਲੀ ਕੋਠੜੀ ਅੰਦਰ ਸੱਸ ਨੂੰਹ ਦੇ ਵਿਚਕਾਰ ਦਬਾ ਦਬ ਬਹਿਸ ਚਲ ਰਹੀ ਸੀ। ਅਕਰਾਂ ਨੇ ਮੂੰਹ ਸੁਜਾਇਆ ਹੋਇਆ ਸੀ।

"ਕਾਫਰਾਂ ਕੀ ਪਨਾਹ ਦੇਨੇ ਓ, ਬਹੁ ਮਾੜਾ ਕਰਨੇ ਓ। ਮੜਦ ਤੁਦਾਂ ਪੁਛਸਨ।”

''ਤੂੰ ਚੁੱਪ ਕਰ ਰਹਿ। ਬਦਨਸੀਬ ਕੋਈ ਆਏ ਤੇ ਮੈਂ ਧੱਕਾ ਦੇ ਕੇ ਬਾਹਰ ਕੱਢ ਦੇਵਾਂ?"

"ਨਾ ਜਾਣ- ਪਛਾਣ। ਇਹ ਸਾਡੇ ਕੀ ਲੱਗਦੇ ਹਨ ? ਕਿੰਨਾ ਬੁਰਾ ਲਗੇਗਾ ਅੱਬਾ ਨੂੰ ਸੀ ਤੇ ਰਮਜ਼ਾਨ ਨੂੰ ਵੀ। ਉਪਰ ਦੋਵੇਂ ਚੜ੍ਹ ਬੈਠੇ ਨੇ, ਅਤੇ ਸਿਖੜੇ ਦੇ ਹੱਥ ਵਿਚ ਬੰਦੂਕ ਹੈ। ਜੇ ਸਾਡੇ ਮਰਦ ਆਏ ਅਤੇ ਉਸਨੇ ਗੋਲੀ ਚਲਾ ਦਿੱਤੀ ਤਾਂ ? ਤੂੰ ਤਾਂ ਇਤਬਾਰ ਕਰਕੇ ਉਨ੍ਹਾਂ ਨੂੰ ਉਪਰ ਬਿਠਾ ਦਿੱਤਾ।"

ਸੱਸ ਅਕਰਾਂ ਦੇ ਚਿਹਰੇ ਵੱਲ ਵੇਖਦੀ ਰਹਿ ਗਈ। ਉਸਦੀ ਗੱਲ ਵਿਚ ਸਾਰ ਸੀ। ਜੇ ਗੱਲ ਵਿਗੜ ਜਾਵੇ, ਮਰਦਾਂ ਦੇ ਪਰਤਣ ਤੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਅਤੇ ਇਨ੍ਹਾਂ ਵਿਚਕਾਰ ਤੂੰ ਤੂੰ, ਮੈਂ ਮੈਂ ਹੋ ਜਾਵੇ, ਗਾਲੀ-ਗਲੋਚ ਹੋ ਜਾਵੇ, ਰਮਜ਼ਾਨ ਉਂਜ ਵੀ ਕਿੰਨੇ ਦਿਨਾਂ ਦਾ ਬੌਖਲਾਇਆ ਹੋਇਆ ਹੈ ਅਤੇ ਇਹ ਉਪਰ ਬੈਠਾ ਗੋਲੀ ਚਲਾ ਦੇਵੇ ਤਾਂ ਕੀ ਹੋਵੇਗਾ ? ਹੇਠਾਂ ਖਲੋਤੇ ਆਦਮੀ ਨੂੰ ਦਾ ਮਾਰ ਹੀ ਸੁਟੇਗਾ। ਕਿਸੇ ਨੂੰ ਪਨਾਹ ਦੇਣਾ ਹੋਰ ਗੱਲ ਹੈ ਅਤੇ ਆਪਣੇ ਪੁੱਤਰ ਜਾਂ ਘਰ ਵਾਲੇ ਦੀ ਜਾਨ ਜੋਖਿਮਾਂ ਵਿਚ ਪਾਉਣਾ ਹੋਰ ਗੱਲ। ਇਸ ਵਿਚ ਕੀ ਅਕਲ ਮੰਦੀ ਹੈ। ਇਹ ਗੱਲ ਉਸਨੂੰ ਸੁਝੀ ਕਿਉਂ ਨਹੀਂ ?

ਉਹ ਉਠਕੇ ਮਿਆਨੀ ਦੇ ਹੇਠਾਂ ਜਾ ਖਲੋਤੀ :

“ਸੁਣ, ਸਰਦਾਰ ਜੀ ਮੇਰੀ ਗੱਲ।” ਉਸਨੇ ਦਬੀ ਆਵਾਜ਼ ਵਿਚ ਕਿਹਾ। ਹਰਨਾਮ ਸਿੰਘ ਨੇ ਤਾਕੀ ਨੂੰ ਹੋਰ ਥੋੜ੍ਹਾ ਜਿਹਾ ਖੋਲ੍ਹ ਦਿੱਤਾ।

"ਕੀ ਹੈ ਭੈਣ ?”

"ਆਪਣੀ ਬੰਦੂਕ ਮੈਨੂੰ ਦੇ ਦੇ। ਇਧਰੋਂ ਲਟਕਾ ਦੇ ਮੈਂ ਫੜ ਲਵਾਂਗੀ।" ਹਰਨਾਮ ਸਿੰਘ ਉਤਰ ਦੇਣ ਤੋਂ ਪਹਿਲਾਂ ਠਿਠਕਿਆ ਅਤੇ ਚੁੱਪ ਰਿਹਾ।

''ਮੈਂ ਬੰਦੂਕ ਕਿਵੇਂ ਦੇ ਦਿਆਂ ਭੈਣ ?”

"ਨਹੀ ਤੂੰ, ਬੰਦੂਕ ਦੇ ਦੇ। ਬੰਦੂਕ ਲੈ ਕੇ ਤੂੰ ਉਪਰ ਨਹੀਂ ਬੈਠ ਸਕਦਾ।”

ਫਿਰ ਦੋਵਾਂ ਵਿਚ ਚੁੱਪ ਛਾ ਗਈ। ਬੰਦੂਕ ਦੇ ਦੇਣ ਦਾ ਮਤਲਬ ਸੀ ਆਪਣੀ ਜਾਨ ਉਨ੍ਹਾਂ ਦੇ ਹੱਥ ਵਿਚ ਦੇਣਾ। ਜੇ ਉਹ ਨਾਂਹ ਕਰ ਦੇਵੇ ਤਾਂ ਉਹ ਫੋਰਨ ਆਪਣੇ ਘਰੋਂ ਬਾਹਰ ਕੱਢ ਸਕਦੀ ਹੈ ਅਤੇ ਬਾਹਰ, ਦਿਨ ਦਿਹਾੜੇ, ਬੰਦੂਕ ਮੋਢੇ ਤੇ ਲਟਕ ਵੀ ਰਹੀ ਹੋਵੇ, ਤਾਂ ਕੋਈ ਹਿਫਾਜ਼ਤ ਨਹੀਂ।

"ਸੁਣਦੇ ਹੋ ਸਰਦਾਰ ਜੀ, ਬੰਦੂਕ ਦੇ ਦਿਓ। ਮੇਰੇ ਘਰ ਵਿਚ ਰਹਿੰਦੇ ਤੁਹਾਨੂੰ ਬੰਦੂਕ ਦੀ ਕੀ ਲੋੜ ਹੈ ?”

"ਬੰਦੂਕ ਦੇ ਕੇ ਤਾਂ ਮੈਂ ਬਿਲਕੁਲ ਨਿਹੱਥਾ ਹੋ ਜਾਵਾਂਗਾ ਭੈਣ। ਕਿੱਥੇ ਮਾਰਾ ਮਾਰਾ ਫਿਰਾਂਗਾ। ਇਸਦਾ ਤਾਂ ਮੈਨੂੰ ਹੌਂਸਲਾ ਹੈ।”

ਤੂੰ ਬੰਦੂਕ ਦੇ ਦੇ, ਇਧਰ ਲਟਕਾ ਦੇ, ਜਦੋਂ ਜਾਵੇਂਗਾ ਤਾਂ ਮੈਂ ਤੈਨੂੰ ਵਾਪਿਸ ਕਰ ਦਿਆਂਗੀ।"

ਹਰਨਾਮ ਸਿੰਘ ਨੇ ਆਪਣੀ ਵਹੁਟੀ ਦੇ ਚਿਹਰੇਂ ਵੱਲ ਵੇਖਿਆ ਫਿਰ ਚੁਪਚਾਪ ਬੰਦੂਕ ਹੇਠਾਂ ਲਟਕਾ ਦਿੱਤੀ।

ਬੰਦੂਕ ਦੇ ਚੁੱਕਣ ਪਿਛੋਂ ਹਰਨਾਮ ਸਿੰਘ ਨੂੰ ਇਸ ਗੱਲ ਦਾ ਧਿਆਨ ਆਇਆ ਕਿ ਦੇਣ ਤੋਂ ਪਹਿਲਾਂ ਉਸ ਵਿਚੋਂ ਗੋਲੀਆਂ ਤਾਂ ਕੱਢ ਲੈਂਦਾ। ਭਰੀ ਹੋਈ ਬੰਦੂਕ ਉਸਦੇ ਹੱਥਾਂ ਵਿਚ ਦੇ ਦਿੱਤੀ ਪਰ ਫਿਰ ਸਿਰ ਝਟਕ ਦਿੱਤਾ। ਜਿਥੇ ਜ਼ਿੰਦਗੀ ਹੀ ਅਨਿਸ਼ਚੇ ਵਿਚ ਲਟਕ ਰਹੀ ਹੈ ਉਥੇ ਕੀ ਫ਼ਰਕ ਪੈਂਦਾ ਹੈ ਕਿ ਬੰਦੂਕ ਵਿਚੋਂ ਗੋਲੀਆਂ ਕੱਢ ਲਈਆਂ ਹਨ ਕਿ ਨਹੀਂ। ਕੱਢ ਲੈਂਦਾ ਤਾਂ ਮੌਤ ਦਾ ਇਕ ਹੋਰ ਮਨਸੂਬਾ ਘੱਟ ਹੋ ਜਾਂਦਾ, ਨਹੀਂ ਕਢੀਆਂ ਤਾਂ ਮੌਤ ਦੇ ਹਜ਼ਾਰ ਮਨਸੂਬਿਆਂ ਵਿਚ ਇਕ ਹੋਰ ਮਨਸੂਬਾ ਜਾ ਮਿਲਿਆ। ਹਰਨਾਮ ਸਿੰਘ ਨੇ ਠੰਡਾ ਸਾਹ ਲਿਆ, ਇੰਨਾ ਗਹਿਰਾ ਕਿ ਬੰਤੋ ਨੂੰ ਲੱਗਾ ਕਿ ਹੇਠਾ ਖਲੋਤੀ ਔਰਤ ਤੇ ਉਸਦੀ ਨੂੰਹ ਨੇ ਵੀ ਸੁਣ ਲਿਆ ਹੋਵੇਗਾ।

ਮਿਆਨੀ ਵਿਚ ਫਿਰ ਹਨੇਰਾ ਛਾ ਗਿਆ।

ਕੀ ਤੋਂ ਕੀ ਹੋ ਗਿਆ ਸੀ। ਕਲ ਇਸ ਵੇਲੇ ਬੰਤੋ ਆਪਣੇ ਘਰ ਵਿਚ ਸੰਦੂਕ ਵਿਚ ਕੱਪੜੇ ਸਾਂਭ ਰਹੀ ਸੀ ਅਤੇ ਅੱਜ ਪਤੀ ਪਤਨੀ ਚੂਹਿਆਂ ਵਾਂਗ ਹਨੇਰੀ ਮਿਆਨੀ ਵਿਚ ਬੈਠੇ ਹਨ। ਕਲ੍ਹ ਉਹ ਅਤੇ ਕਰੀਮ ਖਾਂ ਇਨ੍ਹਾਂ ਫਸਾਦਾਂ ਨੂੰ ਬੁਰਾ ਭਲਾ ਕਹਿ ਰਹੇ ਸਨ,ਉਨ੍ਹਾਂ ਲੋਕਾਂ ਨੂੰ ਬੁਰਾ ਭਲਾ ਕਹਿ ਰਹੇ ਸਨ ਜਿਨ੍ਹਾਂ ਦੀਆਂ ਅੱਖਾਂ ਵਿਚੋਂ ਦੀਦ ਉਡ ਗਿਆ ਸੀ, ਜਿਵੇਂ ਜੋ ਕੁਝ ਹੋ ਰਿਹਾ ਸੀ, ਉਹ ਉਨ੍ਹਾਂ ਦੇ ਬਾਹਰ ਕਿਤੇ ਹੋ ਰਿਹਾ ਸੀ, ਜਿਸ ਤੇ ਉਹ ਆਜ਼ਾਦੀ ਨਾਲ ਬਹਿਸ ਕਰ ਸਕਦੇ ਸਨ, ਆਪਣੀਆਂ ਟਿੱਪਣੀਆਂ ਦੇ ਸਕਦੇ ਸਨ। ਅਤੇ ਹੁਣ ਉਹ ਆਪ ਫ਼ਸਾਦਾਂ ਦੇ ਇਕ ਝੋਂਕੇ ਨਾਲ ਕਿਤੋਂ ਦੇ ਕਿੱਤੇ ਪਟਕ ਦਿੱਤੇ ਗਏ ਸਨ।

ਅਚਾਨਕ ਇਹ ਸੋਚ ਕੇ ਉਸਦਾ ਦਿਲ ਡੁੱਬ ਗਿਆ ਕਿ ਬੰਦੂਕ ਹਥੋਂ ਨਿਕਲ ਗਈ ਹੈ ਅਤੇ ਹੁਣ ਉਹ ਉਸਨੂੰ ਵਾਪਸ ਨਹੀਂ ਮਿਲੇਗੀ। ਇਹ ਮੈਂ ਕੀ ਕਰ ਬੈਠਾ? ਆਪਣੇ ਹੱਥੀਂ ਆਪਣੇ ਹੱਥ ਵਢ ਲਏ। ਬੰਦੂਕ ਤਾਂ ਮੇਰੇ ਲਈ ਅੰਨ੍ਹੇ ਦੀ ਲਾਠੀ ਵਾਂਗ ਸੀ। ਹੁਣ ਉਹ ਮੈਨੂੰ ਕਿੱਥੇ ਮਿਲੇਗੀ। ਸੋਚਦੇ ਹੀ ਹਰਨਾਮ ਸਿੰਘ ਦਾ ਪਸੀਨਾ ਛੁੱਟ ਗਿਆ। ਉਸਨੂੰ ਆਪਣੇ ਤੋਂ ਵੀ ਜ਼ਿਆਦਾ ਆਪਣੀ ਪਤਨੀ ਦੀ ਹਾਲਤ ਤਰਸਯੋਗ ਲੱਗੀ। ਹੁਣ ਮੈਂ ਇਸਨੂੰ ਆਪਣੇ ਨਾਲ ਲੈ ਜਾਵਾਂਗਾ ਤਾਂ ਕਿਸ ਆਸਰੇ ਤੇ ? ਹੁਣ ਤਾਂ ਲੋਕ ਪੱਥਰ ਮਾਰ ਮਾਰ ਕੇ ਸਾਨੂੰ ਮਾਰ ਸੁਟਣਗੇ। ਭਗਤੀ ਅਤੇ ਗਿਆਨ ਅਤੇ ਮਾਨਵ ਪ੍ਰੇਮ ਦੀ ਵਰ੍ਹਿਆ ਦੀ ਕਮਾਈ ਹਰਨਾਮ ਸਿੰਘ ਯਥਾਰਥ ਦੇ ਇਕ ਥਪੇੜੇ ਵਿਚ ਗਵਾ ਬੈਠਾ ਸੀ।

“ਜਸਬੀਰੋ ਦਾ ਕੁਝ ਪਤਾ ਲੱਗ ਜਾਂਦਾ।" ਅਚਾਨਕ ਬੰਤੋ ਬੋਲੀ

ਹਰਨਾਮ ਸਿੰਘ ਚੁੱਪ ਰਿਹਾ। ਕਹਿੰਦਾ ਵੀ ਕੀ। ਰਹਿ ਰਹਿ ਕੇ ਕਿਸੇ ਵੇਲੇ ਬੰਤੋ ਦੇ ਅੰਦਰੋਂ ਮਾਂ ਬੋਲਣ ਲੱਗਦੀ ਸੀ। ਰਾਤ ਨੂੰ ਨਾਲੇ ਦੇ ਕੰਢੇ ਕੰਢੇ ਚਲਦੇ ਹੋਏ ਉਸਨੇ ਇਕ ਦੋ ਵਾਰ ਆਪਣੇ ਬੱਚਿਆਂ ਨੂੰ ਯਾਦ ਕੀਤਾ ਸੀ, ਹੁਣ ਫਿਰ ਕਰਨ ਲੱਗੀ

ਸੀ। ਜਦ ਵੀ ਕੁਝ ਦੇਰ ਲਈ ਉਸਦੇ ਆਪਣੇ ਸਿਰ ਖਤਰੇ ਦਾ ਸਾਇਆ ਟਲ ਜਾਂਦਾ, ਉਸਨੂੰ ਆਪਣੇ ਬੱਚਿਆਂ ਦੀ ਯਾਦ ਸਤਾਉਣ ਲੱਗਦੀ।

ਪਿੰਡ ਵਿਚ ਰੌਲਾ ਪਿਆ। ਇਹ ਰੋਲਾ ਵਧਦਾ ਜਾ ਰਿਹਾ ਸੀ। ਮਰਦ ਅਤੇ ਤੀਵੀਆ ਇਕੱਠੇ ਗੱਲਾਂ ਕਰਦੇ ਸੁਣਾਈ ਦੇਣ ਲੱਗੇ। ਕਦੇ ਕਿਸੇ ਨੇ ਦਰਵਾਜੇ ਨੂੰ ਜ਼ੋਰ ਨਾਲ ਖੜਕਾਇਆ ਅਤੇ ਕਿਸੇ ਇਸਤਰੀ ਦੀ ਆਵਾਜ਼ ਆਈ:

“ਨੀ ਅਕਰਾਂ, ਆ ਬਾਹਰ, ਵੇਖ ਉਹ ਲੋਕ ਆ ਰਹੇ ਹਨ।"

ਅਕਰਾਂ ਦੀ ਕਿਸੇ ਸਹੇਲੀ ਦੀ ਆਵਾਜ਼ ਸੀ। ਅਕਰਾਂ ਭੱਜਦੀ ਹੋਈ ਦਰਵਾਜ਼ਾ ਖੋਲ੍ਹ ਕੇ ਬਾਹਰ ਚਲੀ ਗਈ।

"ਉਪਰ ਬੈਠੇ ਹਰਨਾਮ ਸਿੰਘ ਦਾ ਦਿਲ ਫਿਰ ਧੜਕਣ ਲੱਗਾ। ਬੰਤੋ ਨੇ ਅੱਖਾਂ ਚੁੱਕ ਕੇ ਆਪਣੇ ਪਤੀ ਦੇ ਚਿਹਰੇ ਵੱਲ ਵੇਖਿਆ। ਰੋਜ ਚਮਕਦਾ ਰਹਿਣ ਵਾਲਾ ਚਿਹਰਾ ਪੀਲਾ ਪੈ ਗਿਆ ਸੀ ਅਤੇ ਕੱਪੜੇ ਵਟ ਵਟ ਅਤੇ ਮੈਲੇ ਹੋ ਗਏ ਸਨ।

ਮਿਆਨੀ ਦੀ ਅੱਧਖੁਲ੍ਹੀ ਖਿੜਕੀ ਵਿਚੋਂ ਹਰਨਾਮ ਸਿੰਘ ਨੂੰ ਘਰ ਦੀ ਮਾਲਕਣ ਨਜ਼ਰ ਆਈ। ਵਿਹੜੇ ਦੇ ਖੁਲ੍ਹੇ ਦਰਵਾਜ਼ੇ ਸਾਹਮਣੇ ਲੱਕ ਤੇ ਦੋਵੇਂ ਹੱਥ ਰੱਖੀ ਖਲੋਤੀ ਸੀ। ਉਸਦਾ ਉੱਚਾ ਲੰਮਾ ਕੱਦ ਅਤੇ ਸਿੱਧਾ-ਸਾਦਾ ਸਰੀਰ ਵੇਖਕੇ ਉਸਦਾ ਮਨ ਸੰਭਲ ਜਿਹਾ ਗਿਆ। ਉਸਦਾ ਵਿਸ਼ਵਾਸ਼ ਜਿਵੇਂ ਫਿਰ ਪਰਤ ਆਇਆ। ਇਸ ਔਰਤ ਦੇ ਹੁੰਦੇ ਹੋਏ ਸਭ ਕੁਝ ਨਹੀਂ ਗਿਆ, ਸਭ ਕੁਝ ਮਰ ਨਹੀਂ ਗਿਆ।

"ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਸਾਨੂੰ ਆਂਚ ਨਹੀਂ ਆਵੇਗੀ। ਤੁਸੀਂ ਤਾਂ ਭਗਤ ਹੋ, ਤੁਹਾਨੂੰ ਕਿਸ ਗੱਲ ਦਾ ਡਰ ਹੈ ?" ਬੰਤੋ ਨੇ ਆਪਣੇ ਪਤੀ ਨੂੰ ਹੌਂਸਲਾ ਦਿੰਦਿਆਂ ਕਿਹਾ। ਹਰਨਾਮ ਸਿੰਘ ਚੁੱਪ ਰਿਹਾ।

ਬਾਹਰੋਂ ਅਵਾਜ਼ਾਂ ਵਧਣ ਲੱਗੀਆਂ, ਹਾਸੇ ਮਜਾਕ ਦੀਆਂ ਅਵਾਜ਼ਾਂ ਸਨ, ਵਧਦੇ ਕਦਮਾਂ ਦਾ ਸ਼ੋਰ ਸੀ। ਵਿਹੜੇ ਦਾ ਦਰਵਾਜ਼ਾ ਖੁਲਾ ਪਿਆ ਸੀ। ਤਦੇ ਅਕਰਾਂ

ਦੇ ਬੋਲਣ ਅਤੇ ਉੱਚਾ ਉੱਚਾ ਹੱਸਣ ਦੀ ਆਵਾਜ਼ ਆਈ। ਹਰਨਾਮ ਸਿੰਘ ਸਮਝ ਗਿਆ ਕਿ ਘਰ ਦੇ ਮਰਦ ਰਾਤ ਭਰ ਦੀ ਕਾਰਗੁਜ਼ਾਰੀ ਪਿਛੋਂ ਪਰਤ ਆਏ ਹਨ।

ਕੁਝ ਹੀ ਦੇਰ ਪਿਛੋਂ ਅਕਰਾਂ ਦਾ ਸਹੁਰਾ ਅਤੇ ਅਕਰਾਂ ਟਰੰਕ ਚੁੱਕੀ ਵਿਹੜੇ ਅੰਦਰ ਆਏ। ਸਹੁਰੇ ਦੇ ਸਿਰ ਟਰੰਕ ਨੂੰ ਪਿੰਡ ਤਕ ਸਿਰ ਤੇ ਚੁੱਕ ਕੇ ਲਿਆਇਆ ਹੈ। ਹਰਨਾਮ ਸਿੰਘ ਨੇ ਹੱਥ ਵਧਾ ਕੇ ਪਤਨੀ ਦੇ ਗੋਡੇ ਨੂੰ ਛੂਹਿਆ।

“ਸਾਡਾ ਟਰੰਕ ਹੈ, ਵੱਡਾ ਕਾਲਾ ਟਰੰਕ, ਸਾਡੀ ਦੁਕਾਨ ਲੁੱਟਦੇ ਰਹੇ ਹਨ।" ਬੰਤੋ ਨੇ ਬਾਹਰ ਝਾਕ ਕੇ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ।

'ਅਜੇ ਤਕ ਜੰਦਰਾ ਲੱਗਾ ਹੋਇਆ ਹੈ।” ਹਰਨਾਮ ਸਿੰਘ ਬੜਬੜਾਇਆ।

ਅਕਰਾਂ ਦਾ ਸਹੁਰਾ ਟਰੰਕ ਉਪਰ ਬੈਠ ਗਿਆ ਸੀ ਅਤੇ ਪੱਗ ਲਾਹ ਕੇ ਮੱਥੇ ਦਾ ਪਸੀਨਾ ਪੰਝ ਰਿਹਾ ਸੀ। ਉਸਦੀ ਪਤਨੀ ਨੇ ਅੱਗੋਂ ਵਧਕੇ ਦਰਵਾਜ਼ਾ ਬੰਦ ਕਰ ਦਿੱਤਾ।

''ਰਮਜ਼ਾਨਾ ਨਹੀਂ ਆਇਆ ?"

''ਰਮਜ਼ਾਨਾ ਤਬ ਲੀਗ ਕਰਨ ਗਿਆ ਹੈ।"

ਉਪਰ ਬੈਠੇ ਹਰਨਾਮ ਸਿੰਘ ਨੇ ਫਿਰ ਹੱਥ ਵਧਾ ਕੇ ਆਪਣੀ ਪਤਨੀ ਦਾ ਗੋਡਾ ਛੂਹਿਆ : "ਅਹਿਸਾਨ ਅਲੀ ਹੈ। ਮੈਂ ਇਸਨੂੰ ਜਾਣਦਾ ਹਾਂ। ਇਸਦਾ ਮੇਰੇ ਨਾਲ ਲੈਣ ਦੇਣ ਰਿਹਾ ਹੈ।”

ਬੰਦ ਦਾ ਬੰਦ ਟਰੰਕ ਚੁੱਕ ਲਿਆਏ ਹੋ, ਅੱਬਾ, ਕੀ ਪਤਾ ਇਸ ਵਿਚ ਕੁਝ ਹੈ ਵੀ ਜਾਂ ਨਹੀਂ।”

“ਕਿਉਂ ? ਇੰਨਾ ਭਾਰਾ ਸੀ, ਮੇਰਾ ਤਾਂ ਲੱਕ ਦੂਹਰਾ ਹੋ ਗਿਆ। ਕੱਪੜਿਆਂ ਦਾ ਟਰੰਕ ਹੈ, ਕੁਝ ਨਾ ਕੁਝ ਤਾਂ ਜ਼ਰੂਰ ਹੋਵੇਗਾ।"

"ਬਸ, ਇਕ ਟਰੰਕ ਹੀ ਲਿਆਏ ਹੋ ? ਰਮਜ਼ਾਨਾ ਵੀ ਕੁਝ ਲਿਆਇਆ ਹੈ?"

"ਉਹੋ ਇਹ ਖਿੱਚ ਕੇ ਬਾਹਰ ਲਿਆਇਆ ਸੀ। ਸਬੂਤੇ ਦਾ ਸਬੂਤਾ ਟਰੰਕ ਚੁੱਕ ਲਿਆਏ ਹਾਂ, ਹੋਰ ਤੁਹਾਨੂੰ ਕੀ ਚਾਹੀਦਾ ਹੈ।"

"ਲਿਆਓ ਇਸਨੂੰ ਖੋਲ੍ਹਦੇ ਹਾਂ, ਇਸਦਾ ਜੰਦਰਾ ਤੋੜੀਏ ?" ਅਕਰਾਂ ਨੇ ਕਿਹਾ ਅਤੇ ਭੱਜ ਕੇ ਕੋਠੜੀ ਵਿਚੋਂ ਹਥੋੜੀ ਚੁੱਕ ਲਿਆਈ। ਚੋਰੀ ਦਾ ਮਾਲ ਵੇਖਦੇ ਹੀ ਉਤਸਕਤਾ ਵਿਚ ਉਹ ਆਪਣੇ ਸਹੁਰੇ ਨੂੰ ਮਿਆਨੀ ਵਿਚ ਲੁਕੇ ਕਰਾੜਾਂ ਬਾਰੇ ਦਸਣਾ ਕੁਲ ਗਈ ਸੀ। ਉਸ ਦੀ ਸੱਸ ਅਜੇ ਵੀ ਚੁੱਪ ਚਾਪ ਕੋਲ ਖਲੋਤੀ ਸੀ।

'ਲੱਸੀ ਪਿਆ ਰਾਜੋ, ਪਿਆਸ ਲੱਗੀ ਹੈ।" ਸਹੁਰੇ ਨੇ ਕਿਹਾ, ਅਤੇ ਉਸਦੀ ਵਹੁਟੀ — ਰਾਜੋ—ਉਹਨੀ ਪੈਰੀਂ ਲੱਸੀ ਲੈਣ ਚਲੀ ਗਈ।

ਟਰੰਕ ਦੇ ਜੰਦਰੇ ਤੇ ਠਕ ਠਕ ਸ਼ੁਰੂ ਹੋ ਗਈ।

ਅਹਿਸਾਨ ਅਲੀ ਕਟੋਰਾ ਹੱਥ ਵਿਚ ਲਈ ਲੱਸੀ ਪੀ ਰਿਹਾ ਸੀ, ਜਦ ਰਾਜੋ—ਉਸਦੀ ਵਹੁਟੀ ਨੇ ਉਸਨੂੰ ਦੱਸਿਆ ਕਿ ਉਸਨੇ ਘਰ ਵਿਚ ਇਕ ਸਿੱਖ ਤੇ ਉਸਦੀ ਵਹੁਟੀ ਨੂੰ ਪਨਾਹ ਦਿੱਤੀ ਹੋਈ ਹੈ।

ਤਦੇ ਉਪਰ ਹਰਨਾਮ ਸਿੰਘ ਨੇ ਖਿੜਕੀ ਖੋਲ੍ਹ ਦਿੱਤੀ ਅਤੇ ਧੌਣ ਕੱਢ ਕੇ ਬੋਲਿਆ :

"ਜੰਦਰਾ ਕਿਉਂ ਤੋੜਦੀ ਏ ਧੀਏ, ਅਹਿ ਲਓ ਚਾਬੀ, ਇਹ ਸਾਡਾ ਹੀ ਟਰੰਕ ਹੈ।" ਫਿਰ ਅਹਿਸਾਨ ਅਲੀ ਨੂੰ ਸੰਬੋਧਨ ਕਰਕੇ ਬੋਲਿਆ, ''ਅਹਿਸਾਨ ਅਲੀ, ਮੈਂ ਹਰਨਾਮ ਸਿੰਘ ਹਾਂ, ਤੇਰੀ ਘਰ ਵਾਲੀ ਨੇ ਸਾਨੂੰ ਪਨਾਹ ਦਿੱਤੀ ਹੈ, ਗੁਰੂ ਮਹਾਰਾਜ ਤੁਹਾਨੂੰ ਸਲਾਮਤ ਰੱਖੇ। ਇਹ ਟਰੰਕ ਸਾਡਾ ਹੈ, ਪਰ ਹੁਣ ਇਸ ਨੂੰ ਆਪਣਾ ਹੀ ਸਮਝੋ, ਚੰਗਾ ਹੋਇਆ ਜੋ ਇਹ ਤੁਹਾਡੇ ਹੱਥ ਲੱਗਾ, ਕਿਸੇ ਦੂਸਰੇ ਦੇ ਹੱਥ ਨਹੀਂ ਲੱਗਾ।"

ਅਹਿਸਾਨ ਅਲੀ ਨੇ ਨਜ਼ਰ ਉਪਰ ਉਠਾਈ ਤੇ ਝੇਂਪ ਗਿਆ ਜਿਵੇਂ ਉਹ ਚੋਰੀ ਕਰਦੇ ਹੋਏ ਫੜਿਆ ਗਿਆ ਹੋਵੇ।

'ਅਕਰਾਂ ਦੇ ਹੱਥ ਰੁਕ ਗਏ ਅਤੇ ਉਹ ਚਿੱਲਾ ਕੇ ਬੋਲੀ : ਅੰਮਾ ਨੇ ਇਨ੍ਹਾਂ ਨੂੰ ਪਨਾਹ ਦਿੱਤੀ ਹੈ। ਮੈਂ ਕਿਹਾ ਵੀ ਸੀ ਕਾਫ਼ਿਰ ਹਨ, ਇਨ੍ਹਾਂ ਨੂੰ ਅੰਦਰ ਨਾ ਵੜਨ ਦੇ, ਪਰ ਅੰਮਾ ਨੇ ਮੇਰੀ ਗੱਲ ਨਹੀਂ ਮੰਨੀ।"

ਅਕਰਾਂ ਆਪਣੇ ਸਹੁਰੇ ਨੂੰ ਖੁਸ ਕਰਨ ਲਈ ਕਹਿ ਰਹੀ ਸੀ, ਪਰ ਅਹਿਸਾਨ ਅਲੀ ਅਜੇ ਵੀ ਠਿਠਕਿਆ ਖਲੋਤਾ ਸੀ ਅਤੇ ਅਟਪਟਾ ਮਹਿਸੂਸ ਕਰ ਰਿਹਾ ਸੀ। ਕਿਸੇ ਸਮੇਂ ਦੋਹਾਂ ਵਿਚ ਲੈਣ ਦੇਣ ਰਿਹਾ ਸੀ ਅਤੇ ਚੰਗੀ ਜਾਣ ਪਛਾਣ ਰਹੀ ਸੀ। ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਹਰਨਾਮ ਸਿੰਘ ਨਾਲ ਕਿਹੋ ਜਿਹਾ ਸਲੂਕ ਕਰੇ, ਅਜਿਹੇ ਟਾਕਰੇ ਦੀ ਉਸਨੂੰ ਉਮੀਦ ਨਹੀਂ ਸੀ। ਉਸਦੇ ਖ਼ੂਨ ਵਿਚ ਅਜਿਹੀ ਗਰਮ ਜੋਸ਼ ਵੀ ਨਹੀਂ ਸੀ ਕਿ ਕਿਸੇ ਹਿੰਦੂ ਜਾਂ ਸਿੱਖ ਨੂੰ ਵੇਖਕੇ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਜਾਵੇ।

"ਹਰਨਾਮ ਸਿੰਘ ਹੇਠਾਂ ਆ ਜਾ।" ਫਿਰ ਆਪਣੀ ਚੋਰੀ ਨੂੰ ਉਸਨੇ ਅਹਿਸਾਨ ਦੀ ਓਟ ਵਿਚ ਛੁਪਾਉਂਦੇ ਹੋਏ, ਜੋ ਰਾਜੋ ਨੇ ਇਨ੍ਹਾਂ ਦੋ ਵਿਅਕਤੀਆਂ ਤੇ ਕੀਤਾ ਸੀ, ਥੋੜੀ ਜਿਹੀ ਦਲੇਰੀ ਨਾਲ ਬੋਲਿਆ :

"ਖੈਰ ਮਨਾਓ, ਜੋ ਤੁਸੀਂ ਮੇਰੇ ਘਰ ਵਿਚ ਪਨਾਹ ਲਈ। ਹਰ ਕਿਸੇ ਦੇ ਘਰ ਜਾਂਦੇ ਤਾਂ ਇਸ ਵੇਲੇ ਜਾਨ ਤੋਂ ਵੀ ਹੱਥ ਧੋ ਚੁਕੇ ਹੁੰਦੇ।"

ਅਕਰਾਂ ਤਾਲਾ ਖੋਲ੍ਹਣ ਲਈ ਉਤਾਵਲੀ ਹੋ ਰਹੀ ਸੀ, ਪਰ ਰਾਜੋ ਨੇ ਉਸਦੇ ਹਥੋਂ ਚਾਬੀ ਲੈ ਲਈ ਸੀ ਅਤੇ ਉਸਦੇ ਵਾਰ ਵਾਰ ਮੰਗਣ ਤੇ ਵੀ ਦੇਣ ਤੋਂ ਇਨਕਾਰ ਕਰ ਰਹੀ ਸੀ।

"ਮੈਂ ਤਾਂ ਤੁਹਾਨੂੰ ਕੁਝ ਨਹੀਂ ਕਹਾਂਗਾ ਹਰਨਾਮ ਸਿੰਘ, ਤੁਸੀਂ ਮੇਰੇ ਘਰ ਆਏ ਹੋ। ਪਰ ਹੁਣ ਤੁਸੀਂ ਇਥੋਂ ਚਲੇ ਜਾਓ। ਮੇਰੇ ਬੇਟੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਹੋ ਤਾਂ ਉਹ ਤੁਹਾਡੇ ਨਾਲ ਚੰਗਾ ਸਲੂਕ ਨਹੀਂ ਕਰੇਗਾ। ਪਿੰਡ ਵਾਲਿਆਂ ਨੂੰ ਪਤਾ ਲੱਗੇ ਕਿ ਅਸੀਂ ਤੁਹਾਨੂੰ ਪਨਾਹ ਦਿੱਤੀ ਹੈ ਤਾਂ ਸਾਡੇ ਲਈ ਵੀ ਬਹੁਤ ਬੁਰਾ ਹੋਵੇਗਾ।"

ਸਾਨੂੰ ਸਭ ਮਨਜ਼ੂਰ ਹੈ ਅਹਿਸਾਨ ਅਲੀ। ਸਾਡਾ ਕੀ ਕੋਈ ਵੱਸ ਚਲ ਸਕਦਾ ਹੈ? ਪਰ ਇਸ ਵੱਲੋਂ ਦਿਨ ਦਿਹਾੜੇ ਅਸੀਂ ਬਾਹਰ ਜਾਵਾਂਗੇ ਤਾਂ ਸਾਨੂੰ ਕੌਣ ਛਡੇਗਾ।"

ਅਹਿਸਾਨ ਅਲੀ ਚੁੱਪ ਹੋ ਗਿਆ ਅਤੇ ਆਪਣੀ ਪਤਨੀ ਦੇ ਚਿਹਰੇ ਵੱਲ ਵੇਖਣ ਲੱਗਾ ਜਿਵੇਂ ਕਹਿ ਰਿਹਾ ਹੋਵੇ ਇਹ ਬਖੇੜਾ ਤੂੰ ਖੜਾ ਕਰ ਦਿੱਤਾ ਹੈ।

ਕੱਲ੍ਹ ਰਾਤ ਵੀ ਲੋਕ ਤੁਹਾਨੂੰ ਲੱਭ ਰਹੇ ਸਨ।" ਅਹਿਸਾਨ ਅਲੀ ਨੇ ਕਿਹਾ।

ਹੁਣ ਜੇ ਕਿਸੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਲੁਕੇ ਬੈਠੇ ਹੋ, ਤਾਂ ਲੋਕ ਸਾਨੂੰ ਨਹੀਂ ਛਡਣਗੇ। ਤੁਹਾਡਾ ਵੀ ਇਸ ਵਿਚ ਭਲਾ ਹੈ ਅਤੇ ਸਾਡਾ ਵੀ ਇਸੇ ਵਿਚ ਭਲਾ ਹੈ ਕਿ ਤੁਸੀਂ ਇਥੋਂ ਚਲੇ ਜਾਓ।"

ਅਕਰਾਂ ਆਪਣੇ ਆਪ ਪੌੜੀ ਚੁੱਕ ਕੇ ਲੈ ਆਈ ਅਤੇ ਮਿਆਨੀ ਹੇਠਾਂ ਲਾ ਦਿੱਤੀ।ਦੋਵੇਂ ਪਤੀ ਪਤਨੀ ਚੁੱਪ ਚਾਪ ਹੇਠਾਂ ਉਤਰ ਆਏ। ਦੋਵੇਂ ਬਲੀ ਦੇ ਬਕਰੇ ਨਜ਼ਰ ਆ ਰਹੇ ਸਨ।

ਪਰ ਫਿਰ ਉਹੋ ਨਾਟਕ ਹੋਇਆ ਜੋ ਸਵੇਰ ਵੇਲੇ ਹੋਇਆ ਸੀ। ਦੋਵੇਂ ਹੇਠਾਂ ਉਤਰ ਆਏ ਸਨ। ਦੋਹਾਂ ਵਿਚੋਂ ਕੋਈ ਵੀ ਨਹੀਂ ਗਿੜਗਿੜਾਇਆ। ਦੋਵੇਂ ਸ਼ਾਂਤ ਸਨ ਅਤੇ ਚੁੱਪ-ਚਾਪ ਖਲੋਤੇ ਸਨ। ਹਰਨਾਮ ਸਿੰਘ ਆਪਣੀ ਬੰਦੂਕ ਮੰਗਣ ਹੀ ਲੱਗਾ ਸੀ ਅਤੇ ਰਾਜੋ ਵਿਹੜੇ ਵਿਚ ਚੁੱਪ-ਤਾਪ ਲੱਕ ਤੇ ਹੱਥ ਰੱਖੀ ਖਲੋਤੀ ਸੀ ਜਦ ਅਹਿਸਾਨ ਅਲੀ ਬੋਲਿਆ :

“ਇਨ੍ਹਾਂ ਨੂੰ ਤੂੜੀ ਵਾਲੀ ਕੋਠੜੀ ਵਿਚ ਬੈਠਾ ਦੇ, ਰਾਜੋ, ਅਤੇ ਬਾਹਰੋਂ ਚੰਦਰਾ ਮਾਰ ਦੇ। ਲੈ, ਇਹੋ ਜੰਦਰਾ ਖੋਲ੍ਹ ਕੇ ਲੈ ਜਾ, ਜਾ ਜਲਦੀ ਕਰ।" ਫਿਰ ਹਰਨਾਮ ਸਿੰਘ ਤੇ ਅਹਿਸਾਨ ਜਤਾਉਂਦੇ ਹੋਏ ਬੋਲਿਆ : ‘‘ਅੱਖਾਂ ਦੀ ਸ਼ਰਮ ਹੈ ਹਰਨਾਮ ਸਿੰਘ, ਪਰ ਜੋ ਕੁਝ ਕਾਫ਼ਰਾਂ ਨੇ ਸ਼ਹਿਰ ਵਿਚ ਕੀਤਾ ਹੈ, ਖ਼ੁਦਾ ਕਸਮ ਉਸਨੂੰ ਯਾਦ ਕਰਕੇ ਤਾਂ ਖ਼ੂਨ ਖੋਲ ਉਠਦਾ ਹੈ।”

ਅੱਗੇ ਅੱਗੇ ਰਾਜੋ ਚੱਲ ਰਹੀ ਸੀ ਅਤੇ ਪਿੱਛੇ ਪਿੱਛੇ ਬੰਤੋ ਤੇ ਹਰਨਾਮ ਸਿੰਘ, ਕੋਠੜੀ ਲੰਘ ਕੇ ਘਰ ਦੇ ਪਿਛੇ ਉਹ ਇਕ ਹਨੇਰੇ ਜਿਹੇ ਦਲਾਨ ਵਿਚ ਪਹੁੰਚੇ ਜਿਥੇ ਗੋਹਾ, ਚਾਰਾ ਅਤੇ ਜਾਨਵਰਾਂ ਦੀ ਤਿੱਖੀ ਬਦਬੋ ਆ ਰਹੀ ਸੀ। ਇਥੇ ਹੀ ਰਾਜੋ ਨੇ ਇਕ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ।

"ਇਧਰ ਬੈਠ ਜਾਓ। ਮੇਰਾ ਆਦਮੀ ਬੜਾ ਭਲਾ ਲੋਕ ਹੈ। ਮੈਨੂੰ ਨਹੀਂ ਪਤਾ ਸੀ ਕਿ ਤੁਹਾਡੀ ਆਪਸ ਵਿਚ ਜਾਣ ਪਛਾਣ ਹੈ। ਜਿਵੇਂ ਕਿਵੇਂ ਇਥੇ ਵਕਤ ਕੱਟ ਲਓ।"

ਹਰਨਾਮ ਸਿੰਘ ਤੇ ਉਸਦੀ ਪਤਨੀ ਇਥੇ ਵੀ ਉਸੇ ਤਰ੍ਹਾਂ ਜਾ ਬੈਠੇ ਜਿਵੇਂ ਮਿਆਨੀ ਵਿਚ ਬੈਠ ਗਏ ਸਨ, ਇਥੇ ਰਾਜੋ ਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਬਾਹਰੋਂ ਕੁੰਡਾ ਲਾ ਦਿੱਤਾ।

ਵਕਤ ਬੀਤਣ ਲੱਗਾ, ਦੋਹਾਂ ਨੂੰ ਕੁਝ ਕੁਝ ਹੌਂਸਲਾ ਹੋਣ ਲੱਗਾ ਕਿ ਇਥੇ ਸ਼ਾਮ ਤਕ ਪਨਾਹ ਮਿਲੀ ਰਹੇਗੀ। ਦਿਨ ਵਿਚ ਕਿਸੇ ਵੇਲੇ ਰਾਜੋ ਰੋਟੀਆਂ ਅਤੇ ਲੱਸੀ ਵੀ ਦੇ ਗਈ। ਦੋਹਾਂ ਦੇ ਢਿੱਡ ਵਿਚ ਰੋਟੀ ਗਈ ਤਾਂ ਕੁਝ ਆਸਰਾ ਹੋਇਆ। ਦੇਰ ਤਕ ਦੋਵੇਂ ਫੱਟੀਆਂ ਫੱਟੀਆਂ ਅੱਖਾਂ ਨਾਲ ਹਨੇਰੇ ਵਿਚ ਵੇਖਦੇ ਰਹੇ। ਬੰਤੋ ਨੇ ਫਿਰ ਹਰਨਾਮ ਸਿੰਘ ਨੂੰ ਪੁੱਛਿਆ :

"ਤੁਸੀਂ ਕੀ ਸੋਚਦੇ ਹੋ, ਇਕਬਾਲ ਸਿੰਘ ਪਿੰਡ ਵਿਚ ਹੀ ਹੋਵੇਗਾ ਕਿ ਉਥੋਂ ਭੱਜ ਗਿਆ ਹੋਵੇਗਾ ?"

''ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ। ਕੋਈ ਭਲਾ ਲੋਕ ਉਸਨੂੰ ਵੀ ਮਿਲ ਜਾਵੇ ਤੇ ਉਸਦੀ ਜਾਨ ਬਚ ਜਾਵੇ।"

''ਜਸਬੀਰੋ ਇਕੱਲੀ ਨਹੀਂ ਹੈ, ਇਹ ਚੰਗਾ ਹੈ। ਪਿੰਡ ਵਿਚ ਆਪਣੀ ਸੰਗਤ ਦੇ ਲੋਕ ਬਹੁਤ ਹਨ, ਸਭ ਇਕੋ ਥਾਂ ਤੇ ਇਕੱਠੇ ਹੋ ਗਏ ਹੋਣਗੇ।"

ਇਸ ਤੇ ਹਰਨਾਮ ਸਿੰਘ ਨੇ ਪੁਛਿਆ :

"ਇਹ ਲੋਕ ਸਾਡੀ ਬੰਦੂਕ ਵਾਪਸ ਕਰ ਦੇਣਗੇ ਨਾ। ਤੂੰ ਕੀ ਸੋਚਦੀ ਹੈਂ ? ਪਰ ਮੇਰਾ ਦਿਲ ਨਹੀਂ ਮੰਨਦਾ।"

ਉਹ ਬੜੀ ਦੇਰ ਗੱਲਾਂ ਕਰਦੇ ਰਹੇ। ਕੋਠੜੀ ਬੰਦ ਸੀ ਪਰ ਇਥੇ ਉੱਨੀ ਹੁੰਮਸ ਨਹੀਂ ਸੀ ਜਿੰਨੀ ਮਿਆਨੀ ਵਿਚ ਸੀ। ਚਾਰੇ ਦੇ ਗਠਰਾਂ ਅੱਗੇ ਬੈਠੇ ਬੈਠੇ ਦੋਹਾਂ ਦੀਆਂ ਅੱਖਾਂ ਝਪਕਣ ਲੱਗੀਆਂ। ਰਾਤ ਭਰ ਦਾ ਥਕੇਵਾਂ ਸੀ, ਕੁਝ ਦੇਰ ਬਾਦ ਦੋਹਾਂ ਨੂੰ ਝਪਕੀ ਆ ਗਈ।

ਉਨ੍ਹਾਂ ਦੀ ਨੀਂਦ ਤਦ ਖੁਲੀ ਜਦੋਂ ਦਰਵਾਜ਼ੇ ਤੇ ਕੁਹਾੜੇ ਪੈ ਰਹੇ ਸਨ ਅਤੇ ਕੋਈ ਚਿੱਲਾ ਚਿੱਲਾ ਕੇ ਕਹਿ ਰਿਹਾ ਸੀ :

"ਨਿਕਲੋ ਓ ਬਾਹਰ ਕਿਥੇ ਘੁਸੇ ਬੈਠੇ ਹੋ, ਤੁਹਾਡੀ ਮਾਂ ਦੀ ਨਿਕਲ ਬਾਹਰ ਤੁਹਾਡੀ.........."

ਕੁਹਾੜੀ ਦੇ ਵਾਰ ਬਰਾਬਰ ਪੈ ਰਹੇ ਸਨ। ਹਰਨਾਮ ਸਿੰਘ ਤੇ ਉਸਦੀ ਪਤਨੀ ਦੋਵੇਂ ਹੜਬੜਾ ਕੇ ਉਠ ਪਏ, ਜਿਵੇਂ ਕੋਈ ਬੁਰਾ ਸੁਪਨਾ ਵੇਖ ਕੇ ਉਠੇ ਹੋਣ, ਅਤੇ ਸਿਰ ਤੋਂ ਪੈਰਾਂ ਤੱਕ ਕੰਬ ਉਠੇ।

"ਕੱਢ ਚਾਬੀ, ਕਾਫ਼ਰਾਂ ਨੂੰ ਪਨਾਹ ਦਿੱਤੀ ਹੈ। ਤੁਹਾਡੀ ਕਾਫ਼ਰਾਂ ਦੀ ਮੈਂ.........।" ਅਤੇ ਫਿਰ ਇਕ ਹੋਰ ਵਾਰ ਦਰਵਾਜ਼ੇ ਤੇ ਹੋਇਆ।

"ਹੌਲੀ ਬੋਲ ਰਮਜ਼ਾਨਾ।" ਕਿਸੇ ਔਰਤ ਦੀ ਆਵਾਜ਼ ਸੀ। ਸ਼ਾਇਦ ਅਕਰਾਂ ਆਪਣੇ ਪਤੀ ਨੂੰ ਹੌਲੀ ਬੋਲਣ ਲਈ ਕਹਿ ਰਹੀ ਸੀ।

ਦਰਵਾਜ਼ੇ ਤੇ ਫਿਰ ਕੁਹਾੜੀਆਂ ਵੱਜਣ ਲੱਗੀਆਂ। ਦਰਵਾਜ਼ਾ ਉਪਰੋਂ ਚਿਰ ਗਿਆ, ਜਿਸ ਨਾਲ ਰੌਸਨੀ ਦੀ ਇਕ ਹੋਰ ਝੀਤ ਨਜ਼ਰ ਆਉਣ ਲੱਗੀ।

ਫਿਰ ਕਿਸੇ ਹੋਰ ਔਰਤ ਦੀ ਅਵਾਜ਼ ਸੁਣਾਈ ਦਿੱਤੀ "ਕਿਉਂ ਭੌਂਕ ਰਿਹਾ ਹੈਂ ਤੂੰ ? ਕੀ ਹੋਇਆ ਹੈ ?" ਰਾਜੋ ਦੀ ਅਵਾਜ਼ ਸੀ, ਕਿਧਰ ਹੈ ਇਹ ਚੁੜੇਲ ? ਤੇਰੀ ਮੈਂ ਜੀਭ ਨਾ

ਖਿੱਚ ਲਈ ਤਾਂ ਕਹੀਂ। ਹਰਾਮਜ਼ਾਦੀ ਤੈਨੂੰ ਮਨ੍ਹਾ ਕੀਤਾ ਸੀ ਕਿ ਇਸਨੂੰ ਨਹੀਂ ਦੱਸਣਾ, ਕਿਉਂ ਦਸਿਆ ਹੈ? ਤੇਰੇ ਢਿੱਡ ਵਿਚ ਗੱਲ ਨਹੀਂ ਪਚਦੀ?........... ਤੂੰ ਕੀ ਚਾਹੁੰਦਾ ਹੈ ਰਮਜ਼ਾਨਾ? ਘਰ ਵਿਚ ਖ਼ੂਨ ਕਰੇਂਗਾ? ਘਰ ਵਿਚ ਪਨਾਹ ਲੈਣ ਵਾਲੇ ਨੂੰ ਮਾਰੇਂਗਾ? ਇਹ ਆਦਮੀ ਸਾਡੀ ਜਾਣ-ਪਛਾਣ ਦਾ ਹੈ, ਅਸੀਂ ਇਸਦੇ ਦੇਣਦਾਰ ਰਹੇ ਹਾਂ।"

"ਬਹੁਤੀ ਬਕ ਬਕ ਨਾ ਕਰ ਮਾਂ, ਸ਼ਹਿਰ ਵਿਚ ਇਨ੍ਹਾਂ ਕਾਫ਼ਰਾਂ ਨੇ ਦੋ ਸੌ ਮੁਸਲਮਾਨ ਮਾਰ ਸੁਟੇ ਹਨ।" ਇਸ ਤੇ ਕੁਹਾੜੀ ਦਾ ਇਕ ਹੋਰ ਵਾਰ ਹੋਇਆ, "ਨਿਕਲੋ ਓ ਬਾਹਰ ਕਾਫਰੋ, ਤੁਹਾਡੀ............ "

ਦੋ ਵਾਰਾਂ ਵਿਚ ਕੁੰਡਾ ਟੁੱਟ ਗਿਆ ਅਤੇ ਦਰਵਾਜ਼ਾ ਚੌੜ ਚਪਟ ਖੁਲ੍ਹ ਗਿਆ। ਢੇਰ ਰੋਸ਼ਨੀ ਇਕੱਠੀ ਅੰਦਰ ਆ ਗਈ ਸੀ। ਰਮਜ਼ਾਨ ਨੂੰ ਸਾਹ ਚੜ੍ਹਿਆ ਹੋਇਆ ਸੀ, ਕੁਹਾੜੀ ਉਸਦੇ ਹੱਥ ਵਿਚ ਸੀ, ਕੋਲ ਅਕਰਾਂ ਖਲੋਤੀ ਹੋਈ ਸੀ, ਪੀਲਾ ਕੂਕ ਸਹਿਮਿਆ ਹੋਇਆ ਚਿਹਰਾ, ਇਕ ਬੰਨੇ ਰਾਜੋ ਖਲੋਤੀ ਸੀ ਉਸਦੇ ਦੋਵੇਂ ਹੱਥ ਲੱਕ ਤੇ ਸਨ।

''ਨਿਕਲੋ ਬਾਹਰ ਕਾਫਰੋ.....।”

ਰਮਜ਼ਾਨ ਨੇ ਝਾਕ ਕੇ ਅੰਦਰ ਵੇਖਿਆ। ਹਰਨਾਮ ਸਿੰਘ ਤੇ ਉਸਦੀ ਪਤਨੀ ਹਨੇਰੇ ਵਿਚ ਇਕ ਦੂਸਰੇ ਦੇ ਨਾਲ ਨਾਲ ਬੈਠੇ ਹੋਏ ਦਰਵਾਜ਼ੇ ਵੱਲ ਚੁੰਧਿਆਈਆਂ ਅੱਖਾਂ ਨਾਲ ਵੇਖੀ ਜਾ ਰਹੇ ਸਨ। ਦਰਵਾਜ਼ਾ ਖੁਲ੍ਹਣ ਤੇ ਹਰਨਾਮ ਸਿੰਘ ਉਠ ਖਲੋਤਾ ਅਤੇ ਚੁਪਚਾਪ ਬਾਹਰ ਆ ਗਿਆ।

"ਮਾਰ ਸੁੱਟ ." ਖੋਖਲੀ ਜਿਹੀ ਅਵਾਜ਼ ਵਿਚ ਹਰਨਾਮ ਸਿੰਘ ਨੇ ਕਿਹਾ।

"ਤੇਰੀ ਮੈਂ ........." ਰਮਜਾਨ ਬੋਲਿਆ ਅਤੇ ਖਬਾ ਹੱਥ ਵਧਾਕੇ ਹਰਨਾਮ ਸਿੰਘ ਨੂੰ ਧੋਣੋਂ ਫੜ ਲਿਆ। ਹਰਨਾਮ ਸਿੰਘ ਦੀ ਕਮੀਜ਼ ਦਾ ਉਪਰ ਵਾਲਾ ਬਟਨ ਟੁੱਟ ਕੇ ਡਿਗ ਪਿਆ। ਇਸ ਝਟਕੇ ਵਿਚ ਹਰਨਾਮ ਸਿੰਘ ਦੀ ਪੱਗ ਢਿਲੀ ਹੋ ਗਈ। ਫਿਰ

ਜਿਸ ਤੇਜ਼ੀ ਨਾਲ ਰਮਜ਼ਾਨ ਨੇ ਉਸਦੇ ਗਲ ਨੂੰ ਫੜਿਆ ਸੀ, ਉਸੇ ਤੇਜੀ ਨਾਲ ਉਸਨੂੰ ਛੱਡ ਵੀ ਦਿੱਤਾ। ਧੌਣ ਤੇ ਉਂਗਲਾਂ ਦੇ ਲਾਲ ਲਾਲ ਨਿਸ਼ਾਨ ਪੈ ਗਏ।

ਹਰਨਾਮ ਸਿੰਘ ਨੂੰ ਉਸਨੇ ਵੀ ਪਛਾਣ ਲਿਆ ਸੀ। ਉਸਦੀ ਦੁਕਾਨ ਤੇ ਇਕ ਦੋ ਵਾਰ ਉਸਨੇ ਚਾਹ ਪੀਤੀ ਸੀ। ਉਸਦੀ ਦਾੜ੍ਹੀ ਹੁਣ ਪਹਿਲਾਂ ਤੋਂ ਕਿਤੇ ਜ਼ਿਆਦਾ ਚਿੱਟੀ ਹੋ ਗਈ ਸੀ ਅਤੇ ਸਰੀਰ ਪਤਲਾ ਹੋ ਗਿਆ ਸੀ।

ਦੋ ਤਿੰਨ ਵਾਰ ਰਮਜ਼ਾਨ ਨੇ ਕੁਹਾੜੀ ਚੁੱਕਣ ਦੀ ਕੋਸ਼ਿਸ ਵੀ ਕੀਤੀ ਪਰ ਕੁਹਾੜੀ ਹੱਥ ਵਿਚ ਹੁੰਦੇ ਹੋਏ ਵੀ ਉਸਨੂੰ ਚੁੱਕ ਨਾ ਸਕਿਆ। ਕਾਫ਼ਰ ਨੂੰ ਮਾਰਨਾ ਹੋਰ ਗੱਲ ਹੈ, ਆਪਣੇ ਘਰ ਅੰਦਰ, ਜਾਣ-ਪਛਾਣ ਵਾਲੇ ਪਨਾਹਗੀਰ ਨੂੰ ਮਾਰਨਾ ਹੋਰ ਗੱਲ। ਉਸਦਾ ਖ਼ੂਨ ਕਰਨਾ ਪਹਾੜ ਦੀ ਟੀਸੀ ਪਾਰ ਕਰਨ ਤੋਂ ਵੀ ਜ਼ਿਆਦਾ ਮੁਸ਼ਕਲ ਹੋ ਰਿਹਾ ਸੀ। ਮਜ੍ਹਹਬੀ ਜਨੂੰਨ ਅਤੇ ਨਫਰਤ ਦੇ ਇਸ ਮਹੌਲ ਵਿਚ ਇਕ ਪਤਲੀ ਜਿਹੀ ਲਕੀਰ ਕਿਤੇ ਅਜੇ ਵੀ ਖਿੱਚੀ ਹੋਈ ਸੀ ਜਿਸਨੂੰ ਪਾਰ ਕਰਨਾ ਬਹੁਤ ਮੁਸ਼ਕਲ ਸੀ। ਉਸਨੂੰ ਰਮਜ਼ਾਨ ਵੀ ਪਾਰ ਨਹੀਂ ਕਰ ਪਾ ਰਿਹਾ ਸੀ।

ਰਮਜ਼ਾਨ ਉਸਦੇ ਸਾਹਮਣੇ ਹਫ਼ਦਾ ਖਲੋਤਾ ਰਹਿ ਗਿਆ। ਫਿਰ ਗਾਲਾਂ ਬਕਦਾ ਹੋਇਆ ਬਾਹਰ ਚਲਾ ਗਿਆ।

ਲੱਗਭਗ ਅੱਧੀ ਰਾਤ ਦਾ ਸਮਾਂ ਹੋਵੇਗਾ ਜਦ ਉੱਚੀ ਲੰਮੀ ਰਾਜ ਅੱਗੇ ਅੱਗੇ ਕਰੀ ਜਾ ਰਹੀ ਸੀ ਅਤੇ ਹਰਨਾਮ ਸਿੰਘ ਤੇ ਬੰਤੋ ਉਸਦੇ ਪਿੱਛੇ ਪਿੱਛੇ ਸਨ। ਰੁੱਖਾਂ ਦੇ ਝੁਰਮਟ ਤਕ ਰਾਜੋ ਉਨ੍ਹਾਂ ਦੇ ਨਾਲ ਆਈ। ਚੰਨ ਰੁੱਖਾਂ ਦੇ ਝੁਰਮਟ ਉਪਰ ਖਿਲਿਆ ਹੋਇਆ ਸੀ ਅਤੇ ਆਕਾਸ਼ ਉਸਦੀ ਚਾਂਦਨੀ ਵਿਚ ਝਿਲਮਿਲਾ ਰਿਹਾ ਸੀ। ਫਿਰ ਉਹੀ ਅਲੋਕਿਕ, ਰਹੱਸਪੂਰਣ, ਸੁਪਨਮਟੀ ਦ੍ਰਿਸ਼ ਫਿਰ ਉਹੀ ਚਾਂਦਨੀ ਅਤੇ ਹਨੇਰਾ ਆਪਸ ਵਿਚ ਲੁਕਣਮੀਟੀ ਖੇਡਦੇ ਹੋਏ। ਰੁੱਖਾਂ ਦੇ ਇਸ ਝੁਰਮਟ ਅਤੇ ਉਸਦੇ ਪਾਰ ਫੈਲਿਆ ਹੋਇਆ ਅਸੀਮ ਪ੍ਰਸਾਰ ਫਿਰ ਤੋਂ ਰਹੱਸਪੂਰਣ ਅਤੇ ਡਰਾਉਣਾ ਨਜ਼ਰ ਆਉਣ ਲੱਗਾ

ਸੀ। ਅਗੋਂ ਜਾਂਦੀ ਰਾਜੋ ਦੀ ਕਾਇਆ ਬੜੀ ਗੰਭੀਰ ਲੱਗ ਰਹੀ ਸੀ। ਰਾਜ ਨੇ ਹੱਥ ਵਿਚ ਦੋਨਾਲੀ ਬੰਦੂਕ ਚੁੱਕੀ ਹੋਈ ਸੀ।

ਉਹ ਫਿਰ ਨਦੀ ਦੇ ਪਾਰ ਵੱਲ ਉਤਰ ਰਹੇ ਸਨ। ਖੱਬੇ ਬੰਨੇ ਦੂਰ ਆਕਾਸ਼ ਲਾਲ ਹੋ ਰਿਹਾ ਸੀ। ਹਰਨਾਮ ਸਿੰਘ ਨੇ ਹੋਲੀ ਜਿਹੀ ਆਪਣੀ ਪਤਨੀ ਦਾ ਹੱਥ ਦਬਾ ਕੇ ਕਿਹਾ :

"ਮੱਥੇ ਬੰਨੇ ਵੇਖ, ਵੇਖਿਆ ?"

''ਵੇਖਿਆ, ਕੋਈ ਪਿੰਡ ਸੜ ਰਿਹਾ ਹੈ।"

"ਵਹਿਗੁਰੂ........" ਬੰਤ ਬੁੜਬੁੜਾਈ।

ਚਲਦੇ ਚਲਦੇ ਹਰਨਾਮ ਸਿੰਘ ਦੇ ਪੈਰ ਠਿਠਕ ਗਏ। ਬਹੁਤ ਦੂਰ, ਦੂਸਰੇ ਬੰਨੇ ਵੀ ਆਕਾਸ਼ ਲਾਲ ਹੋ ਰਿਹਾ ਸੀ।

"ਉਹ ਪਿੰਡ ਕਿਹੜਾ ਹੈ ? ਉਹ ਵੀ ਸੜ ਰਿਹਾ ਹੈ।"

ਬੰਤੋ ਚੁਪ ਰਹੀ।

ਹਰਨਾਮ ਸਿੰਘ ਨੇ ਘੁੰਮ ਕੇ ਵੇਖਿਆ। ਚਾਣਨੀ ਵਿਚ ਪਿੰਡ ਦੇ ਚਪਣੇ ਮਿੱਟੀ ਦੇ ਘਰ ਖਲੋਤੇ ਸਨ। ਕਿਸੇ ਕਿਸੇ ਘਰ ਵਿਚ ਦੀਵਾ ਟਿਮਟਿਮਾ ਰਿਹਾ ਸੀ। ਘਰਾਂ ਦੇ ਬਾਹਰ ਤੂੜੀ ਦੇ ਉੱਚੇ ਉੱਚੇ ਢੇਰ, ਕਿਤੇ ਕਿਤੇ ਕੋਈ ਗਡਾ ਖਲੋਤਾ ਸੀ।

ਰੁੱਖਾਂ ਦੇ ਝੁਰਮਟ ਵਿਚ ਪੀਰ ਦੀ ਚਿੱਟੀ ਕਬਰ ਉਨ੍ਹਾਂ ਨੂੰ ਨਜ਼ਰ ਆਈ। ਉਸ ਉਤੇ ਦੀਵਾ ਨਹੀਂ ਜਲ ਰਿਹਾ ਸੀ। ਅੱਜ ਦੇ ਦਿਨ ਉਸ ਤੇ ਦੀਵਾ ਜਗਾਉਣਾ ਲੋਕ ਭੁਲ ਗਏ ਸਨ।

ਰਾਜੋ ਝੁਰਮਟ ਦੇ ਕਿਨਾਰੇ ਕਿਨਾਰੇ ਚਲਦੀ ਜਾ ਰਹੀ ਸੀ। ਫਿਰ ਝੁਰਮਟ ਦਾ ਸਿਰਾ ਆ ਗਿਆ ਅਤੇ ਉਹ ਢਲਾਣ ਆ ਗਈ ਜਿਸਨੂੰ ਚੜ੍ਹ ਕੇ ਉਸ ਦਿਨ ਸਵੇਰੇ ਹਰਨਾਮ ਸਿੰਘ ਤੇ ਉਸਦੀ ਪਤਨੀ ਪਿੰਡ ਵਿਚ ਵੜੇ ਸਨ। ਰਾਜੋ ਰੁਕ ਗਈ। ਰਾਜੇ ਨੇ ਆਪਣੇ ਹੱਥ ਵਿਚ ਫੜੀ ਬੰਦੂਕ ਹਰਨਾਮ ਸਿੰਘ ਦੇ ਹੱਥ ਵਿਚ ਦੇ ਦਿੱਤੀ।

“ਜਾਓ ਹੁਣ ਰੱਬ ਰਾਖਾ। ਸਿੱਧੇ ਕਿਨਾਰੇ ਕਿਨਾਰੇ ਚਲੇ ਜਾਓ। ਅੱਗੇ ਜੋ ਤੁਹਾਡੀ ਕਿਸਮਤ ' ਉਸਨੇ ਮਮਤਾ ਮਈ ਆਵਾਜ਼ ਵਿਚ ਕਿਹਾ।

ਤੂੰ ਸਾਡੇ ਤੇ ਬੜਾ ਅਹਿਸਾਨ ਕੀਤਾ ਹੈ ਰਾਜੋ ਭੈਣ, ਅਸੀਂ ਇਸਨੂੰ ਕਦੇ ਵੀ ਨਹੀਂ ਭੁਲ ਸਕਦੇ।" ਬੰਤੋ ਨੇ ਕਿਹਾ।

“ਜੇ ਜ਼ਿੰਦਗੀ ਰਹੀ ਤਾਂ ਤੇਰਾ ਅਹਿਸਾਨ.........." ਹਰਨਾਮ ਸਿੰਘ ਦੀ ਅਵਾਜ ਲੜ- ਖੜਾ ਗਈ।

"ਮੈਂ ਕੇ ਜਾਣਾ ਭੈਣ, ਆਪਣਾ ਆਪਣਾ ਨਸੀਬਾ। ਚੌਹਾਂ ਪਾਸੇ ਅੱਗ ਲੱਗੀ ਹੈ।"

ਇਹ ਕਹਿੰਦੇ ਹੋਏ ਰਾਜੋ ਨੇ ਆਪਣਾ ਹੱਥ ਕੁੜਤੇ ਦੀ ਜੇਬ ਵਿਚ ਪਾਇਆ ਅਤੇ ਸਫੈਦ ਕੱਪੜੇ ਵਿਚ ਲਿਪਟੀ ਇਕ ਛੋਟੀ ਜਿਹੀ ਪੋਟਲੀ ਕੱਢ ਲਈ।

“ਇਹ ਲਓ, ਇਹ ਤੁਹਾਡੀ ਚੀਜ਼ (ਗਹਿਣਾ) ਹੈ।”

"ਕੀ ਹੈ ਰਾਜੋ ਭੈਣ ?"

"ਇਹ ਤੁਹਾਡੇ ਸੰਦੂਕ ਵਿਚੋਂ ਮਿਲੇ ਹਨ। ਮੈਂ ਕੱਢ ਲਿਆਈ ਹਾਂ। ਤੁਹਾਡੇ ਉਪਰ ਔਖਾ ਵੇਲਾ ਆਇਆ ਹੈ, ਜੇਕਰ ਕੋਲ ਹੋਏ ਤਾਂ ਸਹਾਰਾ ਹੋਵੇਗਾ।”

ਵਾਹਿਗੁਰੂ ਤੈਨੂੰ ਸਲਾਮਤ ਰਖੇ ਭੈਣ, ਚੰਗੇ ਕਰਮ ਕੀਤੇ ਸੀ ਜੋ ਤੇਰੇ ਨਾਲ ਮੇਲ ਹੋਇਆ।” ਕਹਿੰਦੇ ਹੋਏ ਬੰਤੋ ਰੋ ਪਈ।

"ਜਾਓ ਰਬ ਰਾਖਾ, ਦੇਰ ਹੋ ਰਹੀ ਹੈ।” ਰਾਜੋ ਨੇ ਕਿਹਾ, ਉਹ ਉਨ੍ਹਾਂ ਨੂੰ ਕੁਝ ਨਹੀਂ ਦਸ ਸਕਦੀ ਸੀ ਕਿ ਕਿਸ ਦਿਸ਼ਾ ਵਿਚ ਜਾਣ, ਕਿਸ ਪਿੰਡ ਵੱਲ ਜਾਣ, ਕਿਸ ਘਰ ਦਾ ਦਰਵਾਜ਼ਾ ਖੜਕਾਉਣ, ਉਸ ਲਈ ਕੁਝ ਵੀ ਕਹਿ ਸਕਣਾ ਅਸੰਭਵ ਸੀ।

ਦੋਵੇਂ ਪਤੀ ਪਤਨੀ ਢਲਾਣ ਉਤਰਨ ਲੱਗੇ। ਰਾਜੋ ਟਿੱਲੇ ਤੇ ਖਲੋਤੀ ਰਹੀ ਅਤੇ ਉਨ੍ਹਾਂ ਨੂੰ ਜਾਂਦਿਆਂ ਹੋਇਆਂ ਵੇਖਦੀ ਰਹੀ। ਉਹੀ ਉਬੜ-ਖਾਬੜ, ਰੇਤ ਅਤੇ ਪੱਥਰਾਂ ਨਾਲ ਭਰਿਆ ਹੋਇਆ ਰਸਤਾ ਸੀ। ਉਪਰ ਚੰਨ ਚਮਕ ਰਿਹਾ ਸੀ ਜਿਸ

ਨਾਲ ਸਾਰਾ ਮੈਦਾਨ ਕਾਲੇ ਤੇ ਸਫੈਦ ਚਿਤਰਾਂ ਨਾਲ ਵੰਡਿਆ ਪਿਆ ਸੀ। ਕਿਤੇ ਹਨੇਰਾ ਸੀ ਅਤੇ ਕਿਤੇ ਪਾਰੇ ਵਾਂਗ ਚਮਕਦੀ ਚਾਨਣੀ ਸੀ।

ਥੋੜ੍ਹੀ ਦੂਰ ਜਾਣ ਪਿਛੋਂ ਉਨ੍ਹਾਂ ਨੇ ਘੁੰਮ ਕੇ ਵੇਖਿਆ, ਰਾਜੋ ਅਜੇ ਵੀ ਟਿੱਲੇ ਤੇ ਖਲੋਤੀ ਸੀ। ਅਤੇ ਅਣਜਾਣੇ ਰਾਹਾਂ ਵੱਲ ਵੱਧ ਰਹੇ ਉਨ੍ਹਾਂ ਦੇ ਕਦਮਾਂ ਨੂੰ ਜਿਵੇਂ ਵੇਖ ਰਹੀ ਸੀ। ਫਿਰ ਉਨ੍ਹਾਂ ਦੇ ਵੇਖਦੇ ਵੇਖਦੇ ਉਹ ਪਰਤ ਗਈ ਅਤੇ ਪਿੰਡ ਵੱਲ ਜਾਣ ਲੱਗੀ। ਉਸਦੇ ਚਲੇ ਜਾਣ ਪਿਛੋਂ ਚਾਰ-ਚੁਫੇਰੇ ਫੈਲੀ ਵੀਰਾਨੀ ਇਨ੍ਹਾਂ ਦੋਹਾਂ ਲਈ ਹੋਰ ਵੀ ਜ਼ਿਆਦਾ ਭਿਆਨਕ ਹੋ ਉਠੀ।

***

## ਸਤਾਰਾਂ

ਇਸੇ ਦੌਰਾਨ ਪਿੰਡ ਊਬੜ ਖਾਬੜ ਜ਼ਮੀਨ ਤੇ ਇਕ ਹੋਰ ਨਾਟਕ ਖੇਡਿਆ ਜਾ ਰਿਹਾ ਸੀ। ਰਮਜ਼ਾਨ ਤੇ ਉਸਦੇ ਸਾਥੀ ਢੱਕ ਇਲਾਹੀ ਬਖਸ਼ ਅਤੇ ਮੁਰਾਦਪੁਰ ਵਲੋਂ ਲੁੱਟਮਾਰ ਦਾ ਸਾਮਾਨ ਚੁਕੀ ਹੱਸਦੇ-ਗੱਲਾਂ ਮਾਰਦੇ ਪਰਤ ਰਹੇ ਸਨ ਜਦ ਉਨ੍ਹਾਂ ਨੂੰ ਦੂਰ ਇਕ ਟਿਲੇ ਕੋਲ ਇਕ ਭੱਜਦਾ ਸਿੱਖ ਨਜ਼ਰ ਆ ਗਿਆ। ਇਹ ਨਹੀਂ ਪਤਾ ਕਿ ਉਹ ਇਸ ਗਿਰੋਹ ਨੂੰ ਵੇਖਕੇ ਭੱਜਿਆ ਸੀ ਜਾਂ ਪਹਿਲਾਂ ਹੀ ਭੱਜਿਆ ਆ ਰਿਹਾ ਸੀ। ਪਰ ਜਦ ਇਨ੍ਹਾਂ ਲੋਕਾਂ ਨੂੰ ਉਹ ਨਜ਼ਰ ਆ ਗਿਆ ਤਾਂ ਸੱਚ ਮੁੱਚ ਇਨ੍ਹਾਂ ਨੂੰ ਇਕ ਖੇਡ ਮਿਲ ਗਈ। "ਯਾ ਅਲੀ !" ਰਮਜ਼ਾਨ ਨੇ ਲਲਕਾਰਿਆ ਅਤੇ ਸਭ ਲੋਕ—ਵੀਹ ਤੀਹ ਲੋਕ ਹੋਣਗੇ—ਉਸਦੇ ਪਿਛੇ ਭੱਜ ਖਲੋਤੇ। ਜ਼ਮੀਨ ਪੱਧਰੀ ਨਹੀਂ ਸੀ, ਥਾਂ ਥਾਂ ਟਿਲੇ, ਨੀਵੀਆਂ ਖਾਈਆਂ ਅਤੇ ਤਰ੍ਹਾਂ ਤਰ੍ਹਾਂ ਦੇ ਖੋਹ ਬਣੇ ਹੋਏ ਸਨ। ਸਰਦਾਰ ਨੇ ਮੂੰਹ ਤਾਂ ਪਿੰਡ ਵੱਲ ਹੀ ਕੀਤਾ ਹੋਇਆ ਸੀ ਪਰ ਗੱਡਿਆਂ ਵਾਲਾ ਰਾਹ ਛੱਡ ਕੇ ਉਹ ਖੇਤਾਂ ਕੱਸੀਆਂ ਰਾਹੀਂ ਹੀ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸਦਾ ਖਿਆਲ ਸੀ ਕਿ ਇਸ ਤਰ੍ਹਾਂ ਉਹ ਦੇਹਾਤੀਆਂ ਦੀਆਂ ਨਜ਼ਰਾਂ ਤੋਂ ਬਚ ਜਾਵੇਗਾ।

ਇਕ ਵਾਰ ਨਜ਼ਰ ਆਉਣ ਪਿਛੋਂ ਉਹ ਅੱਖਾਂ ਤੋਂ ਓਝਲ ਹੋ ਗਿਆ।

''ਛਿਪ ਗਿਆ ਹੈ ਸਿਖੜਾ!" ਰਮਜ਼ਾਨ ਨੇ ਕਿਹਾ ਅਤੇ ਚਾਲ ਤੇਜ਼ ਕਰ ਦਿੱਤੀ। ਅਜੇ ਪੰਜਾਹ ਕੁ ਗਜ਼ ਦੀ ਦੂਰੀ ਹੋਵੇਗੀ ਕਿ ਸਰਦਾਰ ਦੀ ਇਕ ਹੋਰ ਝਲਕ ਮਿਲੀ। ਸਰਦਾਰ ਟਿੱਲਿਆਂ ਖੱਡਾਂ ਦੇ ਰਸਤੇ ਅੱਗੇ ਵਧਦਾ ਹੀ ਜਾ ਰਿਹਾ ਸੀ। ਪਰ ਜਦ ਉਹ ਲੋਕ ਅੰਨ ਉਸ ਜਗ੍ਹਾ ਪਹੁੰਚੇ ਜਿਥੇ ਸਰਦਾਰ ਉਨ੍ਹਾਂ ਨੂੰ ਦਿਖਾਈ ਦਿੱਤਾ ਸੀ ਤਾਂ ਉਹ ਗਾਇਬ ਹੋ ਚੁੱਕਾ ਸੀ।

"ਕਿਸੇ ਖੋਹ ਵਿਚ ਘੁਸ ਗਿਆ ਹੈ।" ਨੂਰਦੀਨ ਬੋਲਿਆ। "ਕਢੋ ਮਾਂ ਦੇ .....ਨੂੰ।"

ਉਸ ਵੇਲੇ ਉਹ ਲੋਕ ਟਿਲੇ ਉਪਰ ਖਲੋਤੇ ਸਨ। ਕੁਝ ਦੇਰ ਪਹਿਲਾਂ ਹੀ ਇਨ੍ਹਾਂ ਮੁਜ਼ਾਹਿਦਾ ਨੂੰ ਢੇਲੇ ਅਤੇ ਪੱਥਰ ਚੁੱਕ ਚੁੱਕ ਕੇ ਉਸ ਭੱਜ ਰਹੇ ਸਿੱਖ ਦੀ ਸੇਧ ਵਿਚ ਸੁਟਣੇ ਸ਼ੁਰੂ ਕਰ ਦਿੱਤੇ ਸਨ, ਪਰ ਹੁਣ ਉਹ ਲਾਗੇ ਚਾਗੇ ਦੇ ਟਿਲਿਆਂ ਦੇ ਖੋਹਾਂ ਅੰਦਰ ਚਾਂਦ ਮਾਰੀ ਕਰਨ ਲੱਗੇ ਕਿ ਜਿਸ ਖੋਹ ਵਿਚ ਲੁਕਿਆ ਬੈਠਾ, ਪੱਥਰ ਖਾਂ ਕੇ ਆਪਣੇ ਆਪ ਬਾਹਰ ਆ ਜਾਵੇਗਾ। ਜੇ ਸਰਦਾਰ ਭੱਜਦਾ ਰਹਿੰਦਾ ਤਾਂ ਜ਼ਰੂਰ ਹੀ ਪੱਥਰਾਂ ਦੀ ਇਸ ਬੁਛਾੜ ਵਿਚ ਮਾਰਿਆ ਜਾਂਦਾ ਜਿਵੇਂ ਬਰਸਾਤੀ ਚੂਹਾ ਮਾਰਿਆ ਜਾਂਦਾ ਹੈ, ਪਰ ਉਹ ਭੱਜਣ ਦੀ ਬਜਾਏ ਇਕ ਟਿਲੇ ਅੰਦਰ ਬਣੀ ਹਨੇਰੀ ਖੋਹ ਵਿਚ ਦਬਕ ਕੇ ਬੈਠ ਗਿਆ ਸੀ। ਲਾਗੇ ਚਾਗੇ ਅਣਗਿਣਤ ਖੋਹ ਸਨ, ਅਤੇ ਉਨ੍ਹਾਂ ਵਿਚੋਂ ਕਿਸ ਵਿਚ ਉਹ ਲੁਕਿਆ ਬੈਠਾ ਹੈ, ਇਨ੍ਹਾਂ ਲੋਕਾਂ ਲਈ ਲੱਭਣਾ ਸੌਖਾ ਨਹੀਂ ਸੀ।

"ਓ ਸਿੱਖਾ, ਬੜੀ ਤਰਿਖਾ, ਨਿਕਲ ਬਾਹਰ।" ਨੂਰਦੀਨ ਨੇ ਉੱਚੀ ਆਵਾਜ਼ ਵਿਚ ਕਿਹਾ ਜਿਸ ਤੋਂ ਸਾਰੇ ਜਣੇ ਖਿੜਖਿੜਾ ਕੇ ਹੱਸ ਪਏ। ਨੂਰਦੀਨ ਰਮਜ਼ਾਨ ਦੇ ਹੀ ਪਿੰਡ ਦਾ ਰਹਿਣ ਵਾਲਾ ਸੀ, ਘੁਮਿਆਰ ਸੀ ਅਤੇ ਖੋਤਿਆਂ ਤੇ ਮਿੱਟੀ ਅਤੇ ਇੱਟਾਂ ਦੇਣ ਦਾ ਕੰਮ ਕਰਦਾ ਸੀ। ਉਸਦੇ ਦੰਦਾਂ ਉਪਰ ਲਾਲ ਲਾਲ ਮਸੂੜੇ ਸਨ, ਜਦ ਹੱਸਦਾ ਤਾਂ ਮਸੂੜੇ ਦੂਰ ਤਕ ਦਿਖਾਈ ਦਿੰਦੇ ਸਨ।

ਕੁਝ ਲੋਕ ਹੇਠਾਂ ਉਤਰੇ।

"ਇਸ ਖੋਹ ਵਿਚ ਹੋਵੇਗਾ।" ਇਕ ਬੋਲਿਆ।

"ਨਿਕਲ ਬਾਹਰ ਤੇਰੀ ਮਾਂ ਦੀ... ." ਦੂਸਰੇ ਨੇ ਕਿਹਾ ਅਤੇ ਢੇਲਾ ਚੁੱਕ ਕੇ ਜ਼ੋਰ ਨਾਲ ਅੰਦਰ ਮਾਰਿਆ। ਪਰ ਉਸਦਾ ਕੋਈ ਅਸਰ ਨਹੀਂ ਹੋਇਆ।

'ਅੰਦਰ ਵੜ ਕੇ ਵੇਖੋ ਉਏ, ਇਉਂ ਪਤਾ ਨਹੀਂ ਲਗੇਗਾ।" ਰਮਜ਼ਾਨ ਬੋਲਿਆ। 'ਸੰਭਲ ਕੇ ਜਾਈਂ ਰਮਜ਼ਾਨ, ਉਸਦੇ ਕੋਲ ਕਿਰਪਾਨ ਹੋਵੇਗੀ।"

"ਉਹਦੀ ਮਾਂ ਦੀ... ." ਰਮਜ਼ਾਨ ਨੇ ਹੱਸ ਕੇ ਕਿਹਾ, ਪਰ ਫਿਰ ਵੀ ਸਾਵਧਾਨੀ ਵਜੋਂ ਚਾਕੂ ਖੋਲ੍ਹ ਲਿਆ। ਰਮਜ਼ਾਨ ਅੰਦਰ ਵੜਿਆ ਤਾਂ ਉਸਦੇ ਪਿੱਛੇ ਪਿੱਛੇ ਦੋ ਤਿੰਨ ਸਾਥੀ ਹੋਰ ਵੀ ਵੜ ਗਏ।

"ਨਿਕਲ ਉਏ ਕਰਾੜਾ......!"

ਰਮਜ਼ਾਨ ਚਿਲਾਇਆ। ਅਤੇ ਕੁਝ ਹੋਰ ਲੋਕ ਵੀ ਅੰਦਰ ਵੜ ਗਏ।

ਉਨ੍ਹਾਂ ਲੋਕਾਂ ਨੇ ਸਾਰੀ ਖੋਹ ਛਾਣ ਮਾਰੀ ਪਰ ਸਰਦਾਰ ਕਿਤੇ ਨਹੀਂ ਮਿਲਿਆ। ਉਹ ਕਿਸੇ ਦੂਸਰੀ ਖੋਹ ਵਿਚ ਲੁਕਿਆ ਬੈਠਾ ਸੀ।

ਤਦੇ ਗਿਰੋਹ ਦਾ ਇਕ ਆਦਮੀ ਜੋ ਅਜੇ ਟਿਲੇ ਉਤੇ ਹੀ ਸੀ, ਚਿੱਲਾ ਉਠਿਆ:

"ਔਹ ਜਾ ਰਿਹਾ ਹੈ, ਉੱਧਰ ਨੂੰ ਗਿਆ ਹੈ।" ਅਤੇ ਉਸਨੇ ਖੱਬੇ ਦੇ ਦੇ ਤਿੰਨ ਟਿੱਲੇ ਰਣ ਕੇ ਪਿਛਲੇ ਟਿਕ ਟਿੱਲੇ ਵੱਲ ਇਸ਼ਾਰਾ ਕੀਤਾ। ਸਰਦਾਰ ਦੇ ਝਿਲਮਿਲਾਉਂਦੇ ਕੱਪੜੇ ਉਸਨੂੰ ਉਸ ਬੰਨੇ ਦਿਖਾਈ ਦਿੱਤੇ ਸਨ।

ਸਭ ਲੋਕ ਉਸ ਵੱਲ ਦੌੜੇ। ਦੋ ਤਿੰਨ ਖੋਹਾਂ ਵਿਚ ਰੋੜਿਆਂ ਦੀ ਵਰਖਾ ਹੋਣ ਲੱਗੀ। ਇਕ ਖੋਹ ਵਿਚ ਇਕ ਢੇਲਾ ਸਿੱਧਾ ਸਰਦਾਰ ਦੇ ਗੋਡੇ ਤੇ ਵੱਜਾ, ਪਰ ਉਹ ਚੀਕਿਆ ਨਹੀਂ ਸਗੋਂ ਪਿੱਛੇ ਹੋ ਕੇ ਬੈਠ ਗਿਆ। ਫਿਰ ਧੜਾ ਧੜ ਢੇਲੇ ਵੱਜਣ ਲੱਗੇ। ਕੋਈ ਢੇਲਾ ਖੋਹ ਦੀ ਕੰਧ ਨਾਲ ਵਜਦਾ ਹੈ ਅਤੇ ਕੋਈ ਸਿੱਧਾ ਉਸਦੇ ਗੋਡੇ ਤੇ, ਮੋਢੇ ਤੇ ਜਾਂ ਮੱਥੇ ਤੇ ਜਾਂ ਵਜਦਾ। ਅਤੇ ਸਰਦਾਰ ਚੀਸ ਵਟ ਕੇ ਰਹਿ ਜਾਂਦਾ। ਢੇਲੇ ਲਗਾਤਾਰ ਤਿੰਨਾਂ ਖੋਹਾਂ ਵਿਚ ਪੈ ਰਹੇ ਸਨ। ਪਰ ਥੋੜੀ ਦੇਰ ਪਿੱਛੋਂ ਇਕ ਖੋਹ ਵਿਚੋਂ ਕਰਾਹੁਣ ਅਤੇ ਸਿਸਕੀਆਂ ਭਰਨ ਦੀ ਆਵਾਜ ਆਉਣ ਲੱਗੀ। ਹੁਣ ਹਮਲਾਵਰ ਨੂੰ ਯਕੀਨ ਹੋ ਗਿਆ ਕਿ ਉਹ ਇਸੇ ਖੋਹ ਵਿਚ ਲੁਕਿਆ ਬੈਠਾ ਹੈ, ਅਤੇ ਢੇਲਿਆਂ ਦੀ ਵਾਰਡ ਹੋਰ ਤੇਜ਼ ਹੋ ਗਈ।

ਤਦ ਇਕ ਸਿਆਣੇ ਨੂੰ ਇਕ ਵਿਚਾਰ ਸੁਝਿਆ ਅਤੇ ਉਹ ਚਿਲਾ ਕੇ ਬੋਲਿਆ।

'ਓਏ ਠਹਿਰੋ ਉਏ ! ਨਾ ਮਾਰੋ ਪੱਥਰ !"

ਕੁਝ ਲੋਕਾਂ ਨੇ ਹੱਥ ਰੋਕ ਲਏ, ਇਕਾ-ਦੁੱਕਾ ਪੱਥਰ ਫਿਰ ਵੀ ਪੈਂਦਾ ਰਿਹਾ।

ਫਿਰ ਉਹ ਸਿਆਣਾ, ਖੋਹ ਦੇ ਮੂੰਹ ਸਾਹਮਣੇ ਆ ਕੇ ਖਲੋ ਗਿਆ ਅਤੇ ਉੱਚੀ ਆਵਾਜ਼ ਵਿਚ ਬੋਲਿਆ :

"ਓਏ ਸਰਦਾਰਾ, ਦੀਨ ਕਬੂਲ ਕਰ ਲੈ ਅਸੀਂ ਤੈਨੂੰ ਛੱਡ ਦਿਆਂਗੇ !"

ਅੰਦਰੋਂ ਕੋਈ ਜਵਾਬ ਨਹੀਂ ਆਇਆ, ਕੇਵਲ ਕੰਬਦੀ ਜਿਹੀ ਕਰਾਹੁਣ ਦੀ ਆਵਾਜ਼ ਆਉਂਦੀ ਰਹੀ।

“ਬੋਲ ਸਰਦਾਰਾ, ਇਸਲਾਮ ਕਬੂਲ ਕਰੇਂਗਾ ਜਾਂ ਨਹੀਂ ? ਜੇ ਮਨਜ਼ੂਰ ਹੈ ਤਾਂ ਆਪਣੇ ਆਪ ਬਾਹਰ ਆ ਜਾ, ਅਸੀਂ ਤੈਨੂੰ ਕੁਝ ਨਹੀਂ ਕਹਾਂਗੇ। ਨਹੀਂ ਤਾਂ ਢੇਲੇ ਮਾਰ ਮਾਰ ਕੇ ਮਾਰ ਸੁਟਾਂਗੇ।”

ਅੰਦਰੋਂ ਫਿਰ ਵੀ ਕੋਈ ਜਵਾਬ ਨਹੀਂ ਆਇਆ। ਇਕ-ਚੁੱਕੇ ਪੱਥਰ ਅਜੇ ਵੀ ਪੈ ਰਹੇ ਸਨ ਤਾਂ ਕਿ ਸਰਦਾਰ ਜਲਦੀ ਫੈਸਲਾ ਕਰ ਸਕੇ।

"ਨਿਕਲ ਬਾਹਰ, ਸੂਰ ਦਿਆ ਪੁਤਰਾ, ਨਹੀਂ ਤਾਂ ਅੰਦਰੋਂ ਤੇਰੀ ਲਾਸ਼ ਨਿਕਲੇਗੀ।”

ਫਿਰ ਵੀ ਚੁੱਪ। ਅੰਦਰੋਂ ਆਵਾਜ਼ ਨਹੀਂ ਆਈ। ਲੋਕ ਫਿਰ ਢੇਲੇ ਚੁੱਕ ਚੁੱਕ ਕੇ ਅੰਦਰ ਮਾਰਨ ਲੱਗੇ। ਫਿਰ ਰਮਜ਼ਾਨ ਅਲੀ ਇਕ ਵੱਡਾ ਸਾਰਾ ਪੱਥਰ ਚੁੱਕ ਲਿਆਇਆ ਅਤੇ ਖੋਹ ਦੇ ਸਾਹਮਣੇ ਜਾ ਖਲੋਤਾ।

"ਅਜੇ ਵੀ ਨਿਕਲ ਆ ਨਹੀਂ ਤਾਂ ਇਸ ਪੱਥਰ ਨਾਲ ਤੇਰਾ ਭੜਥਾ ਬਣਾ ਦੇਵਾਂਗਾ " ਲੋਕ ਹੱਸ ਪਏ ਪੱਥਰ ਲਗਾਤਾਰ ਪੈ ਰਹੇ ਸਨ।

ਕੁਝ ਕਦੇ ਖੋਹ ਅੰਦਰੋਂ, ਹੱਥਾਂ ਅਤੇ ਪੈਰਾਂ ਦੇ ਭਾਰ ਚਲਦਾ ਹੋਇਆ ਸਰਦਾਰ ਖੋਹ ਦੇ ਮੂੰਹ ਤੇ ਆ ਗਿਆ। ਉਸਦੀ ਪਗੜੀ ਖੁਲ੍ਹ ਕੇ ਗਲ ਵਿਚ ਲਟਕ ਰਹੀ ਸੀ, ਕੱਪੜੇ ਮਿੱਟੀ ਨਾਲ ਭਰੇ ਹੋਏ ਸਨ ਅਤੇ ਥਾਂ ਥਾਂ ਤੋਂ ਪਾਟ ਗਏ ਸਨ ਅਤੇ ਢੇਲੇ ਵਜਣ ਕਾਰਣ ਉਸਦਾ ਮੱਥਾ ਤੇ ਗੋਡੇ ਥਾਂ ਥਾਂ ਤੋਂ ਸੂਜ ਰਹੇ ਸਨ ਅਤੇ ਜ਼ਖਮਾਂ ਵਿਚੋਂ ਲਹੂ ਰਿਸ ਰਿਹਾ ਹੈ।

ਸਰਦਾਰ ਅਜੇ ਵੀ ਪਸ਼ੂਆਂ ਵਾਂਗ ਬੈਠਾ ਹੋਇਆ ਸੀ ਉਸਦੀਆਂ ਅੱਖਾਂ ਏਧਰ ਓਧਰ ਵੇਖੀ ਜਾ ਰਹੀਆਂ ਸਨ। ਪੀੜ ਦੇ ਕਾਰਣ ਉਸਦਾ ਮੰਹ ਟੇਢਾ ਹੋ ਰਿਹਾ ਸੀ।

"ਬੋਲ, ਕਲਮਾਂ ਪੜ੍ਹੇਗਾ ਜਾਂ ਨਹੀਂ ?" ਰਮਜ਼ਾਨ ਨੇ ਕਿਹਾ। ਉਸਨੇ ਅਜੇ ਵੀ ਵੱਡਾ ਸਾਰਾ ਪੱਥਰ ਹੱਥ ਵਿਚ ਚੁੱਕਿਆ ਹੋਇਆ ਸੀ।

ਸਰਦਾਰ ਪਹਿਲਾਂ ਤਾਂ ਡਰਿਆ ਹੋਇਆ ਸਾਹਮਣੇ ਵੱਲ ਵੇਖਦਾ ਰਿਹਾ ਫਿਰ ਉਪਰ ਹੇਠਾਂ ਸਿਰ ਹਿਲਾ ਦਿੱਤਾ।

ਨੂਰਦੀਨ ਦੇ ਪਿਛੇ ਖਲੋਤੇ ਇਕ ਆਦਮੀ ਨੇ ਸਰਦਾਰ ਨੂੰ ਪਛਾਣ ਲਿਆ। ਇਹ ਇਕਬਾਲ ਸਿੰਘ ਸੀ, ਮੀਰਪੁਰ ਵਿਚ ਬਜਾਜੀ ਦੀ ਦੁਕਾਨ ਕਰਦਾ ਸੀ, ਇਸਦਾ ਪਿਤਾ ਹਰਨਾਮ ਸਿੰਘ ਦਰ ਇਲਾਹੀ ਬਖਸ਼ ਵਿਚ ਚਾਹ ਦੀ ਦੁਕਾਨ ਕਰਦਾ ਸੀ। ਸ਼ਾਇਦ ਇਹ ਢੋਕ ਇਲਾਹੀ ਬਖਸ਼ ਵੱਲ ਹੀ ਭੇਜਿਆ ਜਾ ਰਿਹਾ ਸੀ ਜਦ ਰਾਹ ਵਿਚ ਕਾਬੂ ਆ ਗਿਆ। ਪਛਾਣਦੇ ਹੀ ਉਹ ਆਦਮੀ ਨੂਰਦੀਨ ਦੇ ਹੋਰ ਪਿਛੇ ਹੋ ਗਿਆ ਤਾਂ ਕਿ ਇਕਬਾਲ ਸਿੰਘ ਨਾਲ ਉਸਦੀਆਂ ਨਜ਼ਰਾਂ ਨਾ ਮਿਲਣ ਸਗੋਂ ਇਸ ਤੋਂ ਬਾਦ ਉਹ ਪਿਛੇ ਪਿਛੇ ਹੀ ਰਿਹਾ। ਨਾ ਕੁਝ ਬੋਲਿਆ, ਨਾ ਪੱਥਰ ਮਾਰਿਆ, ਪਰ ਨਾਲ ਹੀ ਹੋਰ ਲੋਕਾ ਨੂੰ ਰੋਕਿਆ ਵੀ ਨਾ। ਉਸਨੂੰ ਪਤਾ ਸੀ ਕਿ ਉਨ੍ਹਾਂ ਨੂੰ ਰੋਕਣ ਦਾ ਕੋਈ ਅਸਰ ਵੀ ਨਹੀਂ ਹੋਵੇਗਾ।

“ਮੂੰਹੋਂ ਬੋਲ ਮਾਦਰ.... ..! ਬੋਲ ਨਹੀਂ ਤਾਂ ਵੇਖ ਹੁਣੇ ਇਹ ਪੱਥਰ ਤੇਰੀ ਖੋਪੜੀ ਤੇ ਪਵੇਗਾ।”

''ਕਲਮਾਂ ਪੜ੍ਹਾਂਗਾ।" ਸਿਸਕਦੇ ਹੋਏ ਇਕਬਾਲ ਸਿੰਘ ਨੇ ਕਿਹਾ। ਤਦੇ ਅਕਾਜ ਵਿਚ ਗੂੰਜਦੀ ਆਵਾਜ਼ ਉਠੀ :

ਅੱਲਾਹ—ਓ-ਅਕਬਰ !

"ਨਾਰਾ—ਏ—ਤਕਬੀਰ ! ਅੱਲਾਹ-ਓ-ਅਕਬਰ।" ਫਿਰ ਸਭ ਨੇ ਨਾਹਰਾ ਲਾਇਆ। ਰਮਜ਼ਾਨ ਨੇ ਪੱਥਰ ਇਕ ਬੰਨੇ ਸੁੱਟ ਦਿੱਤਾ। ਸਭ ਨੇ ਆਪਣੇ ਆਪਣੇ ਹੱਥਾਂ ਵਿਚੋਂ ਪੱਥਰ ਸੁੱਟ ਦਿੱਤੇ। ਰਮਜ਼ਾਨ ਨੇ ਹੱਥ ਅੱਗੇ ਵਧਾ ਕੇ ਕਿਹਾ, "ਉਠ ਆ, ਹੁਣ ਤੂੰ ਸਾਡਾ ਭਰਾ ਹੈ।"

ਇਕਬਾਲ ਸਿੰਘ ਦਾ ਸਰੀਰ ਥਾਂ ਥਾਂ ਤੋਂ ਦੁੱਖ ਰਿਹਾ ਸੀ। ਉਹ ਅਜੇ ਵੀ ਕਰਾਹ ਰਿਹਾ ਸੀ। ਪੀੜ, ਘਬਰਾਹਟ ਅਤੇ ਡਰ ਕਾਰਣ ਉਸਤੋਂ ਖਲੋਤਾ ਨਹੀਂ ਜਾ ਰਿਹਾ ਸੀ।

"ਆ ਜਾ, ਗਲਵਕੜੀ ਪਾ ਲੈ" ਰਮਜ਼ਾਨ ਨੇ ਕਿਹਾ ਅਤੇ ਉਸ ਨੂੰ ਗਲ ਨਾਲ ਲਾ ਲਿਆ।

ਰਮਜ਼ਾਨ ਪਿਛੋਂ ਸਭ ਨੇ ਵਾਰੀ ਵਾਰੀ ਉਸਨੂੰ ਗਲ ਨਾਲ ਲਾਇਆ। ਪਹਿਲਾਂ ਸਿਰ ਸੱਜੇ ਮੋਢੇ ਤੇ ਰੱਖਦੇ, ਫਿਰ ਉਥੋਂ ਚੁੱਕ ਖੱਬੇ ਮੋਢੇ ਤੇ ਅਤੇ ਫਿਰ ਪਰਤ ਕੇ ਸੱਜੇ ਮੋਢੇ ਤੇ। ਗਲਵਕੜੀ ਪਾਉਣ ਦਾ ਇਹ ਮੁਸਲਮਾਨੀ ਤਰੀਕਾ ਸੀ। ਇਕਬਾਲ ਸਿੰਘ ਦੀਆਂ ਲੱਤਾ ਲੜਖੜਾ ਰਹੀਆਂ ਸਨ ਅਤੇ ਸੰਘ ਸੁੱਕ ਰਿਹਾ ਸੀ। ਪਰ ਤਿੰਨ ਚਾਰ ਵਾਰ ਦੇ ਅਭਿਆਸ ਪਿਛੋਂ ਉਹ ਗਲਵਕੜੀ ਪਾਉਣ ਦਾ ਢੰਗ ਸਮਝ ਗਿਆ।

ਇਕਬਾਲ ਸਿੰਘ ਨੂੰ ਆਸ਼ਾ ਨਹੀਂ ਸੀ ਕਿ ਇਤਨੀ ਜਲਦੀ ਮਹੌਲ ਬਦਲ ਜਾਵੇਗਾ, ਅਤੇ ਉਸ ਦੇ ਲਹੂ ਦੇ ਪਿਆਸੇ ਲੋਕ ਉਸਨੂੰ ਗਲ ਨਾਲ ਲਾਉਣ ਲੱਗਣਗੇ।

ਹੁਣ ਉਹ ਟਿਲਿਆਂ ਦੇ ਝੁਰਮੁਟ 'ਚੋਂ ਬਾਹਰ ਨਿਕਲ ਆਏ ਸਨ, ਰਮਜ਼ਾਨ ਨੇ ਉਸਨੂੰ ਫੜਿਆ ਹੋਇਆ ਸੀ। ਫਿਰ ਉਹ ਕਣਕ ਦੇ ਲਹਿਲਹਾਉਂਦੇ ਖੇਤਾਂ ਵਿਚੋਂ ਉਸਨੂੰ ਹੱਕਦੇ ਹੋਏ ਲੈ ਚਲੇ। ਉਹਨਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਸਨੂੰ

ਆਪਣੀ ਜਿੱਤ ਦੀ ਨਿਸ਼ਾਨੀ ਦੇ ਤੌਰ ਤੇ ਉਸ ਦੀ ਨੁਮਾਇਸ਼ ਕਰਦੇ ਲੈ ਚਲਣ, ਜਾਂ ਇਕ ਕੈਦੀ ਵਾਂਗ ਜਿਸਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ, ਪਰ ਫੜਿਆ ਗਿਆ ਸੀ, ਜਾਂ ਇਕ ਧਰਮ ਭਰਾ ਵਾਂਗ ਲੈ ਚਲਣ, ਜਿਸਨੂੰ ਉਨ੍ਹਾਂ ਨੇ ਗਲ ਨਾਲ ਲਾਇਆ ਸੀ। ਇਕਬਾਲ ਸਿੰਘ ਕੋਲੋਂ ਠੀਕ ਤਰਾਂ ਨਾਲ ਤੁਰਿਆ ਨਹੀਂ ਜਾ ਰਿਹਾ ਸੀ। ਕੁਝ ਨਹੀਂ ਤਾਂ ਪੰਜ ਢੇਲੇ ਉਸਦੇ ਖੱਬੇ ਗੋਡੇ ਤੇ ਹੀ ਵੱਜੇ ਸਨ। ਮੱਥੇ ਉਤੋਂ ਵੀ ਲਹੂ ਸਿਮ ਰਿਹਾ ਸੀ। ਇਕ ਜਗ੍ਹਾ ਖੇਤ ਦੀ ਆਡ ਪਾਰ ਕਰਦੇ ਸਮੇਂ ਜਦ ਉਹ ਲੜਖੜਾ ਗਿਆ ਤਾਂ ਪਿਛਿਓਂ ਨੂਰਦੀਨ ਨੇ ਮਜ਼ਾਕ ਵਿਚ ਉਸਨੂੰ ਧੱਕਾ ਦੇ ਦਿੱਤਾ ਅਤੇ ਉਹ ਮੱਧੇ ਮੂੰਹ ਜਾ ਪਿਆ। "ਵੇਖੋ ਰਮਜ਼ਾਨ ਜੀ, ਮੈਨੂੰ ਹੁਣ ਵੀ ਧੱਕੇ ਮਾਰ ਰਹੇ ਹਨ।" ਉਸ ਨੇ ਉਠਦੇ ਹੋਏ ਰੋਣਹਾਕਾ ਹੋ ਕੇ ਕਿਹਾ, ਉਸ ਬੱਚੇ ਵਾਂਗ ਜਿਸਨੂੰ ਚੰਗਾ ਵਿਵਹਾਰ ਕਰਨ ਦੀ ਸਹੁੰ ਖਾਣ ਪਿਛੋਂ ਵੀ ਕੁੱਟਿਆ ਜਾ ਰਿਹਾ ਹੋਵੇ।

"ਧੱਕੇ ਨਾ ਮਾਰੋ, ਓਏ !" ਰਮਜ਼ਾਨ ਨੇ ਕਿਹਾ ਅਤੇ ਆਪਣੇ ਸਾਥੀਆਂ ਵੱਲ ਵੇਖਕੇ ਮੁਸਕਰਾ ਪਿਆ ਅਤੇ ਅੱਖ ਮਾਰੀ।

"ਨਾਂ ਧੱਕੇ, ਮਾਰੋ ਉਏ !" ਪਿਛੋਂ ਕਿਸੇ ਨੇ ਰਮਜ਼ਾਨ ਦੀ ਨਕਲ ਲਾਹੁੰਦੇ ਹੋਏ ਕਿਹਾ ਅਤੇ ਇਕ ਛੋਟਾ ਜਿਹਾ ਧੱਕਾ ਇਕਬਾਲ ਸਿੰਘ ਨੂੰ ਫਿਰ ਮਾਰ ਦਿੱਤਾ।

ਘਿਰਣਾ ਅਤੇ ਵੈਰ ਵਿਰੋਧ ਇੰਨੀ ਛੇਤੀ ਪ੍ਰੇਮ ਅਤੇ ਸਦਭਾਵਨਾ ਵਿਚ ਨਹੀਂ ਬਦਲ ਸਕਦੇ। ਉਹ ਕੇਵਲ ਭੌਂਡੇ ਹਾਸ-ਵਿਅੰਗ ਵਿਚ ਹੀ ਬਦਲ ਸਕਦੇ ਹਨ। ਉਹ ਇਕਬਾਲ ਸਿੰਘ ਨੂੰ ਮਾਰ ਕੁੱਟ ਤਾਂ ਨਹੀਂ ਸਕਦੇ ਸਨ ਪਰ ਘੱਟੋ ਘੱਟ ਉਸਨੂੰ ਭੱਦੇ ਵਿਅੰਗ ਦਾ ਨਿਸ਼ਾਨਾ ਤਾਂ ਬਣਾ ਸਕਦੇ ਸਨ।

"ਵੇਖ ਰਮਜ਼ਾਨ ਭਾਈ, ਕਿਸੇ ਨੇ ਪਿਛਿਓਂ ਮੈਨੂੰ ਠੱਗਾ ਮਾਰਿਆ ਹੈ।"

ਇਕਬਾਲ ਸਿੰਘ ਉਸ ਵੇਲੇ ਨਿਜੀ ਇੱਜ਼ਤ ਮਾਣ ਦੇ ਸਭ ਤੋਂ ਘਟੀਆ ਸਤਰ ਤੇ ਪਹੁੰਚ ਚੁੱਕਾ ਸੀ, ਜਦ ਜੀਵਣ ਨਾਲ ਚਿਪਕੇ ਰਹਿਣ ਵਾਲਾ ਭਰਿਆ ਹੋਇਆ

ਜੀਵ ਕੇਵਲ ਗਿੜਗਿੜਾ ਸਕਦਾ ਹੈ, ਰੀਂਗ ਸਕਦਾ ਹੈ, ਹੱਸਣ ਨੂੰ ਕਹੋ ਤਾਂ ਹੱਸ ਪਵੇਗਾ, ਰੋਣ ਲਈ ਕਹੋ ਤਾਂ ਰੋ ਪਵੇਗਾ।

ਤਦੇ ਨੂਰ ਦੀਨ ਨੂੰ ਇਕ ਮਸਖਰੀ ਸੂਝੀ,

"ਠਹਿਰ ਓਏ", ਉਸਦਾ ਹੱਥ ਫੜ ਕੇ ਰੋਕਦੇ ਹੋਏ ਉਸਨੇ ਕਿਹਾ।

ਇਕਬਾਲ ਸਿੰਘ ਰੁੱਕ ਗਿਆ ਅਤੇ ਡਰਿਆ ਹੋਇਆ ਨੂਰਦੀਨ ਵੱਲ ਵੇਖਣ ਲੱਗਾ।

ਇਸਦੀ ਸਲਵਾਰ ਲਾਹ ਦਿਓ। ਇਸਨੂੰ ਨੰਗਾ ਕਰਕੇ ਪਿੰਡ ਵਿਚ ਲੈ ਚੱਲੋ। ਇਹ ਸਾਥੋਂ ਬਹੁਤ ਲੁਕਦਾ ਫਿਰਦਾ ਸੀ।”

ਅਤੇ ਉਸਨੇ ਅੱਗੇ ਵਧ ਕੇ ਇਕਬਾਲ ਸਿੰਘ ਦੀ ਸਲਵਾਰ ਨੂੰ ਹੱਥ ਪਾਇਆ। ਕੁਝ ਲੋਕ ਹੱਸਣ ਲੱਗੇ ! "ਵੇਖੋ ਰਮਜ਼ਾਨ ਜੀ......" ਇਕਬਾਲ ਸਿੰਘ ਨੇ ਰਮਜ਼ਾਨ ਵੱਲ ਵੇਖਕੇ ਸ਼ਕਾਇਤ ਕੀਤੀ। "ਖਬਰਦਾਰ ਓਏ ਕਿਸੇ ਨੇ ਸਲਵਾਰ ਲਾਹੀ ਤਾਂ। ......" ਰਮਜ਼ਾਨ ਨੇ ਚਿੱਲਾ ਕੇ ਕਿਹਾ।

"ਅਜੇ ਇਸਨੇ ਕਲਮਾ ਨਹੀਂ ਪੜ੍ਹਿਆ ਹੈ। ਜਦ ਤਕ ਇਹ ਕਲਾਮ ਨਹੀਂ ਪੜ੍ਹਦਾ ਇਹ ਕਾਫ਼ਰ ਹੈ, ਮੁਸਲਮਾਨ ਨਹੀਂ ਹੈ। ਲਾਹੋ ਇਸਦੀ ਸਲਵਾਰ।”

ਰਮਜ਼ਾਨ ਨੂੰ ਆਪਣਾ ਪੱਖ ਲੈਂਦੇ ਵੇਖ ਇਕਬਾਲ ਸਿੰਘ ਦਾ ਵੀ ਹੌਂਸਲਾ ਵਧ ਗਿਆ। ਉਹ ਟੱਪ ਕੇ ਬੋਲਿਆ :

"ਨਹੀਂ ਲਾਹੁਣ ਦੇਵਾਂਗਾ ਸਲਵਾਰ, ਕਰ ਲਓ ਜੋ ਮੇਰਾ ਕਰਨਾ ਹੈ।" ਇਸ ਤੇ ਕੁਝ ਲੋਕ ਹੱਸ ਪਏ।

ਇਸੇ ਤਰ੍ਹਾਂ ਇਕਬਾਲ ਸਿੰਘ ਨਾਲ ਖਿਲਵਾੜ ਕਰਦੇ, ਉਸਨੂੰ ਜ਼ਲੀਲ ਕਰਦੇ ਹੋਏ ਉਹ ਪਿੰਡ ਵਿਚ ਪਹੁੰਚੇ।

ਇਮਾਮ ਦੀਨ ਤੇਲੀ ਦੇ ਡੇਰੇ ਤੇ ਤਬਲੀਗ ਦੀ ਰਸਮ ਅਦਾ ਕੀਤੀ ਜਾਣ ਲੱਗੀ। ਪਿੰਡ ਦਾ ਨਾਈ ਵੀ ਪਹੁੰਚ ਗਿਆ। ਮਸਜਿਦ ਦਾ ਮੁੱਲਾਂ ਵੀ ਪਹੁੰਚ ਗਿਆ। ਤੇਲੀ ਦੇ ਘਰ ਦੇ ਵਿਹੜੇ ਵਿਚ ਪੂਰੀ ਭੀੜ ਜਮ੍ਹਾ ਹੋ ਗਈ।

ਨਾਈ ਦੀਆਂ ਉਂਗਲਾਂ ਥੱਕ ਗਈਆਂ, ਵਾਲ ਕਟਣ ਵਿਚ ਬੜੀ ਮੁਸ਼ਕਿਲ ਪੇਸ਼ ਆ ਰਹੀ ਸੀ। ਭੀੜ ਦੇ ਵਿਚਕਾਰ ਜ਼ਮੀਨ ਤੇ ਬੈਠਾ ਇਕਬਾਲ ਸਿੰਘ ਫਿਰ ਬੇਚੈਨ ਹੋ ਗਿਆ ਸੀ। ਸ਼ੁਰੂ ਸ਼ੁਰੂ ਵਿਚ ਨਾਈ ਕੈਂਚੀ ਨਾਲ ਵਾਲ ਕਟਦਾ ਰਿਹਾ, ਫਿਰ ਘੋੜੇ ਦੀ ਲਿੱਦ ਅਤੇ ਮੂਤ ਨਾਲ ਉਸਦੇ ਵਾਲਾਂ ਦੇ ਗੁੱਛੇ ਅਲੱਗ ਅਲੱਗ ਬੰਨ੍ਹ ਕੇ ਵਾਲ ਕਟਦਾ ਰਿਹਾ, ਅੰਤ ਵਿਚ ਉਹ ਘੋੜਿਆਂ ਦੇ ਵਾਲ  ਕੱਟਣ ਵਾਲੀ ਵੱਡੀ ਮਸ਼ੀਨ ਲੈ ਆਇਆ। ਮਸ਼ੀਨ ਚਲੀ ਤੇ ਇਕਬਾਲ ਸਿੰਘ ਦੀ ਖੋਪੜੀ ਤੋਂ ਪੌੜੀਆਂ ਜਹੀਆਂ ਬਣਨ ਲੱਗੀਆਂ। ਫਿਰ ਉਸਤਰੇ ਨਾਲ ਉਸਦੀ ਟਿੰਡ ਸਾਫ਼ ਕੀਤੀ ਗਈ। ਇਸ ਤੋਂ ਪਿਛੋਂ ਇਕਬਾਲ ਸਿੰਘ ਨੂੰ ਧੌਣ ਸਿੱਧੀ ਕਰਨ ਦਾ ਮੌਕਾ ਮਿਲਿਆ। ਦਾੜੀ ਨੂੰ ਕਟਿਆ ਨਾ ਗਿਆ। ਜਦ ਦਾੜ੍ਹੀ ਕੱਟਣ ਦਾ ਵੇਲਾ ਆਇਆ ਤਾਂ ਬਹੁਤ ਸਾਰੀਆਂ ਅਵਾਜ਼ਾਂ ਇਕੱਠੀਆ ਸੁਣਾਈ ਦਿੱਤੀਆਂ :

"ਦਾੜ੍ਹੀ ਦੀ ਕਟ ਮੁਸਲਮਾਨੀ ਹੋਣੀ ਚਾਹੀਦੀ ਹੈ।"

"ਖਤ ਕਢ ਕੇ ਦਾਹੜੀ ਕੱਟੀ, ਮੁੱਛਾਂ ਪਤਲੀਆਂ ਕਰ ਦੇ।"

ਇਕਬਾਲ ਸਿੰਘ ਪਿਚਕੇ ਹੋਏ ਚਿਹਰੇ ਅਤੇ ਡਰੀਆਂ ਹੋਈਆਂ ਅੱਖਾਂ ਦੇ ਬਾਵਜੂਦ ਸਚਮੁੱਚ ਮੁਸਲਮਾਨ ਦਿਖਾਈ ਦੇਣ ਲੱਗਾ ਸੀ।

ਤਦੇ ਭੀੜ ਵਿਚੋਂ ਆਪਣਾ ਰਾਹ ਬਣਾਉਂਦਾ ਹੋਇਆ ਨੂਰਦੀਨ ਅੰਦਰ ਆਇਆ। ਜਦ ਇਕਬਾਲ ਸਿੰਘ ਦੇ ਵਾਲ ਕੱਟੇ ਜਾਣ ਲੱਗੇ ਸਨ ਤਾਂ ਉਹ ਵਿਚੋਂ ਖਿਸਕ ਗਿਆ ਸੀ ਅਤੇ ਕਿਸੇ ਨੂੰ ਪਤਾ ਨਹੀਂ ਲੱਗਿਆ ਸੀ। ਪਰ ਹੁਣ ਉਹ ਵਾਪਿਸ ਆ ਗਿਆ ਸੀ ਅਤੇ ਲੋਕਾਂ ਨੂੰ ਧੱਕ ਧੱਕ ਕੇ ਅੰਦਰ ਆ ਰਿਹਾ ਸੀ। ਸ਼

"ਹਟੋ ਓਏ ਅਗੋਂ, ਰਾਹ ਦਿਓ।"

ਅੰਦਰ ਆਉਂਦੇ ਹੀ ਉਹ ਸਿੱਧਾ ਇਕਬਾਲ ਸਿੰਘ ਕੋਲ ਬੈਠ ਗਿਆ। ਖੱਬੇ ਹੱਥ ਨਾਲ ਇਕਬਾਲ ਸਿੰਘ ਦਾ ਮੂੰਹ ਖੋਲ੍ਹਿਆ ਅਤੇ ਸੱਜੇ ਹੱਥ ਵਿਚ ਫੜਿਆ ਮਾਸ ਦਾ ਵੱਡਾ ਸਾਰਾ ਟੁਕੜਾ, ਜਿਸ ਵਿਚੋਂ ਟਪ ਟਪ ਲਹੂ ਦੀਆਂ ਬੂੰਦਾਂ ਚੋ ਰਹੀਆਂ ਸਨ, ਇਕਬਾਲ ਸਿੰਘ ਦੇ ਮੂੰਹ ਵਿਚ ਪਾ ਦਿੱਤਾ। ਇਕਬਾਲ ਸਿੰਘ ਦੀਆਂ ਅੱਖਾਂ ਬਾਹਰ ਆ ਗਈਆਂ, ਉਸਦਾ ਸਾਹ ਰੁਕ ਰਿਹਾ ਸੀ।

"ਖੋਲ੍ਹ ਮੂੰਹ, ਤੇਰੀ ਮਾਂ ਦੀ.........ਖੋਲ੍ਹ ਮੂੰਹ.........ਹੁਣ ਚੂਸ ਜਾ ਇਸਨੂੰ ਮਾਦਰ

ਅਤੇ ਨੂਰਦੀਨ ਲੋਕਾਂ ਵੱਲ ਵੇਖਦਾ ਹੋਇਆ ਆਪਣੇ ਲਾਲ ਮਸੂੜੇ ਵਿਖਾਉਂਦਾ ਖੀ ਖੀ ਕਰਕੇ ਹੱਸਣ ਲੱਗਾ।

ਤਦੇ ਮੁੱਲਾਂ ਅਤੇ ਪਿੰਡ ਦਾ ਬਜ਼ੁਰਗ ਸਾਹਮਣੇ ਆ ਗਏ। ਬਜ਼ੁਰਗ ਨੇ ਨੂਰਦੀਨ ਨੂੰ ਉਥੋਂ ਡਾਂਟ ਕੇ ਉਠਾ ਦਿੱਤਾ।

"ਹਟ ਇਥੋਂ, ਤੁਸੀਂ ਦੀਨ ਕਬੂਲ ਕਰਨ ਵਾਲੇ ਆਪਣੇ ਭਾਈ ਨੂੰ ਪਰੇਸ਼ਾਨ ਕਰ ਰਹੇ ਹੋ।”

ਬਜ਼ੁਰਗ ਦੇ ਅੰਦਰ ਆ ਜਾਣ ਨਾਲ ਸਾਰਾ ਦ੍ਰਿਸ਼ ਬਦਲ ਗਿਆ। ਲੋਕ ਪਿਛੇ ਹਟ ਗਏ। ਇਕਬਾਲ ਸਿੰਘ ਨੂੰ ਸੰਭਾਲ ਕੇ ਉਠਾਇਆ ਗਿਆ। ਇਕ ਆਦਮੀ ਮਜੀ ਲੈ ਆਇਆ। ਅਤੇ ਉਸਨੂੰ ਮੰਜੀ ਤੇ ਬੈਠਾਇਆ ਗਿਆ। ਬਾਕੀ ਦੀ ਰਸਮ ਬੜੀ ਸਾਵਧਾਨੀ ਨਾਲ ਪੂਰੀ ਕੀਤੀ ਜਾਣ ਲੱਗੀ।

ਤਸਬੀ ਹੱਥ ਵਿਚ ਲੈ ਕੇ ਮੁੱਲਾਂ ਨੇ ਇਕਬਾਲ ਸਿੰਘ ਤੋਂ ਕਲਮਾ ਪੜਵਾਇਆ : "ਲਾ

"ਇਲਾਹ ਇਲਿੱਲਾ,

ਮੁਹੰਮਦ ਰਸੂਲ ਅੱਲਾ।"

ਤਿੰਨ ਵਾਰ ਕਲਮਾ ਦੁਹਰਾਇਆ ਗਿਆ। ਲਾਗੇ ਚਾਗੇ ਖਲੋਤੇ ਲੋਕਾਂ ਨੇ ਉਂਗਲੀਆਂ ਨੂੰ ਅੱਖਾਂ ਨਾਲ ਲਾਇਆ, ਫਿਰ ਉਨ੍ਹਾਂ ਨੂੰ ਚੁੰਮ ਲਿਆ। ਫਿਰ ਇਕ ਇਕ ਕਰਕੇ ਕਈ ਲੋਕਾਂ ਨੇ ਉਸ ਨਾਲ ਗਲਵਕੜੀ ਪਾਈ।

ਇਸ ਪਿਛੋਂ ਜਲੂਸ ਦੀ ਸ਼ਕਲ ਵਿਚ ਉਸ ਨੂੰ ਖੂਹ ਤੇ ਲੈ ਗਏ। ਨਹਾਉਣ ਤੋਂ ਪਿਛੋਂ ਉਸਨੂੰ ਨਵੇਂ ਕੱਪੜੇ ਪਹਿਨਣ ਲਈ ਦਿੱਤੇ ਗਏ।

ਜਦ ਨਹਾ ਕੇ ਸਾਫ਼ ਕੱਪੜੇ ਪਹਿਨ ਕੇ ਨਿਕਲਿਆ ਤਾਂ ਇਕਬਾਲ ਸਿੰਘ ਸਚਮੁੱਚ ਇਕਬਾਲ ਅਹਿਮਦ ਨਜ਼ਰ ਆਉਣ ਲੱਗਾ ਸੀ। ਲੋਕਾਂ ਨੇ ਫਿਰ ਨਾਹਰੇ ਲਾਏ :

‘‘ਨਾਰਾ—ਏ—ਤਕਬੀਰ ! ਅੱਲਾਹ-ਓ-ਅਕਬਰ !"

ਜਲੂਸ ਫਿਰ ਇਮਾਮ ਦੀਨ ਤੇਲੀ ਦੇ ਘਰ ਵੱਲ ਗਿਆ। ਵਾਤਾਵਰਣ ਵਿਚ ਗਹਿਰੀ ਸੰਜੀਦਗੀ ਅਤੇ ਧਰਮ ਭਾਵਨਾ ਕੰਬ ਰਹੀ ਸੀ। ਦਿਨ ਢਲਦੇ ਢਲਦੇ ਇਕਬਾਲ ਅਹਿਮਦ ਦੀ ਸੁੰਨਤ ਹੋਈ। ਉਸ ਲਈ ਇਸ ਪੀੜ ਨੂੰ ਸਹਿਣ ਕਰਨਾ ਜ਼ਿਆਦਾ ਮੁਸ਼ਕਿਲ ਨਹੀਂ ਰਹਿ ਗਿਆ ਸੀ। ਬਜ਼ੁਰਗ ਸਾਰਾ ਸਮਾਂ ਉਸਨੂੰ ਸਹਾਰਾ ਦੇ ਰਹੇ ਸਨ, ਅਤੇ ਸੁੰਨਤ ਵੇਲੇ ਵਾਰ ਵਾਰ ਉਸਦੇ ਕੰਨ ਵਿਚ ਕਹਿ ਰਹੇ ਸਨ :

"ਤੇਰਾ ਨਿਕਾਹ ਕਰਾਵਾਂਗੇ। ਬੜੀ ਖੂਬਸੂਰਤ ਔਰਤ ਤੈਨੂੰ ਦਿਆਂਗੇ, ਕਾਲੂ ਤੇਲੀ ਦੀ ਵਿਧਵਾ ਤੇਰੀ ਉਮਰ ਦੀ ਹੈ—ਜਵਾਨ, ਗਠੀਲੀ। ਉਸਨੂੰ ਵੇਖਕੇ ਤੇਰੀ ਰੂਹ ਖੁਸ਼ ਹੋ ਜਾਵੇਗੀ। ਹੁਣ ਤੂੰ ਸਾਡਾ ਆਪਣਾ ਹੈਂ, ਹੁਣ ਤੂੰ ਸ਼ੇਖ ਹੈਂ, ਸ਼ੇਖ ਇਕਬਾਲ ਅਹਿਮਦ।"

ਸ਼ਾਮ ਢਲਦੇ ਢਲਦੇ ਇਕਬਾਲ ਸਿੰਘ ਦੇ ਸਰੀਰ ਤੋਂ ਸਿਖੀ ਦੀਆਂ ਸਭ ਅਲਾਮਤਾਂ ਦੂਰ ਕਰ ਦਿੱਤੀਆਂ ਗਈਆਂ ਸਨ ਅਤੇ ਮੁਸਲਮਾਨੀ ਦੀਆਂ ਸਭ ਅਲਾਮਤਾਂ ਉਤਰ ਆਈਆਂ ਸਨ। ਪੁਰਾਣੀਆਂ ਅਲਾਮਤਾਂ ਹਟ ਕੇ ਨਵੀਆਂ ਅਲਾਮਤਾਂ ਲਿਆਉਣ ਦੀ ਦੇਰ ਸੀ ਕਿ ਇਨਸਾਨ ਬਦਲ ਗਿਆ ਸੀ, ਹੁਣ ਉਹ ਦੁਸ਼ਮਣ ਨਹੀਂ

ਸੀ, ਦੋਸਤ ਸੀ। ਕਾਫ਼ਰ ਨਹੀਂ ਸੀ, ਮੁਸਲਮਾਨ ਸੀ। ਮੁਸਲਮਾਨਾਂ ਦੇ ਸਭ ਦਰਵਾਜ਼ੇ ਉਸ ਲਈ ਖੁਲ੍ਹ ਗਏ ਸਨ।

ਮੰਜੀ ਤੇ ਪਿਆ ਇਕਬਾਲ ਅਹਿਮਦ ਰਾਤ ਭਰ ਤੜਫਦਾ ਰਿਹਾ।

***

## ਅਠਾਰਾਂ

ਤੁਰਕ ਆਏ ਸਨ, ਪਰ ਆਪਣੇ ਹੀ ਨਾਲ ਵਾਲੇ ਪਿੰਡੋਂ ਆਏ ਸਨ। ਤੁਰਕਾਂ ਦੇ ਦਿਮਾਗ ਵਿਚ ਵੀ ਇਹੋ ਸੀ ਕਿ ਉਹ ਆਪਣੇ ਪੁਰਾਣੇ ਦੁਸ਼ਮਣ ਸਿੱਖਾਂ ਤੇ ਹੱਲਾ ਬੋਲ ਰਹੇ ਹਨ ਅਤੇ ਸਿੱਖਾਂ ਦੇ ਦਿਮਾਗ ਵਿਚ ਵੀ ਦੋ ਸੌ ਸਾਲ ਪਹਿਲਾਂ ਦੇ ਤੁਰਕ ਸਨ, ਜਿਨ੍ਹਾਂ ਨਾਲ ਖਾਲਸਾ ਲੋਹਾ ਲਿਆ ਕਰਦਾ ਸੀ। ਇਹ ਲੜਾਈ ਇਤਿਹਾਸਕ ਲੜਾਈਆਂ ਦੀ ਲੜੀ ਵਿਚ ਇਕ ਕੜੀ ਹੀ ਸੀ। ਲੜਨ ਵਾਲਿਆਂ ਦੇ ਪੈਰ ਵੀਹਵੀਂ ਸਦੀ ਵਿਚ ਸਨ ਅਤੇ ਸਿਰ ਮੱਧ ਕਾਲ ਵਿਚ।

ਘਮਸਾਨ ਯੁੱਧ ਹੋਇਆ। ਦੋ ਦਿਨ ਅਤੇ ਦੋ ਰਾਤਾਂ ਚਲਦਾ ਰਿਹਾ। ਫਿਰ ਅਸਲਾ ਮੁਕ ਗਿਆ ਅਤੇ ਲੜਨਾ ਅਸੰਭਵ ਹੋ ਗਿਆ। ਹੁਣ ਗੁਰੂ ਗ੍ਰੰਥ ਸਾਹਿਬ ਦੀ ਚੌਂਕੀ ਪਿਛੇ, ਚਿੱਟੀਆਂ ਚਾਂਦਰਾਂ ਵਿਚ ਢੱਕੀਆਂ ਸੱਤ ਲਾਸ਼ਾਂ ਪਈਆਂ ਸਨ। ਪੰਜ ਲਾਸ਼ਾਂ ਦੇ ਸਿਰ ਆਪਣੀ ਆਪਣੀ ਗੋਦ ਵਿਚ ਰਖੇ ਪੰਜ ਔਰਤਾਂ ਬੈਠੀਆਂ ਸਨ। ਬੜਾ ਜ਼ੋਰ ਲਾਉਣ ਤੇ ਉਹ ਕੁਝ ਦੇਰ ਲਈ ਉੱਠ ਜਾਂਦੀਆਂ ਪਰ ਤੇਜਾ ਸਿੰਘ ਦੇ ਪਿੱਠ ਮੋੜਨ ਦੀ ਦੇਰ ਹੁੰਦੀ ਕਿ ਉਹ ਫਿਰ ਆ ਬੈਠਦੀਆਂ ਸਨ। ਦੋ ਨਵਾਂ ਦਾ ਵਾਲੀ ਵਾਰਿਸ ਕੋਈ ਨਹੀਂ ਸੀ। ਇਨ੍ਹਾਂ ਵਿਚੋਂ ਇਕ ਲਾਸ਼ ਨਿਹੰਗ ਸਿੰਘ ਦੀ ਸੀ ਜੋ ਉਸ ਸਮੇਂ ਵੀ, ਜਦ ਗੋਲੀਆਂ ਦੀ ਵਾਛੜ ਪੈ ਰਹੀ ਸੀ, ਮੱਛਾਂ ਨੂੰ ਤਾਅ ਦਿੰਦਾ ਹੋਇਆ ਛਾਤੀ ਤਾਣੇ ਛੱਤ ਤੇ ਖਲੋਤਾ ਰਿਹਾ ਸੀ। ਦੂਸਰੀ ਲਾਸ਼ ਸੋਹਣ ਸਿੰਘ ਦੀ ਸੀ ਜੋ ਸ਼ਹਿਰ ਫਸਾਦ ਰੋਕਣ ਲਈ ਪਿੰਡ ਵਿਚ ਆਇਆ ਸੀ। ਇਹ ਆਦਮੀ ਗਲੀ ਦੇ ਸਿਰੇ ਤੋਂ ਮਾਰਿਆ ਗਿਆ ਸੀ ਜਿਥੇ ਉਹ ਲੜਾਈ ਦੇ ਦੂਸਰੇ ਦਿਨ ਲੜਾਈ ਰੋਕਣ ਦਾ ਇਕ ਸੁਝਾਓ ਪੇਸ਼ ਕਰਨ

ਲਈ ਸ਼ੇਖ ਗੁਲਾਮ ਰਸੂਲ ਨੂੰ ਮਿਲਣ ਜਾ ਰਿਹਾ ਸੀ। ਉਸ ਦੀ ਲਾਸ਼ ਉਥੇ ਹੀ ਪਈ ਰਹਿਦੀ ਪਰ ਕੁਝ ਮੁਸਲਮਾਨ ਅੱਧੀ ਰਾਤੇ ਉਸ ਨੂੰ

ਗੁਰਦਵਾਰੇ ਲਾਗੇ ਸੁੱਟ ਗਏ, ਸਿੱਖਾਂ ਨੂੰ ਇਹ ਦੱਸਣ ਲਈ ਕਿ ਇਹ ਜਵਾਬ ਹੈ ਉਸ ਪ੍ਰਸਤਾਵ ਦੇ ਜੋ ਤੁਸੀਂ ਸੋਹਣ ਸਿੰਘ ਦੇ ਹੱਥ ਭੇਜਿਆ ਸੀ। ਉਸਦੀ ਲਾਸ਼ ਇਕ ਬੰਨੇ ਪਈ ਹੋਈ ਸੀ ਅਤੇ ਉਸਨੂੰ ਕਿਸੇ ਨੇ ਵੀ ਗੋਦ ਵਿਚ ਨਹੀਂ ਲਿਆ ਸੀ। ਉਂਜ ਵੀ ਸੋਹਣ ਸਿੰਘ ਦੇ ਮਰਨ ਤੋਂ ਕੁਝ ਦੇਰ ਪਹਿਲ ਸੋਹਣ ਸਿੰਘ ਅਤੇ ਮੀਰਦਾਦ ਦੋਹਾਂ ਦੀ ਹੀ ਸਥਿਤੀ ਅਮਨ ਕਰਾਉਣ ਵਾਲਿਆਂ ਦੀ ਥਾਂ ਕੇਵਲ ਹਰਕਾਰਿਆਂ ਦੀ ਸਥਿਤੀ ਰਹਿ ਗਈ ਸੀ।

ਇਨ੍ਹਾਂ ਤੋਂ ਛੁਟ ਬਹੁਤ ਸਾਰੀਆਂ ਲਾਸ਼ਾਂ ਕਸਬੇ ਦੇ ਅੰਦਰ ਥਾਂ ਥਾਂ ਤੇ ਫੈਲੀਆਂ ਹੋਈਆਂ ਸਨ ਉਨ੍ਹਾਂ ਨੂੰ ਟਿਕਾਣੇ ਲਾਉਣ ਦਾ ਅਜੇ ਸਵਾਲ ਹੀ ਨਹੀਂ ਉਠਦਾ ਸੀ। ਖਾਲਸਾ ਸਕੂਲ ਦੇ ਚਪੜਾਸੀ ਦੀ ਲਾਸ਼ ਅਜੇ ਸਕੂਲ ਦੀ ਗਰਾਉਂਡ ਵਿਚ ਪਈ ਸੀ। ਬਲਵੇ ਦੇ ਦਿਨ ਜਦ ਸਾਰ ਗੁਰਦਵਾਰੇ ਵਿਚ ਹੀ ਇਕੱਠੇ ਹੋਣ ਲਗੇ ਸਨ। ਚਪੜਾਸੀ ਨੂੰ ਹਿਦਾਇਤ ਦਿੱਤੀ ਗਈ ਸੀ ਕਿ ਸਕੂਲ ਵਿਚ ਹੀ ਡਟਿਆ ਰਹੇ। ਚਪੜਾਸੀ ਦੀ ਪਤਨੀ ਜਿਉਂਦੀ ਸੀ, ਲੇਕਿਨ ਉਸਨੂੰ ਨੰਬਰ ਨੇ ਆਪਣੇ ਘਰ ਰੱਖ ਲਿਆ ਸੀ, ਇਸ ਲਈ ਸਹੀ ਸਲਾਮਤ ਸੀ। ਮਾਈ ਭਾਗਾਂ ਦੀ ਲਾਸ਼ ਉਸ ਦੇ ਘਰ ਅੰਦਰ ਹੀ ਵਿਹੜੇ ਵਿਚ ਪਈ ਸੀ। ਮਾਈ ਭਾਗਾਂ ਨੇ ਮਰ ਕੇ ਵੀ ਆਪਣੇ ਗਹਿਣੇ ਬਚਾ ਸਨ ਕਿਉਂਕਿ ਉਹ ਕੰਧ ਵਿਚ ਗੱਡੇ ਹੋਏ ਸਨ ਅਤੇ ਹਮਲਾਵਰਾਂ ਨੂੰ ਉਨ੍ਹਾਂ ਬਾਰੇ ਕੁਝ ਵੀ ਪਤਾ ਸੀ ਲੱਗਾ। ਮਾਈ ਭਾਗਾਂ ਦਾ ਘਰ ਅੱਗ ਲੱਗਣੋਂ ਬੱਚ ਗਿਆ ਸੀ ਕਿਉਂਕਿ ਨਾਲ ਦਾ ਰਹੀਮੇ ਤੇਲੀ ਦਾ ਸੀ। ਮਾਈ ਭਾਗਾਂ ਦੀ ਇੱਕ ਥੱਪੜ ਪੈਣ ਤੇ ਹੀ ਜਾਨ ਨਿਕਲ ਗਈ ਬੁੱਢਾ ਸੌਦਾਗਰ ਸਿੰਘ ਵੀ ਮਰਿਆ ਪਿਆ ਸੀ, ਉਸਨੂੰ ਵੀ ਲੋਕ ਗੁਰਦਵਾਰੇ ਵਿਚ ਪਹੁੰਚਾਣਹਾ ਭੁਲ ਗਏ ਸਨ।

ਕੁਝ ਲਾਸ਼ਾਂ ਕਸਬੇ ਦੇ ਬਾਹਰ ਵੀ ਥਾਂ ਥਾਂ ਤੇ ਪਈਆਂ ਸਨ। ਇਕ ਲਾਸ਼ ਖੂਹਮੂਧੀ ਪਈ ਸੀ। ਇਹ ਆਦਮੀ ਗਲਤੀ ਨਾਲ ਮਾਰਿਆ ਗਿਆ ਸੀ। ਇਹ ਕਸਬੇ ਦਾ ਮਸ਼ਕੀ ਅਲਾਹਰ ਖਾਂ ਸੀ ਜੋ ਫਸਾਦਾਂ ਦੇ ਬਾਵਜੂਦ ਆਪਣੀ ਮਸ਼ਕ ਲੈ ਕੇ ਚਾਂਦਨੀ ਰਾਤ ਵਿਚ ਖੂਹ ਤੇ ਤੁਰ ਆਇਆ ਸੀ। ਸ਼ੇਖ ਦੇ ਘਰ ਵਿਚ ਪਾਣੀ ਦਾ ਤੋੜਾ ਹੋ ਗਿਆ ਸੀ ਅਤੇ ਬੱਚੇ ਪਾਣੀ ਮੰਗ ਰਹੇ ਸਨ ਅਤੇ ਉਸੇ ਵੇਲੇ ਮਾਸ਼ਕੀ ਮਸ਼ਕ ਚੁੱਕ ਕੇ ਪਾਣੀ ਲੈਣ ਆ ਗਿਆ ਸੀ ਅਤੇ ਸ਼ੇਖ ਦੀ ਛੱਤ ਤੋਂ ਹੀ ਸਿੱਧਾ ਅਚੂਕ ਨਿਸ਼ਾਨਾ ਉਸਦੀ ਪਿੱਠ ਤੇ ਲੱਗਿਆ ਸੀ। ਇਕ ਲਾਸ਼ ਕਿਸੇ  ਸਰਦਾਰ ਦੀ ਸੀ ਜੋ ਸ਼ਹਿਰੋਂ ਆਉਣ ਵਾਲੀ ਸੜਕ ਤੇ ਪਈ ਸੀ।। ਫਤਹਿਦੀਨ ਨਾਨਬਾਈ, ਜਿਸਦੀ ਦੁਕਾਨ ਗੁਰਦਵਾਰੇ ਨੂੰ ਜਾਣ ਵਾਲੀ ਗਲੀ ਦੇ ਖੱਬੇ ਸਿਰੇ ਨੂੰ ਪੈਂਦੀ ਸੀ, ਆਪ ਤਾਂ ਬਚ ਗਿਆ ਪਰ ਉਸਦੀ ਦੁਕਾਨ ਤੇ ਕੰਮ ਕਰਨ ਵਾਲੇ ਦੋਵੇਂ ਛੋਟੇ ਛੋਟੇ ਲੜਕੇ ਮਾਰੇ ਗਏ ਸਨ। ਫ਼ਸਾਦਾਂ ਦੇ ਬਾਵਜੂਦ ਇਹ ਬੱਚੇ ਭੱਜ ਭੱਜ ਕੇ ਦੁਕਾਨ ਵਿੱਚੋਂ ਬਾਹਰ ਆ ਜਾਂਦੇ ਸਨ। ਕਦੇ ਇੱਕ ਦੂਜੇ ਦੇ ਪਿੱਛੇ ਦੌੜਨ ਲੱਗਦੇ, ਕਦੇ ਗਲੀ ਵਿਚ ਖੇਡਣ ਲੱਗਦੇ ਸਨ। ਇਸ ਤੋਂ ਛੁੱਟ ਖਾਲਸਾ ਸਕੂਲ ਵਿਚ ਅੱਗ ਦੇ ਭਾਂਬੜ ਅਜੇ ਵੀ ਮੱਚ ਰਹੇ ਸਨ।  ਖੱਬੀ ਗਲੀ ਦੇ ਸਿਰੇ ਤੇ ਨਦੀ ਦੇ ਐਨ ਉਪਰਲੇ ਹਿੱਸੇ ਵਿਚ ਸਿੱਖਾਂ ਦੇ ਸਭ ਮਕਾਨ ਅੱਗ ਦੀ ਭੇਟ ਕਰ ਦਿੱਤੇ ਗਏ ਸਨ। ਦੂਸਰੇ ਬੰਨੇ ਕਸਾਈਆਂ ਦੀਆਂ ਤਿੰਨੇ ਦੁਕਾਂਨਾ ਅਤੇ ਤੇਲੀ ਮੁਹੱਲੇ ਦੇ ਮੁਸਲਮਾਨਾਂ ਦੇ ਤਿੰਨ ਚਾਰ ਘਰ ਅਜੇ ਵੀ ਸੜ ਰਹੇ ਸਨ।

ਹੁਣ ਗੁਰਦਵਾਰੇ ਦਾ ਅਸਲਾ ਲਗਭਗ ਖਤਮ ਹੋ ਚੁੱਕਾ ਸੀ। ਛੱਤ ਤੇ ਬੈਠਾ ਕਿਸ਼ਨ ਸਿੰਘ ਹਰ ਦੋ ਮਿੰਟ ਪਿੱਛੋਂ ਇਕ ਅੱਧੀ ਗੱਲੀ ਚਲਾ ਦਿੰਦਾ ਤਾਂਕਿ ਦੁਸਮਣ ਨੂੰ ਪਤਾ ਰਹੇ ਕਿ ਮੋਰਚਾ ਕਾਇਮ ਹੈ, ਉਂਜ ਹਾਲਤ ਪਤਲੀ ਹੋ ਚੁੱਕੀ ਸੀ। ਗੁਰਦਵਾਰੇ ਵਿਚ ਥਕਾਵਟ ਜਿਹੀ ਦਾ ਵਾਤਾਵਰਣ ਸੀ। ਅੱਖਾਂ ਇਕ ਦੂਸਰੇ ਨੂੰ ਵੇਖਦੀਆਂ ਪਰ ਮੂੰਹੋਂ ਬੋਲ ਨਹੀਂ ਨਿਕਲਦਾ ਸੀ। "ਬਾਰੂਦ ਖ਼ਤਮ ਹੋ ਰਿਹਾ ਹੈ", ਪਤਾ ਨਹੀਂ ਕਿਸ ਦੇ ਮੂੰਹੋਂ ਨਿਕਲਿਆ ਸੀ, ਪਰ ਜਿਸ ਕਿਸੇ ਦੇ ਕੰਨ ਵਿਚ ਪਿਆ, ਉਹ ਡੌਰ-ਭੌਰ ਹੋਇਆ

ਵੇਖਦਾ ਰਹਿ ਗਿਆ ਸੀ। ਅਸਲਾ ਦੂਸਰੇ ਬੰਨੇ ਸੇਖਾਂ ਦੇ ਕਿਲ੍ਹੇ ਵਿਚ ਵੀ ਮੁੱਕ ਗਿਆ ਸੀ, ਪਰ ਉਸਨੂੰ ਛਪਾਉਣ ਲਈ ਵਾਰ ਵਾਰ ਦੋਵੇਂ ਬੰਨਿਓ ਨਾਹਰੇ ਲਾਏ ਜਾ ਰਹੇ ਸਨ। "ਅਲਾਹ-ਓ-ਅਕਬਰ !'' ਦੇ ਨਾਹਰੇ ਹੁਣ ਇਕ ਦਿਸ਼ਾ ਦੀ ਬਜਾਏ ਤਿੰਨ ਦਿਸ਼ਾਵਾਂ ਦੇ ਆਉਣ ਲੱਗੇ ਸਨ। ਨਾਹਰੇ ਦਾ ਜਵਾਬ ਗੁਰਦਵਾਰੇ ਵਿਚੋਂ ਵੀ ਦਿੱਤਾ ਜਾਂਦਾ ਸੀ, ਪਹਿਲੇ ਤੋਂ ਵੀ ਜ਼ਿਆਦਾ ਉੱਚੀ ਆਵਾਜ਼ ਨਾਲ, ਪਰ ਨਾਰਿਆਂ ਦਾ ਖੋਖਲਾਪਨ ਹੁਣ ਕਿਸੇ ਤੋਂ ਛਿਪਿਆ ਨਹੀਂ ਸੀ।

ਮੁਖਬਰਾਂ ਦੀ ਖ਼ਬਰ ਸੀ ਕਿ ਮੁਸਲਮਾਨਾਂ ਨੂੰ ਬਾਹਰੋਂ ਕੁਮਕ ਪਹੁੰਚਣ ਵਾਲੀ ਹੈ, ਜਦ ਕਿ ਸਿਖਾਂ ਦਾ ਸੰਪਰਕ ਬਾਹਰੋਂ ਕੱਟ ਗਿਆ ਸੀ। ਦੋ ਆਦਮੀ ਚੋਰੀ ਛਿਪੇ ਕਹੂਟਾ ਵੱਲ ਕੁਮਕ ਲਈ ਭੇਜੇ ਗਏ ਸਨ ਪਰ ਉਹ ਅਜੇ ਪਰਤ ਕੇ ਨਹੀਂ ਆਏ ਸਨ। ਯੁੱਧ ਪਰਿਸ਼ਦ ਦਾ ਵਿਚਾਰ ਸੀ ਕਿ ਪੈਸੇ ਦੇ ਕੇ ਸੁਲਹ ਕਰ ਲਈ ਜਾਵੇ ਅਤੇ ਉਨ੍ਹਾਂ ਨੇ ਆਪਣੇ ਏਲਚੀ ਰਾਹੀਂ ਸ਼ੇਖਾਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਸੀ।

ਗੁਰਦਵਾਰੇ ਦੇ ਅੰਦਰ, ਦਰਵਾਜ਼ੇ ਕੋਲ ਯੁੱਧ ਪਰਿਸ਼ਦ ਦੇ ਪੰਜੇ ਮੈਂਬਰ ਤੇਜਾ ਸਿੰਘ ਨਾਲ ਸਮਝੋਤੇ ਦੀਆਂ ਸ਼ਰਤਾਂ ਤੇ ਵਿਚਾਰ ਕਰ ਰਹੇ ਸਨ।

'ਦੋ ਲੱਖ ਮੰਗਦੇ ਹਨ। ਦੋ ਲੱਖ ਅਸੀਂ ਕਿੱਥੋਂ ਦਈਏ ?" ਤੇਜਾ ਸਿੰਘ ਨੇ ਤੈਸ਼ ਵਿਚ ਆ ਕੇ ਕਿਹਾ।

"ਤੁਸੀਂ ਛੋਟੇ ਗ੍ਰੰਥੀ ਰਾਹੀਂ ਕੀ ਅਖਵਾ ਭੇਜਿਆ ਹੈ।" ਇਕ ਮੈਂਬਰ ਨੇ ਪੁੱਛਿਆ।

ਸਮਝੌਤੇ ਦੀ ਗੱਲ ਬਾਤ ਲਈ ਤੇਜਾ ਸਿੰਘ ਨੇ ਸੋਹਣ ਸਿੰਘ ਦੇ ਮਰ ਜਾਣ ਪਿੱਛੋਂ ਮੀਰਦਾਦ ਨੂੰ ਵਿਚੋਲਾ ਬਣਾਉਣ ਦੀ ਕੋਸ਼ਿਸ ਕੀਤੀ ਸੀ, ਕਿਉਂਕਿ ਉਹ ਫ਼ਸਾਦ ਤੋਂ ਪਹਿਲਾਂ ਸੁਲਹ ਕਰਾਉਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਪਰ ਜਦ ਉਸਨੂੰ ਪਤਾ ਲੱਗਾ ਕਿ ਰੁਪਿਆ ਲੈ ਦੇ ਕੇ ਗੋਲੀ ਚਲਾਉਣਾ ਬੰਦ ਹੋਵੇਗਾ ਤਾਂ ਉਸ ਨੇ ਮੂੰਹ ਫੇਰ

ਲਿਆ। ਲਾਚਾਰ ਹੋ ਕੇ ਤੇਜਾ ਸਿੰਘ ਨੇ ਗ੍ਰੰਥੀ ਦੇ ਛੋਟੇ ਭਰਾ, ਜਿਸ ਨੂੰ ਸਭ ਛੋਟਾ ਗ੍ਰੰਥੀ ਕਹਿ ਕੇ ਬੁਲਾਉਂਦੇ ਸਨ, ਰਾਹੀਂ ਸੰਦੇਸ਼ ਦੇ ਕੇ ਭੇਜਿਆ ਸੀ।

''ਮੈਂ ਕਿਹਾ ਸੀ ਵੀਹ-ਤੀਹ ਹਜ਼ਾਰ ਕਹੀਂ।" ਤੇਜਾ ਸਿੰਘ ਨੇ ਕਿਹਾ, "ਪਰ ਉਹ ਦੋ ਲੱਖ ਮੰਗਦ ਹਨ।"

"ਉਨ੍ਹਾਂ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਸਾਡੀ ਹਾਲਤ ਕਮਜ਼ੋਰ ਪੈ ਗਈ ਹੈ।"

"ਉਨ੍ਹਾਂ ਦੇ ਪਿਉ ਨੂੰ ਵੀ ਪਤਾ ਨਹੀਂ ਲੱਗ ਸਕਦਾ।" ਪੰਸਾਰੀ ਹੀਰਾ ਸਿੰਘ ਨੇ ਤਸ ਵਿਚ ਕੇ ਕਿਹਾ, "ਅਸੀਂ ਉਨ੍ਹਾਂ ਦੇ ਘੱਟ ਆਦਮੀ ਨਹੀਂ ਵੱਢੇ। ਉਨੀ ਵੀਹ ਦਾ ਹੀ ਫਰਕ ਹੋਵੇਗਾ ਸਿੰਘ ਜੀ। ਬਦਕਿਸਮਤੀ ਸਾਡੀ ਕਿ ਅਸਲਾ ਮੁੱਕ ਗਿਆ..........।"

ਦੂਰੋਂ ਫਿਰ ਆਵਾਜ਼ ਆਈ, "ਅੱਲਾ-ਓ-ਅਕਬਰ!" ‘ਜੇਵਰ ਗਹਿਣੇ ਕਿੰਨੇ ਇਕੱਠੇ ਹੋਏ ਹਨ?" ਇਕ ਹੋਰ ਮੈਂਬਰ ਨੇ ਪੁਛਿਆ।

ਤੇਜਾ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੀ ਚੌਂਕੀ ਸਾਹਮਣੇ ਰਖੇ ਬਕਸੇ ਕੋਲ ਗਏ। ਉਸ ਨੂੰ ਖੋਲ੍ਹ ਕੇ ਉਨ੍ਹਾਂ ਨੇ ਗਹਿਣਿਆਂ ਨੂੰ— ਜੋ ਇਸਤ੍ਰੀਆਂ ਨੇ ਆਪਣੇ ਆਪਣੇ ਸਰੀਰਾਂ ਤੋਂ ਲਾਹ ਕੇ ਬਕਸੇ ਵਿਚ ਪਾ ਦਿੱਤੇ ਸਨ—ਆਪਣੇ ਹੱਥਾਂ ਵਿਚ ਲਿਆ, ਅਤੇ ਉਨ੍ਹਾਂ ਦੇ ਵਜ਼ਨ ਦਾ ਅੰਦਾਜ਼ਾ ਉਸੇ ਹੋਏ ਉਨ੍ਹਾਂ ਦਾ ਮੁੱਲ ਅੰਕਣ ਲੱਗੇ।

"ਵੀਹ ਪੰਜੀ ਹਜ਼ਾਰ ਤੋਂ ਜ਼ਿਆਦਾ ਦਾ ਨਹੀਂ ਹੋਵੇਗਾ।—ਉਹ ਦੋ ਲੱਖ ਮੰਗਦੇ ਹਨ। ਅਸੀਂ ਦੋ ਲੱਖ ਕਿਥੋਂ ਲਿਆਈਏ ?”

“ਦੇਣਾ ਚਾਹੋ ਤਾਂ ਦੋ ਲੱਖ ਤੁਸੀਂ ਇਕੱਲੇ ਹੀ ਦੇ ਸਕਦੇ ਹੋ, ਤੇਜਾ ਸਿੰਘ ਜੀ, ਤੁਸੀਂ ਬੜੀ ਮਾਇਆ ਇਕੱਠੀ ਕੀਤੀ ਹੈ।”

ਪਰ ਤੇਜਾ ਸਿੰਘ ਨੇ ਇਸ ਟਿੱਪਣੀ ਵੱਲ ਕੋਈ ਧਿਆਨ ਨਹੀਂ ਦਿੱਤਾ।

"ਕਹੋ ਪੰਜਾਹ ਹਜ਼ਾਹ ਦੇਵਾਂਗੇ।”

"ਪੰਜਾਹ ਹਜ਼ਾਰ ਬਹੁਤ ਘੱਟ ਹੈ, ਉਹ ਨਹੀਂ ਮੰਨਣਗੇ।”

"ਤੁਸੀਂ ਕਹਿ ਕੇ ਤਾਂ ਵੇਖੋ, ਹੇਠੋਂ ਸ਼ੁਰੂ ਕਰੋਗੇ ਤਾਂ ਕਿਤੇ ਜਾ ਕੇ ਇਕ ਲੱਖ ਤੇ ਫੈਸਲਾ ਹੋਵੇਗਾ।"

ਤੇਜਾ ਸਿੰਘ ਨੇ ਛੋਟੇ ਗ੍ਰੰਥੀ ਨੂੰ ਬੁਲਾ ਭੇਜਿਆ :

"ਜਾਓ ਗ੍ਰੰਥੀ ਜੀ, ਉਨ੍ਹਾਂ ਨਾਲ ਇਕ ਲੱਖ ਤਕ ਫੈਸਲਾ ਕਰ ਲਓ। ਪਰ ਸ਼ਰਤ ਇਹ ਹੈ ਕਿ ਬਾਹਰੋਂ ਆਉਣ ਵਾਲੇ ਲੋਕ ਨਦੀਓਂ ਪਾਰ ਚਲੇ ਜਾਣ, ਫਿਰ ਉਹ ਆਪਣੇ ਤਿੰਨ ਪ੍ਰਤੀਨਿਧ ਭੇਜ ਦੇਣ, ਸਾਡੇ ਆਦਮੀ ਥੈਲੀਆਂ ਲਈ ਖਲੋਤੇ ਹੋਣਗੇ।"

ਛੋਟੇ ਗ੍ਰੰਥੀ ਨੇ ਹੱਥ ਜੋੜ ਕੇ ਕਿਹਾ :

"ਸਤ ਬਚਨ, ਮਹਾਰਾਜ, ਪਰ ਜੇ ਉਨ੍ਹਾਂ ਨੇ ਕਿਹਾ ਕਿ ਥੈਲੀਆਂ ਪਹਿਲਾਂ ਦਿਓ ਅਸੀਂ ਨਜ਼ ਪਿੱਛੋਂ ਪਾਰ ਕਰਾਂਗੇ, ਤਾਂ ਮੈਂ ਕੀ ਕਹਾਂ ?"

ਇਸ ਤੇ ਪੰਜਾਰੀ ਫਿਰ ਤੇਸ ਵਿਚ ਆ ਗਿਆ :

"ਕਿਉਂ ਕੀ ਸਾਡੀ ਜ਼ਬਾਨ ਦਾ ਇਤਬਾਰ ਨਹੀਂ ਹੈ ? ਕੀ ਅਸੀਂ ਲਹੌਰੀਏ ਹਾਂ? ਅੰਬਰਸਰੀਏ ਹਾਂ, ਕਿ ਅੱਜ ਕੁਝ ਕਹੀਏ ਤੇ ਕੱਲ੍ਹ ਕੁਝ। ਅਸੀਂ ਸੈਯਦਪੁਰ ਦੇ ਰਹਿਣ ਵਾਲੇ ਹਾਂ, ਸਾਡੀ ਜ਼ਬਾਨ ਪੱਥਰ ਤੇ ਲੀਕ ਹੁੰਦੀ ਹੈ।"

ਸੈਯਦਪੁਰ ਦੇ ਨਿਵਾਸੀ ਹੋਣ ਦਾ ਸਿੱਖਾਂ ਨੂੰ ਵੀ ਓਨਾ ਹੀ ਗੁਮਾਨ ਸੀ ਜਿੰਨਾ ਮੁਸਲਮਾਨਾਂ ਨੂੰ, ਸਭ ਨੂੰ ਸੈਯਦਪੁਰ ਦੀ ਲਾਲ ਮਿੱਟੀ ਤੇ, ਵਧੀਆ ਕਣਕ ਤੇ, ਲੁਕਾਠਾਂ ਦੇ ਬਾਗਾਂ ਤੇ, ਇੱਥੇ ਤਕ ਕਿ ਸੈਯਦਪੁਰ ਦੀ ਸਖ਼ਤ ਸਰਦੀ ਅਤੇ ਬਰਫੀਲੀ ਹਵਾ ਤੇ ਵੀ ਇਕੋ ਜਿਹਾ ਨਾਜ਼ ਸੀ। ਫ਼ਸਾਦ ਸ਼ੁਰੂ ਹੋਣ ਤੇ ਦੋਹਾਂ ਬੰਨਿਆਂ ਦੇ ਲੋਕ ਸੈਯਦਪੁਰ ਦੇ ਨਿਵਾਸੀ ਹੋਣ ਦੇ ਨਾਤੇ ਛਾਤੀ ਠੋਕ ਕੇ ਮੈਦਾਨ ਵਿਚ ਕੁੱਦੇ ਸਨ।

ਚੰਨ ਫਿਰ ਨਿਕਲ ਆਇਆ ਸੀ, ਜਿਸ ਨਾਲ ਮੋਰਚੇ ਵਾਲਿਆਂ ਨੂੰ ਰਾਤ ਦਾ ਦ੍ਰਿਸ਼ ਡਰਾਉਣਾ ਲੱਗਣ ਲੱਗਾ ਸੀ। ਅੱਜ ਫਿਰ ਗੋਲਾਬਾਰੀ ਹੋਈ ਤਾਂ ਕੁਝ ਵੀ ਹੋ ਸਕਦਾ ਹੈ, ਅੱਗਾਂ ਲੱਗ ਸਕਦੀਆਂ ਹਨ, ਲੁਟ ਮਾਰ ਹੋ ਸਕਦੀ ਹੈ। ਹੁਣ ਸਾਰੇ ਫੈਸਲੇ ਗਲਤ ਲੱਗਦੇ ਸਨ। ਗੁਰਦਵਾਰੇ ਵਿਚ ਇਕੱਠਾ ਹੋਣਾ ਹੀ ਗਲਤੀ ਸੀ, ਸ਼ੇਖ ਗੁਲਾਮ

ਰਸੂਲ ਤੇ ਉਸਦੇ ਸਾਥੀਆਂ ਨਾਲ ਗੱਲਬਾਤ ਤੋੜ ਦੇਣਾ ਵੀ ਭੁੱਲ ਸੀ, ਇਨ੍ਹਾਂ ਗਲਤੀਆਂ ਦਾ ਕੋਈ ਅੰਤ ਨਹੀਂ ਸੀ। ਜੇ ਦੁਸ਼ਮਣ ਤੇ ਕਾਬੂ ਪਾ ਜਾਂਦੇ ਤਾਂ ਇਹ ਭੁੱਲਾਂ ਯੁੱਧ ਨੀਤੀ ਦੀਆਂ ਵਧੀਆ ਚਾਲਾਂ ਮੰਨੀਆਂ ਜਾਂਦੀਆਂ।

ਸ਼ੇਖ ਗੁਲਾਮ ਰਸੂਲ ਦੇ ਘਰੋਂ ਬਾਹਰ ਚਬੂਤਰੇ ਤੇ ਕੁਝ ਲੋਕ ਬੈਠੇ ਗੱਲਾਂ ਮਾਰ ਰਹੇ ਸਨ। ਆਪਣੀਆਂ ਲਾਸ਼ਾਂ ਟਿਕਾਣੇ ਲਾਉਣ ਦਾ ਮੌਕਾ ਇਨ੍ਹਾਂ ਨੂੰ ਵੀ ਨਹੀਂ ਮਿਲਿਆ ਸੀ, ਪਰ ਜਿੱਥੇ ਗੁਰਦਵਾਰੇ ਦੀ ਸਥਿਤੀ ਇਕ ਘਿਰੇ ਹੋਏ ਸਥਾਨ ਵਰਗੀ ਸੀ ਉਥੇ ਸ਼ੇਖਾਂ ਦਾ ਮਕਾਨ ਖੁਲ੍ਹੀ ਜਗ੍ਹਾ ਤੇ ਸੀ। ਉਸਦਾ ਸੰਪਰਕ ਆਲੇ ਦੁਆਲੇ ਦੇ ਪਿੰਡਾਂ ਨਾਲ ਸੀ।

ਚਬੂਤਰੇ ਤੇ ਬੈਠੇ ਮੁਜਾਹਿਦ ਬਾਹਰੋਂ ਆਏ ਸਨ। ਸਭ ਆਪਣੇ ਆਪਣੇ ਕਾਰਨਾਮਿਆਂ ਦੇ ਕਿੱਸੇ ਸੁਣਾ ਰਹੇ ਸਨ, ਆਪਣੇ ਆਪਣੇ ਅਨੁਭਵ ਸੁਣਾ ਰਹੇ ਸਨ।

"ਅਸੀਂ ਜਦ ਗਲੀ ਵਿਚ ਵੜੇ ਤਾਂ ਕਰਾੜ ਭੱਜਣ ਲੱਗੇ। ਕੋਈ ਏਧਰ ਜਾਏ, ਕੋਈ ਓਧਰ ਜਾਏ। ਹਿੰਦੂਆਂ ਦੀ ਇਕ ਕੁੜੀ ਆਪਣੇ ਘਰ ਦੀ ਛੱਤ ਤੇ ਚੜ੍ਹ ਗਈ। ਅਸੀਂ ਵੇਖ ਲਿਆ ਜੀ। ਸਿੱਧੇ ਦਸ ਬਾਰਾਂ ਆਦਮੀ ਉਸਦੇ ਪਿੱਛੇ ਛੱਤ ਤੇ ਪਹੁੰਚ ਗਏ। ਉਹ ਛੱਤ ਦਾ ਬਨੇਰਾ ਟੱਪ ਕੇ ਦੂਜੇ ਘਰ ਦੀ ਛੱਤ ਤੇ ਜਾ ਰਹੀ ਸੀ, ਜਦ ਅਸੀਂ ਉਸਨੂੰ ਫੜ ਲਿਆ। ਨਬੀ, ਲਾਲੂ, ਮੀਰਾ, ਤਤਜਾ, ਵਾਰੀ ਵਾਰੀ ਸਭ ਨੇ ਉਸਨੂੰ ਦਬੋਚਿਆ।"

"ਈਮਾਨ ਨਾਲ ?" ਇਕ ਨੇ ਸ਼ੱਕ ਨਾਲ ਪੁਛਿਆ।

''ਕਸਮ ਅੱਲਾਹ ਪਾਕ ਦੀ। ਜਦ ਮੇਰੀ ਵਾਰੀ ਆਈ ਤਾਂ ਹੇਠੋਂ ਨਾ ਹੂੰ, ਨਾ ਹਾਂ, ਉਹ ਹਿਲੇ ਹੀ ਨਾ, ਮੈਂ ਵੇਖਿਆ ਤਾਂ ਕੁੜੀ ਮਰੀ ਹੋਈ।" ਅਤੇ ਉਹ ਖੋਖਲਾ ਜਿਹਾ ਹਾਸਾ ਹੱਸ ਕੇ ਬੋਲਿਆ "ਮੈਂ ਲਾਸ਼ ਨਾਲ ਹੀ ਜ਼ਨਾ ਕੀਤੀ ਜਾ ਰਿਹਾ ਸੀ।"

""ਈਮਾਨ ਨਾਲ" ਉਹਦੇ ਸਾਥੀ ਨੇ ਹੁੰਗਾਰਾ ਜਿਹਾ ਭਰਦੇ ਹੋਏ ਕਿਹਾ। ਕਸਮ ਕੁਰਾਨ ਸ਼ਰੀਫ ਦੀ ਮੈਂ ਠੀਕ ਕਹਿੰਦਾ ਹਾਂ। ਪੁਛ ਲੈ ਜਲਾਲ ਨੂੰ, ਇਹ ਵੀ ਉਥੇ ਹੀ ਸੀ। ਤਦ ਅਸੀਂ ਵੇਖਿਆ ਔਰਤ ਮਰੀ ਹੋਈ ਹੈ।" ਅਤੇ ਉਸਨੇ ਮੂੰਹ ਦੇਦਾ ਕਰਕੇ ਥੱਕ ਦਿੱਤਾ।

ਇਕ ਹੋਰ ਮੁਜਾਹਿਦ ਸੁਣਾਉਣ ਲੱਗਾ !

"ਸਮੇਂ ਸਮੇਂ ਦੀ ਗੱਲ ਹੈ। ਇਕ ਬਾਗੜੀ ਔਰਤ ਨੂੰ ਅਸੀਂ ਗਲੀ ਵਿਚ ਫੜਿਆ। ਅਸੀਂ ਭੰਗੜਾਂ ਦੇ ਘਰ ਅੰਦਰੋਂ ਨਿਕਲ ਰਹੇ ਸਾਂ। ਅਜਿਹਾ ਹੱਥ ਚਲ ਰਿਹਾ ਸੀ, ਜੋ ਸਾਹਮਣੇ ਆਉਂਦਾ ਇਕ ਵਾਰ ਵਿਚ ਧੋਣ ਲੱਥ ਜਾਂਦੀ। ਇਕ ਔਰਤ ਸਾਡੇ ਸਾਹਮਣੇ ਆਈ ਤਾਂ ਚਿਲਾਉਣ ਲੱਗੀ। ਹਰਾਮਜ਼ਾਦੀ ਕਹੀ ਜਾ ਰਹੀ ਸੀ, ਮੈਨੂੰ ਮਾਰੋ ਨਾ, ਮੈਨੂੰ ਤੁਸੀਂ ਸਤੇ ਆਪਣੇ ਕੋਲ ਰੱਖ ਲਓ, ਇਕ ਇਕ ਕਰਕੇ ਜੋ ਚਾਹੇ ਕਰ ਲਓ। ਮੈਨੂੰ ਮਾਰੋ ਨਾ।"

"ਫਿਰ?"

"ਫਿਰ ਕੀ ? ਅਜੀਜ਼ ਨੇ ਸਿੱਧਾ ਖੰਜਰ ਉਸਦੀ ਛਾਤੀ ਵਿਚ ਮਾਰਿਆ। ਥਾਂ ਹੀ ਮਰ ਗਈ।"

ਢਲਾਣ ਤੇ ਫੈਲੀ ਚਾਨਣੀ ਵਿਚ ਛੋਟਾ ਗ੍ਰੰਥੀ ਹੌਲੀ ਹੌਲੀ ਢਲਾਣ ਉਤਰ ਰਿਹਾ ਸੀ। ਨਦੀ ਦੇ ਕੰਢੇ ਮੁਸਲਮਾਨਾਂ ਦੇ ਨੁਮਾਇੰਦੇ ਸੁਲਹ ਸਮਝੌਤੇ ਦੀ ਗੱਲਬਾਤ ਲਈ ਖਲੋਤੇ ਸਨ। ਗੁਰਦਵਾਰੇ ਦੀ ਇਕ ਬਾਰੀ ਤੋਂ ਢਲਾਣ ਦਿਖਾਈ ਦਿੰਦੀ ਸੀ, ਇਸ ਲਈ ਬਹੁਤ ਸਾਰੇ ਲੋਕ ਸਾਹ ਰੋਕੀ ਛੋਟੇ ਗ੍ਰੰਥੀ ਵੱਲ ਵੇਖੀ ਜਾ ਰਹੇ ਸਨ। ਚਾਨਣੀ ਰਾਤ ਵਿਚ ਬਸ ਇਕ ਸਰੀਰ ਜਿਹਾ ਹੇਠਾਂ ਉਤਰਦਾ ਦਿਖਾਈ ਦੇ ਰਿਹਾ ਸੀ। ਤਦੇ ਛੱਤ ਤੋਂ ਭੱਜਦੇ ਹੋਏ ਕਦਮਾਂ ਦੀ ਆਵਾਜ਼ ਆਈ ਅਤੇ ਨਿਹੰਗ ਸਿੰਘ ਨੇ ਉਪਰੋਂ ਹੀ ਆਵਾਜ਼ ਦਿੱਤੀ :

"ਪੱਛਮ ਵੱਲੋਂ ਬਲਵਾਈ ਆ ਰਹੇ ਹਨ। ਦੁਸ਼ਮਣਾਂ ਨੂੰ ਕੁਮਕ ਮਿਲ ਗਈ ਹੈ।"

ਅਤੇ ਵੇਖਦੇ ਵੇਖਦੇ ਦੂਰ ਬਲਵਾਈਆਂ ਦੀਆਂ ਜਾਣੀਆਂ ਪਛਾਣੀਆਂ ਅਵਾਜ਼ਾਂ ਕੰਨਾਂ ਵਿਚ ਪਈਆਂ। ਢੋਲ ਵਜਣ ਦੀ ਅਵਾਜ਼ ਅਤੇ “ਅਲਾਹ-ਓ-ਅਕਬਰ !' ਨਾਹਰੇ ਦੀ ਅਵਾਜ਼।”

ਤੇਜਾ ਸਿੰਘ ਦਾ ਮੂੰਹ ਉਤਰ ਗਿਆ। ਵੱਡਾ ਗ੍ਰੰਥੀ ਜੋ ਖਿੜਕੀ ਨਾਲ ਜੁੜਿਆ ਆਪਣੇ ਛੋਟੇ ਭਰਾ ਨੂੰ ਢਲਾਣ ਤੋਂ ਉਤਰਦਾ ਵੇਖ ਰਿਹਾ ਸੀ, ਚੀਕ ਉਠਿਆ :

“ਨਾ ਜਾ ਮੇਹਰ ਸਿੰਘ, ਵਾਪਿਸ ਆ ਜਾਓ।" ਵੱਡੇ ਗ੍ਰੰਥੀ ਨੇ ਕਿਹਾ, ਫਿਰ ਅਨੇਕ ਅਵਾਜਾਂ ਉਠੀਆਂ। ਛੋਟੇ ਗ੍ਰੰਥੀ ਨੇ ਰੁਕ ਕੇ ਇਕ ਵਾਰ ਪਿੱਛੇ ਵੱਲ ਵੇਖਿਆ ਅਤੇ ਫਿਰ ਅੱਗ ਵਧਣ ਲੱਗਾ।

ਢੋਲ ਵਜਾਉਂਦੇ ਅਤੇ ਵਧਦੇ ਆ ਰਹੇ ਬਲਵਾਈਆਂ ਦੀਆਂ ਅਵਾਜ਼ਾਂ ਹੋਰ ਜ਼ਿਆਦਾ ਨੇੜੇ ਆ ਰਹੀਆਂ ਸਨ। ਜਵਾਬ ਵਿਚ ਹੁਣ ਨਦੀ ਤਟ ਤੇ ਖਲੋਤੇ ਮੁਹਾਜਿਦ ਵੀ 'ਅਲਾਹ-ਓ-ਅਕਬਰ ਦੇ ਨਾਹਰੇ ਲਾਉਣ ਲੱਗੇ ਸਨ। ਛੋਟਾ ਗ੍ਰੰਥੀ ਹੁਣ ਅੱਖਾਂ ਤੋਂ ਓਹਲੇ ਹੁੰਦਾ ਜਾ ਰਿਹਾ ਸੀ। "

ਖਿੜਕੀ ਵਿਚੋਂ ਹੁਣ ਬਹੁਤ ਸਾਫ ਦਿਖਾਈ ਨਹੀਂ ਦੇ ਰਿਹਾ ਸੀ, ਪਰੰਤੂ ਉਨ੍ਹਾਂ ਨੂੰ ਲੱਗਾ ਜਿਵੇਂ ਕੁਝ ਲੋਕ ਛੋਟੇ ਗ੍ਰੰਥੀ ਨੂੰ ਮਿਲਣ ਅੱਗੇ ਵੱਧ ਕੇ ਆਏ ਹਨ, ਫਿਰ ਉਨ੍ਹਾਂ ਨੂੰ ਇਹ ਵੀ ਲੱਗਿਆ ਕਿ ਉਨ੍ਹਾਂ ਲੋਕਾਂ ਨੇ ਗ੍ਰੰਥੀ ਨੂੰ ਵੀ ਘੇਰ ਲਿਆ ਹੈ, ਫਿਰ ਇਹ ਵੀ ਕੁਝ ਲਾਠੀਆਂ ਉਠੀਆਂ ਹਨ, ਚਾਨਣੀ ਵਿਚ ਕੋਈ ਚੀਜ ਚਮਕਣ ਵੀ ਲੱਗੀ ਸੀ, ਜੋ ਜਾਂ ਤਾਂ ਕਿਸੇ ਦੀ ਕੁਹਾੜੀ ਸੀ ਦਾ ਛੋਟੇ ਗ੍ਰੰਥੀ ਦੀ ਤਲਵਾਰ ਸੀ। ਫਿਰ ਛੇਤੀ ਹੀ ‘ਅਲਾਹ-ਓ-ਅਕਬਰ’, ਦਾ ਨਾਹਰਾ ਫਿਰ ਉੱਚਾ ਉਠਿਆ ਸੀ।

ਤੇਜਾ ਸਿੰਘ ਨੂੰ ਕੁਝ ਨਹੀਂ ਸੀ ਸੁਝ ਰਿਹਾ। ਵੱਡਾ ਗ੍ਰੰਥੀ ਡਰਭੌਰ ਹੋ ਕੇ ਚਿਲਾਇਆ, "ਮਾਰਿਆ ਗਿਆ, ਮੇਰਾ ਭਰਾ ਮਾਰਿਆ ਗਿਆ।" ਅਤੇ ਬਿਨਾਂ ਸੋਚੇ ਸਮਝੇ, ਨੰਗੇ ਪੈਰ, ਨਿਹੱਥਾ, ਗੁਰਦਵਾਰੇ ਵਿਚੋਂ ਨਿਕਲ ਕੇ, ਗਲੀ ਪਾਰ ਕਰਕੇ ਢਲਾਣ ਉਤਰਨ ਲੱਗਾ।

'ਰੋਕੋ, ਰੋਕੋ, ਇਸਨੂੰ ਕਿਸੇ ਨੇ ਚਿਲਾ ਕੇ ਕਿਹਾ, ਅਤੇ ਦਰਵਾਜ਼ੇ ਤੇ ਖਲੋਤਾ ਨਿਹੰਗ ਸਿੰਘ ਗ੍ਰੰਥੀ ਦੇ ਪਿੱਛੇ ਦੌੜਿਆ ਅਤੇ ਢਲਾਣ ਤੇ ਜਾ ਕੇ ਉਸਨੂੰ ਲਕੋ ਫੜ ਲਿਆ ਅਤੇ ਫਿਰ ਉਸਨੂੰ ਬਾਹਵਾਂ ਵਿਚ ਚੁੱਕ ਕੇ ਵਾਪਸ ਲਿਆਉਣ ਲੱਗਾ। ਢੋਲ ਢਮੱਕੇ ਦੀਆਂ ਅਵਾਜ਼ਾਂ ਪਿੰਡ ਵਿਚ ਪਹੁੰਚ -ਚੁੱਕੀਆਂ ਸਨ। ਚਾਰ ਚੁਫੇਰਿਓਂ ਨਾਹਰੇ ਗੂੰਜਣ ਲੱਗੇ ਸਨ। ਫਿਰ ਗੋਲੀਆਂ ਦਾਗੀਆਂ ਜਾਣ ਲੱਗੀਆਂ ਸਨ। ਲੋਕ ਇਧਰ ਓਧਰ ਭੱਜਣ ਲੱਗੇ।

''ਜੋ ਬੋਲੇ ਸੋ ਨਿਹਾਲ !

ਸਤ ਸਿਰੀ ਅਕਾਲ !"

ਹਵਾ ਵਿਚ ਚੀਰਦਾ ਹੋਇਆ ਨਾਹਰਾ ਉਠਿਆ।

ਤਲਵਾਰਾਂ ਹਵਾ ਵਿਚ ਉਠੀਆਂ ਅਤੇ ਦੂਸਰੇ ਪਲ ਝੂਮਦੀਆਂ ਤਲਵਾਰਾਂ ਨੂੰ ਫੜੀ ਸਿਖਾਂ ਦਾ ਇਕ ਜੱਥਾ, ਜਿਨ੍ਹਾਂ ਵਿਚ ਹੋਰ ਲੋਕਾਂ ਨਾਲ ਵੱਡਾ ਗ੍ਰੰਥੀ ਵੀ ਸੀ, ਨਾਹਰੇ ਲਾਉਂਦਾ, ਦੁਸ਼ਮਣ ਨੂੰ ਲਲਕਾਰਦਾ, ਢਲਾਣ ਉਤਰਨ ਲੱਗਾ। ਕੇਸ ਖੁਲ੍ਹੇ ਹੋਏ, ਪੱਥਰਾਂ ਤੇ ਉਨ੍ਹਾ ਦੇ ਪੈਰ ਉਲਟੇ ਸਿੱਧ ਪੈ ਰਹੇ ਸਨ, ਉਨ੍ਹਾਂ ਨੇ ਜਿਵੇਂ ਮਰਨ-ਮਾਰਨ ਦਾ ਨਿਸ਼ਚਾ ਕਰ ਲਿਆ ਸੀ।

ਗੁਰਦਵਾਰੇ ਦੇ ਅੰਦਰ ਖੱਬੇ ਹੱਥ ਦੀ ਕੰਧ ਨਾਲ ਤੀਵੀਆਂ ਅਤੇ ਬੱਚਿਆਂ ਦਾ ਜਮਘਟ ਸੀ। ਵੱਧ ਰਹੇ ਚੀਕ ਚਿਹਾੜੇ ਵਿਚ ਔਰਤਾਂ ਇਕ ਥਾਂ ਤੇ ਸਿਮਟ ਕੇ ਇਕੱਠੀਆਂ ਹੋ ਗਈਆਂ ਸਨ। ਜਸਬੀਰ ਕੌਰ ਦਾ ਚਿਹਰਾ ਮਦਹੋਸ਼ ਜਿਹਾ ਹੁੰਦਾ ਜਾ ਰਿਹਾ ਸੀ। ਉਸਦੇ ਲੱਕ ਵਿਚ ਲਟਕਦੀ 'ਕਿਰਪਾਨ ਦੀ ਮੁੱਠ ਨੂੰ ਅਜੇ ਵੀ ਉਸ ਦੇ ਹੱਥ ਨੇ ਕੱਸ ਕੇ ਫੜਿਆ ਹੋਇਆ ਸੀ।

ਆਪਣੇ ਆਪ ਹੀ ਇਸਤ੍ਰੀਆਂ ਗਾਯਤਰੀ ਦਾ ਪਾਠ ਕਰਨ ਲੱਗੀਆਂ ਸਨ। ਗੁਰਦਵਾਰੇ ਵਿਚ ਉਹਨਾਂ ਦੀ ਗੁਣਗੁਣਾਉਂ ਦੀ ਆਵਾਜ਼ ਹੌਲੀ ਹੌਲੀ ਉੱਚੀ ਉਠਣ ਲੱਗੀ।

ਤਦੇ ਖੱਬੇ ਹੱਥ ਗਲੀ ਦੇ ਸਿਰੇ ਤੋਂ ਖੜੇ ਮਕਾਨਾਂ ਪਿਛਿਓ ਅੱਗ ਦੇ ਭਾਬੜ ਉੱਤੇ ਉਠਣ ਲੱਗੇ ਅਤੇ ਵਾਤਾਵਰਣ ਵਿਚ ਪਹਿਲਾਂ ਨਾਲ ਜਿਆਦਾ ਲਾਲੀ ਘੁਲਣ ਲੱਗੀ।

''ਅੱਗ ਲੱਗੀ ਹੈ। ਸਕੂਲ ਦੇ ਨਾਲ ਦੀ ਗਲੀ ਵਿਚ ਅੱਗ ਲੱਗੀ ਹੈ। ਕਿਸ਼ਨ ਸਿੰਘ ਦੇ ਘਰ ਨੂੰ ਅੱਗ ਲੱਗੀ ਹੈ।" ਜਸਬੀਰ ਨੇ ਸੁਣਿਆ ਪਰ ਜਿਵੇਂ ਉਸਨੇ ਕੁਝ ਨਾ ਸੁਣਿਆ ਹੋਵੇ। ਉਸਦੇ ਸਰੀਰ ਵਿਚ ਵਾਰ ਵਾਰ ਇਕ ਲਹਿਰ ਜਿਹੀ ਉਠ ਰਹੀ ਸੀ ਅਤੇ ਅੱਖਾਂ ਦੇ ਸਾਹਮਣਿਓਂ  ਕੁਝ ਵੀ ਸਾਫ਼ ਦਿਖਾਈ ਨਹੀਂ ਦੇ ਰਿਹਾ ਸੀ, ਜਿਵੇਂ ਸਭ ਚੀਜ਼ਾਂ ਤਰ ਰਹੀਆਂ ਹੋਣ, ਅੱਧ ਖਿਲੀ ਰੋਸ਼ਨੀ ਵਿਚ ਉਸਦੇ ਆਲੇ ਦੁਆਲੇ ਘੁੰਮ ਰਹੀਆਂ ਹੋਣ। ਉਹ ਇਸਤ੍ਰੀਆਂ ਦੇ ਵਿਚ ਐਨ ਰੋਸ਼ਨੀ ਦੇ ਵਿਚ ਐਨ ਰੋਸ਼ਨੀ ਦੇ ਹੇਠਾਂ ਖਲੋਤੀ ਸੀ, ਉਸਦੇ ਚਿਹਰੇ ਤੋਂ ਅਜੇ ਵੀ ਜਿਵੇਂ ਜਲਾਲ ਟਪਕ ਰਿਹਾ ਰਿਹਾ ਸੀ।

ਗਲੀ ਦੇ ਖੱਬੇ ਸਿਰੇ ਦਾ ਮੋਰਚਾ ਭਰਭੂਰਾ ਕੇ ਡਿਗ ਗਿਆ। ਚਾਨਣ ਵਿਚ ਧੋਤੀ ਢਲਾਣ ਤੇ ਕੁਝ ਆਦਮੀ ਰੀਂਗ ਰੀਂਗ ਕੇ ਚੜ੍ਹਦੇ ਦਿਖਾਈ ਦਿੱਤੇ। ਛੱਤ ’ਤੇ ਖਲੋਤੇ ਨਿਹੰਗ ਸਿੰਘ ਨੇ ਉਹਨਾਂ ਨੂੰ ਸਭ ਤੋਂ ਪਹਿਲਾਂ ਵੇਖਿਆ। ਉਸਨੇ ਕਿਸ਼ਨ ਸਿੰਘ ਨੂੰ ਦੱਸਿਆ ਪਰ ਕਿਸ਼ਨ ਸਿੰਘ ਸਿੰਘ ਨੇ ਕੇਵਲ ਨਿਰਾਸ਼ਾ ਵਿਚ ਸਿਰ ਹਿਲਾ ਦਿੱਤਾ ਢਲਾਣ ਚੜ੍ਹਨ ਵਾਲਿਆਂ ਦੀਆਂ ਕਾਲੀਆਂ ਰੀਂਗਦੀਆਂ ਸ਼ਕਲਾਂ ਦੀ ਸੰਖਿਆ ਹੌਲੀ ਹੌਲੀ ਵੱਧ ਰਹੀ ਸੀ। ਅਤੇ ਹੁਣ ਅੱਗ ਦੀ ਲੋਅ ਵਿਚ ਉਹ ਸਾਫ਼ ਨਜ਼ਰ ਆਉਣ ਲੱਗ ਸਨ। ਪਰ ਅਸਲਾ ਕਿੱਥੇ ਸੀ ਜੋ ਉਨ੍ਹਾਂ ਤੇ ਗੋਲੀ ਚਲਾਈ ਜਾਂਦੀ ? ਕਿਸਨ ਸਿੰਘ ਉਣ ਲੱਗੇ ਵਾਰ ਉਹਨਾਂ ਤੋਂ ਫਾਇਰ ਕੀਤਾ, ਪਰ ਫਿਰ ਚੁਪਚਾਪ ਬੈਠ ਗਿਆ।

ਗੁਰਦਵਾਰੇ ਦੇ ਬਾਹਰ ਖਲੋਤਾ ਸਿਖਾਂ ਦਾ ਇਕ ਹੋਰ ਜੱਥਾ ਵਾਲ ਖੋਲ੍ਹੀ ਨੰਗੀਆਂ ਤਲਵਾਰਾਂ ਹੱਥ ਵਿਚ ਲਈ ਖੱਬੇ ਬੰਨੋ ਗਲੀ ਵਿਚ ਅਗੋਂ ਵਧਣ ਲੱਗਾ। ਕਿਉਂਕਿ ਗਲੀ ਦੇ ਸਿਰੇ ਵਾਲਾ ਮੋਰਚਾ ਟੁੱਟਣ ਤੇ ਤੁਰਕ ਇਸੇ ਰਾਹ ਥਾਣੀ ਗੁਰਦਵਾਰੇ ਤੇ ਹੱਲਾ ਕਰਨ ਵਾਲੇ ਸਨ। ਤਦੇ ਰੋਲੇ ਰੱਪੇ ਦੀਆਂ ਆਵਾਜ਼ਾਂ ਆਈਆਂ,

ਦੋ ਚਾਰ ਗੋਲੀਆਂ ਚਲਣ ਦੀ ਆਵਾਜ਼ ਆਈ, ਫਿਰ ਅਚਾਨਕ ਅਸਮਾਨ ਨੂੰ ਚੀਰਦੀ ਹੋਈ ਆਵਾਜ਼ ਆਈ : 'ਅਲਾਹ-ਹੋ-ਅਕਬਰ !'

ਅਤੇ ਤਲਵਾਰਾਂ ਝੁਲਾਉਂਦੇ ਸਰਦਾਰ ਗਲੀ ਦੇ ਹਨੇਰੇ ਵਿਚ ਗਵਾਚ ਗਏ।

ਉਸ ਵੇਲੇ ਗੁਰਦਵਾਰੇ ਵਿਚੋਂ ਉਜਲੇ ਕੱਪੜੇ ਪਹਿਨੀ ਇਸਤ੍ਰੀਆਂ ਦੀ ਇਕ ਡਾਰ ਜਿਹੀ ਨਿਕਲੀ। ਅੱਗੇ ਅੱਗੇ ਜਸਬੀਰ ਕੌਰ ਸੀ, ਅੱਧ ਮੀਟੀਆਂ ਅੱਖਾਂ, ਤਮਤਮਾਉਂਦਾ ਚਿਹਰਾ। ਲੱਗਭਗ ਸਭ ਔਰਤਾਂ ਨੇ ਆਪਣੇ ਦੁਪੱਟੇ ਸਿਰੋਂ ਲਾਹ ਕੇ ਗਲਾਂ ਵਿਚ ਪਾ ਲਏ ਸਨ; ਸਭ ਦੇ ਪੈਰ ਨੰਗੇ ਸਨ। ਸਭ ਦੇ ਚਿਹਰੇ ਤਮਤਮਾ ਰਹੇ ਸਨ। ਮਸਤ ਜਿਹੀਆਂ ਉਹ ਗੁਰਦਵਾਰੇ ਵਿਚੋਂ ਨਿਕਲਦੀਆਂ ਆ ਰਹੀਆਂ ਸਨ।''ਤੁਰਕ ਆ ਗਏ। ਤੁਰਕ ਆ ਗਏ ! ਕੁਝ ਔਰਤਾਂ ਚੀਕ ਰਹੀਆਂ ਸਨ, ਕੁਝ ਗੁਰਬਾਣੀ ਦਾ ਪਾਠ ਕਰ ਰਹੀਆਂ ਸਨ, ਕੁਝ ਜਿਵੇਂ ਪਾਗਲਪਣ ਵਿਚ ਬੋਲੀ ਜਾ ਰਹੀਆਂ ਸਨ।

"ਜਿੱਥੇ ਮੇਰਾ ਸਿੰਘ ਵੀਰ ਗਿਆ ਹੈ, ਉਥੇ ਮੈਂ ਵੀ ਜਾਵਾਂਗੀ।"

ਕੁਝ ਇਸਤ੍ਰੀਆਂ ਨਾਲ ਉਨ੍ਹਾਂ ਦੇ ਬੱਚੇ ਵੀ ਸਨ। ਇਕ ਦੋਹਾਂ ਨੇ ਆਪਣੇ ਬੱਚਿਆ ਨੂੰ ਕੁਛੜ ਚੁੱਕਿਆ ਹੋਇਆ ਸੀ। ਕੁਝ ਆਪਣੇ ਬੱਚਿਆਂ ਨੂੰ ਬਾਹਵਾਂ ਤੋਂ ਫੜੀ ਘਸੀਟੀ ਲਈ ਜਾ ਰਹੀਆਂ ਸਨ।

ਗੁਰਦਵਾਰੇ ਵਿਚੋਂ ਨਿਕਲ ਕੇ ਔਰਤਾਂ ਦੀ ਇਹ ਡਾਰ ਸੱਜੇ ਬੰਨੇ ਖੱਬੇ ਹੱਥ ਘੁੰਮ ਗਈ, ਫਿਰ ਕੁਝ ਦੂਰ ਜਾ ਕੇ ਜਿੱਥੇ ਦੇ ਘਰਾਂ ਦੇ ਵਿਚਕਾਰ ਛੋਟੀ ਜਿਹੀ ਪਗਡੰਡੀ ਢਲਾਣ ਤੋਂ ਹੇਠਾਂ ਉਤਰਦੀ ਸੀ ਅਤੇ ਵਲ ਖਾਂਦੀ ਹੋਈ ਖੂਹ ਤਕ ਚਲੀ ਗਈ ਸੀ, ਉਸੇ ਵੱਲ ਇਸਤ੍ਰੀਆਂ ਵਧਦੀਆਂ ਜਾ ਰਹੀਆਂ ਸਨ।

ਚਾਰ ਚੁਫੇਰੇ ਹਾਹਾਕਾਰ ਮੱਚੀ ਹੋਈ ਸੀ। ਅੱਗ ਦੇ ਭਾਂਬੜ ਹੁਣ ਦੋ ਥਾਵਾਂ ਤੋਂ ਉਠਣ ਲੱਗੇ ਸਨ। ਢਲਾਣ ਉਤੇ, ਮਕਾਨਾਂ ਦੀਆਂ ਕੰਧਾਂ ਤੇ, ਗਲੀ ਦੇ ਇੱਟਾਂ ਦੇ ਫਰਸ਼ ਤੇ ਲਪਟਾਂ ਦੀਆਂ ਪਰਛਾਈਆਂ ਨੱਚ ਰਹੀਆਂ ਸਨ। ਨਦੀ ਦੇ ਪਾਣੀ ਵਿਚ ਲਾਲ

ਲਪਟਾਂ ਦਾ ਸਾਇਆ ਝਿਲਮਿਲਾ ਰਿਹਾ ਸੀ, ਪਾਣੀ ਆਪਣੇ ਆਪ ਹੀ ਲਾਲ ਹੋਣ ਲੱਗਾ ਸੀ। ਇਸ ਚੀਕ ਚਿਹਾੜੇ ਵਿਚੋਂ ਘਰਾ ਦੇ ਬੂਹੇ ਤੋੜਨ ਦੀਆਂ ਅਵਾਜ਼ਾਂ ਆਉਣ ਲੱਗੀਆਂ ਸਨ। ਕਸਬੇ ਵਿਚ ਲੁੱਟ ਮਾਰ ਸ਼ੁਰੂ ਹੋ ਗਈ ਸੀ। ਗੁਰਦਵਾਰੇ ਦੇ ਸਾਹਮਣੇ ਗਲੀ ਦੇ ਵਿਚਕਾਰ ਨਿਹੰਗ ਸਿੰਘ ਬਰਛਾ ਉੱਚਾ ਚੁੱਕੀ ਚਿਲਾ ਰਿਹਾ ਸੀ :

"ਆਓ ਤੁਰਕੋ ਆਓ ! ਕਿਸ ਵਿਚ ਤਾਕਤ ਹੈ, ਆਓ, ਮੈਂ ਲਲਕਾਰਦਾ ਹਾਂ, ਆਓ !"

ਇਸਤ੍ਰੀਆਂ ਦਾ ਝੁੰਡ ਉਸ ਪੱਕੇ ਖੂਹ ਵੱਲ ਵੱਧਦਾ ਜਾ ਰਿਹਾ ਸੀ, ਜੋ ਢਲਾਣ ਦੇ ਹੇਠਾਂ ਸੱਜੇ ਹੱਥ ਬਣਿਆ ਸੀ ਅਤੇ ਜਿੱਥੇ ਪਿੰਡ ਦੀਆਂ ਇਸਤ੍ਰੀਆਂ, ਨਹਾਉਣ, ਕੱਪੜੇ ਧੋਣ ਅਤੇ ਗੱਲਾਂ ਮਾਰਨ ਜਾਇਆ ਕਰਦੀਆਂ ਸਨ। ਕਿਸੇ ਨੂੰ ਉਸ ਵੇਲੇ ਧਿਆਨ ਨਹੀਂ ਆਇਆ ਕਿ ਉਹ ਕਿੱਥੇ ਜਾ ਰਹੀਆਂ ਹਨ। ਕਿਉਂ ਜਾ ਰਹੀਆਂ ਹਨ। ਚੰਦ ਚਾਨਣੀ ਵਿਚ ਖੂਹ ਤੇ ਜਿਵੇਂ ਪਰੀਆਂ ਉਤਰਦੀਆਂ ਆ ਰਹੀਆਂ ਹੋਣ।

ਸਭ ਤੋਂ ਪਹਿਲਾਂ ਜਸਬੀਰ ਕੌਰ ਨੇ ਖੂਹ ਵਿਚ ਛਾਲ ਮਾਰੀ। ਉਸਨੇ ਕੋਈ ਨਾਹਰਾ ਨਹੀਂ ਲਾਇਆ, ਕਿਸੇ ਨੂੰ ਨਹੀਂ ਬੁਲਾਇਆ, ਕੇਵਲ 'ਵਾਹਿਗੁਰੂ ਕਿਹਾ ਅਤੇ ਛਾਲ ਮਾਰ ਦਿੱਤੀ। ਉਸਦੇ ਛਾਲ ਮਾਰਦੇ ਹੀ ਖੂਹ ਦੀ ਮਣ ਤੇ ਕਿੰਨੀਆਂ ਹੀ ਤੀਵੀਆਂ ਚੜ੍ਹ ਗਈਆਂ। ਹਰੀ ਸਿੰਘ ਦੀ ਵਹੁਟੀ ਪਹਿਲਾਂ ਖੂਹ ਦੀ ਮਣ ਤੇ ਜਾ ਚੜ੍ਹੀ, ਫਿਰ ਉਸਨੇ ਆਪਣੇ ਚਾਰ ਸਾਲਾਂ ਦੇ ਪੁੱਤਰ ਨੂੰ ਵੀ ਖਿੱਚ ਕੇ ਉੱਤੇ ਚੜ੍ਹਾ ਲਿਆ, ਫਿਰ ਨਾਲ ਹੀ ਉਹਦੇ ਹੱਥ ਨੂੰ ਖਿੱਚਦੀ ਹੋਈ ਨੇ ਹੇਠਾਂ ਛਾਲ ਮਾਰ ਦਿੱਤੀ। ਦੇਵਾ ਸਿੰਘ ਦੀ ਘਰ ਵਾਲੀ ਨੇ ਆਪਣੇ ਦੁੱਧ ਪੀਂਦੇ ਬੱਚੇ ਨੂੰ ਛਾਤੀ ਨਾਲ ਲਾਈ ਖੂਹ ਵਿਚ ਛਾਲ ਮਾਰ ਦਿੱਤੀ। ਪ੍ਰੇਮ ਸਿੰਘ ਦੀ ਵਹੁਟੀ ਨੇ ਆਪ ਤਾਂ ਖੂਹ ਵਿਚ ਛਾਲ ਮਾਰ ਦਿੱਤੀ ਪਰ ਉਸਦਾ ਬੱਚਾ ਪਿੱਛੇ ਖਲੱਤਾ ਰਹਿ ਗਿਆ। ਉਸਨੂੰ ਗਿਆਨ ਸਿੰਘ ਦੀ ਵਹਟੀ ਨੇ ਧੱਕਾ ਦੇ ਕੇ ਮਾਂ ਕੋਲ ਪਹੁੰਚਾ ਦਿੱਤਾ। ਵੇਖਦਿਆਂ ਵੇਖਦਿਆਂ ਪਿੰਡ ਦੀਆਂ ਕਈ ਔਰਤਾਂ ਨੇ ਆਪਣੇ ਬੱਚਿਆਂ ਸਮੇਤ ਖੂਹ ਵਿਚ ਛਾਲਾਂ ਮਾਰ ਦਿੱਤੀਆਂ।

ਜਦ ਤੁਰਕ ਸਚਮੁੱਚ ਗਲੀ ਦੇ ਖੱਬੇ ਸਿਰਿਓਂ ਲਾਸ਼ਾਂ ਨੂੰ ਲਤਾੜਦੇ ਹੋਏ ਗੁਰਦਵਾਰੇ ਵੱਲ ਵਧਣ ਲੱਗੇ ਤਾਂ ਗਰਦਵਾਰੇ ਵਿਚ ਇਕ ਵੀ ਤੀਵੀਂ ਨਹੀਂ ਸੀ, ਖੂਹ ਵਿਚੋਂ ਚੀਕਣ ਚਿਲਾਉਣ ਦੀਆਂ ਅਵਾਜ਼ਾਂ ਅਤੇ ਬੱਚਿਆਂ ਦੀ ਕੁਰਲਾਹਟ ਸੁਣਾਈ ਦਿੰਦੀ ਰਹੀ। ਪਿੰਡ ਦੇ ਕੋਲ ਥਾਂ ਥਾਂ ਤੋਂ ਵੀ ਅਲਾਹ ਹੋ-ਅਕਬਰ" ਅਤੇ ਸਤਿ ਸਿਰੀ ਅਕਾਲ ਦੇ ਨਾਰਿਆਂ ਨਾਲ ਖੂਹ ਵਿਚ ਡੁੱਬਦੀਆਂ ਔਰਤਾਂ ਤੇ ਬੱਚਿਆਂ ਦੀਆਂ ਚੀਕਾਂ ਮਿਲ ਗਈਆਂ ਸਨ।

ਚਾਨਣੀ ਪੀਲੀ ਪੈ ਗਈ। ਹੌਲੀ-ਹੌਲੀ ਪਹੁ-ਫੁਟਣ ਲੱਗੀ। ਰਾਤ ਦਾ ਇੰਦਰਜਾਲਕ ਵਾਤਾਵਰਣ ਫਿਰ ਛਿੰਨ ਭਿੰਨ ਹੋਣ ਲੱਗਾ। ਸਾਫ਼, ਠੰਢੀ ਹਵਾ ਰੋਜ਼ ਵਾਂਗ ਵਗਣ ਲੱਗੀ। ਪਿੰਡ ਦੇ ਬਾਹਰ ਪੱਕੇ ਕਣਕ ਦੇ ਖੇਤ ਇਸ ਹਵਾ ਵਿਚ ਝੂਮਣ ਲੱਗੇ। ਹਵਾ ਵਿਚ ਲੁਕਾਠਾਂ ਦੀ ਮਹਿਕ ਸੀ। ਨਦੀ ਵਲੋਂ ਵੀ ਹਵਾ ਦਾ ਝੋਕਾ ਆਇਆ, ਲੁਕਾਠਾਂ ਦੀ ਮਹਿਕ ਨਾਲ ਲੱਦਿਆ ਹੋਇਆ। ਉਸ ਵਿਚ ਉਨ੍ਹਾਂ ਸਫੇਦ ਫੁੱਲਾਂ ਦੀ ਵੀ ਭਿੰਨੀ ਭਿੰਨੀ ਖੁਸ਼ਬੋ ਮਿਲੀ ਹੋਈ ਸੀ ਜੋ ਇਸ ਮੌਸਮ ਵਿੱਚ ਝਾੜੀਆਂ ਤੇ ਲੱਗਦੇ ਸਨ। ਕਿਸੇ ਕਿਸੇ ਵੇਲੇ ਲੁਕਾਠਾਂ ਦੇ ਬਾਗ ਵਿਚੋਂ ਤੋਤਿਆਂ ਦਾ ਝੁੰਡ ਪਰ ਫੜਫੜਾਉਂ ਦਾ ਚੀਂ ਚੀਂ ਕਰਦਾ ਉੱਡ ਜਾਂਦਾ। ਨਦੀ ਦਾ ਪਾਣੀ ਨੀਲਾ ਨੀਲਾ ਹੋ ਰਿਹਾ ਸੀ। 'ਹਵਾ ਦਾ ਝੋਂਕਾ ਆਉਂਦਾ ਤਾਂ ਪਾਣੀ ਵਿਚ ਝੁਰਝੁਰੀ ਜਿਹੀ ਹੁੰਦੀ।

ਪਤਾ ਨਹੀਂ ਰਾਤ ਦੇ ਕਿਸ ਪਹਿਰ ਲੁੱਟ ਮਾਰ ਬੰਦ ਹੋ ਗਈ ਸੀ। ਜ਼ਿਆਦਾ ਘਰਾਂ ਨੂੰ ਵੀ ਅੱਗ ਨਹੀਂ ਲਾਈ ਗਈ ਸੀ ਕਿਉਂਕਿ ਗੁਰਦਵਾਰੇ ਵਾਲੀ ਗਲੀ ਨੂੰ ਛੱਡ ਕੇ ਪਿੰਡ ਦੀ ਹਰੇਕ ਗਲੀ ਵਿਚ ਮੁਸਲਮਾਨਾਂ ਅਤੇ ਸਿੱਖਾਂ ਦੋਹਾਂ ਦੇ ਘਰ ਪਾਏ ਜਾਂਦੇ ਸਨ। ਸਕੂਲ ਵੱਖ-ਵੱਖ ਸੀ ਜਾਂ ਨੁਕਰ ਵਾਲੇ ਕੁਝ ਘਰ ਅਲੱਗ-ਅਲੱਗ ਸਨ। ਸਵੇਰ ਹੋਣ ਤੱਕ ਅੱਗ ਦੀਆਂ ਲਪਟਾਂ ਘੱਟ ਗਈਆਂ ਸਨ। ਛੋਟੇ ਛੋਟੇ ਘਰ ਸਨ, ਸੜ ਕੇ ਸਵਾਹ ਹੁੰਦਿਆਂ ਦੇਰ ਨਹੀਂ ਲੱਗੀ। ਸੁਲੱਗਦੇ ਘਰਾਂ ਵਿਚੋਂ ਹੁਣ 'ਪੀਲਾ ਪੀਲਾ ਧੂਆਂ ਜ਼ਿਆਦਾ ਨਿਕਲਣ ਲੱਗਾ ਸੀ।

ਗੁਰਦਵਾਰੇ ਦੇ ਅੰਦਰ ਇਕ ਬੱਤੀ ਅਜੇ ਵੀ ਜਲ ਰਹੀ ਸੀ, ਚਾਰੇ ਮੈਂਬਰ ਅੰਤਮ ਘੜੀ ਦਾ ਜਿਵੇਂ ਇੰਤਜ਼ਾਰ ਕਰ ਰਹੇ ਸਨ। ਤੇਜਾ ਸਿੰਘ ਜੀ ਥੱਕੇ ਟੁੱਟੇ, ਗੁਰਦਵਾਰੇ ਦੀ ਰਸਦ ਵਾਲੀ ਕੋਠੜੀ ਵਿਚ ਕਣਕ ਦੀ ਬੋਰੀ ਤੇ ਸਿਰ ਝੁਕਾਈ ਬੈਠੇ ਸਨ। ਕਿਸ਼ਨ ਸਿੰਘ ਅਜੇ ਵੀ ਛੱਤ ਤੇ ਆਪਣੀ ਕੁਰਸੀ ਤੇ ਬੈਠਾ ਸੀ। ਇਕ ਨਿਹੰਗ ਸਿੰਘ ਬਰਛਾ ਲਈ ਅਜੇ ਵੀ ਦਰਵਾਜ਼ੇ ਦੀ ਓਟ ਵਿਚ ਖਲੋਤਾ ਸੀ।

ਜਦ ਰੋਸ਼ਨੀ ਫੈਲਣ ਲੱਗੀ ਤਾਂ ਇੱਲਾਂ ਤੇ ਕਾਂ ਢੇਰਾਂ ਦੇ ਢੇਰ ਅਸਮਾਨ ਵਿਚ ਉਡਣ ਲੱਗੇ। ਅਨੇਕ ਗਿਰਝ ਵੀ ਉਡਦੇ ਹੋਏ ਆ ਗਏ। ਸਕੂਲ ਦੇ ਬਾਹਰ ਖਲੋਤੇ ਇਕ ਰੁੰਡ ਮੁੰਡ ਰੁੱਖ ’ਤੇ ਦਸ ਪੰਦਰਾਂ ਗਿਰਝਾਂ ਆ ਕੇ ਬੈਠ ਗਈਆਂ—ਛੋਟੇ ਛੋਟੇ ਸਿਰ, ਵੱਡੇ ਵੱਡੇ ਪੀਲੇ ਚੁੰਝ। ਕੁਝ ਗਿਣ ਖੂਹ ਦੀ ਮਣ ਤੇ ਵੀ ਆ ਬੈਠੀਆਂ। ਜਿੱਥੇ ਲਾਸ਼ਾਂ ਫੁਲਣ ਲੱਗੀਆਂ ਸਨ ਅਤੇ ਫੁਲ ਫੁਲ ਕੇ ਖੂਹ ਦੇ ਮੂੰਹ ਤਕ ਪਹੁੰਚਣ ਲੱਗੀਆਂ ਸਨ। ਘਰਾਂ ਦੀਆਂ ਛੱਤਾਂ ਦੇ ਬਨੇਰਿਆਂ ਤੇ ਵੀ ਗਿਰਝਾਂ ਆ ਕੇ ਬੈਠ ਗਈਆਂ ਸਨ। ਗਲੀਆਂ ਸੁੰਨਸਾਨ ਪਈਆਂ ਸਨ, ਖਿਲਰੀਆਂ ਹੋਈਆਂ ਲਾਸ਼ਾਂ ਪਿੰਡ ਦੇ ਸੁਨੇਪਣ ਨੂੰ ਹੋਰ ਵੀ ਗਹਿਰਾ ਬਣਾ ਰਹੀਆਂ ਸਨ। ਹੁਣ ਪਿੰਡ ਦੀਆਂ ਗਲੀਆਂ ਵਿਚ ਕੋਈ ਹੋਲੀ ਜਿਹੀ ਵੀ ਚਲਦਾ ਤਾਂ ਉਸਦੇ ਪੈਰਾਂ ਦੀ ਆਵਾਜ਼ ਗੂੰਜਦੀ ਸੀ। ਬਲਵਾਈ ਲੁੱਟ ਮਾਰ ਦਾ ਸਾਮਾਨ ਲੈ ਕੇ ਪਰਤ ਗਏ ਸਨ। ਬਹੁਤ ਸਾਰੇ ਮਾਰੇ ਗਏ ਸਨ। ਗੁਰਦਵਾਰੇ ਤੋਂ ਖੂਹ ਵੱਲ ਜਾਣ ਵਾਲੇ ਰਾਹ ਤੇ ਥਾਂ ਥਾਂ ਔਰਤਾਂ ਦੇ ਪਰਾਂਦੇ, ਚੁੰਨੀਆਂ ਅਤੇ ਚੂੜੀਆਂ ਡਿੱਗੀਆਂ ਪਈਆਂ ਸਨ। ਗੁਰਦਵਾਰੇ ਦੇ ਲਾਗੇ ਖਾਸ ਕਰਕੇ ਹੱਥਾਂ ਨਾਲੋਂ ਟੁੱਟ ਕੇ ਡਿੱਗੀਆਂ ਚੂੜੀਆਂ ਦੇ ਟੁਕੜੇ ਥਾਂ ਥਾਂ ਤੇ ਖਿਲਰੇ ਪਏ ਸਨ। ਗਲੀਆਂ ਵਿਚ ਟੁੱਟੇ ਖਾਲੀ ਸੰਦੂਕ, ਪੀਪੀ, ਮੰਜੇ, ਲੁੱਟ ਮਾਰ ਦੀ ਕਹਾਣੀ ਕਹਿ ਰਹੇ ਸਨ। ਮਕਾਨਾਂ ਦੇ ਦਰਵਾਜ਼ੇ ਕਿਤੇ ਅੱਧਖੁਲ੍ਹੇ ਤੇ ਕਿਤੇ ਟੁੱਟੇ ਪਏ ਸਨ। ਥਾਂ ਥਾਂ ਉਹ ਹਨੇਰੀ ਦੇ ਨਿਸ਼ਾਨ ਸਨ ਜੋ ਰਾਤ ਭਰ ਚਲਦੀ ਰਹੀ ਸੀ।

ਪਰ ਲੜਾਈ ਅਜੇ ਬੰਦ ਨਹੀਂ ਹੋਈ ਸੀ। ਮੰਟੇ ਕਸਾਈ ਦਾ ਵੱਡਾ ਲੜਕਾ ਚੰਗੇ ਛਿਪੇ ਗੁਰਦਵਾਰੇ ਦੇ ਪਿਛਵਾੜੇ ਪਹੁੰਚ ਗਿਆ ਸੀ ਅਤੇ ਗੁਰਦਵਾਰੇ ਦੀਆਂ ਪਿਛਲੀਆਂ ਖਿੜਕੀਆਂ ਤੇ ਤੇਲ ਛਿੜਕ ਛਿੜਕ ਕੇ ਅੱਗ ਲਾਉਣ ਦੀ ਤਿਆਰੀ ਕਰ ਰਿਹਾ ਸੀ।

ਅਚਾਨਕ ਵਾਯੂ ਮੰਡਲ ਵਿਚ ਇਕ ਅਜੀਬ ਜਿਹਾ ਸ਼ਬਦ ਸੁਣਾਈ ਦੇਣ ਲੱਗਾ : ਗਹਿਰਾ, ਹੌਲੀ, ਘਰ ਘਰਾਉ ਦਾ ਜਿਹਾ ਸ਼ਬਦ। ਇਹ ਅਵਾਜ਼ ਕੀ ਸੀ ? ਇਹ ਅਵਾਜ਼ ਕੋਠੜੀ ਵਿਚ ਬੈਠੇ ਤੇਜਾ ਸਿੰਘ ਨੇ ਵੀ ਸੁਣੀ। ਗੁਰਦਵਾਰੇ ਦੀ ਛੱਤ ਤੇ ਡਟੇ ਕਿਸ਼ਨ ਸਿੰਘ ਨੇ ਵੀ ਸੁਣੀ, ਸੇਖਾਂ ਦੀ ਹਵੇਲੀ ਵਿਚ ਵੀ ਸਭ ਦੀ ਕੰਨੀ ਪਈ। ਸਭ ਠਿਠਕ ਗਏ। ਮੋਟੇ ਕਸਾਈ ਦਾ ਪੁੱਤਰ ਵੀ ਠਿਠਕ ਗਿਆ ਜੋ ਗੁਰਦਵਾਰੇ ਨੂੰ ਅੱਗ ਲਾਉਣ ਲੱਗਾ ਸੀ। ਇਹ ਕਿਹੋ ਜਿਹੀ ਅਵਾਜ਼ ਸੀ ? ਘਰ ਘਰਾਉਂਦੀ ਗਹਿਰੀ ਜਿਹੀ ਆਵਾਜ਼ ਜੋ ਲਗਾਤਾਰ ਉੱਚੀ ਹੁੰਦੀ ਜਾ ਰਹੀ ਸੀ? ਦਰਵਾਜ਼ਿਆਂ, ਕੰਧਾਂ ਦੀ ਓਟ ਵਿਚ ਬੈਠੇ ਇਕੋ-ਦੁਕੇ ਲੋਕ ਬਾਹਰ ਝਾਕਣ ਲੱਗੇ। ਕਿਸ਼ਨ ਸਿੰਘ ਕੁਰਸੀ ਤੋਂ ਉਠ ਬੈਠਾ ਅਤੇ ਭੱਜ ਕੇ ਬਨੇਰੇ ਕੋਲ ਜਾ ਖਲੋਤਾ।

ਹਵਾਈ ਜਹਾਜ਼ ਸੀ। ਵੱਡਾ ਸਾਰਾ, ਵੱਡੇ ਵੱਡੇ ਕਾਲੇ ਡੈਨਾ ਵਾਲਾ ਹਵਾਈ ਜਹਾਜ਼। ਘਾਟੀਆਂ ਪਹਾੜੀਆਂ ਦੇ ਉਪਰ ਡੇਨਾ ਫੈਲਾਈ, ਘਰ ਘਰਾਉਂਦਾ ਪਿੰਡ ਵੱਲ ਆ ਰਿਹਾ ਸੀ। ਕਿਸੇ ਕਿਸੇ ਵੇਲੇ ਉਸ ਦੇ ਡੈਨੇ ਕਾਲੇ ਸਿਆਹ ਪੈ ਜਾਂਦੇ, ਪਰ ਕਿਸੇ ਵੇਲੇ ਚਾਂਦੀ ਵਾਂਗ ਤਿਲ ਮਿਲਾਉਣ ਲੱਗਦੇ। ਕਦੇ ਉਸਦਾ ਸੱਜਾ ਡੰਨਾ ਹੇਠਾਂ ਵੱਲ ਝੁਕ ਜਾਂਦਾ ਕਦੇ ਖੱਬਾ। ਹਵਾਈ ਜਹਾਜ਼ ਹਵਾ ਵਿਚ ਜਿਵੇਂ ਮੰਜ ਮੇਲਾ ਕਰ ਰਿਹਾ ਸੀ।

ਜਦ ਉਹ ਨੇੜੇ ਪਹੁੰਚਿਆ ਤਾਂ ਲੋਕ ਉੱਠ ਉੱਠ ਕੇ ਬਾਹਰ ਆਉਣ ਲੱਗੇ, ਗਲੀਆਂ, ਛਤਾਂ, ਚਬੂਤਰਿਆਂ ਤੇ ਆ ਕੇ ਲੋਕ ਖਲੋ ਗਏ ਅਤੇ ਬੜੀ ਉਤਸਕਤਾ ਨਾਲ ਹਵਾਈ ਜਹਾਜ਼ਾਂ ਨੂੰ ਵੱਖਣ ਲੱਗੇ। ਪਿੰਡ ਦੇ ਉੱਪਰ ਉੱਠਦੇ ਸਮੇਂ ਜਹਾਜ਼ ਹੋਰ ਵੀ ਨੀਵਾਂ ਹੋ ਗਿਆ ਸੀ ਅਤੇ ਜਹਾਜ਼ ਅੰਦਰ ਬੈਠਾ ਗੋਰਾ ਫੌਜੀ ਆਪਣਾ ਹੱਥ ਹਿਲਾ

ਹਿਲਾ ਕੇ ਹੇਠਾਂ ਖੜੇ ਲੋਕਾਂ ਨੂੰ ਪਿਆਰ ਦਾ ਪ੍ਰਗਟਾ ਕਰ ਰਿਹਾ ਸੀ। ਉਸਦੀਆਂ ਵੱਡੀਆਂ ਵੱਡੀਆਂ ਐਨਕਾਂ ਦੇ ਹੇਠਾਂ ਕੁਝ ਲੋਕਾਂ ਨੂੰ ਉਸਦੇ ਮੁਸਕ੍ਰਾਹਟ ਤਕ ਵੀ ਸੀ।

"ਮੁਸਕ੍ਰਾਇਆ ਹੈ, ਮੈਂ ਆਪ ਵੇਖਿਆ ਹੈ।" ਬਾਹਰ ਖਲੋਤੇ ਇਕ ਮੁੰਡੇ ਨੇ ਦੂਸਰੇ ਨੂੰ ਕਿਹਾ। ‘‘ਉਸਨੇ ਆਪਣੇ ਹੱਥ ਵਿਚ ਚਿੱਟੇ ਰੰਗ ਦਾ ਦਸਤਾਨਾ ਪਾਇਆ ਹੋਇਆ ਸੀ। ਇਉਂ ਹੱਕ ਹਿਲਾ ਰਿਹਾ ਸੀ, ਤੂੰ ਨਹੀਂ ਵੇਖਿਆ ?"

ਸਭ ਹੱਥ ਰੁਕ ਗਏ, ਹੁਣ ਕੁਝ ਨਹੀਂ ਹੋਵੇਗਾ ਅੰਗਰੇਜ਼ ਤਕ ਫਸਾਦ ਦੀ ਖ਼ਬਰ ਪਹੁੰਚ ਗਈ ਹੈ। ਹੁਣ ਕੋਈ ਅੱਗ ਨਹੀਂ ਲਾਵੇਗਾ, ਕੋਈ ਬੰਦੂਕ ਨਹੀ ਚਲਾਏਗਾ। ਮੋਟੇ ਕਸਾਈ ਦੇ ਪੁੱਤਰ ਨੇ, ਜਿਸਨੇ ਗੁਰਦਵਾਰੇ ਦੀਆਂ ਬਾਰੀਆਂ ਤੇ ਤੇਲ ਛਿੜਕ ਦਿੱਤਾ ਸੀ ਅਤੇ ਸਿਰਫ ਤੀਲੀ ਲਾਉਣ ਦੀ ਦੇਰ ਸੀ, ਆਪਣੇ ਹੱਥ ਖਿੱਚ ਲਏ। ਲੋਕ ਮੂੰਹ ਚੁੱਕੀ ਹਵਾਈ ਜਹਾਜ਼ ਵੱਲ ਵੇਖੀ ਜਾ ਰਹੇ ਸਨ।

ਕਾਕਪਿਟ ਵਿਚ ਬੈਠੇ ਗੋਰੇ ਸਿਪਾਹੀ ਨੇ ਗੁਰਦਵਾਰੇ ਉਪਰੋਂ ਉਡਦੇ ਹੋਏ ਹੱਥ ਹਿਲਾਇਆ। ਹੇਠਾਂ, ਛੱਤ ਤੇ ਖਲੋਤੇ ਕਿਸ਼ਨ ਸਿੰਘ ਨੂੰ ਲੱਗਿਆ ਜਿਵੇਂ ਗੋਰੇ ਹਵਾਬਾਜ਼ ਨੇ ਉਸੇ ਵੱਲ ਵੇਖਕੇ ਹੱਥ ਹਿਲਾਇਆ ਹੈ। ਉਸਨੇ ਆਪਣੇ ਫੌਜੀ ਸਾਥੀ ਦਾ ਸਤਿਕਾਰ ਕੀਤਾ ਹੈ। ਕਿਸ਼ਨ ਸਿੰਘ ਜੋ ਅਜੇ ਤਕ ਪਰੇਸ਼ਾਨ ਅਤੇ ਬਦਹਵਾਸ ਖਲੋਤਾ ਸੀ, ਉਠ ਕੇ ਅਟੈਂਨਸ਼ਨ ਖਲੋ ਗਿਆ ਅਤੇ ਅੱਡੀਆਂ ਟਕਰਾ ਕੇ ਸਲਾਮ ਮਾਰੀ। ਆਖਿਰ ਸੈਨਿਕ ਸੈਨਿਕ ਹੀ ਹੁੰਦੇ ਹਨ, ਇਕ ਸੈਨਿਕ ਦੂਸਰੇ ਨੂੰ ਸਲੂਟ ਕੀਤੇ, ਬਿਨਾਂ ਨਹੀਂ ਰਹਿ ਸਕਦਾ। ਕਿਸ਼ਨ ਸਿੰਘ ਬਹੁਤ ਖੁਸ਼ ਹੋਇਆ। ਬਰਮਾ ਦੀ ਲਾਮ ਵਿਚ ਹਰ ਸ਼ਾਮ ਉਹ ਆਪਣੇ ਕਪਤਾਨ ਜੈਕਸਨ ਨੂੰ ਮਿਲਣ ਜਾਇਆ ਕਰਦਾ ਸੀ। ਜੈਕਸਨ ਹਮੇਸ਼ਾਂ ਬੜੇ ਧਿਆਨ ਨਾਲ ਉਸਦੀ ਗੱਲ ਸੁਣਦਾ ਹੁੰਦਾ ਸੀ ਅਤੇ ਉਸਦੀ ਸਲੂਟ ਦਾ ਜਵਾਬ ਬਕਾਇਦਾ ਸਲੂਟ ਨਾਲ ਦਿਆ ਕਰਦਾ ਸੀ।

ਕਿਰਨ ਸਿੰਘ ਨੇ ਭਾਵਾਂ ਵਿਚ ਬਹਿ ਕੇ ਜ਼ੋਰ ਜ਼ੋਰ ਦੀ ਹੱਥ ਹਿਲਾਉਂਦੇ ਹੋਏ ਉੱਚੀ ਸਾਰੀ ਕਿਹਾ।

'ਗਾਡ ਸੇਵਾ ਦਿ ਕਿੰਗ, ਸਾਹਿਬ, ਗਾਡ ਸੇਵ ਦਿ ਕਿੰਗ।"

ਹਵਾਈ ਜ਼ਹਾਜ਼ ਅੱਗੇ ਜਾ ਚੁੱਕਾ ਸੀ ਅਤੇ ਹੁਣ ਸ਼ੇਖਾਂ ਦੀ ਹਵੇਲੀ ਉਪਰ ਉੱਡ ਰਿਹਾ ਸੀ। ਕਿਸ਼ਨ ਸਿੰਘ ਅੱਖਾਂ ਪਾੜ ਪਾੜ ਕੇ ਉਸ ਵੱਲ ਵੇਖਣ ਲੱਗਾ। ਸੇਖਾਂ ਦੇ ਘਰ ਦੀ ਛੱਤ ਤੇ ਵੀ ਲੋਕ ਚੜ੍ਹ ਆਏ ਸਨ। ਅਤੇ ਹੱਥ ਹਿਲਾ ਹਿਲਾ ਕੇ ਅੰਗਰੇਜ਼ ਹਵਾਬਾਜ਼ ਦਾ ਸਵਾਗਤ ਕਰ ਰਹੇ ਸਨ। ਕਿਸ਼ਨ ਸਿੰਘ ਵੇਖਣਾ ਚਾਹੁੰਦਾ ਸੀ ਕਿ ਗੋਰੇ ਸੈਨਿਕ ਨੇ ਮੁਸਲਿਆਂ ਦੇ ਸਲੂਟ ਦਾ ਜਵਾਬ ਵੀ ਦਿੱਤਾ ਹੈ ਜਾਂ ਨਹੀਂ ਅਤੇ ਉਸਨੂੰ ਸਚਮੁੱਚ ਲਗਿਆ ਜਿਵੇਂ ਪਾਇਲਟ ਨੇ ਸਚਮੁੱਚ ਹੱਥ ਅੰਦਰ ਖਿਚ ਲਿਆ ਹੈ। ਇਹ ਵੇਖਕੇ ਕਿਸ਼ਨ ਸਿੰਘ ਨੂੰ ਦਿਲੀ ਖੁਸ਼ੀ ਹੋਈ ਅਤੇ ਉਹ ਉਥੇ ਖਲੋਤਾ ਖਲੋਤਾ ਚਹਿਕ ਉਠਿਆ :

''ਦੋ ਦਿਨ ਪਹਿਲਾਂ ਆ ਜਾਂਦੇ ਸਾਹਿਬ ਤਾਂ ਸਾਡਾ ਇੰਨਾ ਜ਼ਿਆਦਾ ਨੁਕਸਾਨ ਤਾਂ ਨਾ ਹੁੰਦਾ, ਪਰ ਕੋਈ ਫਿਕਰ ਨਹੀਂ...।"

ਫਿਰ ਕਿਸ਼ਨ ਸਿੰਘ ਨੂੰ ਜੋਸ਼ ਆ ਗਿਆ, ਮੁੱਠੀਆਂ ਮੀਟ ਕੇ ਸ਼ੇਖਾਂ ਦੇ ਘਰ ਵੱਲ ਵੇਖਕੇ ਚਿਲਾਕੇ ਬੋਲਿਆ :

"ਹੁਣ ਚਲਾਓ ਗੋਲੀ, ਮੁਸਲਿਓ, ਲਓ ਮੈਂ ਸਾਹਮਣੇ ਖਲੋਤਾ ਹਾਂ ! ਚਲਾਓ ਗੋਲੀ ! ਹੁਣ ਕਿਉਂ ਨਹੀਂ ਚਲਾਉਂਦੇ! ਪਹਿਲਾਂ ਬੜੇ ਸ਼ੇਰ ਬਣਦੇ ਸੀ, ਹੁਣ ਚਲਾਓ ਗੋਲੀ !" ਅਤੇ ਮੋਟਾ ਤਾਜ਼ਾ ਕਿਸ਼ਨ ਸਿੰਘ ਬਨੇਰੇ ਕੋਲ ਖਲੋਤਾ, ਹੱਥ ਹਿਲਾਉਂਦਾ ਮੁੱਕੇ ਵਿਖਾਉਂਦਾ ਪਾਗਲਾਂ ਵਾਂਗ ਨੱਚਣ ਲੱਗਾ।

ਤੇਜਾ ਸਿੰਘ ਜੀ ਸੋਚ ਰਹੇ ਸਨ ਕਿ ਛੇਤੀ ਤੋਂ ਛੇਤੀ ਸ਼ਹਿਰ ਪਹੁੰਚਣਾ ਹੋਵੇਗਾ ਅਤੇ ਪਹੁੰਚ ਕੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਵੇਰਵਾ ਦੱਸਣਾ ਹੋਵੇਗਾ, ਸਾਰੇ ਨੁਕਸਾਨ ਦੀ ਲਿਸਟ ਬਣਾ ਕੇ ਦੇਣੀ ਹੋਵੇਗੀ। ਹੁਣ ਆਏ ਤਾਂ ਕੀ ਆਏ, ਪਰ ਕੋਈ ਗੱਲ ਨਹੀਂ, ਅਸੀਂ ਵੀ ਚੰਗੇ ਭੁੰਨੇ ਹਨ, ਮੁਸਲੇ ਫਿਰ ਕਦੀ ਸਾਡੇ ਨਾਲ ਲੜਨ ਦੀ ਹਿੰਮਤ ਨਹੀਂ ਕਰਨਗੇ।

ਗੁਰਦਵਾਰੇ ਦੇ ਪਿਛਵਾੜੇ ਖਲੋਤੇ ਮੋਟੇ ਕਸਾਈ ਦੇ ਪੁੱਤਰ ਨੇ ਮਿੱਟੀ ਦੇ ਤੇਲ ਦੀ ਬੋਤਲ ਨਾਲੀ ਵਿਚ ਡੋਲ੍ਹ ਕੇ ਚਬੂਤਰੇ ਹੇਠਾਂ ਲੁਕਾ ਦਿੱਤੀ, ਸੁੱਕੀਆਂ ਲੀਰਾਂ ਗੁਰਦਵਾਰੇ ਦੇ ਇਕ ਝਰੱਖੇ ਵਿਚੋਂ ਅੰਦਰ ਨੂੰ ਸੁਟ ਦਿੱਤੀਆਂ ਅਤੇ ਤੀਲਾਂ ਵਾਲੀ ਡੱਬੀ ਨਾਲ ਸਿਗਰਟ ਸੁਲਗਾ ਕੇ ਸਿਗਰਟ ਦੇ ਕਸ਼ ਲੈਂਦਾ ਜਿਧਰੋਂ ਆਇਆ ਸੀ ਉਧਰ ਨੂੰ ਚਲਾ ਗਿਆ।

ਹਵਾਈ ਜਹਾਜ਼ ਨੇ ਕਸਬੇ ਅੰਦਰ ਤਿੰਨ ਚੱਕਰ ਲਾਏ। ਤੀਜਾ ਚੱਕਰ ਲਾਉਂਦੇ ਸਮੇਂ ਹੇਠਾਂ ਖਲੋਤੇ ਪਿੰਡ ਦੇ ਲੋਕ ਵੀ ਹੱਥ ਹਿਲਾ ਹਿਲਾ ਕੇ ਉਸਦੀਆਂ ਸ਼ੁਭਕਾਮਨਾਵਾਂ ਦਾ ਜਵਾਬ ਦੇ ਰਹੇ ਸਨ। ਤਿੰਨ ਚੱਕਰ ਲਾਉਣ ਪਿਛੋਂ ਉਹ ਹੋਰ ਪਿੰਡਾਂ ਵੱਲ ਅੱਗੇ ਵਧ ਗਿਆ।

ਕਸਬੇ ਦਾ ਮਹੌਲ ਬਦਲ ਚੁੱਕਾ ਸੀ। ਲੋਕ ਬਾਹਰ ਆਉਣ ਲੱਗੇ ਸਨ। ਲੜਾਈ ਬੰਦ ਹੋ ਗਈ, ਲਾਸ਼ਾ ਟਿਕਾਣੇ ਲਾਈਆਂ ਜਾਣ ਲੱਗੀਆਂ। ਕੁਝ ਲੋਕ ਆਪਣੇ ਗਹਿਣੇ ਕਪੜਿਆਂ ਦੀ ਜਾਂਚ ਕਰਨ ਆਪਣੇ ਘਰਾਂ ਨੂੰ ਚਲ ਪਏ ਕਿ ਕੀ ਬਚਿਆ ਹੈ ਅਤੇ ਕੀ ਕੁਝ ਲੁੱਟ ਲਿਆ ਗਿਆ ਹੈ।

ਸੇਵਾਦਾਰ ਅਤੇ ਨਿਹੰਗ ਸਿੰਘ ਗੁਰਦਵਾਰੇ ਨੂੰ ਸਾਫ਼ ਕਰਨ ਅਤੇ ਧੋਣ ਲੱਗ ਗਏ। ਓਧਰ ਸ਼ੇਖ ਦੇ ਹੁਕਮ ਨਾਲ ਮਸਜਿਦ ਵੀ ਬੁਹਾਰੀ-ਧੋਈ ਜਾਣ ਲੱਗੀ। ਦੋਵਾਂ ਧਰਮਾਂ ਦੇ ਲੋਕ ਆਪਣੇ ਆਪਣੇ ਧਰਮ ਅਸਥਾਨਾਂ ਨੂੰ ਧੋ ਕੇ ਸਾਫ ਕਰ ਰਹੇ ਸਨ।

ਜਿਸ ਜਿਸ ਪਿੰਡ ਉਤੇ ਹਵਾਈ ਜਹਾਜ ਉਡਦਾ ਗਿਆ, ਉਥੇ ਢੋਲ ਵਜਣੇ ਬੰਦ ਹੋ ਗਏ, ਨਾਰ੍ਹੇ ਲੱਗਣੇ ਬੰਦ ਹੋ ਗਏ। ਅੱਗਾਂ ਲੱਗਣੀਆਂ ਅਤੇ ਲੁੱਟ ਮਾਰ ਬੰਦ ਹੋ ਗਈ।

***

## ਉੱਨੀ

ਸ਼ਹਿਰ ਦੀ ਸੜਕ ਤੇ ਨਿਕਲਦੇ ਹੀ ਪਤਾ ਲੱਗ ਜਾਂਦਾ ਸੀ ਕਿ ਮਾਹੌਲ ਬਦਲ ਗਿਆ ਹੈ। ਮੁਹੱਲਾ ਕੁਤਬਦੀਨ ਦੀ ਮਸਜਿਦ ਸਾਹਮਣੇ, ਸੜਕੋਂ ਪਾਰ ਚਾਰ ਹਥਿਆਰ ਬੰਦ ਫੌਜੀ ਕੁਰਸੀਆਂ ਡਾਹੀ ਬੈਠੇ ਸਨ। ਸੜਕ ਤੇ ਚਲਦੇ ਹੋਏ ਹਰ ਚੌਂਕ ਤੇ ਦੋ ਤਿੰਨ ਫੌਜੀ ਬੰਦੂਕਾਂ ਨਾਲ ਲੈਸ, ਕਿਸੇ ਮਕਾਨ ਦੇ ਚਬੂਤਰੇ ਤੇ ਬੈਠੇ ਜਾਂ ਸੜਕ ਦੇ ਕਿਨਾਰੇ ਖਲੋਤੇ ਨਜ਼ਰ ਆ ਜਾਂਦੇ। ਸ਼ਹਿਰ ਵਿਚ ਫੌਜ ਤੈਨਾਤ ਕਰ ਦਿੱਤੀ ਗਈ ਸੀ। ਫ਼ਸਾਦਾਂ ਦੇ ਚੌਥੇ ਦਿਨ ਅਠਾਰਾਂ ਘੰਟੇ ਦਾ ਕਰਫਿਊ ਲਾ ਦਿੱਤਾ ਗਿਆ ਸੀ, ਪਰ ਅੱਜ ਪੰਜਵੇਂ ਦਿਨ ਕਰਫਿਊ ਦੀ ਮਿਆਦ ਕੇਵਲ ਬਾਰਾਂ ਘੰਟੇ ਕਰ ਦਿੱਤੀ ਗਈ ਸੀ। ਸ਼ਾਮ ਦੇ ਛੇ ਵਜੇ ਤੋਂ ਸਵੇਰੇ ਛੇ ਵਜੇ ਤੱਕ। ਕੰਨੋ ਕੰਨ ਖ਼ਬਰ ਫੈਲ ਚੁੱਕੀ ਸੀ ਕਿ ਬਖਤਰਬੰਦ ਗੱਡੀ ਵਿਚ ਸਿਟੀ ਮੈਜਿਸਟ੍ਰੇਟ ਅਤੇ ਡਿਪਟੀ ਕਮਿਸ਼ਨਰ ਵੀ ਹਥਿਆਰ ਬੰਦ ਸਿਪਾਹੀਆਂ ਨਾਲ ਸ਼ਹਿਰ ਦਾ ਦੌਰਾ ਕਰਦੇ ਹਨ। ਕਿਤੇ ਕਿਤੇ ਦੁਕਾਨਦਾਰ ਦੁਕਾਨ ਦਾ ਦਰਵਾਜ਼ਾ ਖੋਲ ਕੇ ਦੁਕਾਨਾਂ ਵਿਚ ਬੈਠਣ ਲੱਗੇ ਸਨ। ਵੱਡੀਆਂ ਸੜਕਾਂ ਤੇ ਘੋੜ ਸਵਾਰ ਪੁਲਿਸ ਦੇ ਦੋ ਦੋ ਸਿਪਾਹੀ ਲੱਕ ਵਿਚ ਪਿਸਤੌਲ ਲਟਕਾਈ ਪਲੇ ਹੋਏ ਆਲੀਸ਼ਾਨ ਘੋੜਿਆਂ ਤੇ ਜਗ੍ਹਾ ਜਗ੍ਹਾ ਗਸ਼ਤ ਕਰ ਰਹੇ ਸਨ। ਦਫ਼ਤਰ, ਸਕੂਲ, ਕਾਲਜ ਅਜੇ ਵੀ ਬੰਦ ਸਨ, ਗਲੀਆਂ ਦੇ ਹਨੇਰੇ ਹਿੱਸਿਆਂ ਵਿਚ ਜਾਂ ਨਾਕਿਆਂ ਤੇ ਅਜੇ ਵੀ ਗਿਣੇ ਚੁਣੇ ਲੋਕ ਬਰਛੇ ਭਾਲੇ ਚੁੱਕੀ ਅਤੇ ਮੁਸ਼ਕਾਂ ਬੰਨ੍ਹੀ ਚੋਰੀ ਛਿਪੇ ਬੈਠੇ ਦਿਖਾਈ ਦਿੰਦੇ ਸਨ। ਪਰ ਕਰਫਿਊ ਲੱਗ ਜਾਣ ਅਤੇ ਫੌਜ ਤੈਨਾਤ ਕਰ ਦੇਣ ਨਾਲ ਫਸਾਦ ਦੀ ਸਥਿਤੀ ਨਹੀਂ ਰਹੀ ਸੀ। ਲੋਕ ਬਾਹਰ ਨਿਕਲਣ ਲੱਗੇ ਸਨ। ਇਕ ਮੁਹੱਲੇ ਤੋਂ ਦੂਸਰੇ ਮੁਹੱਲੇ ਵਿਚ ਸੱਜੇ ਖੱਬੇ ਝਾਕਦੇ ਹੋਏ ਜਾਣ ਲੱਗੇ ਸਨ। ਖਬਰਾਂ ਦਾ ਰੁਖ ਬਦਲ ਗਿਆ ਸੀ। ਸੁਣਨ ਵਿਚ ਆ ਰਿਹਾ ਸੀ ਕਿ ਦੋ ਰਫਿਊਜ਼ੀ ਕੈਂਪ ਖੁਲ੍ਹਣ ਲੱਗੇ

ਹਨ ਜਿਨ੍ਹਾਂ ਵਿਚ ਵੀਰ ਪਿੰਡਾਂ ਤੋਂ ਆਉਣ ਵਾਲੇ ਲੋਕ ਠਹਿਰਾਏ ਜਾਣਗੇ, ਛਾਉਣੀ ਅਤੇ ਸ਼ਹਿਰ ਦੇ ਸਰਕਾਰੀ ਹਸਪਤਾਲਾ ਵਿਚ ਨਾ ਕੇਵਲ ਜਖਮੀਆਂ ਨੂੰ ਭਰਤੀ ਕੀਤਾ ਜਾਣ ਲੱਗਾ ਸੀ, ਸਗੋਂ ਮੁਰਦੇ ਵੀ ਚੁੱਕ ਚੁੱਕ ਕੇ ਇਕੱਠੇ ਕੀਤੇ ਜਾਣ ਲੱਗੇ ਸਨ। ਹਰ ਖ਼ਬਰ ਵਿਚ ਡਿਪਟੀ ਕਮਿਸ਼ਨਰ ਦਾ ਨਾਮ ਜ਼ਰੂਰ ਸੁਣਨ ਵਿਚ ਆਉਂਦਾ ਸੀ। ਪਾਈਪ ਮੂੰਹ ਵਿਚ ਲਾਈ ਉਹ ਹਰ ਸਥਾਨ ਤੇ ਮੌਜੂਦ ਸੀ। ਉਸ ਦੇ ਬਾਰੇ ਸਣਦੇ ਸਨ ਕਿ ਕਰਫਿਊ ਦੇ ਵਕਤ ਪਿੱਛੇ ਗਸਤ ਕਰਦੇ ਹੋਏ ਉਸਨੇ ਇਕ ਹਸਪਤਾਲ ਦੇ ਬਾਹਰ ਇਕ ਯੁਵਕ ਨੂੰ ਖਲੋਤੇ ਵੇਖਿਆ, ਦੋ ਵਾਰ ਉਸਨੂੰ ਲਲਕਾਰਿਆ ਅਤੇ ਫਿਰ ਗੋਲੀ ਨਾਲ ਉਡਾ ਦਿੱਤਾ। ਸਾਰੇ ਸ਼ਹਿਰ ਨੂੰ ਕੰਨ ਹੋ ਗਏ ਸਨ ਕਿ ਹੁਣ ਦੰਗਾ ਫ਼ਸਾਦ ਨਹੀਂ ਹੋ ਸਕਦਾ। ਕਾਂਗਰਸ ਵਲੋਂ ਇਕ ਸਕੂਲ ਅੰਦਰ ਰਿਲੀਫ਼ ਦਫ਼ਤਰ ਖੁਲ੍ਹਿਆ ਗਿਆ ਸੀ ਅਤੇ ਪਿੰਡਾਂ ਵਿੱਚੋਂ ਆਉਣ ਵਾਲੇ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ। ਉਥੇ ਵੀ ਡਿਪਟੀ ਕਮਿਸ਼ਨਰ ਤਿੰਨ ਵਿਚ ਹੋ ਆਇਆ ਸੀ। ਲੋਕ ਸੇਵੀ ਸੰਸਥਾਵਾਂ ਨਾਲ ਮਿਲ ਕੇ ਸਰਕਾਰ ਮਸਲਿਆਂ ਨੂੰ ਸੁਲਝਾਉਣਾ ਚਾਹੁੰਦੀ ਸੀ। ਸਰਕਾਰ ਦਾ ਰੁਝਾਨ ਵੇਖ ਕੇ ਲੋਕ ਸੇਵਕ ਸੰਸਥਾਵਾਂ ਦੇ ਨੇਤਾ ਬੜੀ ਪਹਿਲਕਦਮੀ ਵਿਖਾਉਣ ਲੱਗੇ ਸਨ, ਓਧਰ ਸਰਕਾਰੀ ਅਫਸਰਾਂ ਵਿਚ ਚੁਸਤੀ ਆ ਗਈ ਸੀ। ਇੱਥੋਂ ਤਕ ਕਿ ਸਿਆਸੀ ਹਲਕਿਆਂ ਵਿਚ ਵੀ ਡਿਪਟੀ ਕਮਿਸ਼ਨਰ ਬਾਰੇ ਰਾਏ ਬਦਲਣ ਲੱਗੀ ਸੀ। ਭਾਵੇਂ ਡਿਪਟੀ ਕਮਿਸ਼ਨਰ ਸਾਮਰਾਜਵਾਦੀ ਮਸ਼ੀਨ ਦਾ ਪੁਰਜਾ ਹੋਵੇ ਪਰ ਇਹ ਡਿਪਟੀ ਕਮਿਸ਼ਨਰ ਕੇਵਲ ਪੁਰਜਾ ਨਹੀਂ ਹੈ। ਇਹ ਬੜੀ ਸੂਝ ਵਾਲਾ ਅਤੇ ਹਮਦਰਦ ਆਦਮੀ ਹੈ। ਉਸੇ ਸ਼ਾਮ ਜਦ ਡਿਪਟੀ ਕਮਿਸ਼ਨਰ ਨੇ ਹਸਪਤਾਲ ਦੇ ਬਾਹਰ ਇਕ ਆਦਮੀ ਨੂੰ ਗੋਲੀ ਮਾਰੀ ਸੀ ਤਾਂ ਉਹ ਇੰਨਾ ਬੱਚੈਨ ਹੋ ਉਠਿਆ ਸੀ ਕਿ ਉਹ ਰਾਤ ਭਰ ਸੌਂ ਨਹੀਂ ਸਕਿਆ। ਪ੍ਰੋਫੈਸਰ ਰਘੂਨਾਥ ਦਾ ਤਾਂ ਕਹਿਣਾ ਸੀ ਕਿ ਇਹ ਆਦਮੀ ਅਸਲ ਵਿਚ ਪ੍ਰਸ਼ਾਸਨ ਦੇ ਕੰਮ ਲਈ ਬਣਿਆ ਹੀ ਨਹੀਂ ਹੈ, ਉਹ ਤਾਂ ਕੋਮਲ ਅਨੁਭੂਤੀਆਂ ਵਾਲਾ ਕਿਤਾਬੀ ਆਦਮੀ ਹੈ, ਜਿਸਨੂੰ ਬ੍ਰਿਟਿਸ਼ ਸਰਕਾਰ ਨੇ ਇਸ ਕੰਮ

ਤੇ ਲਾ ਕੇ ਉਸਦੇ ਨਾਲ ਬੜਾ ਅਨਿਆਇ ਕੀਤਾ ਹੈ। ਹਾਂ, ਕੁਝ ਸਿਆਸੀ ਲੋਕ ਅਜੇ ਵੀ ਉਸਨੂੰ ਗਾਲ੍ਹਾਂ ਕੱਢ ਰਹੇ ਸਨ ਕਿ ਇਹ ਸਭ ਇਸੇ ਦਾ ਕੀਤਾ ਕਰਾਇਆ ਹੈ।

ਦੌਰੇ ਤੇ ਨਿਕਲੇ ਰਿਚਰਡ ਦੀ ਜੀਪ ਹੈਲਥ ਅਫ਼ਸਰ ਦੇ ਘਰ ਸਾਹਮਣੇ ਰੁਕੀ। ਹੈਲਥ ਅਫ਼ਸਰ ਨੂੰ ਟੈਲੀਫ਼ੋਨ ਤੇ ਖ਼ਬਰ ਦੇ ਦਿੱਤੀ ਗਈ ਸੀ ਕਿ ਸਾਹਿਬ ਆ ਰਹੇ ਹਨ ਅਤੇ ਖ਼ਬਰ ਪ੍ਰਾਪਤ ਕਰਕੇ ਉਹ ਖੁਸ਼ੀ ਵਿਚ ਫੁਲਿਆ ਨਹੀਂ ਸਮਾਂ ਰਿਹਾ ਸੀ। ਅਤੇ ਹੈਲਥ ਅਫਸਰ ਨੇ ਜਾਣ ਬੁਝ ਕੇ ਕੋਟ ਪੈਂਟ ਦੇ ਸਥਾਨ ਤੇ ਦੇਸੀ ਪੋਸ਼ਾਕ-ਸਿਲਕ ਦਾ ਕੁੜਤਾ ਅਤੇ ਹੇਠਾਂ ਸਰਸਰਾਉਂਦੀ ਪੰਜਾਬੀ ਸਲਵਾਰ ਅਤੇ ਪਸ਼ੌਰੀ ਜੁੱਤੀ ਪਹਿਨੀ ਹੋਈ ਸੀ। ਉਸਦੀ ਪਤਨੀ ਨੇ ਚਾਹ ਕਾਫ਼ੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸਾਹਿਬ ਦੇ ਅੰਦਰ ਆਉਂਣ ਤੇ ਪਾਈਪ ਦੇ ਤੰਬਾਕੂ ਦੀ ਮਹਿਕ ਸਾਰੇ ਵਿਹੜੇ ਵਿਚ ਫੈਲ ਗਈ। ਪਰ ਡਿਪਟੀ ਕਮਿਸ਼ਨਰ ਨੇ ਨਾ ਚਾਹ ਪੀਤੀ ਨਾ ਕਾਫ਼ੀ। ਲਗਭਗ ਪੰਜ ਮਿੰਟ ਖਲੋਤੇ ਖਲੋਤੇ ਹੀ ਗੱਲਬਾਤ ਕੀਤੀ। ਹੈਲਥ ਅਫ਼ਸਰ ਨਾਲ ਹੱਥ ਮਿਲਾਉਂਦੇ ਹੀ ਬੋਲਿਆ :

"ਨਾਈਸ! ਵੈਰੀ ਨਾਈਸ! ਤੁਹਾਨੂੰ ਇਨ੍ਹਾਂ ਦਿਨਾਂ ਵਿਚ ਵੀ ਆਪਣੀ ਪੋਸ਼ਾਕ ਦਾ ਖੂਬ ਖਿਆਲ ਰਹਿੰਦਾ ਹੈ। ਦੇਸੀ ਪੁਸ਼ਾਕ ਤੈਨੂੰ ਬਹੁਤ ਫਬਦੀ ਹੈ।"

ਫਿਰ ਹੈਲਥ ਅਫਸਰ ਦੀ ਪਤਨੀ ਨਾਲ ਹੱਥ ਮਿਲਾਉਂਦਾ ਹੱਦਿਆ ਬੋਲਿਆ:

ਕੀ ਤੁਹਾਡਾ ਅਜੇ ਦਿਨ ਨਹੀਂ ਚੜ੍ਹਿਆ?" ਕਿਉਂਕਿ ਹੈਲਥ ਅਫਸਰ ਦੀ ਪਤਨੀ ਅਤੇ ਡ੍ਰੈਸਿੰਗ ਗਾਊਨ ਵਿਚ ਸੀ।

ਫਿਰ ਹੈਲਥ ਅਫਸਰ ਨੂੰ ਮੁਖਾਤਬ ਕਰਕੇ ਬੋਲਿਆ :

''ਰਿਫਊਜੀ ਕੈਂਪਾਂ ਵਿਚ ਪਾਣੀ ਦਾ ਬੰਦੋਬਸਤ ਇਕ ਵਾਰ ਫਿਰ ਵੇਖ ਲੈਣਾ ਹੋਵੇਗਾ "

ਡਿਪਟੀ ਕਮਿਸ਼ਨਰ ਨੇ ਇਸ ਲਹਿਜੇ ਨਾਲ ਕਿਹਾ ਜਿਵੇਂ ਆਪਣੇ ਆਪ ਨਾਲ ਗੱਲ ਕਰ ਰਿਹਾ ਹੋਵੇ। ''ਅਤੇ ਪਾਣੀ ਕੱਢਣ ਵਾਲੀਆਂ ਨਾਲੀਆਂ ਅਜੇ ਤਕ

ਨਹੀਂ ਖੋਦੀਆਂ ਗਈਆਂ।" ਉਸਨੇ ਸਿਰ ਹਿਲਾਉਂਦੇ ਹੋਏ ਮੁਸਕਰਾ ਕੇ ਕਿਹਾ, "ਮੁਸਕਰਾਹਟ ਦਾ ਮਤਲਬ ਸੀ, ਯਾਦ ਦਵਾਉਣਾ, ਕਿ ਦੋ ਦਿਨ ਪਹਿਲਾਂ ਕਿਹਾ ਹੋਇਆ ਕੰਮ ਅਜੇ ਤੱਕ ਨਹੀਂ ਹੋਇਆ ਹੈ।"

"ਮੈਂ ਇੰਤਜ਼ਾਮ ਕਰ ਦਿੱਤਾ ਹੈ, ਅੱਜ ਤੋਂ ਕੰਮ ਸ਼ੁਰੂ ਹੋ ਜਾਵੇਗਾ।" 'ਗੁਡ ਡਿਪਟੀ ਕਮਿਸ਼ਨਰ ਨੇ ਕਿਹਾ ਅਤੇ ਫਿਰ ਮੁਸਕਰਾਇਆ, "ਜਿਸ ਪਿੰਡ ਵਿਚ ਔਰਤਾਂ ਤੇ ਬੱਚਿਆਂ ਨੇ ਖੂਹ ਵਿਚ ਛਾਲਾਂ ਮਾਰੀਆਂ ਹਨ, ਉਥੇ ਬੀਮਾਰੀ ਫੈਲਣ ਦਾ ਡਰ ਹੈ। ਉਥੇ ਤੁਹਾਨੂੰ ਜਾਣਾ ਚਾਹੀਦਾ ਹੈ।"

ਹੈਲਥ ਅਫ਼ਸਰ ਨੇ ਕੰਨ ਖੜ੍ਹੇ ਹੋ ਗਏ। ਪਿੰਡਾਂ ਤੋਂ ਲੋਕ ਭੱਜ ਭੱਜ ਕੇ ਸ਼ਹਿਰ ਵਿਚ ਆ ਰਹੇ ਹਨ, ਮੈਂ ਉਥੇ ਕੀ ਕਰਨ ਜਾਵਾਂਗਾ ? ਪਰ ਡਿਪਟੀ ਕਮਿਸ਼ਨਰ ਨੂੰ ਹਰ ਗੱਲ ਦਾ ਧਿਆਨ ਸੀ।

''ਅੱਜ ਤੀਸਰਾ ਦਿਨ ਹੈ, ਉਥੇ ਲਾਸ਼ਾਂ ਫੁਲ ਫੁਲ ਕੇ ਗਲਣ ਲੱਗੀਆਂ ਹੋਣਗੀਆਂ। ਖੂਹ ਵਿਚ ਵਰਨ ਡਿਸਇਨਫੈਕਟ ਪਾਉਣਾ ਹੋਵੇਗਾ ਤਾਂਕਿ ਕੋਈ ਬੀਮਾਰੀ ਨਾ ਫੈਲੇ। ਕਲ੍ਹ ਸਵੇਰੇ ਤੁਸੀਂ ਜਾਓ। ਬੱਸ ਦਾ ਇੰਤਜ਼ਾਮ ਮੈਂ ਕਰ ਦਿੱਤਾ ਹੈ। ਦੋ ਹਥਿਆਰ ਬੰਦ ਸਿਪਾਹੀ ਤੁਹਾਡੇ ਨਾਲ ਜਾਣਗੇ। ਡਰਨ ਵਾਲੀ ਕੋਈ ਗੱਲ ਨਹੀਂ ਹੈ।"

ਡਿਪਟੀ ਕਮਿਸ਼ਨਰ ਦਾ ਹੱਥ ਨਾ ਕੇਵਲ ਸ਼ਹਿਰ ਦੀ ਨਬਜ਼ ਤੇ ਸੀ ਸਗੋਂ ਜ਼ਿਲੇ ਭਰ ਦੀ ਨਬਜ਼ ਤੇ ਸੀ।

ਹੈਲਥ ਅਫ਼ਸਰ ਦੀ ਪਤਨੀ ਇਸ ਦੌਰਾਨ ਕੱਪੜੇ ਬਦਲ ਕੇ ਜੂੜਾ ਬਣਾ ਕੇ ਚੁਸਤ-ਦਰੁਸਤ ਬਣ ਕੇ ਆ ਗਈ ਸੀ। ਉਸਨੇ ਚਾਹ ਕਾਫ਼ੀ ਲਈ ਫਿਰ ਬੇਨਤੀ ਕੀਤੀ ਤਾਂ ਡਿਧਟੀ ਕਮਿਸ਼ਨਰ ਫਿਰ ਮੁਸਕਰਾ ਪਿਆ :

''ਦੇਅਰ ਵਿਲ ਬੀ ਟਾਈਮ ਫਾਰ ਟੀ: ਮਿਸਿਜ਼ ਕਪੂਰ, ਬਟ ਨਾਟ ਨੋ, ਥੈਂਕ ਯੂ !" ਫਿਰ ਉਸੇ ਤਰ੍ਹਾਂ ਆਪਣੇ ਪਨ ਦੀ ਆਵਾਜ਼ ਵਿਚ ਬੋਲਿਆ "ਵੈਲ ! ਤੁਹਾਨੂੰ ਵੀ

ਥੋੜ੍ਹੀ ਜਿਹੀ ਮਦਦ ਕਰਨੀ ਪਵੇਗੀ। ਰਿਫਿਊਜੀ ਕੈਂਪ ਵਿਚ ਦੋ ਹਜ਼ਾਰ ਮੰਜੀਆਂ ਤਾਂ ਅੱਜ ਪਹੁੰਚ ਜਾਣਗੀਆਂ, ਪਰ ਕੱਪੜਿਆਂ ਵਗੈਰਾ ਦਾ ਥੋੜ੍ਹਾ ਜਿਹਾ ਇੰਤਜ਼ਾਮ ਕਰਨਾ ਜ਼ਰੂਰੀ ਹੈ। ਇਕ ਛੋਟੀ ਜਿਹੀ ਇਸਰੀਆਂ ਦੀ ਰੀਲੀਫ਼ ਕਮੇਟੀ ਬਣ ਜਾਵੇ ਤਾਂ ਚੰਗਾ ਕੰਮ ਹੋ ਸਕਦਾ ਹੈ।" ਅਤੇ ਰਿਚਰਡ ਨੇ ਫਿਰ ਮੁਸਕਰਾ ਕੇ ਸਿਰ ਹਿਲਾ ਦਿੱਤਾ।

ਰਿਚਰਡ ਵਿਚ ਇਹ ਬੜਾ ਗੁਣ ਸੀ। ਉਹ ਗੱਲ ਇਸ ਢੰਗ ਨਾਲ ਕਰਦਾ ਕਿ ਲੱਗਦਾ ਕਿ ਕੋਈ ਮਸਲਾ ਮਸ਼ਵਰੇ ਲਈ ਉਠ ਰਿਹਾ ਹੈ, ਪਰ ਅਸਲ ਵਿਚ ਇਹ ਹੁਕਮ ਹੁੰਦਾ। ਹੈਲਥ ਅਫਸਰ ਦੀ ਪਤਨੀ ਫੂਲੀ ਨਾ ਸਮਾਈ। ਡਿਪਟੀ ਕਮਿਸ਼ਨਰ ਦੀ ਪਤਨੀ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ, ਇਸ ਤੋਂ ਵੱਧ ਕੇ ਹੋਰ ਕੀ ਚਾਹੀਦਾ ਹੈ। ਪਰ ਇਸ ਤੋਂ ਪਹਿਲਾਂ ਕਿ ਉਹ ਕੋਈ ਜਵਾਬ ਦੇਵੇ, ਰਿਚਰਡ ਹੈਲਥ ਅਫਸਰ ਨੂੰ ਨਾਲ ਲਈ ਡਿਊਢੀ ਲੰਘ ਕੇ ਬਾਹਰ ਜਾ ਚੁੱਕਾ ਸੀ।

ਮੁਰਦਿਆਂ ਨੂੰ ਸਾੜਨ ਬਾਰੇ ਤੁਸੀਂ ਕੀ ਸੋਚਦੇ ਹੋ ? ਮੈਂ ਸਮਝਦਾ ਹਾਂ ਇਹ ਕੰਮ ਮਿਉਂਸਪਲ ਕਮੇਟੀ ਵਲੋਂ ਕੀਤਾ ਜਾਣਾ ਚਾਹੀਦਾ ਹੈ, ਅਤੇ ਆਮ ਲੋਕਾਂ ਨੂੰ ਇਸਦੀ ਖ਼ਬਰ ਦੇਣਾ ਜ਼ਰੂਰੀ ਨਹੀਂ ਹੈ, ਇਸ ਨਾਲ ਤਨਾਓ ਫਿਰ ਵੱਧ ਸਕਦਾ ਹੈ।

ਹੈਲਥ ਅਫਸਰ ਸੋ ਫੀਸਦੀ ਸਹਿਮਤ ਸੀ।

''ਪਹਿਲਾਂ ਤੋਂ ਹੀ ਇਹ ਇਉਂ ਹੀ ਕੀਤਾ ਗਿਆ ਹੈ। ਟੋਇਆਂ ਵਿਚ ਸੁਟੋ ਅਤੇ ਸਾੜ ਦਿਓ, ਹੁਣ ਇਕ ਇਕ ਅਰਥੀ ਨੂੰ ਚੁੱਕਣ ਲੱਗੀਏ ਤਾਂ ਤਨਾਓ ਵਧੇਗਾ।" ਹੈਲਥ ਅਫ਼ਸਰ ਨੇ ਡਿਪਟੀ ਕਮਿਸ਼ਨਰ ਦੀ ਹਾਂ ਵਿਚ ਹਾਂ ਮਿਲਾਉ ਦੇ ਹੋਏ ਕਿਹਾ ਫਿਰ ਹੌਲੀ ਜਿਹੀ ਬੜਬੜਾਇਆ, "ਪਹਿਲਾਂ ਇਕ ਦੂਸਰੇ ਨੂੰ ਵੱਢਦੇ ਮਾਰਦੇ ਹਨ ਫਿਰ ਸਰਕਾਰ ਕੋਲੋਂ ਇਸ ਗੱਲ ਦੀ ਆਸ਼ਾ ਵੀ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੇ ਮੁਰਦਿਆਂ ਨੂੰ ਟਿਕਾਣੇ ਵੀ ਲਾਏ।"

ਡਿਪਟੀ ਕਮਿਸ਼ਨਰ ਨੇ ਤਿਰਛੀਆਂ ਨਿਗਾਹਾਂ ਨਾਲ ਹੈਲਥ ਅਫਸਰ ਵੱਲ ਵੇਖਿਆ। ਖਿਣ ਭਰ ਲਈ ਉਹ ਠਿਠਕ ਜਿਹਾ ਗਿਆ, ਫਿਰ ਮੁਸਕਰਾ ਪਿਆ, ਵੈਲ,

ਲੈਟਸ ਗੈਟ ਗੋਇੰਗ। ਨੋ ਟਾਈਮ ਟੂ ਵੇਸਟ। ਅਤੇ ਸਿਰ ਹਿਲਾ ਕੇ ਜੀਪ ਵਿਚ ਸਵਾਰ ਹੋ ਗਿਆ।

ਦਸ ਮਿੰਟ ਪਿੱਛੋਂ ਉਹ ਰਿਲੀਫ ਕਮੇਟੀ ਦੇ ਦਫ਼ਤਰ ਵਿਚ, ਜਿੱਥੇ ਸ਼ਹਿਰ ਦੇ ਗਿਣੇ-ਚੁਣੇ ਲੋਕ ਇਕੱਠੇ ਹੋਏ ਸਨ, ਸਰਕਾਰ ਦੀ ਰਿਲੀਫ਼ ਸਬੰਧੀ ਯੋਜਨਾ ਦਾ ਬਿਓਰਾ ਦੇ ਰਿਹਾ ਸੀ :

"ਬਜ਼ਾਰ ਖੁਲ੍ਹ ਗਏ ਹਨ। ਕੋਲੇ ਦੀਆਂ ਚਾਰ ਵੈਗਨਾਂ ਰੇਲਵੇ ਸਟੇਸ਼ਨ ਤੇ ਮੌਜੂਦ ਹਨ, ਦਸ ਵੈਗਨਾਂ ਮੰਗਲਵਾਰ ਤਕ ਪਹੁੰਚ ਜਾਣਗੀਆਂ। ਅਜੇ ਕੁਝ ਦਿਨ ਸ਼ਾਮ ਦੇ ਛੇ ਵਜੇ ਤੋਂ ਸਵੇਰ ਦੇ ਛੇ ਵਜੇ ਤਕ ਕਰਫਿਊ ਜਾਰੀ ਰਹੇਗਾ। ਨਾਲ ਹੀ ਫੌਜ ਵੀ ਤੈਨਾਤ ਰਹੇਗੀ ਅਤੇ ਪੁਲਿਸ ਦੀ ਗਸਤ ਵੀ ਜਾਰੀ ਰਹੇਗੀ। ਸ਼ਹਿਰ ਵਿਚੋਂ ਲਾਸਾਂ ਉਠਵਾ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਦਾ ਅੰਤਮ ਸੰਸਕਾਰ ਵੀ ਸਰਕਾਰ ਖੁਦ ਕਰੇਗੀ। ਪੋਸਟ ਆਫਿਸ ਅੱਜ ਦੁਪਹਿਰ ਨੂੰ ਖੁਲ੍ਹ ਜਾਣਗੇ, ਪਰ ਪਿਛਲੀ ਭਾਵ ਨੂੰ ਵੰਡਣ ਦਾ ਕੰਮ ਹੱਥ ਵਿਚ ਨਹੀਂ ਲਿਆ ਜਾ ਸਕਦਾ, ਵੱਡੇ ਪੋਸਟ ਵਿਚ ਸਾਰੀ ਡਾਕ ਬਾਹਤ ਰੱਖ ਦਿੱਤੀ ਗਈ ਹੈ, ਹਾਂ ਰਜਿਸਟਰੀ, ਚਿੱਠੀਆਂ ਅਤੇ ਪੈਕਟ ਵੰਡੇ ਜਾਣਗੇ।" ਬੋਲਦੇ ਸਮੇਂ ਕਿਸੇ ਕਿਸੇ ਵੇਲੇ ਰਿਚਰਡ ਦਾ ਚਿਹਰਾ ਲਾਲ ਹੋ ਜਾਂਦਾ ਅਤੇ ਉਸਦਾ ਹੋਂਠ ਥਰਥਰਾ ਜਾਂਦੇ ਜਿਵੇਂ ਉਸਨੂੰ ਭਾਸ਼ਨ ਦੇਣ ਦਾ ਅਭਿਆਸ ਨਾ ਹੋਵੇ, ਪਰ ਕੋਈ ਵੀ ਵਾਕ ਕੋਈ ਵੀ ਸ਼ਬਦ ਗੈਰ ਜਰੂਰੀ ਨਹੀਂ ਹੁੰਦਾ ਸੀ।

''ਰਿਫਿਊਜੀ ਕੈਂਪਾਂ ਵਿਚ ਅਸੀਂ ਚਾਹਵਾਂਗੇ ਕਿ ਪਬਲਿਕ ਸੰਸਥਾਵਾਂ ਸਰਕਾਰ ਨੂੰ ਸਹਿਯੋਗ ਦੇਣ। ਰਾਸ਼ਨ ਦੀ ਸਪਲਾਈ ਦਾ ਇੰਤਜ਼ਾਮ ਕਰ ਦਿੱਤਾ ਗਿਆ ਹੈ, ਟੈਂਟ ਲਾ ਦਿੱਤੇ ਗਏ ਹਨ। ਸਾਨੂੰ ਕੁਝ ਡਾਕਟਰਾਂ ਦੀ ਲੋੜ ਹੋਵੇਗੀ, ਬਹੁਤ ਸਾਰੇ ਵਾਲੰਟੀਅਰਾਂ ਦੀ ਵੀ ਜੋ ਰਿਫਿਊਜ਼ੀਆ ਦੀ ਦੇਖਭਾਲ ਵਿਚ ਮਦਦ ਦੇ ਸਕਣ।"

ਬੋਲਦੇ ਸਮੇਂ ਰਿਚਰਡ ਨੇ ਤੇਜ਼ ਨਜ਼ਰ ਨਾਲ ਸਭਾ ਵਿਚ ਬੈਠੇ ਅਨੇਕ ਵਿਅਕਤੀਆਂ ਨੂੰ ਪਛਾਣ ਲਿਆ ਸੀ ਅਤੇ ਉਨ੍ਹਾਂ ਦਾ ਰੁਖ ਵੀ ਭਾਂਪ ਲਿਆ ਸੀ।

ਦਹਿਲੀਜ਼ ਦੇ ਕੋਲ ਮਨੋਹਰ ਲਾਲ ਖਲੋਤਾ ਸੀ, ਕਾਲਾ, ਮੋਟਾ ਮਨੋਹਰ ਲਾਲ, ਉਂਜ ਹੀ ਵਿਅੰਗਪੂਰਣ ਅੰਦਾਜ਼ ਵਿਚ, ਬਾਹਵਾਂ ਛਾਤੀ ਤੇ ਲਪੇਟੇ ਖਲੋਤਾ ਮੁਸਕਰਾਈ ਜਾ ਰਿਹਾ ਸੀ ਅਤੇ ਡਿਪਟੀ ਕਮਿਸ਼ਨਰ ਦੇ ਇਕ ਇਕ ਵਾਕ ਤੇ ਨੱਕ ਮੂੰਹ ਚੜ੍ਹਾ ਰਿਹਾ ਸੀ। ਇਹ ਉਹ ਆਦਮੀ ਸੀ ਜੋ ਫ਼ਸਾਦਾਂ ਤੋਂ ਪਹਿਲਾਂ ਬਲਵਾਈਆ ਦੇ ਵਫਦ ਨਾਲ ਆਇਆ ਸੀ ਅਤੇ ਰਿਚਰਡ ਦੇ ਦਫਤਰ ਦੇ ਬਾਹਰ ਉੱਚੀ ਉੱਚੀ ਬੋਲਦਾ ਰਿਹਾ ਸੀ। ਰਿਚਰਡ ਦੀ ਨਜ਼ਰ ਵਿਚ ਇਹ ਆਦਮੀ ਇੱਥੇ ਵੀ ਬਕਵਾਸ ਕਰ ਸਕਦਾ ਸੀ ਦੂਸਰਾ ਆਦਮੀ ਦੇਵਦੱਤ ਕੋਮਨਿਸਟ ਸੀ। ਪਿਛਲੇ ਇਕ ਸਾਲ ਵਿਚ ਰਿਚਰਡ ਉਸਨੂੰ ਦੋ ਵਾਰ ਤਿੰਨ ਤਿੰਨ ਮਹੀਨੇ ਲਈ ਜੇਲ੍ਹ ਭੇਜ ਚੁੱਕਾ ਸੀ। ਇਹ ਆਦਮੀ ਫ਼ਸਾਦ ਤੋਂ ਪਹਿਲਾਂ ਅਤੇ ਫ਼ਸਾਦ ਦੇ ਦਿਨਾਂ ਵਿਚ ਵੀ ਫ਼ਸਾਦ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ ਸੀ, ਕਾਂਗਰਸ ਅਤੇ ਮੁਸਲਿਮ ਲੀਗ ਦੇ ਨੇਤਾਵਾਂ ਨੂੰ ਇਕੱਠੇ ਮਿਲ ਬੈਠਣ ਅਤੇ ਸ਼ਹਿਰ ਵਿਚ ਅਮਨ ਬਣਾਈ ਰੱਖਣ ਲਈ ਪ੍ਰੇਰਤ ਕਰਦਾ ਰਿਹਾ ਸੀ। ਇਸ ਦੀ ਨਜ਼ਰ ਅਜੇ ਵੀ ਅਮਨ ਤੇ ਹੀ ਸੀ ਅਤੇ ਇਸ ਸਮੇਂ ਵੀ ਇਹ ਇਸ ਤੋਂ ਸਿਵਾ ਕੋਈ ਗੱਲ ਨਹੀਂ ਕਰੇਗਾ। ਦਫ਼ਤਰ ਵਿਚ ਕਾਂਗਰਸੀ ਕਾਰਜ ਕਰਤਾ ਬਖਸ਼ੀ ਜੀ ਅਤੇ ਅਨੇਕ ਹੋਰ ਆਦਮੀ ਸਨ, ਜਿਨ੍ਹਾਂ ਨੂੰ ਉਹ ਜਾਣਦਾ ਸੀ, ਬਹੁਤ ਸਾਰੇ ਵਕੀਲ ਸਨ, ਜਿਨ੍ਹਾਂ ਨੂੰ ਉਹ ਪਛਾਣਦਾ ਸੀ। ਇਸੇ ਮਜਲਿਸ ਵਿਚ ਇਕ ਹੋਰ ਆਦਮੀ ਵੀ ਸੀ ਜੋ ਕਾਂਗਰਸ ਵਿਚ ਸੀ, ਸੋਸ਼ਲਿਸਟ ਪਾਰਟੀ ਵਿਚ ਵੀ ਸੀ ਅਤੇ ਸੀ.ਆਈ.ਡੀ. (ਖੁਫੀਆ ਪੁਲਿਸ) ਵਿਚ ਵੀ ਸੀ। ਇਹ ਆਦਮੀ ਗੜਬੜ ਵੀ ਕਰ ਸਕਦਾ ਹੈ, ਮੀਟਿੰਗ ਵਿਚੋ ਵੀ ਨਾਹਰੇ ਲਾਉਂਦਾ ਹੋਇਆ ਵਾਕ ਆਊਟ ਕਰ ਸਕਦਾ ਹੈ, ਸਰਕਾਰ ਨੂੰ ਗਾਲ੍ਹਾਂ ਵੀ ਕੱਢ ਸਕਦਾ ਹੈ।

ਪਰ ਰਿਚਰਡ ਨੇ ਸਿੱਧੀ ਲਾਈਨ ਫੜੀ, ਸ਼ਹਿਰ ਦੀ ਸਥਿਤੀ ਤੇ ਚਰਚਾ ਹੋਣ ਹੀ ਨਹੀਂ ਦਿੱਤੀ, ਆਪਣੇ ਸੁਝਾਓ ਦਿੱਤੇ ਅਤੇ ਬੈਠ ਗਿਆ।

ਅਜੇ ਰਿਚਰਡ ਦੇ ਬੈਠਣ ਦੀ ਦੇਰ ਸੀ ਕਿ ਲਾਲਾ ਲਕਸ਼ਮੀ ਨਾਰਾਇਣ ਉਠ ਖਲੋਤਾ:"

ਅਸੀਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਯਕੀਨ ਦਵਾਉਂਦੇ ਹਾਂ ਕਿ ਸ਼ਹਿਰ ਦੀ ਜਨਤਾ ਅਤੇ ਸ਼ਹਿਰ ਦੀਆਂ ਸਭ ਸੰਸਥਾਵਾਂ ਸਰਕਾਰ ਨੂੰ ਪੂਰਾ ਪੂਰਾ ਸਹਿਯੋਗ ਦੇਣਗੀਆਂ। ਸਾਡੀ ਖੁਸ਼ਕਿਸਮਤੀ ਹੈ ਕਿ ਇੰਨਾ ਯੋਗ, ਇੰਨਾ ਹਮਦਰਦ, ਹਾਕਮ ਇਸ ਜ਼ਿਲ੍ਹੇ ਵਿਚ ਮੌਜੂਦ ਹੈ।"

ਇਸ ਤੇ ਰਿਚਰਡ ਉੱਠ ਖਲੋਤਾ, ਰਿਲੀਫ਼ ਕਮੇਟੀ ਦੇ ਕਾਰਜ ਕਰਤਾਵਾਂ ਤੋਂ ਛੁੱਟੀ ਲਈ ਅਤੇ ਬਾਹਰ ਨਿਕਲ ਗਿਆ। ਲਕਸ਼ਮੀ ਨਾਰਾਇਣ ਅਤੇ ਕੁਝ ਵਕੀਲ ਭੱਜਦੇ ਹੋਏ ਕਮਰੇ ਤੋਂ ਉਸਨੂੰ ਜੀਪ ਤਕ ਛੱਡਣ ਗਏ। ਮੀਟਿੰਗ ਪੰਦਰਾਂ ਮਿੰਟ ਵਿਚ ਖ਼ਤਮ ਹੋ ਗਈ। ਪਰ ਤਦੇ ਪਿੱਛਿਓਂ ਦਰਵਾਜ਼ੇ ਵਲੋਂ ਅਚਾਨਕ ਆਵਾਜ਼ ਆਈ :

"ਇੱਥੇ ਸਭ ਟੋਡੀ ਇਕੱਠੇ ਹੋਏ ਹਨ, ਸਰਕਾਰ ਦੀ ਚਾਪਲੂਸੀ ਕਰਨ ਵਾਲੇ। ਅਸੀਂ ਕਿਸੇ ਤੋਂ ਡਰਦੇ ਨਹੀਂ ਹਾਂ, ਸਾਫ਼ ਗੱਲ ਮੂੰਹ ਤੇ ਕਹਿੰਦੇ ਹਾਂ। ਇਨ੍ਹਾਂ ਫਸਾਦਾਂ ਲਈ ਜ਼ਿੰਮੇਦਾਰ ਕੌਣ ਹੈ ? ਸਰਕਾਰ ਉਸ ਵੇਲੇ ਕਿੱਥੇ ਸੀ ਜਦੋਂ ਸ਼ਹਿਰ ਵਿਚ ਤਨਾਓ ਵੱਧ ਰਿਹਾ ਸੀ, ਹੁਣ ਕਰਫਿਊ ਲਾਇਆ ਗਿਆ ਹੈ, ਉਸ ਵੇਲੇ ਕਿਉਂ ਨਹੀਂ ਲਾਇਆ ਗਿਆ? ਉਸ ਵੇਲੇ ਸਾਹਿਬ ਬਹਾਦਰ ਕਿੱਥੇ ਸਨ? ਅਸੀਂ ਕਿਸੇ ਤੋਂ ਡਰਦੇ ਨਹੀਂ ਹਾਂ, ਸਾਫ਼ ਗੱਲ ਮੂੰਹ ਤੇ ਕਹਿੰਦੇ ਹਾਂ——" ਮਨੋਹਰ ਲਾਲ ਬੋਲੀ ਜਾ ਰਿਹਾ ਸੀ।

ਪਰ ਉਸ ਵੇਲੇ ਤਕ ਜੀਪ ਜਾ ਚੁਕੀ ਸੀ।

"ਬਸ ਬਸ ਹੁਣ ਇਹ ਗੱਲਾਂ ਇੱਥੇ ਉਠਾਉਣ ਦੀ ਲੋੜ ਨਹੀਂ ਹੈ।" ਰਿਲੀਫ ਕਮੇਟੀ ਦੇ ਕਾਰਕੁੰਨ ਉੱਠਣ ਲੱਗੇ ਸਨ ਜਦ ਇਕ ਆਦਮੀ ਨੇ ਉਨ੍ਹਾਂ ਕੋਲੋਂ ਲੰਘਦੇ ਹੋਏ ਕਿਹਾ :

"ਕੱਢ ਲਓ ਗਾਲ੍ਹਾਂ ਸਰਕਾਰ ਨੂੰ, ਕੀ ਬਣਾ ਲਉਗੇ ? ਇਸ ਵੇਲੇ ਸਰਕਾਰ ਨੂੰ ਗਾਲ੍ਹਾ ਕੱਢ ਕੇ ਤੁਹਾਨੂੰ ਕੀ ਮਿਲ ਜਾਵੇਗਾ ?”

"ਓ ਬਖਸ਼ੀ ਜੀ ਤੁਸੀਂ ਵੀ ਅਜਿਹੀਆਂ ਗੱਲਾਂ ਕਹਿੰਦੇ ਹੋ? ਤੁਸੀਂ ਜਾ ਕੇ ਚਰਖਾ ਕੱਤੋ ਜਾਂ ਗਲੀਆਂ ਸਾਫ਼ ਕਰੋ। ਸਿਆਸਤ ਤੁਹਾਡੇ ਵੱਸ ਦਾ ਰੋਗ ਨਹੀਂ ਹੈ।"

"ਤੂੰ ਇੰਨਾ ਚਿਲਾਉਂਦਾ ਕਿਉਂ ਹੈਂ ? ਕੀ ਮੈਨੂੰ ਨਹੀਂ ਪਤਾ ਕਿ ਫ਼ਸਾਦ ਅੰਗਰੇਜ਼ ਕਰਵਾਉਂਦਾ ਹੈ, ਗਾਂਧੀ ਜੀ ਨੇ ਇਕ ਵਾਰ ਨਹੀਂ ਦਸ ਵਾਰ ਕਿਹਾ ਹੈ——।"

"ਫਿਰ ਤੁਸੀਂ ਕੀ ਕੀਤਾ ਹੈ ?

''ਕੀ ਨਹੀਂ ਕੀਤਾ ਹੈ? ਮੁਸਲਮ ਲੀਗ ਵਾਲਿਆਂ ਕੋਲ ਗਏ ਹਾਂ ਕਿ ਸ਼ਹਿਰ ਵਿਚ ਅਮਨ ਅਮਾਨ ਰੱਖਣ ਲਈ ਸਾਡੇ ਨਾਲ ਮਿਲ ਕੇ ਕੰਮ ਕਰੋ। ਡਿਪਟੀ ਕਮਿਸ਼ਨਰ ਕੋਲ ਗਏ ਹਾਂ ਕਿ ਫੌਜ ਬਿਠਾਓ ਤੇ ਫ਼ਸਾਦ ਰੋਕੋ। ਹੋਰ ਅਸੀਂ ਕੀ ਕਰ ਸਕਦੇ ਸਾਂ ? ਅਤੇ ਹੁਣ ਜਦ ਲੋਕ ਬਰਬਾਦ ਹੋ ਕੇ ਆਏ ਹਨ, ਸਾਡਾ ਕੀ ਫਰਜ਼ ਹੈ ਅਸੀਂ ਉਨ੍ਹਾਂ ਦੀ ਮਦਦ ਕਰੀਏ ਜਾਂ ਸਰਕਾਰ ਨੂੰ ਗਾਲ੍ਹਾਂ ਕੱਢੀਏ ? ਵੱਡਾ ਆਇਆ ਇਨਕਲਾਬੀ।

"ਅਸੀਂ' ਵੀ ਬਹੁਤ ਵੇਖੇ ਹਨ, ਸਾਥੋਂ ਨਾ ਬੁਲਵਾਓ, ਬਖਸ਼ੀ ਜੀ, ਅਸੀਂ ਸਭ ਜਾਣਦੇ ਹਾਂ। ਕਾਂਗਰਸ ਦੇ ਮੈਂਬਰ ਰਿਵੀਊਜ਼ੀ ਕੈਂਪ ਵਿਚ ਸਰਕਾਰ ਤੋਂ ਸਪਲਾਈ ਦੇ ਠੇਕੇ ਲੈ ਰਹੇ ਹਨ। ਕਹੋ ਤਾਂ ਨਾਂ ਵੀ ਦੱਸ ਦਿਆ ?"

"ਠੇਕੇ ਲੈ ਰਹੇ ਹਨ ਤਾਂ ਮੈਂ ਕੀ ਕਰਾਂ ?"

''ਤੁਸੀਂ ਉਨ੍ਹਾਂ ਨੂੰ ਕਾਂਗਰਸ ਵਿਚ ਵੀ ਚੌਧਰੀ ਬਣਾਇਆ ਹੋਇਆ ਹੈ।"

ਤਦੇ ਇਕ ਕਾਰਕੁੰਨ ਮਨੋਹਰ ਲਾਲ ਕੋਲ ਆਇਆ ਅਤੇ ਮਨੋਹਰ ਲਾਲ ਦਾ ਹੱਥ ਫੜ ਕੇ ਉਸਨੂੰ ਉਥੋਂ ਲੈ ਤੁਰਿਆ :

ਛੱਡ ਯਾਰ, ਅਸੀਂ ਬਹੁਤ ਵੇਖੇ ਹਨ। ਇੱਥੇ ਸਭ ਤੋਤੇ ਬੈਠੇ ਹਨ। ਗਾਂਧੀ ਜੀ ਵਰਧਾ ਵਿਚ ਬੈਠੇ ਹੁਕਮ ਦਿੰਦੇ ਹਨ ਤਾਂ ਇੱਥੇ ਉਸ ਤੇ ਅਮਲ ਹੋਣ ਲੱਗਦਾ ਹੈ, ਪਰੰਤੂ ਉਹ ਕੁਝ ਨਹੀਂ ਸੱਚ ਸਕਦੇ।"

''ਡਿਪਟੀ ਕਮਿਸ਼ਨਰ ਨੂੰ ਇੱਥੇ ਬੁਲਾਉਣ ਦਾ ਕੀ ਮਤਲਬ ਸੀ ?"

ਪਰ ਉਸਦਾ ਦੋਸਤ ਉਸਨੂੰ ਧੱਕਦਾ ਹੋਇਆ ਫਾਟਕ ਤਕ ਲੈ ਗਿਆ। ਗੇਟ ਤੇ ਪਹੁੰਚ ਕੇ ਮਨੋਹਰ ਲਾਲ ਨੇ ਬੁੜਬੁੜਾਉਣਾ ਛੱਡ ਦਿੱਤਾ।

''ਲਿਆ ਹੁਣ ਸਿਗਰਟ ਕੱਢ ਦੇ ਕਸ਼ ਤਾਂ ਲਾਈਏ --।" ਅਤੇ ਦੋਵੇ ਦੋਸਤ ਗੇਟ ਦੇ ਕੋਲ ਚਬੂਤਰੇ ਤੇ ਬੈਠ ਗਏ।

ਡਿਪਟੀ ਕਮਿਸ਼ਨਰ ਦੇ ਚਲੇ ਜਾਣ ਪਿੱਛੋਂ ਬਖਸ਼ੀ ਜੀ ਦੇ ਮਨ ਦੀ ਸਥਿਤੀ ਵੀ ਕੁਝ ਕੁਝ ਉਹੋ ਜਿਹੀ ਹੀ ਹੋ ਰਹੀ ਸੀ।

"ਫ਼ਸਾਦ ਕਰਾਉਣ ਵਾਲਾ ਵੀ ਅੰਗਰੇਜ਼, ਫਸਾਦ ਰੋਕਣ ਵਾਲਾ ਵੀ ਅੰਗਰੇਜ਼, ਭੁੱਖੇ ਮਾਰਨ ਵਾਲਾ ਵੀ ਅੰਗਰੇਜ਼, ਰੋਟੀ ਦੇਣ ਵਾਲਾ ਵੀ ਅੰਗਰੇਜ਼, ਘਰੋਂ ਬੇਘਰ ਕਰਨ ਵਾਲਾ ਵੀ ਅੰਗਰੇਜ਼ ਅਤੇ ਘਰਾਂ ਵਿਚ ਵਸਾਉਣ ਵਾਲਾ ਵੀ ਅੰਗਰੇਜ਼--" ਪਰ ਜਦ ਤੋਂ ਫ਼ਸਾਦ ਸ਼ੁਰੂ ਹੋਏ ਸਨ, ਬਖਸ਼ੀ ਜੀ ਬੜੇ ਪਰੇਸ਼ਾਨ ਸਨ, ਉਹ ਕੇਵਲ ਇੰਨਾ ਹੀ ਵਾਰ ਵਾਰ ਕਹਿੰਦੇ, ਅੰਗਰੇਜ਼ ਫਿਰ ਬਾਜ਼ੀ ਲੈ ਗਿਆ। ਪਰ ਸ਼ੁਰੂ ਤੋਂ ਅਖੀਰ ਤਕ ਸਥਿਤੀ ਉਨ੍ਹਾਂ ਦੇ ਕਾਬੂ ਵਿਚ ਨਹੀਂ ਆਈ।

ਜਿੰਨੀ ਦੇਰ ਰਿਚਰਡ ਸ਼ਹਿਰ ਦਾ ਦੌਰਾ ਕਰਦਾ ਰਿਹਾ ਸੀ, ਉਸ ਦੌਰਾਨ ਲੀਜ਼ਾ ਬੋਰੀਅਤ ਨਾਲ ਪਰੇਸ਼ਾਨ ਹੋ ਰਹੀ ਸੀ।

ਆਪਣੇ ਬੈੱਡ ਰੂਮ ਵਿਚੋਂ ਨਿਕਲ ਕੇ ਉਹ ਵੱਡੇ ਕਮਰੇ ਵਿਚ ਆ ਗਈ। ਅਲਮਾਰੀਆਂ ਵਿਚ ਠਸਾਠਸ ਭਰੀਆਂ ਕਿਤਾਬਾਂ ਤੋਂ ਉਸਨੂੰ ਨਫ਼ਰਤ ਸੀ। ਲੱਗਦਾ ਸਮੇਂ ਦੀ ਗੱਡੀ ਰੁੱਕ ਗਈ ਹੈ, ਕੁਝ ਵੀ ਹਿਲਜੁਲ ਨਹੀਂ ਰਿਹਾ ਹੈ। ਹਰ ਚੀਜ਼ ਨੂੰ ਲਕਵਾ ਮਾਰ ਗਿਆ ਹੈ। ਜੇ ਕੁਝ ਜੀਵਤ ਹੈ ਤਾਂ ਗੌਤਮ ਬੁੱਧ ਅਤੇ ਬੋਧੀਸਤਵਾਂ ਦੀਆਂ ਅੱਖਾਂ, ਜੋ ਹਨੇਰੇ ਕੋਨਿਆਂ ਵਿਚ ਛਲ ਅਤੇ ਕਪਟ ਨਾਲ ਭਰੀਆਂ ਅਸੰਖ ਛੜਯੰਤਰਾਂ ਦਾ ਜਾਲ ਵਿਛਾਉਂਦੀਆਂ ਜਿਹੀਆਂ ਉਸ ਵੱਲ ਵੇਖਿਆ ਕਰਦੀਆਂ ਹਨ। ਸ਼ਾਮ ਵੇਲੇ ਇਸ ਕਮਰੇ ਵਿਚ ਆਉਂਦਿਆਂ ਉਸਨੂੰ ਡਰ ਲੱਗਣ ਲੱਗਾ ਸੀ, ਥਾਂ ਥਾਂ ਪਏ ਬੁੱਤ ਉਸਨੂੰ ਜ਼ਹਿਰੀਲੇ ਨਾਗਾਂ ਦੇ ਸਿਰਾਂ ਵਰਗੇ ਲੱਗਦੇ ਸਨ।

ਉਹ ਖਾਣਾ ਖਾਣ ਵਾਲੇ ਕਮਰੇ ਵਿਚ ਆਈ। ਇੱਥੋਂ ਦਾ ਵਾਤਾਵਰਣ ਕਿਤੇ ਜ਼ਿਆਦਾ ਸ਼ਾਂਤ ਸੀ, ਮੱਧਮ ਰੋਸ਼ਨੀ ਸੀ, ਇੱਥੇ ਬੁੱਤ ਨਹੀਂ ਸਨ, ਨਾ ਹੀ ਕਿਤਾਬਾਂ ਦਾ ਬੋਝ ਸੀ। ਇੱਥੇ ਪਿਆਰ ਭਰਿਆ ਵਾਤਾਵਰਣ ਸੀ, ਵਿਅਕਤੀ ਇੱਥੇ ਸਭ ਕੁਝ ਭੁਲ ਸਕਦਾ ਸੀ, ਬਹੁਤ ਕੁਝ ਯਾਦ ਕਰ ਸਕਦਾ ਸੀ। ਇਹ ਰੋਸ਼ਨੀ ਪਿਆਰ ਕਰਨ ਲਈ ਬਣੀ ਸੀ, ਅਲਸਾਉਣ ਲਈ, ਜੱਫੀਆਂ ਲਈ, ਚੁੰਮੀਆਂ ਲਈ। ਲੀਜ਼ਾ ਨੂੰ ਆਪਣਾ ਗਲਾ ਭਰਿਆ ਹੋਇਆ ਮਹਿਸੂਸ ਹੋਇਆ ਅਤੇ ਅੱਖਾਂ ਵਿਚ ਅੱਥਰੂ ਚੁਭਦੇ-ਜਿਹੇ ਲੱਗੇ। ਉਸਦੀ ਬੇਚੈਨੀ ਵਧਣ ਲੱਗੀ ਅਤੇ ਕਮਰੇ ਦਾ ਪਿਆਰ ਭਰਿਆ ਵਾਤਾਵਰਣ ਅਸਹਿ ਸੰਨਾਟੇ ਵਿਚ ਬਦਲ ਗਿਆ। ਅਚਾਨਕ ਉਹ ਜ਼ਿਆਦਾ ਬੇਚੈਨ ਹੋ ਗਈ ਅਤੇ ਆਪਣੀ ਸਿਸਕੀ ਨੂੰ ਦਬਾਉਂਦੀ ਹੋਈ ਉਠੀ ਅਤੇ ਕਿਚਨ ਵੱਲ ਜਾਣ ਵਾਲੇ ਬਰਾਮਦੇ ਕੋਲ ਜ਼ੋਰ ਨਾਲ ਚਿਲਾਈ।

"ਬੈਰਾ!"

ਦੂਰ ਕਿਤੋਂ ਕੰਧਾਂ ਦੀਆਂ ਅਣਗਿਣਤ ਪਰਤਾਂ ਨੂੰ ਚੀਰਦੀ ਹੋਈ ਆਵਾਜ਼ ਆਈ :

"ਮੇਮ ਸਾ......ਹ....ਬ।"

ਅਤੇ ਮੋਢੇ ਤੇ ਝਾੜਨ ਲਟਕਾਈ, ਖਾਨਸਾਮਾ ਦੁੜਕੀ ਚਾਲ ਚਲਦਾ ਹੋਇਆ ਮੇਮ ਸਾਹਿਬ ਦੇ ਸਾਹਮਣੇ ਆ ਕੇ ਖਲੋ ਗਿਆ। ਚਾਰ ਵਜ ਰਹੇ ਸਨ, ਉਹ ਜਾਣਦਾ ਸੀ ਕੀ ਹੁਕਮ ਹੋਵੇਗਾ। ਕਦੇ ਤਿੰਨ ਵਜੇ, ਕਦੇ ਚਾਰ ਵਜੇ, ਕਦੇ ਸਾਢੇ ਚਾਰ ਵਜੇ ਮੇਮ ਸਾਹਬ ਦਾ ਧੀਰਜ ਟੁੱਟ ਜਾਂਦਾ ਸੀ। ਅਤੇ ਉਹ ਜਿਸ ਕਮਰੇ ਵਿਚ ਵੀ ਹੁੰਦੀ ਚਿਲਾ ਕੇ ਬਲਾਉਂਦੀ ਸੀ :

"ਬੀਅਰ ਲੱਗਾਓ, ਠੰਡਾ ਬੀਅਰ ਮਾਂਗਤਾ।"

ਅਤੇ ਲੀਜ਼ਾ ਹਲਕੀ-ਜਿਹੀ ਕਰਾਹਟ ਨਾਲ ਫਿਰ ਖਾਣ ਵਾਲੇ ਕਮਰੇ ਵਿਚ ਪਰਤ ਗਈ। ਲੀਜ਼ਾ ਹਾਊਸ ਕੋਟ ਪਹਿਨੇ ਹੀ ਉਹਦੇ ਸਾਹਮਣੇ ਚਲੀ ਗਈ ਸੀ ਅਤੇ

ਹਾਊਸ ਕੋਟ ਦੀ ਵੀ ਪੇਟੀ ਖੁਲ੍ਹੀ ਹੋਈ ਸੀ। ਇਸ ਸੰਨਸਾਨ ਬੀਆਬਾਨ ਵਿਚ ਰਹਿੰਦੇ ਹੋਏ ਬੀਅਰ ਤੋਂ ਛੁੱਟ ਕੁਝ ਨਹੀਂ ਰਹਿ ਗਿਆ ਸੀ ਜਿਸ ਨਾਲ ਇਨਸਾਨ ਆਪਣੀ ਸਥਿਤੀ ਨੂੰ, ਆਪਣੇ ਆਪ ਨੂੰ ਭੁਲ ਸਕੇ।

ਰਿਚਰਡ ਸ਼ਾਮ ਨੂੰ ਲੱਗਭਗ ਅੱਠ ਵਜੇ ਵਾਪਿਸ ਆਇਆ। ਲੀਜ਼ਾ ਨਸ਼ੇ ਵਿਚ ਧੁਤ ਸੋਫੇ ਉੱਤੇ ਪਈ ਪਈ ਸੌਂ ਗਈ ਸੀ। ਤਿਪਾਈ ਤੇ ਬੀਅਰ ਦੀ ਬੋਤਲ ਵਿਚ ਅਜੇ ਵੀ ਕੁਝ ਘੁਟ ਬਚੇ ਹੋਏ ਸਨ। ਸੋਫ਼ੇ ਤੋਂ ਇਕ ਸਿਰੇ ਤੋਂ ਲੀਜ਼ਾ ਦਾ ਸਿਰ ਲੁੜਕ ਕੇ ਲਟਕ ਜਿਹਾ ਰਿਹਾ ਸੀ ਅਤੇ ਉਸ ਦੇ ਵਾਲ ਉਸਦੇ ਅੱਧੇ ਚਿਹਰੇ ਤੇ ਛਿਤਰਾ ਗਏ ਸਨ। ਹਾਊਸ ਕੋਟ ਉਪਰ ਖਿਸਕ ਆਇਆ ਸੀ ਜਿਸ ਨਾਲ ਗੋਡੇ ਨੰਗੇ ਹੋ ਰਹੇ ਸਨ।

"ਡੈਮ ਦਿਸ ਕੰਟਰੀ, ਕੰਮ ਦਿਸ ਲਾਈਵ।" ਰਿਚਰਡ ਸੌਂਵੇ ਦੇ ਸਾਹਮਣੇ ਖਲੋਤਾ ਖਲੋਤਾ ਬੜਬੜਾਇਆ।

ਆਪਣੇ ਘਰ ਵਿਚ ਪਹੁੰਚ ਕੇ ਰਿਚਰਡ ਦੂਸਰੀ ਦੁਨੀਆ ਵਿਚ ਪਹੁੰਚ ਜਾਂਦਾ ਸੀ, ਘਰ ਦੇ ਅੰਦਰ ਇੰਗਲੈਂਡ ਦੀ ਜ਼ਿੰਦਗੀ ਸੀ, ਉਸਦੀ ਨਿੱਜੀ ਜ਼ਿੰਦਗੀ ਅਤੇ ਉਸਦੀਆਂ ਸਮੱਸਿਆਵਾਂ ਜਿਨ੍ਹਾਂ ਦਾ ਬਾਹਰ ਦੀ ਦੁਨੀਆਂ ਨਾਲ ਦੂਰ ਪਾਰ ਦਾ ਸਬੰਧ ਵੀ ਨਹੀਂ ਸੀ। ਬਾਹਰ ਦੀ ਜ਼ਿੰਦਗੀ ਤਾਂ ਧੰਦਾ ਸੀ, ਅਸਲ ਜ਼ਿੰਦਗੀ ਤਾਂ ਘਰ ਦੇ ਅੰਦਰ ਸੀ, ਜੋ ਉਸਦੀ ਨਿੱਜੀ ਜਿੰਦਗੀ ਸੀ। ਸਿਵਾਏ ਉਸ ਅਧਿਐਨ ਦੇ ਜਿਸ ਵਿਚ ਉਹ ਘਰ ਤੇ ਬਾਹਰ ਦੋਹਾਂ ਨੂੰ ਭੁੱਲ ਜਾਂਦਾ ਸੀ।

ਉਹ ਸੋਫੇ ਦੇ ਇਕ ਸਿਰੇ ਤੇ ਬੈਠ ਗਿਆ ਅਤੇ ਅੱਗੇ ਵਧ ਕੇ ਲੀਜ਼ਾ ਦੀ ਗਲ੍ਹ ਨੂੰ ਚੁੰਮ ਲਿਆ। ਆਪਣਾ ਫਰਜ਼ ਪੂਰਾ ਕਰਦੇ ਹੋਏ ਰਸਮੀ ਜਿਹੇ ਅੰਦਾਜ਼ ਵਿਚ ਰਾਤ ਨੂੰ ਕਦੇ ਕਦੇ ਜਿਸ ਉਤੇਜਨਾ ਅਤੇ ਪਿਆਰ ਨਾਲ ਉਹ ਇਸ ਦੇਹ ਨੂੰ ਬਾਹਵਾਂ ਵਿਚ ਭਰਿਆ ਕਰਦਾ ਸੀ। ਇਸ ਵੇਲੇ ਇਹੋ ਦੇਹ ਉਸਨੂੰ ਸਥੂਲ ਅਤੇ ਅਕਾਉ ਲੱਗ ਰਹੀ ਸੀ। ਲੀਜ਼ਾ ਦਾ ਭਾਰ ਫਿਰ ਵਧਣ ਲੱਗਾ ਸੀ ਅਤੇ ਉਸਦੀਆਂ ਅੱਖਾਂ ਹੇਠਾਂ ਕਾਲੇ ਘੇਰੇ

ਬਣਨ ਲੱਗੇ ਸਨ। ਬੋਰੀਅਤ ਦੇ ਕਾਰਣ ਲੀਜ਼ਾ ਮੋਟੀ ਹੁੰਦੀ ਜਾ ਰਹੀ ਸੀ। ਹਰ ਵਾਰ ਘਰ ਪਰਤ ਕੇ ਉਹ ਲੀਜ਼ਾ ਨੂੰ ਇਸ ਹਾਲਤ ਵਿਚ ਵੇਖ ਕੇ ਨਿਰਾਸ਼ ਹੋ ਜਾਂਦਾ।

"ਲੀਜ਼ਾ !" ਉਸਨੇ ਅੱਗੇ ਝੁਕ ਕੇ ਲੀਜ਼ਾ ਦੇ ਕੰਨ ਵਿਚ ਕਿਹਾ ਅਤੇ ਅੱਗੇ ਹੱਥ ਵਧਾ ਕੇ ਉਸ ਦੇ ਮੱਥੇ ਤੋਂ ਵਾਲ ਹਟਾ ਦਿਤੇ।

ਲੀਜ਼ਾ ਨੀਂਦ ਵਿਚ ਮਸਤ ਸੀ। ਰਿਚਰਡ ਨੇ ਉਸਨੂੰ ਮੋਢੇ ਤੋਂ ਹਿਲਾਇਆ। ਫਿਰ ਇਹ ਵੇਖ ਕੇ ਕਿ ਲੀਚਾ ਇਸ ਸਥਿਤੀ ਵਿਚ ਨਹੀਂ ਹੈ ਕਿ ਮੇਜ ਤੇ ਬੈਠ ਕੇ ਭੋਜਨ ਕਰੇ, ਉਸਨੂੰ ਉਸਦੇ ਬਿਸਤਰੇ ਵਿਚ ਲਿਟਾਂ ਦੇਣਾ ਹੀ ਮੁਨਾਸਬ ਹੋਵੇਗਾ, ਉਸਨੇ ਸੱਜਾ ਹੱਥ ਲੀਜ਼ਾ ਦੀ ਧੋਣ ਦੇ ਥੱਲੇ ਦਿੱਤਾ ਅਤੇ ਖੱਬਾ ਹੱਥ ਗੋਡਿਆਂ ਦੇ ਥੱਲੇ ਅਤੇ ਲੀਜ਼ਾ ਨੂੰ ਚੁੱਕ ਕੇ ਕਮਰੇ ਵਿਚ ਲੈ ਜਾਣ ਦੀ ਕੋਸ਼ਿਸ਼ ਕਰਨ ਲੱਗਾ। ਤਦੇ ਰਿਚਰਡ ਨੂੰ ਲੱਗਾ ਜਿਵੇਂ ਹੇਠੋਂ ਲੀਜ਼ਾ ਦਾ ਹਾਊਸ ਕੋਟ ਗਿਲਾ ਹੋਇਆ ਹੈ, ਅਤੇ ਫਿਰ ਉਸਦੀ ਨਜ਼ਰ ਸੋਫ਼ੇ ਉਤੇ ਪਈ-ਜਿਸ ਬੰਨੇ ਲੀਜ਼ਾ ਨੇ ਲੱਤਾਂ ਰੱਖੀਆਂ ਹੋਈਆਂ ਸਨ, ਉਥੋਂ ਸੋਫ਼ੇ ਦੀ ਸੀਟ ਤੇ ਸੋਕੇ ਦਾ ਹਿੱਸਾ ਗਿਲਾ ਹੋਇਆ ਹੋਇਆ ਸੀ। ਲੀਜ਼ਾ ਨੇ ਸੋਫੇ ਉਤੇ ਹੀ ਪਿਸ਼ਾਬ ਕਰ ਦਿੱਤਾ ਸੀ।

ਰਿਚਰਡ ਦਾ ਮਨ ਬੜਾ ਖਰਾਬ ਹੋਇਆ। ਪਿਸ਼ਾਬ ਦੀ ਤਿੱਖੀ ਬਦਬੂ ਉਸਦੇ ਨੱਕ ਵਿਚ ਗਈ। ਰਿਚਰਡ ਨੇ ਖਲੋਤੇ ਖਲੋਤੇ ਸਿਰ ਹਿਲਾ ਦਿੱਤਾ। ਕਹਾਣੀ ਫਿਰ ਦੁਹਰਾਈ ਜਾਣ ਲੱਗੀ ਹੈ। ਹੁਣੇ ਲੀਜ਼ਾ ਪੂਰਾ ਇਕ ਸਾਲ ਲੰਡਨ ਵਿਚ ਬਿਤਾ ਕੇ ਆਈ ਹੈ। ਉਸ ਤੋਂ ਪਹਿਲਾਂ ਉਹ ਬੋਰ ਹੋ ਕੇ ਭਾਰਤ ਤੋਂ ਭੱਜ ਗਈ ਸੀ। ਇਹ ਫਿਰ ਭੱਜ ਜਾਵੇਗੀ। ਜਾਂ ਤਾਂ ਫਿਰ ਚਲੀ ਜਾਵੇਗੀ ਜਾਂ ਫਿਰ ਮੈਨੂੰ ਆਪਣੀ ਬਦਲੀ ਕਿਸੇ ਦੂਸਰੀ ਜਗ੍ਹਾ ਕਰਵਾਉਣੀ ਪਵੇਗੀ।

ਸੋਫੇ ਨੂੰ ਵੇਖ ਕੇ ਉਸਨੂੰ ਅਚਾਨਕ ਇਕ ਅਨੋਖੀ ਜਿਹੀ ਗੱਲ ਯਾਦ ਆ ਗਈ ਅਤੇ ਉਹ ਮੁਸਕਰਾ ਪਿਆ। ਇਹ ਸੋਫਾ ਉਸ ਨੇ ਕਮਿਸ਼ਨਰ ਲਾਰੈਂਸ ਤੋਂ ਲਿਆ ਸੀ ਜੋ ਆਪ ਤਬਦੀਲ ਹੋ ਕੇ ਲਖਨਊ ਚਲਾ ਗਿਆ ਸੀ। ਅਤੇ ਜਦ ਬਾਦ ਵਿਚ ਉਸ ਨੇ

ਸੋਫੇ ਤੋਂ ਕੱਪੜਾ ਲਾਇਆ ਸੀ ਤਾਂ ਉਸ ਦੇ ਹੇਠਾਂ ਵੀ ਇਹੋ ਜਿਹਾ ਭੱਦਾ ਚਟਾਕ ਨਜ਼ਰ ਆਇਆ ਸੀ ਜਿਹੇ ਜਿਹਾ ਹੁਣ ਦਿਖਾਈ ਦੇ ਰਿਹਾ ਸੀ। ਅਤੇ ਉਸ ਨੇ ਸੁਣਿਆ ਹੋਇਆ ਸੀ ਕਿ ਕਮਿਸ਼ਨਰ ਦੀ ਪਤਨੀ ਵੀ ਬੋਰੀਅਤ ਦਾ ਸ਼ਿਕਾਰ ਸੀ ਅਤੇ ਉਹ ਵੀ ਨਸ਼ੇ ਵਿਚ ਜਾਂ ਤਾਂ ਰੋਂਦੇ ਰੋਂਦੇ ਜਾਂ ਹੱਸਦੇ ਹੱਸਦੇ ਸੋਫੇ ਨੂੰ ਗਿੱਲਾ ਕਰ ਦਿਆ ਕਰਦੀ ਸੀ। ਅਤੇ ਕਮਿਸ਼ਨਰ ਵੀ ਥਾਂ ਥਾਂ ਆਪਣੀਆਂ ਤਬਦੀਲੀਆਂ ਕਰਵਾਉਂਦਾ ਫਿਰਦਾ ਸੀ ਅਤੇ ਅੰਤ ਵਿਚ ਉਸ ਦੀ ਪਤਨੀ ਉਸਨੂੰ ਛੱਡ ਗਈ ਸੀ ਅਤੇ ਉਸ ਨੇ ਫੌਜ ਦੇ ਇਕ ਜਵਾਨ ਕਪਤਾਨ ਨਾਲ ਵਿਆਹ ਕਰ ਲਿਆ ਸੀ। ਰਿਚਰਡ ਨੇ ਆਪਣੀ ਪਤਨੀ ਵੱਲ ਵੇਖਿਆ ਅਤੇ ਫਿਰ ਸੋਫੇ ਵੱਲ। ਇਸ ਘਰ ਦਾ ਵੀ ਅਜਿਹਾ ਹੀ ਹਾਲ ਹੋਵੇਗਾ, ਉਸਨੇ ਦਿਲ ਵਿਚ ਕਿਹਾ ਅਤੇ ਲੀਜ਼ਾ ਨੂੰ ਚੁੱਕ ਕੇ ਬੈਡਰੂਮ ਵੱਲ ਲੈ ਗਿਆ।

ਬੈੱਡ ਰੂਮ ਤਕ ਪਹੁੰਚਦੇ ਪਹੁੰਚਦੇ ਲੀਜ਼ਾ ਜਾਗ ਪਈ ਸੀ, ਕੁਝ ਨਸ਼ਾ ਵੀ ਉਤਰਨ ਲੱਗਾ ਸੀ।

"ਕੀ ਹੈ ਰਿਚਰਡ, ਮੈਨੂੰ ਕਿਥੇ ਲੈ ਕੇ ਜਾ ਰਹੇ ਹੋ ?"

"ਤੇਰਾ ਗਾਊਨ ਹੇਠੇ ਗਿੱਲਾ ਹੋ ਗਿਆ ਹੈ, ਮੈਂ ਤੈਨੂੰ ਤੇਰੇ ਕਮਰੇ ਵਿਚ ਲਿਜਾ ਰਿਹਾ ਹਾਂ।"

ਪਰ ਲੀਜ਼ਾ ਨੇ ਇਸ ਉਤਰ ਨੂੰ ਸਪੱਸ਼ਟ ਰੂਪ ਵਿਚ ਗ੍ਰਹਿਣ ਨਹੀਂ ਕੀਤਾ। ਉਸ ਨੇ ਲੀਜ਼ਾ ਨੂੰ ਉਸਦੇ ਬਿਸਤਰੇ ਕੋਲ ਰੱਖੀ ਆਰਾਮ ਕੁਰਸੀ ਤੇ ਬਿਠਾ ਦਿੱਤਾ।

'‘ਖਾਣਾ ਖਾਵੇਂਗੀ ਲੀਜ਼ਾ ?"

"ਖਾਣਾ ? ਕਿਹੜਾ ਖਾਣਾ ?"

ਰਿਚਰਡ ਦਾ ਜੀਅ ਕੀਤਾ ਕਿ ਉਸਦੇ ਦੋਵਾਂ ਮੋਢਿਆਂ ਤੋਂ ਫੜ ਕੇ ਉਸ ਨੂੰ ਝੰਜੋੜ ਦੇਵੇ, ਉਹ ਫੋਰਨ ਜਾਗ ਜਾਵੇਗੀ, ਪਰ ਉਸ ਨੇ ਅਜਿਹਾ ਕੁਝ ਨਹੀਂ ਕੀਤਾ ਅਤੇ ਦੋਵੇਂ ਹੱਥ ਲੱਕ ਤੇ ਰਾਖੀ ਉਸਨੂੰ ਘੂਰਦਾ ਰਿਹਾ।

ਲੀਜ਼ਾ ਨੇ ਛਿਤਰੇ ਵਾਲਾਂ ਵਿਚੋਂ ਸਿਰ ਉਪਰ ਚੁਕਿਆ :

"ਰਿਚਰਡ ਤੂੰ ਹਿੰਦੂ ਹੈ ਜਾਂ ਮੁਸਲਮਾਨ ?"

ਅਤੇ ਇਹ ਕਹਿ ਕੇ ਉਹ ਹੌਲੀ ਜਿਹੀ ਹੱਸ ਪਈ।

''ਤੁਸੀਂ ਕਦੋਂ ਆਏ, ਮੈਨੂੰ ਪਤਾ ਹੀ ਨਹੀਂ ਲੱਗਾ।" ਲੀਜ਼ਾ ਨੇ ਕਿਹਾ, ''ਤੁਸੀ" ਦਿਨ ਦਾ ਖਾਣਾ ਖਾਣ ਆਏ ਹੋ ਜਾਂ ਰਾਤ ਦਾ ?"

ਰਿਚਰਡ ਨੂੰ ਖਿਣ ਭਰ ਲਈ ਲੱਗਾ ਜਿਵੇਂ ਲੀਜ਼ਾ ਵਿਅੰਗ ਕਰ ਰਹੀ ਹੈ, ਕਿ ਉਹ ਉਸ ਨਸ਼ੇ ਦੀ ਖੁਮਾਰੀ ਵਿਚ ਨਹੀਂ ਹੈ, ਜਿੰਨੀ ਬਣ ਰਹੀ ਹੈ। ਇਸ ਤੇ ਉਹ ਉਸ ਦੇ ਸਾਹਮਣੇ ਪਲੰਘ ਤੇ ਬੈਠ ਗਿਆ ਅਤੇ ਉਸਦੇ ਮੋਢੇ ਤੇ ਹੱਥ ਰੱਖ ਕੇ ਬੋਲਿਆ :

''ਅੱਜ ਕਲ ਮੈਨੂੰ ਬਹੁਤ ਕੰਮ ਹੈ ਲੀਜ਼ਾ ਤੈਨੂੰ ਪਤਾ ਹੋਣਾ ਚਾਹੀਦਾ ਹੈ, ਬਹੁਤ ਜ਼ਿਆਦਾ ਕੰਮ ਹੈ, ਸ਼ਹਿਰ ਵਿਚ ਦਾਣਾ ਮੰਡੀ ਸੜ ਗਈ ਹੈ ਅਤੇ ਪਿੰਡਾਂ ਵਿਚੋਂ 103 ਪਿੰਡ ਸੜ ਗਏ ਹਨ।"

''ਇਕ ਸੌ ਤਿੰਨ ਪਿੰਡ ਸੜ ਗਏ ਅਤੇ ਮੈਨੂੰ ਪਤਾ ਹੀ ਨਹੀਂ ਲੱਗਾ ? ਮੈਂ ਸੁੱਤੀ ਰਹੀ ਅਤੇ ਮੈਨੂੰ ਪਤਾ ਹੀ ਨਹੀਂ ਲੱਗਾ।" ਫਿਰ ਸ਼ਿਕਾਇਤ ਦੇ ਲਹਿਜ਼ੇ ਵਿਚ ਬੋਲੀ, “ਮੈਨੂੰ ਦੱਸ ਤਾਂ ਦਿੱਤਾ ਹੁੰਦਾ ਰਿਚਰਡ ਮੈਨੂੰ ਜਗਾ ਕੇ ਦੱਸ ਤਾਂ ਦਿੱਤਾ ਹੁੰਦਾ। ਇੰਨੀਆਂ ਵੱਡੀਆਂ ਵੱਡੀਆਂ ਗੱਲਾਂ ਹੋ ਗਈਆਂ ਅਤੇ ਮੈਨੂੰ ਤੁਸੀਂ ਦੱਸਿਆ ਹੀ ਨਹੀਂ।"

"ਸੋ ਜਾ ਲੀਜ਼ਾ, ਕੱਪੜੇ ਬਦਲ ਕੇ ਸੌਂ ਜਾਹ, ਤੈਨੂੰ ਨੀਂਦ ਆ ਰਹੀ ਹੈ।"

"ਤੂੰ ਮੇਰੇ ਕੋਲ ਬੈਠ, ਮੈਂ ਇਕੱਲੀ ਨਹੀਂ ਸੌਂ ਸਕਦੀ।”

"ਤੂੰ ਸੌਂ ਜਾ ਅਜੇ ਮੈਂ ਬਹੁਤ ਕੰਮ ਕਰਨਾ ਹੈ।"

'ਇਤਨੇ ਪਿੰਡ ਸੜ ਗਏ, ਅਜੇ ਵੀ ਤੈਨੂੰ ਕੰਮ ਹੈ ? ਹੁਣ ਤੂੰ ਹੋਰ ਕੀ ਕੰਮ ਕਰਨਾ ਹੈ?”

ਰਿਚਰਡ ਠਿਠਕ ਗਿਆ। ਕੀ ਲੀਜ਼ਾ ਵਿਅੰਗ ਕਰ ਰਹੀ ਹੈ ? ਕੀ ਉਸਦੇ ਦਿਲ ਵਿਚ ਮੇਰੇ ਪ੍ਰਤੀ ਘਿਰਣਾ ਪੈਦਾ ਹੋ ਗਈ ਹੈ, ਜੋ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗੀ ਹੈ ?"

ਨਸ਼ੇ ਵਿਚ ਚੂਰ ਵਿਅਕਤੀਆਂ ਵਾਂਗ ਲੀਜ਼ਾ ਵੀ ਜੋ ਦਿਲ ਵਿਚ ਆਉਂਦਾ ਕਹੀ ਜਾ ਰਹੀ ਸੀ। ਉਹ ਕੁਰਸੀ ਤੋਂ ਉਠੀ ਅਤੇ ਪਲੰਘ ਤੇ ਰਿਚਰਡ ਨਾਲ ਲੱਗ ਕੇ ਜਾ ਬੈਠੀ ਅਤੇ ਫਿਰ ਆਪਣੀਆਂ ਬਾਹਵਾਂ ਉਸ ਦੇ ਗਲ ਵਿਚ ਪਾ ਕੇ ਆਪਣਾ ਸਿਰ ਉਸਦੀ ਛਾਤੀ ਤੇ ਰੱਖ ਦਿੱਤਾ। ਨਹੀਂ, ਇਹ ਨਫਰਤ ਨਹੀਂ ਹੋ ਸਕਦੀ। ਉਸ ਨੇ ਅਣਜਾਣੇ ਵਿਚ ਹੀ ਇਹ ਵਾਕ ਕਹਿ ਦਿੱਤਾ ਹੋਵੇਗਾ।

"ਤੁਸੀਂ ਮੈਨੂੰ ਪਿਆਰ ਨਹੀਂ ਕਰਦੇ, ਮੈਂ ਜਾਣਦੀ ਹਾਂ, ਮੈਂ ਸਭ ਜਾਣਦੀ ਹਾਂ।"

ਫਿਰ ਰਿਚਰਡ ਦੇ ਵਾਲਾਂ ਵਿਚ ਹੱਥ ਫੇਰ ਕੇ ਬੋਲੀ :

"ਕਿਤਨੇ ਹਿੰਦੂ ਮਰੇ, ਕਿਤਨੇ ਮੁਸਲਮਾਨ ਮਰੇ, ਰਿਚਰਡ ? ਤੈਨੂੰ ਵੀ ਤਾਂ ਪਤਾ ਹੋਵੇਗਾ ? ਦਾਣਾ ਮੰਡੀ ਕੀ ਹੁੰਦੀ ਹੈ ?"

ਰਿਚਰਡ ਚੁੱਪ ਚਾਪ ਉਸ ਵੱਲ ਵੇਖਦਾ ਰਿਹਾ। ਉਸ ਵੱਲ ਵੇਖਦੇ ਹੋਏ ਕਿਸੇ ਕਿਸੇ ਵੇਲੇ ਰਿਚਰਡ ਦੇ ਮਨ ਵਿਚ ਲੀਜ਼ਾ ਦੇ ਪ੍ਰਤੀ ਘਿਰਣਾ ਦਾ ਭਾਵ ਵੀ ਉਠਦਾ, ਜਿੰਨਾ ਜ਼ਿਆਦਾ ਉਹ ਨਸ਼ਾ ਕਰਨ ਲੱਗੀ ਸੀ, ਉਨਾ ਜ਼ਿਆਦਾ ਉਹ ਉਸਦੇ ਮਨੋ ਲੱਥਦੀ ਜਾ ਰਹੀ ਸੀ। ਮਾਸ ਦਾ ਲੋਥੜਾ ਬਣਦੀ ਜਾ ਰਹੀ ਸੀ। ਇਸ ਤਰ੍ਹਾਂ ਦਾ ਰਿਸ਼ਤਾ ਜ਼ਿਆਦਾ ਦੇਰ ਨਹੀਂ ਚਲ ਸਕਦਾ। ਰਿਚਰਡ ਦੀਆਂ ਅੱਖਾਂ ਲੀਜ਼ਾ ਦੇ ਚਿਹਰੇ ਨੇ ਠਿਠਕੀਆਂ ਰਹੀਆਂ। ਲੀਜ਼ਾ ਦੇ ਪ੍ਰਤੀ ਉਸ ਦੀਆਂ ਭਾਵਨਾਵਾਂ ਵੀ ਸਪੱਸ਼ਟ ਨਹੀਂ ਸਨ। ਇਸ ਲੜਕੀ ਨਾਲ ਵਿਆਹ ਸਬੰਧ ਬਣਾਈ ਰੱਖੋ ਜਾਂ ਤੋੜ ਦੇਵੋ, ਇਹ ਸਵਾਲ ਆਪਣੇ ਕੈਰੀਅਰ ਦੇ ਸੰਦਰਭ ਵਿਚ ਵੀ ਸੋਚਿਆ ਜਾ ਸਕਦਾ ਸੀ। ਇਸ ਵਕਤ ਉਸਦੇ ਕੈਰੀਅਰ ਵਿਚ ਇਕ ਫੈਸਲਾਕੁਨ ਘੜੀ ਆ ਪਹੁੰਚੀ ਸੀ, ਜਿਸ ਵਿਚ ਇਕ ਨਾਜ਼ੁਕ ਜਿਹਾ ਸੰਤੁਲਨ ਬਣਾਈ ਰੱਖਣਾ ਬੇਹੱਦ ਜ਼ਰੂਰੀ ਸੀ, ਇਹ ਵੇਖਣਾ ਨਿਹਾਇਤ ਜ਼ਰੂਰੀ ਸੀ ਕਿ ਜਨਤਾ ਦਾ ਅਸੰਤੋਖ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਨਾ ਭੜਕੇ। ਅਜੇ ਤਕ ਉਸਨੇ ਸਾਰੇ ਕੰਮ ਬੜੀ ਸਿਆਣਪ ਅਤੇ ਕਾਰਜ ਕੁਸ਼ਲਤਾ ਨਾਲ ਨੇਪਰੇ ਚਾੜ੍ਹੇ

ਸਨ। ਲੋਕ ਉਸਦੀ ਈਮਾਨਦਾਰੀ ਤੋਂ ਪ੍ਰਭਾਵਿਤ ਹੋਏ ਸਨ। ਹਰ ਗੱਲ ਠੀਕ ਹੋਈ ਸੀ। ਇਸ ਲਈ ਇਸ ਸਮੇਂ ਲੀਜ਼ਾ ਨੂੰ ਜਿਵੇਂ ਕਿਵੇਂ ਨਾਲ ਲਈ ਰੱਖਣਾ ਜ਼ਰੂਰੀ ਸੀ।

ਉਸ ਨੇ ਅੱਗੇ ਝੁਕ ਕੇ ਲੀਜ਼ਾ ਦੀ ਗਲ੍ਹ ਨੂੰ ਚੁੰਮ ਲਿਆ।

"ਸੁਣ ਲੀਜ਼ਾ" ਰਿਚਰਡ ਨੇ ਉਤਸਾਹ ਨਾਲ ਕਿਹਾ, "ਮੈਂ ਕੱਲ੍ਹ ਸੈਯਦਪੁਰ ਜਾਣਾ ਹੈ, ਇਕ ਖੂਹ ਵਿਚ ਡਿਸਇੰਨਫੈਕਟ ਪਵਾਉਣਾ ਹੈ, ਜਿੱਥੇ ਕੁਝ ਔਰਤਾਂ ਡੁੱਬ ਮੋਈਆਂ ਸਨ। ਤੂੰ ਵੀ ਨਾਲ ਕਿਉਂ ਨਹੀਂ ਚਲਦੀ। ਓਧਰੋਂ ਅਸੀਂ ਮੋਟਰ ਵਿਚ ਟੈਕਸਲਾ ਵੱਲ ਚਲੇ ਜਾਵਾਗੇ। ਟੈਕਸਲਾ ਦਾ ਮਿਊਜ਼ੀਅਮ ਵੇਖ ਲਵਾਂਗੇ। ਕੀ ਖਿਆਲ ਹੈ ? ਉਹ ਸਾਰਾ ਇਲਾਕਾ ਬੜਾ ਸੁੰਦਰ ਹੈ।

ਲੀਜ਼ਾ ਨੇ ਉਨੀਂਦੀਆਂ ਅੱਖਾਂ ਨਾਲ ਰਿਚਰਡ ਦੇ ਚਿਹਰੇ ਵੱਲ ਵੇਖਿਆ :
"ਮੈਨੂੰ ਕਿੱਥੇ ਘੁਮਾਉਣ ਲੈ ਚਲੇਂਗਾ, ਰਿਚਰਡ? ਮੈਨੂੰ ਸੜਦੇ ਪਿੰਡਾਂ ਦੀ ਸੈਰ ਕਰਾਵੇਂਗਾ ? ਮੈਂ ਕੁਝ ਵੀ ਨਹੀਂ ਵੇਖਣਾ ਚਾਹੁੰਦੀ, ਕਿਤੇ ਵੀ ਨਹੀਂ ਜਾਣਾ ਚਾਹੁੰਦੀ।"

''ਨਹੀਂ-ਨਹੀਂ, ਘਰ ਵਿਚ ਬੈਠੇ ਰਹਿਣ ਵਿਚ ਕੀ ਤੁਕ ਹੈ। ਹੁਣ ਸਥਿਤੀ ਬਦਲ ਗਈ ਹੈ। ਹੁਣ ਤੂੰ ਘੁੰਮ ਫਿਰ ਸਕਦੀ ਹੈ।" ਰਿਚਰਡ ਨੇ ਉਤਸਾਹ ਦਾ ਦਿਖਾਵਾਂ ਲਗਾਤਾਰ ਬਣਾਈ ਰੱਖਿਆ: ''ਹੁਣ ਅਸੀਂ ਇਕੱਠੇ ਘੁੰਮ ਫਿਰ ਸਕਦੇ ਹਾਂ। ਇੱਥੋਂ ਦਾ ਪੇਂਡੂ ਇਲਾਕਾ ਸਚਮੁੱਚ ਬੜਾ ਸੁੰਦਰ ਹੈ। ਉਸ ਦਿਨ ਇਸ ਸੈਯਦਪੁਰ ਵਿਚ ਹੀ, ਫਲਾਂ ਦੇ ਬਾਗ ਕੋਲੋਂ ਲੰਘਦੇ ਹੋਏ ਮੈਂ ਲਾਰਕ ਪੰਛੀ ਦੀ ਆਵਾਜ਼ ਸੁਣੀ। ਇਸ ਮੌਸਮ ਵਿਚ ਉਥੇ ਲਾਰਕ ਪੰਛੀ ਮਿਲਦਾ ਹੈ। ਮੈਨੂੰ ਨਹੀਂ ਪਤਾ ਸੀ ਕਿ ਇਸ ਗਰਮ ਦੇਸ਼ ਵਿਚ ਵੀ ਇਹ ਲਾਰਕ ਪੰਛੀ ਰਹਿੰਦਾ ਹੋਵੇਗਾ। ਮੈਂ ਹੈਰਾਨ ਰਹਿ ਗਿਆ। ਹੋਰ ਵੀ ਕਈ ਤਰ੍ਹਾਂ ਦੇ ਪੰਛੀ ਮਿਲਦੇ ਹਨ, ਜਿਨ੍ਹਾਂ ਨੂੰ ਤੂੰ ਕਦੇ ਨਹੀਂ ਵੇਖਿਆ ਹੋਵੇਗਾ !"

"ਕੀ ਇਹ ਉਹ ਜਗ੍ਹਾ ਹੈ ਜਿੱਥੇ ਔਰਤਾਂ ਡੁੱਬ ਮੋਈਆਂ ਹਨ ?"

"ਹਾਂ ਉਹੋ, ਖੂਹ ਦੇ ਨਾਲ ਹੀ ਨਦੀ ਵਗਦੀ ਹੈ ਅਤੇ ਨਦੀ ਦੇ ਪਾਰ ਹੀ ਫਲਾਂ ਦਾ ਬਾਗ ਹੈ--।"

ਇਕ ਹਲਕੀ ਜਿਹੀ ਮੁਸਕਾਣ ਲੀਜ਼ਾ ਦੇ ਹੋਠਾਂ ਤੇ ਆਈ ਅਤੇ ਉਹ ਰਿਚਰਡ ਦੇ ਚਿਹਰੇ ਵੱਲ ਵੇਖਦੀ ਰਹੀ।

"ਰਿਚਰਡ ਤੇ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਅਜਿਹੇ ਸਥਾਨਾਂ ਤੇ ਵੀ ਤੂੰ ਨਵੇਂ ਨਵੇਂ ਪੰਛੀ ਵੇਖ ਸਕਦਾ ਹੈ, ਲਾਰਕ ਪੰਛੀ ਦੀ ਆਵਾਜ਼ ਸੁਣ ਸਕਦਾ ਹੈ ?"

''ਇਸ ਵਿਚ ਕੋਈ ਵਿਸ਼ੇਸ਼ ਗੱਲ ਨਹੀਂ ਹੈ, ਲੀਜ਼ਾ ਸਿਵਲ ਸਰਵਿਸ ਸਾਨੂੰ ਅਜਿਹਾ ਬਣਾ ਦਿੰਦੀ ਹੈ। ਜੇ ਅਸੀਂ ਹਰ ਘਟਨਾ ਪ੍ਰਤੀ ਭਾਵੁਕ ਹੋਣ ਲੱਗੀਏ ਤਾਂ ਪ੍ਰਸ਼ਾਸਨ ਇਕ ਦਿਨ ਵੀ ਨਹੀਂ ਚਲ ਸਕੇਗਾ।"

"ਜੇ 103 ਪਿੰਡ ਸੜ ਜਾਣ ਤਾਂ ਵੀ ਨਹੀਂ ?"

''ਤਾਂ ਵੀ ਨਹੀਂ" ਰਿਚਰਡ ਨੇ ਥੋੜ੍ਹਾ ਜਿਹਾ ਰੁਕ ਕੇ ਕਿਹਾ, "ਇਹ ਮੇਰਾ ਦੇਸ਼ ਨਹੀਂ ਹੈ। ਨਾ ਹੀ ਇਹ ਮੇਰੇ ਦੇਸ਼ ਦੇ ਲੋਕ ਹਨ।"

ਲੀਜ਼ਾ ਰਿਚਰਡ ਦੇ ਚਿਹਰੇ ਵੱਲ ਦੇਖਦੀ ਰਹਿ ਗਈ।

"ਪਰ ਤੂੰ ਤਾਂ ਇਨ੍ਹਾਂ ਲੋਕਾਂ ਬਾਰੇ ਕਿਤਾਬ ਲਿਖਣ ਲੱਗਾ ਸੀ, ਰਿਚਰਡ। ਇਨ੍ਹਾਂ ਦੀ ਨਸਲ ਬਾਰੇ। ਉਹੋ ਨਾ ?"

"ਕਿਤਾਬ ਲਿਖਣਾ ਹੋਰ ਗੱਲ ਹੈ ਲੀਜ਼ਾ, ਉਸਦਾ ਪ੍ਰਸ਼ਾਸਨ ਨਾਲ ਕੀ ਸੰਬੰਧ?"

ਲੀਜ਼ਾ ਨੂੰ ਫਿਰ ਗੁੰਮ ਸਮ ਵੇਖ ਕੇ ਰਿਚਰਡ ਬੋਲਿਆ :

"ਅੱਜ ਮੈਂ ਹੈਲਥ ਅਫ਼ਸਰ ਦੀ ਪਤਨੀ ਨੂੰ ਕਿਹਾ ਹੈ ਕਿ ਰਿਫੀਓਜ਼ੀਆਂ ਲਈ ਸਾਮਾਨ ਇਕੱਠਾ ਕਰੋ - ਇੱਥੇ ਪਿੰਡਾਂ ਵਿਚੋਂ ਆਉਣ ਵਾਲੇ ਰਿਫੀਊਜ਼ੀਆਂ ਲਈ ਦੇ ਕੈਂਪ ਖੋਲ੍ਹੇ ਜਾ ਰਹੇ ਹਨ। ਅਤੇ ਮੈਂ ਉਸਨੂੰ ਯਕੀਨ ਦਵਾਇਆ ਹੈ ਕਿ ਤੂੰ ਵੀ ਇਸ ਕੰਮ ਵਿਚ ਯੋਗਦਾਨ ਦੇਵੇਂਗੀ" ਫਿਰ ਆਪਣੇ ਸੁਝਾਓ ਨੂੰ ਵਧੇਰੇ ਸਪੱਸ਼ਟ ਕਰਦਾ ਹੋਇਆ ਬੋਲਿਆ :

''ਰਿਫੀਊਜ਼ੀਆਂ ਲਈ ਕੱਪੜਾ, ਰਿਫੀਊਜ਼ੀ ਬੱਚਿਆਂ ਲਈ ਖਾਣ-ਪੀਣ ਦੀਆਂ ਚੀਜ਼ਾਂ ਅਤੇ ਖਿਡੌਣੇ ਇਕੱਠੇ ਕਰ ਸਕਦੀ ਹੈ। ਇਸ ਨਾਲ ਤੈਨੂੰ ਘੁੰਮਣ ਫਿਰਨ ਦਾ ਮੌਕਾ ਮਿਲੇਗਾ।"

ਲੀਜ਼ਾ ਫਿਰ ਵੀ ਚੁੱਪ ਰਹੀ। ਰਿਚਰਡ ਨੇ ਫਿਰ ਝੁਕ ਕੇ ਲੀਜ਼ਾ ਦੀ ਚੁੰਮੀ ਲੈ ਲਈ ਅਤੇ ਖੱਬੇ ਹੱਥ ਨਾਲ ਉਸਦੇ ਵਾਲ ਸਹਿਲਾਉਂਦਾ ਹੋਇਆ ਬੋਲਿਆ :

''ਮੈਂ ਰੁਕ ਨਹੀਂ ਸਕਦਾ ਲੀਜ਼ਾ, ਮੈਨੂੰ ਬਹੁਤ ਕੰਮ ਹੈ, ਇਸ ਵੇਲੇ ਮੈਨੂੰ ਆਪਣੇ ਦਫ਼ਤਰ ਵਿਚ ਹੋਣਾ ਚਾਹੀਦਾ ਸੀ।”

ਅਤੇ ਉਹ ਉਠ ਖਲੋਤਾ।

"ਫਿਰ ਮਿਲਾਂਗਾ ਲੀਜ਼ਾ ! ਮੇਰੀ ਉਡੀਕ ਨਾ ਕਰੀਂ--ਅਤੇ ਪਿੰਡਾਂ ਵਿਚ ਜਾਣ ਲਈ ਸਵੇਰੇ ਤਿਆਰ ਰਹੀ। ਅਸੀਂ ਅੱਠ ਵਜੇ ਨਿਕਲ ਜਾਵਾਂਗੇ।" ਅਤੇ ਉਹ ਕਮਰੇ ਤੋਂ ਬਾਹਰ ਨਿਕਲ ਗਿਆ।

ਲੀਜ਼ਾ ਦੇਰ ਤਕ ਬੈਠੀ ਖੁਲ੍ਹੇ ਦਰਵਾਜ਼ੇ ਵੱਲ ਵੇਖਦੀ ਰਹੀ, ਉਸਦੇ ਸਰੀਰ ਵਿਚ ਕੰਬਣੀ ਜਿਹੀ ਆ ਗਈ। ਕਮਰਾ ਫਿਰ ਸਾਂ ਸਾਂ ਕਰਨ ਲੱਗਾ।

***

## ਵੀਹ

"ਸਾਨੂੰ ਅੰਕੜੇ ਚਾਹੀਦੇ ਹਨ, ਕੇਵਲ ਅੰਕੜੇ ! ਤੁਸੀਂ ਸਮਝਦੇ ਕਿਉਂ ਨਹੀਂ? ਤੁਸੀਂ ਕਿੱਸੇ ਲੈ ਬੈਠਦੇ ਹੋ, ਸਾਰੀ ਰਾਮ ਕਹਾਣੀ ਸੁਨਾਉਣ ਲੱਗਦੇ ਹੋ, ਮੈਨੂੰ ਰਾਮ ਕਹਾਣੀ ਨਹੀਂ ਚਾਹੀਦੀ, ਮੈਨੂੰ ਕੇਵਲ ਅੰਕੜੇ ਚਾਹੀਦੇ ਹਨ। ਕਿੰਨੇ ਮਰੇ, ਕਿੰਨੇ ਜ਼ਖਮੀ ਹੋਏ, ਕਿੰਨਾ ਮਾਲੀ ਨੁਕਸਾਨ ਹੋਇਆ--।"

ਰਿਲੀਫ਼ ਕਮੇਟੀ ਦਾ ਕਾਰਜ ਕਰਤਾ, ਰਜਿਸਟਰ ਖੋਲ੍ਹੀ ਖਿੱਝ ਕੇ ਕਹਿੰਦਾ, ਪਰ ਰਿਫਊਜ਼ੀ ਸਨ ਕਿ ਸਮਝਦੇ ਹੀ ਨਹੀਂ ਸਨ। ਦਿਨ ਭਰ ਬੈਠੇ ਰਹੋ, ਰਜਿਸਟਰ ਕਾਲਾ ਕਰਦੇ ਰਹੋ, ਸ਼ਾਮ ਵੇਲੇ ਲਿਸਟ ਤਿਆਰ ਕਰਨ ਲੱਗਿਆਂ ਦੋ ਪਿੰਡਾਂ ਦੇ ਵੀ ਅੰਕੜੇ ਪੂਰੇ ਨਹੀਂ ਹੁੰਦੇ। ਇਨ੍ਹਾਂ ਨੂੰ ਕੋਣ ਸਮਝਾਏ, ਇਨ੍ਹਾਂ ਨਾਲ ਰੁੱਖਾ ਵੀ ਨਹੀਂ ਬੋਲਿਆ ਜਾ ਸਕਦਾ ਸੀ, ਦਫ਼ਤਰ ਵਿਚੋਂ ਬਾਹਰ ਵੀ ਨਹੀਂ ਕੱਢਿਆ ਜਾ ਸਕਦਾ ਸੀ, ਸਭ ਵਧੀ ਤੁਰੇ ਆਉਂਦੇ ਹਨ। ਇਕ ਦੀ ਥਾਂ ਤਿੰਨ ਤਿੰਨ ਇਕੱਠੇ ਬੋਲਦੇ ਹਨ। ਕਦੇ ਕਦੇ ਕਾਰਜ ਕਰਤਾ ਨੂੰ ਲੱਗਦਾ ਕਿ ਰਿਫੀਓਜ਼ੀ ਦਫਤਰ ਵਿਚ ਬੈਠੇ ਸੈਂਕੜੇ ਰਿਫੀਊਜ਼ੀ ਇਕੱਠੇ ਬੋਲ ਰਹੇ ਹਨ, ਅਤੇ ਉਸਦੇ ਕੰਨ ਵਿਚ ਆਪਣੀ ਆਪਣੀ ਰਾਮ ਕਹਾਣੀ ਚਿੱਲਾ ਚਿੱਲਾ ਕੇ ਸੁਣਾਈ ਜਾ ਰਹੇ ਹਨ। ਪਰ ਇਨ੍ਹਾਂ ਨੂੰ ਕੋਈ ਕੀ ਕਹੇ—ਬਰਬਾਦ ਹੋ ਕੇ ਆਏ ਹਨ, ਬੇਘਰ --ਬੇਸਰੋ-ਸਾਮਾਨ। ਸਭ ਉਸਦੀ ਮੇਜ਼ ਤੇ ਆ ਦਵਾਲੇ ਹੁੰਦੇ ਹਨ। ਕੋਈ ਰਿਫੀਉਜ਼ੀ ਕਿੱਸਾ ਨਾ ਛੇੜ ਦੇਵੇ ਤਾਂ ਦੋ ਮਿੰਟ ਵਿਚ ਸਾਰੇ ਪਿੰਡ ਦੇ ਅੰਕੜੇ ਲਏ ਜਾ ਸਕਦੇ ਹਨ। ਮੈਨੂੰ ਇਹ ਸਭ ਨਾ ਸੁਣਾਓ, ਮੈਨੂੰ ਅੰਕੜੇ ਦਿਓ, ਅੰਕੜੇ, ਪਰ ਮੇਜ਼ ਦੇ ਸਾਹਮਣੇ ਬੈਠਾ ਕਰਤਾਰ ਸਿੰਘ ਹੱਥ ਜੋੜ ਕੇ ਕਹਿ ਰਿਹਾ ਹੈ :

“ਓ, ਮੈਂ ਉਸਨੂੰ ਫਿਰ ਕਿਹਾ, ਇਮਦਾਦਖਾਨ, ਅਸੀਂ ਇਕੱਠੇ ਖੇਡ ਖੇਡ ਕੇ ਵੱਡੇ ਹੋਏ ਹਾਂ, ਤੂੰ ਮੈਨੂੰ ਭੁੱਲ ਗਿਆ ਹੈਂ, ਪਰ ਸਵੇਰ ਦਾ ਵੇਲਾ ਹੈ, ਬਾਉ ਜੀ,

ਵਾਹਿਗੁਰੂ ਝੂਠ ਨਾ ਬੁਲਾਵੇ, ਇਮਦਾਦ ਖਾਨ ਨੇ ਪਹਿਲਾਂ ਮੇਰੇ ਤੇ ਵਾਰ ਨਹੀਂ ਕੀਤਾ--"

ਬਾਬੂ ਪਰੇਸ਼ਾਨ ਹੋ ਜਾਂਦਾ। ਉਹ ਅੰਕੜੇ ਮੰਗਦਾ ਸੀ। ਲੋਕ ਉਸਨੂੰ ਆਪਣੇ ਜਖਮ ਦਿਖਾ ਰਹੇ ਸਨ।

"ਗੰਡਾਸਾ ਸਿੱਧਾ ਮੇਰੇ ਮੱਥੇ ਤੇ ਵੱਜਾ, ਇਸ ਅੱਖ ਤੇ ਵੱਜਾ। ਕਿਉਂ ਬਾਊ ਜੀ ਮੇਰੀ ਅੱਖ ਬੱਚ ਜਾਵੇਗੀ? ਦਾਦਾ ਕਹਿਣ ਲੱਗਾ: ਬੰਤਾ ਸਿੰਘ, ਅੱਖ ਤੋਂ ਪੱਟੀ ਨਾ ਖੋਲ੍ਹੀ। ਮੈਂ ਪੱਟੀ ਨਹੀਂ ਖੋਲ੍ਹੀ।

ਇਹ ਅੰਕੜੇ ਨਹੀਂ ਸਨ। ਇਹ ਦੁੱਖਾਂ ਦੀ ਕਹਾਣੀ ਸੀ। ਅਤੇ ਹੁਣ ਇਕ ਹੋਰ ਆਦਮੀ ਸਾਹਮਣੇ ਆ ਬੈਠਾ ਸੀ।

ਅੰਕੜਿਆਂ ਵਾਲਾ ਬਾਬੂ ਮੇਚ ਤੋਂ ਅੱਖ ਚੁੱਕੇ ਬਿਨਾ ਸਵਾਲ ਪੁੱਛੀ ਜਾ ਰਿਹਾ ਸੀ ਅਤੇ ਸਵਾਬ ਲਿਖੀ ਜਾ ਰਿਹਾ ਸੀ।

"ਨਾਮ ?"

"ਹਰਨਾਮ ਸਿੰਘ।

''ਪਿਤਾ ਦਾ ਨਾਮ ?"

'ਸਰਦਾਰ ਗੁਰਦਿਆਲ ਸਿੰਘ"

"ਪਿੰਡ?"

"ਢੱਕ ਇਲਾਹੀ ਬਖਸ਼।"

''ਤਹਿਸੀਲ ?"

"ਨੂਰਪੁਰ।"

''ਕਿੰਨੇ ਘਰ ਹਿੰਦੂਆਂ ਸਿੱਖਾਂ ਦੇ ਸਨ ?"

"ਸਿਰਫ ਇਕ ਘਰ, ਮੇਰਾ ਘਰ ਜੀ।"

ਬਾਬੂ ਨੇ ਸਿਰ ਉਪਰ ਚੁੱਕਿਆ। ਵੱਡੀ ਉਮਰ ਦਾ ਇਕ ਸਰਦਾਰ ਸਵਾਲਾ ਦਾ ਜਵਾਬ ਦਈ ਜਾ ਰਿਹਾ ਸੀ :

"ਤੁਸੀਂ ਬਚ ਕੇ ਕਿਵੇਂ ਆ ਗਏ ?"

''ਕਰੀਮ ਖਾਨ ਦੇ ਸਾਡੇ ਨਾਲ ਚੰਗੇ ਸਬੰਧ ਸਨ। ਸ਼ਾਮ ਨੂੰ ਜਦ --"

ਬਾਬੂ ਨੇ ਉਂਗਲੀ ਦਾ ਇਸ਼ਾਰਾ ਕਰਕੇ ਉਸਨੂੰ ਬੋਲਣੇ ਬੰਦ ਕਰ ਦਿੱਤਾ।

"ਜਾਨੀ ਨੁਕਸਾਨ ?"

"ਨਹੀਂ ਜੀ। ਮੈਂ ਅਤੇ ਮੇਰੀ ਘਰ ਵਾਲੀ ਬੱਚ ਕੇ ਆ ਗਏ ਹਾਂ। ਪੁੱਤਰ ਇਕਬਾਲ ਸਿੰਘ ਨੂਰਪੁਰ ਵਿਚ ਸੀ ਜੀ, ਉਸ ਦਾ ਕੁਝ ਪਤਾ ਨਹੀਂ। ਮੇਰੀ ਲੜਕੀ ਜਸਵੀਰ ਕੌਰ ਸੈਦਪੁਰ ਵਿਚ ਸੀ ਉਹ ਖੂਹ ਵਿਚ ਡੁੱਬ ਮੋਈ ਹੈ -- "

ਬਾਊ ਨੇ ਫਿਤ ਉਂਗਲੀ ਦਾ ਇਸ਼ਾਰਾ ਕਰਕੇ ਉਸਨੂੰ ਚੁੱਪ ਕਰਾ ਦਿੱਤਾ। ''ਸਿੱਧਾ ਦੱਸੋ ਜਾਨੀ ਨੁਕਸਾਨ ?”

"ਇਕ ਲੜਕੀ ਡੁੱਬ ਮਰੀ।"

ਪਰ ਉਹ ਤੁਹਾਡੇ ਪਿੰਡ ਵਿਚ ਨਹੀਂ ਮੇਰੀ? "

"ਜੀ ਨਹੀਂ।"

ਇਹ ਅੰਕੜੇ ਹੋਰ ਪਿੰਡਾਂ ਦੇ ਹਨ। ਤੁਸੀਂ ਆਪਣੇ ਪਿੰਡ ਦੀ ਗੱਲ ਕਰੋ।

"ਮਾਲੀ ਨੁਕਸਾਨ"

''ਦੁਕਾਨ ਸੜ ਗਈ ਹੈ। ਸਾਰਾ ਸਾਮਾਨ ਲੁੱਟ ਲਿਆ ਗਿਆ। ਇਕ ਟਰੰਕ ਸੀ, ਉਹ ਚੋਰੀ ਹੋ ਗਿਆ ਸੀ, ਪਰ ਉਸ ਵਿਚੋਂ ਦੋ ਸੋਨੇ ਦੇ ਕੜੇ....... ਪਰ ਉਹ ਟਰੰਕ ਮੈਂ ਆਪ ਹੀ ਅਹਿਸਾਨ ਅਲੀ ਨੂੰ ਦੇ ਦਿੱਤਾ ਸੀ ਜੀ। ਰਾਜੋ ਉਸ ਦੀ ਘਰ ਵਾਲੀ ਬੜੀ ਨੇਕ ਅਤੇ ਦਿਆਲੂ ਔਰਤ ਹੈ। ਉਸ ਨੇ.......।"

ਬਾਊ ਦੀ ਉਂਗਲੀ ਫਿਰ ਖਲੋ ਗਈ ਸੀ, ਅਤੇ ਹਰਨਾਮ ਸਿੰਘ ਚੁੱਪ ਹੋ ਗਿਆ ਸੀ।

"ਦੁਕਾਨ ਕਿੰਨੀ ਲਾਗਤ ਦੀ ਹੋਵੇਗੀ ?"

"ਕਿਉਂ ਬੰਤੋ ? ਦੁਕਾਨ ਕਿੰਨੀ ਲਾਗਤ ਦੀ ਹੋਵੇਗੀ ?"

"ਕੁਲ ਲਾਗਤ ਦਸੋ, ਸਮਾਨ ਸਮੇਤ - ਜਲਦੀ ਕਰੋ, ਮੈਨੂੰ ਹੋਰ ਵੀ ਕੰਮ ਹੈ......।'

"ਇਹੋ ਸੱਤ-ਅੱਠ ਹਜ਼ਾਰ, ਪਿਛੇ ਜ਼ਮੀਨ ਸੀ ਕੁਝ...।"

"ਦਸ ਹਜ਼ਾਰ ਲਿਖ ਦਿਆਂ ?"

"ਹਾਂ ਲਿਖ ਲਓ।"

"ਕੋਈ ਮਾਲ ਬਰਾਮਦ ਕਰਨਾ ਹੈ ?

'ਜੀ ਇਕ ਬੰਦੂਕ ਹੈ, ਦੋਨਾਲੀ ਬੰਦੂਕ ਹੈ, ਉਹ ਅਧਿਰੋ ਵਿਚ ਜਲਾਲ ਦੀਨ ਸੂਬੇਦਾਰ ਦੇ ਘਰ ਵਿਚ ਰਖੀ ਹੈ....।"

"ਤੁਸੀਂ ਤਾਂ ਅਧਿਰੋ ਦੇ ਨਹੀਂ ਹੋ, ਤੁਸੀਂ ਤਾਂ ਢੋਕ ਇਲਾਹੀ ਬਖਸ਼ ਦੇ ਹੋ।"

''ਜੀ ਅਸੀਂ ਢੱਕ ਇਲਾਹੀ ਬਖਸ਼ ਤੋਂ ਭੱਜ ਆਏ ਸਾਂ। ਪਹਿਲੀ ਰਾਤ ਤਾਂ ਅਸੀਂ ਨਦੀ ਦੇ ਕੰਢੇ ਕੰਢੇ ਭੱਜਦੇ ਰਹੇ। ਦਿਨ ਦੇ ਵੇਲੇ ਅਸੀਂ ਅਹਿਸਾਨ ਅਲੀ ਦੇ ਘਰ ਵਿਚ ਰਹੇ | ਰਾਤ ਨੂੰ ਫਿਰ ਚਲਦੇ ਰਹੇ। ਦੂਸਰੇ ਦਿਨ ਅਧਿਰੋ ਵਿਚ ਜਲਾਲ ਦੀਨ ਨੇ ਸਾਨੂੰ ਪਨਾਹ ਦਿੱਤੀ। ਉਹ ਬਹੁਤ ਭਲਾ ਲੋਕ ਹੈ ਜੀ, ਉਸਨੇ ਸਾਨੂੰ ਅਲੱਗ ਭਾਂਡੇ ਦਿੱਤੇ ਕਿ ਆਪਣੀ ਰਸੋਈ ਆਪ ਕਰ ਲਓ......"

"ਬਸ, ਬਸ, ਛੱਡ ਇਸ ਸੂਬੇਦਾਰ ਦਾ ਨਾਮ ਤੇ ਪਤਾ ਦਸੋ।"

ਹਰਨਾਮ ਸਿੰਘ ਆਪਣੀ ਦਾਸਤਾਨ ਸੁਨਾਉਣਾ ਚਾਹੁੰਦਾ ਸੀ, ਆਪਣੇ ਪੁੱਤਰ ਬਾਰੇ ਪੁੱਛ- ਗਿੱਛ ਕਰਵਾਉਣਾ ਚਾਹੁੰਦਾ ਸੀ, ਪਰ ਬਾਉ ਨੇ ਇਕ ਨਹੀਂ ਸੁਣੀ। ਸਾਰਾ ਸਮਾਂ ਉਸ ਨੇ ਬੁਲਾਂ ਤੇ ਉਂਗਲੀ ਰੱਖੀ ਅਤੇ ਫਿਰ ਉਸ ਨੂੰ ਤੋਰ ਦਿੱਤਾ।

"ਹੁਣ ਤੁਸੀਂ ਤਸ਼ਰੀਫ਼ ਲੈ ਜਾਓ।"

"ਅੰਕੜਿਆਂ ਵਾਲੇ ਬਾਬੂ ਨੇ ਆਪਣੀ ਜ਼ਰੂਰਤ ਦੀ ਚੀਜ਼ ਲਿਖ ਲਈ ਸੀ। ਅਨਾਜ ਦੇ ਦਾਣੇ ਕੱਢ ਲਏ ਸਨ, ਬਾਕੀ ਸਭ ਤੂੜੀ ਦਾ ਢੇਰ ਸੀ। ਤੂੜੀ ਹੀ ਤੂੜੀ। ਪਰ ਕਦੇ ਕਦੇ ਬਾਊ ਸੁਣਨ ਲੱਗਦਾ ਤਾਂ ਸੁਣੀ ਜਾਂਦਾ। ਸੁਣੀ ਜਾਂਦਾ। ਕੋਈ ਕੋਈ ਆਪ ਬੀਤੀ ਉਸ ਨੂੰ ਬੰਨ੍ਹ ਲੈਂਦੀ ਉਸ ਦਾ ਦਿਲ ਤੇ ਦਿਮਾਗ ਜਕੜ ਲੈਂਦੀ।"

"ਕਿਉਂ ਬਾਬੂ ਜੀ, ਕੀ ਪਤਾ ਮੇਰੀ ਸੁਖਵੰਤ ਨੇ ਖੂਹ ਵਿਚ ਛਾਲ ਨਾ ਮਾਰੀ ਹੋਵੇ। ਕੀ ਪਤਾ ਜੀ, ਪੁੱਤਰ ਨੂੰ ਲੈ ਕੇ ਪਿੰਡ ਵਿਚ ਹੀ ਕਿਤੇ ਲੁਕੀ ਬੈਠੀ ਹੋਵੇ ? ਮੈਂ ਗਲੀ ਵਿਚੋਂ ਭੱਜਦਾ ਹੋਇਆ ਘਰ ਗਿਆ ਸੀ। ਮੰਜੀ ਲੈਣ ਲਈ, ਕਿਉਂਕਿ ਆਸਾ ਸਿੰਘ ਜ਼ਖ਼ਮੀ ਹੋ ਗਿਆ ਸੀ। ਉਸ ਵੇਲੇ ਮੈਂ ਬਹੁਤ ਸਾਰੀਆਂ ਔਰਤਾਂ ਨੂੰ ਗੁਰਦਵਾਰੇ ਵਿਚੋਂ ਨਿਕਲਦਿਆਂ ਵੇਖਿਆ ਸੀ। ਸੁਖਵੰਤ ਵੀ ਨਾਲ ਸੀ। ਮੈਨੂੰ ਕੀ ਪਤਾ ਜੀ, ਕਿਥੇ ਜਾ ਰਹੀਆਂ ਹਨ, ਉਨ੍ਹਾਂ ਨੇ ਹੱਥ ਉਪਰ ਨੂੰ ਚੁੱਕੇ ਹੋਏ ਸਨ ਅਤੇ ਗਲਾਂ ਵਿਚ ਪੱਲੇ ਪਾਏ ਹੋਏ ਸਨ। ਜਦ ਮੈਂ ਮੱਜੀ ਲੈ ਕੇ ਆਇਆ ਤਾਂ ਸੁਖਵੰਤ ਗਲੀ ਵਿਚ ਖਲੋਤੀ ਹੋਈ ਸੀ। ਪਹਿਲਾਂ ਉਹ ਵੀ ਔਰਤਾਂ ਦੇ ਪਿਛੇ ਜਾ ਰਹੀ ਸੀ, ਫਿਰ ਉਹ ਪਿੱਛੇ ਖਲੋ ਗਈ ਸੀ। ਸਾਡਾ ਲੜਕਾ ਗੁਰਮੀਤ ਗੁਰਦਵਾਰੇ ਦੇ ਚਬੂਤਰੇ ਤੇ ਖਲੋਤਾ ਸੀ। ਉਸ ਵੇਲੇ ਪਿਛੇ ਸਕੂਲ ਸੜਨ ਲੱਗਾ ਸੀ ਜੀ। ਅੱਗ ਦੇ ਭਾਂਬੜ ਜਦ ਉਪਰ ਉਠਦੇ ਤਾਂ ਰੋਸ਼ਨੀ ਤੇਜ਼ ਹੋ ਜਾਂਦੀ, ਫਿਰ ਕਦੇ ਬੈਠ ਵੀ ਜਾਂਦੀ ਤਾਂ ਗਲੀ ਵਿਚ ਧੁੱਪ ਛਾਂ ਜਿਹੀ ਹੋਣ ਲੱਗਦੀ। ਇਸੇ ਧੁੱਪ ਛਾਂ ਵਿਚ ਮੈਂ ਵੇਖਿਆ- ਸੁਖਵੰਤ ਘਬਰਾਈ ਹੋਈ ਸੀ। ਉਹ ਵਾਪਿਸ ਆ ਗਈ, ਆਪਣੇ ਪੁੱਤਰ ਕੋਲ ਵਾਪਸ ਆ ਗਈ। ਫਿਰ ਗਲੀ ਵਿਚ ਖਲੋ ਗਈ। ਜਦ ਅੱਗ ਭੜਕੀ ਤਾਂ ਮੈਂ ਵੇਖਿਆ ਉਹ ਗਲੀ ਵਿਚ ਕੰਬਦੀ ਜਿਹੀ ਖਲੋਤੀ ਹੋਈ ਸੀ। "ਸੁਖੋ ਕੀ ਕਰ ਰਹੀ ਹੈ," ਮੈਂ ਕਿਹਾ, ਪਰ ਉਸ ਵੇਲੇ ਸੋਚਣ ਕਹਿਣ ਦਾ ਵਕਤ ਹੀ ਕਿਥੇ ਸੀ। ਜੇ ਉਸ ਵੇਲੇ ਸੁਖਵੰਤ ਦੀ ਨਜ਼ਰ ਮੇਰੇ ਤੇ ਪੈ ਜਾਂਦੀ ਤਾਂ ਉਹ ਗੁਰਮੀਤ ਨੂੰ ਤਾਂ ਨਾ ਲੈ ਜਾਂਦੀ ਜੀ। ਫਿਰ ਇਕ ਵਾਰ ਉਹ ਮੇਰੇ ਪੁਤ ਕੋਲ ਗਈ ਅਤੇ ਫਿਰ ਚਲਦੇ ਚਲਦੇ ਰੁਕ ਗਈ। ਮੈਨੂੰ ਕੀ ਪਤਾ ਜੀ, ਉਹ ਕੀ ਕਰਨ ਲੱਗੀ ਹੈ, ਕੀ ਸੋਚ ਰਹੀ ਹੈ

? ਤਦੇ ਪਿੰਡ ਦੇ ਬਾਹਰ ਰੌਲਾ ਪੈਣ ਲੱਗਾ। ‘ਯਾ ਅਲੀ', ਯਾ ਅਲੀ' ਦੀਆਂ ਆਵਾਜ਼ਾਂ ਆਉਣ ਲੱਗੀਆਂ ਸਨ। ਤਦੇ ਮੈਂ ਘੁੰਮ ਕੇ ਵੇਖਿਆ ਕਿ ਸੁਖਵੰਤ ਦੋੜ ਕੇ ਗੁਰਦੀਪ ਕੋਲ ਆਈ ਅਤੇ ਗੁਰਦੀਪ ਨੂੰ ਕੁਛੜ ਚੁੱਕ ਕੇ ਭੱਜਦੀ ਹੋਈ ਔਰਤਾਂ ਦੇ ਪਿੱਛੇ ਪਿੱਛੇ ਜਾਣ ਲੱਗੀ। ਆਖਰੀ ਵਾਰ ਜਦ ਮੈਂ ਵੇਖਿਆ ਤਾਂ ਸੁਖਵੰਤ ਭੱਜੀ ਜਾ ਰਹੀ ਸੀ ਅਤੇ ਉਸਦਾ ਹਰੇ ਰੰਗ ਦਾ ਪੱਲਾ ਉਡ ਰਿਹਾ ਸੀ, ਇਸ ਤੋਂ ਪਿਛੋਂ ਗਲੀ ਦਾ ਮੋੜ ਆ ਗਿਆ ਜੀ ਅਤੇ ਉਹ ਅੱਖਾਂ ਤੋਂ ਓਹਲੇ ਹੋ ਗਈ।...ਮੈਂ ਇਹੋ ਪੁਛਨਾ ਹਾਂ ਨਾ ਜੀ, ਕੀ ਪਤਾ ਸੁਖਵੰਤ ਨੇ ਖੂਹ ਵਿਚ ਛਾਲ ਨਾ ਮਾਰੀ ਹੋਵੇ। ਕੀ ਪਤਾ ਜੀ, ਗੁਰਮੀਤ ਨੂੰ ਨਾਲ ਲੈ ਗਈ ਹੋਵੇ, ਕੀ ਪਤਾ ਗੁਰਮੀਤ ਨਾ ਡੁੱਬਿਆ ਹੋਵੇ, ਉਥੇ ਹੀ ਕਿਤੇ ਖੂਹ ਕੋਲ ਘੁੰਮ ਰਿਹਾ ਹੋਵੇ। ਕਿਉਂ ਜੀ? ਕਿਉਂ ਬਾਬੂ ਜੀ ? ਇਸ ਦਾ ਪਤਾ ਨਹੀਂ ਲਾਇਆ ਜਾ ਸਕਦਾ—? ਪਰ ਇਹ ਅੰਕੜੇ ਨਹੀਂ ਸਨ ਅਤੇ ਬਰਾਮਦ ਦਾ ਕੰਮ ਓਸ ਦਾ ਨਹੀਂ ਹੈ, ਉਹ ਦੇਵ ਰਾਜ ਜੀ ਕਰਦੇ ਹਨ। ਬਰਾਮਦ ਦਾ ਸਾਰਾ ਕੰਮ, ਦੱਬਿਆ ਹੋਇਆ ਸੋਨਾ ਕਢਵਾਉਣਾ ਅਤੇ ਕੱਪੜਾ ਲਤਾ ਕਢਵਾਉਣ ਦਾ ਕੰਮ ਉਨ੍ਹਾਂ ਨੇ ਸੰਭਾਲਿਆ ਹੋਇਆ ਹੈ। ਸਰਦਾਰ ਜੀ ਪੁੱਤਰ ਦਾ ਪਤਾ ਲਾਉਣ ਲਈ ਤੁਸੀਂ ਉਹਨਾਂ ਕੋਲ ਜਾਓ। ਮੇਰੇ ਕੋਲ ਆਉਣ ਦੀ ਲੋੜ ਨਹੀਂ ਹੈ। ਤੁਸੀਂ ਤੀਸਰੀ ਵਾਰ ਮੇਰੇ ਕੋਲ ਆ ਚੁੱਕੇ ਹੋ, ਵਾਰ ਵਾਰ ਇਹੋ ਕਿੱਸਾ ਦੁਹਰਾਉਂਦੇ ਹੋ, ਇਹ ਸੁਣਨਾ ਮੇਰਾ ਕੰਮ ਨਹੀਂ ਹੈ ...।”

ਪਰ ਸਰਦਾਰ ਫਿਰ ਵੀ ਸਾਹਮਣੇ ਬੈਠਾ ਬਾਬੂ ਵੱਲ ਦੇਖੀ ਜਾ ਰਿਹਾ ਸੀ। ਇਹ ਕਿਸੇ ਆਮ ਤੇ ਮੇਰੇ ਕੋਲ ਆਉਂਦਾ ਹੈ, ਮੈਂ ਇਸ ਨੂੰ ਕਿਵੇਂ ਸਮਝਾਵਾਂ ਕਿ ਮੈਂ ਕੁਝ ਨਹੀਂ ਕਰ ਸਕਦਾ। ਪਰ ਅੰਤ ਵਿਚ ਬਾਬੂ ਹੌਲੀ ਜਿਹੀ ਅਵਾਜ਼ ਵਿਚ ਕਹਿੰਦਾ ਹੈ:

"ਮੰਗਲਵਾਰ ਨੂੰ ਸ਼ਾਇਦ ਇਕ ਬੱਸ ਤੁਹਾਡੇ ਪਿੰਡ ਜਾਵੇਗੀ। ਮੈਂ ਦੇਵ ਰਾਜ ਜੀ ਨੂੰ ਕਹਾਂਗਾ ਕਿ ਉਸ ਵਿਚ ਤੁਹਾਨੂੰ ਵੀ ਭੇਜ ਦੇਣ। ਪਰ ਤੁਸੀਂ ਕਿਸੇ ਨੂੰ ਦੱਸਣਾ ਨਹੀਂ, ਨਹੀਂ ਤਾਂ ਸਾਰਾ ਪਿੰਡ ਮੇਰੇ ਕੱਲ ਭੱਜਿਆ ਆਵੇਗਾ..."

ਪਰ ਇਸ ਵਾਕ ਦਾ ਸਰਦਾਰ ਤੇ ਕੋਈ ਅਸਰ ਨਹੀਂ ਹੁੰਦਾ। ਫਿਰ ਆਪਣੇ ਹੀ ਤਰਕ ਰਾਹੀਂ ਆਪਣੇ ਆਪ ਨੂੰ ਸਮਝਾਉਂ ਦਾ ਹੋਇਆ ਕਹਿੰਦਾ ਹੈ। ਪਰ ਆਪਣੀਆਂ ਅੱਖਾਂ ਨਾਲ ਦੇਖ ਲੈਣਾ ਚੰਗਾ ਹੁੰਦਾ, ਇਹ ਗੱਲ ਠੋਕ ਵਜਾ ਕੇ ਵੇਖ ਲੈਣੀ ਚਾਹੀਦੀ ਹੈ। ਗੁਰਮੀਤ ਕਿਤੇ ਲੁਕਿਆ ਹੋਵੇਗਾ ਤਾਂ ਮੈਨੂੰ ਵੇਖ ਕੇ ਆਪਣੇ ਆਪ ਬਾਹਰ ਆ ਜਾਵੇਗਾ। ਭੱਜਦਾ ਹੋਇਆ ਬਾਹਰ ਆ ਜਾਵੇਗਾ। ਜਾਂ ਉਥੇ ਹੀ ਬੈਠਾ ਰੌਲਾ ਪਾਵੇਗਾ : "ਮੈਨੂੰ ਲਭ ਲਓ। ਮੈਨੂੰ ਲਭ ਲਓ !'' ਘਰ ਵਿਚ ਰੋਜ ਸਕਦਾ ਫਿਰਦਾ ਸੀ ਕਦੇ ਇਕ ਦਰਵਾਜ਼ੇ ਪਿਛੇ, ਕਦੇ ਦੂਸਰੇ ਦਰਵਾਜੇ ਪਿਛੇ।"

ਬਾਬੂ ਹੌਲੀ ਜਿਹੀ ਕੁਰਸੀ ਤੋਂ ਉਠਿਆ ਅਤੇ ਦਫਤਰ ਵਿਚੋਂ ਬਾਹਰ ਨਿਕਲ ਆਇਆ।

ਬਾਹਰ ਛੱਜੇ ਤੇ ਆ ਕੇ ਵੇਖੋ ਤਾਂ ਪਤਾ ਲੱਗਦਾ ਹੈ ਕਿ ਦਫ਼ਤਰ ਦੇ ਬਾਹਰ ਲੋਕਾਂ ਦੀ ਕਿੰਨੀ ਭੀੜ ਹੈ। ਹੇਠਾਂ ਵਿਹੜੇ ਵਿਚ ਥਾਂ ਥਾਂ ਪਿੰਡਾਂ ਤੋਂ ਆਏ ਲੋਕਾਂ ਦੀਆਂ ਟੋਲੀਆਂ ਬੈਠੀਆਂ ਹਨ। ਪਿੱਛੇ ਉੱਚਾ ਲੰਮਾ ਚਬੂਤਰਾ ਭਰਿਆ ਪਿਆ ਹੈ, ਜਿਸ ਉਤੇ ਬੈਠ ਕੇ ਵਾਨਪ੍ਰਸਥੀ ਜੀ ਵੈਦਿਕ ਧਰਮ ਦੀ ਮਹੱਤਤਾ ਦਾ ਪ੍ਰਚਾਰ ਕਰਦੇ ਹੁੰਦੇ ਸਨ। ਇਧਰ ਪੌੜੀਆਂ ਵਿਚ ਵੀ ਲੋਕ ਆ ਕੇ ਬੈਠ ਗਏ ਹਨ।

"ਗੰਡਾ ਸਿੰਘ ਨਾ ਰੋ" ਉਸ ਦੇ ਕੰਨਾਂ ਵਿਚ ਅਵਾਜ਼ ਪਈ। ਬਜ਼ੁਰਗ ਇਕ ਆਦਮੀ ਨੂੰ ਸਮਝਾ ਰਿਹਾ ਸੀ, "ਨਾ ਰੋ ਗੰਡਾ ਸਿੰਘ, ਜੋ ਚਲੇ ਗਏ ਉਹ ਗੁਰੂ ਮਹਾਰਾਜ ਨੂੰ ਪਿਆਰੇ ਹੋ ਗਏ। ਪੰਥ ਦੀ ਖਾਤਰ ਉਨ੍ਹਾਂ ਜਾਨਾਂ ਵਾਰ ਦਿੱਤੀਆਂ। ਹਮੇਸ਼ਾ ਲਈ ਉਹ ਅਮਰ ਹੋ ਗਏ। "

"ਵਾਹਿਗੁਰੂ, ਵਾਹਿਗੁਰੂ ! ਸਤਿਨਾਮ, ਸੱਚੇ ਪਾਤਸ਼ਾਹ !''

ਪੌੜੀਆਂ ਤੇ ਬੈਠੇ ਤਿੰਨ ਚਾਰ ਸਿੱਖਾਂ ਦੀਆਂ ਆਵਾਜ਼ਾਂ ਆਈਆਂ।

ਅੰਕੜਾ ਬਾਬੂ ਅਜੇ ਛੱਜੇ ਤੇ ਖਲੋਤਾ ਹੀ ਸੀ ਜਦ ਇਕ ਹੋਰ ਸਰਦਾਰ ਉਸਦੇ ਕੋਲ ਆਇਆ। ਉਸ ਨੂੰ ਵੇਖਦੇ ਹੀ ਅੰਕੜਾ ਬਾਬੂ ਮੁਸਕਰਾਏ ਬਿਨਾਂ ਨਾ ਰਹਿ

ਸਕਿਆ। ਮੋਟੀਆਂ ਮੋਟੀਆਂ ਅੱਖਾਂ, ਅੱਧਖੜ ਢਿਲੀ ਜਿਹੀ ਦੇਹ, ਉਹ ਵੀ ਵਾਰ ਵਾਰ ਬਾਬੂ ਕੋਲ ਪਹੁੰਚ ਜਾਂਦਾ ਸੀ ਅਤੇ ਹਮੇਸ਼ਾ ਬਾਬੂ ਦੇ ਕੰਨ ਕੋਲ ਮੂੰਹ ਲੈ ਜਾ ਕੇ ਗੱਲ ਕਰਦਾ ਸੀ :

"ਕੋਈ ਇੰਤਜ਼ਾਮ ਹੋਇਆ ਜੀ, ਪਿੰਡ ਜਾਣ ਦਾ ? ਬੱਸ ਜਾਵੇਗੀ ਨਾ ? ਕਦ ਜਾਵੇਗੀ ?"

''ਜਿਸ ਦਿਨ ਬੱਸ ਜਾਵੇਗੀ, ਮੈਂ ਤੁਹਾਨੂੰ ਦਸ ਦਿਆਂਗਾ। ਉਂਜ ਇਹ ਕੰਮ ਮੇਰਾ ਨਹੀਂ ਹੈ। ਲਾਲਾ ਦੇਵ ਰਾਜ... "

ਸਾਡਾ ਕੰਮ ਹੋ ਜਾਵੇਗਾ ਨਾ !" ਫਿਰ ਆਪਣਾ ਮੂੰਹ ਬਾਬੂ ਦੇ ਕੰਨ ਕੋਲ ਲੈ ਜਾ ਬੋਲਿਆ, "ਮੈਂ ਤੁਹਾਡਾ ਮੂੰਹ ਵੀ ਮਿੱਠਾ ਕਰਵਾ ਦਿਆਂਗਾ।"

ਇਸ ਤੇ ਬਾਬੂ ਨੇ ਥੋੜ੍ਹਾ ਜਿਹਾ ਖਿੱਝ ਕੇ ਕਿਹਾ: ''ਓ ਸਰਦਾਰ ਜੀ, ਕੋਈ ਅਕਲ ਦੀ ਗੱਲ ਕਰਿਆ ਕਰੋ। ਖੂਹ ਵਿਚ ਕੁਝ ਨਹੀਂ ਤਾਂ 27 ਤੀਵੀਂਆਂ ਡੁੱਬ ਮਰੀਆਂ ਹਨ। ਉਹਨਾਂ ਵਿਚੋਂ ਤੂੰ ਕਿਵੇਂ ਪਛਾਣੇਗਾ ਕਿ ਤੇਰੀ ਘਰ ਵਾਲੀ ਕਿਹੜੀ ਹੈ।"

"ਇਹ ਤੁਸੀਂ ਮੇਰੇ ਤੋਂ ਛੱਡ ਦਿਓ ਵੀਰ ਜੀ, ਮੈਂ ਕੜੇ ਵੇਖ ਕੇ ਹੀ ਪਛਾਣ ਲਵਾਂਗਾ। ਪੰਜ-ਪੰਜ ਤੋਲੇ ਦਾ ਇਕ ਕੜਾ ਹੈ। ਗਲ ਵਿਚ ਸੋਨੇ ਦੀ ਜੰਜੀਰੀ ਹੈ। ਹੁਣ ਘਰ ਵਾਲੀ ਡੁੱਬ ਮੇਰੀ। ਉਹ ਤਾਂ ਜੋ ਸਾਰਿਆਂ ਨਾਲ ਹੋਈ ਹੈ ਉਹੀ ਮੇਰੇ ਨਾਲ ਵੀ ਹੋਈ ਹੈ, ਪਰ ਇਹ ਕੜੇ ਤੇ ਜੰਜੀਰੀ ਕਿਵੇਂ ਛੱਡ ਦਿਆਂ ? ਕਿਉਂ ਵੀਰ ਜੀ ?"

ਫਿਰ ਮੂੰਹ ਕੰਨ ਕੋਲ ਲੈ ਜਾ ਕੇ ਬੋਲਿਆ : "ਜੇ ਇਹ ਗਹਿਣੇ ਉਹਦੇ ਗਲੋਂ ਅਤੇ ਹਥੋਂ ਲਵਾ ਦੇਵੇਂ ਤਾਂ ਵਿਚੋਂ ਤੈਨੂੰ ਵੀ ਦੇ ਦਿਆਂਗਾ। ਅਸੀਂ ਐਵੇਂ ਨਹੀਂ ਕਹਿੰਦੇ...। ਉਸ ਭਲੀ ਲੋਕ ਨੇ ਇਹ ਵੀ ਨਹੀਂ ਸੋਚਿਆ ਕਿ ਭਈ ਮੈਂ ਤਾਂ ਡੁੱਬਣ ਲੱਗੀ ਹਾਂ, ਮੈਂ ਆਪਣੇ ਕੜੇ ਲਾਹ ਕੇ ਹੀ ਦਿੰਦੀ ਜਾਵਾਂ? ਕਿਉਂ ਵੀਰ ਜੀ? ਪਰ ਅਸੀਂ ਤੁਹਾਡਾ ਮੂੰਹ ਮਿੱਠਾ ਕਰਵਾ ਦਿਆਂਗੇ, ਤੁਸੀਂ ਸਾਡਾ ਇਹ ਕੰਮ ਕਰਵਾ ਦਿਉ।" ਫਿਰ ਹਟ ਕੇ ਬਾਬੂ

ਦੇ ਮੂੰਹ ਵੱਲ ਵੇਖਦਾ ਰਿਹਾ, ''ਹੋਰ ਕਿਸੇ ਨੂੰ ਪਤਾ ਨਾ ਲੱਗੇ, ਮੈਂ ਅਤੇ ਤੁਸੀਂ। ਬੱਸ ਵਿਚ ਹੋਰ ਕਿਸੇ ਨੂੰ ਲੈ ਜਾਣ ਦੀ ਲੋੜ ਨਹੀਂ ਹੈ।"

"ਓ ਸਰਦਾਰ ਜੀ ਲਾਸ਼ਾਂ ਫੁੱਲ ਕੇ ਉਪਰ ਤੱਕ ਆ ਗਈਆਂ ਹਨ। ਫੁੱਲੀ ਹੋਈ ਲਾਸ਼' ਬਾਂਹ ਤੋਂ ਤੁਸੀਂ ਕੜੇ ਲਾਹ ਸਕਦੇ ਹੋ ? ਕੋਈ ਅਕਲ ਦੀ ਗੱਲ ਕਰਿਆ ਕਰੋ। ਕੀ ਸਰਕਾਰ ਤੁਹਾਨੂੰ ਲਾਹੁਣ ਦੇਵੇਗੀ?"

"ਕਿਉਂ ਜੀ, ਵਹੁਟੀ ਮੇਰੀ ਹੈ, ਮਾਲ ਮੇਰਾ ਹੈ, ਕੜੇ ਆਪਣੇ ਪੈਸਿਆਂ ਨਾਲ ਬਣਵਾਏ ਹਨ, ਕੋਈ ਚੋਰੀ ਤਾਂ ਨਹੀਂ ਕੀਤੇ। ਹਥੋੜੀ-ਛੈਣੀ ਨਾਲ ਲੈ ਚਲਾਂਗੇ। ਕਹੋਗੇ ਤਾਂ ਸੁਨਿਆਰਿਆਂ ਦਾ ਕੋਈ ਮੁੰਡਾ ਵੀ ਨਾਲ ਲੈ ਚਲਾਂਗੇ। ਮਿੰਟਾਂ ਵਿਚ ਕੰਮ ਹੋ ਜਾਵੇਗਾ। ਕੰਮ ਕਰਨ ਦੀ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ।"

"ਓ ਸਰਦਾਰ ਜੀ, ਕੁਝ ਸੋਚ ਸਮਝ ਕੇ ਗੱਲ ਕਰੋ। ਪਹਿਲਾਂ ਸਰਕਾਰ ਸ਼ਨਾਖਤ ਮੰਗੇਗੀ, ਫੁਲੀ ਹੋਈ ਲਾਸ਼ ਨੂੰ ਪਛਾਣਨਾ ਕੋਈ ਸੌਖਾ ਕੰਮ ਹੈ ?"

"ਵੀਰ ਜੀ ਇਹ ਕੰਮ ਤਾਂ ਤੁਹਾਡਾ ਏ ਨਾ। ਮੂੰਹ ਜੋ ਤੁਹਾਡਾ ਮਿੱਠਾ ਕਰਾਵਾਂਗੇ, ਤਾਂ ਇਨ੍ਹਾਂ ਕੰਮ ਵੀ ਤੁਸੀਂ ਨਹੀਂ ਕਰੋਗੇ ?"

"ਸਰਦਾਰ ਜੀ ਇਹ ਮੇਰਾ ਕੰਮ ਨਹੀਂ ਹੈ, ਕੁਝ ਸਮਝਿਆ ਕਰੋ। ਮੈਂ ਕੇਵਲ ਅੰਕੜੇ ਇਕੱਠੇ ਕਰਦਾ ਹਾਂ। ਮਾਲੀ ਨੁਕਸਾਨ ਦੀ ਲਿਸਟ ਵਿਚ ਮੈਂ ਤੁਹਾਡੀ ਪਤਨੀ ਦੇ ਕੜੇ ਅਤੇ ਜੰਜ਼ੀਰ ਦਰਜ ਕਰ ਲਏ ਹਨ। ਮਾਲ ਬਰਾਮਦ ਕਰਵਾਉਣ ਦਾ ਕੰਮ ਮੇਰਾ ਨਹੀਂ ਹੈ......।"

ਇਸ ਤੇ ਸਰਦਾਰ ਨੇ ਬਾਬੂ ਦਾ ਹੱਥ ਫੜ ਲਿਆ:

"ਨਾਰਾਜ਼ ਨਾ ਹੋਵੇ ਬਾਊ ਜੀ, ਨਰਾਜ਼ ਨਹੀਂ ਹੋਈਦਾ। ਦੁਨੀਆਂ ਵਿਚ ਕੰਮ ਚਲਦੇ ਰਹਿੰਦੇ ਹਨ।" ਫਿਰ ਬਾਬੂ ਦੇ ਨਾਲ ਲੱਗ ਕੇ ਖਲੋ ਗਿਆ ਅਤੇ ਬਾਬੂ ਦੇ ਸੱਜੇ ਹੱਥ ਨੂੰ ਆਪਣੇ ਹੱਥ ਵਿਚ ਲੈ ਕੇ ਉਸ ਦੀਆਂ ਤਿੰਨ ਉਂਗਲਾਂ ਨੂੰ ਅਲੱਗ ਅਲੱਗ

ਗਿਣਦੇ ਹੋਏ ਬੋਲਿਆ, "ਕਿਉਂ ? ਠੀਕ ਹੈ ? ਮਨਜ਼ੂਰ ਹੈ ਨਾ" (ਤਿੰਨ ਉਂਗਲਾਂ ਫੜਨ ਦਾ ਮਤਲਬ ਸੀ, ਤਿੰਨ ਵੀਹਾਂ ਭਾਵ ਸੱਠ ਰੁਪਏ) "ਸਰਦਾਰ ਜੀ ਕਿਉਂ ਆਪਣਾ ਸਮਾਂ ਬਰਬਾਦ ਕਰ ਰਹੇ ਹੋ। ਮੈਂ ਕੁਝ ਨਹੀਂ ਕਰ ਸਕਦਾ।"

ਇਸ ਤੇ ਸਰਦਾਰ ਬਾਬੂ ਦੀਆਂ ਉਂਗਲੀਆਂ ਛੱਡ ਕੇ ਉਸਦੇ ਚਿਹਰੇ ਵੱਲ ਦੇਰ ਤਕ ਘੂਰਦ ਰਿਹਾ। ਫਿਰ ਆਪਣੀ ਚਾਦਰ ਮੋਢੇ ਤੇ ਪਾਈ ਪੌੜੀਆਂ ਵੱਲ ਮੁੜ ਗਿਆ। ਪੌੜੀਆਂ ਕੋਲ ਪਹੁੰਚ ਕੇ ਫਿਰ ਖਲੋ ਗਿਆ।

''ਓ ਬਾਬੂ ?.. ਕਿਉਂ...?" ਅਤੇ ਉਸਨੇ ਹੱਥ ਉਪਰ ਚੁੱਕ ਕੇ ਆਪਣੀਆਂ ਚਾਰ ਉਂਗਲਾ ਵਿਖਾਈਆਂ। "ਕਿਉਂ ਮਨਜ਼ੂਰ ਹੈ ?"

ਬਾਬੂ ਨੇ ਮੂੰਹ ਫੇਰ ਲਿਆ। ਥੋੜ੍ਹੀ ਦੇਰ ਪਿਛੋਂ ਸਰਦਾਰ ਦੀ ਆਵਾਜ਼ ਆਈ :

'"ਕੁਝ ਤਾਂ ਰਹਿਮ ਕਰੋ ਸਾਡੇ ਤੇ, ਅਸੀਂ ਬਰਬਾਦ ਹੋ ਕੇ ਆਏ ਹਾਂ।" ਬਾਬੂ ਨੇ ਮੁੜ ਕੇ ਵੇਖਿਆ ਤਾਂ ਉਹ ਪੌੜੀਆਂ ਉਤਰ ਰਿਹਾ ਸੀ।

ਕੁਝ ਦੇਰ ਪਿਛੋਂ ਬਾਬੂ ਆਪ ਪੌੜੀਆਂ ਉਤਰ ਕੇ ਹੇਠਾਂ ਵਿਹੜੇ ਵਿਚ ਆ ਗਿਆ। ਮੇਜ਼ ਉੱਤੇ ਬਹੁਤੀ ਦੇਰ ਬੈਠੇ ਰਹਿਣਾ ਉਸ ਲਈ ਅਸੰਭਵ ਹੋ ਜਾਂਦਾ ਸੀ। ਸ਼ਾਮ ਤਕ ਦਫ਼ਤਰ ਵਿਚ ਰਹਿਣਾ ਜ਼ਰੂਰੀ ਹੁੰਦਾ ਸੀ, ਕਿਉਂਕਿ ਦਿਨ ਭਰ ਦੀ ਕਾਰਗੁਜ਼ਾਰੀ ਦਾ ਸ਼ਾਮ ਵੇਲੇ ਜੋੜ ਲਾਇਆ ਜਾਂਦਾ ਸੀ, ਫਿਰ ਉਨ੍ਹਾਂ ਤਥਾਂ ਦੀ ਇਕ ਨਕਲ ਅਖ਼ਬਾਰ ਦੇ ਪ੍ਰਤੀਨਿਧ ਨੂੰ ਭੇਜੀ ਜਾਂਦੀ, ਇਕ ਕਾਂਗਰਸ ਦੇ ਦਫ਼ਤਰ ਵਿਚ ਅਤੇ ਤੀਸਰੀ ਫਾਈਲ ਵਿਚ। ਪਰ ਮੌਤ ਦੇ ਅੰਕੜਿਆਂ ਵਿਚ ਉੱਨੀ ਵੀਹ ਦਾ ਹੀ ਫ਼ਰਕ ਹੁੰਦਾ। ਕਿਤੇ ਦੋ ਮੁਸਲਮਾਨ ਜ਼ਿਆਦਾ ਅਤੇ ਕਿਤੇ ਦੋ ਹਿੰਦੂ ਘੱਟ। ਮਾਲੀ ਨੁਕਸਾਨ ਹਿੰਦੂ- ਸਿੱਖਾਂ ਦਾ ਹੋਇਆ ਸੀ। ਕਲ੍ਹ ਸ਼ਾਮ ਦੇਵ ਦੱਤ ਆਇਆ ਸੀ, ਕਹਿਣ ਲੱਗਾ :

"ਅੱਜ ਕੀ ਜੋੜ ਨਿਕਲਿਆ ?"

"ਅੱਜ ਤਹਿਸੀਲ ਨੂਰਪੁਰ ਦੇ ਕੁਝ ਅੰਕੜੇ ਮਿਲੇ ਹਨ। ਮਰਨ ਵਾਲਿਆਂ ਦੀ ਸੰਖਿਆ ਵਿਚ ਬਹੁਤਾ ਫ਼ਰਕ ਨਹੀਂ। ਜਿੰਨੇ ਹਿੰਦੂ ਸਿੱਖ, ਲੱਗਭਗ ਉਨੇ ਹੀ ਮੁਸਲਮਾਨ।"

ਦੇਵਦੱਤ ਰਜਿਸਟਰ ਹੱਥ ਵਿਚ ਲੈਕੇ ਉਸ ਦੇ ਪੰਨੇ ਪਲਟਦਾ ਰਿਹਾ। ਫਿਰ ਉਸਨੂੰ ਵਾਪਸ ਕਰਦਾ ਹੋਇਆ ਬੋਲਿਆ :

"ਇਨ੍ਹਾਂ ਸਫ਼ਿਆਂ ਵਿਚ ਇਕ ਹੋਰ ਖਾਨਾ ਜੋੜ ਦਿਓ। ਗਰੀਬ ਕਿੰਨੇ ਮਰੇ ਅਤੇ ਖਾਂ ਪੀਂਦੇ ਲੋਕ ਕਿੰਨੇ ਮਰੇ।

ਇਸ ਵਿਚ ਕੀ ਤੁਕ ਹੈ। ਤੁਸੀਂ ਹਰ ਗਲ ਵਿਚ ਅਮੀਰ ਗਰੀਬ ਘਸੀਟ ਲਿਆਉਂਦੇ ਹੋ।"

ਇਹ ਵੀ ਇਕ ਪਹਿਲੂ ਹੈ ਅੰਕੜੇ ਇਕੱਠੇ ਕਰਨ ਦਾ, ਦੋਵਾਂ ਬੰਨਿਆਂ ਦੇ ਗਰੀਬ ਕਿੰਨੇ ਮਰੇ ਅਮੀਰ ਕਿੰਨੇ ਮਰੇ। ਇਸ ਨਾਲ ਵੀ ਤੁਹਾਨੂੰ ਕਈ ਗਲਾਂ ਦਾ ਪਤਾ ਲਗੇਗਾ।"

ਵਿਹੜਾ ਪਾਰ ਕਰਦੇ ਸਮੇਂ ਅੰਕੜਾ ਬਾਬੂ ਦੀਆਂ ਅੱਖਾਂ ਅਨੇਕ ਆਦਮੀਆਂ ਨੂੰ ਪਛਾਨਣ ਵੱਡੀਆਂ ਹਨ। ਪੌੜੀਆਂ ਉਤਰਦੇ ਹੀ ਸੱਜੇ ਹੱਥ ਉਹ ਕੁੜੀ ਹਰ ਰੋਜ ਵਾਂਗ ਡੋਲ ਰਹੀ ਸੀ ਜਿਸਦੇ ਮੰਗੇਤਰ ਦਾ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਜ਼ਿੰਦਾ ਹੈ ਜਾਂ ਮਰ ਗਿਆ ਹੈ। ਉਹ ਤਿੰਨਾਂ ਹਸਪਤਾਲਾਂ ਦੇ ਚੱਕਰ ਕੱਟ ਆਈ ਸੀ ਪਰ ਕੁਝ ਪਤਾ ਨਹੀਂ ਲੱਗਾ ਸੀ। ਥੋੜਾ ਜਿਹਾ ਅਗੋਂ, ਉਹੀ ਹਰਨਾਮ ਸਿੰਘ, ਦੋਨਾਲੀ ਬੰਦੂਕ ਵਾਲਾ, ਆਪਣੀ ਪਤਨੀ ਨਾਲ ਬੈਠਾ ਹੋਇਆ ਸੀ। ਅੰਕੜਾ ਬਾਬੂ ਨੇ ਮੂੰਹ ਫੇਰ ਲਿਆ। ਉਹ ਜਾਣਦਾ ਸੀ ਕਿ ਅੱਖਾਂ ਮਿਲਣ ਤੇ ਉਹ ਆਪਣੀ ਬੰਦੂਕ ਲਈ ਫਿਰ ਉਸਦਾ ਸਿਰ ਖਾਵੇਗਾ।

ਚਬੂਤਰੇ ਤੇ ਕਾਂਗਰਸ ਦੇ ਕੁਝ ਕਾਰਜ ਕਰਤਾ ਬੈਠੇ ਆਪਸ ਵਿਚ ਬਹਿਸ ਕਰ ਰਹੇ ਸਨ। ਕਸ਼ਮੀਰੀ ਲਾਲ ਕਹਿ ਰਿਹਾ ਸੀ :

"ਤੁਸੀਂ ਸਿੱਧਾ ਮੇਰੇ ਸਵਾਲ ਦਾ ਜਵਾਬ ਦਿਓ। ਜੇ ਮੇਰੇ ਤੇ ਕੋਈ ਹਮਲਾ ਕਰੇ ਤਾਂ ਉਸ ਵੇਲੇ ਮੈਂ ਕੀ ਕਰਾਂ ? ਉਸਦੇ ਅੱਗੇ ਹੱਥ ਜੋੜ ਦਿਆਂ ਕਿ ਮੈਨੂੰ ਮਾਰ ਲੈ, ਮੈਂ ਤਾਂ ਅਹਿੰਸਾ ਵਿਚ ਵਿਸ਼ਵਾਸ਼ ਰੱਖਦਾ ਹਾਂ ?”

'ਚਿੜੀ ਜਿੰਨੀ ਤਾਂ ਤੇਰੀ ਜਾਨ ਹੈ ਤੇਰੇ ਤੇ ਹਮਲਾ ਕਰਕੇ ਕਿਸੇ ਨੇ ਕੀ ਲੈਣਾ ਹੈ ?" ਸ਼ੰਕਰ ਨੇ ਮਖੌਲ ਕੀਤਾ।

“ਕਿਉਂ ? ਹਮਲਾ ਕੀ ਪਹਿਲਵਾਨਾਂ ਤੇ ਕੀਤਾ ਜਾਂਦਾ ਹੈ ? ਹਮਲਾ ਹਮੇਸ਼ਾਂ ਕਮਜ਼ੋਰ ਲੋਕਾਂ ਤੇ ਕੀਤਾ ਜਾਂਦਾ ਹੈ," ਜੀਤ ਸਿੰਘ ਨੇ ਗੱਲ ਅੱਗੇ ਤੋਰੀ ਇਹ ਮਖੌਲ ਨਹੀਂ ਹੈ” ਕਸ਼ਮੀਰੀ ਲਾਲ ਨੇ ਕਿਹਾ, 'ਮੈਂ ਜਾਣਨਾ ਚਾਹੁੰਦਾ ਹਾਂ ਕਿ ਅਜਿਹੇ ਵੇਲੇ ਅਹਿੰਸਾ ਕੀ ਕਹਿੰਦੀ ਹੈ। ਮੈਂ ਕੀ ਕਰਾਂ ?”

ਉਸ ਨੇ ਬਖਸ਼ੀ ਜੀ ਨੂੰ ਸੰਬੋਧਨ ਕਰਕੇ ਕਿਹਾ, ਪਰ ਬਖਸ਼ੀ ਜੀ ਉਸ ਦੇ ਸਵਾਲ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਹੇ ਸਨ।

"ਮੈਂ ਤੁਹਾਨੂੰ ਪੁੱਛ ਰਿਹਾ ਹਾਂ ਬਖਸ਼ੀ ਜੀ, ਗੱਲ ਨੂੰ ਟਾਲੋ ਨਾ।"

"ਕੀ ਹੈ? ਪੁੱਛ ਕੀ ਪੁਛਦਾ ਹੈ?"

“ਬਾਪੂ ਨੇ ਕਿਹਾ ਕਿ ਹਿੰਸਾ ਕਦੇ ਨਾ ਕਰੋ। ਹੁਣ ਫ਼ਸਾਦ ਵੇਲੇ ਮੇਰੇ ਤੇ ਕੋਈ ਹਮਲਾ ਕਰ ਦੇਵੇ ਤਾਂ ਮੈਂ ਕੀ ਕਰਾਂ ? ਕੀ ਉਸ ਵੇਲੇ ਮੈਂ ਉਸ ਦੇ ਸਾਹਮਣੇ ਹੱਥ ਜੋੜ ਦਿਆਂ—ਮਾਰ ਲੈ ਭਰਾ, ਸਿਰ ਨਿਵਾਵਾਂ, ਵੱਢ ਲੈ ਭਰਾਵਾ ਮੇਰਾ ਸਿਰ। ਕੀ ਕਰਾਂ ?”
ਸ਼ੰਕਰ ਵਿਚੋਂ ਹੀ ਬੋਲ ਪਿਆ:

ਗਾਂਧੀ ਜੀ ਨੇ ਕਿਹਾ ਹੈ, ਆਪ ਤਸੱਦਦ ਨਾ ਕਰੋ। ਗਾਂਧੀ ਜੀ ਨੇ ਇਹ ਨਹੀਂ ਕਿਹਾ ਕਿ ਕਦੀ ਤੁਹਾਡੇ ਤੇ ਹਮਲਾ ਕਰ ਦੇਵੇ ਤਾਂ ਤੁਸੀਂ ਉਸਦਾ ਜਵਾਬ ਨਾ ਦਿਓ।"

"ਫਿਰ ਮੈਂ ਕੀ ਕਰਾਂ?"

"ਜੇ ਤੇਰੇ ਤੇ ਕੋਈ ਹਮਲਾ ਕਰੋ, ਤਾਂ ਤੂੰ ਉਸ ਨੂੰ ਕਹੀਂ, ਠਹਿਰ ਮੈਂ ਕਾਂਗਰਸ ਦੇ ਦਫ਼ਤਰੋਂ ਪੁੱਛ ਆਵਾਂ ਕਿ ਮੈਂ ਆਪਣਾ ਬਚਾਓ ਕਰਨਾ ਹੈ ਕਿ ਨਹੀਂ।" ਜੀਤ ਸਿੰਘ ਬੋਲਿਆ।

"ਬਾਪੂ ਨੇ ਹਿੰਸਾ ਕਰਨ ਦੀ ਮਨਾਹੀ ਕੀਤੀ ਹੈ। ਉਸ ਵੇਲੇ ਤੁਸੀਂ ਉਸਨੂੰ ਸਮਝਾਓ ਕਿ ਉਹ ਜੋ ਕੁਝ ਕਰ ਰਿਹਾ ਹੈ, ਬਹੁਤ ਬੁਰਾ ਕਰ ਰਿਹਾ ਹੈ।"

"ਮੈਂ ਕਹਿੰਦਾ ਹਾਂ ਕਿ ਡਟ ਕੇ ਮੁਕਾਬਲਾ ਕਰੋ।" ਮਾਸਟਰ ਰਾਮਦਾਸ ਬੋਲਿਆ।

"ਡਟ ਕੇ ਮੁਕਾਬਲਾ ਕਿਸ ਚੀਜ਼ ਨਾਲ ਕਰੀਏ ? ਮੇਰੇ ਘਰ ਤਾਂ ਚਰਖਾ ਹੀ ਚਰਖਾ ਹੈ।"

"ਅਤੇ ਤੂੰ ਸਭ ਤੋਂ ਵੱਡਾ ਚਰਖਾ ਹੈ, ਜੋ ਫ਼ਸਾਦਾਂ ਪਿਛੋਂ ਇਸ ਮਸਲੇ ਨੂੰ ਲੈ ਬੈਠਾ ਹੈ।"

''ਤੁਸੀਂ ਮਜ਼ਾਕ ਵਿਚ ਟਾਲ ਰਹੇ ਹੋ, ਪਰ ਗੱਲ ਬੜੀ ਸੰਜੀਦਾ ਹੈ।" ਜੀਤ ਸਿੰਘ ਨੇ ਕਿਹਾ।

"ਸੁਣੋ ਬਰਖੁਰਦਾਰ" ਬਖਸ਼ੀ ਜੀ ਦੇਰ ਤਕ ਸੁਣਦੇ ਰਹਿਣ ਪਿਛੋਂ ਹੋਲੀ ਜਿਹੀ ਆਵਾਜ਼ ਵਿਚ ਬੋਲੇ। ਉਨ੍ਹਾਂ ਦੀ ਆਵਾਜ਼ ਦਰਦ ਭਰੀ ਸੀ। "ਜਰਨੈਲ ਨੂੰ ਇਸ ਕਿਸਮ ਦੀ ਕੋਈ ਦੁਬਿਧਾ ਨਹੀਂ ਸੀ। ਉਸਨੂੰ ਆਪਣੇ ਬਚਾਓ ਦੇ ਕਾਰਣ ਕਦੇ ਪਰੇਸ਼ਾਨੀ ਨਹੀਂ ਹੋਈ। ਜਰਨੈਲ ਸਨਕੀ ਸੀ, ਅਨਪੜ੍ਹ ਸੀ, ਪਰ ਇਸ ਗੱਲ ਨੇ ਉਸ ਨੂੰ ਕਦੇ ਪਰੇਸ਼ਾਨ ਕੀਤਾ ਕਿ ਜੇ ਕਿਸੇ ਨੇ ਉਸ ਤੇ ਹਮਲਾ ਕੀਤਾ ਤਾਂ ਉਹ ਕੀ ਕਰੇਗਾ?"

ਸਭ ਚੁੱਪ ਹੋ ਗਏ। ਜਰਨੈਲ ਦੇ ਵਿਛੜ ਜਾਣ ਕਾਰਣ ਸਭ ਦੇ ਦਿਲਾਂ ਨੂੰ ਠੇਸ ਪਹੁੰਚੀ ਸੀ।

"ਪਰ ਇਹ ਸਭ ਜਜ਼ਬਾਤੀ ਗੱਲਾਂ ਹਨ।" ਕਸ਼ਮੀਰੀ ਲਾਲ ਥੋੜ੍ਹੀ ਦੇਰ ਪਿਛੋਂ ਬੋਲਿਆ।

"ਸੁਣੋ" ਬਖ਼ਸ਼ੀ ਜੀ ਫਿਰ ਬੋਲੇ, "ਤੂੰ ਖ਼ੁਦ ਤਸ਼ੱਦਦ ਨਾ ਕਰ। ਨੰਬਰ ਇਕ, ਤੂੰ ਤਸ਼ੱਦਦ ਕਰਨ ਵਾਲੇ ਨੂੰ ਸਮਝਾ ਵੀ, ਜੇ ਸਮਝਾਉਣ ਦਾ ਮੌਕਾ ਹੋਵੇ ਤਾਂ। ਨੰਬਰ ਦੋ, ਅਤੇ ਜੇ ਉਹ ਨਹੀਂ ਮੰਨਦਾ ਤਾਂ ਡੱਟ ਕੇ ਮੁਕਾਬਲਾ ਕਰ। ਇਹ ਹੈ ਨੰਬਰ ਤਿੰਨ।"

"ਗੱਲ ਹੋਈ ਨਾ ! ਇਸ ਨੂੰ ਕਹਿੰਦੇ ਹਨ ਜਵਾਬ ! ਤਸੱਲੀ ਹੋ ਗਈ ਨਾ, ਕਸ਼ਮੀਰੀ ਲਾਲ ਹੁਣ ਚੁੱਪ ਹੋ ਜਾ।"

ਪਰ ਕਸ਼ਮੀਰੀ ਲਾਲ ਬੋਲੀ ਜਾ ਰਿਹਾ ਸੀ :

"ਕਾਹਦੇ ਨਾਲ ਮੁਕਾਬਲਾ ਕਰਾਂ? ਚਰਖੇ ਨਾਲ ?"

''ਚਰਖੇ ਨਾਲ ਕਿਉਂ ? ਤਲਵਾਰ ਨਾਲ" ਜੀਤ ਸਿੰਘ ਬੋਲਿਆ।

"ਤਲਵਾਰ ਰੱਖਣ ਦੀ ਇਜਾਜ਼ਤ ਹੈ ਨਾ ਮੈਨੂੰ ? ਕਿਉਂ ਬਖਸ਼ੀ ਜੀ ?"

ਬਖਸ਼ੀ ਜੀ ਚੁੱਪ।

"ਅਤੇ ਪਸਤੌਲ ਰੱਖਣ ਦੀ ਵੀ ?"

"ਪਸਤੌਲ ਵਿਚ ਹਿੰਸਾ ਬਹੁਤ ਹੈ" ਸ਼ੰਕਰ ਨੇ ਜੋੜਿਆ

"ਤਲਵਾਰ ਵਿਚ ਘੱਟ ਹੈ ?"

"ਹਾਂ, ਤਲਵਾਰ ਵਿਚ ਤਾਂ ਆਪਣੀ ਤਾਕਤ ਲੱਗਦੀ ਹੈ ਨਾ। ਪਸਤੌਲ ਵਿਚ ਤਾਂ ਬਸ ਘੋੜਾ ਦਬਾਉਂਦੇ ਜਾਓ ਤੇ ਮਾਰਦੇ ਜਾਓ।"

"ਫਿਰ ਮੈਂ ਤਲਵਾਰ ਰੱਖ ਲਵਾਂ ਨਾ ? ਕਿਉਂ ਬਖਸ਼ੀ ਜੀ ?" ਬਖਸ਼ੀ ਜੀ ਨੇ ਕੋਈ ਉੱਤਰ ਨਹੀਂ ਦਿੱਤਾ। ਉਹ ਬੋਲਦੇ ਤਾਂ ਸ਼ਾਇਦ ਫਿਰ ਜਰਨੈਲ ਦੀ ਹੀ ਉਦਾਹਰਣ ਦਿੰਦੇ। ਅੰਕੜਾ ਬਾਬੂ ਅੱਗੇ ਵੱਧ ਗਿਆ। ਫ਼ਸਾਦਾਂ ਤੋਂ ਪਿੱਛੋਂ ਸਚਮੁੱਚ ਇਹ ਬਹਿਸ ਬੜੀ ਬੇਤੁੱਕੀ ਲੱਗ ਰਹੀ ਸੀ।

ਦੰਗਿਆਂ ਦਾ ਜਵਾਰ ਭਾਟਾ ਬਹੁਤ ਹੱਦ ਤੱਕ ਬੈਠ ਚੁੱਕਾ ਸੀ ਅਤੇ ਉਸ ਦੇ ਹੇਠਾਂ ਸੜੇ ਮਕਾਨ, ਫਟੇ ਪੁਰਾਣੇ ਕੱਪੜੇ, ਹੱਡੀਆਂ ਦੇ ਢਾਂਚੇ (ਟੁੱਟੇ ਟੁੱਕੜੇ) ਉੱਭਰ ਕੇ ਸਾਹਮਣੇ ਆਉਣ ਲੱਗੇ ਸਨ।

ਬਰਾਂਡੇ ਵੱਲੋਂ ਨਿਕਲਣ ਵਾਲੇ ਦਰਵਾਜ਼ੇ ਕੋਲ ਦਸ ਬਾਰਾਂ ਆਦਮੀਆਂ ਦਾ ਹਾਸਾ ਮਜ਼ਾਕ ਚੱਲ ਰਿਹਾ ਸੀ। ਬਾਬੂ ਰੁੱਕ ਗਿਆ, ਮੰਡਲੀ ਦੇ ਵਿਚਕਾਰ ਇੱਕ ਵੱਡੀ ਉਮਰ ਦਾ ਮੱਧਰਾ ਜਿਹਾ ਸਿੱਖ ਲੇਟਿਆ ਹੋਇਆ ਸੀ। ਖਿਚੜੀ ਸੰਘਣੀ ਮੁੱਛ ਅਤੇ ਦਾਹੜੀ ਵਿਚ ਉਸ ਦੀਆਂ ਹੱਸਦੀਆਂ ਅੱਖਾਂ ਨਜ਼ਰ ਆ ਰਹੀਆਂ ਸਨ। ਕਿਸੇ ਗੱਲ ਦੇ ਉਹ ਹੱਸ ਰਿਹਾ ਸੀ। ਬੱਚਿਆ ਵਾਂਗ ਆਪਣੀਆਂ ਲੱਤਾਂ ਝਟਕਾਉਂਦਾ ਅਤੇ ਅੱਡੀਆਂ ਜ਼ਮੀਨ ਤੇ ਮਾਰ ਮਾਰ ਕੇ ਹੱਸ ਰਿਹਾ ਸੀ। ਲਾਗੇ ਚਾਗੇ ਖਲੋਤੇ ਲੋਕ ਵੀ ਜੋ ਉਸ ਦੇ ਮਿੱਤਰ ਤੇ ਸੰਬੰਧੀ ਲੱਗਦੇ ਸਨ, ਹੱਸ ਰਹੇ ਸਨ।

“ਆਪਣੇ ਪਿੰਡ ਚਲੇਂਗਾ, ਨੱਥਾ ਸਿੰਘ ?"

ਇਸ ਤੇ ਜ਼ਮੀਨ ਤੇ ਲੇਟੇ ਹੋਏ ਨੱਥਾ ਸਿੰਘ ਨੇ ਆਪਣੀਆਂ ਲੱਤਾਂ ਦੋਹਰੀਆਂ ਕਰ ਲਈਆਂ ਅਤੇ ਪਾਸਾ ਪਰਤ ਕੇ ਇਕ ਬੰਨੇ ਹੋ ਕੇ ਬੈਠ ਗਿਆ ਅਤੇ ਆਪਣੇ ਦੋਵੇਂ ਹੱਥ ਆਪਣੇ ਪੱਟਾਂ ਵਿਚ ਦੇ ਲਏ।

"ਨੀ ਜਾਣਾ"

"ਕਿਉਂ ਨਹੀਂ ਜਾਣਾ ?”

"ਨੀ ਜਾਣਾ।" ਉਸਨੇ ਬੱਚਿਆਂ ਵਾਂਗ ਸਿਰ ਮਾਰ ਕੇ ਕਿਹਾ।

ਉਸਨੇ ਆਪਣੇ ਪੱਟਾਂ ਵਿਚ ਆਪਣੇ ਹੱਥ ਹੋਰ ਜ਼ਿਆਦਾ ਕੱਸ ਕੇ ਬੰਨ੍ਹ ਲਏ ਅਤੇ ਗੋਡੇ ਜੋੜ ਲਏ। ਲਾਗੇ ਚਾਗੇ ਬੈਠੇ ਲੋਕ ਹੱਸਣ ਲੱਗੇ। ਬਾਬੂ ਨੂੰ ਲੱਗਿਆ ਜਿਵੇਂ ਇਹ ਸਵਾਲ ਕਈ ਵਾਰ ਉਸ ਦੇ ਸਾਹਮਣੇ ਦੁਹਰਾਇਆ ਜਾ ਚੁੱਕਾ ਹੈ। ਹੁਣ ਇਹ ਇਕ ਤਰ੍ਹਾਂ ਦੀ ਖੇਡ ਬਣ ਚੁੱਕੀ ਹੈ।

"ਕਿਉਂ ਨਹੀਂ ਜਾਣਾ ?"

"ਨੀ ਜਾਣਾ।" ਉਸ ਨੇ ਕਿਹਾ ਅਤੇ ਆਪਣੇ ਪੱਟ ਹੋਰ ਜ਼ਿਆਦਾ ਘੁੱਟ ਲਏ ਅਤੇ ਸੱਜੇ ਖੱਬੇ ਬੱਚਿਆਂ ਵਾਂਗ ਸਿਰ ਮਾਰਨ ਲੱਗਾ।

''ਪਰ ਕਿਉਂ' ਨਹੀਂ ਜਾਣਾ ? ਕੋਈ ਕਾਰਣ ?"

''ਉਥੇ ਸੁਨਤੀ ਕਰਨੇ ਨੇ।"

ਅਤੇ ਉਹ ਆਪ ਹੱਸਣ ਲੱਗਾ ਅਤੇ ਲੱਤਾਂ ਨੂੰ ਜ਼ਿਆਦਾ ਸਿਕੋੜ ਕੇ ਪਾਸਾ ਪਰਤ ਲਿਆ। ਸਭ ਸਰਦਾਰ ਖਿੜ ਖਿੜਾ ਕੇ ਹੱਸ ਪਏ।

ਬਰਾਂਡੇ ਦੇ ਪਾਰ ਵਿਹੜੇ ਵਿਚ ਇਕ ਬੰਨੇ ਸਕੂਲ ਦੇ ਚਪੜਾਸੀ ਦਾ ਕਮਰਾ ਸੀ। ਰੋਜ਼ ਵਾਂਗ ਅੱਜ ਵੀ ਚਪੜਾਸੀ ਦਾ ਸੰਬੰਧੀ ਆਪਣੀ ਪੰਡਤਾਣੀ ਨਾਲ ਸਿਰ ਝੁਕਾਈ ਬੈਠਾ ਸੀ। ਪਹਿਲੇ ਦਿਨ ਇਸ ਨੂੰ ਚਪੜਾਸੀ ਆਪਣੇ ਨਾਲ ਲੈ ਕੇ ਉਸਦੇ ਕੋਲ ਆਇਆ ਸੀ। ਉਸ ਦੀ ਲੜਕੀ ਲਾਪਤਾ ਹੋ ਗਈ ਸੀ ਅਤੇ ਉਹ ਤੇ ਉਸ ਦੀ ਪੰਡਤਾਣੀ ਬਹੁਤ ਰੋਏ ਸਨ। ਅਤੇ ਉਸਦਾ ਪਤਾ ਲਵਾਉਣ ਲਈ ਹੱਥ ਜੋੜ ਕੇ ਬੇਨਤੀ ਕਰਦੇ ਰਹੇ ਸਨ। ਉਸਨੇ ਇਹ ਵੀ ਕਿਹਾ ਸੀ ਕਿ ਪਿੰਡ ਦੇ ਇਕ ਟਾਂਗੇ ਵਾਲੇ ਨੇ ਉਸਨੂੰ ਘਰ ਪਾ ਲਿਆ ਹੈ। ਪਰ ਉਸ ਪਿੱਛੋਂ ਉਹ ਉਸਦੇ ਕੋਲ ਨਹੀਂ ਆਏ।

ਅੰਕੜਿਆਂ ਵਾਲਾ ਬਾਬੂ ਤੁਰਦਾ ਹੋਇਆ ਪੰਡਿਤ ਕੋਲ ਪਹੁੰਚ ਕੇ ਰੁਕ ਗਿਆ।

"ਕਲ੍ਹ ਸਵੇਰੇ ਇਕ ਬੱਸ ਨੂਰਪੁਰ ਜਾਵੇਗੀ। ਨਾਲ ਹਥਿਆਰ ਬੰਦ ਪੁਲਸ ਹੋਵੇਗੀ। ਲੜਕੀ ਦਾ ਪਤਾ ਲਾਉਣ ਲਈ ਜਾਣਾ ਹੋਵੇ ਤਾਂ ਕਲ੍ਹ ਸਵੇਰੇ ਚਲੇ ਜਾਣਾ। ਨਾਲ ਸਰਕਾਰੀ ਆਦਮੀ ਵੀ ਹੋਵੇਗਾ।"

ਪੰਡਿਤ ਨੇ ਸਿਰ ਚੁੱਕ ਕੇ ਆਪਣੀਆਂ ਕਮਜ਼ੋਰ ਜਿਹੀਆਂ ਛੋਟੀਆਂ ਛੋਟੀਆਂ ਅੱਖਾਂ ਨਾਲ ਬਾਬੂ ਵੱਲ ਵੇਖਿਆ, ਫਿਰ ਨਿਰਾਸ਼ਾ ਵਿਚ ਸਿਰ ਹਿਲਾ ਦਿੱਤਾ।

"ਹੁਣ ਨਹੀਂ ਮਿਲੇਗੀ ਜੀ, ਹੁਣ ਪ੍ਰਕਾਸ਼ੋ ਕਿੱਥੇ ਮਿਲੇਗੀ।"

“ਪਰ ਤੁਸੀਂ ਤਾਂ ਕਹਿੰਦੇ ਸੀ ਕਿ ਪਿੰਡ ਦੇ ਕਿਸੇ ਆਦਮੀ ਨੇ ਉਸ ਨੂੰ ਘਰ ਵਿਚ ਬੈਠਾ ਲਿਆ ਹੈ।"

"ਭਗਵਾਨ ਜਾਣੇ ਜੀ, ਉਸ ਨਾਲ ਕੀ ਹੋਇਆ ਹੈ ?”

"ਕਲ੍ਹ ਹੋਰ ਲੋਕ ਵੀ ਦੂਸਰੇ ਪਿੰਡਾਂ ਨੂੰ ਜਾਣਗੇ। ਕਿਉਂ ਪੰਡਤਾਣੀ, ਕੀ ਕਹਿੰਦੀ ਹੈ? ਪੰਡਤਾਣੀ ਨੇ ਸਿਰ ਚੁਕਿਆ, ਫਿਰ ਜਿਵੇਂ ਖਲਾ ਵਿਚ ਵੇਖਦੀ ਹੋਈ ਬੋਲੀ:

"ਮੈਂ ਕੀ ਕਹਾਂ ਬਾਊ ਜੀ, ਜਿਥੇ ਰਹੇ ਸੁਖੀ ਰਹੇ।"

ਬਾਬੂ ਨੂੰ ਇਸ ਉੱਤਰ ਦੀ ਆਸ਼ਾ ਨਹੀਂ ਸੀ। ਉਸਨੇ ਸਮਝਿਆ ਸ਼ਾਇਦ ਮਾਂ ਪਿਉ ਪਿੰਡ ਜਾਣੋਂ ਡਰ ਰਹੇ ਹਨ।

"ਤੁਸੀਂ ਮੈਨੂੰ ਅਤਾ ਪਤਾ ਦੱਸ ਦਿਓ, ਮੈਂ ਪੁਲਸ ਵਾਲਿਆਂ ਨੂੰ ਕਹਿ ਕੇ ਪਤਾ ਲਵਾ ਲਵਾਂਗਾ।"

ਪਰ ਪੰਡਤਾਣੀ ਬੋਲੀ :

"ਹੁਣ ਸਾਡੇ ਕੋਲ ਆ ਕੇ ਕੀ ਕਰੇਗੀ ਜੀ, ਬੁਰੀ ਵਸਤ ਤਾਂ ਉਸ ਦੇ ਮੂੰਹ ਵਿਚ ਉਨ੍ਹਾਂ ਨੇ ਪਹਿਲਾਂ ਹੀ ਪਾ ਦਿੱਤੀ ਹੋਵੇਗੀ।"

ਇਸ ਤੇ ਪੰਡਿਤ ਬੋਲਿਆ :

"ਸਾਡੇ ਕੋਲੋਂ ਆਪਣੀ ਜਾਨ ਨਹੀਂ ਸੰਭਾਲੀ ਜਾਂਦੀ ਬਾਹੂ ਜੀ, ਦੋ ਪੈਸੇ ਜੇਬ ਵਿਚ ਨਹੀਂ ਹਨ, ਉਸਨੂੰ ਕਿੱਥੋਂ ਖਵਾਵਾਂਗੇ, ਆਪ ਕਿੱਥੇ ਖਾਵਾਂਗੇ।”

ਅੰਕੜਿਆਂ ਵਾਲਾ ਬਾਬੂ ਹੁਣ ਤਕ ਇਸ ਪ੍ਰਕਾਰ ਦੇ ਅਨੁਭਵ ਤੋਂ ਪਰਿਚਿਤ ਹੋ ਚੁੱਕਾ ਸੀ, ਥੋੜ੍ਹੀ ਦੇਰ ਤਕ ਉਥੇ ਠਿਠਕਿਆ ਖਲੋਤਾ ਰਿਹਾ, ਫਿਰ ਅੱਗੇ ਵੱਧ ਗਿਆ।

ਪ੍ਰਕਾਸ਼ੋ ਨੂੰ ਸਚਮੁੱਚ ਅਲਾਹ ਰੱਖਾ ਨੇ ਆਪਣੇ ਘਰ ਬਿਠਾ ਲਿਆ ਸੀ। ਪਿੰਡ ਵਿਚ ਫ਼ਸਾਦ ਹੋਣ ਸਮੇਂ ਮਾਂ-ਧੀ ਪਹਾੜੀ ਦੀ ਤਲਹਟੀ ਤੇ ਲੱਕੜੀਆਂ ਚੁਗ ਰਹੀਆਂ

ਸਨ। ਅੱਲਾਹ ਰੱਖਾ ਪਹਿਲਾਂ ਹੀ ਦੋ ਤਿੰਨ ਆਦਮੀਆਂ ਨੂੰ ਨਾਲ ਲੈ ਕੇ ਕਿਤੇ ਇਨ੍ਹਾਂ ਤੇ ਨਜ਼ਰ ਲਾਈ ਬੈਠਾ ਸੀ। ਮੌਕਾ ਵੇਖ ਕੇ ਉਹ ਭੱਜਦੇ ਹੋਏ ਆਏ ਅਤੇ ਅੱਲਾਹ ਰੱਖਾ ਰੋਂਦੀ ਚੀਕਦੀ ਪ੍ਰਕਾਸ਼ੋ ਨੂੰ ਚੁੱਕ ਕੇ ਲੈ ਗਿਆ ਸੀ। ਪਹਿਲੀ ਰਾਤ ਤਾਂ ਪ੍ਰਕਾਸ਼ੋ ਹਨੇਰੀ ਕੋਠੜੀ ਵਿਚ ਪਈ ਰਹੀ, ਪਰ ਦੂਸਰੇ ਦਿਨ ਅੱਲਾਹ ਰੱਖੇ ਨੇ ਉਸ ਨਾਲ ਨਿਕਾਹ ਕਰ ਲਿਆ ਅਤੇ ਇਕ ਨਵਾਂ ਜੋੜਾ ਵੀ ਉਸ ਲਈ ਕਿਤੋ ਲੈ ਆਇਆ। ਦੋ ਦਿਨ ਤੱਕ ਪ੍ਰਕਾਸ਼ੋ ਭੁੱਖੀ ਪਿਆਸੀ ਪਈ ਰੋਂਦੀ ਰਹੀ, ਅਤੇ ਪਥਰਾਈਆ ਅੱਖਾਂ ਨਾਲ ਉਸਦੇ ਘਰ ਦੀਆਂ ਕੰਧਾਂ ਨੂੰ ਵੇਖਦੀ ਰਹੀ ਸੀ, ਪਰ ਤੀਸਰੇ ਦਿਨ ਉਸ ਨੇ ਲੱਸੀ ਦਾ ਕਟੋਰਾ ਪੀ ਲਿਆ ਸੀ ਅਤੇ ਉਸਨੂੰ ਭੁੱਖ ਵੀ ਲੱਗ ਪਈ ਸੀ। ਉਸਦੇ ਮਾਂ ਪਿਉ ਅਜੇ ਵੀ ਉਸ ਦੀਆਂ ਅੱਖਾਂ ਸਾਹਮਣੇ ਘੁੰਮਦੇ ਰਹਿੰਦੇ ਸਨ, ਪਰ ਪ੍ਰਕਾਸ਼ੋ ਜਾਣਦੀ ਸੀ ਕਿ ਅੱਲਾਹ ਰੱਖਾ ਦੇ ਮੁਕਾਬਲੇ ਵਿਚ ਉਹ ਬਹੁਤੇ ਮਾੜੇ ਅਤੇ ਗਰੀਬ ਲੋਕ ਹਨ। ਉਸ ਦੀਆਂ ਅੱਖਾਂ ਹੌਲੀ ਹੌਲੀ ਅੱਲਾਹ ਰੱਖਾ ਦੇ ਘਰ ਵਿਚ ਰੱਖੀਆਂ ਚੀਜ਼ਾਂ ਤੇ ਜਾਣ ਲੱਗੀਆਂ ਸਨ। ਕੋਠੜੀ ਦੇ ਬਾਹਰ ਵਿਹੜੇ ਵਿਚ ਘੋੜਾ ਬਝਿਆ ਹੋਇਆ ਸੀ। ਘੋੜੇ ਦੀ ਪਿੱਠ ਤੇ ਝੁਰਝੁਰੀ ਉਠਦੀ ਸੀ, ਲਹਿਰੀਆਂ ਜਹੀਆਂ ਉਠਦੀਆਂ ਸਨ। ਘਰ ਦੇ ਬਾਹਰ, ਰੁੱਖ ਹੇਠਾਂ ਅੱਲਾਹ ਰੱਖਾ ਦਾ ਟਾਂਗਾ ਪਿਆ ਰਹਿੰਦਾ ਸੀ। ਪ੍ਰਕਾਸ਼ੋ ਨੇ ਪਹਿਲਾਂ ਵੀ ਕਈ ਵਾਰ ਉਸ ਟਾਂਗੇ ਨੂੰ ਵੇਖਿਆ ਸੀ। ਅਸਲ ਵਿਚ ਅੱਲਾਹ ਰੱਖਾ ਦੀ ਨਜ਼ਰ ਪ੍ਰਕਾਸ਼ੋ ਤੇ ਕਈ ਦਿਨਾ ਤੋਂ ਸੀ। ਅਤੇ ਪ੍ਰਕਾਸ਼ੋ ਨੂੰ ਵੀ ਇਸ ਦਾ ਆਭਾਸ ਮਿਲਦਾ ਰਹਿੰਦਾ ਸੀ। ਪਿੰਡ ਵਿਚ ਆਉਂਦੇ ਜਾਂਦੇ, ਭਰਨੇ ਤੋਂ ਪਾਣੀ ਭਰਦੇ, ਕੱਪੜੇ ਧੋਂਦਿਆਂ ਅੱਲਾਹ ਰੱਖਾ ਉਸਨੂੰ ਛੇੜਿਆ ਕਰਦਾ ਸੀ ਅਤੇ ਲੁਕ ਛਿਪ ਕੇ ਉਸਨੂੰ ਰੋੜੇ ਵੀ ਮਾਰਦਾ ਹੁੰਦਾ ਸੀ। ਪ੍ਰਕਾਸ਼ੋ ਆਪਣੇ ਪਿਤਾ ਨੂੰ ਸ਼ਿਕਾਇਤ ਨਹੀਂ ਕਰਦੀ ਸੀ, ਕਿਉਂਕਿ ਉਹ ਜਾਣਦੀ ਸੀ ਕਿ ਉਸਦਾ ਪਿਤਾ ਕੁਝ ਨਹੀਂ ਕਰ ਸਕੇਗਾ। ਉਹ ਅੱਲਾਹ ਰੱਖੇ ਤੋਂ ਵੀ ਡਰਦੀ ਸੀ ਅਤੇ ਆਪਣੇ ਪਿਉ ਤੋਂ ਵੀ ਡਰਦੀ ਸੀ।

ਅਤੇ ਫਿਰ ਫ਼ਸਾਦਾਂ ਵਿਚ ਅੱਲਾਹ ਰੱਖਾ ਛਟਪਟਾਉਂਦੀ ਰੋਂਦੀ ਪ੍ਰਕਾਸ਼ੋ ਨੂੰ ਚੁੱਕ ਕੇ ਆਪਣੇ ਘਰ ਲਿਆਉਣ ਵਿਚ ਸਫਲ ਹੋ ਗਿਆ ਸੀ। ਅਤੇ ਇਸ ਸਮੇਂ ਜਦ ਰਿਲੀਫ਼ ਦਫਤਰ ਵਿਚ ਪ੍ਰਕਾਸ਼ੋ ਦੀ ਮਾਂ ਰੋ ਰੋ ਕੇ ਉਸਨੂੰ ਯਾਦ ਕਰ ਰਹੀ ਸੀ, ਅਤੇ ਉਸ ਨੂੰ ਆਪਣੇ ਕੋਲ ਵਾਪਿਸ ਲਿਆਉਣ ਦਾ ਹੌਸਲਾ ਨਹੀਂ ਕਰ ਰਹੀ ਸੀ, ਉਸ ਵੇਲੇ ਪ੍ਰਕਾਸ਼ੋ ਅੱਲਾਹ ਰੱਖਾ ਤੋਂ ਡਰਦੀ ਮਾਰੀ, ਨਵਾਂ ਜੋੜਾ ਪਹਿਨੀ, ਅੱਲਾਹ ਰੱਖਾ ਦੀ ਕੋਠੜੀ ਵਿਚ ਮੰਜੀ ਤੇ ਬੈਠੀ ਹੋਈ ਸੀ। ਅਤੇ ਤਦੇ ਅੱਲਾਹ ਰੱਖਾ ਉਸਦੇ ਸਾਹਮਣੇ ਆ ਕੇ ਬੈਠ ਗਿਆ ਸੀ ਅਤੇ ਰੁਮਾਲ ਵਿਚ ਬੱਝੀ ਪੋਟਲੀ ਉਸ ਦੇ ਸਾਹਮਣੇ ਮੰਜੀ ਤੇ ਬੈਠ ਕੇ ਖੋਲ੍ਹ ਕੇ ਕਹਿ ਰਿਹਾ ਸੀ।

"ਖਾ!"

ਪ੍ਰਕਾਸ਼ ਸਾਰਾ ਸਮਾਂ ਮੰਜੀ ਦੀ ਪਵਾਂਦੀ ਵੇਖੀ ਜਾ ਰਹੀ ਸੀ, ਨਾ ਹੂੰ, ਨਾ ਹਾਂ। ਉਸ ਨੇ ਅੱਖਾਂ ਉਤਾਂਹ ਕਰਕੇ ਨਾ ਤਾਂ ਅੱਲਾਹ ਰੱਖਾ ਵੱਲ ਵੇਖਿਆ ਸੀ ਅਤੇ ਨਾ ਰੁਮਾਲ ਵੱਲ।

"ਖਾ, ਮਿਠਾਈ ਹੈ। ਸੂਰ ਨਿਯੇ ਬੱਚੀਏ, ਖਾ, ਮਿਠਾਈ ਲਿਆਇਆ ਵਾਂ ਤੇਰੇ ਵਾਸਤੇ।"

ਇਸ ਵਾਰ ਪ੍ਰਕਾਸ਼ੋ ਨੇ ਅੱਖਾਂ ਚੁੱਕ ਕੇ ਮਿਠਾਈ ਵੱਲ ਤਾਂ ਵੇਖਿਆ, ਅੱਲਾਹ ਰੱਖਾ ਵੱਲ ਵੇਖਣ ਦੀ ਹਿੰਮਤ ਅਜੇ ਉਸ ਦੀ ਨਹੀਂ ਹੋ ਰਹੀ ਸੀ।

"ਖਾ !" ਅੱਲਾਹ ਰੱਖਾ ਨੇ ਅਚਾਨਕ ਚਿੱਲਾ ਕੇ ਕਿਹਾ, ਜਿਸ ਨਾਲ ਪ੍ਰਕਾਸ਼ੋ ਸਿਰ ਤੋਂ ਪੈਰਾਂ ਤਕ ਕੰਬ ਗਈ।

''ਮਿਠਾਈ ਏ, ਸੂਰੇ ਨਿਯੇਂ ਧੀਏ, ਜ਼ਹਿਰ ਨਹੀਂ।"

ਅਤੇ ਅੱਲਾਹ ਰੱਖਾ ਨੇ ਚਿੱਟੀ ਬਰਫੀ ਦਾ ਇਕ ਟੁਕੜਾ ਹੱਥ ਵਿਚ ਫੜਿਆ ਅਤੇ ਖੱਬੇ ਹੱਥ ਨਾਲ ਪ੍ਰਕਾਸ਼ੋ ਦੀਆਂ ਵਰਾਛਾਂ ਨੂੰ ਦਬਾਇਆ ਜਿਸ ਨਾਲ ਉਸ ਦਾ ਮੂੰਹ ਖੁਲ੍ਹ ਗਿਆ ਅਤੇ ਉਸ ਨੇ ਬਰਫੀ ਦਾ ਟੁਕੜਾ ਉਸ ਦੇ ਮੂੰਹ ਵਿਚ ਤੁੰਨ ਦਿੱਤਾ।

ਪ੍ਰਕਾਸ਼ੋ ਨੂੰ ਅੱਲਾਹ ਰੱਖਾ ਦੀ ਇਸ ਚਿੱਲਾਹਟ ਪਿੱਛੇ ਤਰਲੇ ਦੀ ਭਿਣਕ ਪੈ ਗਈ ਸੀ, ਪਰ ਅਜੇ ਵੀ ਉਹ ਡਰੀ ਸਹਿਮੀ ਬੈਠੀ ਸੀ। ਮੁਸਲਮਾਨ ਦੇ ਹੱਥੋਂ ਉਹ ਮਠਿਆਈ ਕਿਵੇਂ ਖਾ ਲੈਂਦੀ ?

“ਹਿੰਦੂ ਹਲਵਾਈ ਦੀ ਦੁਕਾਨ ਦੀ ਹੈ, ਸੂਰੇ ਨਿਯ ਬੱਚੀਏ ਖਾ।"

ਹੌਲੀ ਹੌਲੀ ਡਰਦੀ ਮਾਰੀ ਪ੍ਰਕਾਸ਼ ਮਠਿਆਈ ਦਾ ਟੁੱਕੜਾ ਮੂੰਹ ਵਿਚ ਚਬਾਉਣ ਲੱਗੀ ਸੀ। ਉਸ ਨੂੰ ਚਬਾਉਂਦਾ ਹੋਇਆ ਵੇਖ ਕੇ ਅੱਲਾਹ ਰੱਖਾ ਹੱਸ ਪਿਆ।

"ਬੋਲ ਜ਼ਹਿਰ ਹੈ ਕਿ ਮਠਿਆਈ ?"

ਪ੍ਰਕਾਸ਼ੋ ਕਿਸੇ ਕਿਸੇ ਵੇਲੇ ਮਠਿਆਈ ਚਬਾਉਂਦੀ ਰਹਿੰਦੀ ਅਤੇ ਕਿਸੇ ਵੇਲੇ ਮੂੰਹ ਬੰਦ ਕਰ ਲੈਂਦੀ।

"ਖਾ" ਇਸ ਤੇ ਅੱਲਾਹ ਰੱਖਾ ਜ਼ੋਰ ਨਾਲ ਕਹਿੰਦਾ ਅਤੇ ਪ੍ਰਕਾਸ਼ੋ ਦਾ ਜਬਾੜਾ ਫਿਰ ਹਿਲਣ ਲੱਗਦਾ। ਪ੍ਰਕਾਸ਼ੋ ਦੇ ਸਰੀਰ ਦੀ ਖੁਸਬੋ ਔਲਾਹ ਰੱਖਾ ਨੂੰ ਬੇਚੈਨ ਕਰਨ ਲੱਗੀ ਸੀ।

"ਆਪਣੇ ਹੱਥ ਨਾਲ ਖਾ !" ਇਸ ਵਾਰ ਅੱਲਾਹ ਰੱਖਾ ਦੀ ਆਵਾਜ਼ ਹੌਲੀ ਹੋ ਗਈ ਸੀ, "ਨਹੀਂ ਖਾਵੇਂਗੀ ਤਾਂ ਮੈਂ ਲਿਟਾ ਕੇ ਸਾਰੀ ਮਠਾਈ ਤੇਰੇ ਮੂੰਹ ਵਿਚ ਤੁੰਨ ਦਿਆਗਾ। ਖਾ!"

ਪ੍ਰਕਾਸ਼ ਨੇ ਉਸ ਵੱਲ ਵੇਖਿਆ। ਅੱਲਾਹ ਰੱਖਾ ਨੂੰ ਉਸਨੇ ਪਹਿਲਾਂ ਵੀ ਕਈ ਵਾਰ ਵੇਖਿਆ ਸੀ, ਪਰ ਇੰਨਾ ਨੇੜਿਓਂ ਕਦੇ ਨਹੀਂ ਵੇਖਿਆ ਸੀ। ਉਸ ਦੀਆਂ ਪਤਲੀਆਂ ਕਾਲੀਆਂ ਮੁੱਛਾਂ ਉਸ ਨੂੰ ਦਿਖਾਈ ਦਿੱਤੀਆਂ। ਅੱਲਾਹ ਰੱਖਾ ਨੇ ਅੱਖਾਂ ਵਿਚ ਸੁਰਮਾ ਪਾਇਆ ਹੋਇਆ ਸੀ ਅਤੇ ਉਸ ਨੇ ਕੱਪੜੇ ਵੀ ਸਾਫ ਸੁਥਰੇ ਪਹਿਨੇ ਹੋਏ ਸਨ, ਵਾਲਾਂ ਨੂੰ ਤੇਲ ਲਾਇਆ ਹੋਇਆ ਸੀ।

ਪ੍ਰਕਾਸ਼ੋ ਦਾ ਡਰ ਕੁਝ ਘੱਟ ਹੋ ਗਿਆ। ਪਰ ਉਤੋਂ ਉਤੋਂ ਉਹ ਪਹਿਲਾਂ ਵਾਂਗ ਡਰੀ ਸਹਿਮੀ ਬੈਠੀ ਸੀ।

"ਖਾਵੇਂਗੀ ਕਿ ਲੰਮੀ ਪਾ ਕੇ ਖਵਾਵਾਂ" ? ਅੱਲਾਹ ਰੱਖਾ ਨੇ ਕਿਹਾ ਤੇ ਉਸ ਦਾ ਖੱਬਾ ਹੱਥ ਫਿਰ ਪ੍ਰਕਾਸ਼ੋ ਦੀ ਠੋਡੀ ਤੇ ਗੱਲ੍ਹ ਨੂੰ ਫੜਨ ਲਈ ਅਗਾਂਹ ਵਧਿਆ।

ਹੌਲੀ ਹੌਲੀ ਪ੍ਰਕਾਸ਼ੋ ਨੂੰ ਲੱਗਾ ਜਿਵੇਂ ਉਸ ਦੇ ਸਰੀਰ ਵਿਚੋਂ ਅੱਲਾਹ ਰੱਖਾ ਦਾ ਡਰ ਘਟਣ ਲੱਗਾ ਹੈ, ਘਟਦਾ ਜਾ ਰਿਹਾ ਹੈ, ਘਟਦਾ ਜਾ ਰਿਹਾ ਹੈ। ਬਰਫੀ ਦਾ ਟੁਕੜਾ ਚਬਾਉਂਦੇ ਹੋਏ ਉਸ ਨੇ ਫਿਰ ਇਕ ਵਾਰ ਅਲਾਹ ਰੱਖੇ ਵੱਲ ਵੇਖਿਆ। ਇਸ ਵਾਰ ਉਸ ਦੀ ਨਿਗਾਹ ਉਸ ਦੀ ਧੌਣ ਤੇ ਕਾਲੇ ਧਾਗੇ ਤੇ ਪਈ ਜਿਸ ਨਾਲ ਤਵੀਤ ਬੰਨ੍ਹਿਆ ਹੋਇਆ ਸੀ। ਗਲ ਦਾ ਬਟਨ ਖੁਲ੍ਹਾ ਸੀ। ਉਸ ਦੀ ਨਿਗਾਹ ਉਸਦੀ ਧਾਰੀਦਾਰ ਕਮੀਜ਼ ਤੇ ਵੀ ਪਈ। ਅੱਲਾਹ ਰੱਖਾ ਬੜਾ ਸਾਫ ਸੁਥਰਾ ਬਣਿਆ ਬੈਠਾ ਸੀ।

ਅੱਲਾਹ ਰੱਖੇ ਨੇ ਹੱਥ ਵਿਚ ਬਰਫੀ ਦਾ ਇਕ ਟੁਕੜਾ ਚੁੱਕਿਆ ਹੋਇਆ ਸੀ ਅਤੇ ਇਸ ਇੰਤਜ਼ਾਰ ਵਿਚ ਸੀ ਕਿ ਕਦ ਪ੍ਰਕਾਸ਼ੋ ਚਬਾਉਣਾ ਬੰਦ ਕਰੇ ਅਤੇ ਉਹ ਇਕ ਹੋਰ ਟੁਕੜਾ ਉਸ ਦੇ ਮੂੰਹ ਵਿਚ ਪਾਵੇ। ਪ੍ਰਕਾਸ਼ ਦੀਆਂ ਅੱਖਾਂ ਉਸ ਦੇ ਹੱਥ ਤੇ ਲੱਗੀਆਂ ਸਨ। ਅਚਾਨਕ ਪ੍ਰਕਾਸ਼ ਹੌਲੀ ਜਿਹੀ ਅਵਾਜ਼ ਵਿਚ ਬੋਲੀ :

"ਤੂੰ ਖਾ !"

ਇਸ ਵਾਕ ਦਾ ਅਸਰ ਅੱਲਾਹ ਰੱਖਾ ਤੇ ਬਿਜਲੀ ਵਰਗਾ ਹੋਇਆ।

''ਬੋਲੀ ਤਾਂ ਆਖਿਰ !........... ਖਾ !"

"ਨਹੀਂ।"

ਪ੍ਰਕਾਸ਼ੋ ਨੇ ਸਿਰ ਹਿਲਾਇਆ। ਅੱਲਾਹ ਰੱਖਾ ਨੂੰ ਲੱਗਾ ਜਿਵੇਂ ਹਲਕੀ ਜਿਹੀ ਮੁਸਕਾਣ ਪ੍ਰਕਾਸ਼ੋ ਦੇ ਹੇਠਾਂ ਤੇ ਦੌੜ ਗਈ ਹੈ। ਪ੍ਰਕਾਸ਼ੋ ਨੇ ਅੱਖਾਂ ਚੁੱਕ ਕੇ ਅੱਲਾਹ ਰੱਖਾ ਵੱਲ ਵੇਖਿਆ।

''ਤੂੰ ਖਵਾਏਂਗੀ ਤਾਂ ਖਾਵਾਂਗਾ।”

ਪ੍ਰਕਾਸ਼ੋ ਦੀਆਂ ਅੱਖਾਂ ਖਿਣ ਭਰ ਲਈ ਅੱਲਾਹ ਰੱਖਾ ਦੇ ਚਿਹਰੇ ਤੇ ਠਿਠਕੀਆ ਰਹੀਆਂ, ਫਿਰ ਉਸ ਨੇ ਹੌਲੀ ਜਿਹੀ ਮਠਿਆਈ ਦਾ ਟੁਕੜਾ ਚੁੱਕਿਆ। ਟੁਕੜੇ ਨੂੰ ਹੱਥ ਵਿਚ ਲੈਣ ਤੇ ਵੀ ਉਹ ਉਸ ਤੋਂ ਚੁੱਕਿਆ ਨਹੀਂ ਜਾ ਰਿਹਾ ਸੀ। ਪ੍ਰਕਾਸ਼ੋ ਦਾ ਚਿਹਰਾ ਪੀਲਾ ਪੈ ਗਿਆ ਸੀ ਅਤੇ ਹੱਥ ਕੰਬਣ ਲੱਗਾ ਸੀ ਜਿਵੇਂ ਉਸਨੂੰ ਅਚਾਨਕ ਖਿਆਲ ਆਇਆ ਹੋਵੇ ਕਿ ਉਹ ਕੀ ਕਰ ਰਹੀ ਹੈ, ਉਸਦੇ ਮਾਂ ਪਿਉ ਨੂੰ ਪਤਾ ਲੱਗਾ ਤਾਂ ਉਹ ਕੀ ਕਹਿਣਗੇ। ਪਰ ਉਸ ਵੇਲੇ ਜਦ ਅਲਾਹ ਰੱਖਾ ਦੀਆਂ ਪਿਆਰ ਤੇ ਮਸਤੀ ਭਰੀਆਂ ਅੱਖਾਂ ਨੇ ਉਸ ਵੱਲ ਵੇਖਿਆ ਤਾਂ ਪ੍ਰਕਾਸ਼ੋ ਦਾ ਹੱਥ ਅੱਲਾਹ ਰੱਖਾ ਦੇ ਮੂੰਹ ਤਕ ਜਾਂ ਪਹੁੰਚਿਆ।

ਦੋਵੇਂ ਇਕ ਦੂਸਰੇ ਨਾਲ ਖੁਲ੍ਹਣ ਲੱਗੇ ਸਨ। ਅੱਲਾਹ ਰੱਖਾ ਨੇ ਅੱਗੇ ਵਧ ਕੇ ਉਸ ਨੂੰ ਬਾਹਵਾਂ ਵਿੱਚ ਘੁੱਟ ਲਿਆ। ਤਰੀਸਹਿਮੀ ਹੁੰਦੀ ਹੋਈ ਵੀ ਪ੍ਰਕਾਸ਼ੋ ਇਸ ਅਨੂਠੇ ਅਨੁਭਵ ਵਿਚ ਭਾਗ ਲੈਣ ਲੱਗੀ ਸੀ, ਉਸਨੂੰ ਗ੍ਰਹਿਣ ਵੀ ਕਰਨ ਲੱਗੀ ਸੀ। ਉਸ ਨੂੰ ਲੱਗਾ ਜਿਵੇਂ ਅਤੀਤ ਪਿਛੇ ਛੁਟਦਾ ਜਾ ਰਿਹਾ ਹੈ ਅਤੇ ਵਰਤਮਾਨ ਬਾਹਾਂ ਫੈਲਾਈ ਉਸ ਨੂੰ ਗਲਵਕੜੀ ਵਿਚ ਲੈਣ ਲਈ ਉਤਾਵਲਾ ਹੋ ਰਿਹਾ ਹੈ। ਸਥਿਤੀ ਇੰਨੀ ਬਦਲ ਗਈ ਸੀ ਕਿ ਉਸ ਦੇ ਪ੍ਰਸੰਗ ਵਿਚ ਪ੍ਰਕਾਸ਼ੋ ਮਾਂ ਪਿਉ ਅਸੰਗਤ ਹੁੰਦੇ ਜਾ ਰਹੇ ਸਨ।

ਦੇਰ ਤਕ ਉਹ ਇਕ ਦੂਜੇ ਨਾਲ ਪਏ ਰਹੇ। ਦੇਰ ਤਕ ਹੀ ਪ੍ਰਕਾਸ਼ੋ ਚੁੱਪ ਰਹੀ। ਫਿਰ ਜਦ ਅੱਲਾਹ ਰੱਖਾ ਵੱਲ ਉਸਦੀ ਪਿੱਠ ਸੀ ਅਤੇ ਉਹ ਕੋਠੜੀ ਦੀ ਕੰਧ ਵੱਲ ਵੇਖ ਰਹੀ ਸੀ ਤਾਂ ਉਹ ਹੋਲੀ ਜਿਹੀ ਬੋਲੀ :

"ਮੈਂ ਪਾਣੀ ਲੈਣ ਜਾਂਦੀ ਸੀ ਤਾਂ ਮੈਨੂੰ ਰੋੜੇ ਕਿਉਂ ਮਾਰਦਾ ਸੀ ?"

ਜਵਾਬ ਵਿਚ ਅੱਲਾਹ ਰੱਖਾ ਨੇ ਆਪਣਾ ਹੱਥ ਚੁੱਕ ਕੇ ਪ੍ਰਕਾਸ਼ ਦੇ ਲੱਕ ਤੇ ਰੱਖ ਦਿੱਤਾ।

"ਰੋੜੇ ਮਾਰਦਾ ਸੀ ਕਿਉਂਕਿ ਤੂੰ ਮੇਰੇ ਨਾਲ ਬੋਲਦੀ ਨਹੀਂ ਸੀ।"

"ਮੈਂ ਕਿਉਂ ਬੋਲਦੀ ?"

"ਹੁਣ ਬੋਲਦੀ ਏਂ ਕਿ ਨਹੀਂ ?"

ਪ੍ਰਕਾਸ਼ ਚੁਪ ਰਹੀ, ਫਿਰ ਹੌਲੀ ਜਿਹੀ ਬੋਲੀ :

"ਮੇਰੀ ਮਾਂ ਕਿੱਥੇ ਹੈ ?"

''ਮੈਨੂੰ ਕੀ ਪਤਾ ਤੇਰੀ ਮਾਂ ਕਿੱਥੇ ਹੈ। ਘਰ ਵਿਚ ਨਹੀਂ ਹੈ।"

ਪ੍ਰਕਾਸ਼ੋ ਚੁੱਪ ਰਹੀ, ਉਸ ਦੇ ਦਿਲ ਵਿਚ ਫਿਰ ਹੂਕ ਜਿਹੀ ਉੱਠੀ ਅਤੇ ਅੱਖਾਂ ਭਰਨ ਲੱਗੀਆਂ। ਉਸ ਨੂੰ ਵਿਸ਼ਵਾਸ ਹੋਣ ਲੱਗਾ ਸੀ ਕਿ ਉਸਦੇ ਮਾਂ ਪਿਓ ਉਸ ਤੋਂ ਵਿਛੜ ਗਏ ਹਨ ਅਤੇ ਹੁਣ ਕਦੇ ਵੀ ਨਹੀਂ ਮਿਲਣਗੇ।

"ਸਾਡੀ ਕੱਠੜੀ ਨੂੰ ਅੱਗ ਲਾਈ ਸੀ ?"

“ਨਹੀਂ ! ਲੋਕ ਅੱਗ ਲਾਉਣ ਲੱਗੇ ਸੀ, ਪਰ ਮੈਂ ਰੋਕ ਦਿੱਤਾ। ਮੈਂ ਓਧਰ ਜਿੰਦਰਾ ਲਾ ਦਿੱਤਾ ਹੈ।"

ਪ੍ਰਕਾਸ਼ੋ ਨੂੰ ਉਸ ਦਾ ਉਤਰ ਚੰਗਾ ਲੱਗਾ। ਉਸ ਨੇ ਹੋਲੀ ਜਿਹੀ ਆਪਣਾ ਹੱਥ ਚੁੱਕ ਕੇ ਲੱਕ ਤੇ ਰੱਖੇ ਅੱਲਾਹ ਰੱਖਾ ਦੇ ਹੱਥ ਤੇ ਰੱਖ ਦਿੱਤਾ।

ਰਿਲੀਫ਼ ਆਫ਼ਿਸ ਦੇ ਵਿਹੜੇ ਵਿਚ ਘੁੰਮਦਾ ਹਰੇਕ ਵਿਅਕਤੀ ਆਪਦਾ ਵਿਸ਼ੇਸ਼ ਅਨੁਭਵ ਲੈ ਕੇ ਆਇਆ ਸੀ। ਪਰ ਉਸ ਅਨੁਭਵ ਨੂੰ ਜਾਂਚਣ, ਪਰਖਣ ਅਤੇ ਉਸ ਤੋਂ ਸਿੱਟਾ ਕੱਢਣ ਦੀ ਸ਼ਕਤੀ ਕਿਸੇ ਵਿਚ ਨਹੀਂ ਸੀ, ਖਲਾ ਵਿਚ ਵੇਖਣ, ਸਿਰ ਹਿਲਾ ਹਿਲਾ ਕੇ ਹਰ ਕਿਸੇ ਦੀ ਗੱਲ ਸੁਣਦੇ ਰਹਿਣ ਤੇ ਛੁਟ ਕਿਸੇ ਨੂੰ ਕੁਝ ਸੁਝ ਨਹੀਂ ਰਿਹਾ ਸੀ। ਇਕ ਅਫਵਾਹ ਉਠਦੀ ਤਾਂ ਵਿਹੜੇ ਵਿਚ ਲੋਕ ਉਠ ਉਠ ਕੇ ਉਸਨੂੰ ਸੁਣਨ ਲਈ ਇਕੱਠੇ ਹੋ ਜਾਂਦੇ। ਕੋਈ ਨਹੀਂ ਜਾਣਦਾ ਸੀ ਕਿ ਉਸ ਨੇ ਕਿਧਰ ਜਾਣਾ ਹੈ, ਕੀ ਕਰਨਾ ਹੈ। ਅੱਗੇ ਕੀ ਹੋਵੇਗਾ ਉਸਦੀ ਧੁੰਦਲੀ ਜਿਹੀ ਰੂਪ ਰੇਖਾ ਵੀ ਕਿਸੇ ਦੀਆਂ ਅੱਖਾਂ ਸਾਹਮਣੇ ਨਹੀਂ ਸੀ। ਲੱਗਦਾ ਜਿਵੇਂ ਕੋਈ ਅਨਿਵਾਰੀ ਘਟਨਾ ਚੱਕਰ ਚਲ ਰਿਹਾ ਹੈ, ਜਿਸ ਤੇ ਕਿਸੇ ਦਾ ਕੋਈ ਵਸ ਨਹੀਂ, ਨਾ ਕਿਸੇ ਦੇ ਹੱਥ ਵਿਚ ਨਿਰਣਾ ਹੈ,

ਨਾ ਸੰਚਾਲਨ ਅਤੇ ਨਾ ਸੰਚਾਲਨ ਦੀ ਤਾਕਤ, ਕਠਪੁਤਲੀਆਂ ਵਾਂਗ ਸਭ ਘੁੰਮ ਰਹੇ ਸਨ, ਭੁੱਖ ਲੱਗਦੀ ਤਾਂ ਉਠ ਕੇ ਇਧਰੋਂ ਉਧਰੋਂ ਕੁਝ ਖਾ ਲੈਂਦੇ, ਯਾਦ ਆਉਂਦੀ ਤਾਂ ਰੋ ਲੈਂਦੇ ਅਤੇ ਕੰਨ ਲਾਈ ਸਵੇਰ ਤੋਂ ਸ਼ਾਮ ਤਕ ਲੋਕਾਂ ਦੀਆਂ ਗੱਲਾਂ ਸੁਣਦੇ ਰਹਿੰਦੇ।

***

# ਇੱਕੀ

ਅਮਨ ਕਮੇਟੀ ਦੀ ਮੀਟਿੰਗ ਲਈ ਲੋਕ ਹਾਲ ਵਿਚ ਇਕੱਠੇ ਹੋ ਰਹੇ ਸਨ। ਇਹੋ ਇਕ ਸਥਾਨ ਚੁਣਿਆ ਗਿਆ ਸੀ ਜਿਸ ਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ ਸੀ, ਕਿਉਂਕਿ ਕਾਲਜ ਨਾ ਹਿੰਦੂਆਂ ਦਾ ਸੀ, ਨਾ ਮੁਸਲਮਾਨਾਂ ਦਾ, ਕਾਲਜ ਈਸਾਈਆਂ ਦਾ ਸੀ, ਪ੍ਰਿੰਸੀਪਲ ਵੀ ਹਿੰਦੋਸਤਾਨੀ ਨਹੀਂ ਸੀ, ਅਮਰੀਕਨ ਪਾਦਰੀ ਸੀ, ਬੜਾ ਮਿਲਣਸਾਰ, ਬੜਾ ਅਮਨ ਪਸੰਦ। ਮੀਟਿੰਗ ਸ਼ੁਰੂ ਹੋਣ ਵਿਚ ਅਜੇ ਦੇਰ ਸੀ, ਸ਼ਹਿਰ ਦੀਆਂ ਸਭ ਪਾਰਟੀਆਂ ਦੇ ਪ੍ਰਤੀਨਿਧ ਆਉਣ ਵਾਲੇ ਸਨ। ਜੋ ਲੋਕ ਪਹੁੰਚ ਚੁਕੇ ਸਨ ਜਾਂ ਤਾਂ ਲੰਮੇ ਬਰਾਂਡੇ ਵਿਚ ਦੋ-ਦੋ ਤਿੰਨ-ਤਿੰਨ ਦੀਆਂ ਟੋਲੀਆਂ ਵਿਚ ਟਹਿਲਦੇ ਹੋਏ ਗੱਲਾਂ ਮਾਰ ਰਹੇ ਸਨ ਜਾਂ ਹਾਲ ਵਿਚ ਖਲੋਤੇ ਸਲਾਹ-ਮਸ਼ਵਰਾ ਕਰ ਰਹੇ ਸਨ।

ਗਿੱਠਾ ਠੇਕੇਦਾਰ ਸ਼ੇਖ ਨੂਰ ਇਲਾਹੀ ਨੂੰ ਕਹਿ ਰਿਹਾ ਸੀ :

''ਜੇ ਖਰੀਦਣ ਦਾ ਇਰਾਦਾ ਹੈ ਤਾਂ ਇਹੋ ਵੇਲਾ ਹੈ। ਪਿਛੋਂ ਕੀਮਤਾਂ ਚੜ੍ਹ ਜਾਣਗੀਆਂ। ਮੈਨੂੰ ਪੁਛੋ ਸ਼ੇਖ ਜੀ! ਮੈਂ ਠੀਕ ਕਹਿੰਦਾ ਹਾਂ। ਜੇ ਖ਼ਿਆਲ ਹੋਵੇ ਤਾਂ ਗੱਲ ਕਰਾਂ ?"

"ਕੀ ਪਤਾ ਅਜੇ ਕੀਮਤਾਂ ਹੋਰ ਡਿਗਣ?" ਸ਼ੇਖ ਜੀ ਨੇ ਕਿਆਸ ਲਾਉਂਦੇ ਹੋਏ ਕਿਹਾ।

"ਇਸ ਤੋਂ ਜ਼ਿਆਦਾ ਹੋਰ ਕੀ ਡਿਗਣਗੀਆਂ? ਇਸੇ ਇਲਾਕੇ ਵਿਚ ਮੈਂ 1500 ਰੁਪਏ ਅਹਾਤਾ ਜ਼ਮੀਨ ਆਪ ਵੇਚ ਚੁਕਾਂ ਹਾਂ। ਹੁਣ ਉਹੋ ਅਹਾਤਾ 700 ਰੁਪਏ ਵਿਚ ਮਿਲ ਰਿਹਾ ਹੈ। ਫਿਰ ਬਾਂਹ ਫੜਕੇ ਮੂੰਹ ਉਤਾਂਹ ਚੁੱਕ ਕੇ ਬੋਲਿਆ, 'ਸ਼ੇਖ ਜੀ ਅਮਨ ਅਮਾਨ ਹੋ ਜਾਣ ਤੇ ਕੀਮਤਾਂ ਵਧਣਗੀਆਂ ਜਾਂ ਘਟਣਗੀਆਂ ?"

'ਸੋਚਾਂਗਾ।"

“ਸੋਚੋ ਸੋਚੋ, ਪਰ ਕਿਤੇ ਸੋਚਦੇ ਹੀ ਨਾ ਰਿਹੋ। ਪਹਿਲਾਂ ਵੀ ਤੁਸੀਂ ਚੰਗੇ ਚੰਗੇ ਸੌਦੇ ਹੱਥੋਂ ਗਵਾਏ ਹਨ।”

ਸ਼ਹਿਰ ਵਿਚ ਫ਼ਸਾਦ ਹੋਣ ਪਿਛੋਂ ਇਕ ਲਹਿਰ ਜਿਹੀ ਚਲ ਪਈ ਸੀ, ਜਿਸ ਇਲਾਕੇ ਵਿਚ ਮੁਸਲਮਾਨ ਬਹੁਗਿਣਤੀ ਵਿਚ ਸਨ, ਉਥੋਂ ਹਿੰਦੂ ਸਿੱਖ ਨਿਕਲਣ ਲੱਗੇ ਸਨ, ਅਤੇ ਜਿਨ੍ਹਾਂ ਇਲਾਕਿਆਂ ਵਿਚ ਹਿੰਦੂ ਸਿੱਖਾਂ ਦੀ ਬਹੁਗਿਣਤੀ ਸੀ, ਉਥੋਂ ਮੁਸਲਮਾਨ ਘਰ ਬਾਹਰ ਵੇਚ ਕੇ ਨਿਕਲ ਜਾਣਾ ਚਾਹੁੰਦੇ ਸਨ। “ਤੁਸੀਂ ਆਪਣਾ ਮਨ ਬਣਾ ਲਓ, ਮੈਂ ਸੌ ਪੰਜਾਹ ਹੋਰ ਘੱਟ ਕਰਵਾ ਦਿਆਂਗਾ। ਇਹ ਸੌਦਾ ਚੰਗਾ ਹੈ, ਫਿਰ ਨਹੀਂ ਮਿਲੇਗਾ। ਤੁਸੀਂ ਇਹੋ ਚਾਹੁੰਦੇ ਹੋ ਕਿ ਮੁਸਲਮਾਨੀ ਇਲਾਕਾ ਹੋਵੇ ਅਤੇ ਮਕਾਨ ਸੜਕ ਉਤੇ ਹੋਵੇ।”

“ਠੀਕ ਹੈ, ਛੇਤੀ ਦੱਸਾਂਗਾ।”

ਜੇ ਸ਼ੇਖ ਇਲਾਹੀ ਦੋ ਮਿੰਟ ਹੋਰ ਉਥੇ ਖਲੋਤਾ ਰਹਿੰਦਾ ਤਾਂ ਸੌਦਾ ਪੱਕਾ ਹੋ ਜਾਂਦਾ, ਪਰ ਉਹ ਜਿਵੇਂ ਕਿਤੇ ਬਾਹ ਛੁੜਾ ਕੇ ਠੇਕੇਦਾਰ ਮੁਨਸ਼ੀ ਰਾਮ ਦੇ ਪੰਜੇ ਵਿਚੋਂ ਨਿਕਲ ਗਿਆ ਅਤੇ ਮਿਉਂਸਪਲ ਕਮੇਟੀ ਦੇ ਕੁਝ ਮੈਂਬਰਾਂ ਦੀ ਟੋਲੀ ਵਿਚ ਜਾ ਮਿਲਿਆ। ਮੁਨਸ਼ੀ ਰਾਮ ਖਲੋਤਾ ਇਧਰ-ਉਧਰ ਵੇਖਦਾ ਰਿਹਾ, ਫਿਰ ਹੌਲੀ ਹੌਲੀ ਸਰਕਦਾ ਹੋਇਆ ਬਾਬੂ ਪ੍ਰਿਥਵੀ ਚੰਦ ਕੋਲ ਜਾ ਪਹੁੰਚਿਆ।

"ਤੁਹਾਡੇ ਨਾਲ ਵਾਲਾ ਜੁੜਵਾਂ ਮਕਾਨ ਵਕਾਉ ਹੈ।

"ਉਹ ਮਕਾਨ ਕਿੱਥੇ ਹੈ, ਖੋਲਾ ਹੈ।”

“ਖੋਲਾ ਹੈ, ਤਾਂ ਵੀ ਮੈਂ ਕਹਾਂਗਾ ਖਰੀਦ ਲਓ। ਕੋਡੀਆਂ ਦੇ ਭਾਅ ਵਿਕ ਰਿਹਾ ਹੈ। ਨਾਲ ਮਿਲਾ ਲਵੋਗੇ ਤਾਂ ਤੁਹਾਡਾ ਮਕਾਨ ਖੂਬ ਖੁਲ੍ਹਾ ਹੋ ਜਾਵੇਗਾ।”

"ਅਤੇ ਜੇ ਪਾਕਿਸਤਾਨ ਬਣ ਗਿਆ ਤਾਂ ?”

“ਛਡੋ ਬਾਦਸ਼ਾਹੋ, ਇਹ ਸਿਆਸਤਦਾਨਾਂ ਦੇ ਚੋਚਲੇ ਹਨ। ਬਣ ਵੀ ਗਿਆ ਤਾਂ ਕੀ ਹੋਵੇਗਾ, ਲੋਕ ਤਾਂ ਇਥੇ ਹੀ ਰਹਿਣਗੇ, ਕਿੱਤੇ ਭੱਜੇ ਤਾਂ ਨਹੀਂ ਜਾ ਰਹੇ...।"

ਮੁਨਸ਼ੀ ਰਾਮ ਨਹੀਂ ਚਾਹੁੰਦਾ ਸੀ ਕਿ ਅੱਜ ਦਾ ਦਿਨ ਕਿਸੇ ਸੌਦੇ ਤੋਂ ਖਾਲ੍ਹੀ ਜਾਵੇ। ਇਕ ਥਾਂ ਤੇ ਇਤਨੇ ਪੈਸੇ ਵਾਲੇ ਲੋਕ ਕਿਥੇ ਇਕੱਠੇ ਮਿਲਦੇ ਹਨ।

ਬਾਬੂ ਪ੍ਰਿਥਵੀ ਚੰਦ ਨੇ ਭਵਿਖ ਬਾਣੀ ਕਰਦੇ ਹੋਏ ਕਿਹਾ: "ਅਮਨ ਅਮਾਨ ਹੋ ਗਿਆ ਤਾਂ ਆਪਣਾ ਮਹੱਲਾ ਛੱਡ ਕੇ ਕੋਈ ਨਹੀਂ ਜਾਵੇਗਾ।

ਕੀ ਗੱਲਾਂ ਪਏ ਕਰਦੇ ਹੋ ਬਾਉ ਜੀ, ਹੁਣ ਇਹ ਖ਼ਿਆਲ ਹੀ ਦਿਮਾਗ ਵਿਚੋਂ ਕੱਢ ਦਿਓ। ਹੁਣ ਹਿੰਦੂਆਂ ਦੇ ਮੁਹੱਲੇ ਵਿਚ ਨਾ ਤਾਂ ਕੋਈ ਮੁਸਲਮਾਨ ਰਹੇਗਾ ਅਤੇ ਨਾ ਮੁਸਲਮਾਨਾਂ ਦੇ ਮੁਹੱਲੇ ਵਿਚ ਕੋਈ ਹਿੰਦੂ। ਇਸ ਨੂੰ ਪੱਥਰ ਤੇ ਲਕੀਰ ਸਮਝੋ। ਪਾਕਿਸਤਾਨ ਬਣੇ ਜਾਂ ਨਾ ਬਣੇ, ਹੁਣ ਮੁਹੱਲੇ ਅਲੱਗ ਅਲੱਗ ਹੋਣਗੇ, ਸਾਫ ਗੱਲ ਹੈ।"

ਲਾਲਾ ਲਕਸ਼ਮੀ ਨਾਰਾਇਣ ਦੂਰੋਂ ਆਉਂਦੇ ਦਿਖਾਈ ਦਿੱਤੇ ਤਾਂ ਸ਼ੇਖ ਨੂਰ ਨੇ ਇਲਾਹੀ ਛੇੜਿਆ:

"ਆ ਗਿਆ ਏਂ ਕਰਾੜਾ।"

ਨੇੜੇ ਪਹੁੰਚਣ ਤੇ ਸ਼ੇਖ ਨੂਰ ਇਲਾਹੀ ਨੇ ਉੱਚੀ ਆਵਾਜ਼ ਵਿਚ ਕਿਹਾ :

"ਫ਼ਸਾਦ ਕਰਵਾ ਕੇ ਹੀ ਸਾਹ ਲਿਆ ਤੂੰ, ਕਰਾੜਾ"।

ਲਾਗੇ ਚਾਗੇ ਖਲੋਤੇ ਲੋਕ ਹੱਸ ਪਏ। ਸ਼ੇਖ ਨੂਰ ਇਲਾਹੀ ਅਤੇ ਲਾਲਾ ਲਕਸ਼ਮੀ ਨਾਰਾਇਣ ਵਿਚ ਬੇਤੁਕਲਫੀ ਸੀ, ਦੋਵੇਂ ਸ਼ਹਿਰ ਦੇ ਮਿਸ਼ਨ ਸਕੂਲ ਵਿਚ ਇਕੱਠੇ ਪੜ੍ਹੇ ਸਨ, ਦੋਵੇਂ ਕੱਪੜੇ ਦਾ ਵਿਉਪਾਰ ਕਰਦੇ ਸਨ।

"ਕਰਾੜ ਦਾ ਕੋਈ ਭਰੋਸਾ ਨਹੀਂ, ਕਿਉਂ ਕਰਾੜਾ।"

ਉਨ੍ਹਾਂ ਨੂੰ ਇੰਨੇ ਪਿਆਰ ਨਾਲ ਮਿਲਦੇ ਵੇਖ ਕੇ ਇਕ ਬੰਨੇ ਖਲੋਤੇ ਸਰਦਾਰ ਮੋਹਨ ਸਿੰਘ ਨੇ ਆਪਣੇ ਸਾਥੀ ਨੂੰ ਕਿਹਾ :

"ਅਸੀਂ ਸਭ ਨੇ ਇਥੇ ਰਹਿਣਾ ਹੈ। ਜਨੂੰਨ ਸਿਰ ਚੜ੍ਹ ਜਾਵੇ ਤਾਂ ਚੜ੍ਹ ਜਾਵੇ, ਪਰ ਸੱਚੀ ਗੱਲ ਇਹੋ ਹੈ ਕਿ ਅਸੀਂ ਸਭ ਨੇ ਇਥੇ ਹੀ ਰਹਿਣਾ ਹੈ। ਮਾਮੂਲੀ ਲੜਾਈ

ਝਗੜੇ ਦੀ ਕੋਈ ਗੱਲ ਨਹੀਂ। ਉਂਜ ਤਾਂ ਘਰ ਦੇ ਭਾਂਡੇ ਵੀ ਇਕ ਦੂਸਰੇ ਨਾਲ ਠਹਿਕ ਪੈਂਦੇ ਹਨ, ਗਵਾਂਢੀਆਂ ਦੇ ਆਪਸ ਵਿਚ ਝਗੜੇ ਹੁੰਦੇ ਰਹਿੰਦੇ ਹਨ। ਪਰ ਰਹਿਣਾ ਤਾਂ ਅਸੀਂ ਸਭ ਨੇ ਇਥੇ ਹੀ ਹੈ। ਗਵਾਂਢੀ ਆਪਣੀ ਸੱਜੀ ਬਾਂਹ ਹੁੰਦੀ ਹੈ।" t

ਅਤੇ ਦੋਹਾਂ ਨੇ ਗਲਵਕੜੀ ਪਾ ਲਈ। ਅੰਦਰ ਅੰਦਰ ਦੋਵੇਂ ਕੱਟੜ ਪੰਥੀ ਸਨ, ਪਰ ਇਕੱਠੇ ਖੇਡ ਕੇ ਵੱਡੇ ਹੋਏ ਸਨ ਇਸ ਲਈ ਦੋਸਤੀ ਵੀ ਸੀ, ਮੇਲ ਮਿਲਾਪ ਵੀ ਸੀ, ਦੁੱਖ ਸੁੱਖ ਵਿਚ ਥੋੜ੍ਹਾ ਬਹੁਤ ਸ਼ਾਮਲ ਹੁੰਦੇ ਸਨ। ਸ਼ੇਖ ਨੂਰ ਇਲਾਹੀ ਦੇ ਵਾਕ ਵਿਚ ਮਜ਼ਾਕ ਕਿਥੋਂ ਤਕ ਸੀ ਅਤੇ ਹਿੰਦੂਆ ਪ੍ਰਤੀ ਘਿਰਣਾ ਦਾ ਪ੍ਰਗਟਾ ਕਿਥੋਂ ਤਕ ਹੋਇਆ ਸੀ, ਕਹਿਣਾ ਮੁਸ਼ਕਿਲ ਹੈ।

ਫਿਰ ਹੌਲੀ ਜਿਹੀ ਲਕਸ਼ਮੀ ਨਾਰਾਇਣ ਨੂੰ ਕਿਹਾ : ਤੇਰੀਆਂ ਗੰਢਾ ਮੈਂ ਗੁਦਾਮ ਵਿਚੋਂ ਚੁੱਕਵਾ ਦਿੱਤੀਆਂ ਸਨ।"

ਲਕਸ਼ਮੀ ਨਰਾਇਣ ਮੁਸਕਰਾ ਪਿਆ। ਫਿਰ ਸ਼ੇਖ ਨੂਰ ਇਲਾਹੀ ਆਪਣੇ ਮਜ਼ਾਕੀਆ ਅੰਦਾਜ਼ ਵਿਚ ਬੋਲਿਆ :

"ਪਹਿਲਾਂ ਤਾਂ ਮੈਂ ਕਿਹਾ ਸੜਨ ਦਿਓ ਕਰਾੜ ਦਾ ਮਾਲ, ਫਿਰ ਦਿਲ ਵਿਚ ਆਇਆ, "ਨਹੀਂ ਯਾਰ, ਆਖਰ ਤਾਂ ਦੋਸਤ ਹੈ ਮੇਰਾ..।"

ਲਾਗੇ ਚਾਗੇ ਖਲੋਤੇ ਲੋਕਾਂ ਨੂੰ ਦੋਸਤਾਂ ਦਾ ਇਹ ਮਿਲਨ ਚੰਗਾ ਲੱਗ ਰਿਹਾ ਸੀ।

ਨੂਰ ਇਲਾਹੀ ਕਹੀ ਜਾ ਰਿਹਾ ਸੀ :

''ਪਹਿਲਾਂ ਤਾਂ ਮੁੰਡੇ ਨੂੰ ਮਜ਼ਦੂਰ ਹੀ ਨਾ ਮਿਲੇ। ਉਸ ਰਾਤ ਮਜ਼ਦੂਰ ਕਿਥੋਂ ਮਿਲਦੇ? ਮੈਂ ਉਸਨੂੰ ਕਿਹਾ, ਜਿਵੇਂ ਵੀ ਹੋਵੇ ਗੰਢਾ ਚੁੱਕਵਾ ਦੇ ਨਹੀਂ ਤਾਂ ਲਾਲਾ ਮੈਨੂੰ ਜੀਣ ਨਹੀਂ ਦੇਵੇਗਾ। ਫੜ ਲਿਆਇਆ ਫੇਰ ਕਿਤੋਂ ਦੇ ਮਜ਼ਦੂਰ।"

ਇਸ ਤੋਂ ਦੋਵੇਂ ਹੱਸ ਪਏ।

ਇਹ ਹਾਸਾ ਖੇਡ ਆਪਣੀ ਜਗ੍ਹਾ ਠੀਕ ਸੀ, ਇਸਦੇ ਨਾਲ ਨਜ਼ਰ ਦਾ ਲਿਹਾਜ਼ ਸੀ। ਪਰ ਬੱਚੇ ਗਹਿਰੇ ਜਜ਼ਬਾਤੀ ਨਹੀਂ ਸਨ, ਇਕ ਪ੍ਰਕਾਰ ਦੀ ਅਣਉਪਚਾਰਿਕਤਾ ਸੀ ਜੋ, ਵੱਡੀ ਉਮਰ ਦੇ ਸਵਾਰਥੀ ਪੁਰਖਾਂ ਵਿਚ ਆ ਜਾਂਦੀ ਹੈ। ਅੰਦਰੋਂ ਅੰਦਰ ਡਰ ਵੀ ਸੀ, ਘਿਰਣਾ ਵੀ ਸੀ, ਪਰ ਦੋਵੇਂ ਵਿਉਪਾਰੀ ਸਨ, ਵਿਵਹਾਰ ਕੁਸ਼ਲ ਸਨ, ਆਪਣੇ ਲਈ ਇਕ ਦੂਸਰੇ ਦੀ ਜ਼ਰੂਰਤ ਨੂੰ ਸਮਝਦੇ ਸਨ।

ਖੰਭੇ ਹੇਠਾਂ ਖਲੋਤਾ ਹਯਾਤਬਖਸ਼ ਕਿਸੇ ਸ਼ਹਿਰ ਦੀ ਖੂਬਸੂਰਤੀ ਦਾ ਵਰਣਨ ਕਰ ਰਿਹਾ ਸੀ :

"ਅਜਿਹਾ ਖੂਬਸੂਰਤ ਸ਼ਹਿਰ, ਸਰਦਾਰ ਜੀ, ਜਿਵੇਂ ਲਾੜੀ ਖਲੋਤੀ ਹੋਵੇ।" ਉਹ ਕਹਿ ਰਿਹਾ ਸੀ, "ਸ਼ਾਮ ਨੂੰ ਜਦ ਰੋਸ਼ਨੀ ਹੋਵੇ ਤਾਂ ਚਾਰੇ ਚੁਫੇਰੇ ਜਗਮਗ ਜਗਮਗ, ਸਮੁੰਦਰ ਦਾ ਕਿਨਾਰਾ, ਅਜਿਹੀ ਸਜ ਧਜ ਕਿ ਤੁਹਾਨੂੰ ਕੀ ਦਸਾਂ, ਜਿਵੇਂ ਸਜ ਧਜ ਕੇ ਲਾੜੀ ਖਲੋਤੀ ਹੋਵੇ। ਸਾਫ ਸੁਥਰੀਆਂ ਸੜਕਾਂ, ਵੇਖਦਿਆਂ ਅੱਖ ਨਹੀਂ ਰਜਦੀ ਸੀ।"

"ਕਿਸ ਸ਼ਹਿਰ ਦੀ ਤਰੀਫ ਹੋ ਰਹੀ ਹੈ, ਹਯਾਤਬਖਸ਼ ?"

"ਰੰਗੂਨ, ਰੰਗੂਨ, ਬਹੁਤ ਵਧੀਆ ਸ਼ਹਿਰ ਹੈ। ਲਾਮ ਦੇ ਦਿਨਾਂ ਵਿਚ ਮੈਂ ਉਥੇ ਗਿਆ ਸੀ। ਵਾਹ ਵਾਹ ਕੀ ਦੱਸਾਂ ਤੁਹਾਨੂੰ।"

ਆਪਸ ਵਿਚ ਮਿਲਣ ਵਾਲੇ, ਅਲੱਗ ਅਲੱਗ ਸੰਪਰਦਾਵਾਂ ਦੇ ਲੋਕ ਜਾਣ ਬੁਝ ਕੇ ਫਸਾਦਾਂ ਦੀ ਚਰਚਾ ਨਹੀਂ ਕਰ ਰਹੇ ਸਨ। ਨਹੀਂ ਤਾਂ ਸੜਦੇ ਪਿੰਡਾਂ ਅਤੇ ਸੜਦੀ ਅਨਾਜ ਮੰਡੀ ਦੀ ਪਿੱਠ ਭੂਮੀ ਵਿਚ ਲਾੜੀ ਵਰਗੇ ਸੁੰਦਰ ਸ਼ਹਿਰ ਦੀ ਚਰਚਾ ਕੋਈ ਕਿਉਂ ਕਰਦਾ।

ਦੂਸਰੇ ਬੰਨੇ ਬਜ਼ੁਰਗ ਲਾਲਾ ਪ੍ਰਿਥਵੀ ਚੰਦ ਆਪਣੀ ਮੰਡਲੀ ਵਿਚ ਤਿੱਖੀ ਪਤਲੀ ਆਵਾਜ਼ ਵਚ ਕਹਿ ਰਿਹਾ ਸੀ :

''ਮੈਂ ਉਨ੍ਹਾਂ ਨੂੰ ਸਮਝਾਇਆ, ਮੈਂ ਕਿਹਾ, ਓਏ ਬੇਵਕੂਫ਼ੋ ਗਲੀ ਦੇ ਮੂੰਹ ਤੇ ਲੋਹੇ ਦਾ ਫਾਟਕ ਲਾਕੇ ਕੀ ਤੁਸੀਂ ਬਚ ਜਾਓਗੇ ? ਓਏ ਕੋਈ ਅਕਲ ਦੀ ਗੱਲ ਕਰੋ। ਬਾਹਰੋਂ ਆਦਮੀ ਅੰਦਰ ਹੀ ਆ ਸਕੇਗਾਂ ਤਾਂ ਅੰਦਰੋਂ ਬਾਹਰ ਵੀ ਤਾਂ ਨਹੀਂ ਜਾ ਸਕੇਗਾ। ਗੇਟ ਬਣਾ ਕੇ ਤੁਸੀਂ ਆਪਣੇ ਆਪ ਨੂੰ ਕੈਦ ਕਰ ਲਓਗੇ।"

ਇਕ ਬੰਨੇ ਲਾਲਾ ਸ਼ਾਮ ਲਾਲ ਕਾਂਗਰਸ ਕਮੇਟੀ ਦੇ ਮੈਂਬਰ ਅੰਕੜਾ ਬਾਬੂ ਨੂੰ ਧੱਕਦੇ ਹੋਏ ਇਕ ਬੰਨੇ ਲੈ ਜਾ ਰਹੇ ਸਨ :

"ਇਕ ਗੱਲ ਦਾ ਧਿਆਨ ਰਖੀਂ ਪੁੱਤਰ ਆ ਓਧਰ ਬੈਂਚ ਤੇ ਬੈਠ ਕੇ ਗੱਲ ਕਰਦੇ ਹਾਂ।"

ਦੋਵੇਂ ਬੈਠ ਗਏ। ਲਾਲ ਜੀ ਆਪਣਾ ਮੂੰਹ ਅੰਕੜਾ ਬਾਬੂ ਦੇ ਕੰਨ ਕੋਲ ਲੈ ਜਾ ਕੇ ਬੋਲੇ :

"ਮਿਉਂਸਪਲ ਕਮੇਟੀ ਦੀਆਂ ਚੋਣਾਂ ਵਿਚ ਸਾਡੇ ਵਾਰਡ ਵਿਚ ਕਾਂਗਰਸ ਵਲੋਂ ਕੌਣ ਖੜਾ ਹੋ ਰਿਹਾ ਹੈ ?”

“ਮੈਨੂੰ ਤਾਂ ਪਤਾ ਨਹੀਂ ਲਾਲਾ ਜੀ, ਅਜੇ ਤਾਂ ਲੋਕ ਰਿਲੀਫ਼ ਦੇ ਕੰਮ ਵਿਚ ਲੱਗੇ ਹਨ।"

"ਸਭ ਲੋਕ ਤਾਂ ਨਹੀਂ, ਖ਼ੈਰ ਤੂੰ ਰਲੀਫ਼ ਦੇ ਕੰਮ ਵਿਚ ਜ਼ਰੂਰ ਲੱਗਾ ਹੋਇਆ ਹੈ। ਫਿਰ ਵੀ ਤੂੰ ਕੁਝ ਸੁਣਿਆ ਤਾਂ ਹੋਵੇਗਾ ?”

"ਮੈਂ ਤਾਂ ਕੁਝ ਨਹੀਂ ਸੁਣਿਆ ਲਾਲਾ ਜੀ, ਪਰ ਇਸ ਸਥਿਤੀ ਵਿਚ ਕਮੇਟੀ ਦੀਆਂ ਚੋਣਾਂ ਹੋਣਗੀਆਂ ਵੀ ਕਿ ਨਹੀਂ, ਮੈਨੂੰ ਤਾਂ ਸ਼ੱਕ ਹੈ।"

"ਦੁਨੀਆਂ ਦੇ ਕੰਮ, ਪੁੱਤਰ, ਕਦੇ ਬੰਦ ਹੋਏ ਨੇ? ਮੈਂ ਡਿਪਟੀ ਕਮਿਸ਼ਨਰ ਨੂੰ ਮਿਲ ਚੁੱਕਾ ਹਾਂ। ਦੋ ਮਹੀਨਿਆਂ ਪਿਛੋਂ ਚੋਣਾਂ ਹੋਣਗੀਆਂ ਨਾਮ ਦਾਖਿਲ ਕਰਨ ਦੀ ਤਰੀਕ 15 ਜੂਨ ਰਖੀ ਗਈ ਹੈ। ਇਸ ਲਈ ਹੁਣ ਜ਼ਿਆਦਾ ਸਮਾਂ ਨਹੀਂ ਰਹਿ ਗਿਆ ਹੈ।"

"ਮੈਨੂੰ ਤਾਂ ਕੁਝ ਵੀ ਪਤਾ ਨਹੀਂ, ਲਾਲਾ ਜੀ।"

"ਦੁਨੀਆਂ ਵਿਚ ਅੱਖਾਂ ਖੋਲ੍ਹ ਕੇ ਚਲੀਦਾ ਹੈ ਪੁੱਤਰ। ਹੁਣ ਅਸੀਂ ਲੋਕ ਤਾਂ ਜ਼ਿਆਦਾ ਸਮਾਂ ਬੈਠੇ ਨਹੀਂ ਰਹਾਂਗੇ, ਤੁਸੀਂ ਨੌਜਵਾਨਾਂ ਨੇ ਹੀ ਦੁਨੀਆਂ ਦੇ ਕੰਮ ਸੰਭਾਲਣੇ ਹਨ। ਫਿਰ ਅੰਕੜਾ ਬਾਬੂ ਦੇ ਕੰਨ ਕੋਲ ਮੂੰਹ ਲੈ ਜਾ ਕੇ ਬੋਲੇ, "ਮੈਂ ਚੁਨਾਓ ਲੜ ਰਿਹਾ ਹਾਂ।" ਬਾਬੂ ਨੇ ਲਾਲਾ ਜੀ ਦੇ ਚਿਹਰੇ ਵੱਲ ਵੇਖਿਆ।

"ਮੈਂ ਸੁਣਿਆਂ ਹੈ, ਕਾਂਗਰਸ ਮੰਗਲ ਸੈਨ ਨੂੰ ਟਿਕਟ ਦੇ ਰਹੀ ਹੈ।"

"ਪਰ ਲਾਲਾ ਜੀ ਤੁਹਾਨੂੰ ਕਾਂਗਰਸ ਟਿਕਟ ਦੀ ਲੋੜ ਹੀ ਕੀ ਹੈ ?"

ਇਹ ਸਵਾਲ ਪੁਛਦੇ ਹੀ ਅੰਕੜਾ ਬਾਬੂ ਸਥਿਤੀ ਨੂੰ ਸਮਝ ਗਿਆ। ਜੇ ਕੋਈ ਹਿੰਦੂ ਹੁਣ ਚੁਨਾਓ ਲਈ ਖੜਾ ਹੋਵੇਗਾ ਤਾਂ ਕਾਂਗਰਸ ਦੇ ਸਮਰਥਨ ਦੀ ਲੋੜ ਹੋਵੇਗੀ ਅਤੇ ਜੇ ਕੋਈ ਮੁਸਲਮਾਨ ਖੜਾ ਹੋਵੇਗਾ ਤਾਂ ਮੁਸਲਮ ਲੀਗ ਦੇ ਸਮਰਥਨ ਦੀ। ਲੋਕਾਂ ਦੇ ਮਨ ਵਿਚ ਇਹ ਗੱਗ ਬੈਠ ਗਈ ਸੀ ਕਿ ਕਾਂਗਰਸ ਹਿੰਦੂਆਂ ਦੀ ਸੰਸਥਾ ਹੈ। ਲਾਲਾ ਸ਼ਾਮ ਲਾਲ ਦਾ ਸਬੰਧ ਕਾਂਗਰਸ ਨਾਲ ਇੰਨਾ ਹੀ ਸੀ ਕਿ ਉਹ ਅਜਿਹਾ ਕੱਪੜਾ ਪਹਿਨਦੇ ਸਨ ਜੋ ਦੂਰੋਂ ਖਾਦੀ ਨਜ਼ਰ ਆਉਂਦਾ ਸੀ।

'ਕਾਂਗਰਸ ਅਜਿਹੇ ਲੋਕਾਂ ਨੂੰ ਟਿਕਟ ਦੇਵੇਗੀ ਤਾਂ ਬਦਨਾਮ ਨਾ ਹੋਵੇਗੀ?" ਫਿਰ ਬਾਬੂ ਦੇ  ਕੰਨ ਕੋਲ ਮੂੰਹ ਲੈ ਜਾ ਕੇ ਬੋਲਿਆ:

"ਜੂਏ ਦੇ ਅੱਡੇ ਚਲਾਉਂਦਾ ਹੈ। ਦੋ ਅੱਡੇ ਹਨ ਉਸ ਦੇ। ਪੁਲਸ ਵਾਲਿਆਂ ਨਾਲ ਮਿਲ ਕੇ ਮੁੰਡੇ ਚਲਾਉਂਦਾ ਹੈ। ਹੁਣ ਸ਼ਹਿਰ ਵਿਚ ਗਾਂਧੀ ਜੀ ਆਉਣ, ਨਹਿਰੂ ਜੀ ਆਉਣ, ਅਤੇ ਉਨ੍ਹਾਂ ਦੇ ਅੱਗੇ-ਪਿੱਛੇ ਨੱਚਦਾ ਫਿਰੇ, ਤਾਂ ਇਸ ਨਾਲ ਉਹ ਕਾਂਗਰਸੀ ਹੋ ਜਾਂਦਾ ਹੈ। ਖਾਦੀ ਉਹ ਨਹੀਂ ਪਹਿਨਦਾ।"

"ਪਹਿਨਦਾ ਹੈ।" ਅੰਕੜਾ ਬਾਬੂ ਵਿਚੋਂ ਹੀ ਬੋਲ ਉਠਿਆ।

"ਹੁਣ ਪਹਿਨਣ ਲੱਗਾ ਹੈ, ਪਿਛਲੇ ਦੋ ਸਾਲਾਂ ਤੋਂ। ਪਹਿਲਾਂ ਕਿੱਥੇ ਪਾਉਂਦਾ ਸੀ। ਇਸਦੇ ਘਰ ਵਿਚ ਕੌਣ ਖਾਦੀ ਪਹਿਨਦਾ ਹੈ ?"

ਬਾਬੂ ਨੂੰ ਸੁਹਿਰਦ ਸਰੋਤਾ ਵੇਖ ਕੇ ਲਾਲਾ ਜੀ ਬੋਲੀ ਜਾ ਰਹੇ ਸਨ, ਬੀਅਰ ਪੀਂਦਾ ਹੈ, ਜੇ ਯਕੀਨ ਨਾ ਹੋਵੇ ਤਾਂ ਕੰਪਣੀ ਬਾਗ ਦੀ ਕਲੱਬ ਵਿਚ ਜਾ ਕੇ ਵੇਖ ਲਓ, ਇਸ ਦਾ ਪਿਓ ਵੀ ਐਬੀ ਸੀ, ਇਹ ਵੀ ਐਬੀ ਹੈ। ਫਿਰ ਲਾਲਾ ਸ਼ਾਮ ਲਾਲ ਨੇ ਨੱਕ ਚੜ੍ਹਾ ਕੇ ਕਿਹਾ, ''ਉਸਨੂੰ ਭਗੰਦਰ ਹੋ ਗਿਆ ਸੀ, ਭਗੰਦਰ ਨਾਲ ਮਰਿਆ ਸੀ, ਇਹ ਵੀ ਭਗੰਦਰ ਨਾਲ ਹੀ ਮਰੇਗਾ।"

ਅੰਕੜਾ ਬਾਬੂ ਨਹੀਂ ਜਾਣਦਾ ਸੀ ਕਿ ਭਗੰਦਰ ਕੀ ਬਲਾ ਹੁੰਦੀ ਹੈ, ਪਰ ਉਹ ਹੈਰਾਨ ਸੀ ਕਿ ਲਾਲਾ ਜੀ ਮੰਗਲ ਸੈਨ ਤੇ ਕਿਉਂ ਇੰਨਾ ਗੁੱਸਾ ਕੱਢ ਰਹੇ ਹਨ।

"ਮੈਂ ਇਸਦੇ ਪੋਲ ਖੋਲ੍ਹਣ ਲਗਾਂ ਤਾਂ ਇਕ ਦਿਨ ਵਿਚ ਨੰਗਾ ਹੋ ਜਾਵੇ, ਪਰ ਮੈਂ ਕਹਿੰਦਾ ਹਾਂ, ਨਹੀਂ ਭਰਾ, ਸਭਾ ਸੁਸਾਇਟੀ ਵਿਚ ਸਭ ਨੇ ਜੀਉਣਾ ਹੈ, ਉਹ ਜਾਣੇ ਉਹਦਾ ਕੰਮ, ਪਰ ਮਕਰ ਤੇ ਝੂਠ ਨਾਲ ਲੋਕਾਂ ਨੂੰ ਧੋਖਾ ਤਾਂ ਨਾ ਦੇਵੇ।"

"ਪਰ ਲਾਲਾ ਜੀ, ਮੰਗਲ ਸੈਨ ਜ਼ਿਲ੍ਹਾ ਕਮੇਟੀ ਦਾ ਮੈਂਬਰ ਹੈ, ਜਦੋਂ ਕਿ ਤੁਸੀਂ ਕਾਂਗਰਸ ਦੇ ਚਵਾਨੀ ਮੈਂਬਰ ਵੀ ਨਹੀਂ ਹੋ। ਤੁਹਾਨੂੰ ਟਿਕਟ ਕਿਵੇਂ ਮਿਲ ਸਕਦਾ ਹੈ?"

“ਟਿਕਟ ਮੰਗਦਾ ਹੀ ਕੋਣ ਹੈ? ਮੈਂ ਤਾਂ ਕੇਵਲ ਇੰਨਾ ਚਾਹੁੰਦਾ ਹਾਂ ਕਿ ਇਸ ਵਾਰਡ ਦੀ ਸੀਟ ਲਈ ਕਾਂਗਰਸ ਕਿਸੇ ਨੂੰ ਵੀ ਟਿਕਟ ਨਾ ਦੇਵੇ, ਜਾਤੀ ਤੌਰ ਤੇ ਕੋਈ ਵੀ ਖੜ੍ਹਾ ਹੋ ਜਾਵੇ..."

ਓਧਰ ਲਾਲਾ ਲਕਸ਼ਮੀ ਨਾਰਾਇਣ ਹਯਾਤਬਖਸ਼ ਤੋਂ ਕਿਸੇ ਦਵਾਈ ਬਾਰੇ ਪੁਛ-ਗਿਛ ਕਰ ਰਿਹਾ ਸੀ। ਹਯਾਤ ਬਖਸ਼ ਨੂੰ ਬਹੁਤ ਸਾਰੀਆਂ ਜੜੀਆਂ ਬੂਟੀਆਂ ਆਦਿ ਦਾ ਪਤਾ ਸੀ, ਪੱਥਰੀ ਲਈ ਉਹ ਆਪ ਦਵਾਈ ਤਿਆਰ ਕਰਦਾ ਸੀ ਅਤੇ ਮੁਫ਼ਤ ਵੰਡਦਾ ਸੀ, ਕੇਵਲ ਨੁਸਖਾ ਨਹੀਂ ਦੱਸਦਾ ਸੀ ਕਿਉਂਕਿ ਇਸ ਨਾਲ ਦਵਾਈ ਦੀ ਤਾਸੀਰ ਜਾਂਦੀ ਰਹਿੰਦੀ ਹੈ।

ਰਣਵੀਰ ਨੂੰ ਭੱਜਦੇ ਸਮੇਂ ਸੱਟ ਲੱਗ ਗਈ ਸੀ, ਨਾਲੀ ਵਿਚ ਪੈਰ ਪੈ ਜਾਣ ਕਾਰਣ ਉਸਦੇ ਪੈਰ ਨੂੰ ਬੁਰੀ ਤਰ੍ਹਾਂ ਮੋਚ ਆ ਗਈ ਸੀ ਅਤੇ ਗੋਡੇ ਵੀ ਛਿੱਲੇ ਗਏ ਸਨ। ਹਯਾਤ ਬਖਸ਼ ਸਿਰ ਹਿਲਾ ਹਿਲਾ ਕੇ ਸੁਣਦਾ ਰਿਹਾ, ਫਿਰ ਬੋਲਿਆ:

"ਨਾ ਨਾ, ਤੇਲ ਦੀ ਮਾਲਸ ਨਹੀਂ, ਉਸਦੀ ਤਾਸੀਰ ਠੰਢੀ ਹੁੰਦੀ ਹੈ। ਮੇਰੇ ਕੋਲ ਇਕ ਤੇਲ ਹੈ, ਅਤਰਫ ਲਹੌਰੋਂ ਲਿਆਇਆ ਸੀ, ਉਸ ਨਾਲ ਨਸਾਂ ਢਿੱਲੀਆਂ ਪੈਣਗੀਆਂ ਛੇਤੀ ਆਰਾਮ ਆਏਗਾ। ਯਕੀਨੀ ਗੱਲ ਹੈ। ਮੈਂ ਭੇਜ ਦਿਆਂਗਾ।

ਫਿਰ ਹੌਲੀ ਜਿਹੀ ਬੋਲਿਆ, ''ਕਿਵੇਂ ਮੋਚ ਆ ਗਈ ਕਾਕੇ ਨੂੰ।" ਫਿਰ ਆਵਾਜ਼ ਹੋਰ ਹੌਲੀ ਕਰਕੇ ਬੋਲਿਆ, ''ਮੈਂ ਸੁਣਿਆ ਹੈ ਕਿਸੇ ਦਲ-ਵਲ ਵਿਚ ਵੀ ਹਿੱਸਾ ਲੈਂਦਾ ਹੈ। ਮੇਰੀ ਮੰਨੋ ਤਾਂ ਉਸਨੂੰ ਕੁਝ ਦਿਨਾਂ ਲਈ ਬਾਹਰ ਭੇਜ ਦਿਓ। ਦਿਥੇ ਪਕੜ-ਪਕੜਾਈ ਦਾ ਡਰ ਹੈ।"

ਲਾਲਾ ਲਕਸ਼ਮੀ ਨਾਰਾਇਣ ਦੇ ਕੰਨ ਖੜੇ ਹੋ ਗਏ, ਪਰ ਉਨ੍ਹਾਂ ਘਬਰਾਹਟ ਜ਼ਾਹਰ ਨਹੀਂ ਹੋਣ ਦਿੱਤੀ :

"ਪੰਦਰਾਂ ਸਾਲ ਦਾ ਤਾਂ ਲੜਕਾ ਹੈ, ਉਹ ਕੀ ਹਿੱਸਾ ਲਵੇਗਾ।"

ਪਰ ਉਨ੍ਹਾਂ ਨੂੰ ਦਿਲ ਹੀ ਦਿਲ ਵਿਚ ਇਹ ਤਜਵੀਜ਼ ਪਸੰਦ ਆਈ। ਰਣਵੀਰ ਨੂੰ ਕੁੱਝ ਦਿਨਾਂ ਲਈ ਬਾਹਰ ਭੇਜ ਦੇਣਾ ਹੀ ਠੀਕ ਹੋਵੇਗਾ।

ਕਾਲਜ ਦੇ ਦੋ ਚਪੜਾਸੀ ਗੇਟ ਕੋਲ ਇਕ ਬੈਂਚ ਤੇ ਬੈਠੇ ਗੱਲਾਂ ਮਾਰ ਰਹੇ ਸਨ। ਇਕ ਨੇ ਦੂਸਰੇ ਨੂੰ ਕਿਹਾ :

"ਅਸੀਂ ਮੂਰਖ ਲੋਕ ਲੜਦੇ ਹਾਂ, ਸਮਝਦਾਰ ਖਾਨਦਾਨੀ ਲੋਕ ਨਹੀਂ ਲੜਦੇ। ਇਥੇ ਸਭ ਆਏ ਹਨ ਹਿੰਦੂ ਵੀ, ਸਿਖ ਵੀ ਮੁਸਲਮਾਨ ਵੀ, ਪਰ ਕਿਵੇਂ ਪਿਆਰ ਮੁਹੱਬਤ ਨਾਲ ਗੱਲਾਂ ਕਰ ਰਹੇ ਹਨ...।"

ਸਿਆਸੀ ਲੋਕਾਂ ਵਿਚੋਂ ਲੱਗ ਭਗ ਸਭ ਲੋਕ ਪਹੁੰਚ ਚੁੱਕੇ ਸਨ, ਸ਼ਾਇਦ ਬਖਸ਼ੀ ਜੀ ਦਾ ਇੰਤਜ਼ਾਰ ਸੀ। ਸਭ ਸਥਾਨੀ ਲੀਡਰਾਂ ਨੂੰ ਦੇਵ ਦੱਤ ਘਰ ਜਾ ਜਾ ਕੇ

ਇਕੱਠਾ ਕਰ ਲਿਆਇਆ ਸੀ। ਉਹ ਵੀ ਮੀਟਿੰਗ ਵਿਚ ਪਹੁੰਚ ਚੁੱਕਾ ਸੀ ਅਤੇ ਇਸ ਗੱਲ ਨੂੰ ਵੇਖ ਕੇ ਦਿਲ ਹੀ ਦਿਲ ਵਿਚ ਖੁਸ਼ ਸੀ ਕਿ ਲੀਗ ਅਤੇ ਕਾਂਗਰਸ ਦੇ ਨੇਤਾਵਾਂ ਨੂੰ ਇਕ ਥਾਂ ਤੇ ਇਕੱਠਾ ਕਰਨ ਵਿਚ ਉਹ ਫਿਰ ਕਾਮਯਾਬ ਹੋ ਗਿਆ ਹੈ। ਉਸ ਦੀ ਵਿਵਹਾਰਕ ਸੂਝ ਇਸ ਗੱਲ ਤੋਂ ਜ਼ਾਹਿਰ ਹੁੰਦੀ ਸੀ ਕਿ ਮੀਟਿੰਗ ਸ਼ੁਰੂ ਹੁੰਦੇ ਹੀ ਉਸਨੇ ਜਲਸੇ ਦੀ ਪ੍ਰਧਾਨਗੀ ਲਈ ਉਸੇ ਕਾਲਜ ਦੇ ਪ੍ਰਿੰਸੀਪਲ ਲੂਕਸ ਸਾਹਿਬ ਦਾ ਨਾਮ ਤਜਵੀਜ਼ ਕਰ ਦਿੱਤਾ। ਲੂਕਸ ਅਮਰੀਕਨ ਸੀ, ਬਜ਼ੁਰਗ ਸੀ, ਸ਼ਹਿਰ ਦੇ ਲੜਕਿਆਂ ਦੀਆਂ ਤਿੰਨ ਪੀੜੀਆਂ ਨੂੰ ਪੜ੍ਹਾ ਚੁੱਕੇ ਸਨ, ਅੰਗਰੇਜ਼ ਨਹੀਂ ਸਨ, ਨਾ ਹੀ ਹਿੰਦੂ ਜਾਂ ਮੁਸਲਮਾਨ ਸਨ। ਤਾਲੀਆਂ ਦੀ ਗੜਗੜਾਹਟ ਵਿਚ ਉਹ ਪ੍ਰਧਾਨਗੀ ਦੀ ਕੁਰਸੀ ਤੇ ਆ ਕੇ ਬੈਠ ਗਏ। ਲੋਕ ਸਭ ਬਰਾਂਡਿਆਂ ਆਦਿ ਵਿਚੋਂ ਆ ਕੇ ਹਾਲ ਵਿਚ ਬੈਠਣ ਲੱਗੇ ਸਨ। ਤਦੇ ਮਸਲਮ ਲੀਗ ਦੇ ਇਕ ਨੌਜਵਾਨ ਕਾਰਕੁਨ ਅਤੇ ਇਕ ਕਾਂਗਰਸੀ ਦੇ ਵਿਚਕਾਰ ਬਹਿਸ ਹੋਣ ਲੱਗੀ। ਲੀਗੀ ਉੱਛਲ ਕੇ ਖਲੋ ਗਿਆ।

"ਲੇ ਕੇ ਰਹਾਂਗੇ ਪਾਕਿਸਤਾਨ ! ਬਖਸ਼ੀ ਸੀ ਇਹ ਫ਼ਰੇਬ ਤੁਸੀਂ ਛੱਡ ਦਿਓ। ਇਕ ਵਾਰ ਮੰਨ ਜਾਓ ਕਿ ਕਾਂਗਰਸ ਹਿੰਦੂਆਂ ਦੀ ਜਮਾਤ ਹੈ, ਇਸ ਪਿੱਛੋਂ ਮੈਂ ਇਨ੍ਹਾਂ ਨੂੰ ਗੱਲ ਲਾ ਲਵਾਂਗਾ। ਕਾਂਗਰਸ ਮੁਸਲਮਾਨਾਂ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੀ।"

ਫ਼ਸਾਦਾਂ ਤੋਂ ਪਹਿਲਾਂ ਵੀ ਇਹੋ ਵਾਕ ਵਾਰ ਵਾਰ ਸੁਣਨ ਲਈ ਮਿਲਦਾ ਸੀ। ਇਸੇ ਦੌਰਾਨ ਕਿਤੋਂ ਨਾਹਰਾ ਉਠਿਆ :

''ਪਾਕਿਸਤਾਨ-ਜ਼ਿੰਦਾਬਾਦ।"

ਉਸੇ ਵੇਲੇ ਦਸ ਆਵਾਜ਼ਾਂ ਥਾਂ ਥਾਂ ਤੋਂ ਉਠੀਆਂ : ਚੁਪ ਕਰੋ ! ਚੁਪ ਕਰੋ।"

ਲੂਕਸ ਸਾਹਿਬ ਕਹਿਣ ਲੱਗੇ :

ਮੈਂ ਸੋਚਦਾ ਹਾਂ ਕਿ ਇਸ ਵੇਲੇ ਅਸੀਂ ਸਭ ਮਿਲ ਕੇ ਜਿਵੇਂ ਵੀ ਹੋਵੇ ਸ਼ਹਿਰ ਦੇ ਵਾਤਾਵਰਣ ਨੂੰ ਸੁਖਾਵਾਂ ਬਣਾਈਏ। ਇਥੇ ਸ਼ਹਿਰ ਦੇ ਸਭ ਵੱਡੇ ਵੱਡੇ ਲੋਕ ਹਾਜ਼ਰ ਹਨ, ਉਨ੍ਹਾਂ ਦੀ ਆਵਾਜ਼ ਦਾ ਬੜਾ ਅਸਰ ਹੋਵੇਗਾ। ਮੇਰਾ ਵਿਚਾਰ ਹੈ ਕਿ ਇਕ

ਅਮਨ ਕਮੇਟੀ ਬਣਾਈ ਜਾਵੇ ਅਤੇ ਇਹ ਅਮਨ ਕਮੇਟੀ ਹਰ ਮੁਹੱਲੇ ਵਿਚ, ਹਰ ਗਲੀ ਵਿਚ ਅਮਨ ਦਾ ਪ੍ਰਚਾਰ ਕਰੇ। ਇਸ ਵਿਚ ਸਭ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧ ਸ਼ਾਮਿਲ ਹੋਣ। ਇਸ ਕੰਮ ਲਈ ਮੈਂ ਸਮਝਦਾ ਹਾਂ ਕਿ ਜੋ ਇਕ ਬੱਸ ਦਾ ਇੰਤਜ਼ਾਮ ਹੋ ਸਕੇ, ਜਿਸ ਤੇ ਲਾਉਡ ਸਪੀਕਰ ਅਤੇ ਮਾਈਕਰੋਫੋਨ ਲਾ ਦਿੱਤੇ ਜਾਣ, ਅਤੇ ਕਾਂਗਰਸ ਮੁਸਲਿਮ ਲੀਗ ਤੇ ਹੋਰ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧ ਇਸ ਵਿਚ ਬੈਠ ਕੇ ਥਾਂ ਥਾਂ ਬੱਸ ਵਿਚੋਂ ਅਮਨ ਦੀ ਅਪੀਲ ਕਰਨ ਤਾਂ ਇਸ ਦਾ ਬੜਾ ਅਸਰ ਹੋਵੇਗਾ।"

ਤਾਲੀਆਂ ਦੀ ਗੜਗੜਾਹਟ ਨਾਲ ਇਸ ਪ੍ਰਸਤਾਵ ਦਾ ਸਵਾਗਤ ਕੀਤਾ ਗਿਆ। ਅਚਾਨਕ ਸ਼ਾਹਨਵਾਜ਼ ਉਠ ਖਲੋਤਾ।

'ਬੱਸ ਦਾ ਇੰਤਜ਼ਾਮ ਮੈਂ ਕਰਾਂਗਾ।"

ਤਾਲੀਆਂ ਦੀ ਫਿਰ ਗੜਗੜਾਹਟ ਹੋਈ। ਦੇਵਦੱਤ ਨੇ ਸਾਹਮਣੇ ਆ ਕੇ ਕਿਹਾ :

"ਸਾਨੂੰ ਸੂਚਨਾ ਮਿਲੀ ਹੈ ਕਿ ਬੱਸ ਦਾ ਇੰਤਜ਼ਾਮ ਸਰਾਕਾਰ ਵਲੋਂ ਕੀਤਾ ਜਾ ਰਿਹਾ ਹੈ।"

ਤਾਲੀਆਂ ਫਿਰ ਜ਼ੋਰ ਜ਼ੋਰ ਦੀ ਵਜੀਆਂ। ਸ਼ਾਹਨਵਾਜ਼ ਅਜੇ ਵੀ ਖਲੋਤਾ ਹੋਇਆ ਸੀ :

"ਪੈਟਰੋਲ ਦਾ ਸਾਰਾ ਖਰਚ ਮੈਂ ਦਿਆਂਗਾ।"

"ਸਾਬਾਸ, ਸ਼ਾਬਾਸ਼, ਵਾਹ, ਵਾਹ।"

ਇਸ ਤੇ ਇਕ ਸੱਜਣ ਨੇ ਉਠ ਕੇ ਕਿਹਾ ਪੰਡ ਛ

"ਸਾਹਿਬਾਨ, ਪ੍ਰੋਗਰਾਮ ਨਿਸ਼ਚਿਤ ਕਰਨ ਤੋਂ ਪਹਿਲਾਂ ਕੀ ਇਹ ਚੰਗਾ ਨਹੀਂ ਹੋਵੇਗਾ ਕਿ ਅਸੀਂ ਬਾਕਾਇਦਾ ਅਮਨ ਕਮੇਟੀ ਕਾਇਮ ਕਰ ਲਈਏ, ਉਸ ਦੇ ਉਹਦੇਦਾਰ ਚੁਣ ਲਈਏ ਅਤੇ ਠੀਕ ਢੰਗ ਨਾਲ ਕੰਮ ਸ਼ੁਰੂ ਕਰੀਏ।

ਇਥੇ ਵੀ ਚਨਾਓ ਦਾ ਮਸਲਾ ਉਠ ਖਲੋਤਾ ਸੀ, ਇਸਤੇ ਫੋਰਨ ਹੀ ਦੇਵਦੱਤ ਨੇ ਅੱਗੇ ਵੱਧ ਕੇ ਕਿਹਾ :

"ਮੈਂ ਤਜਵੀਜ਼ ਕਰਦਾ ਹਾਂ ਕਿ ਇਸ ਅਮਨ ਕਮੇਟੀ ਦੇ ਤਿੰਨ ਵਾਈਸ ਪ੍ਰੈਜ਼ੀਡੈਂਟ ਬਣਾਏ ਜਾਣ। ਮੈਂ ਜਨਾਬ ਹਯਾਤਬਖਸ਼.........।"

"ਠਹਿਰੋ ਪਹਿਲਾਂ ਇਸ ਗੱਲ ਦਾ ਫੈਸਲਾ ਕਰ ਲਓ ਕਿ ਵਾਈਸ ਪ੍ਰੈਜੀਡੈਂਟ ਤਿੰਨ ਹੋਣ ਜਾਂ ਘੱਟ ਵੱਧ। ਮੇਰੀ ਤਜਵੀਜ਼ ਹੈ ਕਿ ਵਾਈਸ ਪ੍ਰੈਡੀਡੈਂਟ ਪੰਜ ਹੋਣੇ ਚਾਹੀਦੇ ਹਨ। ਜਿੰਨੇ ਵਾਈਸ ਪ੍ਰੈਜ਼ੀਡੈਂਟ ਜ਼ਿਆਦਾ ਹੋਣਗੇ ਉਨਾਂ ਹੀ ਅਮਨ ਕਮੇਟੀ ਚੰਗੇਰੀ ਪ੍ਰਤੀਨਿਧਤਾ ਕਰੇਗੀ।"

ਇਸ ਤੇ ਇਕ ਸਰਦਾਰ ਜੀ ਬੋਲੇ :

''ਮੈਂ ਬੇਨਤੀ ਕਰਾਂਗਾ ਕਿ ਵਾਈਸ ਪ੍ਰੈਜ਼ੀਡੈਂਟ ਤੁਸੀਂ ਤਿੰਨ ਹੀ ਰੱਖੋ, ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਸਿੱਖ। ਕਾਰਜਕਾਰਣੀ ਨੂੰ ਭਾਵੇਂ ਵੱਡਾ ਕਰ ਲਓ ਅਤੇ ਉਸ ਵਿਚ ਸਭ ਨੂੰ ਪ੍ਰਤੀਨਿਧਤਾ ਦਿਓ।"

"ਇੱਥੇ ਹਿੰਦੂ ਮੁਸਲਮਾਨ ਦਾ ਸਵਾਲ ਨਾ ਲਿਆਓ, ਇਹ ਅਮਨ ਕਮੇਟੀ ਹੈ" ਦੇਵਦੱਤ ਫਿਰ ਅੱਗੇ ਵੱਧ ਆਇਆ :

''ਮੈਂ ਬੇਨਤੀ ਕਰਾਂਗਾ ਕਿ ਸਭ ਸਿਆਸੀ ਪਾਰਟੀਆਂ ਦੇ ਨੇਤਾ ਇਸ ਕਮੇਟੀ ਵਿਚ ਸ਼ਾਮਿਲ ਹੋਣ। ਮੇਰੀ ਤਜਵੀਜ਼ ਹੈ ਕਿ ਜਨਾਬ ਹਯਾਤਬਖਸ਼ ਸਾਹਿਬ ਮੁਸਲਮ ਲੀਗ ਵਲੋਂ, ਬਖਸ਼ੀ ਜੀ ਕਾਂਗਰਸ ਵਲੋਂ ਅਤੇ ਭਾਈ ਜੋਧ ਸਿੰਘ ਜੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਵਾਈਸ ਪ੍ਰੈਜ਼ੀਡੈਂਟ ਚੁਣੇ ਜਾਣ।

ਇਕ ਸੱਜਣ ਉਠ ਖਲੋਤੇ :

''ਜੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧ ਹੀ ਚੁਣਨੇ ਹਨ, ਤਾਂ ਤਿੰਨਾਂ ਪਾਰਟੀਆਂ ਦੇ ਪ੍ਰਧਾਨ ਚੁਣੇ ਜਾਣ, ਉਨ੍ਹਾਂ ਦੇ ਨਾਂ ਨਾ ਗਿਣਾਏ ਜਾਣ।"

ਲਾਲਾ ਲਕਸ਼ਮੀ ਨਾਰਾਇਣ ਉਠ ਕੇ ਬੋਲੇ :

"ਮੈਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਹੈ ਕਿ ਤੁਸਾਂ ਤਿੰਨ ਸਿਆਸੀ ਪਾਰਟੀਆਂ ਦੇ ਨਾਮ ਤਾਂ ਗਿਣਾਏ ਪਰੰਤੂ ਹਿੰਦੂ ਸਭਾ ਨੂੰ ਬਿਲਕੁਲ ਭੁੱਲ ਗਏ। ਕੀ ਉਹ ਸਿਆਸੀ ਪਾਰਟੀ ਨਹੀਂ ਹੈ ?"

"ਨਹੀਂ, ਉਹ ਸਿਆਸੀ ਪਾਰਟੀ ਨਹੀਂ ਹੈ।"

ਜੇ ਉਹ ਸਿਆਸੀ ਪਾਰਟੀ ਨਹੀਂ ਤਾਂ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਸਿਆਸੀ ਪਾਰਟੀ ਨਹੀਂ ਹੈ।

ਪੰਜ ਸੱਤ ਆਦਮੀ ਇਕੱਠੇ ਉਠ ਖਲੱਤੇ।

"ਇਹ ਸਿੱਖ ਕੌਮ ਦੀ ਤੌਹੀਨ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਪ੍ਰਤੀਨਿਧਤਾ  ਕਰਦੀ ਹੈ।" ਦੇਵ ਦੱਤ ਫਿਰ ਉਠ ਖਲੋਤਾ :

"ਸਾਹਿਬਾਨ, ਇਸ ਤਰ੍ਹਾਂ ਅਸੀਂ ਕੋਈ ਕੰਮ ਨਹੀਂ ਕਰ ਸਕਾਂਗੇ। ਫ਼ਿਰਕੇਦਾਰੀ ਦੇ ਵਿਰੁੱਧ ਅਸੀਂ ਲੜਨਾ ਹੈ। ਇਹ ਜ਼ਰੂਰੀ ਨਹੀਂ ਕਿ ਕਿਸਨੂੰ ਪ੍ਰਤੀਨਿਧਤਾ ਮਿਲੇ, ਜ਼ਰੂਰੀ ਇਹ ਹੈ ਕਿ ਅਮਨ ਕਮੇਟੀ ਵਿਚ ਸੱਤ ਫਿਰਕਿਆਂ ਦੇ ਲੋਕ ਹੋਣ, ਤਾਂ ਕਿ ਅਸੀਂ ਹਿੰਦੂ, ਮੁਸਲਿਮ, ਸਿੱਖ, ਈਸਾਈ ਇਕ ਪਲੇਟ ਫਾਰਮ ਤੋਂ ਅਮਨ ਦੀ ਅਪੀਲ ਕਰ ਸਕੀਏ। ਇਸ ਗੱਲ ਨੂੰ ਮੁੱਖ ਰੱਖ ਕੇ ਮੈਂ ਤਜਵੀਜ਼ ਕਰਦਾ ਹਾਂ ਕਿ ਜਨਾਬ ਹਯਾਤਬਖਸ਼, ਬਖਸ਼ੀ ਜੀ ਅਤੇ ਗਿਆਨੀ ਜੋਧ ਸਿੰਘ ਜੀ ਨੂੰ ਅਮਨ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਚੁਣਿਆ ਜਾਵੇ।"

"ਮਨਜ਼ੂਰ ਹੈ, ਠੀਕ ਹੈ, ਚਲੋ ਅੱਗੇ" ਇਕ ਆਵਾਜ਼ ਆਈ। ਇਸ ਤੇ ਕਿਸੇ ਇਕ ਨੇ ਤਾਲੀ ਵਜਾਈ ਅਤੇ ਫਿਰ ਬਹੁਤ ਸਾਰੇ ਲੋਕਾ ਨੇ ਤਾਲੀਆਂ ਵਜਾਈਆਂ ਅਤੇ ਪ੍ਰਸਤਾਵ ਦਾ ਵਿਰੋਧ ਕਰਨ ਵਾਲੇ ਨੂੰ ਬੋਲਣ ਦਾ ਮੌਕਾ ਨਹੀਂ ਮਿਲਿਆ। ਤਜਵੀਜ਼ ਸਰਬ ਸੰਮਤੀ ਨਾਲ ਪਾਸ ਕਰ ਦਿੱਤੀ ਗਈ।

ਇਸ ਤੇ ਮਾਸਟਰ ਰਾਮਦਾਸ ਨੇ ਉਠ ਕੇ ਕਿਹਾ:

''ਜਨਰਲ ਸੈਕਟਰੀ ਲਈ ਮੈਂ ਕਾਮਰੇਡ ਦੇਵਦੱਤ ਦਾ ਨਾਂ ਤਜਵੀਜ਼ ਕਰਦਾ ਹਾਂ।" ਇਕ ਤਾਂ ਇਹ ਅਣਥੱਕ ਮਿਹਨਤ ਕਰ ਸਕਦੇ ਹਨ। ਇਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਅੱਜ ਅਸੀਂ ਇਥੇ ਇਕੱਠੇ ਹੋਏ ਹਾਂ। ਅਗਲੇ ਕੁਝ ਦਿਨ ਨਾਜ਼ੁਕ ਹੋਣਗੇ। ਅਮਨ ਕਮੇਟੀ ਨੂੰ ਬੜੀ ਹੁਸ਼ਿਆਰੀ ਅਤੇ ਮਿਹਨਤ ਨਾਲ ਕੰਮ ਕਰਨਾ ਪਵੇਗਾ। ਇਸ ਕੰਮ ਲਈ ਕਾਮਰੇਡ ਦੇਵਦੱਤ ਬੜੇ ਯੋਗ ਆਦਮੀ ਹਨ........।"

"ਕੀ ਸ਼ਹਿਰ ਦੇ ਸਭ ਨੌਜਵਾਨ ਮਰ ਗਏ ਹਨ?" ਮਨੋਹਰ ਲਾਲ ਸੀ। ਅੱਜ ਵੀ ਕੰਧ ਕੋਲ ਆਕੜ ਕੇ ਖਲੋਤਾ ਹੋਇਆ ਸੀ, ''ਮੈਂ ਪੁੱਛਦਾ ਹਾਂ ਕਿ ਕੀ ਸਰਕਾਰ ਦੀ ਪੂਛ, ਕੌਮ ਦੇ ਗੱਦਾਰ ਕੌਮਨਿਸਟ ਹੀ ਇਸ ਕੰਮ ਲਈ ਰਹਿ ਗਏ ਹਨ ? ਹੋਰ ਸਭ ਨੌਜਵਾਨ ਮਰ ਗਏ ਹਨ ? ਇਹ ਚੁਨਾਓ ਪਖੰਡ ਹੈ। ਮੈਂ ਇਸ ਮੀਟਿੰਗ ਵਿਚੋਂ ਵਾਕ-ਵਾਊਟ ਕਰਦਾ ਹਾਂ ......"

ਅਤੇ ਉਹ ਮੁੜ ਕੇ ਹਾਲ ਤੋਂ ਬਾਹਰ ਜਾਣ ਲੱਗਾ।

"ਠਹਿਰ, ਯਾਰ ਮਨੋਹਰ ਲਾਲ, ਕੋਈ ਕੰਮ ਵੀ ਹੋਣ ਦਿਆ ਕਰ।"

ਮਨੋਹਰ ਲਾਲ ਅਜੇ ਵੀ ਨਾਰਾਜ਼ ਸੀ : ਛੱਡ ਯਾਰ, ਅਸੀਂ ਬਹੁਤ ਵੇਖੇ ਹਨ।" ਮਨੋਹਰ ਲਾਲ ਸਿੱਧੀ ਮੂੰਹ ਤੇ ਮਾਰਦਾ ਹੈ, "ਉਹ ਆਪਣੇ ਸਕੇ ਪਿਉ ਤੋਂ ਨਹੀਂ ਡਰਦਾ।......"

ਪਰ ਕਾਂਗਰਸ ਦੇ ਕੁਝ ਨੌਜਵਾਨ ਮੈਂਬਰਾਂ ਨੇ ਉਸਨੂੰ ਰੋਕ ਲਿਆ। ਇਕ ਆਦਮੀ ਉਸਨੂੰ ਲਕੋਂ ਚੁੱਕ ਕੇ ਫਿਰ ਮੀਟਿੰਗ ਵਿਚ ਲੈ ਆਇਆ।

"ਸਭ ਸਰਕਾਰ ਦੇ ਪਿੱਠੂ ਇਕੱਠੇ ਹੋਏ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਜਾਣਦਾ ਹਾਂ।......''ਚੁੱਪ ਕਰੋ ! ਚੁੱਪ ਕਰੋ !"

"ਮੈਂ ਕਾਮਰੇਡ ਦੇਵਦੱਤ ਦੇ ਨਾਂ ਦੀ ਪੋੜ੍ਹਤਾ ਕਰਦਾ ਹਾਂ।"

"ਮੈਂ ਵੀ ਕਾਮਰੇਡ ਦੇਵਦੱਤ ਦੇ ਨਾਂ ਦੀ ਪੋੜ੍ਹਤਾ ਕਰਦਾ ਹਾਂ " ਤਾਲੀਆਂ ਦੀ ਗੜਗੜਾਹਟ। ਕੰਮ ਫਿਰ ਠੀਕ ਢੰਗ ਨਾਲ ਚੱਲਣ ਲੱਗਾ ਸੀ। ਪਰ ਕਾਰਜਕਾਰਣੀ

ਦੇ ਮੈਂਬਰਾ ਦੀ ਚੋਣ ਸਮੇਂ ਸਭ ਪ੍ਰਕਾਰ ਦੇ ਨਾਂ ਤਜਵੀਜ਼ ਕੀਤੇ ਜਾਣ ਲੱਗੇ। ਲਕਸ਼ਮੀ ਨਾਰਾਇਣ, ਮਰਯਾ ਦਾਸ, ਸ਼ਾਹਨਵਾਜ਼......। ਤਦੇ ਬਹੁਤ ਸਾਰੇ ਮੁਸਲਮਾਨ ਮੈਂਬਰ ਇਕੱਠੇ ਉੱਠ ਖਲੋਤੇ ਅਤੇ ਦਰਵਾਜ਼ੇ ਵੱਲ ਵਧਣ ਲੱਗੇ। ਅੱਗੇ ਅੱਗੇ ਮੌਲਾਬਖਸ਼ ਤੁਰਿਆ ਜਾ ਰਿਹਾ ਸੀ :

"ਇਸ ਕਮੇਟੀ ਵਿਚ ਹਿੰਦੂਆਂ ਦਾ ਬਹੁਮਤ ਹੈ, ਅਸੀਂ ਇਸ ਕਮੇਟੀ ਵਿਚ ਸ਼ਾਮਲ ਨਹੀਂ ਹੋ ਸਕਦੇ। ਸਾਨੂੰ ਪਹਿਲਾਂ ਹੀ ਪਤਾ ਸੀ ਕਿ ਇਹ ਹਿੰਦੂਆਂ ਦਾ ਹਥਕੰਡਾ ਹੈ।......."

ਦਸ ਆਦਮੀ, ਦੇਵਦੱਤ ਸਮੇਤ ਉਨ੍ਹਾਂ ਨੂੰ ਰੋਕਣ ਲਈ ਗਏ। ਦਰਵਾਜ਼ੇ ਤੇ ਬੜੀ ਦੇਰ ਹੰਗਾਮਾ ਹੁੰਦਾ ਰਿਹਾ। ਆਖਰ ਇਕ ਫਾਰਮੂਲੇ ਦੇ ਅਧਾਰ ਤੇ ਕਾਰਜਕਾਰਣੀ ਚੁਣਨ ਦਾ ਫੈਸਲਾ ਹੋਇਆ ਕਿ ਉਸ ਵਿਚ ਕੁਲ ਪੰਦਰਾਂ ਮੈਂਬਰ ਹੋਣ, ਸੱਤ ਮੁਸਲਮਾਨ, ਪੰਜ ਹਿੰਦੂ, ਤਿੰਨ ਸਿੱਖ। ਬੜੀ ਦੇਰ ਬਹਿਸ ਹੋਈ। ਬਹਿਸ ਦੇ ਦੌਰਾਨ ਲੋਕ ਥੱਕਣ ਲੱਗੇ ਸਨ, ਪਰ ਅਖੀਰ ਵਿਚ ਇਹ ਫਾਰਮੂਲਾ ਮਨਜ਼ੂਰ ਹੋ ਗਿਆ ਅਤੇ ਇਸ ਵਿਚ ਲਾਲਾ ਲਕਸ਼ਮੀ ਨਾਰਾਇਣ ਵੀ ਸ਼ਾਮਲ ਹੋ ਗਏ, ਲਾਲਾ ਮੰਗਲ ਸੈਨ ਵੀ, ਸਾਹਨਵਾਜ਼ ਵੀ ਅਤੇ ਕਿੰਨੇ ਸਾਰੇ ਹੋਰ ਲੋਕ। ਵਿਚਾਰੇ ਸ਼ਾਮ ਲਾਲ ਦਾ ਨਾਂ ਕਿਸੇ ਨੇ ਨਾ ਲਿਆ। ਉਹ ਬੜੀ ਦੇਰ ਅੰਕੜਾ ਬਾਬੂ ਦਾ ਕੋਟ ਖਿੱਚਦਾ ਰਿਹਾ, ਪਰ ਅੰਕੜਾ ਬਾਬੂ ਝਿਜਕਦਾ ਰਿਹਾ, ਆਖਿਰ ਸ਼ਾਮ ਲਾਲ ਆਪਣੇ ਆਪ ਉਠ ਖਲੋਤਾ:

"ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਵੀ ਇਸ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ।"

"ਸੀਟਾਂ ਪੂਰੀਆਂ ਹੋ ਚੁੱਕੀਆਂ ਹਨ, ਬੈਠ ਜਾਓ। ਮੰਗਲ ਸੈਨ ਨੇ ਕਿਹਾ। ਫਿਰ ਇਕ ਹੋਰ ਸਾਹਿਬ ਉੱਠੇ :

‘'ਮੈਂ ਸਮਝਦਾ ਹਾਂ, ਕੋਈ ਹਰਜ ਨਹੀਂ ਹੈ। ਇਕ ਮੁਸਲਮਾਨ ਇਕ ਹਿੰਦੂ ਅਤੇ ਇਕ ਸਿੱਖ ਕਮੇਟੀ ਵਿਚ ਹੋਰ ਵਧਾ ਦਿੱਤੇ ਜਾਣ।

"ਇਹ ਨਹੀਂ ਹੋ ਸਕਦਾ, ਇਸ ਤਰ੍ਹਾਂ ਤੁਸੀਂ ਕਿੰਨੇ ਲੋਕਾਂ ਨੂੰ ਸ਼ਾਮਲ ਕਰਦੇ ਜਾਓਗੇ।" ਮੰਗਲ ਸੈਨ ਫਿਰ ਬੋਲਿਆ।

ਮਾਮਲਾ ਅਜੇ ਤੈਅ ਨਹੀਂ ਹੋਇਆ ਸੀ ਕਿ ਹਾਰਨ ਵੱਜਣ ਦੀ ਆਵਾਜ਼ ਆਈ। ਦੇਵਦੱਤ ਪ੍ਰਧਾਨ ਦੀ ਕੁਰਸੀ ਕੋਲ ਜਾ ਕੇ ਬੋਲਿਆ :

"ਸਾਹਿਬਾਨ, ਅਮਨ ਦੀ ਬੱਸ ਆ ਗਈ ਹੈ। ਅਸੀਂ ਆਪਣੇ ਪਹਿਲੇ ਦੌਰੇ ਤੇ ਇਥੋਂ ਹੀ ਜਾਵਾਂਗੇ। ਮੈਂ ਬੇਨਤੀ ਕਰਾਂਗਾ ਕਿ ਇਸ ਵਿਚ ਪ੍ਰੈਜ਼ੀਡੈਂਟ ਅਤੇ ਵਾਈਸ ਪ੍ਰੈਜ਼ੀਡੈਂਟ ਸਾਹਿਬਾਨ ਅਤੇ ਇਨ੍ਹਾਂ ਤੋਂ ਛੁਟ ਜਿੰਨੇ ਸਾਥੀ ਹੋਰ ਚੱਲ ਸਕਦੇ ਹਨ, ਸਭ ਚਲਣ। ਬੱਸ ਵਿਚ ਲਾਊਡ ਸਪੀਕਰ ਲਾ ਦਿੱਤਾ ਗਿਆ ਹੈ। ਬੱਸ ਥਾਂ ਥਾਂ ਤੇ ਰੁਕਦੀ ਜਾਵੇਗੀ ਅਤੇ ਵਾਰੀ ਵਾਰੀ ਸਾਡੇ ਸਤਿਕਾਰਯੋਗ ਬਜ਼ੁਰਗ ਲੋਕਾਂ ਨੂੰ ਸ਼ਹਿਰ ਵਿਚ ਅਮਨ ਰੱਖਣ ਦੀ ਤਾਕੀਦ ਕਰਦੇ ਜਾਣਗੇ।

ਲੋਕ ਉੱਠ ਖਲੋਤੇ ਅਤੇ ਉਠ-ਉਠ ਕੇ ਬਾਹਰ ਆਉਣ ਲੱਗਾ। ਗੁਲਾਬੀ ਅਤੇ ਸਫੇਦ ਧਾਰੀਆਂ ਵਾਲੀ ਬੱਸ ਸੀ ਅਮਨ ਦੀ ਬੱਸ! ਅੱਗੇ ਛੱਤ ਉਤੇ ਦੋਵਾਂ ਕੋਨਿਆਂ ਵਿਚ ਕਾਂਗਰਸ ਅਤੇ ਮੁਸਲਿਮ ਲੀਗ ਦੇ ਝੰਡੇ ਲੱਗੇ ਹੋਏ ਸਨ। ਲਾਊਡ ਸਪੀਕਰ ਦਾ ਇਕ ਧੂਤੂ ਅੱਗੇ ਅਤੇ ਇਕ ਧੁਤੂ ਪਿੱਛੇ ਲੱਗਾ ਹੋਇਆ ਸੀ।

"ਇਸ ਤੇ ਯੂਨੀਅਨ ਜੈਕ ਦਾ ਵੀ ਝੰਡਾ ਲਾ ਦਿਉ" ਮਨੋਹਰ ਲਾਲ ਨੇ ਵਿਅੰਗ ਨਾਲ ਕਿਹਾ।

ਲੋਕਾਂ ਦੇ ਬਾਹਰ ਆਉਣ ਤੇ ਬੱਸ ਵਿਚੋਂ ਨਾਹਰੇ ਗੂੰਜਣ ਲੱਗੇ :-

"ਹਿੰਦੂ-ਮੁਸਲਿਮ—ਇਕ ਹੋਵੇ !"

"ਹਿੰਦੂ ਮੁਸਲਿਮ ਏਕਤਾ-ਜ਼ਿੰਦਾਬਾਦ !''

“ਅਮਨ ਕਮੇਟੀ-ਜ਼ਿੰਦਾਬਾਦ।"

ਲੋਕਾਂ ਨੇ ਤਾਕ ਝਾਕ ਕੇ ਬੱਸ ਅੰਦਰ ਵੇਖਿਆ, ਕਿਹੜਾ ਆਦਮੀ ਸੀ ਜੋ ਪਹਿਲਾਂ ਹੀ ਬੱਸ ਵਿਚ ਬੈਠ ਕੇ ਆਇਆ ਸੀ ਅਤੇ ਲਾਊਡ ਸਪੀਕਰ ਤੇ ਨਾਹਰੇ ਲਾ ਰਿਹਾ ਸੀ। ਡਰਾਈਵਰ ਦੀ ਸੀਟ ਦੇ ਨਾਲ ਵਾਲੀ ਸੀਟ ਤੇ ਇਕ ਆਦਮੀ ਮਾਈਕਰੋਫੋਨ ਫੜੀ ਬੈਠਾ ਸੀ। ਬਹੁਤ ਸਾਰੇ ਲੋਕਾਂ ਨੇ ਉਸਨੂੰ ਨਹੀਂ ਪਛਾਣਿਆ। ਕੁਝ ਲੋਕਾਂ ਨੇ ਪਛਾਣ ਵੀ ਲਿਆ। ਨੱਥੂ ਮਰ ਚੁੱਕਾ ਸੀ, ਨਹੀਂ ਤਾਂ ਨੱਥੂ ਇਥੇ ਮੌਜੂਦ ਹੁੰਦਾ ਤਾਂ ਉਸਨੂੰ ਪਛਾਨਣ ਵਿਚ ਦੇਰ ਨਾ ਲੱਗਦੀ। ਮੁਰਾਦ ਅਲੀ ਸੀ। ਕਾਲੇ ਚਿਹਰੇ ਅਤੇ ਤਿੱਖੀਆਂ ਮੁੱਛਾਂ ਵਾਲਾ ਮੁਰਾਦ ਅਲੀ, ਉਸਦੀ ਪਤਲੀ ਜਿਹੀ ਸੋਟੀ ਉਸ ਦੀਆਂ ਲੱਤਾਂ ਤੇ ਵਿਚਕਾਰ ਪਈ ਹੋਈ ਸੀ। ਛੋਟੀਆਂ ਛੋਟੀਆਂ ਅੱਖਾਂ ਸੱਜੇ-ਖੱਬੇ ਵੇਖੀ ਜਾ ਰਹੀਆਂ ਸਨ ਅਤੇ ਲਾਉਡ ਸਪੀਕਰ ਵਿਚੋਂ ਨਾਹਰੇ ਗੂੰਜ ਰਹੇ ਸਨ।

ਸ਼ਾਂਤੀ ਅਭਿਯਾਨ ਤੇ ਨਿਕਲਣ ਤੋਂ ਪਹਿਲਾਂ ਛੋਟੀ ਜਿਹੀ ਬਹਿਸ ਹੋਈ। ਕੌਣ ਕਿਸ ਸੀਟ ਤੇ ਬੈਠੇ, ਅੱਗੇ ਕੌਣ ਅਤੇ ਪਿੱਛੇ ਕੌਣ ਅਤੇ ਪਹਿਲਾ ਕੌਣ ਬੋਲੇ ਅਤੇ ਕਿਹੜੇ ਕਿਹੜੇ ਨਾਹਰੇ ਲਾਏ ਜਾਣ।

ਅੱਗੇ ਪਿੱਛੇ ਨਹੀਂ, ਮੁਸਲਿਮ ਲੀਗ ਅਤੇ ਕਾਂਗਰਸ ਦੇ ਪ੍ਰਧਾਨ ਨਾਲ ਨਾਲ ਡਰਾਈਵਰ ਦੇ ਪਿੱਛੇ ਵਾਲੀ ਸੀਟ ਤੇ ਇਕੱਠੇ ਬੈਠਣ।

ਕੁਝ ਦੇਰ ਤਕ ਗੜਬੜੀ ਰਹੀ, ਬੱਸ ਖਚਾਖਚ ਭਰ ਗਈ, ਕਿਉਂਕਿ ਕੁਝ ਲੋਕ ਰਸਤੇ ਵਿਚ ਆਪਣੇ ਆਪਣੇ ਘਰ ਸਾਹਮਣੇ ਉਤਰ ਜਾਣਾ ਚਾਹੁੰਦੇ ਸਨ। ਮਨੋਹਰ ਲਾਲ ਅੰਤ ਤਕ ਵਿਗੜਦਾ ਰਿਹਾ :

"ਇਸ ਬੱਸ ਵਿਚ ਜਾਂ ਮੈਂ ਬੈਠਾਂਗਾ ਜਾਂ ਕੌਮਨਿਸਟ ਬੈਠੇਗਾ। ਮੈਂ ਮੁਲਕ ਦੇ ਗੱਦਾਰ ਨਾਲ ਨਹੀਂ ਬੈਠ ਸਕਦਾ।

ਬੱਸ ਦੀ ਬਾਰੀ ਵਿਚ ਖਲੇਤਾ ਦੇਵ ਦੱਤ ਬੋਲਿਆ :

“ਮਨੋਹਰ ਲਾਲ ਸਾਹਿਬ, ਪਰਦੇ ਪਿੱਛੇ ਅਸੀਂ ਕੋਈ ਗੱਲ ਨਹੀਂ ਕਰਦੇ। ਅਸੀਂ ਕਾਂਗਰਸ ਦੀ ਪੂਛ ਨਹੀਂ ਹਾਂ, ਅਸੀਂ ਪੇਸ਼ਾਵਰ ਕ੍ਰਾਂਤੀਕਾਰੀ ਹਾਂ। ਸ਼ਹਿਰ ਵਿਚ

ਅਮਨ ਕਾਇਮ ਕਰਨਾ ਜ਼ਰੂਰੀ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਸਭ ਪਾਰਟੀਆਂ ਦੇ ਲੀਡਰਾਂ ਨੂੰ ਇਕੱਠਾ ਕੀਤਾ ਜਾਵੇ। ਤੁਹਾਡੀ ਪਾਰਟੀ ਨੂੰ ਵੀ, ਜਿਸਦੇ ਲੀਡਰ ਵੀ ਤੁਸੀਂ ਹੋ ਅਤੇ ਜਨਤਾ ਵੀ ਤੁਸੀਂ ਹੋ। ਅਸੀਂ ਵੀ ਅਸਲੀਅਤ ਜਾਣਦੇ ਹਾਂ, ਪਰ ਇਸ ਵੇਲੇ ਸ਼ਹਿਰ ਵਿਚ ਅਮਨ ਲਈ ਇਨ੍ਹਾਂ ਨੂੰ ਇਕ ਪਲੇਟਫਾਰਮ ਤੇ ਲਿਆਉਣਾ ਜ਼ਰੂਰੀ ਹੈ।"

"ਅਮਨ ਹੁਣ ਕੀ ਕਰਾਓਗੇ?" ਮਨੋਹਰ ਲਾਲ ਨੇ ਚਿੜ ਕੇ ਕਿਹਾ, ਸਾਹਿਬ ਨੇ ਕਰਵਾ ਦਿੱਤਾ ਹੈ। 'ਅਮਨ ਤਾਂ ਤੁਹਾਡੇ ਸਾਹਿਬ ਨੇ ਕਰਵਾ ਦਿੱਤਾ ਹੈ। ਫ਼ਸਾਦ ਕਰਵਾਉਣ ਪਿੱਛੋਂ ਹੁਣ ਅਮਨ ਕਰਵਾ ਰਿਹਾ ਹੈ।"

ਸ਼ਾਮ ਲਾਲ ਬਰਾਂਡੇ ਵਿਚ ਖਲੋਤੇ ਖਲੋਤੇ ਮਿਉਂਸਪਲ ਚੋਣਾਂ ਵਿਚ ਆਪਣੀ ਉਮੀਦਵਾਰੀ ਦਾ ਜ਼ਿਕਰ ਇਕ ਇਕ ਨਾਲ ਕਰਦੇ ਰਹੇ। ਇਸੇ ਦੌਰਾਨ ਮੰਗਲਸੈਨ ਦੌੜ ਕੇ ਬੱਸ ਵਿਚ ਚੜ ਗਿਆ। ਚੜ੍ਹ ਨਹੀਂ ਗਿਆ ਸਗੋਂ ਕਾਫ਼ੀ ਅੱਗੇ ਸੀਟ ਤੇ ਜਾ ਕੇ ਬੈਠ ਗਿਆ। ਅਚਾਨਕ ਉਸ ਤੇ ਨਜ਼ਰ ਪੈਂਦੇ ਹੀ ਸ਼ਾਮ ਲਾਲ ਲੋਹਾ ਲਾਖਾ ਹੋ ਗਿਆ ਅਤੇ ਭੱਜਦਾ ਹੋਇਆ ਅੱਗੇ ਵਧ ਆਇਆ:

"ਮੈਨੂੰ ਕੋਈ ਨਹੀਂ ਦੱਸਦਾ, ਮੈਨੂੰ ਕੋਈ ਨਹੀਂ ਦੱਸਦਾ" ਅਤੇ ਲੋਕਾਂ ਨੂੰ ਧੱਕਦਾ ਹੋਇਆ, ਹਫ਼ਦਾ ਹੋਇਆ ਬੱਸ ਦੇ ਅੰਦਰ ਚੜ੍ਹ ਗਿਆ।

ਮੁਸਲਿਮ ਲੀਗ ਦੇ ਪ੍ਰਧਾਨ ਨਾਲ ਬੈਠੇ ਹੋਏ ਬਖਸ਼ੀ ਜੀ ਸਾਹਮਣੇ ਵੱਲ ਵੇਖੀ ਜਾ ਰਹੇ ਸਨ ਪਰ ਗਹਿਰੀ ਉਦਾਸੀ ਵਿਚ ਡੁਬੇ ਹੋਏ ਸਨ ਗਿਰਝਾ ਉਡਣਗੀਆਂ, ਅਜੇ ਹੋਰ ਉਡਣਗੀਆਂ।" ਉਸਨੇ ਦਿਲ ਹੀ ਦਿਲ ਵਿਚ ਕਿਹਾ :

ਤਦੇ ਡਰਾਈਵਰ ਦੇ ਨਾਲ ਵਾਲੀ ਸੀਟ ਤੇ ਬੈਠੇ ਮੁਰਾਦ ਅਲੀ ਨੇ ਫਿਰ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਗੂੰਜਦੇ ਨਾਹਰਿਆਂ ਵਿਚ ਅਮਨ ਦੀ ਬੱਸ ਆਪਣੇ ਸ਼ਾਂਤੀ ਅਭਿਯਾਨ ਤੇ ਨਿਕਲ ਪਈ।

ਬੰਗਲੇ ਦੇ ਡਾਈਨਿੰਗ ਰੂਮ ਦੀ ਪਿਆਰੀ ਰੋਸ਼ਨੀ ਵਿਚ ਮੇਜ ਦੇ ਆਰ ਪਾਰ ਬੈਠੇ ਰਿਚਰਡ ਅਤੇ ਲੀਜ਼ਾ ਆਪਣੇ ਭਾਵੀ ਕੰਮ ਕਾਰ ਤੇ ਵਿਚਾਰ ਕਰ ਰਹੇ ਸਨ। ਲੀਜ਼ਾ ਫਿਰ ਸੰਭਲ ਗਈ ਸੀ, ਰਿਚਰਡ ਨੂੰ ਵੀ ਹੁਣ ਜਿਆਦਾ ਕੰਮ ਨਹੀਂ ਸੀ, ਸ਼ਹਿਰ ਦਾ ਜੀਵਨ ਪਟੜੀ ਤੇ ਆ ਰਿਹਾ ਸੀ, ਛੋਟੇ ਅਫਸਰਾਂ ਨੇ ਕੰਮ ਸੰਭਾਲ ਲਿਆ ਸੀ।

"ਮੈਂ ਚਾਹੁੰਦਾ ਤਾਂ ਸੀ ਕਿ ਇਥੇ ਕੁਝ ਦੇਰ ਲਈ ਰਹਿੰਦਾ, ਟੈਕਸਲਾ ਦੇ ਮਿਊਜ਼ੀਅਮ ਵਿਚ ਥੋੜਾ ਬਹੁਤ ਕੰਮ ਕਰਦਾ, ਇਥੋਂ ਦੇ ਲੋਕਾਂ ਦਾ ਅਧਿਐਨ ਕਰਦਾ ਪਰ ਲੱਗਦਾ ਹੈ ਕਿ ਇਥੋਂ ਜ਼ਿਆਦਾ ਦੇਰ ਮੈਂ ਨਹੀਂ ਰਹਿ ਸਕਾਂਗਾ।" ਲੀਜ਼ਾ ਨੂੰ ਇਹ ਸੂਚਨਾ ਪ੍ਰਾਪਤ ਕਰਕੇ ਦਿਲ ਹੀ ਦਿਲ ਵਿਚ ਬੜੀ ਖੁਸ਼ੀ ਹੋਈ :

"ਤਾਂ ਤੁਹਾਡੀ ਬਦਲੀ ਹੋਵੇਗੀ ? ਤੁਹਾਡੀ ਤਰੱਕੀ ਹੋਵੇਗੀ ?" ਰਿਚਰਡ ਮੁਸਕਰਾ ਪਿਆ, ਮੂੰਹੋਂ ਕੁਝ ਨਾ ਬੋਲਿਆ।

“ਤੁਸੀਂ ਦਸਦੇ ਕਿਉਂ ਨਹੀਂ ? ਕੀ ਸਚਮੁੱਚ ਤੁਹਾਡੀ ਤਰੱਕੀ ਹੋਣ ਲੱਗੀ ਹੈ ?"

"ਤਰੱਕੀ ਦੀ ਗੱਲ ਨਹੀਂ ਹੈ ਲੀਜ਼ਾ, ਜਿਸ ਥਾਂ ਦੰਗਾ ਫ਼ਸਾਦ ਹੋ ਜਾਵੇ, ਉਥੋਂ ਸਰਕਾਰ, ਆਮ ਤੋਰ ਤੇ ਅਫਸਰਾਂ ਦੀ ਬਦਲੀ ਕਰ ਦਿੰਦੀ ਹੈ। ਨਵੇਂ ਅਫਸਰ ਆ ਜਾਂਦੇ ਹਨ।......

ਕੀ ਜਲਦੀ ਹੀ ਜਾਣਾ ਪਵੇਗਾ ?

"ਸ਼ਾਇਦ, ਮੈਨੂੰ ਪੱਕਾ ਪਤਾ ਨਹੀਂ।”

"ਪਰ ਤੁਸੀਂ ਤਾਂ ਇਥੇ ਰਹਿਣਾ ਚਾਹੁੰਦੇ ਸੀ ਨਾਂ ਟੈਕਸਲਾ ਮਿਊਜ਼ੀਅਮ ਵਿਚ ਕੰਮ ਕਰਨਾ ਚਾਹੁੰਦੇ ਸੀ, ਆਪਣੀ ਕਿਤਾਬ ਲਿਖਣਾ ਚਾਹੁੰਦੇ ਸੀ... ... ...।”

ਰਿਚਰਡ ਨੇ ਮੋਢੇ ਛੰਡ ਦਿਤੇ। ਫਿਰ ਉਸਨੇ ਪਾਈਪ ਸੁਲਗਾਇਆ ਅਤੇ ਮੇਜ਼ ਹੇਠਾਂ ਲੱਤਾਂ ਪਸਾਰ ਕੇ, ਪ੍ਰਸੰਨ ਮੂਡ ਵਿਚ ਮੁਸਕਰਾ ਕੇ ਬੋਲਿਆ :

"ਕਿਥੋਂ ਸ਼ੁਰੂ ਕਰਾਂ ?"

"ਕੀ ਕਿਥੋਂ ਸ਼ੁਰੂ ਕਰੇਂ, ਰਿਚਰਡ" ਲੀਜ਼ਾ ਨੇ ਨਜ਼ਾਕਤ ਨਾਲ ਪੁੱਛਿਆ।

"ਤੂੰ ਇਹ ਜਾਣਨਾ ਚਾਹੁੰਦੀ ਸੀ ਨਾਂ ਕਿ ਇੱਥੇ ਕੀ ਕੁਝ ਹੋਇਆ ਹੈ।"

ਇਸ ਵਾਰ ਲੀਜ਼ਾ ਨੇ ਮੋਢੇ ਛੰਡ ਦਿੱਤੇ, ਜਿਵੇਂ ਕਹਿ ਰਹੀ ਹੋਵੇ, ਸੁਣਾਓ ਜਾਂ ਨਾ ਸੁਣਾਓ, ਕੋਈ ਖਾਸ ਫ਼ਰਕ ਨਹੀਂ ਪੈਂਦਾ।

ਸਮਾਪਤ

***